ਖੋਜ ਪਤ੍ਰਿਕਾ

ਸਤੰਬਰ 1980 ਅੰਕ 16

ਮਹਾਰਾਜਾ ਰਣਜੀਤ ਸਿੰਘ ਸਮ੍ਰਿਤੀ ਅੰਕ

ਮੁਖ ਸੰਪਾਦਕ
ਡਾ. ਰਤਨ ਸਿੰਘ ਜੱਗੀ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

MAHARAJA RANJIT SINGH SAMRITI ANK *(Punjabi)*

Chief Editor
DR. RATTAN SINGH JAGGI
Professor and Head
Department of Punjabi Literary Studies
Punjabi University, Patiala.

ਸਲਾਹਕਾਰ ਬੋਰਡ
ਡਾ. ਪ੍ਰੇਮ ਪ੍ਰਕਾਸ਼ ਸਿੰਘ
ਡਾ. ਮਨਮੋਹਨ ਸਹਿਗਲ



ਸਹਾਇਕ ਸੰਪਾਦਕ
ਰਾਜਿੰਦਰ ਸਿੰਘ

ISBN 81-7380-919-4

2004
ਕਾਪੀਆਂ : 1100
ਮੁੱਲ : 20-00

Please send the subscription in the name of the Registrar, Punjabi University, Patiala, through bank draft payable at Patiala to Publication Bureau, Punjabi University, Patiala.

ਲੇਜ਼ਰ ਟਾਈਪ-ਸੈਟਿੰਗ : ਯੈਸਮੈਨ ਗ੍ਰਾਫਿਕਸ, ਜੰਡ ਗਲੀ, ਪਟਿਆਲਾ

ਪ੍ਰੋ. ਪਰਮ ਬਖਸ਼ੀਸ਼ ਸਿੰਘ ਸਿੱਧੂ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ
ਮੈਸਰਜ਼ ਲਿਉਨਾਰਡ ਪ੍ਰਿੰਟਰਜ਼, ਪਟਿਆਲਾ ਵਿਖੇ ਛਪੀ।

ਦੋ ਸ਼ਬਦ

ਪੰਜਾਬੀ ਭਾਸ਼ਾ, ਸਾਹਿੱਤ ਅਤੇ ਸਭਿਆਚਾਰ ਦੀ ਉੱਨਤੀ ਕਰਨਾ ਪੰਜਾਬੀ ਯੂਨੀਵਰਸਿਟੀ ਦਾ ਮੁੱਖ ਉੱਦੇਸ਼ ਹੈ। ਇਸ ਦੀ ਪੂਰਤੀ ਲਈ ਯੂਨੀਵਰਸਿਟੀ ਸ਼ੁਰੂ ਤੋਂ ਹੀ ਕਈ ਪ੍ਰਕਾਰ ਦੀਆਂ ਯੋਜਨਾਵਾਂ ਉੱਤੇ ਕੰਮ ਕਰਦੀ ਆ ਰਹੀ ਹੈ। ਇਨ੍ਹਾਂ ਯੋਜਨਾਵਾਂ ਵਿਚੋਂ ਇਕ ਯੋਜਨਾ ਪੰਜਾਬ ਦੀਆਂ ਮਹੱਤਵਪੂਰਨ ਹਸਤੀਆਂ ਦੇ ਦਿਨ ਮਨਾਉਣ ਬਾਰੇ ਹੈ। ਇਸ ਲੜੀ ਅਧੀਨ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਜਨਮ-ਸ਼ਤਾਬਦੀ, ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ-ਸ਼ਤਾਬਦੀ, ਗੁਰੂ ਤੇਗ ਬਹਾਦਰ ਜੀ ਦੀ ਤੀਜੀ ਸ਼ਹੀਦੀ-ਸ਼ਤਾਬਦੀ, ਗੁਰੂ ਅਮਰਦਾਸ ਜੀ ਦੀ ਪੰਜਵੀਂ ਜਨਮ-ਸ਼ਤਾਬਦੀ ਅਤੇ ਭਾਈ ਵੀਰ ਸਿੰਘ ਦੀ ਪਹਿਲੀ ਜਨਮ ਸ਼ਤਾਬਦੀ ਆਦਿ ਪਹਿਲਾਂ ਮਨਾਈਆਂ ਜਾ ਚੁੱਕੀਆਂ ਹਨ। ਨਵੰਬਰ, 1980 ਤੋਂ ਮਹਾਰਾਜਾ ਰਣਜੀਤ ਸਿੰਘ ਦੀ ਦੂਜੀ ਜਨਮ-ਸ਼ਤਾਬਦੀ ਮਨਾਈ ਜਾ ਰਹੀ ਹੈ। ਇਸ ਸੰਬੰਧ ਵਿਚ ਪੰਜਾਬ ਸਰਕਾਰ ਤੋਂ ਇਲਾਵਾ ਵੱਖੋ-ਵੱਖ ਵਿਦਿਅਕ ਅਤੇ ਧਾਰਮਿਕ ਸੰਸਥਾਵਾਂ ਨੇ ਕਈ ਪ੍ਰਕਾਰ ਦੀਆਂ ਯੋਜਨਾਵਾਂ ਬਣਾਈਆਂ ਹਨ। ਪੰਜਾਬੀ ਯੂਨੀਵਰਸਿਟੀ ਵੀ ਹਮੇਸ਼ਾ ਵਾਂਗ ਆਪਣਾ ਯੋਗਦਾਨ ਦੇਣ ਲਈ ਪੂਰੀ ਤਰ੍ਹਾਂ ਸੁਚੇਤ ਹੈ ਅਤੇ ਪਹਿਲੀਆਂ ਮਨਾਈਆਂ ਗਈਆਂ ਸ਼ਤਾਬਦੀਆਂ ਵਾਂਗ ਇਸ ਅਵਸਰ ਉੱਤੇ ਲਗਭਗ ਦਸ ਪੁਸਤਕਾਂ ਅਤੇ ਕੁਝ ਪਤ੍ਰਿਕਾਵਾਂ ਦੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰ ਰਹੀ ਹੈ।

'ਖੋਜ ਪਤ੍ਰਿਕਾ' ਦਾ ਹੱਥਲਾ ਅੰਕ ਉਪਰੋਕਤ ਯੋਜਨਾ ਅਧੀਨ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਅਤੇ ਇਸ ਦਾ ਨਾਂ 'ਮਹਾਰਾਜਾ ਰਣਜੀਤ ਸਿੰਘ ਸਮ੍ਰਿਤੀ ਅੰਕ' ਰਖਿਆ ਗਿਆ ਹੈ। ਮੇਰਾ ਯਕੀਨ ਹੈ ਕਿ ਇਸ ਅੰਕ ਰਾਹੀਂ ਜਿਥੇ ਮਹਾਰਾਜਾ ਸਾਹਿਬ ਦੀ ਯਾਦ ਪਾਠਕਾਂ ਦੇ ਮਨਾਂ ਵਿਚ ਸਦਾ ਬਣੀ ਰਹੇਗੀ, ਉਸ ਦੇ ਨਾਲ ਹੀ ਮਹਾਰਾਜਾ ਸਾਹਿਬ ਦੇ ਜੀਵਨ, ਸ਼ਖ਼ਸੀਅਤ ਤੇ ਉਨ੍ਹਾਂ ਦੇ ਰਾਜ-ਕਾਲ ਵਿਚ ਰਚੇ ਗਏ ਪੰਜਾਬੀ ਸਾਹਿੱਤ ਦੀ ਜਾਣਕਾਰੀ ਪ੍ਰਾਪਤ ਹੋ ਸਕੇਗੀ ਅਤੇ ਪੰਜਾਬੀ ਸਾਹਿੱਤ ਸੰਬੰਧੀ ਹੋਰ ਵੀ ਬਹੁਤ ਸਾਰੀ ਉਪਯੋਗੀ ਸਾਮਗ੍ਰੀ ਪੜ੍ਹਨ ਨੂੰ ਮਿਲ ਸਕੇਗੀ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ

ਭਗਤ ਸਿੰਘ
ਵਾਈਸ-ਚਾਂਸਲਰ

ਵਿਆਨੀ ਸਰੂਪ ਸਿੰਘ ਕਡਿਆਣਾ
ਪੰਥਕ ਢਾਡੀ ਜੱਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

ਖੋਜ ਪਤ੍ਰਿਕਾ

ਮਹਾਰਾਜਾ ਰਣਜੀਤ ਸਿੰਘ ਸਮ੍ਰਿਤੀ ਅੰਕ

ਮੁਖ ਸੰਪਾਦਕ : ਡਾ. ਰਤਨ ਸਿੰਘ ਜੱਗੀ

ਸਾਲ 14ਵਾਂ | ਸਤੰਬਰ 1980 | ਅੰਕ : 16

ਦੋ ਸ਼ਬਦ (ਵੀ. ਸੀ. ਸਾਹਿਬ ਵੱਲੋਂ) (v)
ਸੰਪਾਦਕੀ (vii)

1. ਮਹਾਰਾਜਾ ਰਣਜੀਤ ਸਿੰਘ ਦਾ ਜੀਵਨ ਅਤੇ ਵਿਅਕਤਿੱਤਵ : ਇਕ ਝਾਤ 1
–ਡਾ. ਭਗਤ ਸਿੰਘ
2. ਬੀਰ ਕਾਵਿ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਸਰੂਪ-ਚਿਤ੍ਰਣ 11
–ਪ੍ਰਿ. ਗੁਰਦਿਤ ਸਿੰਘ ਪ੍ਰੇਮੀ
3. 'ਫ਼ਤਹਿਨਾਮਾ ਗੁਰੂ ਖ਼ਾਲਸਾ ਜੀ ਕਾ' :
ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸੰਬੰਧੀ ਇਕ ਬਹੁ-ਮੁੱਲਾ ਤੇ ਅਦੁੱਤੀ ਸ੍ਰੋਤ 27
–ਡਾ. ਫ਼ੌਜਾ ਸਿੰਘ
4. 'ਦ ਰੀਅਲ ਰਣਜੀਤ ਸਿੰਘ'–ਇਕ ਪਰਿਚਿਯ 35
–ਸ. ਰਾਜਿੰਦਰ ਸਿੰਘ
5. ਵਾਰ ਹਕੀਕਤ ਰਾਇ ਦੇ ਪ੍ਰਸੰਗ ਵਿਚ ਰਣਜੀਤ ਸਿੰਘ ਕਾਲ ਦੀਆਂ ਸਾਂਸਕ੍ਰਿਤਿਕ ਧ੍ਵਨੀਆਂ 41
–ਡਾ. ਅਮਰਜੀਤ ਸਿੰਘ
6. ਰਣਜੀਤ ਸਿੰਘ ਕਾਲ : ਸਾਹਿੱਤ-ਰਚਨਾ ਸ੍ਰੋਤ 45
–ਡਾ. ਜੀਤ ਸਿੰਘ ਸੀਤਲ
7. ਮਹਾਰਾਜਾ ਰਣਜੀਤ ਸਿੰਘ ਅਤੇ ਕਵੀ ਹਾਸ਼ਮ 57
–ਡਾ. ਰੌਸ਼ਨ ਲਾਲ ਆਹੂਜਾ
8. ਲਾਹੌਰ ਦਰਬਾਰ ਕਾਲ ਦਾ ਪੰਜਾਬੀ ਸਾਹਿੱਤ 65
–ਡਾ. ਗੁਰਬਚਨ ਸਿੰਘ ਨੱਯਰ
9. ਬਾਬਾ ਪ੍ਰੇਮ ਸਿੰਘ ਹੋਤੀ ਰਚਿਤ ਲਾਹੌਰ ਦਰਬਾਰ ਨਾਲ ਸੰਬੰਧਿਤ ਜੀਵਨੀ ਸਾਹਿੱਤ 75
–ਡਾ. ਕੁਲਦੀਪ ਸਿੰਘ ਧੀਰ
10. ਗੁਰਮੁਖੀ ਲਿਪੀ ਦੀ ਵਰਤੋਂ ਦੇ ਵਿਸ਼ੇਸ਼ ਸੰਦਰਭ ਵਿਚ ਸਿੱਖ ਰਾਜ ਦੇ ਸਿੱਕੇ ਤੇ ਸੀਲਾਂ 83
–ਸ. ਮਨੋਹਰ ਸਿੰਘ (ਮਾਰਕੋ)
11. ਕਾਦਰਯਾਰ ਕ੍ਰਿਤ 'ਵਾਰ ਹਰੀ ਸਿੰਘ ਨਲਵਾ' : ਇਕ ਵਿਸ਼ਲੇਸ਼ਣਾਤਮਕ ਅਧਿਐਨ 97
–ਡਾ. ਅਮਰ ਕੋਮਲ
12. ਸਿੱਖ-ਰਾਜ ਦੀ ਅਧੋਗਤੀ ਸੰਬੰਧੀ ਪੰਜਾਬੀ ਕਾਵਿ ਦੀ ਮੂਲ-ਭਾਵਨਾ 111
–ਡਾ. ਅਜਮੇਰ ਸਿੰਘ
13. ਸ਼ਾਹ ਮੁਹੰਮਦ ਕ੍ਰਿਤ 'ਜੰਗਨਾਮਾ' ਦੀ ਇਤਿਹਾਸਿਕ ਮਹੱਤਾ 119
–ਡਾ. ਜੁਗਿੰਦਰ ਸਿੰਘ
14. ਇਤਿਹਾਸਿਕਤਾ ਅਤੇ ਸਾਹਿੱਤਿਕਤਾ ਦਾ ਸੰਗਮ : ਸ਼ਾਹ ਮੁਹੰਮਦ ਕ੍ਰਿਤ 'ਜੰਗਨਾਮਾ' 131
–ਡਾ. ਪ੍ਰੀਤਮ ਸੈਨੀ

+7 +7 +7 +7 +7

4

15. ਰਣਜੀਤ ਸਿੰਘ ਕਾਲ ਦੀ ਇਕ ਪਰੀ-ਕਹਾਣੀ ਦਾ ਚਿੰਨ੍ਹ-ਵਿਗਿਆਨਿਕ ਅਧਿਐਨ 137
–ਡਾ. ਪਰਮਜੀਤ ਸਿੰਘ ਸਿੱਧੂ
16. 'ਖੋਜ' : ਸ਼ਰੂਪ ਅਤੇ ਪ੍ਰਕ੍ਰਿਆ 147
–ਡਾ. ਆਸ਼ਾ ਨੰਦ ਵੋਹਰਾ
17. ਰਸ ਸੰਪ੍ਰਦਾਇ-ਇਕ ਵਿਵੇਚਨ 155
–ਡਾ. ਚਰਨ ਦਾਸ ਸ਼ਰਮਾ
18. ਮੂਲ-ਮੰਤਰ ਦਾ ਅਮਲੀ ਅਤੇ ਸਮਾਜਿਕ ਪੱਖ 165
–ਡਾ. ਜਗਜੀਤ ਸਿੰਘ ਸਲੂਜਾ
19. ਗਉੜੀ ਸੁਖਮਨੀ ਦਾ ਨਾਮ-ਰਸਾਤਮਕ ਅਧਿਐਨ 177
–ਡਾ. ਮਹਿੰਦਰ ਕੌਰ ਗਿੱਲ
20. ਗੁਰੂ ਗੋਬਿੰਦ ਸਿੰਘ ਰਚਿਤ ਬਾਣੀ ਵਿਚ ਸਵੈ-ਅਭਿਵਿਅਕਤੀ 183
–ਪ੍ਰੋ. ਹਿੰਮਤ ਸਿੰਘ ਸੋਢੀ
21. 'ਚੰਡੀ ਦੀ ਵਾਰ' ਦੀ ਭਾਸ਼ਾ 193
–ਡਾ. ਜਗਜੀਤ ਸਿੰਘ
22. ਨਿਰਮਲੇ ਸੰਤਾਂ ਦੁਆਰਾ ਰਚਿਤ ਪੰਜਾਬੀ ਕਾਵਿ 203
–ਡਾ. ਸੁਰਿੰਦਰ ਸਿੰਘ
23. ਪੰਜਾਬੀ ਕਾਫ਼ੀ ਪਰੰਪਰਾ 211
–ਸ਼੍ਰੀ ਲੇਖ ਰਾਜ ਪਰਵਾਨਾ
24. ਮੋਹਨ ਸਿੰਘ ਦੀ ਕਵਿਤਾ ਵਿਚ ਲੋਕਾਂ ਦਾ ਗਮ 225
–ਸ. ਕਰਤਾਰ ਸਿੰਘ ਦੁਗਲ
25. ਆਧੁਨਿਕਤਾ ਦਾ ਕਵੀ–ਡਾ. ਨੇਕੀ 237
–ਪ੍ਰੋ. ਏ.ਐਸ. ਕਾਹਲੋਂ
26. ਸਫ਼ੀਰ ਦਾ ਕਾਵਿ ਅਨੁਭਵ 245
–ਸ. ਮੇਵਾ ਸਿੰਘ ਸਿੱਧੂ
27. 'ਕਾਮੇ ਤੇ ਯੋਧੇ' ਕਹਾਣੀ ਸੰਗ੍ਰਹਿ ਦਾ ਕਲਾ-ਪੱਖ 251
–ਡਾ. ਸਵਿੰਦਰ ਸਿੰਘ ਉਪਲ
28. ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਦਾ ਪੰਜਾਬੀ ਨਾਟਕ ਉੱਤੇ ਪ੍ਰਭਾਵ 257
–ਡਾ. ਗੁਰਦਿਆਲ ਸਿੰਘ ਫੁੱਲ
29. ਗਿਆਨੀ ਲਾਲ ਸਿੰਘ ਸੰਗਰੂਰ–ਇਕ ਸਾਹਿੱਤਿਕ ਸੰਸਥਾ 275
–ਪ੍ਰੋ. ਤੇਜਵੰਤ ਮਾਨ
30. ਅਗਿਆਤ ਕਿੱਸਾਕਾਰ ਪੰਡਿਤ ਰਿਧੀ ਰਾਮ 287
–ਸ. ਸ਼ਮਸ਼ੇਰ ਸਿੰਘ ਸਿੱਧੂ
31. ਘਨਾਨੰਦ ਦੀ ਪੰਜਾਬੀ ਕਵਿਤਾ 299
–ਡਾ. ਚੰਦਰ ਸ਼ੇਖਰ
32. ਪੰਜਾਬ ਅਤੇ ਹਰਿਆਣਾ ਦੇ ਲੋਕ-ਗੀਤ : ਸੰਸਕ੍ਰਿਤਿਕ ਭਾਵ-ਸਮਾਨਤਾ 311
–ਸ਼੍ਰੀ ਭਗਵਾਨ ਦਾਸ 'ਮਜਬੂਰ'
33. ਪਾਕਿਸਤਾਨ ਦਾ ਪੰਜਾਬੀ ਸਾਹਿੱਤ 329
–ਪ੍ਰੋ. ਐਮ. ਸ਼ਰੀਫ਼ ਕੁੰਜਾਹੀ

ਸੰਪਾਦਕੀ

'ਖੋਜ-ਪਤ੍ਰਿਕਾ' ਦਾ ਇਹ ਅੰਕ 'ਮਹਾਰਾਜਾ ਰਣਜੀਤ ਸਿੰਘ ਸਮ੍ਰਿਤੀ ਅੰਕ' ਹੈ। ਮਹਾਰਾਜਾ ਸਾਹਿਬ ਦਾ ਦੋ ਸੌਵਾਂ ਜਨਮ ਦਿਨ ਨਵੰਬਰ, 1980 ਵਿਚ ਪਿਆ ਹੈ ਅਤੇ ਉਸ ਉਪਰੰਤ ਸਾਰੇ ਸਾਲ ਵਿਚ ਉਨ੍ਹਾਂ ਦੀ ਸ਼ਤਾਬਦੀ ਮਨਾਈ ਜਾ ਰਹੀ ਹੈ। ਇਸ ਸੰਬੰਧ ਵਿਚ ਅਨੇਕ ਸੰਸਥਾਵਾਂ ਨੇ ਆਪਣੀ-ਆਪਣੀ ਸਮਰਥਾ ਅਨੁਸਾਰ ਯੋਜਨਾਵਾਂ ਬਣਾਈਆਂ ਹਨ ਅਤੇ ਪੰਜਾਬੀ ਯੂਨੀਵਰਸਿਟੀ ਨੇ ਵੀ ਇਸ ਸੰਬੰਧ ਵਿਚ ਆਪਣਾ ਯੋਗਦਾਨ ਦੇਣ ਦਾ ਫ਼ੈਸਲਾ ਕੀਤਾ ਹੈ। ਇਸ ਯੋਜਨਾ ਅਧੀਨ ਸੈਮੀਨਾਰ, ਭਾਸ਼ਣ ਪ੍ਰਤਿਯੋਗਤਾ ਆਦਿ ਕਰਾਉਣ ਤੋਂ ਇਲਾਵਾ ਯੂਨੀਵਰਸਿਟੀ ਦੀਆਂ ਤਿੰਨ ਪ੍ਰਮੁੱਖ ਪਤ੍ਰਿਕਾਵਾਂ ਦੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਮਹਾਰਾਜਾ ਸਾਹਿਬ ਦੇ ਜੀਵਨ, ਲਾਹੌਰ ਦਰਬਾਰ ਦੇ ਇਤਿਹਾਸ, ਰਣਜੀਤ ਸਿੰਘ ਕਾਲ ਦੇ ਪੰਜਾਬੀ ਸਾਹਿੱਤ ਨਾਲ ਸੰਬੰਧਿਤ ਲਗਭਗ ਦਸ ਪੁਸਤਕਾਂ ਦੇ ਪ੍ਰਕਾਸ਼ਨ ਦੀ ਵਿਵਸਥਾ ਵੀ ਕੀਤੀ ਜਾ ਰਹੀ ਹੈ।

ਪੰਜਾਬੀ ਸਾਹਿੱਤ ਅਧਿਐਨ ਵਿਭਾਗ ਵੱਲੋਂ ਸੰਪਾਦਿਤ ਕੀਤੀ ਜਾ ਰਹੀ 'ਖੋਜ ਪਤ੍ਰਿਕਾ' ਦਾ ਇਹ ਸਮ੍ਰਿਤੀ ਅੰਕ ਉਪਰੋਕਤ ਯੋਜਨਾ ਦੇ ਸੰਦਰਭ ਵਿਚ ਹੀ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਰਣਜੀਤ ਸਿੰਘ-ਕਾਲ ਦੇ ਪੰਜਾਬੀ ਸਾਹਿੱਤ ਦੇ ਵਿਸ਼ਲੇਸ਼ਣਾਤਮਕ ਅਧਿਐਨ ਨਾਲ ਸੰਬੰਧਿਤ ਪੁਸਤਕ ਵੀ ਇਸ ਵਿਭਾਗ ਵੱਲੋਂ ਤਿਆਰ ਕੀਤੀ ਜਾ ਰਹੀ ਹੈ ਅਤੇ ਸ਼ਾਹ ਮੁਹੰਮਦ ਦੇ ਰਚੇ ਜੰਗਨਾਮਾ ਦਾ ਸੰਪਾਦਨ ਵੀ ਇਕ ਵਿਸਤਰਿਤ ਭੂਮਿਕਾ ਸਹਿਤ ਕੀਤਾ ਜਾ ਰਿਹਾ ਹੈ।

ਮਹਾਰਾਜਾ ਰਣਜੀਤ ਸਿੰਘ ਦਾ ਜਨਮ ਆਪਣੇ ਯੁਗ ਦੀ ਇਕ ਮਹੱਤਵਪੂਰਨ ਘਟਨਾ ਹੈ, ਕਿਉਂਕਿ ਰਾਜਾ ਅਨੰਗਪਾਲ ਦੇ ਮਰਨ ਉਪਰੰਤ ਪਰਤੰਤਰਤਾ ਦੇ ਜਿਸ ਦੁਖਾਵੇਂ ਵਾਤਾਵਰਣ ਵਿਚ ਪੰਜਾਬ ਨੂੰ ਗੁਜ਼ਰਨਾ ਪਿਆ, ਪੰਜਾਬ ਦਾ ਇਤਿਹਾਸ ਉਸ ਦੀ ਸਾਖੀ ਭਰਦਾ ਹੈ। ਸਭ ਤੋਂ ਪਹਿਲੀ ਵਾਰ ਗੁਰੂ ਨਾਨਕ ਦੇਵ ਨੇ ਪੰਜਾਬ ਵਾਸੀਆਂ ਨੂੰ ਜਿਥੇ ਹਰਿ-ਭਗਤੀ ਦੇ ਪਾਵਨ ਮਾਰਗ ਉੱਤੇ ਅੱਗੇ ਵਧਣ ਲਈ ਪ੍ਰੇਰਨਾ ਦਿੱਤੀ, ਉਥੇ ਆਪਣੇ ਮੋਢਿਆਂ ਤੋਂ ਪਰਤੰਤਰਤਾ ਦਾ ਜੂਲਾ ਪਰੇ ਵਗਾ ਮਾਰਨ ਲਈ ਵੀ ਹਲਾਸ਼ੇਰੀ ਦਿੱਤੀ। ਇਸੇ ਦੇ ਫਲਸਰੂਪ ਛੇਵੇਂ ਗੁਰੂ ਨੇ ਪੀਰੀ ਅਤੇ ਮੀਰੀ ਦੀਆਂ ਕ੍ਰਿਪਾਨਾਂ ਧਾਰਨ ਕੀਤੀਆਂ ਅਤੇ ਮਾਲਾ ਦੇ ਨਾਲ ਕ੍ਰਿਪਾਨ ਨੂੰ ਵੀ ਸਿੱਖ ਸਾਧਕਾਂ ਦੀ ਚਿਰਸੰਗਨੀ ਬਣਾਇਆ। ਦਸਮ ਗੁਰੂ ਜੀ ਨੇ ਜ਼ੁਲਮ ਦੇ ਹਦੋਂ ਵੱਧ ਜਾਣ ਉੱਤੇ ਹੱਥ ਵਿਚ ਤਲਵਾਰ ਧਾਰਨ ਕਰਕੇ ਜੂਝ ਮਰਨ ਨੂੰ ਜਾਇਜ਼ ਘੋਸ਼ਿਤ ਕੀਤਾ। ਇਸ ਭਾਵਨਾ ਦੀ ਆਧਾਰ-ਭੂਮੀ ਉੱਤੇ ਵਿਕਸਿਤ ਹੋਏ ਸਿੱਖ ਪੰਥ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਇਕ ਮਹੱਤਵਪੂਰਨ ਭੂਮਿਕਾ ਨਿਭਾਂਦਾ ਹੈ।

ਮਹਾਰਾਜਾ ਰਣਜੀਤ ਸਿੰਘ ਸਿੱਖ ਧਰਮ ਵਿਚ ਪੂਰਨ ਵਿਸ਼ਵਾਸ ਰਖਣ ਵਾਲਾ ਇਕ ਸਿਦਕੀ ਮਹੀਪ ਸੀ। ਸਿੱਖ ਧਰਮ, ਧਰਮ ਦੀਆਂ ਸੰਕੀਰਣਤਾਵਾਂ ਅਤੇ ਤੰਗ ਹਦਬੰਦੀਆਂ ਤੋਂ ਬਹੁਤ ਉੱਚਾ ਧਰਮ ਹੈ ਅਤੇ ਇਸੇ ਲਈ ਇਸ ਧਰਮ ਦੇ ਅਨੁਯਾਈ ਮਹਾਰਾਜਾ ਰਣਜੀਤ ਸਿੰਘ ਦੀ ਰਾਜ-ਵਿਵਸਥਾ ਸੰਕੀਰਣ-ਧਰਮ ਨਿਰਪੇਖ ਵਿਵਸਥਾ ਸੀ। ਉਨ੍ਹਾਂ ਆਪਣੇ ਰਾਜ-ਕਾਜ ਵਿਚ ਸਭ ਧਰਮਾਂ ਦੇ ਅਨੁਯਾਈਆਂ ਨੂੰ ਸਥਾਨ ਦਿੱਤਾ ਸੀ ਅਤੇ ਹਰ ਧਰਮ ਵਾਲੇ ਨੂੰ ਆਪਣੇ ਧਾਰਮਿਕ ਅਨੁਸ਼ਠਾਨ ਕਰਨ ਦੀ ਪੂਰੀ ਖੁਲ੍ਹ ਸੀ। ਲਾਹੌਰ ਰਾਜ ਸੱਚੇ ਅਰਥਾਂ ਵਿਚ ਜਨਤੰਤਰ ਸੀ ਜਿਸ ਦਾ ਮਹਾਰਾਜਾ ਤਖ਼ਤ-ਤਾਜ ਤੋਂ ਬਿਨਾ ਸਾਦੇ ਲਿਬਾਸ ਵਿਚ ਲੋਕ ਹਿਤਾਂ ਦੀ ਪਾਲਨਾ ਕਰਦਾ ਹੋਇਆ ਮਾਨਵਤਾ ਦੀ ਸੇਵਾ ਲਈ ਕਟੀ-ਬੱਧ ਸੀ। ਆਰਥਿਕ ਮੰਦਵਾੜੇ ਵੇਲੇ, ਕਾਲ ਦੇ ਪ੍ਰਕੋਪ ਵੇਲੇ, ਦੁਖੀਆਂ ਦੀ ਫ਼ਰਿਆਦ ਸੁਣਨ ਵੇਲੇ ਮਹਾਰਾਜਾ ਸਾਹਿਬ ਲੋਕ ਸੇਵਾ ਲਈ ਸਦਾ ਤੱਤਪਰ ਰਹਿੰਦੇ ਸਨ। ਉਹ ਕਿਸੇ

ਪਰਾਜਿਤ ਰਾਜੇ ਜਾਂ ਨਵਾਬ ਨੂੰ ਵੀ ਕਤਲ ਕਰਨਾ ਉਚਿਤ ਨਹੀਂ ਸਮਝਦੇ ਸਨ। ਉਹ ਕੁਸ਼ਲ ਪ੍ਰਬੰਧਕ ਸਨ, ਸ਼ਕਤੀਸ਼ਾਲੀ ਵਿਜੇਤਾ ਸਨ। ਰਾਜ-ਪ੍ਰਸ਼ਾਸਨ ਦੇ ਹਰ ਕੰਮ ਵਿਚ ਖ਼ੁਦ ਦਿਲਚਸਪੀ ਲੈਂਦੇ ਸਨ। ਉਹ ਇਕ ਅਦਭੁਤ ਘੋੜਸਵਾਰ ਸਨ, ਕਿਸੇ ਕੰਮ ਜਾਂ ਘਟਨਾ-ਸਥਲ ਤੇ ਤੁਰਤ-ਫੁਰਤ ਪਹੁੰਚਣ ਲਈ ਇਕ ਘੋੜਾ ਉਨ੍ਹਾਂ ਪਾਸ ਸਦਾ ਤਿਆਰ ਰਹਿੰਦਾ ਸੀ। ਫ਼ੌਜੀ ਮੁਹਿੰਮ ਦੀ ਨਿਗਰਾਨੀ ਉਹ ਆਪ ਕਰਦੇ ਸਨ। ਉਨ੍ਹਾਂ ਦਾ ਇਹ ਸਥਾਈ ਆਦੇਸ਼ ਸੀ ਕਿ ਆਕ੍ਰਮਣ ਬਾਰੇ ਫ਼ੌਜ ਦੀ ਜੋ ਵੀ ਤਿਆਰੀ ਕੀਤੀ ਜਾਣੀ ਹੈ, ਉਹ ਉਨ੍ਹਾਂ ਦੀ ਦੇਖ-ਰੇਖ ਵਿਚ ਹੋਵੇ। ਇਕ ਫ਼ਾਰਸੀ ਲਿਖਾਰੀ ਉਨ੍ਹਾਂ ਪਾਸ ਹਰ ਵਕਤ ਮੌਜੂਦ ਰਹਿੰਦਾ ਸੀ ਚਾਹੇ ਰਾਤ ਹੋਵੇ ਚਾਹੇ ਦਿਨ, ਕਿਉਂਕਿ ਜਦੋਂ ਵੀ ਉਨ੍ਹਾਂ ਦੇ ਮਨ ਵਿਚ ਕੋਈ ਵਿਚਾਰ ਪੈਦਾ ਹੁੰਦਾ ਤਾਂ ਉਸ ਨੂੰ ਤੁਰੰਤ ਅੰਕਿਤ ਕਰਨਾ ਜ਼ਰੂਰੀ ਸੀ। ਉਹ ਹਮੇਸ਼ਾ ਆਪਣੇ ਆਦੇਸ਼ ਪੰਜਾਬੀ ਵਿਚ ਦਿਆ ਕਰਦੇ ਸਨ, ਪਰ ਉਨ੍ਹਾਂ ਨੂੰ ਫ਼ਾਰਸੀ ਵਿਚ ਲਿਖਿਆ ਜਾਂਦਾ ਸੀ ਕਿਉਂਕਿ ਉਸ ਸਮੇਂ ਰਾਜ ਦੀ ਭਾਸ਼ਾ ਫ਼ਾਰਸੀ ਹੀ ਚਲੀ ਆ ਰਹੀ ਸੀ। ਸ਼ੇਰੇ ਪੰਜਾਬ ਭਾਵੇਂ ਅਨਪੜ੍ਹ ਸਨ ਪਰ ਤਜਰਬੇ ਨਾਲ ਉਨ੍ਹਾਂ ਨੂੰ ਫ਼ਾਰਸੀ ਦਾ ਇਤਨਾ ਗਿਆਨ ਹੋ ਗਿਆ ਸੀ ਕਿ ਉਹ ਆਪਣੇ ਆਦੇਸ਼ਾਂ ਦਾ ਸਹੀ ਰੂਪ ਫ਼ਾਰਸੀ ਵਿਚ ਵੀ ਸਮਝ ਸਕਦੇ ਸਨ। ਸ਼ਾਲਾਮਾਰ ਬਾਗ਼ ਦੇ ਪ੍ਰਸੰਗ ਵਿਚ ਉਨ੍ਹਾਂ ਨੇ ਇਹ ਨਾਂ ਵਿਦੇਸ਼ੀਆਂ ਦੁਆਰਾ ਦਿੱਤਾ ਹੋਇਆ ਮੰਨ ਕੇ ਇਹ ਭਾਵਨਾ ਪ੍ਰਗਟ ਕੀਤੀ ਕਿ ਇਹਦਾ ਅਜਿਹਾ ਨਾਂ ਰਖਿਆ ਜਾਵੇ ਜਿਹੜਾ ਪੰਜਾਬੀ ਜਨਤਾ ਦੇ ਸਮਝਣ ਦੇ ਅਨੁਕੂਲ ਹੋਵੇ। ਉਨ੍ਹਾਂ ਦੇ ਦਰਬਾਰ ਦੇ ਫ਼ਾਰਸੀ ਵਿਚ ਲਿਖੇ ਰਿਕਾਰਡ ਵੀ ਇਹ ਜ਼ਾਹਰ ਕਰਦੇ ਹਨ ਕਿ ਪੰਜਾਬੀ ਦੇ ਕੁਝ ਪਰਿਭਾਸ਼ਿਕ ਸ਼ਬਦ ਜਿਵੇਂ 'ਪ੍ਰਸ਼ਾਦ', 'ਇਸ਼ਨਾਨ' ਆਦਿ ਨੂੰ ਇੰਨ-ਬਿੰਨ ਹੀ ਫ਼ਾਰਸੀ ਇਬਾਰਤ ਵਿਚ ਵਰਤ ਲਿਆ ਜਾਂਦਾ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਪੰਜਾਬੀ ਕਿੱਸਾਕਾਰਾਂ ਨੂੰ ਪ੍ਰੇਰਨਾ ਦਿੱਤੀ। ਇਸ ਤਰ੍ਹਾਂ ਉਹ ਪੰਜਾਬੀ ਸਾਹਿੱਤ ਅਤੇ ਭਾਸ਼ਾ ਦੀ ਉਸਾਰੀ ਵਿਚ ਪਰੋਖ ਰੂਪ ਵਿਚ ਆਪਣਾ ਯੋਗਦਾਨ ਦਿੰਦੇ ਰਹੇ। ਇਸੇ ਨਿਮਿਤ ਇਹ ਅੰਕ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਹੈ।

ਇਸ ਅੰਕ ਵਿਚ ਕੁਲ 33 ਲੇਖ ਹਨ ਜਿਨ੍ਹਾਂ ਵਿਚੋਂ ਪਹਿਲੇ 15 ਦਾ ਸੰਬੰਧ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ, ਸ਼ਖ਼ਸੀਅਤ ਅਤੇ ਲਾਹੌਰ ਦਰਬਾਰ ਨਾਲ ਸੰਬੰਧਿਤ ਸਾਹਿੱਤ ਦੇ ਆਲੋਚਨਾਤਮਕ ਵਿਸ਼ਲੇਸ਼ਣ ਨਾਲ ਹੈ। ਦੂਜੇ ਭਾਗ ਵਿਚ 18 ਲੇਖ ਹਨ ਜਿਨ੍ਹਾਂ ਵਿਚ ਪੰਜਾਬੀ ਸਾਹਿੱਤ ਦੇ ਵਿਭਿੰਨ ਪੱਖਾਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਕੀਤਾ ਗਿਆ ਹੈ। ਸਾਨੂੰ ਵਿਸ਼ਵਾਸ ਹੈ ਕਿ ਪੰਜਾਬੀ ਪਾਠਕਾਂ ਨੂੰ ਸਾਹਿੱਤ ਅਧਿਐਨ ਦਾ ਇਹ ਗ਼ੁਲਦਸਤਾ ਭੇਂਟ ਕਰਨ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਯਾਦ ਸਦਾ ਤਾਜ਼ਾ ਰਹੇਗੀ। ਇਸ ਅੰਕ ਲਈ ਅਨੇਕ ਵਿਦਵਾਨਾਂ ਨੇ ਸਾਡੀ ਪ੍ਰਾਰਥਨਾ ਪ੍ਰਵਾਨ ਕਰਦੇ ਹੋਇਆਂ ਆਪਣਾ ਪੂਰਾ ਸਹਿਯੋਗ ਦਿੱਤਾ ਹੈ, ਅਤੇ ਸਚਮੁਚ ਇਹ ਅੰਕ ਉਨ੍ਹਾਂ ਦੇ ਮਿਲਵਰਤਨ ਦੇ ਫਲਸਰੂਪ ਹੀ ਪਾਠਕਾਂ ਦੇ ਹੱਥਾਂ ਵਿਚ ਦੇਣ ਦੇ ਅਸੀਂ ਸਮਰਥ ਹੋਏ ਹਾਂ। ਇਸ ਦੇ ਪ੍ਰਕਾਸ਼ਨ ਵਿਚ ਸ. ਹਜ਼ਾਰਾ ਸਿੰਘ, ਮੁੱਖੀ ਪ੍ਰਕਾਸ਼ਨ ਬਿਊਰੋ ਨੇ ਬੜੀ ਰੁਚੀ ਲਈ ਹੈ ਜਿਸ ਲਈ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ। ਯੂਨੀਵਰਸਿਟੀ ਪ੍ਰੈਸ ਦੇ ਮੈਨੇਜਰ ਅਤੇ ਕਰਮਚਾਰੀਆਂ ਨੇ ਵੀ ਇਸ ਦੇ ਛਾਪਣ ਵਿਚ ਆਪਣਾ ਸਹਿਯੋਗ ਦਿੱਤਾ ਹੈ। ਉਹ ਵੀ ਸਾਡੇ ਧੰਨਵਾਦ ਦੇ ਪਾਤਰ ਹਨ।

'ਖੋਜ-ਪਤ੍ਰਿਕਾ' ਦਾ ਅਗਲਾ ਅੰਕ 'ਪੂਰਨ ਸਿੰਘ ਵਿਸ਼ੇਸ਼ ਅੰਕ' ਹੋਵੇਗਾ। ਫ਼ਰਵਰੀ, 1981 ਵਿਚ ਪ੍ਰੋ. ਪੂਰਨ ਸਿੰਘ ਦੀ ਪਹਿਲੀ ਜਨਮ-ਸ਼ਤਾਬਦੀ ਮਨਾਈ ਜਾ ਰਹੀ ਹੈ ਅਤੇ ਉਸੇ ਪ੍ਰਥਾਇ ਹੀ ਉਕਤ ਅੰਕ ਦੀ ਵਿਸ਼ੇਸ਼ ਯੋਜਨਾ ਕੀਤੀ ਜਾ ਰਹੀ ਹੈ।

ਰਤਨ ਸਿੰਘ ਜੱਗੀ

ਮਹਾਰਾਜਾ ਰਣਜੀਤ ਸਿੰਘ ਦਾ ਜੀਵਨ ਅਤੇ ਵਿਅਕਤਿੱਤਵ : ਇਕ ਝਾਤ

ਡਾ. ਭਗਤ ਸਿੰਘ

ਮੁੱਢਲਾ ਜੀਵਨ : ਰਣਜੀਤ ਸਿੰਘ ਦਾ ਜਨਮ 1780 ਈ. ਨੂੰ ਸ. ਮਹਾਂ ਸਿੰਘ ਦੇ ਘਰ ਗੁਜਰਾਂਵਾਲੇ ਵਿਚ ਹੋਇਆ ਸੀ। ਉਸ ਦੇ ਜਨਮ ਦੀ ਮਿਤੀ ਸੰਬੰਧੀ ਵਿਦਵਾਨਾਂ ਵਿਚ ਮਤ-ਭੇਦ ਹੈ। ਕੁਝ ਅੰਗਰੇਜ਼ ਅਤੇ ਭਾਰਤੀ ਲਿਖਾਰੀ ਜਿਵੇਂ ਮੈਗਰੈਗਰ, ਲੈਪਲ ਗ੍ਰਿਫ਼ਨ, ਕਨ੍ਹਈਆ ਲਾਲ, ਮੁਹੰਮਦ ਲਤੀਫ਼ ਤੇ ਗਿਆਨੀ ਗਿਆਨ ਸਿੰਘ ਰਣਜੀਤ ਸਿੰਘ ਦੀ ਜਨਮ-ਮਿਤੀ 2 ਨਵੰਬਰ, 1780 ਨੂੰ ਮੰਨਦੇ ਹਨ। ਪਰ ਰਣਜੀਤ ਸਿੰਘ ਦੇ ਭਰੋਸੇਯੋਗ ਦਰਬਾਰੀ ਲਿਖਾਰੀਆਂ, ਸੋਹਨ ਲਾਲ ਸੂਰੀ ਅਤੇ ਦੀਵਾਨ ਅਮਰਨਾਥ ਅਨੁਸਾਰ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਨੂੰ ਹੋਇਆ ਸੀ। ਇਹ ਪਿਛਲੀ ਤਾਰੀਖ਼ ਵਧੇਰੇ ਸਹੀ ਜਾਪਦੀ ਹੈ ਕਿਉਂਕਿ ਦੋਵੇਂ ਲਿਖਾਰੀ ਰਣਜੀਤ ਸਿੰਘ ਦੇ ਬਹੁਤ ਨਿਕਟਵਰਤੀ ਅਤੇ ਦਰਬਾਰ ਦੇ ਪ੍ਰਸਿੱਧ ਵਿਅਕਤੀ ਸਨ। ਸੰਨ 1752 ਵਿਚ ਸ. ਨੌਧ ਸਿੰਘ ਦੀ ਮ੍ਰਿਤੂ ਤੋਂ ਪਿੱਛੋਂ ਉਸ ਦਾ ਪੁੱਤਰ ਚੜ੍ਹਤ ਸਿੰਘ ਸੁਕਰਚਕੀਆ ਜੱਥੇ ਦਾ ਆਗੂ ਬਣਿਆ, 1774 ਈ. ਵਿਚ ਮਹਾਂ ਸਿੰਘ, ਚੜ੍ਹਤ ਸਿੰਘ ਦਾ ਉੱਤਰਾਧਿਕਾਰੀ ਬਣਿਆ, 1790 ਈ. ਨੂੰ ਆਪਣੇ ਪਿਤਾ ਮਹਾਂ ਸਿੰਘ ਦੀ ਮੌਤ ਤੋਂ ਬਾਅਦ ਮਿਸਲ ਦੀ ਸਰਦਾਰੀ ਰਣਜੀਤ ਸਿੰਘ ਨੂੰ ਮਿਲੀ।

ਰਣਜੀਤ ਸਿੰਘ ਦੇ ਬਚਪਨ ਵਿਚ ਉਸ ਦੇ ਪਿਤਾ ਨੇ ਉਸ ਦੇ ਪੜ੍ਹਨ ਲਿਖਣ ਦਾ ਪ੍ਰਬੰਧ ਵੀ ਕੀਤਾ ਪਰ ਉਸ ਨੂੰ ਪੜ੍ਹਾਈ ਵਿਚ ਦਿਲਚਸਪੀ ਨਾ ਹੋਣ ਕਰਕੇ ਉਹ ਅਨਪੜ੍ਹ ਹੀ ਰਹਿ ਗਿਆ। ਉਨ੍ਹਾਂ ਦਿਨਾਂ ਵਿਚ ਪੜ੍ਹਾਈ ਲਈ ਹਾਲਾਤ ਵੀ ਅਨੁਕੂਲ ਨਹੀਂ ਸਨ। ਸਮੇਂ ਦੀ ਵਧੇਰੇ ਲੋੜ ਯੁੱਧ-ਕਲਾ ਵਿਚ ਜਾਣਕਾਰੀ ਪ੍ਰਾਪਤ ਕਰਨਾ ਸੀ। ਸੋ ਰਣਜੀਤ ਸਿੰਘ ਨੇ ਸ਼ੁਰੂ ਵਿਚ ਹੀ ਤਲਵਾਰ ਚਲਾਉਣ, ਘੋੜ ਸਵਾਰੀ ਕਰਨ ਅਤੇ ਸ਼ਿਕਾਰ ਖੇਡਣ ਆਦਿ ਵਿਚ ਚੋਖੀ ਮਹਾਰਤ ਪ੍ਰਾਪਤ ਕਰ ਲਈ ਸੀ।

ਬਹਾਦਰ ਸੈਨਿਕ ਤੇ ਸੈਨਾ ਨਾਇਕ : ਜਦੋਂ 1798 ਈ. ਵਿਚ ਕਾਬਲ ਦੇ ਬਾਦਸ਼ਾਹ ਜ਼ਮਾਨ ਸ਼ਾਹ ਨੇ ਪੰਜਾਬ ਉੱਤੇ ਹਮਲਾ ਕੀਤਾ ਅਤੇ ਲਾਹੌਰ ਵਿਚ ਦਾਖ਼ਲ ਹੋਇਆ ਤਾਂ ਰਣਜੀਤ ਸਿੰਘ ਆਪਣੇ ਆਪ ਨੂੰ ਇਸ ਯੋਗ ਤਾਂ ਨਹੀਂ ਸੀ ਸਮਝਦਾ ਕਿ ਉਸ ਨੂੰ ਲਾਹੌਰ ਵਿਚੋਂ ਮਾਰ ਭਜਾਏਗਾ, ਪਰ ਸ਼ਾਹ ਅਤੇ ਉਸ ਦੇ ਆਦਮੀਆਂ ਨੂੰ ਪ੍ਰੇਸ਼ਾਨ ਜ਼ਰੂਰ ਕਰਨਾ ਚਾਹੁੰਦਾ ਸੀ ਅਤੇ ਸ਼ਾਹ ਪ੍ਰਤੀ ਆਪਣਾ ਕ੍ਰੋਧ ਪ੍ਰਗਟ ਕਰਨਾ ਚਾਹੁੰਦਾ ਸੀ। ਉਹ ਹਰ ਰਾਤ ਕੁਝ ਸਵਾਰਾਂ ਸਮੇਤ ਸ਼ਹਿਰ ਵਿਚ ਦਾਖ਼ਲ ਹੋ ਕੇ ਸ਼ਾਹ ਦੇ ਆਦਮੀਆਂ ਨੂੰ ਡਰਾਉਂਦਾ ਧਮਕਾਉਂਦਾ ਸੀ। ਸੋਹਨ ਲਾਲ ਸੂਰੀ ਅਨੁਸਾਰ ਰਣਜੀਤ ਸਿੰਘ ਨੇ ਸਮਨ ਬੁਰਜ ਉੱਤੇ ਤਿੰਨ ਵਾਰ ਹਮਲਾ ਕੀਤਾ। ਹਰ ਵਾਰ ਸ਼ਾਹ ਦੇ ਕੁਝ ਆਦਮੀਆਂ ਨੂੰ ਮਾਰ ਜਾਂਦਾ ਜਾਂ ਜ਼ਖ਼ਮੀ ਕਰ ਜਾਂਦਾ ਅਤੇ ਸ਼ਾਹ ਨੂੰ ਹਥੋਂ ਹਥੀ ਲੜਾਈ ਲਈ ਵੰਗਾਰਦਾ। ਇਕ ਵਾਰ ਰਣਜੀਤ ਸਿੰਘ ਨੇ ਸ਼ਾਹ ਨੂੰ ਲਲਕਾਰਿਆ–"ਉਹ ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ਬਾਹਰ ਆ ਅਤੇ ਸਰਦਾਰ ਚੜ੍ਹਤ ਸਿੰਘ ਦੇ ਪੋਤਰੇ ਨਾਲ ਦੋ ਹੱਥ ਕਰ।"[1] ਅਗਲੇ ਪਾਸਿਉਂ ਕੋਈ ਹੁੰਗਾਰਾ ਨਹੀਂ ਆਇਆ। ਸ਼ਾਹ ਰਣਜੀਤ ਸਿੰਘ ਦੀ ਬਹਾਦਰੀ ਅਤੇ ਨਿਡਰਤਾ ਉੱਤੇ ਬਹੁਤ ਹੈਰਾਨ ਹੋਇਆ।

ਇਸ ਘਟਨਾ ਤੋਂ ਕਈ ਸਾਲ ਪਹਿਲਾਂ ਇਕ ਵਾਰ ਰਣਜੀਤ ਸਿੰਘ ਸ਼ਿਕਾਰ ਖੇਡਣ ਪਿੱਛੋਂ ਆਪਣੇ ਘੋੜੇ ਉੱਤੇ ਵਾਪਸ ਮੁੜ ਰਿਹਾ ਸੀ ਕਿ ਆਪਣੇ ਸਾਥੀਆਂ ਨਾਲੋਂ ਅੱਡ ਹੋ ਗਿਆ। ਹਸ਼ਮਤ ਖ਼ਾਂ ਚੱਠਾ ਨੇ ਉਸ ਨੂੰ ਦੇਖਿਆ। ਹਸ਼ਮਤ ਖ਼ਾਂ ਨੇ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਹੱਥੋਂ ਹਾਰ ਖਾਧੀ ਸੀ। ਉਸ ਹਾਰ ਦਾ ਬਦਲਾ ਲੈਣ ਲਈ ਹਸ਼ਮਤ ਖ਼ਾਂ ਨੇ ਰਣਜੀਤ ਸਿੰਘ ਨੂੰ ਕਤਲ ਕਰ ਦੇਣ ਦਾ ਫ਼ੈਸਲਾ ਕੀਤਾ। ਚੱਠਾ ਸਰਦਾਰ ਨੇ ਘਾਤ

ਲਾ ਕੇ ਰਣਜੀਤ ਸਿੰਘ ਉੱਤੇ ਹਮਲਾ ਕੀਤਾ। ਰਣਜੀਤ ਸਿੰਘ ਨੇ ਬੜੀ ਹੁਸ਼ਿਆਰੀ ਨਾਲ ਨਾ ਕੇਵਲ ਉਸ ਤੋਂ ਆਪਣੇ ਆਪ ਨੂੰ ਬਚਾ ਹੀ ਲਿਆ, ਸਗੋਂ ਜਵਾਬੀ ਕਾਰਵਾਈ ਕਰਕੇ ਹਸ਼ਮਤ ਖ਼ਾਂ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਹਸ਼ਮਤ ਖ਼ਾਂ ਦੀ ਮੌਤ ਪਿੱਛੋਂ ਚੱਠਿਆਂ ਨੇ ਰਣਜੀਤ ਸਿੰਘ ਦੀ ਈਨ ਮੰਨ ਲਈ।[2]

ਰਣਜੀਤ ਸਿੰਘ ਇਕ ਬਹਾਦਰ ਸੈਨਿਕ, ਸੁਯੋਗ ਸੈਨਾ ਨਾਇਕ ਤੇ ਮਹਾਨ ਵਿਜੇਤਾ ਸੀ। ਆਪਣੀ ਮਿਸਲ ਦਾ ਚਾਰਜ ਸੰਭਾਲਣ ਸਮੇਂ ਉਸ ਪਾਸ ਸਿਰਫ਼ ਗੁਜਰਾਂਵਾਲਾ ਤੇ ਇਸ ਦੇ ਇਰਦ ਗਿਰਦ ਦੇ ਕੁਝ ਪਿੰਡ ਸਨ। ਉਸ ਨੇ ਆਪਣੇ ਵਿਸ਼ਾਲ ਸੈਨਿਕ ਗੁਣਾਂ ਕਰਕੇ ਇਕ ਛੋਟੀ ਜੇਹੀ ਮਿਸਲ ਤੋਂ ਫ਼ਰਾਂਸ ਜੇਡਾ ਵੱਡਾ ਤੇ ਸੰਗਠਿਤ ਰਾਜ ਸਥਾਪਿਤ ਕੀਤਾ। ਲੈਪਲ ਗ੍ਰਿਫ਼ਨ ਦੇ ਸ਼ਬਦਾਂ ਵਿਚ 'ਉਹ ਇਕ ਆਦਰਸ਼ ਸੈਨਿਕ ਸੀ ਜੋ ਬੜਾ ਬਲਵਾਨ, ਫੁਰਤੀਲਾ, ਹੌਸਲੇ ਵਾਲਾ ਅਤੇ ਕਸ਼ਟ ਝਲਣ ਦੀ ਸਮਰਥਾ ਰਖਣ ਵਾਲਾ ਵਿਅਕਤੀ ਸੀ।'[3] ਸੰਨ 1799 ਈ. ਵਿਚ ਉਸ ਨੇ ਪੰਜਾਬ ਦੀ ਰਾਜਧਾਨੀ ਲਾਹੌਰ ਨੂੰ ਜਿਤਿਆ ਤੇ ਛੇਤੀ ਪਿੱਛੋਂ ਸਿੱਖਾਂ ਦੀ ਧਾਰਮਿਕ ਰਾਜਧਾਨੀ ਅੰਮ੍ਰਿਤਸਰ ਨੂੰ ਆਪਣੇ ਅਧਿਕਾਰ ਖੇਤਰ ਵਿਚ ਲਿਆਂਦਾ। ਇਸ ਤੋਂ ਅਗਲੇ ਕੁਝ ਵਰ੍ਹਿਆਂ ਵਿਚ ਹੀ ਲਗਭਗ ਸਾਰੀਆਂ ਸਿੱਖ ਮਿਸਲਾਂ ਲਾਹੌਰ ਦਰਬਾਰ ਦੇ ਅਧੀਨ ਹੋ ਗਈਆਂ। ਉਸ ਨੇ ਅਫ਼ਗਾਨਾ ਪਾਸੋਂ ਮੁਲਤਾਨ, ਅਟਕ, ਕਸ਼ਮੀਰ, ਪਿਸ਼ਾਵਰ ਤੇ ਹੋਰ ਕਈ ਨਿੱਕੇ ਵੱਡੇ ਇਲਾਕੇ ਆਪਣੇ ਕਬਜ਼ੇ ਵਿਚ ਕੀਤੇ। ਭਾਵੇਂ ਕਈਆਂ ਲੜਾਈਆਂ ਵਿਚ ਰਣਜੀਤ ਸਿੰਘ ਆਪ ਜਾ ਕੇ ਨਹੀਂ ਲੜਿਆ ਪਰ ਹਰ ਲੜਾਈ ਜਾਂ ਮੁਹਿੰਮ ਦੀ ਛੋਟੀ ਤੋਂ ਛੋਟੀ ਗੱਲ ਲਈ ਮਹਾਰਾਜੇ ਦੀ ਸਲਾਹ ਜਾਂ ਪ੍ਰਵਾਨਗੀ ਜ਼ਰੂਰੀ ਸੀ। ਸਾਰੀਆਂ ਵੱਡੀਆਂ ਲੜਾਈਆਂ ਦੀ ਤਿਆਰੀ ਤੇ ਮੈਦਾਨੇ ਜੰਗ ਵਿਚ ਪੁੱਜਣ ਵਾਲਾ ਜੰਗੀ ਸਾਮਾਨ ਉਸ ਦੀ ਨਿਗਰਾਨੀ ਹੇਠ ਹੁੰਦਾ ਸੀ। ਉਸ ਦੀਆਂ ਯੋਜਨਾਵਾਂ ਸਦਾ ਅਜਿਹੀਆਂ ਹੁੰਦੀਆਂ ਸਨ ਜਿਨ੍ਹਾਂ ਨੂੰ ਸਫ਼ਲਤਾਪੂਰਵਕ ਅਮਲ ਵਿਚ ਲਿਆਂਦਾ ਜਾ ਸਕਦਾ ਸੀ। ਉਸ ਨੇ ਆਪਣੀ ਸਾਵਧਾਨੀ ਤੇ ਸੁਘੜ-ਸਿਆਣੀ ਸੈਨਿਕ ਨੀਤੀ ਸਦਕੇ ਆਪਣੇ ਅਣਗਿਣਤ ਦੁਸ਼ਮਣਾਂ ਨੂੰ ਕੁਚਲ ਦਿੱਤਾ ਅਤੇ ਇਕ ਵਿਸ਼ਾਲ ਰਾਜ ਦੀ ਸਥਾਪਨਾ ਕੀਤੀ।[4]

ਰਣਜੀਤ ਸਿੰਘ ਦੀ ਸੈਨਿਕ ਸੂਝ ਉਸ ਦੇ ਸਾਹਮਣੇ ਖੜੋਤੀ ਵੰਗਾਰ ਨੂੰ ਸਮਝਣ ਅਤੇ ਉਸ ਦੇ ਮੁਕਾਬਲੇ ਲਈ ਯੋਗ ਕਾਰਵਾਈ ਕਰਨ ਵਿਚ ਸੀ। ਭਾਵੇਂ ਮਹਾਰਾਜਾ ਯੂਰਪੀਅਨ ਯੁੱਧ-ਵਿਧੀ ਅਤੇ ਸੈਨਿਕ ਜੱਥੇਬੰਦੀ ਦੇ ਹਕ ਵਿਚ ਸੀ ਪਰ ਕਈ ਕਾਰਨਾਂ ਕਰਕੇ ਉਹ ਪੂਰੀ ਤਰ੍ਹਾਂ ਆਪਣੀ ਸੈਨਾਂ ਨੂੰ ਉਸ ਅਨੁਸਾਰ ਨਾ ਢਾਲ ਸਕਿਆ। ਇਕ ਤਾਂ ਉਹ ਆਪਣੀ ਪੁਰਾਣੀ ਸਥਾਨਕ ਵਿਧੀ ਨੂੰ ਨਹੀਂ ਸੀ ਛੱਡਣਾ ਚਾਹੁੰਦਾ ਜਿਸ ਵਿਚ ਬਹਾਦਰੀ ਅਤੇ ਤੁਰਤ ਧਾਵਾ ਕਰਨ ਅਤੇ ਮੌਕੇ ਅਨੁਸਾਰ ਚਾਲਾਂ ਬਦਲ ਲੈਣ ਦੇ ਲਾਭਾਂ ਤੋਂ ਭਲੀ ਭਾਂਤ ਜਾਣੂੰ ਸੀ। ਦੂਜੇ, ਬਹੁਤ ਸਾਰੇ ਸਿੱਖ ਯੂਰਪੀਅਨ ਯੁੱਧ-ਵਿਧੀ ਨੂੰ ਪਸੰਦ ਨਹੀਂ ਸਨ ਕਰਦੇ, ਇਸ ਲਈ ਉਸ ਪੁਰਾਣੇ ਤਰੀਕੇ ਨੂੰ ਪੂਰੀ ਤਰ੍ਹਾਂ ਛੱਡ ਦੇਣ ਵਿਚ ਉਸ ਨੂੰ ਸਿਆਣਪ ਨਹੀਂ ਦਿਸੀ। ਤੀਜੇ, ਨਵਾਂ ਢੰਗ ਤਰੀਕਾ ਅਪਨਾਉਣ ਲਈ ਉਸ ਪਾਸ ਲੋੜੀਂਦੀ ਗਿਣਤੀ ਵਿਚ ਇਨਸਟਰਕਟਰ ਨਹੀਂ ਸਨ। ਇਸ ਲਈ ਮਹਾਰਾਜੇ ਦੀ ਸੈਨਿਕ ਜੱਥੇਬੰਦੀ ਪੁਰਾਣੇ ਅਤੇ ਨਵੇਂ ਜਾਂ ਦੇਸ਼ੀ ਅਤੇ ਵਿਦੇਸ਼ੀ ਸੈਨਿਕ ਢੰਗ ਤਰੀਕਿਆਂ ਵਿਚਕਾਰ ਇਕ ਸੁਮੇਲ ਸੀ। ਨਾ ਤਾਂ ਉਸ ਨੇ ਅੱਖਾਂ ਮੀਟ ਕੇ ਪੱਛਮ ਦੀ ਨਕਲ ਕੀਤੀ ਤੇ ਨਾ ਹੀ ਉਹ ਪੂਰਬੀ ਤਰੀਕਿਆਂ ਦਾ ਕਟੜ ਸਮਰਥਕ ਸੀ। ਕੀ ਕੁਝ ਨਵਾਂ ਧਾਰਨ ਕਰਨਾ ਹੈ ਤੇ ਕੀ ਕੁਝ ਪੁਰਾਣਾ ਰਖਣਾ ਹੈ, ਇਸ ਸੰਬੰਧੀ ਮਹਾਰਾਜਾ ਨੇ ਬੜੀ ਸਿਆਣੀ ਚੋਣ ਕੀਤੀ।

ਉਸ ਨੇ ਯੂਰਪੀਅਨ ਸੈਨਿਕ ਢੰਗ ਤਰੀਕੇ ਧਾਰਨ ਕਰਨਾ ਇਸ ਲਈ ਜ਼ਰੂਰੀ ਸਮਝਿਆ ਸੀ ਕਿ ਕਦੇ ਨਾ ਕਦੇ ਲਾਹੌਰ ਦਰਬਾਰ ਨੂੰ ਅੰਗਰੇਜ਼ਾਂ ਨਾਲ ਟਕਰ ਲੈਣੀ ਪੈਣੀ ਸੀ ਜਿਸ ਲਈ ਜ਼ਰੂਰੀ ਸੀ ਕਿ ਯੂਰਪੀ ਢੰਗ ਤਰੀਕੇ ਉੱਤੇ ਹੀ ਸੈਨਾ ਦਾ ਨਿਰਮਾਣ ਕੀਤਾ ਜਾਏ। ਸਭ ਸੈਨਿਕਾਂ ਲਈ ਇਕ ਤਰ੍ਹਾਂ ਦੀ ਵਰਦੀ, ਇਕ ਤਰ੍ਹਾਂ ਦੀ ਸੈਨਿਕ ਸਿਖਲਾਈ, ਇਕ ਤਰ੍ਹਾਂ ਦੇ ਹਥਿਆਰ ਅਤੇ ਇਕ ਤਰ੍ਹਾਂ ਦੀ ਲੜਨ-ਵਿਧੀ ਆਦਿ ਯੂਰਪੀਅਨ ਢੰਗ ਅਨੁਸਾਰ ਸੀ। ਮਾਹਵਾਰੀ ਤਨਖ਼ਾਹ ਦੇਣ ਦਾ ਰਿਵਾਜ ਵੀ ਉਨ੍ਹਾਂ ਤੋਂ ਹੀ ਲਿਖਿਆ ਸੀ। ਪਰ ਕਈ ਗੱਲਾਂ ਪੁਰਾਣੀਆਂ ਹੀ ਰਖੀਆਂ ਗਈਆਂ ਜਿਵੇਂ ਬੇਕਵਾਇਦ ਫ਼ੌਜ, ਕੁਝ ਆਹੁਦੇਦਾਰਾਂ ਨੂੰ ਜਾਗੀਰਾਂ ਦੇਣ ਦਾ ਰਿਵਾਜ, ਤਨਖ਼ਾਹਾਂ ਪਿੱਛੇ ਪਾਉਣ ਦਾ ਰਿਵਾਜ, ਭਾਰੀ ਇਨਾਮ ਅਤੇ ਖ਼ਿਤਾਬ ਦੇਣ ਦਾ ਰਿਵਾਜ। ਇਸ ਤਰ੍ਹਾਂ ਇਕ ਸੂਝਵਾਨ ਸੈਨਾ-ਨਾਇਕ

ਦੀ ਤਰ੍ਹਾਂ ਮਹਾਰਾਜਾ ਨੇ ਜੋ ਕੁਝ ਉਸ ਨੂੰ ਯੂਰਪੀਅਨ ਸੈਨਿਕ ਪ੍ਰਬੰਧ ਵਿਚ ਸਭ ਤੋਂ ਵਧੀਆ ਲੱਗਾ, ਉਸ ਵਿਚ ਸਮੇ ਕੇ ਇਕ ਕੁਸ਼ਲ ਤੇ ਸ਼ਕਤੀਸ਼ਾਲੀ ਸੈਨਿਕ ਪ੍ਰਬੰਧ ਸਥਾਪਿਤ ਕੀਤਾ ।

ਇਕ ਮਨੁੱਖ ਵਜੋਂ : ਰਣਜੀਤ ਸਿੰਘ ਦਾ ਕਦ ਛੋਟਾ ਤੇ ਸ਼ਕਲ ਸੂਰਤ ਸੁੰਦਰ ਨਹੀਂ ਸੀ । ਛੋਟੀ ਉਮਰ ਵਿਚ ਚੇਚਕ ਨਿਕਲ ਆਉਣ ਨਾਲ ਉਸ ਦਾ ਚੇਹਰਾ ਬਦਸ਼ਕਲ ਹੋ ਗਿਆ ਸੀ ਅਤੇ ਇਕ ਅੱਖ ਵੀ ਖ਼ਰਾਬ ਹੋ ਗਈ ਸੀ । ਬੈਰਨ ਹਿਯੂਗਲ ਜੋ ਇਕ ਜਰਮਨ ਯਾਤਰੀ ਸੀ ਅਤੇ ਰਣਜੀਤ ਸਿੰਘ ਨੂੰ ਲਾਹੌਰ ਆ ਕੇ ਮਿਲਿਆ ਸੀ, ਲਿਖਦਾ ਹੈ ਉਹ ਇਕ ਛੋਟੇ ਕੱਦ ਦਾ ਤੇ ਕਰੂਪ ਮਨੁੱਖ ਹੈ ਤੇ ਜੇ ਉਸ ਵਿਚ ਹੋਰ ਮਹਾਨ ਗੁਣ ਨਾ ਹੁੰਦੇ ਤਾਂ ਸ਼ਾਇਦ ਉਸ ਵੱਲ ਕੋਈ ਵੇਖਦਾ ਵੀ ਨਾ । ਬਿਨਾ ਅਤਿਕਥਨੀ ਦੇ ਮੈਂ ਉਸ ਨੂੰ ਪੰਜਾਬ ਦਾ ਸਭ ਤੋਂ ਬਦਸੂਰਤ ਮਨੁੱਖ ਕਹਿ ਸਕਦਾ ਹਾਂ । ਉਸ ਦੀ ਖੱਬੀ ਅੱਖ ਤਾਂ ਪੂਰੀ ਤਰ੍ਹਾਂ ਬੰਦ ਹੈ ਅਤੇ ਸੱਜੀ ਅੱਖ ਵੀ ਬਿਮਾਰੀ ਕਾਰਨ ਬਿਗੜੀ ਹੋਈ ਹੋਣ ਕਰਕੇ ਬੜੀ ਭੱਦੀ ਲੱਗਦੀ ਹੈ । ਉਸ ਦੇ ਚੇਹਰੇ ਤੇ ਚੇਚਕ ਦੇ ਦਾਗ ਉਸ ਦੇ ਭੂਰੇ ਚੰਮ ਉੱਤੇ ਬਹੁਤ ਕਾਲੇ ਟੋਇਆਂ ਦੀ ਤਰ੍ਹਾਂ ਹਨ । ਉਸ ਦਾ ਛੋਟਾ ਜੇਹਾ ਨੱਕ ਕੰਢੇ ਤੋਂ ਸੁਜਿਆ ਹੋਇਆ ਹੈ.....ਉਸ ਦਾ ਸਿਰ ਉਸ ਦੇ ਚੌੜੇ ਮੋਢਿਆਂ ਵਿਚ ਧਸਿਆ ਹੋਇਆ ਅਤੇ ਉਸ ਦੇ ਛੋਟੇ ਕੱਦ ਅਨੁਸਾਰ ਕੁਝ ਜ਼ਿਆਦਾ ਵੱਡਾ ਹੈ । ਉਸ ਦੀ ਧੌਣ ਮੋਟੀ ਤੇ ਨਰੋਈ ਹੈ, ਲੱਤਾਂ ਤੇ ਬਾਹਵਾਂ ਪਤਲੀਆਂ ਹਨ ਅਤੇ ਖੱਬੀ ਬਾਂਹ ਤੇ ਲੱਤ ਕੁਝ ਲਮਕੀ ਹੋਈ ਹੈ । ਇਸ ਬਿਆਨ ਦੀ ਪੁਸ਼ਟੀ ਹੋਰ ਯਾਤਰੀ ਵੀ ਕਰਦੇ ਹਨ ਜੋ ਰਣਜੀਤ ਸਿੰਘ ਨੂੰ ਮਿਲੇ ਸਨ । ਸ਼ਰੀਰਕ ਖ਼ੂਬਸੂਰਤੀ ਇਸਤਰੀਆਂ ਦਾ ਗਹਿਣਾ ਹੈ ਅਤੇ ਮਰਦਾਂ ਦਾ ਗਹਿਣਾ ਉਨ੍ਹਾਂ ਦੀ ਮਰਦਾਨਗੀ ਹੈ ਜਿਸ ਨਾਲ ਰਣਜੀਤ ਸਿੰਘ ਮਾਲਾ-ਮਾਲ ਸੀ । ਕੁਰੂਪ ਹੁੰਦੇ ਹੋਏ ਵੀ ਉਸ ਦੇ ਅੰਦਰ ਦੇ ਗੁਣ ਉਸ ਦੇ ਚਿਹਰੇ ਤੇ ਇਕ ਤੇਜ ਪੈਦਾ ਕਰਦੇ ਸਨ । ਬਾਹਰਲੇ ਯਾਤਰੀ ਮਹਾਰਾਜਾ ਦੀ ਬਦਸੂਰਤੀ ਦੇ ਨਾਲ-ਨਾਲ ਉਸ ਦੇ ਚੇਹਰੇ ਦੇ ਰੋਹਬਦਾਅਬ ਦਾ ਵੀ ਜ਼ਿਕਰ ਕਰਦੇ ਹਨ । ਫ਼ਕੀਰ ਅਜ਼ੀਜ਼ਉਦਦੀਨ ਨੇ ਜੋ ਮਹਾਰਾਜਾ ਦਾ ਸਭ ਤੋਂ ਨਿਕਟਵਰਤੀ ਦਰਬਾਰੀ ਸੀ, ਇਕ ਵਾਰ ਪੁੱਛਣ ਤੇ ਕਿਹਾ ਕਿ "ਮੈਨੂੰ ਪਤਾ ਨਹੀਂ ਕਿ ਮਹਾਰਾਜਾ ਦੀ ਕਿਹੜੀ ਅੱਖ ਖਰਾਬ ਹੈ । ਉਨ੍ਹਾਂ ਦੇ ਚੇਹਰੇ ਦੇ ਤੇਜ਼ ਸਾਹਮਣੇ ਮੈਂ ਉਨ੍ਹਾਂ ਦੇ ਚੇਹਰੇ ਨੂੰ ਲਾਗਿਉਂ ਦੇਖਣ ਦਾ ਕਦੇ ਹੀਆ ਨਹੀਂ ਕਰ ਸਕਿਆ ।" ਮਹਾਰਾਜਾ ਦੀ ਲੰਮੀ ਦਾੜੀ ਧੁਨੀ ਤਕ ਪੁੱਜਦੀ ਸੀ । ਉਸ ਦਾ ਸ਼ਰੀਰ ਪਤਲਾ ਪਰ ਚੁਸਤ ਤੇ ਫੁਰਤੀਲਾ ਸੀ । ਉਹ ਬਹੁਤ ਸਾਦਾ ਪੁਸ਼ਾਕ ਪਹਿਨਦਾ ਸੀ ਪਰ ਆਪਣੇ ਦਰਬਾਰੀਆਂ ਨੂੰ ਬਹੁਤ ਖ਼ੂਬਸੂਰਤ ਅਤੇ ਕੀਮਤੀ ਪੁਸ਼ਾਕ ਪਹਿਨਣ ਦੀ ਹਿਦਾਇਤ ਕਰਦਾ ਸੀ ।

ਮਹਾਰਾਜਾ ਆਪਣੇ ਸੁਭਾ ਅਤੇ ਆਦਤਾਂ ਵਿਚ ਵੀ ਬਹੁਤ ਹੀ ਸਾਦਾ ਸੀ । ਉਹ ਆਪਣੇ ਪ੍ਰਧਾਨ ਮੰਤਰੀ ਤੋਂ ਲੈ ਕੇ ਮਹਲਾਂ ਦੇ ਨਿੱਕੇ ਤੋਂ ਨਿੱਕੇ ਕਰਮਚਾਰੀਆਂ ਨਾਲ ਇਕੋ ਜੇਹੇ ਖੁਲ੍ਹੇ ਢੰਗ ਨਾਲ ਗੱਲ ਬਾਤ ਕਰਦਾ ਸੀ । ਦੂਜਿਆਂ ਨੂੰ ਹਾਸਾ ਮਜ਼ਾਕ ਕਰ ਵੀ ਲੈਂਦਾ ਸੀ ਤੇ ਉਨ੍ਹਾਂ ਵੱਲੋਂ ਹਾਸੇ ਮਖ਼ੌਲ ਦੀਆਂ ਗੱਲਾਂ ਸੁਣ ਵੀ ਲੈਂਦਾ ਸੀ । ਉਹ ਪਰਲੇ ਦਰਜੇ ਦੀ ਤੇਜ਼ ਯਾਦਾਸ਼ਤ ਦਾ ਮਾਲਕ ਸੀ । ਆਪਣੇ ਰਾਜ ਦੇ 13 ਹਜ਼ਾਰ ਪਿੰਡਾਂ ਦੇ ਨਾਂ ਉਸ ਨੂੰ ਜ਼ਬਾਨੀ ਯਾਦ ਸਨ । ਬਹੁਤ ਸਾਰੇ ਪਿੰਡਾਂ ਦੇ ਮੁਖੀਆਂ ਦੇ ਨਾਂ ਉਸ ਨੂੰ ਯਾਦ ਸਨ । ਜੇ ਉਹ ਕਦੇ ਕਿਸੇ ਨੂੰ ਇਕ ਵਾਰ ਵੀ ਮਿਲ ਪਿਆ ਤਾਂ 20 ਸਾਲਾਂ ਬਾਅਦ ਵੀ ਉਸ ਨੂੰ ਪਛਾਣ ਲੈਂਦਾ ਸੀ । ਉਹ ਆਪਣੇ ਦਰਬਾਰੀਆਂ ਤੇ ਮਹਲਾਂ ਦੇ ਕਰਮਚਾਰੀਆਂ ਨੂੰ ਉਨ੍ਹਾਂ ਦੇ ਨਾਵਾਂ ਤੋਂ ਬੁਲਾਉਂਦਾ ਸੀ । ਐਲਗਜ਼ੇਂਡਰ ਬਰਨਜ਼ ਅਨੁਸਾਰ ਰਣਜੀਤ ਸਿੰਘ ਦੇ ਆਚਰਣ ਦੀ ਸਭ ਤੋਂ ਵਧੇਰੇ ਸਲਾਹੁਣਯੋਗ ਵਿਸ਼ੇਸ਼ਤਾ ਉਸ ਦੀ ਦਿਆਲਤਾ ਹੈ । ਹਾਕਮ ਬਣਨ ਦੇ ਸਮੇਂ ਤੋਂ ਉਸ ਨੇ ਕਦੀ ਵੀ ਕਿਸੇ ਅਪਰਾਧੀ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ।[5] ਬੈਰਨ ਹੁਗਲ ਦੇ ਸ਼ਬਦਾਂ ਵਿਚ ਉਸ ਨੇ ਆਪਣੀ ਇੱਛਾ ਅਨੁਸਾਰ ਕਦੇ ਵੀ ਆਪਣੇ ਹੱਥ ਕਿਸੇ ਦੇ ਖ਼ੂਨ ਨਾਲ ਨਹੀਂ ਰੰਗੇ ਅਤੇ ਸ਼ਾਇਦ ਕਦੇ ਕਿਸੇ ਨੇ ਏਡਾ ਵੱਡਾ ਰਾਜ ਨਾ ਬਣਾਇਆ ਹੋਵੇ ਜਿਸ ਵਿਚ ਏਨੀ ਘੱਟ ਨਿਰਦੈਤਾ ਤੋਂ ਕੰਮ ਲਿਆ ਗਿਆ ਹੋਵੇ ।[6] ਗੋਰਡ ਅਨੁਸਾਰ ਮਹਾਰਾਜਾ ਹਾਰੇ ਹੋਏ ਵੈਰੀਆਂ ਨਾਲ ਕਦੇ ਵੀ ਦੁਸ਼ਮਣੀ ਦੀ ਭਾਵਨਾ ਨਾਲ ਪੇਸ਼ ਨਹੀਂ ਸੀ ਆਉਂਦਾ । ਉਸ ਦੇ ਸਮੇਂ ਹੀ ਕਈ ਸ਼ਾਹੀ ਪਰਿਵਾਰ ਦਿੱਲੀ ਅਤੇ ਕਾਬਲ ਦੇ ਬਾਜ਼ਾਰ ਵਿਚ ਰੋਟੀ ਨੂੰ ਤਰਸਦੇ ਮਾਰੇ-ਮਾਰੇ ਫਿਰਦੇ ਸਨ । ਪਰ ਰਣਜੀਤ ਸਿੰਘ ਹੱਥੋ ਹਾਰਿਆਂ ਨੂੰ ਉਸ ਨੇ ਕਦੇ ਭੁਖੇ ਨਹੀਂ ਮਰਨ ਦਿੱਤਾ । ਉਸ ਨੇ ਅਜਿਹੇ ਪਰਿਵਾਰਾਂ ਨੂੰ ਸਦਾ

ਬਹੁਤ ਭਾਰੀ ਜਾਗੀਰਾਂ ਦਿੱਤੀਆਂ। ਲਾਹੌਰੋ ਨਿਕਲੇ ਚੇਤ ਸਿੰਘ ਨੂੰ, ਦਲ ਸਿੰਘ ਅਕਾਲਗੜੀਏ ਦੀ ਵਿਧਵਾ ਨੂੰ, ਅੰਮ੍ਰਿਤਸਰ ਦੇ ਭੰਗੀ ਸਰਦਾਰ ਗੁਲਾਬ ਸਿੰਘ ਦੀ ਵਿਧਵਾ ਮਾਈ ਸੁਖਾਂ ਨੂੰ ਕਸੂਰ ਦੇ ਪਿਛਲੇ ਹਾਕਮ ਕੁਤਬਉਦਦੀਨ ਨੂੰ ਤੇ ਮੁਲਤਾਨ ਤੋਂ ਮੁਜ਼ਫਰ ਖ਼ਾਂ ਦੇ ਫੜੇ ਆਏ ਦੋ ਪੁਤਰਾਂ ਨੂੰ, ਗੁਜ਼ਾਰੇ ਲਈ ਭਾਰੀ ਜਾਗੀਰਾਂ ਦਿੱਤੀਆਂ ਗਈਆਂ ਦਰਜਨਾਂ ਹੋਰ ਅਜਿਹੀਆਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

ਉਹ ਹਾਰੇ ਵੈਰੀਆਂ ਨੂੰ ਸਦਾ ਮੁਸਕਰਾ ਕੇ ਤੇ ਪੂਰੇ ਆਦਰ ਨਾਲ ਮਿਲਦਾ ਸੀ। ਉਨ੍ਹਾਂ ਨੂੰ ਖੁਲ੍ਹੇ ਗੁਜ਼ਾਰੇ ਤੋਂ ਇਲਾਵਾ ਸਰੋਪੇ ਵੀ ਦਿੱਤੇ ਜਾਂਦੇ ਸਨ। ਰਣਜੀਤ ਸਿੰਘ ਮਹਿਮਾਨ ਨਿਵਾਜ਼ੀ ਲਈ ਲਾਜਵਾਬ ਅਤੇ ਲਾਸਾਨੀ ਸੀ। ਸਮਕਾਲੀ ਲੇਖਕ ਸੋਹਨ ਲਾਲ ਸੂਰੀ ਅਨੁਸਾਰ ਦੁਨੀਆ ਦੇ ਕਿਸੇ ਵੀ ਵਿਅਕਤੀ ਦਾ ਨਾਂ ਨਹੀਂ ਲਿਆ ਜਾ ਸਕਦਾ ਜੋ ਪ੍ਰਾਹੁਣਚਾਰੀ ਵਿਚ ਉਸ ਦੇ ਮੁਕਾਬਲੇ ਵਿਚ ਉਸ ਦੇ ਨੇੜੇ ਤੇੜੇ ਵੀ ਪੁੱਜਦਾ ਹੋਵੇ।[7] ਉਹ ਆਪਣੇ ਵਰਤਾਉ ਸਦਕਾ ਆਪਣੇ ਪ੍ਰਤੀ ਆਪਣੇ ਹਾਰੇ ਹੋਏ ਵੈਰੀਆਂ ਦੇ ਮਨ ਵਿਚ ਵੀ ਆਦਰ ਦੀ ਡੂੰਘੀ ਭਾਵਨਾ ਭਰ ਦਿੰਦਾ ਸੀ। ਉਹ ਸ਼ਾਇਦ ਆਪਣੇ ਜ਼ਮਾਨੇ ਦਾ ਸਭ ਤੋਂ ਵੱਡਾ ਦਿਆਲੂ ਪੁਰਸ਼ ਸੀ।

ਮਹਾਰਾਜਾ ਸਮੇਂ ਦਾ ਬੜਾ ਪਾਬੰਦ ਸੀ। ਉਹ ਹਰ ਕੰਮ ਜਿਵੇਂ ਸੌਣਾ, ਜਾਗਣਾ, ਖਾਣਾ, ਪੀਣਾ, ਦਰਬਾਰ ਲਾਉਣਾ ਆਦਿ ਸਭ ਨਿਯਤ ਸਮੇਂ ਉੱਤੇ ਕਰਦਾ ਸੀ। ਸਰ ਹੈਨਰੀ ਫੇਨ ਆਪਣੀ ਪੁਸਤਕ ਵਿਚ ਲਿਖਦਾ ਹੈ ਕਿ ਮਹਾਰਾਜਾ ਰੋਪੜ ਦੇ ਸਥਾਨ ਉੱਤੇ ਈਸਟ ਇੰਡੀਆ ਕੰਪਨੀ ਦੇ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿੰਗ ਦੇ ਨਾਲ ਬੈਠਾ ਫ਼ੌਜ ਦੀ ਕਵਾਇਦ ਦੇਖ ਰਿਹਾ ਸੀ ਕਿ ਉਸ ਦੇ ਸਵੇਰ ਦੇ ਖਾਣੇ ਦਾ ਸਮਾਂ ਹੋ ਗਿਆ। ਉਹ ਸਭ ਨੂੰ ਛੱਡ ਕੇ ਉਠਿਆ, ਨਾਸ਼ਤਾ ਕਰ ਕੇ ਗਵਰਨਰ ਜਰਨਲ ਦੇ ਪਾਸ ਮੁੜ ਜਾ ਬੈਠਾ। ਰਣਜੀਤ ਸਿੰਘ ਹਰ ਰੋਜ਼ ਸਵੇਰੇ ਘੋੜੇ ਜਾਂ ਪਾਲਕੀ ਵਿਚ ਬੈਠ ਕੇ ਸੈਰ ਲਈ ਜਾਣ ਦਾ ਬਹੁਤ ਸ਼ੌਕੀਨ ਸੀ। ਹਨੇਰੀ ਹੋਵੇ ਭਾਵੇਂ ਬਾਰਸ਼, ਗਰਮੀ ਹੋਵੇ ਜਾਂ ਸਰਦੀ, ਉਹ ਬਿਨਾ-ਨਾਗਾ ਸੈਰ ਨੂੰ ਜਾਂਦਾ ਸੀ। ਵਾਪਸ ਆ ਕੇ ਨਾਸ਼ਤਾ ਕਰ ਕੇ ਦਰਬਾਰ ਲਾਉਂਦਾ ਸੀ। ਦੁਪਹਿਰ ਦਾ ਖਾਣਾ ਖਾ ਕੇ ਕੁਝ ਆਰਾਮ ਕਰਦਾ ਤੇ ਫਿਰ ਉਠ ਕੇ ਡੇਢ ਘੰਟੇ ਤਕ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਦਾ। ਸ਼ਾਮ ਨੂੰ ਫਿਰ ਦਰਬਾਰ ਲਾਉਂਦਾ ਅਤੇ ਸ਼ਾਮ ਨੂੰ ਫਿਰ ਸੈਰ ਉੱਤੇ ਜਾਂਦਾ ਅਤੇ ਆਉਂਦਾ ਜਾਂਦਾ ਰਸਤੇ ਵਿਚ ਲੋਕਾਂ ਨੂੰ ਮਿਲਦਾ ਤੇ ਉਨ੍ਹਾਂ ਦੀਆਂ ਫ਼ਰਿਆਦਾਂ ਸੁਣਦਾ।

ਮਹਾਰਾਜਾ ਰਾਜੇ ਦੇ ਵੱਡੇ ਤੋਂ ਵੱਡੇ ਕੰਮ ਤੋਂ ਲੈ ਕੇ ਘੋੜਿਆਂ ਦੀਆਂ ਖੁਰੀਆਂ ਲੁਆਉਣ ਤਕ ਦੇ ਕੰਮ ਬਾਰੇ ਆਪ ਹੁਕਮ ਦਿੰਦਾ ਤੇ ਬਹੁਤ ਸਾਰੇ ਕੰਮ ਆਪਣੀ ਨਿਗਰਾਨੀ ਵਿਚ ਕਰਵਾਉਂਦਾ। ਸਰਕਾਰੀ ਅਫ਼ਸਰਾਂ ਦੇ ਨਾ ਖ਼ੁਦ ਚਿੱਠੀਆਂ ਲਿਖਵਾਂਦਾ ਅਤੇ ਬਾਹਰੋਂ ਆਉਣ ਵਾਲੀਆਂ ਸਭ ਰਿਪੋਰਟਾਂ ਸੁਣਦਾ। ਆਪਣੇ ਲਿਖਵਾਏ ਸਭ ਪਰਵਾਨਿਆਂ ਨੂੰ ਮੁੜ ਸੁਣਦਾ ਤਾਂ ਜੋ ਜਾਣ ਸਕੇ ਕਿ ਉਸ ਚਿੱਠੀ ਵਿਚ ਉਸ ਦਾ ਭਾਵ ਪੂਰੀ ਤਰ੍ਹਾਂ ਅੰਕਿਤ ਕੀਤਾ ਗਿਆ ਹੈ ਜਾਂ ਨਹੀਂ। ਮਹਾਰਾਜਾ ਹਰ ਵਕਤ ਇਕ ਮੁਨਸ਼ੀ ਆਪਣੇ ਸਰ੍ਹਾਣੇ ਖੜਾ ਰਖਦਾ। ਰਾਤ ਸੌਣ ਵੇਲੇ ਵੀ ਆਪਣੇ ਕਮਰੇ ਦੇ ਨਾਲ ਲੱਗਦੇ ਕਮਰੇ ਵਿਚ ਉਹ ਮੁਨਸ਼ੀ ਨੂੰ ਹਾਜ਼ਰ ਰਖਦਾ। ਜਿਸ ਵੇਲੇ ਵੀ ਕੋਈ ਗੱਲ ਯਾਦ ਆਉਂਦੀ ਜਾਂ ਕੋਈ ਸਕੀਮ ਦਿਮਾਗ ਵਿਚ ਆਉਂਦੀ ਤਾਂ ਤੁਰਤ ਮੁਨਸ਼ੀ ਨੂੰ ਲਿਖਵਾ ਦਿੰਦਾ। ਮਹਾਰਾਜਾ ਕਦੇ ਵੀ ਅੱਜ ਹੋ ਸਕਣ ਵਾਲੇ ਕੰਮ ਨੂੰ ਕੱਲ ਉੱਤੇ ਨਾ ਛੱਡਦਾ। ਉਸ ਦੀ ਕਾਮਯਾਬੀ ਦਾ ਇਹ ਇਕ ਬੜਾ ਵੱਡਾ ਰਾਜ਼ ਸੀ। ਮਹਾਰਾਜਾ ਹਰ ਵਕਤ ਸਵਾਰੀ ਲਈ ਤਿਆਰ ਘੋੜਾ ਆਪਣੇ ਲਾਗੇ ਰਖਦਾ ਸੀ। ਲੋੜ ਪੈਣ ਉੱਤੇ ਤੁਰਤ ਘੋੜੇ ਉੱਤੇ ਸਵਾਰ ਹੋ ਕੇ ਲੋੜੀਂਦੀ ਥਾਂ ਤੇ ਪੁੱਜ ਜਾਂਦਾ। ਉਸ ਵੱਲੋਂ ਹੁਕਮ ਸੀ ਕਿ ਖੁਸ਼ੀ ਦੀ ਖ਼ਬਰ ਉਸ ਤਕ ਪਹੁੰਚਾਉਣ ਵਿਚ ਦੇਰੀ ਕੀਤੀ ਜਾ ਸਕਦੀ ਸੀ ਪਰ ਰਾਜ ਬਾਰੇ ਕੋਈ ਬੁਰੀ ਖ਼ਬਰ, ਮੁਹਿੰਮ ਬਾਰੇ ਕੋਈ ਭੈੜੀ ਖ਼ਬਰ ਉਸ ਤਕ ਤੁਰਤ ਪੁਚਾਣੀ ਹੁੰਦੀ ਸੀ ਭਾਵੇਂ ਖਾਣਾ ਖਾ ਰਿਹਾ ਹੋਵੇ ਤੇ ਭਾਵੇਂ ਗੁਸਲਖਾਨੇ ਵਿਚ ਹੋਵੇ। ਸ਼ਾਇਦ ਰਣਜੀਤ ਸਿੰਘ ਆਪਣੇ ਰਾਜ ਦਾ ਸਭ ਤੋਂ ਵੱਧ ਮਸਰੂਫ਼ ਆਦਮੀ ਸੀ। ਅਜਿਹੀ ਸਖ਼ਤ ਜ਼ਿੰਦਗੀ ਨੇ ਪੰਜਾਹ ਸਾਲਾਂ ਦੀ ਉਮਰ ਵਿਚ ਉਸ ਦੀ ਸੇਹਤ ਖ਼ਰਾਬ ਕਰ ਦਿੱਤੀ ਸੀ।

ਰਣਜੀਤ ਸਿੰਘ ਨੂੰ ਸ਼ੁਰੂ ਵਿਚ ਵਿਦਿਆ ਪ੍ਰਾਪਤ ਕਰਨ ਦਾ ਕੋਈ ਖ਼ਾਸ ਮੌਕਾ ਵੀ ਨਹੀਂ ਮਿਲ ਸਕਿਆ ਤੇ ਉਸ ਨੂੰ ਵਿਦਿਆ ਦਾ ਸ਼ੌਕ ਵੀ ਨਹੀਂ ਸੀ। ਅਨਪੜ੍ਹ ਹੋਣ ਦੇ ਬਾਵਜੂਦ ਰਣਜੀਤ ਸਿੰਘ ਨੂੰ ਬਹੁਤ ਸਾਰੀਆਂ ਚੀਜ਼ਾਂ

ਬਾਰੇ ਕਾਫੀ ਵਾਕਫੀਅਤ ਸੀ। ਉਹ ਇਕ ਬੇਦਾਰ ਮਗਜ਼ (ਜਾਗਰੂਕ) ਅਤੇ ਸੂਝਵਾਨ ਵਿਅਕਤੀ ਸੀ। ਬਾਹਰਲੇ ਮੁਲਕਾਂ ਤੋਂ ਆਉਣ ਵਾਲੇ ਯਾਤਰੀਆਂ ਦੀ ਇਹ ਲਗਭਗ ਮੁਤਫਿਕਾ ਰਾਏ ਸੀ ਕਿ ਰਣਜੀਤ ਸਿੰਘ ਆਪਣੇ ਜ਼ਮਾਨੇ ਵਿਚ ਏਸ਼ੀਆ ਦੇ ਹਾਕਮਾਂ ਵਿਚੋਂ ਸਭ ਤੋਂ ਵੱਧ ਸਿਆਣਾ ਅਤੇ ਸ਼ਕਤੀਸ਼ਾਲੀ ਹੁਕਮਰਾਨ ਸੀ।

ਮਹਾਰਾਜਾ ਭਾਵੇਂ ਆਪ ਪੜ੍ਹਿਆ ਲਿਖਿਆ ਨਹੀਂ ਸੀ ਪਰ ਵਿਦਵਾਨਾਂ ਨੂੰ ਮਿਲ ਕੇ ਬੜਾ ਖੁਸ਼ ਹੁੰਦਾ ਸੀ ਅਤੇ ਇਨ੍ਹਾਂ ਦੀ ਬੜੀ ਇਜ਼ਤ ਕਰਦਾ ਸੀ। ਇਹ ਠੀਕ ਹੈ ਕਿ ਉਹ ਮੁਲਕ ਵਿਚ ਵਿਦਿਆ ਲਈ ਕੋਈ ਵਿਸ਼ੇਸ਼ ਪ੍ਰਬੰਧ ਨਹੀਂ ਕਰ ਸਕਿਆ, ਫਿਰ ਵੀ ਉਸ ਨੇ ਵਿਦਿਆ ਲਈ ਲੋਕਾਂ ਨੂੰ ਉਤਸ਼ਾਹ ਦਿੱਤਾ। ਉਸ ਵੇਲੇ ਇਸਾਈ ਮਿਸ਼ਨਰੀਆਂ ਨੇ ਲੁਧਿਆਣੇ ਵਿਚ ਇਕ ਅੰਗਰੇਜ਼ੀ ਸਕੂਲ ਖੋਲ੍ਹਿਆ ਹੋਇਆ ਸੀ। ਮਹਾਰਾਜੇ ਨੇ ਕੁਝ ਨੌਜਵਾਨ ਵਿਦਿਆਰਥੀਆਂ ਨੂੰ ਸਰਕਾਰੀ ਖ਼ਰਚ ਉੱਤੇ ਅੰਗਰੇਜ਼ੀ ਵਿਦਿਆ ਪ੍ਰਾਪਤ ਕਰਨ ਲਈ ਲੁਧਿਆਣੇ ਭੇਜਿਆ। ਉਸ ਨੇ ਆਪਣੇ ਪੁੱਤਰ ਸ਼ੇਰ ਸਿੰਘ ਨੂੰ ਅੰਗਰੇਜ਼ੀ ਪੜ੍ਹਾਉਣ ਦਾ ਪ੍ਰਬੰਧ ਕੀਤਾ। ਰਣਜੀਤ ਸਿੰਘ ਨੇ ਕਈ ਦਰਬਾਰੀਆਂ ਨੂੰ ਵੀ ਤਿਆਰ ਕੀਤਾ ਕਿ ਉਹ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਪੜ੍ਹਾਉਣ ਦਾ ਪ੍ਰਬੰਧ ਕਰਨ। ਸਰਕਾਰੀ ਖ਼ਰਚ ਉੱਤੇ ਸਕੂਲ ਖੋਲ੍ਹਣ ਦੀ ਤਜਵੀਜ਼ ਕੀਤੀ ਗਈ ਅਤੇ ਉਸ ਲਈ ਲੁਧਿਆਣਾ ਮਿਸ਼ਨ ਸਕੂਲ ਦੇ ਮਾਸਟਰ ਲਾਰੀ ਨੂੰ ਸਦਿਆ ਗਿਆ। ਪਰ ਲਾਰੀ ਸਕੂਲ ਵਿਚ ਲਾਜ਼ਮੀ ਤੌਰ ਉੱਤੇ ਬਾਈਬਲ ਪੜ੍ਹਾਉਣ ਲਈ ਜ਼ਿਦ ਕਰ ਰਿਹਾ ਸੀ ਜਿਸ ਲਈ ਸਕੂਲ ਖੋਲ੍ਹਣ ਦੀ ਸਕੀਮ ਸਿਰੇ ਨਾ ਚੜ੍ਹ ਸਕੀ। ਮਹਾਰਾਜਾ ਦੇ ਰਾਜ ਵਿਚ ਫ਼ਾਰਸੀ, ਅਰਬੀ, ਹਿੰਦੀ ਤੇ ਪੰਜਾਬੀ ਪੜ੍ਹਾਉਣ ਵਾਲੇ ਸਕੂਲਾਂ ਨੂੰ ਸਰਕਾਰ ਵੱਲੋਂ ਵਜ਼ੀਫੇ ਅਤੇ ਜਾਗੀਰਾਂ ਮਿਲਦੀਆਂ ਸਨ।

ਮਹਾਰਾਜਾ ਦੀ ਧਾਰਮਿਕ ਨੀਤੀ : ਮਹਾਰਾਜਾ ਰਣਜੀਤ ਸਿੰਘ ਦੇ ਮਨ ਵਿਚ ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਲਈ ਅਪਾਰ ਸ਼ਰਧਾ ਸੀ। ਉਹ ਹਰ ਰੋਜ਼ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਦਾ ਸੀ ਅਤੇ ਹਰਿਮੰਦਿਰ ਸਾਹਿਬ ਦੀ ਅਕਸਰ ਯਾਤਰਾ ਕਰਦਾ ਰਹਿੰਦਾ ਸੀ। ਉਹ ਧਾਰਮਿਕ ਸੰਸਥਾਵਾਂ ਉੱਤੇ ਵੀ ਕਾਫੀ ਧਨ ਖ਼ਰਚਦਾ ਸੀ। ਸ਼ਰਧਾਲੂ ਸਿੱਖ ਹੋਣ ਕਰਕੇ ਉਸ ਨੇ ਆਪਣੀ ਸਰਕਾਰੀ ਮੋਹਰ ਉੱਤੇ 'ਅਕਾਲ ਸਹਾਇ' ਉਕਰਾਇਆ ਹੋਇਆ ਸੀ। ਉਸ ਦੇ ਸਿੱਕਿਆਂ ਉੱਤੇ ਗੁਰੂ ਨਾਨਕ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਸਨ। ਉਸ ਨੇ ਪੰਜਾਬ ਦੇ ਪ੍ਰਸਿੱਧ ਗੁਰਦਵਾਰਿਆਂ ਦੇ ਨਾਂ ਜਾਇਦਾਦਾਂ ਲਗਵਾ ਰਖੀਆਂ ਸਨ ਜਿਸ ਨਾਲ ਉਹਨਾਂ ਗੁਰਦਵਾਰਿਆਂ ਦੀ ਦੇਖ ਭਾਲ ਹੋ ਸਕਦੀ ਸੀ ਤੇ ਲੰਗਰ ਚਲਦੇ ਰਖੇ ਜਾਂਦੇ ਸਨ। ਮਹਾਰਾਜਾ ਜਦੋਂ ਲਾਹੌਰ ਤੋਂ ਬਾਹਰ ਦੌਰੇ ਉੱਤੇ ਜਾਂਦਾ ਸੀ, ਤਾਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਤੇ ਗ੍ਰੰਥੀ ਨਾਲ ਹੁੰਦੇ ਸਨ। ਹਰ ਰੈਜਮੈਂਟ ਪਾਸ ਵੀ ਆਪਣੀ ਬੀੜ ਹੁੰਦੀ ਸੀ। ਮੰਤਰੀ ਵੀ ਬਾਹਰ ਦੌਰੇ ਉੱਤੇ ਜਾਂਦੇ ਸਮੇਂ ਆਪਣੇ ਨਾਲ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਜਾਂਦੇ ਸਨ।[8]

ਮਹਾਰਾਜਾ ਸਦਾ ਸੰਗਤ ਦੇ ਫ਼ੈਸਲੇ ਦੀ ਪਾਲਣਾ ਕਰਦਾ ਸੀ। ਜਿਵੇਂ ਰਵਾਇਤ ਮਸ਼ਹੂਰ ਹੈ ਕਿ ਮੋਰਾਂ ਨਾਲ ਹਾਥੀ ਉੱਤੇ ਬੈਠਾ ਕੇ ਲਾਹੌਰ ਦੇ ਬਾਜ਼ਾਰ ਵਿਚੋਂ ਜਾਣ ਤੇ ਸਿੱਖਾਂ ਨੇ ਇਤਰਾਜ਼ ਕੀਤਾ। ਅਕਾਲ ਤਖਤ (ਅੰਮ੍ਰਿਤਸਰ) ਤੇ ਸਿੱਖ ਸੰਗਤ ਦੇ ਸਾਹਮਣੇ ਪੇਸ਼ ਹੋਣ ਲਈ ਮਹਾਰਾਜੇ ਨੂੰ ਬੁਲਾਇਆ ਗਿਆ। ਉਸ ਨੇ ਆਪਣਾ ਕਸੂਰ ਮੰਨਿਆ ਤੇ ਉਸ ਨੂੰ ਕੋੜੇ ਮਾਰਨ ਦੀ ਸਜ਼ਾ ਦਾ ਏਲਾਨ ਕੀਤਾ ਗਿਆ। ਉਸ ਨੇ ਸਜ਼ਾ ਪ੍ਰਵਾਨ ਕਰ ਲਈ ਪਰ ਸੰਗਤ ਦਾ ਹੁਕਮ ਮੰਨ ਲੈਣ ਦੇ ਸਨਮੁਖ ਕੋੜੇ ਮਾਰਨ ਦੀ ਸਜ਼ਾ ਤੋਂ ਉਸ ਨੂੰ ਮੁਆਫ਼ ਕਰ ਦਿੱਤਾ ਗਿਆ।

ਜਦੋਂ ਰਣਜੀਤ ਸਿੰਘ ਤਖ਼ਤ ਉੱਤੇ ਬੈਠਾ ਤਾਂ ਉਸ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇਸ ਗੱਲ ਦਾ ਇਹਸਾਸ ਕਰਾਇਆ ਕਿ ਕੇਵਲ ਸਿੱਖ ਹੀ ਉਸ ਦੀ ਪਰਜਾ ਨਹੀਂ ਹਨ, ਹਿੰਦੂ ਅਤੇ ਮੁਸਲਮਾਨ ਵੀ ਉਤਨੇ ਹੀ ਸਨਮਾਨਿਤ ਨਾਗਰਿਕ ਹਨ ਅਤੇ ਉਨ੍ਹਾਂ ਵੱਲੋਂ ਮਿਲਣ ਵਾਲੀ ਸਲਾਹ ਜਾਂ ਮਸ਼ਵਰਾ ਵੀ ਰਾਜ ਲਈ ਉਨ੍ਹਾਂ ਹੀ ਲਾਹੇਵੰਦ ਹੈ, ਜਿਨਾਂ ਸਿੱਖਾਂ ਲਈ। ਇਸ ਲਈ ਉਹ ਬਿਨਾ ਕਿਸੇ ਮਜ਼ਬੂਰੀ ਵਿਤਕਰੇ ਦੇ ਰਾਜ ਚਲਾਉਣ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੀ ਵੀ ਸਲਾਹ ਲੈਂਦਾ ਸੀ। ਜੇ ਉਹ ਅਜਿਹਾ ਨਾ ਕਰਦਾ ਅਤੇ ਨਿਰੋਲ ਆਪਣੇ ਧਾਰਮਿਕ ਅਸੂਲਾਂ ਅਨੁਸਾਰ ਰਾਜ ਕਰਦਾ ਅਤੇ ਰਾਜ ਲਈ ਅਕਾਲ ਤਖ਼ਤ ਤੋਂ ਹੀ ਸਲਾਹ ਲੈਂਦਾ ਤਾਂ ਹਿੰਦੂਆਂ ਅਤੇ ਮੁਸਲਮਾਨਾਂ ਦੀ ਵਫ਼ਾਦਾਰੀ ਵਿਚ ਕਮੀ ਹੋ ਜਾਣੀ ਸੀ।[9] ਮਹਾਰਾਜੇ ਨੇ ਆਪਣੀ ਖੁਲ੍ਹ-ਦਿਲੀ ਅਤੇ ਆਪਣੇ

ਸਹਿਣਸ਼ੀਲ ਵਰਤਾਉ ਕਰਕੇ ਆਪਣੇ ਸਾਹਮਣੇ ਅਸੰਪ੍ਰਦਾਇਕ ਨਿਸ਼ਾਨਾ ਰਖਿਆ ਅਤੇ ਆਪਣਾ ਰਾਜ ਚਲਾਉਣ ਲਈ ਸਭ ਕੌਮਾਂ, ਵਿਸ਼ੇਸ਼ ਕਰਕੇ ਹਿੰਦੂਆਂ ਅਤੇ ਮੁਸਲਮਾਨਾਂ ਦਾ ਮਿਲਵਰਤਨ ਪ੍ਰਾਪਤ ਕੀਤਾ । ਉਸ ਨੇ ਆਪਣੀ ਪਰਜਾ ਨੂੰ ਇਹ ਅਨੁਭਵ ਕਰਵਾਇਆ ਕਿ ਉਸ ਦਾ ਰਾਜ ਲੋਕਾਂ ਦਾ ਆਪਣਾ ਰਾਜ ਹੈ । ਉਸ ਦੇ ਰਾਜ ਦੀ ਨੀਤੀ ਦੂਜਿਆਂ ਦੀ ਕੀਮਤ ਉੱਤੇ ਕਿਸੇ ਇਕ ਕੌਮ ਜਾਂ ਧਰਮ ਨੂੰ ਉੱਚਾ ਚੁੱਕਣ ਦੀ ਨਹੀਂ, ਸਗੋਂ ਸਭ ਦੀ ਭਲਾਈ ਬਾਰੇ ਸੋਚਣ ਅਤੇ ਸਭ ਨੂੰ ਰਾਜ ਵਿਚ ਇਕੋ ਜੇਹਾ ਸਥਾਨ ਦੇਣ ਦੀ ਸੀ ।

ਰਣਜੀਤ ਸਿੰਘ ਨੇ ਆਪਣੇ ਰਾਜਸੀ ਜੀਵਨ ਦੇ ਆਰੰਭ ਵਿਚ ਹੀ ਇਹ ਮਹਿਸੂਸ ਕਰ ਲਿਆ ਸੀ ਕਿ ਜਿਵੇਂ ਉਸ ਨੂੰ ਜੁਦੇ-ਜੁਦੇ ਧਰਮਾਂ ਦੇ ਲੋਕਾਂ ਨੇ ਰਾਜ ਦੀ ਜ਼ੁੰਮੇਵਾਰੀ ਸੰਭਾਲਣ ਲਈ ਬੇਨਤੀ ਕੀਤੀ ਸੀ, ਉਵੇਂ ਹੀ ਇਹ ਉਸ ਦਾ ਫ਼ਰਜ਼ ਬਣਦਾ ਸੀ ਕਿ ਉਹ ਆਪਣਾ ਰਾਜ ਚਲਾਉਣ ਲਈ ਸਭ ਕੌਮਾਂ ਦਾ ਸਹਿਯੋਗ ਪ੍ਰਾਪਤ ਕਰੇ । ਭਾਵੇਂ ਰਣਜੀਤ ਸਿੰਘ ਆਪਣੇ ਧਾਰਮਿਕ ਖਿਆਲਾਂ ਵਜੋਂ ਸਿੱਖ ਮਤ ਦਾ ਪੂਰਨ ਸਮਰਥਕ ਸੀ ਅਤੇ ਆਪਣੇ ਰਾਜ ਨੂੰ 'ਸਰਕਾਰੇ-ਖ਼ਾਲਸਾ' ਕਹਿੰਦਾ ਸੀ ਪਰ ਉਸ ਨੇ ਅਸਲ ਵਿਚ ਸਿੱਖਾਂ ਨੂੰ ਕੋਈ ਵਿਸ਼ੇਸ਼ ਅਧਿਕਾਰੀ ਨਹੀਂ ਬਣਾਇਆ ਅਤੇ ਨਾ ਹੀ ਗ਼ੈਰ-ਸਿੱਖਾਂ ਨੂੰ ਕਿਸੇ ਅਧਿਕਾਰ ਤੋਂ ਵੰਚਿਤ ਰਖਿਆ । ਪਰਜਾ ਵੱਲ ਉਸ ਦਾ ਰਵਈਆ ਇਕ ਪਿਤਾ ਵਾਲਾ ਸੀ ਤੇ ਸਭ ਨਾਲ ਉਸ ਨੇ ਖੁਲ੍ਹ-ਦਿਲੀ ਅਤੇ ਮਿਹਰਬਾਨੀ ਵਾਲਾ ਵਰਤਾਉ ਕੀਤਾ । ਇਸ ਤੋਂ ਆਸੀਂ ਇਹ ਭਾਵ ਨਹੀਂ ਕੱਢ ਸਕਦੇ ਕਿ ਰਣਜੀਤ ਸਿੰਘ ਦਾ ਰਾਜ ਇਕ ਧਰਮ-ਨਿਰਪੇਕਸ਼ ਰਾਜ ਸੀ । ਨਿਸ਼ਚੇ ਹੀ ਰਣਜੀਤ ਸਿੰਘ ਇਕ ਸਿੱਖ ਮਹਾਰਾਜਾ ਸੀ ਅਤੇ ਉਹ ਆਪਣੇ ਰਾਜ ਨੂੰ ਇਕ ਸਿੱਖ ਰਾਜ ਸਮਝਦਾ ਸੀ । ਉਸ ਨੇ ਆਪਣੇ ਸਿਵਲ ਅਤੇ ਸੈਨਿਕ ਰਾਜ ਪ੍ਰਬੰਧ ਵਿਚ ਸਭ ਉੱਚੇ-ਉੱਚੇ ਅਹੁਦੇ ਸਭ ਧਰਮਾਂ ਦੇ ਅਨੁਯਾਈਆਂ ਲਈ ਖੁਲ੍ਹੇ ਰਖੇ । ਉਸ ਦੀਆਂ ਨੌਕਰੀਆਂ ਵਿਚ ਸਿੱਖ, ਹਿੰਦੂ, ਮੁਸਲਮਾਨ ਅਤੇ ਇਸਾਈ ਸਭ ਲੱਗੇ ਹੋਏ ਸਨ । ਅਹੁਦਿਆਂ ਤੇ ਨਿਯੁਕਤ ਕਰਨ ਲਈ ਉਸ ਦੀ ਮੁੱਖ ਕਸਵਟੀ ਨਿੱਜੀ ਗੁਣ, ਯੋਗਤਾ ਅਤੇ ਵਫਾਦਾਰੀ ਸੀ । ਜਾਤ-ਪਾਤ, ਧਰਮ ਅਤੇ ਕੌਮ, ਨਿਯੁਕਤੀ ਸਮੇਂ ਉਸ ਦੀ ਨਜ਼ਰ ਵਿਚ ਕੋਈ ਮਹੱਤਾ ਨਹੀਂ ਸਨ ਰਖਦੇ । ਕੁਝ ਲੋਕ ਸਮਝਦੇ ਸਨ ਕਿ ਮਹਾਰਾਜਾ ਪੰਜਾਬੀ ਕੌਮੀਅਤ ਦਾ ਸਮਰਥਕ ਸੀ ਅਤੇ ਉਸ ਨੇ ਉੱਚੇ-ਉੱਚੇ ਅਹੁਦੇ ਪੰਜਾਬੀਆਂ ਨੂੰ ਦਿੱਤੇ । ਰਣਜੀਤ ਸਿੰਘ ਦੇ ਸਮੇਂ ਵਿਚ ਕੌਮੀਅਤ ਜਾਂ ਵਿਸ਼ੇਸ਼ ਕਰਕੇ ਇਲਾਕਾਈ ਕੌਮੀਅਤ ਦਾ ਵਿਚਾਰ ਲੋਕਾਂ ਵਿਚ ਪ੍ਰਚਲਿਤ ਨਹੀਂ ਸੀ । ਰਣਜੀਤ ਸਿੰਘ ਦੇ ਰਾਜ ਵਿਚ ਅਫਿਰਕੂ ਵਿਚਾਰ ਦੀ ਭਾਵਨਾ ਸਪਸ਼ਟ ਰੂਪ ਵਿਚ ਬੜੀ ਪ੍ਰਬਲ ਸੀ । ਜੰਮੂ ਦੇ ਡੋਗਰੇ ਭਰਾ ਧਿਆਨ ਸਿੰਘ, ਗੁਲਾਬ ਸਿੰਘ ਅਤੇ ਸੁਚੇਤ ਸਿੰਘ ਲਾਹੌਰ ਦਰਬਾਰ ਵਿਚ ਬੜੀਆਂ ਸ਼ਨਮਾਨਿਤ ਥਾਵਾਂ ਉਪਰ ਸਨ ।ਤਿੰਨ ਫ਼ਕੀਰ ਭਰਾ ਅਜ਼ੀਜ਼ੁਦੀਨ, ਇਮਾਮੁਦਦੀਨ ਅਤੇ ਨੂਰੁਦਦੀਨ ਵਜ਼ੀਰਾਂ ਅਤੇ ਗਵਰਨਰਾਂ ਦੇ ਅਹੁਦਿਆਂ ਉੱਤੇ ਨਿਯੁਕਤ ਸਨ । ਦੀਵਾਨ ਭਿਵਾਨੀ ਦਾਸ, ਗੰਗਾ ਰਾਮ ਅਤੇ ਦੀਨਾ ਨਾਥ ਮਹਿਕਮਾ ਮਾਲ ਦੇ ਇੰਚਾਰਜ ਸਨ । ਇਸੇ ਤਰ੍ਹਾਂ ਦੀਵਾਨ ਮੋਹਕਮ ਚੰਦ, ਮਿਸਰ ਦੀਵਾਨ ਚੰਦ ਸੈਨਾ ਦੇ ਬਹੁਤ ਉੱਚੇ ਅਧਿਕਾਰੀ ਸਨ । ਰਣਜੀਤ ਸਿੰਘ ਨੇ ਬਹੁਤ ਸਾਰੇ ਵਿਦੇਸ਼ੀਆਂ ਨੂੰ ਆਪਣੀ ਰਾਜ-ਸੇਵਾ ਵਿਚ ਲਿਆ ਹੋਇਆ ਸੀ, ਜਿਵੇਂ ਹਾਰਬਾਨ ਜੋ ਇਕ ਅਮਰੀਕਨ ਸੀ, ਗੁਜਰਾਤ ਦਾ ਗਵਰਨਰ ਸੀ; ਇਕ ਇਟਾਲੀਅਨ ਅਵੀਤਬਲ ਵਜ਼ੀਰਾਬਾਦ ਦਾ ਗਵਰਨਰ ਸੀ ਅਤੇ ਵੈਨਤੂਰਾ, ਐਲਰਡ ਅਤੇ ਕੋਰਟ ਫ਼ਰਾਂਸ ਦੇ ਜਰਨੈਲ ਸਨ ਜੋ ਰਣਜੀਤ ਸਿੰਘ ਨੇ ਆਪਣੀ ਫ਼ੌਜ ਵਿਚ ਉੱਚੇ ਅਹੁਦਿਆਂ ਤੇ ਨਿਯੁਕਤ ਕੀਤੇ ਹੋਏ ਸਨ । ਇਸੇ ਤਰ੍ਹਾਂ ਕਈ ਸਾਰੇ ਹੋਰ ਲੋਕ ਯੂਨਾਨ, ਰੂਸ, ਜਰਮਨੀ, ਆਸਟਰੀਆ, ਇੰਗਲੈਂਡ, ਸਪੇਨ ਆਦਿ ਮੁਲਕਾਂ ਦੇ ਨਾਗਰਿਕ ਵੀ ਉਸ ਦੀ ਨੌਕਰੀ ਵਿਚ ਸਨ ।

ਫ਼ਕੀਰ ਵਹੀਉਦਦੀਨ ਜੋ ਰਣਜੀਤ ਸਿੰਘ ਦੇ ਸਮੇਂ ਦੇ ਪ੍ਰਸਿੱਧ ਫ਼ਕੀਰ ਪਰਿਵਾਰ ਦਾ ਉੱਤਰਾਧਿਕਾਰੀ ਹੈ, ਆਪਣੇ ਖ਼ਾਨਦਾਨੀ ਰਿਕਾਰਡ ਦੇ ਆਧਾਰ ਉੱਤੇ ਲਿਖਦਾ ਹੈ ਕਿ ਮਹਾਰਾਜਾ ਦੀ ਵਜ਼ੀਰ-ਮੰਡਲੀ ਵਿਚ ਦੋ ਮੁਸਲਮਾਨ ਮੰਤਰੀ ਸਨ, ਇਕ ਗਵਰਨਰ ਅਤੇ ਬਹੁਤ ਸਾਰੇ ਜ਼ਿਲ੍ਹਾ ਅਫ਼ਸਰ ਸਨ । ਮਹਾਰਾਜਾ ਦੀ ਫ਼ੌਜ ਵਿਚ 41 ਉੱਚ-ਅਧਿਕਾਰੀ ਮੁਸਲਮਾਨ ਅਫ਼ਸਰ ਸਨ ਜਿਨ੍ਹਾਂ ਵਿਚ ਦੋ ਜਰਨੈਲ, ਬਹੁਤ ਸਾਰੇ ਕਰਨੈਲ ਅਤੇ ਬਾਕੀ ਬਹੁਤ ਸਾਰੀਆਂ ਜ਼ੁੰਮੇਵਾਰ ਪਦਵੀਆਂ ਉਪਰ ਲੱਗੇ ਹੋਏ ਸਨ । 92 ਮੁਸਲਮਾਨ ਪੁਲੀਸ, ਨਿਆਂ ਵਿਭਾਗ ਅਤੇ

ਹੋਰ ਜੁਦੇ-ਜੁਦੇ ਮਹਿਕਮਿਆਂ ਵਿਚ ਨਿਯੁਕਤ ਸਨ। ਇਸ ਤਰ੍ਹਾਂ ਮਹਾਰਾਜਾ ਜੋ ਇਕ ਸਿੱਖ ਸੀ, ਸਭ ਕੌਮਾਂ ਦੇ ਮਿਲੇ ਜੁਲੇ ਆਦਮੀਆਂ ਦੀ ਸਹਾਇਤਾ ਨਾਲ ਆਪਣੀ ਸਰਕਾਰ ਚਲਾਉਂਦਾ ਸੀ।[10]

ਵਿਕਟਰ ਜੈਕਮੋਂ, ਜੋ ਇਕ ਫ਼ਰਾਂਸੀਸੀ ਯਾਤਰੀ ਸੀ; ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖਾਂ ਵਿਚ ਤੁਅਸਬ ਦੀ ਭਾਵਨਾ ਦਾ ਪੂਰਨ ਅਭਾਵ ਸੀ ਅਤੇ ਰਣਜੀਤ ਸਿੰਘ ਦੇ ਮਨ ਵਿਚ ਜਾਤੀ ਸਹਿਨਸ਼ੀਲਤਾ ਇਸ ਹੱਦ ਤਕ ਸੀ ਕਿ ਉਸ ਦੀ ਨਜ਼ਰ ਵਿਚ ਪਰਜਾ ਦੇ ਸਭ ਲੋਕ ਬਰਾਬਰ ਸਨ।[11]

ਰਣਜੀਤ ਸਿੰਘ ਦੀ ਇਸੇ ਨੀਤੀ ਸਦਕਾ ਜਦੋਂ ਉਸ ਦੀ ਮ੍ਰਿਤੂ ਤੋਂ ਬਾਅਦ ਲਾਹੌਰ ਦਰਬਾਰ ਨੂੰ ਅੰਗਰੇਜ਼ਾਂ ਦੀਆਂ ਅਤੇ ਲਾਹੌਰ ਦਰਬਾਰ ਦੇ ਕੁਝ ਸਰਦਾਰਾਂ ਦੀਆਂ ਸਾਜ਼ਸਾਂ ਦਾ ਸਾਹਮਣਾ ਕਰਨਾ ਪਿਆ ਅਤੇ ਅੰਗਰੇਜ਼ਾਂ ਦੀਆਂ ਫ਼ੌਜਾਂ ਦੇ ਵਿਰੁੱਧ ਹਥਿਆਰ ਚੁੱਕਣ ਲਈ ਮਜਬੂਰ ਹੋਣਾ ਪਿਆ, ਤਾਂ ਸਭ ਕੌਮਾਂ ਦੇ ਲੋਕਾਂ, ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਨੇ ਮੋਢੇ ਨਾਲ ਮੋਢਾ ਜੋੜ ਕੇ ਲਾਹੌਰ ਦਰਬਾਰ ਦੀ ਰੱਖਿਆ ਲਈ ਆਪਣਾ ਖ਼ੂਨ ਡੋਲਿਆ।

ਦਰਬਾਰ ਅਤੇ ਦਰਬਾਰੀ : ਪੂਰਬ ਦੇ ਮਹਾਨ ਬਾਦਸ਼ਾਹਾਂ ਵਾਂਗ ਮਹਾਰਾਜਾ ਰਣਜੀਤ ਸਿੰਘ ਨੇ ਵੀ ਇਕ ਬੜਾ ਸ਼ਾਨਦਾਰ ਦਰਬਾਰ ਕਾਇਮ ਕੀਤਾ। ਅਲੈਗਜ਼ੈਂਡਰ ਅਨੁਸਾਰ ਰਣਜੀਤ ਸਿੰਘ ਦੇ ਦਰਬਾਰ ਨਾਲੋਂ ਵਧੇਰੇ ਸ਼ਾਨਦਾਰ ਚੀਜ਼ ਧਿਆਨ ਵਿਚ ਨਹੀਂ ਆ ਸਕਦੀ।[12] ਜਦੋਂ ਇਕ ਭਾਰਤੀ ਮੋਹਨ ਲਾਲ ਇਰਾਨ ਦੇ ਅਬਾਸ ਮਿਰਜ਼ਾ ਦੇ ਦਰਬਾਰ ਵਿਚ ਈਦ-ਉਲ-ਫ਼ਿਤਰ ਦੇ ਮੌਕੇ ਉੱਤੇ ਹਾਜ਼ਰ ਹੋਇਆ ਤਾਂ ਅਬਾਸ ਮਿਰਜ਼ਾ ਨੇ ਮੋਹਨ ਲਾਲ ਨੂੰ ਪੁੱਛਿਆ "ਜੋ ਕੁਝ ਤੂੰ ਆਪਣੇ ਸਾਹਮਣੇ ਵੇਖ ਰਿਹਾ ਹੈਂ, ਕੀ ਰਣਜੀਤ ਸਿੰਘ ਦਾ ਦਰਬਾਰ ਆਪਣੀ ਸ਼ਾਨੋ-ਸ਼ੌਕਤ ਵਿਚ ਇਸ ਦਾ ਮੁਕਾਬਲਾ ਕਰ ਸਕਦਾ ਹੈ ਅਤੇ ਕੀ ਰਣਜੀਤ ਸਿੰਘ ਦੀ ਸੈਨਾ ਇਰਾਨ ਦੇ 'ਸਿਰਬਾਜ਼' ਸਿਪਾਹੀਆਂ ਨਾਲ ਅਨੁਸ਼ਾਸਨ ਅਤੇ ਦਲੇਰੀ ਵਿਚ ਮੇਲ ਖਾਂਦੀ ਹੈ?" ਮੋਹਨ ਲਾਲ ਨੇ ਬੜੀ ਨਿਮਰਤਾ ਪਰ ਬੜੀ ਮਜ਼ਬੂਤੀ ਨਾਲ ਉੱਤਰ ਦਿੱਤਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਤੰਬੂ ਕਸ਼ਮੀਰੀ ਸ਼ਾਲਾਂ ਦੇ ਬਣੇ ਹੋਏ ਹਨ ਅਤੇ ਫ਼ਰਸ਼ ਦੀ ਵਿਛਾਈ ਵੀ ਉਨ੍ਹਾਂ ਬਹੁਤ ਕੀਮਤੀ ਵਸਤਾਂ ਦੁਆਰਾ ਕੀਤੀ ਹੋਈ ਹੈ ਅਤੇ ਜਿਥੋਂ ਤਕ ਮਹਾਰਾਜਾ ਦੀ ਸੈਨਾ ਦਾ ਸੰਬੰਧ ਹੈ ਜੇ ਸਰਦਾਰ ਹਰੀ ਸਿੰਘ ਨਲਵਾ ਦਰਿਆ ਸਿੰਧ ਪਾਰ ਕਰ ਜਾਏ ਤਾਂ ਇਰਾਨੀ ਫ਼ੌਜਾਂ ਪਿੱਛੇ ਨੂੰ ਭਜਦੀਆਂ-ਭਜਦੀਆਂ ਤਬਰੇਜ਼ ਪੁੱਜ ਜਾਣਗੀਆਂ।" ਅਬਾਸ ਮਿਰਜ਼ਾ ਨੇ ਕਿਹਾ, 'ਬਹੁਤ ਸ਼ਾਨਦਾਰ'। ਇਸੇ ਤਰ੍ਹਾਂ ਬਹੁਤ ਸਾਰੇ ਬਦੇਸ਼ੀ ਯਾਤਰੀਆਂ ਨੇ ਮਹਾਰਾਜਾ ਦੇ ਦਰਬਾਰ ਦੀ ਬੜੀ ਉਸਤਤ ਕੀਤੀ ਹੈ। ਭਾਵੇਂ ਮਹਾਰਾਜਾ ਦਰਬਾਰ ਵਿਚ ਬੈਠਣ ਸਮੇਂ ਵੀ ਬਹੁਤ ਸਾਦਾ ਲਿਬਾਸ ਪਹਿਨਦਾ ਸੀ ਪਰ ਉਸ ਦੇ ਦਰਬਾਰੀਆਂ ਨੂੰ ਬਹੁਤ ਕੀਮਤੀ ਅਤੇ ਸ਼ਾਨਦਾਰ ਲਿਬਾਸ ਪਹਿਨਣਾ ਪੈਂਦਾ ਸੀ।ਮਹਾਰਾਜਾ ਸਰਦੀਆਂ ਵਿਚ ਪਸ਼ਮੀਨਾ ਪਹਿਨਦਾ ਸੀ ਅਤੇ ਗਰਮੀਆਂ ਵਿਚ ਢਾਕੇ ਦੀ ਸਫ਼ੈਦ ਮਲਮਲ। ਭਾਵੇਂ ਉਸ ਦੇ ਦਰਬਾਰੀ ਬਹੁਤ ਕੀਮਤੀ ਗਹਿਣੇ ਪਹਿਨਦੇ ਸਨ ਪਰ ਰਣਜੀਤ ਸਿੰਘ ਅਜਿਹਾ ਨਹੀਂ ਸੀ ਕਰਦਾ। ਮਹਾਰਾਜਾ ਆਮ ਤੌਰ ਉੱਤੇ ਸੋਨੇ ਦੀ ਕੁਰਸੀ ਵਿਚ ਚੌਕੜੀ ਮਾਰ ਕੇ ਬੈਠਦਾ ਸੀ। ਰਣਜੀਤ ਸਿੰਘ ਦੀ ਕੁਰਸੀ ਕੋਈ ਤਖ਼ਤ ਨਹੀਂ ਸੀ। ਕਈ ਵਾਰੀ ਉਹ ਪਿੱਛੇ ਤਕੀਆ ਲਾ ਕੇ ਦਰੀ ਉੱਤੇ ਹੀ ਬੈਠ ਜਾਂਦਾ ਸੀ। ਭਾਵੇਂ ਮੁਗ਼ਲ ਬਾਦਸ਼ਾਹ ਤਖ਼ਤ ਅਤੇ ਤਾਜ ਨੂੰ ਬਾਦਸ਼ਾਹੀ ਦੇ ਬਹੁਤ ਵੱਡੇ ਚਿੰਨ੍ਹ ਸਮਝਦੇ ਸਨ, ਪਰ ਰਣਜੀਤ ਸਿੰਘ ਨੇ ਅਜਿਹੇ ਚਿੰਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਬਾਕੀ ਦਿਆਂ ਵਾਂਗ ਹੀ ਬੈਠਣਾ ਖ਼ਾਲਸੇ ਦੇ ਬਰਾਬਰੀ ਦੇ ਲੋਕ-ਰਾਜੀ ਅਸੂਲਾਂ ਦੇ ਵਧੇਰੇ ਅਨੁਕੂਲ ਸੀ। ਲੋਕ ਜਾਂ ਤਾਂ ਸਰਕਾਰੀ ਸੱਦੇ ਉਪਰ ਦਰਬਾਰ ਵਿਚ ਹਾਜ਼ਰ ਹੁੰਦੇ ਸਨ ਜਾਂ ਆਪਣੀਆਂ ਸ਼ਕਾਇਤਾਂ ਦੇ ਨਿਪਟਾਰੇ ਲਈ। ਕਦੇ-ਕਦੇ ਕੁਝ ਸ਼ਿਕਾਇਤਾਂ ਉਹ ਤਫ਼ਤੀਸ਼ ਲਈ ਆਪਣੇ ਮੰਤਰੀਆਂ ਦੇ ਸਪੁਰਦ ਕਰ ਦਿੰਦਾ ਸੀ। ਅਜਿਹੀਆਂ ਸ਼ਕਾਇਤਾਂ ਉੱਤੇ ਅੰਤਿਮ ਹੁਕਮ ਮਹਾਰਾਜੇ ਦੀ ਪ੍ਰਵਾਨਗੀ ਤੋਂ ਬਾਅਦ ਦਿੱਤਾ ਜਾਂਦਾ ਸੀ। ਜਦ ਕਦੇ ਕਿਸੇ ਆਦਮੀ ਨੂੰ ਮਹਾਰਾਜੇ ਦੀ ਹਜ਼ੂਰੀ ਵਿਚ ਪੇਸ਼ ਹੋਣ ਦੀ ਆਗਿਆ ਮਿਲਦੀ ਸ਼ੀ ਤਾਂ ਉਸ ਨੂੰ ਇਕ ਖ਼ਾਸ ਮਰਯਾਦਾ ਅਨੁਸਾਰ ਮਹਾਰਾਜੇ ਦੇ ਸਾਹਮਣੇ ਜਾਣਾ ਪੈਂਦਾ ਸੀ। ਹਰ ਮੁਲਾਕਾਤੀ ਆਪਣੀ ਹੈਸੀਅਤ ਅਨੁਸਾਰ ਮਹਾਰਾਜਾ ਨੂੰ ਨਜ਼ਰ ਭੇਂਟ ਕਰਦਾ ਸੀ। ਇਹ ਨਜ਼ਰਾਨਾ ਨਕਦ ਧਨ, ਘੋੜੇ, ਤਲਵਾਰਾਂ, ਪਸਤੌਲ, ਸ਼ਾਲਾਂ ਅਤੇ ਫਲਾਂ ਦੀ ਸ਼ਕਲ ਵਿਚ ਦਿੱਤਾ ਜਾਂਦਾ ਸੀ। ਖ਼ਾਸ ਤਿਓਹਾਰਾਂ ਉੱਤੇ ਬੜੇ-ਬੜੇ ਸਰਦਾਰ ਵੱਡੀਆਂ-ਵੱਡੀਆਂ

ਭੇਟਾਂ ਪੇਸ਼ ਕਰਦੇ ਸਨ। ਦਰਬਾਰ ਵਿਚ ਮਹਾਰਾਜੇ ਦੀ ਆਗਿਆ ਤੋਂ ਬਿਨਾ ਕੋਈ ਬੋਲ ਨਹੀਂ ਸੀ ਸਕਦਾ। ਪ੍ਰਧਾਨ ਮੰਤਰੀ ਮਹਾਰਾਜੇ ਦੀ ਆਗਿਆ ਲੈ ਕੇ ਕੇਸ ਮਹਾਰਾਜੇ ਦੇ ਪੇਸ਼ ਕਰਦਾ ਸੀ ਉਸ ਬਾਰੇ ਜਿਸ ਤੋਂ ਵੀ ਕੁਝ ਪੁੱਛਣ ਦੀ ਲੋੜ ਹੁੰਦੀ ਮਹਾਰਾਜਾ ਪੁੱਛ ਲੈਂਦਾ ਸੀ। ਮਹਾਰਾਜਾ ਦਰਬਾਰ ਵਿਚ ਆਪਣੀ ਕਿਸੇ ਨਿੱਜੀ ਗੱਲ ਵੱਲ ਧਿਆਨ ਨਹੀਂ ਸੀ ਦਿੰਦਾ। ਡਾ. ਮਰੇ ਲਿਖਦਾ ਹੈ, ਜਦ ਉਸ ਨੇ ਮਹਾਰਾਜੇ ਨੂੰ ਡਾਕਟਰ ਦੀ ਹੈਸੀਅਤ ਵਿਚ ਮਿਲ ਕੇ ਉਸ ਦੀ ਸਿਹਤ ਬਾਰੇ ਸਲਾਹ ਮਸ਼ਵਰਾ ਦੇਣਾ ਹੁੰਦਾ ਸੀ ਤਾਂ ਉਹ ਦਰਬਾਰ ਲੱਗਣ ਤੋਂ ਪਹਿਲਾਂ ਹੀ ਅਜਿਹਾ ਕਰ ਸਕਦਾ ਸੀ।

ਸ਼ਹਿਜ਼ਾਦਾ ਖੜਕ ਸਿੰਘ ਅਤੇ ਸ਼ਹਿਜ਼ਾਦਾ ਸ਼ੇਰ ਸਿੰਘ ਅਤੇ ਪ੍ਰਧਾਨ ਮੰਤਰੀ ਧਿਆਨ ਸਿੰਘ ਦਾ ਪੁੱਤਰ ਹੀਰਾ ਸਿੰਘ ਮਹਾਰਾਜੇ ਦੇ ਲਾਗੇ ਕੁਰਸੀਆਂ ਉਪਰ ਬੈਠਦੇ ਸਨ। ਮਹਾਰਾਜੇ ਦੇ ਖੱਬੇ ਅਤੇ ਸੱਜੇ ਪਾਸੇ ਬਾਕੀ ਸਰਦਾਰ ਦਰੀ ਉਪਰ ਬੈਠ ਜਾਂਦੇ ਸਨ। ਸਾਰੇ ਦਰਬਾਰੀ ਬਹੁਤ ਖੂਬਸੂਰਤ ਅਤੇ ਕੀਮਤੀ ਕਪੜੇ ਪਾ ਕੇ ਆਉਂਦੇ ਸਨ। ਹੈਨਰੀ ਫੇਨ ਲਿਖਦਾ ਹੈ ਕਿ "ਪ੍ਰਧਾਨ ਮੰਤਰੀ ਦਾ ਪੁੱਤਰ ਹੀਰਾ ਸਿੰਘ ਹੀਰੇ ਜਵਾਹਰਾਤ ਨਾਲ ਲੱਦਿਆ ਹੋਇਆ ਦਰਬਾਰ ਵਿਚ ਬੈਠਦਾ ਸੀ। ਉਸ ਨੇ ਇਤਨੇ ਗਹਿਣੇ ਪਾਏ ਹੋਏ ਹੁੰਦੇ ਸਨ ਕਿ ਉਸ ਦੇ ਸ਼ਰੀਰ ਦਾ ਸ਼ਾਇਦ ਹੀ ਕੋਈ ਅੰਗ ਨੰਗਾ ਦਿਸਦਾ ਹੋਵੇ।"[13] ਔਜ਼ਬੋਰਨ ਜਿਹੜਾ 1838 ਈ. ਵਿਚ ਮਹਾਰਾਜੇ ਦੇ ਦਰਬਾਰ ਵਿਚ ਗਿਆ ਸੀ ਲਿਖਦਾ ਹੈ, "ਮੇਰਾ ਨਿਸ਼ਚਾ ਹੈ ਕਿ ਯੂਰਪ ਜਾਂ ਪੂਰਬੀ ਦੇਸਾਂ ਵਿਚ ਕੋਈ ਵੀ ਅਜਿਹਾ ਦਰਬਾਰ ਨਹੀਂ ਹੈ ਜਿਸ ਵਿਚ ਇੰਨੇ ਸੁਹਣੇ ਤੇ ਸੁਨੱਖੇ ਮਨੁੱਖ ਨਜ਼ਰ ਆਉਂਦੇ ਹੋਣ, ਜਿੰਨੇ ਮਹਾਰਾਜੇ ਦੇ ਦਰਬਾਰ ਦੇ ਮੁੱਖ ਸਰਦਾਰ ਸੋਹਣੇ ਸਨ।"[14]

ਅੰਗਰੇਜ਼ਾਂ ਦੀ ਲੁਧਿਆਣਾ ਪੁਲੀਟੀਕਲ ਏਜੰਸੀ ਦੇ ਕੈਪਟਨ ਵੇਡ ਨੇ ਲਿਖਿਆ ਹੈ, "ਮਹਾਰਾਜਾ ਦੇ ਦਰਬਾਰ ਦੇ ਸਰਦਾਰ ਬਹੁਤ ਸ਼ਾਨਦਾਰ ਅਤੇ ਸੁੰਦਰ ਸ਼ਕਲ ਸੂਰਤ ਵਾਲੇ ਸਨ ਅਤੇ ਦਰਬਾਰ ਦੇ ਇੰਤਜ਼ਾਮ ਦੀ ਉਸਤਤ ਕਰਨ ਤੋਂ ਰੁਕਿਆ ਨਹੀਂ ਜਾ ਸਕਦਾ। ਸਰਦਾਰ ਮਹਾਰਾਜੇ ਦੀ ਬਹੁਤ ਇਜ਼ਤ ਕਰਦੇ ਸਨ ਅਤੇ ਇਕ ਦੂਜੇ ਵੱਲ ਚੰਗੇ ਤਰੀਕੇ ਨਾਲ ਪੇਸ਼ ਆਉਂਦੇ ਸਨ। ਹਰ ਕੋਈ ਆਪਣੀ ਥਾਂ ਅਤੇ ਆਪਣੀ ਹੈਸੀਅਤ ਬਾਰੇ ਜਾਗਰੂਕ ਸੀ।" ਦਰਬਾਰ ਵਿਚ ਆਵਾਜਾਈ ਇਤਨੀ ਨਿਯਮਬੱਧ ਸੀ ਕਿ ਕਈ ਵਾਰੀ ਮਹਾਰਾਜੇ ਦੇ ਆਪਣੇ ਪੁੱਤਰਾਂ ਨੂੰ ਮਹਾਰਾਜਾ ਦੀ ਹਜ਼ੂਰੀ ਵਿਚ ਆਉਣ ਦੀ ਆਗਿਆ ਲਈ ਕਈ ਘੰਟੇ ਤਕ ਇੰਤਜ਼ਾਰ ਕਰਨਾ ਪੈਂਦਾ ਸੀ। ਭਾਵੇਂ ਮਹਾਰਾਜਾ ਰਾਜ ਦਾ ਸਾਰਾ ਕੰਮ ਆਪਣੇ ਹੁਕਮ ਅਤੇ ਆਪਣੀ ਇੱਛਾ ਅਨੁਸਾਰ ਚਲਾਉਂਦਾ ਸੀ, ਫਿਰ ਵੀ ਉਸ ਨੂੰ ਬਹੁਤ ਸਿਆਣੇ ਦਰਬਾਰੀਆਂ ਦਾ ਸਲਾਹ-ਮਸ਼ਵਰਾ ਹਰ ਵਕਤ ਪ੍ਰਾਪਤ ਸੀ।

ਜਿਥੇ ਮਹਾਰਾਜਾ ਦਰਬਾਰ ਵਿਚ ਆਉਣ ਵਾਲਿਆਂ ਤੋਂ ਨਜ਼ਰਾਨੇ ਪ੍ਰਵਾਨ ਕਰਦਾ ਸੀ ਉਥੇ ਉਨ੍ਹਾਂ ਨੂੰ ਜਾਣ ਵੇਲੇ ਕੀਮਤੀ ਤੋਹਫੇ ਵੀ ਦਿੰਦਾ ਸੀ ਜਿਨ੍ਹਾਂ ਵਿਚ ਹਾਥੀ, ਘੋੜੇ, ਤਲਵਾਰਾਂ, ਸਰੋਪੇ, ਸੋਨੇ ਦੇ ਕੜੇ, ਸ਼ਾਲਾਂ, ਪੱਗਾਂ ਅਤੇ ਨਕਦ ਮਾਇਆ ਸ਼ਾਮਲ ਸੀ। ਸਰੋਪੇ ਕਈ ਵਾਰ, ਤਿੰਨ ਕਪੜਿਆਂ ਦੇ, ਕਈ ਵਾਰ ਸੱਤ ਜਾਂ ਪੰਦਰਾਂ ਕਪੜਿਆਂ ਦੇ ਅਤੇ ਕਦੇ-ਕਦੇ 51 ਕਪੜਿਆਂ ਦੇ ਹੁੰਦੇ ਸਨ। ਮਹਾਰਾਜਾ ਆਪਣੇ ਯੋਗ ਅਹੁਦੇਦਾਰ ਨੂੰ ਆਪਣੇ ਦਰਬਾਰ ਵਿਚ ਖ਼ਿਤਾਬ, ਮੈਡਲ, ਜਾਗੀਰਾਂ ਜਾਂ ਨਕਦ ਇਨਾਮ ਦਿੰਦਾ ਸੀ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ ਜਾਂਦੀ ਸੀ। ਮਹਾਰਾਜਾ ਬਦੇਸ਼ੀ ਯਾਤਰੀਆਂ, ਵਿਸ਼ੇਸ਼ ਕਰਕੇ ਈਸਟ ਇੰਡੀਆ ਕੰਪਨੀ ਦੇ ਅਫ਼ਸਰਾਂ ਜਾਂ ਯੂਰਪ ਦੇ ਮੁਲਕਾਂ ਤੋਂ ਆਉਣ ਜਾਣ ਵਾਲੇ ਯਾਤਰੀਆਂ ਨੂੰ ਬੜੀ ਉਚੇਚ ਨਾਲ ਮਿਲਦਾ ਸੀ। ਉਨ੍ਹਾਂ ਵਿਚੋਂ ਜਦ ਕਦੇ ਵੀ ਕੋਈ ਮਹਾਰਾਜਾ ਦੇ ਰਾਜ ਵਿਚ ਦਾਖ਼ਲ ਹੁੰਦਾ ਤਾਂ ਉਸ ਯਾਤਰੀ ਦੇ ਰਾਹ ਉੱਤੇ ਲੱਗਦੇ ਇਲਾਕੇ ਦੇ ਸਰਦਾਰਾਂ ਨੂੰ ਮਹਾਰਾਜੇ ਵੱਲੋਂ ਇਹ ਹਿਦਾਇਤ ਹੁੰਦੀ ਸੀ ਕਿ ਉਨ੍ਹਾਂ ਨੂੰ ਸਭ ਲੋੜੀਂਦੀਆਂ ਵਸਤਾਂ ਮੁਹੱਈਆ ਕਰਨ ਅਤੇ ਲਾਹੌਰ ਤਕ ਉਨ੍ਹਾਂ ਦੀ ਰਖਿਆ ਦਾ ਪੂਰਾ ਪ੍ਰਬੰਧ ਕਰਨ। ਬੈਰਨ ਹੂਗਲ ਲਿਖਦਾ ਹੈ ਕਿ 'ਮਹਾਰਾਜਾ ਵੱਲੋਂ ਮੈਨੂੰ ਨਾ ਕੇਵਲ ਰੱਖਿਆ ਅਤੇ ਖੁਲ੍ਹਦਿਲੀ ਦੀਆਂ ਬਰਕਤਾਂ ਪ੍ਰਾਪਤ ਹੋਈਆਂ ਹਨ ਜੋ ਇਕ ਮਹਾਨ ਬਾਦਸ਼ਾਹ ਦੀ ਸ਼ਾਨ ਦੇ ਅਨੁਕੂਲ ਹੁੰਦੀਆਂ ਹਨ ਸਗੋਂ ਉਸ ਦੀਆਂ ਮਿਹਰਬਾਨੀਆਂ ਨੇ ਮੇਰੇ ਮਨ ਉੱਤੇ ਇਕ ਸਦੀਵੀ ਪ੍ਰਭਾਵ ਛੱਡਿਆ ਹੈ।'[15] ਯਾਤਰੀਆਂ ਦੇ ਅਜਿਹੇ ਅਣਗਿਣਤ ਵਿਚਾਰ ਅੰਕਿਤ ਕੀਤੇ ਜਾ ਸਕਦੇ ਹਨ। ਜੋ ਵੀ ਬਦੇਸ਼ੀ

ਮਹਾਰਾਜਾ ਨੂੰ ਲਾਹੌਰ ਆ ਕੇ ਮਿਲਿਆ ਉਹ ਮਹਾਰਾਜਾ ਤੋਂ ਪ੍ਰਭਾਵਿਤ ਹੋਏ ਬਿਨਾ ਨਾ ਬਚ ਸਕਿਆ । ਕਈ ਵਾਰੀ ਇਨ੍ਹਾਂ ਯਾਤਰੀਆਂ ਜਾਂ ਅੰਗਰੇਜ਼ੀ ਅਫ਼ਸਰਾਂ ਨੂੰ ਮਹਾਰਾਜਾ ਆਪਣੇ ਬਰਾਬਰ ਆਪਣੀ ਕੁਰਸੀ ਵਰਗੀ ਕੁਰਸੀ ਉੱਤੇ ਬੈਠਾ ਲੈਂਦਾ ਸੀ । ਇਹ ਗੱਲ ਮੱਧ-ਕਾਲੀਨ ਯੁੱਗ ਦੇ ਕਿਸੇ ਭਾਰਤੀ ਹੁਕਮਰਾਨ ਵਿਚ ਦੇਖਣੀ ਨਹੀਂ ਮਿਲਦੀ ।

ਮਹਾਰਾਜੇ ਦੇ ਦਰਬਾਰ ਵਿਚ ਆਮ ਗੱਲਬਾਤ ਦਾ ਮਾਧਿਅਮ ਪੰਜਾਬੀ ਸੀ । ਯੂਰਪੀਨ ਯਾਤਰੀਆਂ ਨਾਲ ਗੱਲਬਾਤ ਕਰਨ ਲਈ ਹਿੰਦੁਸਤਾਨੀ ਬੋਲੀ ਵਰਤੀ ਜਾਂਦੀ ਸੀ । ਦਰਬਾਰ ਵਿਚ ਪੇਸ਼ ਹੋਣ ਵਾਲੇ ਸਾਰੇ ਕਾਗਜ਼ ਫ਼ਾਰਸੀ ਵਿਚ ਹੁੰਦੇ ਸਨ ਅਤੇ ਦਰਬਾਰ ਵਿਚੋਂ ਬਾਹਰ ਭੇਜੀਆਂ ਜਾਣ ਵਾਲੀਆਂ ਸਭ ਚਿੱਠੀਆਂ ਵੀ ਫ਼ਾਰਸੀ ਵਿਚ ਹੀ ਲਿਖੀਆਂ ਜਾਂਦੀਆਂ ਸਨ ।

ਮਹਾਰਾਜਾ ਦੀ ਰਾਜ-ਸੱਤਾ : ਸ਼ਹਾਮਤ ਅਲੀ, ਜੋ ਮਹਾਰਾਜਾ ਨੂੰ ਲਾਹੌਰ ਜਾ ਕੇ ਮਿਲਿਆ ਸੀ, ਲਿਖਦਾ ਹੈ ਕਿ "ਲਾਹੌਰ ਦਾ ਰਾਜ ਨਿਰੋਲ ਨਿਰੰਕੁਸ਼ ਰਾਜ ਹੈ ਅਤੇ ਰਾਜ ਦੇ ਸਾਰੇ ਦੇ ਸਾਰੇ ਅੰਦਰੂਨੀ ਅਤੇ ਬਾਹਰੀ ਮਾਮਲੇ ਮਹਾਰਾਜਾ ਦੇ ਹੁਕਮ ਅਨੁਸਾਰ ਨਜਿੱਠੇ ਜਾਂਦੇ ਹਨ । ਭਾਵੇਂ ਉਸ ਦੇ ਕੁਝ ਦਰਬਾਰੀ ਬਹੁਤ ਸਿਆਣੇ ਆਦਮੀ ਹਨ ਅਤੇ ਮਹਾਰਾਜਾ ਜਦ ਚਾਹੇ ਉਨ੍ਹਾਂ ਦੀ ਰਾਏ ਲੈ ਸਕਦਾ ਹੈ ਪਰ ਉਹ ਇਤਨੀ ਡੂੰਘੀ ਸੂਝ ਦਾ ਮਾਲਕ ਹੈ ਕਿ ਉਸ ਨੂੰ ਆਪਣੀ ਅਕਲ ਅਤੇ ਨਿਰਣਾ-ਸ਼ਕਤੀ ਉੱਤੇ ਇਤਨਾ ਭਰੋਸਾ ਹੈ ਕਿ ਉਹ ਬਿਨਾ ਕਿਸੇ ਦੀ ਸਲਾਹ ਲਏ ਬੜੀ ਸੁਯੋਗਤਾ ਨਾਲ ਆਪਣਾ ਰਾਜ ਚਲਾਉਣ ਦੀ ਸਮੱਰਥਾ ਰਖਦਾ ਹੈ ।"[16] ਸ਼ਹਾਮਤ ਅਲੀ ਦਾ ਇਹ ਕਥਨ ਕਾਫ਼ੀ ਹੱਦ ਤਕ ਸਹੀ ਸਮਝਿਆ ਜਾ ਸਕਦਾ ਹੈ । ਮਹਾਰਾਜਾ ਨਿਰੋਲ ਆਪਣੀ ਸੂਝ ਅਨੁਸਾਰ ਰਾਜ ਚਲਾਉਂਦਾ ਸੀ ਅਤੇ ਆਪਣੇ ਮੰਤਰੀਆਂ ਦਾ ਮਸ਼ਵਰਾ ਲੈਣਾ ਜਾਂ ਮਸ਼ਵਰੇ ਉਪਰ ਅਮਲ ਕਰਨਾ ਉਸ ਲਈ ਜ਼ਰੂਰੀ ਨਹੀਂ ਸੀ, ਪਰ ਫਿਰ ਵੀ ਲਗਭਗ ਹਰ ਮਾਮਲੇ ਵਿਚ ਉਹ ਆਪਣੇ ਸਿਆਣੇ ਅਤੇ ਸੂਝਵਾਨ ਮੰਤਰੀਆਂ ਦਾ ਮਸ਼ਵਰਾ ਲੈਂਦਾ ਸੀ ਅਤੇ ਹਰ ਮਾਮਲੇ ਵਿਚ ਫ਼ੈਸਲਾ ਕਰਨ ਤੋਂ ਪਹਿਲਾਂ ਆਮ ਲੋਕ-ਰਾਏ ਦਾ ਖ਼ਿਆਲ ਰਖਦਾ ਸੀ ਅਤੇ ਉਸ ਅਨੁਸਾਰ ਹੀ ਆਪਣੀ ਨੀਤੀ ਨਿਰਧਾਰਿਤ ਕਰਦਾ ਸੀ । ਰਾਜਸੱਤਾ ਉੱਤੇ ਉਸ ਨੂੰ ਪੂਰਨ ਅਧਿਕਾਰ ਪ੍ਰਾਪਤ ਸੀ ਜਿਵੇਂ ਕਾਨੂੰਨ ਬਣਾਉਣੇ ਅਤੇ ਆਪਣੇ ਰਾਜ ਵਿਚ ਲਾਗੂ ਕਰਨੇ, ਲੜਾਈ ਦਾ ਐਲਾਨ ਕਰਨਾ ਜਾਂ ਲੜਾਈ ਬੰਦ ਕਰਨਾ, ਕਿਸੇ ਵੀ ਨਾਗਰਿਕ ਨੂੰ ਕਿਸੇ ਅਹੁਦੇ ਤਕ ਪਹੁੰਚਾ ਦੇਣਾ, ਜਾਂ ਕਿਸੇ ਤਰ੍ਹਾਂ ਦੀ ਸਜ਼ਾ ਦੇਣਾ ਪੂਰਨ ਤੌਰ ਉੱਤੇ ਮਹਾਰਾਜ ਦੇ ਹੱਥਾਂ ਵਿਚ ਸੀ । ਉਸ ਦੀ ਜ਼ਬਾਨ ਤੋਂ ਨਿਕਲਿਆ ਹਰ ਹੁਕਮ ਉਸ ਦੇ ਰਾਜ ਲਈ ਕਾਨੂੰਨ ਸੀ । ਉਸ ਦੀ ਪਰਜਾ ਵਿਚੋਂ ਕੋਈ ਆਦਮੀ ਉਸ ਦੇ ਹੁਕਮ ਨੂੰ ਵੰਗਾਰ ਨਹੀਂ ਸੀ ਸਕਦਾ । ਇਕ ਫ਼ਰਾਂਸੀਸੀ ਯਾਤਰੀ ਵਿਕਟਰ ਜੈਕਮੋਂ ਜੋ ਮਹਾਰਾਜਾ ਨੂੰ ਲਾਹੌਰ ਆ ਕੇ ਮਿਲਿਆ ਸੀ, ਲਿਖਦਾ ਹੈ 'ਮਹਾਰਾਜਾ ਦੇ ਹੁਕਮਾਂ ਦੀ ਜਿਤਨੀ ਪਾਲਣਾ ਉਸ ਦੀ ਪਰਜਾ ਵੱਲੋਂ ਹੁੰਦੀ ਹੈ, ਸਰਕਾਰੀ ਹੁਕਮ ਦੀ ਉਤਨੀ ਪਾਲਣਾ ਮੁਗ਼ਲ ਬਾਦਸ਼ਾਹਾਂ ਦੇ ਸਮੇਂ ਵੀ ਨਹੀਂ ਸੀ ਹੁੰਦੀ ਜਦੋਂ ਉਹ ਬਾਦਸ਼ਾਹ ਆਪਣੀ ਸ਼ਕਤੀ ਦੇ ਸਿੱਖਰ ਉੱਤੇ ਸਨ ।'[17]

ਰਣਜੀਤ ਸਿੰਘ ਨੂੰ ਆਪਣੇ ਸਹਿਯੋਗੀਆਂ ਦੇ ਮਿਲਵਰਤਨ ਨਾਲ ਰਾਜ ਪ੍ਰਾਪਤ ਸੀ । ਇਸ ਲਈ ਉਹ ਆਪਣੇ ਆਪ ਨੂੰ ਉਨ੍ਹਾਂ ਵਿਚੋਂ ਇਕ ਸਮਝਦਾ ਸੀ ਅਤੇ ਮਹਾਰਾਜਿਆਂ ਵਾਲੇ ਵਿਸ਼ੇਸ਼ ਅਧਿਕਾਰ ਧਾਰਨ ਕਰਨ ਤੋਂ ਉਸ ਨੂੰ ਬਹੁਤ ਝਿਜਕ ਸੀ ।ਸੰਨ 1801 ਵਿਚ ਉਸ ਨੇ ਮਹਾਰਾਜੇ ਦਾ ਪਦ ਆਪਣੀ ਇੱਛਾ ਦੇ ਉਲਟ ਆਪਣੇ ਦਰਬਾਰੀਆਂ ਦੇ ਜ਼ੋਰ ਪਾਉਣ ਉੱਤੇ ਧਾਰਨ ਕੀਤਾ ਸੀ । ਰਣਜੀਤ ਸਿੰਘ ਵਿਚ ਬਾਦਸ਼ਾਹੀ ਲਈ ਯੋਗਤਾ ਦੇ ਸੰਬੰਧ ਵਿਚ ਮੈਕਗਰੈਗਰ ਲਿਖਦਾ ਹੈ ਕਿ ਉਹ ਇਕ ਬਹੁਤ ਅਸਾਧਾਰਨ ਵਿਅਕਤੀ ਸੀ ਜਿਸ ਵਿਚ ਬਾਦਸ਼ਾਹੀ ਗੁਣ ਇਸ ਹੱਦ ਤਕ ਪ੍ਰਬਲ ਸਨ ਜੋ ਸ਼ਾਇਦ ਹੀ ਪੂਰਬੀ ਜਾਂ ਪੱਛਮੀ ਦੁਨੀਆਂ ਵਿਚ ਕਿਸੇ ਹੋਰ ਵਿਚ ਮਿਲਦੇ ਹੋਣ । ਇਕ ਭਰਪੂਰ ਰਾਜ-ਸੱਤਾ ਦੇ ਸੁਆਮੀ ਰਣਜੀਤ ਸਿੰਘ ਦੇ ਅੰਦਰ ਆਪਣੀ ਰਾਜ-ਸੱਤਾ ਲਈ ਕੋਈ ਘਮੰਡ ਨਹੀਂ ਸੀ । ਮਹਾਰਾਜਾ ਦੇ ਦੋ ਫ਼ਰਮਾਨ ਸਾਨੂੰ ਉਸ ਦੇ ਰਿਕਾਰਡ ਵਿਚ ਮਿਲਦੇ ਹਨ ਜਿਨ੍ਹਾਂ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਉਸ ਨੇ ਆਪਣੇ ਉੱਚੇ ਪ੍ਰਬੰਧਕਾਂ ਅਤੇ ਗਵਰਨਰਾਂ ਨੂੰ ਇਹ ਕਹਿ ਛਡਿਆ ਸੀ ਕਿ ਜੇ ਉਸ ਦਾ ਕੋਈ ਹੁਕਮ ਲੋਕ-ਹਿੱਤ ਵਿਚ ਨਹੀਂ ਹੈ ਤਾਂ ਉਸ ਨੂੰ ਮਹਾਰਾਜੇ ਦੇ ਵਿਚਾਰ ਲਈ ਵਾਪਸ ਭੇਜ ਦਿੱਤਾ ਜਾਵੇ । ਇਕ ਫ਼ਰਮਾਨ ਵਿਚ ਉਸ ਨੇ ਆਦੇਸ਼ ਦਿੱਤਾ ਹੋਇਆ ਸੀ ਕਿ ਉਸ ਦਾ ਫ਼ਰਮਾਨ ਰਾਜ ਦੇ ਛੋਟੇ ਤੋਂ ਛੋਟੇ ਆਦਮੀ ਤੋਂ ਲੈ ਕੇ ਪ੍ਰਧਾਨ

ਮੰਤਰੀ ਅਤੇ ਸ਼ਹਿਜਾਦਿਆਂ ਤਕ ਸਭ ਉਪਰ ਲਾਗੂ ਹੋਵੇਗਾ ਅਤੇ ਉਲੰਘਣਾ ਕਰਨ ਵਾਲਾ ਸਜ਼ਾ ਦਾ ਭਾਗੀ ਹੋਵੇਗਾ। ਪਹਿਲੇ ਫ਼ਰਮਾਨ ਤੋਂ ਇਹ ਸਪਸ਼ਟ ਹੈ ਕਿ ਯੁਗਾਂ ਤੋਂ ਚਲੇ ਆ ਰਹੇ ਇਸ ਵਿਚਾਰ ਨੂੰ ਕਿ ਇਕ ਬਾਦਸ਼ਾਹ ਕਦੇ ਕੋਈ ਗ਼ਲਤੀ ਨਹੀਂ ਕਰਦਾ ਰਣਜੀਤ ਸਿੰਘ ਨੇ ਛਿੱਕੇ ਉਪਰ ਟੰਗ ਦਿੱਤਾ ਤੇ ਆਪਣੇ ਆਪ ਨੂੰ ਭੁਲਣਹਾਰਿਆਂ ਦੀ ਕਤਾਰ ਵਿਚ ਲਿਆ ਖੜਾ ਕੀਤਾ। ਮਹਾਰਾਜਾ ਨੇ ਸ਼ਹਿਜ਼ਾਦਿਆਂ ਦੇ ਵਿਰੁੱਧ ਵੀ ਸਦਾ ਸ਼ਕਾਇਤਾਂ ਨੂੰ ਉਸੇ ਤਰ੍ਹਾਂ ਸੁਣਿਆਂ ਜਿਵੇਂ ਆਮ ਲੋਕਾਂ ਵਿਰੁੱਧ। ਇਕ ਵਾਰ ਮਹਾਰਾਜਾ ਨੇ ਇਕ ਗ੍ਰੰਥੀ ਨਿਹਾਲ ਸਿੰਘ ਦੀ ਸ਼ਕਾਇਤ ਉੱਤੇ ਕਿ ਮਹਾਰਾਜੇ ਦੇ ਵਾਰਿਸ ਸ਼ਹਿਜ਼ਾਦਾ ਖੜਕ ਸਿੰਘ ਦੇ ਆਦਮੀਆਂ ਨੇ ਉਸ ਦੀ ਫਸਲ ਨੂੰ ਨੁਕਸਾਨ ਪਹੁੰਚਾਇਆ ਹੈ, ਮਹਾਰਾਜੇ ਨੇ ਖੜਕ ਸਿੰਘ ਨੂੰ ਤਾੜਨਾ ਕੀਤੀ ਅਤੇ ਫਸਲ ਦਾ ਨੁਕਸਾਨ ਕਰਨ ਵਾਲਿਆਂ ਨੂੰ ਉਸ ਗ੍ਰੰਥੀ ਨੂੰ ਮੁਆਵਜ਼ਾ ਦੇਣ ਲਈ ਹੁਕਮ ਜਾਰੀ ਕੀਤਾ। ਮਹਾਰਾਜਾ ਨੇ ਬਾਦਸ਼ਾਹੀ ਦੇ ਪ੍ਰਚਲਿਤ ਸਿਧਾਂਤਾਂ ਦੀ ਪ੍ਰਵਾਹ ਨਹੀਂ ਕੀਤੀ। ਉਸ ਨੇ ਪੂਰਨ ਰੂਪ ਵਿਚ ਸੱਤਾ-ਅਧਿਕਾਰੀ ਹੋਣ ਦੇ ਬਾਵਜੂਦ ਆਪਣੀ ਪਰਜਾ ਨੂੰ ਇਹੀ ਅਹਿਸਾਸ ਕਰਵਾਇਆ ਕਿ ਉਹ ਉਨ੍ਹਾਂ ਵਿਚੋਂ ਇਕ ਹੈ ਅਤੇ ਉਨ੍ਹਾਂ ਦੇ ਸਹਿਯੋਗ ਨਾਲ ਰਾਜ ਚਲਾ ਰਿਹਾ ਹੈ ਅਤੇ ਉਦੋਂ ਤਕ ਹੀ ਉਨ੍ਹਾਂ ਦਾ ਹਾਕਮ ਰਹੇਗਾ ਜਦ ਤਕ ਉਹ ਚਾਹੁਣਗੇ। ਏ.ਸੀ. ਬੈਨਰਜੀ ਦੇ ਸ਼ਬਦਾਂ ਵਿਚ, 'ਇਹ ਕਹਿਣਾ ਠੀਕ ਨਹੀਂ ਹੈ ਕਿ ਮਹਾਰਾਜੇ ਦੀ ਬਾਦਸ਼ਾਹਤ ਅਮਲ ਵਿਚ ਨਿਰੰਕੁਸ਼ ਅਤੇ ਏਕਾਧਿਕਾਰੀ ਸੀ, ਸਗੋਂ ਇਹ ਸਿਧਾਂਤ ਵਿਚ ਕਾਮਨਵੈਲਥ ਨੂੰ ਜਾਰੀ ਰਖਣ ਦਾ ਹੀ ਇਕ ਉਪਰਾਲਾ ਸੀ।'[18]

ਪੈਰ-ਟਿੱਪਣੀਆਂ

1. Sohan Lal Suri, *Umdatut Tawarikh,* Dafter II
2. Muhammad Latif, *History of the Punjab,* p. 348.
3. Lepel Griffin, *Ranjit Singh,* p. 90.
4. G.L. Chopra, *The Punjab as Sovereign state,* p. 133.
5. Alaxander Burnes, *Travels into Bukhara,* Vol. III, p. 167.
6. Buron Hugel, *Travels in Cashmere and the Punjab,* p. 382.
7. Sohan Lal Suri, *Umdatut Tawarikh,* Dafter III, p. 15.
8. Abuddin Mufti, *Ibratnama,* Vol. II, p. 59.
9. Teja Singh, *Sikhism, its Ideals and Institutions,* 1938, pp. 50-51.
10. Faqir Waheed-Ud-Din, *The Real Ranjit Singh,* pp. 36-37.
11. Jacquemont, *Letters from India,* Vol, II, pp, 19-20 Cf; Diwan Amar Nath, *Zafarnama Ranjit Singh,* p. 18.
12. Burnes; *Travels into Bukhara,* Vol. I, p. 27.
13. Henry Fame, *Five Years in India,* Vol. I, p. 134.
14. Osborne, *The Court and Camp of Ranjit Singh,* p. 29.
15. Baron Hugel, *Travels in Cashmere and Punjab,* p. 315.
16. Shahamat Ali, *The Sikhs and Afghans,* p. 14.
17. *Letters from India,* Vol. I, p. 399 (1835)
18. A.C. Banerjee, *Anglo-Sikh Relations,* p. (XVIII).

ਬੀਰ ਕਾਵਿ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਸਰੂਪ-ਚਿਤ੍ਰਣ

ਪ੍ਰਿੰ. ਗੁਰਦਿਤ ਸਿੰਘ ਪ੍ਰੇਮੀ

ਹਰ ਅਦਭੁਤ ਸੁੰਦਰ ਤੇ ਦਿਲਕਸ਼ ਵਸਤੂ ਕਵੀ ਮਨ ਨੂੰ ਆਪਣੇ ਵੱਲ ਖਿਚਦੀ ਹੈ। ਜਿਥੇ ਵਗਦੇ ਦਰਿਆ, ਨਹਿਰਾਂ, ਝਰਨੇ ਤੇ ਕੂਲ੍ਹਾਂ, ਬਰਫਾਂ ਲੱਦੇ ਪਹਾੜ ਤੇ ਉੱਚੀਆਂ ਚੀਲਾਂ, ਫੁੱਲਾਂ ਤੇ ਫਲਾਂ ਲੱਦੇ ਬ੍ਰਿਛ, ਬਨਸਪਤੀ ਨਾਲ ਢਕੀ ਸਰਜ਼ਮੀਨ, ਵੰਨ ਸੁਵੰਨੇ ਪੰਛੀ, ਪਪੀਹਾ, ਕੋਇਲ ਤੇ ਉਸ ਦੀ ਕੂਕ, ਹਰਿਆ ਭਰਿਆ ਘਾਹ ਤੇ ਉਸ ਉੱਤੇ ਬਿਖਰੇ ਤ੍ਰੇਲ ਮੋਤੀ, ਲਹਿਲਹਾਂਦੇ ਖੇਤ, ਫੁਲਾਂ ਦੀਆਂ ਕਿਆਰੀਆਂ ਅਤੇ ਮੇਵਿਆਂ ਨਾਲ ਲੱਦੇ ਦਰਖ਼ਤਾਂ ਦੀਆਂ ਝੂਲਦੀਆਂ ਟਹਿਣੀਆਂ, ਬੱਦਲਾਂ ਦੀ ਘਨਘੋਰ, ਅਸਮਾਨੀ ਪੀਂਘ ਤੇ ਮੋਰ ਦੀ ਪੈਲ, ਚੜ੍ਹਦੇ ਸੂਰਜ ਦੀਆਂ ਨੂਰੀ ਕਿਰਨਾਂ ਦਾ ਪਸਾਰ ਤੇ ਅਸਤ ਹੁੰਦੇ ਸੂਰਜ ਦੀ ਲਾਲੀ ਆਦਿ ਹਰ ਅਦਭੁਤ ਵਸਤੂ ਕਵੀ ਨੂੰ ਆਕਰਸ਼ਕ ਕਰਦੀ ਹੈ। ਠੀਕ ਇਸੇ ਤਰ੍ਹਾਂ ਯੋਧਿਆਂ ਦੇ ਸੁੰਦਰ ਸਡੌਲ ਸ਼ਰੀਰ, ਉਨ੍ਹਾਂ ਦੀ ਸੂਰਬੀਰਤਾ, ਦਲੇਰੀ ਤੇ ਚੜ੍ਹਤ, ਉਨ੍ਹਾਂ ਦੇ ਹਥਿਆਰ, ਤੀਰ ਤੇ ਤੁਫੰਗ, ਨੇਜ਼ੇ ਤੇ ਬਰਛੇ, ਸ਼ਮਸ਼ੀਰ ਤੇ ਖੰਜਰ, ਊਠ ਤੇ ਘੋੜੇ, ਝੰਡੇ ਤੇ ਬੈਰਕਾਂ, ਉਨ੍ਹਾਂ ਦੀ ਪੇਸ਼ਕਦਮੀ ਤੇ ਜਿੱਤਾਂ ਅਤੇ ਦੇਸ਼ ਅਥਵਾ ਕੌਮ ਲਈ ਕੁਰਬਾਨੀ ਦਾ ਸ਼ੌਕ ਵੇਖ ਕੇ ਵੀ ਕਵੀ ਮਨ ਟੁੰਬਿਆ ਜਾਂਦਾ ਹੈ। ਇਨ੍ਹਾਂ ਜੰਗਾਂ ਜੁੱਧ ਸੰਬੰਧੀ ਲਿਖੀ ਕਵਿਤਾ ਨੂੰ ਪੰਜਾਬੀ ਵਿਚ ਬੀਰ ਗਾਥਾ, ਵਾਰ-ਕਾਵਿ ਅਤੇ ਉਰਦੂ ਫ਼ਾਰਸੀ ਵਿਚ ਜੰਗਨਾਮਾ ਕਹਿੰਦੇ ਹਨ।

ਇਤਿਹਾਸਿਕ ਪਿਛੋਕੜ

ਤਾਰੀਖ਼ ਗਵਾਹ ਹੈ ਕਿ ਈਸਾ ਦੀ ਅਠਾਰ੍ਹਵੀਂ ਸਦੀ ਸਿੱਖ ਇਤਿਹਾਸ ਵਿਚ ਭਾਰੀ ਸੰਘਰਸ਼ ਦੀ ਸਦੀ ਸੀ। ਇਸੇ ਸਦੀ ਦੇ ਆਰੰਭ ਵਿਚ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਦੇਸ਼ ਅਤੇ ਧਰਮ ਦੇ ਕਲਿਆਣ ਹਿਤ ਮਾਤਾ ਪਿਤਾ, ਚਾਰੇ ਸਾਹਿਬਜ਼ਾਦੇ ਤੇ ਹਜ਼ਾਰਾਂ ਸਿੱਖਾਂ ਦਾ ਬਲੀਦਾਨ ਦਿੱਤਾ। ਇਸੇ ਸਦੀ ਦੀ ਪਹਿਲੀ ਚੌਥਾਈ ਵਿਚ ਗੁਰੂ ਗੋਬਿੰਦ ਸਿੰਘ ਦੇ ਹੁਕਮ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਦਲ ਦੀ ਕਮਾਨ ਸੰਭਾਲੀ ਅਤੇ ਪੂਰਬੀ ਪੰਜਾਬ ਦਾ ਇਲਾਕਾ ਸਦਾ ਲਈ ਜਰਵਾਣਿਆਂ ਤੋਂ ਮੁਕਤ ਕਰਵਾਇਆ।

ਸਿੱਖਾਂ ਲਈ ਆਸਮਾਨੀ ਕਹਿਰ ਵਾਂਗ ਨਾਜ਼ਿਲ ਹੋਣ ਵਾਲੇ ਘਲੂਘਾਰੇ (ਛੋਟਾ ਤੇ ਵੱਡਾ) ਅਠਾਰ੍ਹਵੀਂ ਸਦੀ ਵਿਚ ਹੀ ਵਾਪਰੇ। ਜ਼ਕਰੀਆ ਖ਼ਾਨ, ਮੀਰ ਮਨੂੰ ਤੇ ਅਦੀਨਾ ਬੇਗ ਜੇਹੇ ਪੰਜਾਬ ਦੇ ਕਪਟੀ ਅਤੇ ਜ਼ਾਲਮ ਹਾਕਮ ਵੀ ਇਸੇ ਸਦੀ ਦੀ ਪੈਦਾਵਾਰ ਹਨ। ਇਹ ਭੀੜ ਬਣਨ ਤੇ ਸਿੱਖਾਂ ਦੀ ਚਾਪਲੂਸੀ ਕਰਕੇ ਉਨ੍ਹਾਂ ਤੋਂ ਸਹਾਇਤਾ ਲੈ ਲੈਂਦੇ, ਪਰ ਕੰਮ ਨਿਕਲ ਜਾਣ ਪੁਰ ਤੋਤੇ ਵਾਂਗ ਅੱਖ ਫੇਰ ਲੈਂਦੇ ਅਤੇ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਣ ਉੱਤੇ ਤੁਲ ਜਾਂਦੇ। ਸਿੱਖਾਂ ਦੇ ਸਿਰਾਂ ਦੇ ਮੁੱਲ ਇਨ੍ਹਾਂ ਦੇ ਹੀ ਸ਼ਾਸਨਕਾਲ ਵਿਚ ਪੈਂਦੇ ਰਹੇ। 1716 ਈ. ਤੋਂ 1762 ਈ. ਤਕ ਦਾ ਸਮਾਂ ਸਿੱਖਾਂ ਲਈ ਸਭ ਤੋਂ ਵੱਧ ਮੁਸ਼ਕਿਲਾਂ ਦਾ ਸਮਾਂ ਸੀ।

ਪਰ ਰਾਤ ਭਾਵੇਂ ਕਿਤਨੀ ਲੰਮੀ ਤੇ ਕਾਲੀ ਬੋਲੀ ਹੋਵੇ, ਅਖ਼ੀਰ ਕਟ ਜਾਂਦੀ ਹੈ। ਕਾਲੀ ਰਾਤ ਹੀ ਵਾਸਤਵ ਵਿਚ ਆਪਣੇ ਪਿੱਛੇ ਆਉਣ ਵਾਲੇ ਰੌਸ਼ਨ ਦਿਨ ਦਾ ਪੈਗਾਮ ਲੈ ਕੇ ਆਉਂਦੀ ਹੈ। ਲਗਾਤਾਰ ਜਬਰ ਤੇ ਅਤਿਆਚਾਰ ਦਾ ਟਾਕਰਾ ਕਰਦੇ ਸਿੱਖਾਂ ਦੀ ਅਵਸਥਾ ਕੁਝ ਇਸ ਤਰ੍ਹਾਂ ਦੀ ਹੋ ਗਈ ਜਿਵੇਂ ਜ਼ੁਲਮ ਤੇ ਜ਼ਿਆਦਤੀਆਂ ਨਾਲ ਸਦਾ ਜੂਝਦੇ ਰਹਿਣਾ ਉਨ੍ਹਾਂ ਦੇ ਜੀਵਨ ਦਾ ਅੰਗ ਹੀ ਬਣ ਗਿਆ ਹੋਵੇ। ਉਨ੍ਹਾਂ ਦੀ ਮਾਨਸਿਕ ਅਵਸਥਾ ਹੇਠ ਲਿਖੇ ਲੋਕ ਗੀਤ ਤੋਂ ਭਲੀਭਾਂਤ ਉਜਾਗਰ ਹੋ ਜਾਂਦੀ ਹੈ :

ਮਨੂੰ ਸਾਡੀ ਦਾਤਰੀ, ਅਸੀ ਮਨੂੰ ਦੇ ਸੋਏ ।
ਜਿਉਂ ਜਿਉਂ ਮਨੂੰ ਵਢਦਾ, ਅਸੀ ਦੂਣੇ ਚੌਣੇ ਹੋਏ ।

ਸਿੱਖਾਂ ਦੀ ਨਾ ਦਬਾਈ ਜਾ ਸਕਣ ਵਾਲੀ ਸਿਪਿਰਟ ਅਤੇ ਜ਼ੁਲਮ ਦੀ ਵਿਵਸਥਾ ਨੂੰ ਖਤਮ ਕਰਨ ਦੀ ਪ੍ਰਬਲ ਪ੍ਰੇਰਨਾ ਉਨ੍ਹਾਂ ਦੇ ਰੋਮ-ਰੋਮ ਵਿਚ ਸਮਾ ਚੁੱਕੀ ਸੀ । ਕਲਾਂਤਾਰ ਵਿਚ ਜਬਰ ਦਾ ਟਾਕਰਾ ਕਰਨ ਲਈ ਸਿੰਘਾਂ ਦੇ ਕੋਈ ਜੱਥੇ ਬਣ ਗਏ । ਇਹ ਜਿੱਥੇ ਭਾਵੇਂ ਕਦੇ-ਕਦੇ ਆਪਸ ਵਿਚ ਹੀ ਖਹਿਬੜ ਪੈਂਦੇ ਪਰ ਅਕਸਰ ਥਾਉਂ ਥਾਈਂ ਜਾਬਰ ਹਾਕਮਾਂ ਨਾਲ ਟੱਕਰ ਲੈਂਦੇ ਅਤੇ ਜਨਤਾ ਦੀ ਰਖਵਾਲੀ ਕਰਦੇ । ਇਹੀ ਜੱਥੇ (ਮਿਸਲਾਂ) ਵਕਤ ਪਾ ਕੇ ਇਤਨੇ ਤਕੜੇ ਹੋ ਗਏ ਕਿ ਇਹ ਦਿੱਲੀ ਦੇ ਮੁਗ਼ਲ ਬਾਦਸ਼ਾਹ ਅਤੇ ਅਫ਼ਗਾਨ ਬਾਦਸ਼ਾਹ ਅਬਦਾਲੀ ਦੇ ਸੂਬੇਦਾਰਾਂ ਨੂੰ ਚੈਲੰਜ ਕਰਨ ਲੱਗੇ ਅਤੇ ਥਾਉਂ ਥਾਈਂ ਮੱਲਾਂ ਮਾਰਨ ਲੱਗੇ ਅਤੇ ਅੰਤ ਸੁਕਰਚਕੀਆ ਮਿਸਲ ਅੱਗੇ ਵਧੀ ਤੇ ਉਸ ਦਾ ਹੋਣਹਾਰ ਆਗੂ 1799 ਈ. ਵਿਚ ਲਾਹੌਰ ਦੇ ਤਖ਼ਤ ਉੱਤੇ ਸੁਸ਼ੋਭਿਤ ਹੋਇਆ ।

ਮਹਾਰਾਜਾ ਰਣਜੀਤ ਸਿੰਘ ਦਾ ਉਭਾਰ :

ਮਹਾਰਾਜਾ ਰਣਜੀਤ ਸਿੰਘ ਇਕ ਚਮਕਦਾ ਸਿਤਾਰਾ ਸੀ ਜੋ ਅਠਾਰ੍ਹਵੀਂ ਸਦੀ ਦੇ ਅੰਤ ਉੱਤੇ ਭਾਰਤ ਦੇ ਉੱਤਰ ਪੱਛਮੀ ਆਕਾਸ਼ ਉੱਤੇ ਨਮੂਦਾਰ ਹੋਇਆ ਅਤੇ ਪੰਜਾਹ ਸਾਲ ਲਗਾਤਾਰ ਭਾਰਤੀ ਗਗਨ ਉੱਤੇ ਆਪਣੀ ਆਭਾ ਪ੍ਰਸਾਰਿਤ ਕਰਦਾ ਰਿਹਾ ।

ਮਹਾਰਾਜਾ ਰਣਜੀਤ ਸਿੰਘ ਸੁਕਰਚਕੀਆ ਮਿਸਲ ਦੇ ਬਾਨੀ ਮਹਾਨ ਜਰਨੈਲ ਸ. ਚੜ੍ਹਤ ਸਿੰਘ ਦਾ ਪੋਤਾ ਤੇ ਸ. ਮਹਾਂ ਸਿੰਘ ਦਾ ਸਪੁੱਤਰ ਸੀ । ਸ. ਚੜ੍ਹਤ ਸਿੰਘ ਦਾ ਸਮਾਂ ਸਿੱਖਾਂ ਲਈ ਘੋਰ ਸੰਘਰਸ਼ ਦਾ ਸਮਾਂ ਸੀ । ਅਫ਼ਗ਼ਾਨਿਸਤਾਨ ਦੇ ਅਹਿਮਦਸ਼ਾਹ ਅਬਦਾਲੀ ਨਾਲ ਵਾਰ-ਵਾਰ ਲੋਹਾ ਲੈਣ ਦਾ ਮਾਣ ਸ. ਚੜ੍ਹਤ ਸਿੰਘ ਨੂੰ ਹਾਸਲ ਸੀ ।

ਮੁਸਲਮਾਨ ਚਠੇ ਸਰਦਾਰਾਂ ਨੂੰ ਮੈਦਾਨੇ ਜੰਗ ਵਿਚ ਹਰਾ ਦੇਣ ਦਾ ਗੌਰਵ ਸ. ਚੜ੍ਹਤ ਸਿੰਘ ਦੇ ਪੁੱਤਰ ਮਹਾਂ ਸਿੰਘ ਨੂੰ ਪ੍ਰਾਪਤ ਹੁੰਦਾ ਹੈ ।

ਸ. ਮਹਾਂ ਸਿੰਘ ਤੋਂ ਬਾਅਦ 1790 ਈ. ਵਿਚ ਨਾਬਾਲਗ ਰਣਜੀਤ ਸਿੰਘ ਇਸ ਮਿਸਲ ਦਾ ਵਾਰਸ ਬਣਿਆ ਅਤੇ ਜੋ 1799 ਈ. ਵਿਚ ਬਾਕਾਇਦਾ ਤੌਰ ਉੱਤੇ ਲਾਹੌਰ ਦੇ ਤਖ਼ਤ ਉੱਤੇ ਸੁਸ਼ੋਭਿਤ ਹੋਇਆ ਅਤੇ ਮਹਾਰਾਜਾ ਦਾ ਪਦ ਧਾਰਨ ਕੀਤਾ । ਥੋੜ੍ਹੇ ਜਿੰਨੇ ਸਮੇਂ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਰਾਜ ਦੂਰ-ਦੂਰ ਤਕ ਫੈਲਾ ਦਿੱਤਾ ਅਤੇ ਪੂਰੇ ਤਪ ਤੇਜ ਨਾਲ ਆਪਣੇ ਜੀਵਨ ਦੇ ਅੰਤ (1839 ਈ.) ਤਕ ਰਾਜ ਕਰਦਾ ਰਿਹਾ । ਬਾਅਦ ਵਿਚ ਯੋਗ ਉੱਤਰਅਧਿਕਾਰੀਆਂ ਦੀ ਘਾਟ ਅਤੇ ਦਰਬਾਰ ਦੇ ਨਾ-ਅਹਿਲ, ਬੇਈਮਾਨ ਤੇ ਗੱਦਾਰ ਵਜ਼ੀਰਾਂ ਅਤੇ ਜਰਨੈਲਾਂ ਦੀਆਂ ਕਰਤੂਤਾਂ ਸਦਕਾ ਮਹਾਨ ਰਾਜ ਦਸਾਂ ਸਾਲਾਂ ਵਿਚ ਖੇਰੂੰ-ਖੇਰੂੰ ਹੋ ਗਿਆ ਅਤੇ 1849 ਈ. ਵਿਚ ਈਸਟ ਇੰਡੀਆ ਕੰਪਨੀ ਨੇ ਸਾਰਾ ਪੰਜਾਬ ਰਾਜ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ ।

ਲਾਜ਼ਮੀ ਸੀ ਕਿ ਇਹ ਉਤਾਰ ਚੜ੍ਹਾ ਕਵੀ ਮਨਾਂ ਨੂੰ ਆਪਣੇ ਵੱਲ ਖਿਚਦੇ ਅਤੇ ਹੋਇਆ ਵੀ ਕੁਝ ਇਸ ਤਰ੍ਹਾਂ ਹੀ । ਗਵਾਲ ਭੱਟ, ਕਾਨ੍ਹ ਸਿੰਘ ਬੰਗਿਆ ਵਾਲਾ, ਸ਼ਾਹ ਮੁਹੰਮਦ, ਸਹਾਈ ਸਿੰਘ, ਮਟਕ ਆਦਿ ਕੁਝ ਨਾਮਵਰ ਕਵੀ ਹੋਏ ਹਨ ਜਿਨ੍ਹਾਂ ਨੇ ਸਿੱਖ ਰਾਜ ਦੇ ਉਭਾਰ ਅਤੇ ਉਤਾਰ ਤੇ ਜਜ਼ਬਿਆਂ ਭਰੀ ਰਚਨਾ ਕੀਤੀ ਹੈ । ਇਨ੍ਹਾਂ ਲਿਖਤਾਂ ਵਿਚੋਂ ਮਹਾਰਾਜਾ ਰਣਜੀਤ ਸਿੰਘ ਦਾ ਜੋ ਸਰੂਪ ਉਘੜ ਕੇ ਸਾਹਮਣੇ ਆਉਂਦਾ ਹੈ ਉਹ ਇਕ ਮਹਾਨ ਜੇਤੂ ਜਰਨੈਲ, ਚੰਗੇ ਸ਼ਾਸਕ ਅਤੇ ਸਫ਼ਲ ਨੀਤੀਵੇਤਾ ਦਾ ਹੈ । ਲੰਮੀ ਬਦਅਮਨੀ ਤੋਂ ਬਾਅਦ ਦੇਸ਼ ਨੂੰ ਪਹਿਲੀ ਵਾਰ ਸ਼ਾਂਤੀ ਤੇ ਅਮਨ ਕਾਇਮ ਕਰਨ ਵਾਲਾ ਮਹਾਰਾਜਾ ਰਣਜੀਤ ਸਿੰਘ ਲੋਕਾਂ ਪਾਸੋਂ ਆਪਣੇ ਆਪ ਜਸ ਲੈਂਦਾ ਹੈ ।

ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ

ਪਹਿਲੀ ਚੀਜ਼ ਜੋ ਇਨ੍ਹਾਂ ਰਚਨਾਵਾਂ ਵਿਚ ਉਘੜ ਕੇ ਸਾਹਮਣੇ ਆਉਂਦੀ ਹੈ, ਉਹ ਮਹਾਰਾਜਾ ਰਣਜੀਤ

ਸਿੰਘ ਦੀਆਂ ਜਿੱਤਾਂ ਤੇ ਦੂਰ-ਦੂਰ ਤਕ ਫੈਲੇ ਰਾਜ ਦੇ ਪਸਾਰ ਦੀ ਹੈ। ਗਵਾਲ ਭੱਟ ਆਪਣੀ ਰਚਨਾ 'ਬਿਜੈ ਬਿਨੋਦ' (ਵਿਜਯ ਵਿਨੋਦ) ਵਿਚ ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ ਦਾ ਵਰਣਨ ਕਰਦਾ ਲਿਖਦਾ ਹੈ :

ਠਕਾਰੀ ਨ ਕਾਹੂੰ ਕੀ ਰਹਨ ਦੀਨ ਪਰਬਤ ਮੈਂ,
ਬਾਈਸ ਹੂੰ ਧਾਰ ਤੇ ਕਰਾਈ ਨਿਤ ਚਾਕਰੀ।
ਮਹਾਰਾਜਾ ਰਾਜਨ ਕੇ ਬੀਰ ਰਣਜੀਤ ਸਿੰਘ,
ਪ੍ਰਥਮ ਪੰਜਾਬੀ ਔ ਪਹਾੜੀ ਜੀਤੇ ਸਾਗਰੇ।
ਅਟਕ ਪਿਸ਼ੌਰ ਕਸ਼ਮੀਰ ਮਨਕੇਰਾ ਅਰੁ,
ਮਾਰੀ ਮੁਲਤਾਨ ਕਿਯੇ ਸਭ ਡਗਮਗ ਰੇ।
ਗਵਾਲ ਕਵਿ ਕਹਿਤ ਨਵਾਬਨ ਬਿਆਬ ਕਿਯੈ,
ਮੋਤ ਸੌ ਖਰਾਬ ਕਿਯੇ ਲਾਖਨ ਸੌ ਅਗਰੇ। 1।

ਗਵਾਲ ਭੱਟ ਇਸ ਗੱਲ ਨੂੰ ਬੜੇ ਫ਼ਖ਼ਰ ਨਾਲ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਪਹਿਲਾ ਪੰਜਾਬੀ ਜੋਧਾ ਹੈ ਜਿਸ ਨੇ ਬਾਈ ਧਾਰ ਦੇ ਪਹਾੜੀ ਰਾਜਿਆਂ ਨੂੰ ਨਿਵਾਇਆ। ਫਿਰ ਦੂਰ-ਦੂਰ ਤਕ ਜੋ ਰਾਜ ਵਿਸਥਾਰਿਆ, ਇਹ ਭੀ ਮਹਾਰਾਜਾ ਸਾਹਿਬ ਨੇ ਕਿਸੇ ਤੋਂ ਭਿਖਿਆ ਵਿਚ ਨਹੀਂ ਤੇ ਨਾ ਹੀ ਕਿਸੇ ਕੂਟਨੀਤੀ ਨਾਲ ਫੈਲਾਇਆ ਸਗੋਂ ਇਹ ਸਾਰੇ ਸ਼ਮਸ਼ੀਰ ਤੇ ਬਾਹੂ ਬਲ ਨਾਲ ਜਿੱਤੇ। ਗਵਾਲ ਅੱਗੇ ਚਲ ਕੇ ਕਹਿੰਦਾ ਹੈ :

ਮਾਰ ਮਾਰ ਤਰਵਾਰ ਲਿਯੈ ਬਹੁਗੜ੍ਹ ਦੇਸ਼ ਸਮਾਜ।
ਕਿਯੋ ਹਜ਼ਾਰਨ ਕੋਸ ਮੈਂ ਮਹਾਰਾਜ ਨੇ ਰਾਜ। 22।

ਭਾਈ ਕਾਹਨ ਸਿੰਘ ਬੰਗਾ ਨਿਵਾਸੀ ਨੇ ਆਪਣੀ ਰਚਨਾ 'ਜੰਗਨਾਮਾ ਲਾਹੌਰ' ਵਿਚ ਮਹਾਰਾਜ ਦੀਆਂ ਜਿੱਤਾਂ ਬਾਰੇ ਪ੍ਰਕਾਸ਼ ਪਾਂਦਿਆਂ ਲਿਖਿਆ ਹੈ :

ਮਹਾਰਾਜਾ ਜੰਗੀ ਬਹਾਦਰ ਹੂਆ।
ਉਸੇ ਸਾਥ ਲੜਨੇ ਕੋ ਨ ਥਾ ਦੂਆ।
ਮਹਾਰਾਜਾ ਰਣਜੀਤ ਸਿੰਘ ਥਾ ਬਨਾਮ।
ਰਖੈ ਖੌਫ਼ ਖ਼ਾਲਿਕ ਕਾ ਦਿਲ ਮੈਂ ਤਮਾਮ।
ਅਵਲ ਉਨ ਨੇ ਲਾਹੌਰ ਲੀਨਾ ਲਪਟ।
ਲੀਆ ਕਾਂਗੜਾ ਕੋਟ ਉਸ ਪਰ ਝਪਟ।
ਲੈ ਮਨਕੇਰਾ ਔ ਕਸ਼ਮੀਰ ਉਨ ਲੀਆ।
ਜਲਦ ਬੀਚ ਮੁਲਤਾਨ ਥਾਨਾ ਕੀਆ।
ਲੀਆ ਪਲ ਮੈਂ ਪਿਸ਼ੌਰ ਗਿਲਜਾ ਜਿੱਤੇ।
ਕਿਤੇ ਪਰਬਤੀ ਕੂਟ ਕੀਨੇ ਛਤੇ।
ਜਿਤੇ ਥੇ ਹੁਕਮ ਹਰ ਜ਼ਬਾਂ ਯਕ ਕਰੈ।
ਨਹੀਂ ਔਰ ਕੇ ਛਤ੍ਰ ਚਾਮਰ ਢਰੇ। 31।

ਤੇ ਸ਼ਾਹ ਮੁਹੰਮਦ ਖ਼ਾਲਸਾ ਰਾਜ ਦੇ ਵਿਸਤਾਰ ਦੀ ਪੁਸ਼ਟੀ ਕਰਦਾ ਕਹਿੰਦਾ ਹੈ :

ਮਹਾਂ ਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ ਕਸ਼ਮੀਰ ਪਿਸ਼ੌਰ ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ।

ਤਿਬਤ ਦੇਸ ਲਦਾਖ਼ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪੱਚਾਸ ਬਰਸਾਂ,
ਅਛਾ ਰਜ ਕੇ ਰਾਜ ਕਮਾਏ ਗਿਆ। 5।

ਰਾਜਭਾਗ

ਉਪਰ ਆਏ ਤਿੰਨਾਂ ਕਾਵਿ ਟੋਟਿਆਂ ਵਿਚੋਂ ਜੋ ਖ਼ਾਲਸਾ ਰਾਜ ਦੇ ਪਸਾਰ ਦੀ ਤਸਵੀਰ ਉਘੜਦੀ ਹੈ, ਉਸ ਵਿਚ ਪੰਜਾਬ ਤੋਂ ਇਲਾਵਾ ਜੰਮੂ, ਕਸ਼ਮੀਰ, ਲਦਾਖ਼ (ਚੀਨ ਦੀਆਂ ਹੱਦਾਂ ਤਕ), ਚੰਬਾ, ਬਾਈਧਾਰ ਦਾ ਪਹਾੜੀ ਇਲਾਕਾ ਤੇ ਕਾਂਗੜਾ (ਵਰਤਮਾਨ ਸਾਰਾ ਹਿਮਾਚਲ), ਮਨਕੇਰਾ (ਕੈਂਬਲਪੁਰ-ਅਟਕ ਜ਼ਿਲ੍ਹਾ), ਸਿੰਧ ਪਾਰ ਦੇ ਡੇਰਾ ਜਾਤ, ਸੂਬਾ ਪਿਸ਼ਾਵਰ (ਹੁਣ ਪਾਕਿਸਤਾਨ ਦਾ ਸਰਹਦੀ ਸੂਬਾ) ਤੇ ਅਫ਼ਗਾਨ ਰਾਜ ਦਾ ਦੱਰਾ ਖ਼ੈਬਰ ਤਕ ਫੈਲਿਆ ਮਹਾਨ ਰਾਜ ਸ਼ਾਮਲ ਸੀ। ਅੰਗਰੇਜ਼ ਇਤਿਹਾਸਕਾਰ ਹੈਨਰੀ ਪ੍ਰਿੰਸਪ (Henry T. Prinsep) ਜੋ 1834 ਈ. ਵਿਚ ਪੰਜਾਬ ਆਇਆ, ਮਹਾਰਾਜਾ ਰਣਜੀਤ ਸਿੰਘ ਦੇ ਦੂਰ-ਦੂਰ ਪਸਰੇ ਰਾਜ ਵਿਚ ਸਤਲੁਜ ਤੇ ਸਿੰਧ ਦਰਿਆ ਦੇ ਵਿਚਕਾਰ ਦਾ ਸਾਰਾ ਇਲਾਕਾ, ਕਸ਼ਮੀਰ, ਸਾਰਾ ਪਹਾੜੀ ਇਲਾਕਾ, ਲੱਦਾਖ਼ ਤੇ ਹਿਮਾਲਾ ਤੋਂ ਪਾਰ ਚੀਨ ਦੀਆਂ ਹੱਦਾਂ ਤਕ, ਸਤਲੁਜ ਪਾਰ 45 ਤਅਲਕੇ, ਸਿੰਧ ਤੋਂ ਪਾਰ ਡੇਰਾ ਇਸਮਾਈਲ ਖ਼ਾਨ, ਡੇਰਾ ਗਾਜ਼ੀਖ਼ਾਨ, ਪਿਸ਼ਾਵਰ, ਅਕੋੜਾ ਅਤੇ ਦਰਾ ਖ਼ੈਬਰ ਤਕ ਦੇ ਸਾਰੇ ਇਲਾਕੇ ਸ਼ਾਮਲ ਕਰਦਾ ਹੈ-ਪ੍ਰਿੰਸਪ ਇਹ ਵੀ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਟੋਕ ਤੇ ਸਾਗੁਰ ਦੇ ਬਲੋਚ ਸਰਦਾਰਾਂ ਤੋਂ ਭੀ ਖਿਰਾਜ ਵਸੂਲ ਕਰਦਾ ਹੈ।

(ਡਾ. ਗੰਡਾ ਸਿੰਘ, *'ਮਹਾਰਾਜਾ ਰਣਜੀਤ ਸਿੰਘ'*, ਭਾਸ਼ਾ ਵਿਭਾਗ, ਪੰਨਾ 231)

ਇਸ ਪੱਕੇ ਹਵਾਲੇ ਤੋਂ ਸਿੱਧ ਹੁੰਦਾ ਹੈ ਕਿ ਸਿੱਖ ਰਾਜ ਨਾਲ ਸੰਬੰਧਿਤ ਉਕਤ ਵਾਰ ਕਾਵਿ ਅਤੇ ਜੰਗਨਾਮਿਆਂ ਵਿਚ ਜਿਥੇ ਸਾਹਿੱਤਿਕ ਗੁਣ ਭਰੇ ਹਨ ਉਥੇ ਇਤਿਹਾਸਿਕ ਤੌਰ ਤੇ ਵੀ ਇਹ ਪ੍ਰਮਾਣਿਕ ਮੰਨੇ ਜਾ ਸਕਦੇ ਹਨ। ਇਹ ਕਾਵਿ ਰਚਨਾਵਾਂ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਮਹਾਨ ਜੇਤੂ ਸਿੱਧ ਕਰਦੀਆਂ ਹਨ।

ਤੇਜ ਪ੍ਰਤਾਪ

ਬੀਰ ਕਾਵਿ ਦੀਆਂ ਇਨ੍ਹਾਂ ਰਚਨਾਵਾਂ ਵਿਚ ਮਹਾਰਾਜਾ ਸਾਹਿਬ ਦੇ ਸਰੂਪ-ਚਿਤ੍ਰਣ ਵਿਚ ਜੋ ਦੂਜੀ ਗੱਲ ਪ੍ਰਤੱਖ ਹੁੰਦੀ ਹੈ ਉਹ ਹੈ ਮਹਾਰਾਜਾ ਰਣਜੀਤ ਸਿੰਘ ਦਾ ਤੇਜ ਪ੍ਰਤਾਪ ਅਥਵਾ ਦਬਦਬਾ ਜੋ ਦੂਰ-ਦੂਰ ਤਕ ਫੈਲਿਆ ਹੋਇਆ ਸੀ। ਆਮ ਤੌਰ ਉੱਤੇ ਜਾਣਿਆ ਜਾਂਦਾ ਹੈ ਕਿ ਖ਼ੈਬਰ ਪਾਰ ਤੇ ਕਾਬਲ ਦੀਆਂ ਪਠਾਣੀਆਂ ਹਰੀ ਸਿੰਘ ਨਲੂਆ ਦਾ ਨਾਂ ਲੈ ਕੇ ਬੱਚਿਆਂ ਨੂੰ ਡਰਾਉਂਦੀਆਂ ਸਨ, ਪਰ ਇਸ ਸੰਬੰਧ ਵਿਚ ਕਵੀ ਗਵਾਲ ਦਾ ਕਥਨ ਵੀ ਵਰਣਨਯੋਗ ਹੈ :

ਬਾਦਸ਼ਾਹ ਸੰਗਯਾ ਪ੍ਰਸਿੱਧ, ਭਈ ਜਗਤ ਸਭ ਠੌਰ।
ਜਾ ਕੇ ਸੌਹੀ ਜੰਗ ਕੋ, ਰਹਯੋ ਨ ਦੂਸਰ ਔਰ। 12।
ਖ਼ੈਬਰ ਤੇ ਜੋ ਪਾਰ ਰਹੈਂ, ਕਾ ਨਬਾਬ ਕਾ ਸਾਹ।
ਤਿਨ ਕੀ ਨਾਰੀ ਯੌਂ ਕਹੈਂ, ਸੁਨੋ ਹਮਾਰੇ ਨਾਹ। 13। (ਦੋਹਿਰਾ ਗਵਾਲ)
ਸ਼ੇਰਨ ਪੈ ਜਾਨੇ ਸ਼ਮਸ਼ੇਰ ਘਾਲਿਯਾਂ ਹੈਂ ਵਹੀ,
ਰਣਜੀਤ ਜੀ ਕੀ ਫ਼ੌਜ ਆਵੈ ਚਾਲਿਯਾਂ।
ਕਾਲਿਯਾਂ ਅਕਾਲਿਯਾਂ ਦੀ ਪੰਤਿ ਦੂਰ ਦੀਸੈ ਕੰਤ,
ਜਾਯਗੀ ਸਮ੍ਹਾਲਿਆਂ ਨ ਫੇਰ ਤਤਕਾਲਿਯਾਂ।
ਗਵਾਲ ਕਵਿ ਚਾਹਤ ਖੁਸ਼ਾਲਿਯਾਂ ਬਿਸਾਲਿਯਾਂ ਜੋ,
ਰਾਖਨੀ ਹੈਂ ਮੁਖ ਪਰ ਲਾਲਿਯਾ ਬਹਾਲਿਯਾਂ।

ਮੇਵਨ ਕੀ ਡਾਲਿਯਾਂ ਤੁਰੰਗਨ ਕੀ ਪਾਲਿਯਾਂ ਲੈ,
ਘਿਲੋ ਮੁਕਤਾਲਿਯਾਂ ਦੇ ਨਜ਼ਰ ਉਤਾਲਿਯਾਂ । 15 ।

ਭਾਵ ਪਠਾਣੀਆਂ ਆਪਣੇ ਆਦਮੀਆਂ ਨੂੰ ਕਹਿੰਦੀਆਂ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਸੰਭਾਲੀਆਂ ਨਹੀਂ ਜਾਣਗੀਆਂ, ਇਸ ਲਈ ਚੰਗਾ ਹੈ ਕਿ ਕੀਮਤੀ ਤੁਹਫ਼ੇ ਤੇ ਘੋੜੇ ਲੈ ਕੇ ਆਪ ਮਹਾਰਾਜਾ ਦੇ ਹਜ਼ੂਰ ਹਾਜ਼ਿਰ ਹੋਵੋ ਤੇ ਆਰਾਮ ਨਾਲ ਰਹੋ । ਹਰ ਦੂਜੇ ਚੌਥੇ ਸਾਲ ਆ ਕੇ ਭਾਰਤ ਅੰਦਰ ਲੁਟ ਮਾਰ ਕਰਨ ਵਾਲਿਆਂ ਦੇ ਰਸਤੇ ਬੰਦ ਹੋ ਗਏ । ਖ਼ਾਲਸਾ ਰਾਜ ਭਾਰਤ ਲਈ ਸਦਿ ਸਿਕੰਦਰੀ ਸਾਬਤ ਹੋਇਆ :

ਸਦਿ ਸਿਕੰਦਰੀ ਹਿਲਾਵਤ ਅਨੇਕੋ ਹਾਥ,
ਆਉ ਮਤ ਯਹਾਂ ਕਾਲ ਕਹਰ ਦਰਿਆਵ ਹੈ । 16 । (ਵਿਜੈ ਵਿਨੋਦ)

ਅਤੇ ਫਿਰ ਜੋ ਦੂਰ-ਦੂਰ ਤੋਂ ਮਹਾਰਾਜਾ ਸਾਹਿਬ ਦੇ ਦਰਬਾਰ ਤੋਹਫੇ ਤਹਾਇਫ਼ ਆਉਂਦੇ ਹਨ, ਕਵੀ ਉਨ੍ਹਾਂ ਦਾ ਜ਼ਿਕਰ ਕਰਦਾ ਲਿਖਦਾ ਹੈ :

ਕਾਬਲੀ ਕੰਧਾਰੀ ਸੇਵ ਸਰਦਾ ਅੰਗੂਰ ਦਾਰਯੋਂ,
ਤੁਰਕੀ ਹਜਾਰੋਂ ਲਾਗੇ ਪਠਵਨ ਜੇ ਜਚੇ ।
ਬਲਖ ਬੁਖ਼ਾਰੇ ਤੇ ਅਜਾਇਬ ਅਨੇਕ ਚੀਜ਼ੇਂ,
ਚੀਨਵਾਰੇ ਭੇਜੇਂ ਕਲਦਾਰ ਤੋਪ ਤੁਮਚੇ ।
ਗਵਾਲ ਕਵਿ ਮਹਾਰਾਜ ਰਣਜੀਤ ਸਿੰਘ ਜੂਕੇ,
ਭੇਜੇ ਹੱਦ ਹੱਦ ਤੁਹਫ਼ੇ ਸਿੰਧੂ ਹਦਪਰਚੇ ।

ਦਰਬਾਰ ਵਿਚ ਬੈਠੇ ਮਹਾਰਾਜਾ ਸਾਹਿਬ ਜਦ ਮੁੱਛ ਨੂੰ ਮਰੋੜਾ ਦਿੰਦੇ ਸਨ, ਤਾਂ ਵੱਡੇ-ਵੱਡੇ ਪ੍ਰਤਾਪਵਾਨਾਂ ਦੇ ਦਿਲ ਦਹਿਲ ਜਾਂਦੇ ਸਨ :

ਸਹਿਜ ਸੁਭਾ ਮੈ ਮਹਾਰਾਜੈ ਰਣਜੀਤ ਸਿੰਘ,
ਦੋਉ ਅਨੀ ਮੂਛ ਕੀ ਮਰੋਰਤ ਪਰਚੈਂ ਹੈ ।
ਤਬ ਕੁਝ ਐਸੀ ਫੈਲ ਜਾਤ ਹੈ ਤਸੀਰ ਤੇਜ,
ਤਿੱਬਤ ਤਮਾਮ ਹੈ ਅਤਿਬ ਆਮ ਨਚੈ ਹੈ ।
ਗਵਾਲ ਕਵਿ ਕਹੈ ਆਸ ਪਾਸ ਕੇ ਮਹੀਪ ਔਰ,
ਦੀਪ ਬਿਨ ਕਾਂਟੇ ਰਾਤਿ ਬਾਤ ਕੋ ਨ ਰਚੈ ਹੈਂ । 17 ।

ਕੌਮੀ ਏਕਤਾ ਤੇ ਅਮਨ

ਜੋ ਦਬਦਬਾ ਬਾਹਰ ਦੂਰ-ਦੂਰ ਤਕ ਪਸਰਿਆ ਹੈ, ਜੇ ਦੇਸ਼ ਅੰਦਰ ਵੀ ਹੋਵੇ ਤਾਂ ਹੀ ਦੇਸ਼ ਵਿਚ ਅਮਨ ਰਹਿ ਸਕਦਾ ਹੈ । ਮਹਾਰਾਜਾ ਸਾਹਿਬ ਦੇ ਇਸ ਦਬਦਬੇ ਦੇ ਫਲਸਰੂਪ ਦੇਸ਼ ਵਿਚ ਅਮਨ ਅਮਾਨ ਸਥਾਪਿਤ ਰਿਹਾ, ਉਸ ਕਰਕੇ ਰਾਉ ਰੰਕ ਵਿਚ ਭੇਦ ਘੱਟ ਗਿਆ ਹੈ । ਉਚ ਨੀਚ, ਗ਼ਰੀਬ ਅਮੀਰ, ਧਨਵਾਨ ਨਿਰਧਨ, ਨਿਰਬਲ ਬਲਧਾਰੀ, ਸਭ ਲੋਕ ਹਰ ਤਰ੍ਹਾਂ ਨਾਲ ਮਿਲ-ਜੁਲ ਕੇ ਰਹਿੰਦੇ ਹਨ । ਚੋਰ, ਧਾੜਵੀ, ਰਾਹਮਾਰ ਡਾਕੂ ਆਦਿ ਦਾ ਜਿਵੇਂ ਨਾਂ ਨਿਸ਼ਾਨ ਮਿਟ ਗਿਆ ਹੈ :

ਪਰਮ ਪਰਤਾਪੀ ਮਹਾਰਾਜੇ ਰਣਜੀਤ ਸਿੰਘ,
ਕੇਤੇ ਰੰਕ ਕੀਯੇ ਭੂਪ ਭੂਪੇ ਰੰਕ ਸਰ ਜੀ ।
ਚੋਰ ਧਾੜਵੀਨ ਕੀ ਨ ਰਾਖੀ ਹੈ ਨਿਸ਼ਾਨੀ ਕਹੂੰ,
ਸ਼ੇਰ ਗਾਈ ਪਾਨੀ ਪਿਯੈਮੇਲ ਏਕ ਮਰਜ਼ੀ । (ਗਵਾਲ)

ਤੇ ਕਵੀ ਸ਼ਾਹ ਮੁਹੰਮਦ ਇਸ ਅਮਨ ਵਿਚੋਂ ਪੈਦਾ ਹੋਈ ਹਿੰਦੂ ਮੁਸਲਮਾਨਾਂ ਦੀ ਸਾਂਝ ਦੀ ਵੱਡੀ ਗਵਾਹੀ ਭਰਦਾ ਕਹਿੰਦਾ ਹੈ :

ਰਾਜ਼ੀ ਬਹੁਤ ਰਹਿੰਦੇ ਹਿੰਦੂ ਮੁਸਲਮਾਨ ਦੋਵੇਂ,
ਸਿਰ ਦੋਹਾਂ ਦੇ ਵਡੀ ਆਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।

ਹਿੰਦੂ ਮੁਸਲਮਾਨਾਂ ਦਾ ਰਲਮਿਲ ਤੇ ਘੁਲਮਿਲ ਕੇ ਰਾਜ਼ੀ ਬਾਜ਼ੀ ਰਹਿਣਾ ਤਾਂ ਸੁਪਨਾ ਹੀ ਹੋ ਗਿਆ ਹੈ। ਸੈਕੂਲਰਿਜ਼ਮ ਦੇ ਨਾਹਰੇ ਹੇਠ ਭਾਰਤ ਅੰਦਰ ਜੋ ਕੁਝ ਅੱਜ ਵਾਪਰ ਰਿਹਾ ਹੈ, ਇਸ ਦੇ ਟਾਕਰੇ ਉੱਤੇ ਸ਼ਾਹ ਮੁਹੰਮਦ ਦੇ ਬੋਲਾਂ ਅਨੁਸਾਰ ਮਹਾਰਾਜਾ ਰਣਜੀਤ ਦਾ ਰਾਜਕਾਲ ਪੰਜਾਬ ਲਈ ਸੁਨਹਿਰੀ ਕਾਲ ਹੀ ਕਿਹਾ ਜਾ ਸਕਦਾ ਹੈ। ਜਦ ਅੰਗਰੇਜ਼ਾਂ ਹੱਥੋਂ ਪਹਿਲੀ ਜੰਗ ਵਿਚ ਸਿੱਖ ਫ਼ੌਜਾਂ ਹਾਰ ਗਈਆਂ, ਤਾਂ ਸ਼ਾਹ ਮੁਹੰਮਦ ਕੀਰਨੇ ਪਾਂਦਾ ਕਹਿੰਦਾ ਹੈ :

ਮੁਠੀ ਮੀਟੀ ਸੀ ਦੇਸ਼ ਪੰਜਾਬ ਦੀ ਜੀ,
ਇਨ੍ਹਾਂ ਖੋਲ੍ਹ ਦਿਤਾ ਸਾਰਾ ਪਾਜ ਯਾਰੋ।

ਤੇ ਅੰਗਰੇਜ਼ ਦੀ ਆਮਦ ਤੇ ਇਕ ਵਾਰ ਫਿਰ ਹਿੰਦੂ ਮੁਸਲਿਮ ਏਕਤਾ ਦਾ ਨਾਅਰਾ ਲਾਂਦਾ ਹੈ :

ਵਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ,
ਉਨ੍ਹਾਂ ਨਾਲ ਨ ਕਿਸੇ ਦਾ ਵਾਸਤਾ ਈ।

ਅਫ਼ਸੋਸ, ਇਹ ਹਿੰਦੂ, ਮੁਸਲਮਾਨ, ਸਿੱਖ, ਈਸਾਈ ਦੀ ਸਾਂਝ ਹੁਣ ਕੇਵਲ ਸੁਪਨਾ ਬਣ ਕੇ ਰਹਿ ਗਈ ਹੈ। ਅੱਜ ਲੋੜ ਫਿਰ ਇਕ ਸੂਝਵਾਨ ਤੇ ਵੱਡੇ ਦਿਲ ਵਾਲੇ ਸ਼ਾਸਕ ਦੀ ਹੈ, ਤਾਂ ਜੋ ਦੇਸ਼ ਵਿਚ ਇਕ ਵਾਰ ਫਿਰ ਦਿਲਾਂ ਦੀ ਸਾਂਝ ਪੈਦਾ ਹੋਵੇ।

ਦੇਸ਼ ਨੂੰ ਫ਼ੌਜੀ ਤੌਰ ਉੱਤੇ ਮਜ਼ਬੂਤ ਅਤੇ ਅਜਿਤ, ਆਰਥਿਕ ਤੌਰ ਉੱਤੇ ਖ਼ੁਸ਼ਹਾਲ ਅਤੇ ਸਮਾਜਿਕ ਤੌਰ ਉੱਤੇ ਸੰਗਠਿਤ ਕਰਨਾ ਹਾਰੀ ਸਾਰੀ ਦਾ ਕੰਮ ਨਹੀਂ। ਗੱਲਾਂ ਨਾਲ ਇਹ ਏਕਤਾ ਪੈਦਾ ਹੋ ਸਕਦੀ ਤਾਂ ਨਵ ਭਾਰਤ ਵਿਚ ਇਹ ਏਕਤਾ ਕਦੇ ਦੀ ਸਥਾਪਿਤ ਹੋ ਚੁੱਕੀ ਹੁੰਦੀ। ਸਭ ਤੋਂ ਔਖਾ ਕੰਮ ਕੌਮ ਨੂੰ ਸੰਗਠਿਤ ਕਰਨਾ ਹੈ ਅਤੇ ਇਹ ਕੰਮ ਨਿਪੁੰਣ ਨੇਤ੍ਰਿਤਵ ਰਾਹੀਂ ਹੋ ਸਕਦਾ ਹੈ। ਦੇਸ਼ ਨੂੰ ਨੇਤ੍ਰਿਤਵ, ਗੱਲਾਂ ਕਰਨ ਵਾਲਾ ਨਹੀਂ, ਕੋਈ ਅਨੁਭਵੀ, ਤਪੱਸਵੀ ਆਗੂ ਹੀ ਪ੍ਰਦਾਨ ਕਰ ਸਕਦਾ ਹੈ।

ਨੇਤ੍ਰਿਤਵ (ਲੀਡਰਸ਼ਿਪ)

ਤਾਰੀਖ਼ ਗਵਾਹ ਹੈ ਕਿ ਪੰਜਾਬ ਵਿਚ ਜੋ ਵੀ ਥਾਂ ਸਿੱਖ ਕੌਮ ਨੇ ਬਣਾਈ ਉਹ ਸਿਰਾਂ ਦੀ ਬਾਜ਼ੀ ਲਾ ਕੇ ਬਣਾਈ ਅਤੇ ਜੇ ਕੋਈ ਰਾਜ-ਸੱਤਾ ਕਾਇਮ ਕੀਤੀ ਤਾਂ ਕਿਸੇ ਦੀ ਬਖਸ਼ਿਸ਼ ਦੁਆਰਾ ਨਹੀਂ ਆਪਣੇ ਗੁਰੂ ਦੀ ਓਟ ਤੇ ਆਪਣੇ ਬਾਹੂ ਬਲ ਤੇ 'ਸ਼ਮਸ਼ੀਰਿ ਫ਼ਾਤਹ' ਨਾਲ ਕਾਇਮ ਕੀਤੀ। ਪਰ ਇਕ ਵਾਰ ਜਦ ਰਾਜ ਪਾਟ ਸੰਭਾਲਿਆ ਤਾਂ ਮਨ ਨੀਵਾਂ ਤੇ ਮਤ ਉੱਚੀ ਰਖੀ। ਸਿੱਖ ਮਿਸਲਦਾਰ ਮੁਸਲਮਾਨ ਜਰਵਾਣਿਆਂ ਨਾਲ ਤਾਂ ਲੋਹਾ ਲੈਂਦੇ ਰਹੇ ਪਰ ਜਨ-ਸਾਧਾਰਨ (ਹਿੰਦੂ ਮੁਸਲਮਾਨ) ਨੂੰ ਸਦਾ ਆਦਰ ਭਰੀ ਥਾਂ ਦਿੱਤੀ। ਬਸ ਇਹੀ ਸੀ ਬੇਮਿਸਾਲ ਨੇਤ੍ਰਿਤਵ ਜੋ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬੀ ਕੌਮ ਨੂੰ ਪ੍ਰਦਾਨ ਕੀਤਾ। ਹਿੰਦੂ ਅਤੇ ਮੁਸਲਮਾਨ ਅਤੇ ਸਿੱਖਾਂ ਵਿਚੋਂ ਨਗੀਨੇ ਚੁਣੇ ਗਏ ਤੇ ਉਨ੍ਹਾਂ ਨੂੰ ਆਦਰਯੋਗ ਥਾਵਾਂ ਉਪਰ ਤਾਇਨਾਤ ਕੀਤਾ ਗਿਆ। ਜੇ ਫ਼ਕੀਰ ਅਜ਼ੀਜ਼ੁਦਦੀਨ ਵਿਦੇਸ਼ ਮੰਤਰੀ ਬਣੇ, ਤਾਂ ਮਾਖੇ ਖ਼ਾਨ ਤੋਪਖ਼ਾਨੇ ਦਾ ਇੰਚਾਰਜ ਨਿਯੁਕਤ ਹੋਇਆ :

ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫ਼ਰੰਗੀ ਦੇ ਮੋੜ ਦਿਤੇ। (ਸ਼ਾਹ ਮੁਹੰਮਦ)

ਜਿਥੇ ਸਿੱਖ ਅਤੇ ਮੁਸਲਮਾਨ ਫ਼ੌਜਾਂ ਵਿਚ ਪ੍ਰਧਾਨ ਸਨ, ਉਥੇ ਦਰਬਾਰ ਅਤੇ ਫ਼ੌਜਾਂ ਦੀ ਰਸਦ ਰਸਾਨੀ ਦਾ ਬਹੁਤ ਕੰਮ ਹਿੰਦੂ ਅਫ਼ਸਰਾਂ ਪਾਸ ਸੀ, ਜਿਵੇਂ :

ਮਹਾਰਾਜ ਜੂ ਨਾਮ ਸਾਹਿਬ ਕਲਾਂ ।
ਕੀਆਂ ਧਿਆਨ ਸਿੰਘ ਕੋ ਵਜ਼ਾਰਤ ਨਿਸ਼ਾ ।
ਦੀਨਾ ਨਾਥ ਕੋ ਇਲਮ ਆਲਮ ਪਛਾਨ ।
ਕੀਆ ਪਾਤਸ਼ਾਹੀ ਕਾ ਦਫ਼ਤਰ ਦੀਵਾਨ ।
ਕਿਤੇ ਅਫ਼ਸਰੀ ਦਫ਼ਤਰੀ ਹੈਂ ਦਿਵਾਨ । 36 । (ਭਾਈ ਕਾਹਨ ਸਿੰਘ ਬੰਗਿਆਂ ਵਾਲਾ)

ਕਿਸੇ ਪ੍ਰਕਾਰ ਭੇਦ ਭਾਵ ਤੋਂ ਬਿਨਾ ਮਹਾਰਾਜਾ ਸਾਹਿਬ ਜਦ ਸਰਕਾਰ ਦੇ ਕੰਮ-ਕਾਰ ਲਈ ਵਿਅਕਤੀਆਂ ਦੀ ਚੋਣ ਕਰਦੇ ਸਨ ਤਾਂ ਉਨ੍ਹਾਂ ਦੀ ਅਗਵਾਈ ਵੀ ਆਪ ਹੀ ਕਰਦੇ ਸਨ । ਜਦ ਸਰਹੱਦੀ ਇਲਾਕੇ ਉੱਤੇ ਆਪਣਾ ਤਸੱਲਤ ਕਾਇਮ ਕਰਨ ਤੇ ਕਿਲਾ ਜਮਰੌਦ ਤੇ ਝੰਡਾ ਲਹਿਰਾਉਣ ਲਈ ਸ. ਹਰੀ ਸਿੰਘ ਨਲਵਾ ਦੀ ਚੋਣ ਕੀਤੀ ਗਈ ਤਾਂ ਮਹਾਰਾਜਾ ਸਾਹਿਬ ਉਸ ਨੂੰ ਆਪਣੇ ਪਾਸ ਬੁਲਵਾਉਂਦੇ ਹਨ, ਉਸ ਨੂੰ ਕਲਗੀ ਲਾਉਂਦੇ ਹਨ, ਤੇ ਥਾਪੀ ਦੇ ਕੇ ਮੁਹਿੰਮ ਪਰ ਰਵਾਨਾ ਕਰਦੇ ਹਨ । ਵਾਰ ਹਰੀ ਸਿੰਘ ਨਲਵਾ ਵਿਚ ਕਵੀ ਲਿਖਦਾ ਹੈ :

ਸੇ ਸਦ ਕੇ ਆਪ ਸਰਕਾਰ ਨੇ ਜੀ,
ਹਰੀ ਸਿੰਘ ਨੂੰ ਪਾਸ ਬਹਾਇਆ ਈ ।
ਕਲਗੀ ਜਿਗਾ ਤੇ ਢਾਲ ਤਲਵਾਰ ਦੇ ਕੇ,
ਸਿਰੋਪਾਉ ਤਾਂ ਖੂਬ ਸੁਹਾਇਆ ਈ ।
ਨਿਮਸਕਾਰ ਕਰਦਾ ਹਰੀ ਸਿੰਘ ਦੂਲੇ,
ਥਾਪੀ ਦੇ ਸਰਕਾਰ ਭਿਜਵਾਇਆ ਈ । 5 । (ਸਹਾਈ ਸਿੰਘ)

ਇਸੇ ਤਰ੍ਹਾਂ ਰਾਜ ਕਾਜ ਦੇ ਗੂੜ੍ਹ ਭੇਦ ਧਿਆਨ ਸਿੰਘ ਸਮਝਾਂਦੇ ਸਨ । ਇਸ ਪ੍ਰਥਾਇ ਗਵਾਲ ਕਵਿ ਲਿਖਦਾ ਹੈ :

ਰਾਜਾ ਧਿਯਾਨ ਜੂ ਕੋ ਪਾਸ ਲੈ ਬਿਠਾਯੋ,
ਆਪ ਜੁਦੇ ਜੁਦੇ ਭੇਦ ਰਾਜ ਕਾਜ ਕੇ ਬਿਚਾਰੇ ਹੈਂ । 83 ।

ਫਿਰ ਆਪਣੇ ਦਰਬਾਰੀਆਂ, ਸਰਕਾਰੀ ਅਫ਼ਸਰਾਂ ਤੇ ਫੌਜਾਂ ਪਰ ਦਬਦਬਾ ਕੇਵਲ ਗੱਲਾਂ ਨਾਲ ਜਾਂ ਸਖ਼ਤ ਹੁਕਮ ਨਾਲ ਨਹੀਂ ਰਹਿ ਸਕਦਾ, ਇਸ ਲਈ ਦਰਿਆ-ਦਿਲੀ ਦੀ ਵੀ ਲੋੜ ਹੈ । ਨੀਅਤ ਦਾ ਖੋਟਾ, ਦਿਲ ਦਾ ਛੋਟਾ, ਸੁਭਾ ਦਾ ਕੰਜੂਸ ਤੇ ਅੱਖ ਦਾ ਮੈਲਾ ਸ਼ਾਸਕ ਹੀਰੇ ਨੂੰ ਵੀ ਘਟੇ ਰੋਲ ਦਿੰਦਾ ਹੈ, ਸਾਰੇ ਦੇਸ਼ ਦਾ ਫ਼ਰਸ਼ ਵਿਛਾ ਦਿੰਦਾ ਹੈ । ਇਸ ਦੇ ਟਾਕਰੇ ਤੇ ਨੀਅਤ ਦਾ ਨੇਕ, ਦਿਲ ਦਾ ਵੱਡਾ, ਸੁਭਾ ਦਾ ਦਾਨੀ ਤੇ ਅੱਖ ਦਾ ਪਾਰਖੂ ਮਿੱਟੀ ਵਿਚੋਂ ਸੋਨਾ ਪੈਦਾ ਕਰ ਲੈਂਦਾ ਹੈ । ਨੇਤ੍ਰਿਤਵ ਦੇ ਇਹ ਚਾਰ ਵੱਡੇ ਗੁਣ ਸਨ ਜਿਨ੍ਹਾਂ ਰਾਹੀਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਪਰਜਾ, ਆਪਣੀ ਫ਼ੌਜ ਤੇ ਸਰਕਾਰੀ ਮਸ਼ੀਨਰੀ ਨੂੰ ਆਪਣਾ ਗਰਵੀਦਾ ਬਣਾ ਲਿਆ । ਕਵੀ ਕਾਹਨ ਸਿੰਘ ਬੰਗਿਆ ਵਾਲੇ ਅਨੁਸਾਰ :

ਹੂਈ ਦਿਨ ਬ੍ਰਦਿਨ ਜੀਤ ਸਰਕਾਰ ਕੀ ।
ਜੋ ਦੁਸ਼ਮਨ ਕਰੈ ਸਿਫ਼ਤ ਦਰਬਾਰ ਕੀ ।
ਗ਼ਰੀਬੁਲ ਪਰਸਤ ਓ ਗਨੀਮੁਲ ਗੁਦਾਜ ।
ਸਭੀ ਨਾਮ ਮੇ ਉਹ ਰਹਾ ਚਾਰਾ ਸਾਜ਼ ।
ਕੜਾ ਔ ਕੰਠਾ ਇਨਾਇਤ ਕੀਏ ।
ਹੀਰੇ ਔ ਜਵਾਹਰ ਦੁਸ਼ਾਲੇ ਦੀਏ ।
ਦੀਏ ਅਸਪ ਤਾਜ਼ੀ ਕਸੇ ਜ਼ੀਨ ਓ ਜ਼ਰ ।
ਦੀਏ ਫੀਲ ਅੰਬਾਰੀ ਔ ਸੈ ਮੁਹਰ ।
ਇਨਾਇਤ ਕਰੋਰੋਂ ਖ਼ਜ਼ਾਨੇ ਕੀਏ ।

ਕਿਤੇ ਗਾਉਂ ਸਿਰ ਕੀ ਖਰਾਇਤ ਦੀਏ।
ਜ਼ਮੀਨ ਔਂ ਕੂਏਂ ਕੀ ਗਿਨਤੀ ਨਹੀਂ।
ਨਹੀਂ ਦਾਨ ਅਭਿਲਾਖਾ ਗਊਅਨ ਰਹੀ।
ਸਦਾ ਉਸ ਕੇ ਦਿਲ ਮੇਂ ਯਹੀ ਚਾਵ ਥਾ।
ਅਜਬ ਉਹ ਸਖ਼ਾਵਤ ਕਾ ਦਰਿਆਵ ਥਾ।
ਸਖ਼ਾਵਤ ਕੁਨਦ ਨੇਕ ਬਖ਼ਤ ਅਖ਼ਤਿਆਰ।
ਕਿ ਮਰਦਿ ਸਖ਼ਾਵਤ ਸ਼ਵਦ ਬਖ਼ਤਿਆਰ । 47। (ਜੰਗਨਾਮਾ ਲਾਹੌਰ)

ਇਹ ਦਰਿਆ-ਦਿਲੀ ਤੇ ਜ਼ਿੰਦਾ-ਦਿਲੀ ਦਾ ਸੁਮੇਲ ਮਹਾਰਾਜਾ ਰਣਜੀਤ ਸਿੰਘ, ਸਹੀ ਅਰਥਾਂ ਵਿਚ ਲੋਕਾਂ ਦੇ ਦਿਲਾਂ ਪਰ ਰਾਜ ਕਰਦਾ ਸੀ।

ਜ਼ਰਾ ਹੋਰ ਦੀਰਘ ਦ੍ਰਿਸ਼ਟੀ ਨਾਲ ਵਿਚਾਰੀਏ ਤਾਂ ਸਹਿਜੇ ਹੀ ਅਸੀਂ ਇਸ ਸਿੱਟੇ ਪਰ ਪਹੁੰਚ ਜਾਵਾਂਗੇ ਕਿ ਨੇਤ੍ਰਿਤਵ ਦੇ ਮਹਾਨ ਗੁਣ ਦੀ ਘਾਟ ਸਦਕਾ ਹੀ ਸਿੱਖ ਮਹਾਰਾਜਾ ਸਾਹਿਬ ਤੋਂ ਬਾਅਦ ਖ਼ਾਲਸਾ ਦਰਬਾਰ ਦੇ ਆਗੂ ਪਹਿਲਾਂ ਰਾਜਨੀਤੀ ਵਿਚ ਹਾਰ ਗਏ ਤੇ ਫਿਰ ਮੈਦਾਨੇ ਜੰਗ ਵਿਚ। ਅੰਗਰੇਜ਼ਾਂ ਨਾਲ ਹੋਈਆਂ ਜੰਗਾਂ ਵਿਚ ਇਹੋ ਕੁਝ ਵਾਪਰਿਆ। ਵੱਖ-ਵੱਖ ਕਵੀਆਂ ਨੇ ਇਸ ਗੱਲ ਦਾ ਰੁਦਨ ਕੀਤਾ ਹੈ ਕਿ ਸਿੱਖ ਫ਼ੌਜਾਂ ਨੇਤ੍ਰਿਤਵ ਦੀ ਘਾਟ ਕਾਰਨ ਹਾਰਨ ਵਾਲੀ ਬਾਜ਼ੀ ਖੇਡ ਰਹੀਆਂ ਸਨ, ਜਿਵੇਂ :

ਨਹੀਂ ਅਫ਼ਸਰ ਕੋਊ ਦਿਲਬਰੀ ਦੇਤ ਹੈਂ।
ਬਿਮਾਲਕ ਹੂਏ ਜੰਗ ਕੋ ਲੇਤ ਹੈਂ। 28। (ਜੰਗਨਾਮਾ ਲਾਹੌਰ)

ਫਿਰ

ਉਪਰ ਲਾਟ ਸਾਹਿਬ ਸਾਬਾਸੀ ਕਰੈ।
ਇਧਰ ਫ਼ੌਜ ਸ਼ਾਹ ਬਿਮਾ਼ਲਕ ਮਰੈ। (ਉਹੀ)

ਤੇ ਇਸ ਹਕੀਕਤ ਨੂੰ ਖ਼ੁਦ ਅੰਗਰੇਜ਼ ਵੀ ਸਮਝਦਾ ਸੀ :

ਕਹੈ ਲਾਟ ਸਾਹਬ ਜਵਾਂ ਖ਼ਾਸ ਹੈ।
ਬਿਮਾਲਕ ਲਰੈ ਫ਼ੌਜ਼ ਸ਼ਾਬਾਸ ਹੈ।

ਇਸ ਹਾਲਾਤ ਵਿਚ ਕਵੀ ਰੁਦਨ ਕਰਦਾ ਕਹਿੰਦਾ ਹੈ :

ਕਹਾਂ ਜੰਗ ਸਿੰਘਨ ਕੀ ਹੋਵੇ ਫ਼ਤਾ।
ਨਾ ਸਾਬਾਸ ਦੇਤਾ ਹੈ ਮਾਲਕ ਰਤਾ। 303।
ਨਾ ਹੋਤਾ ਬਿਮਾਲਕ ਕਭੀ ਖ਼ਾਲਸਾ।
ਕਹਾਂ ਕੰਪਨੀ ਇਨ ਪੈ ਪਾਤੀ ਫ਼ਤਾ। 418।

ਤੇ ਸ਼ਾਹ ਮੁਹੰਮਦ ਵੀ ਤਾਂ ਇਹੀ ਵੱਡੀ ਸ਼ਿਕਾਇਤ ਕਰਦਾ ਹੈ ਕਿ ਸਿੱਖ ਫ਼ੌਜਾਂ ਨੂੰ ਹੱਲਾਸ਼ੇਰੀ ਦੇਣ ਵਾਲਾ ਕੋਈ ਨਹੀਂ ਸੀ ਰਿਹਾ। ਸਿੱਖ ਫ਼ੌਜਾਂ ਨੇ ਤਲਵਾਰ ਵਾਹੁਣ ਵਿਚ ਕੋਈ ਕਸਰ ਨਹੀਂ ਸੀ ਛੱਡੀ, ਤਦੇ ਤਾਂ ਕਵੀ ਕਹਿੰਦਾ ਹੈ :

ਅਜ ਹੋਵੇ ਤਾਂ ਸਰਕਾਰ ਮੁਲ ਪਾਵੇ,
ਜਿਹੜੀਆਂ ਖ਼ਾਲਸੇ ਨੇ ਤੇਗਾ ਮਾਰੀਆਂ ਨੀ।

ਅਤੇ ਸਿਰ ਧੜ ਦੀ ਬਾਜ਼ੀ ਲਾ ਕੇ ਅਤੇ ਤਲਵਾਰ ਚਲਾ ਕੇ ਵੀ ਨਤੀਜਾ ਉਲਟ ਨਿਕਲਿਆ, ਤਾਂ ਸ਼ਾਹ ਮੁਹੰਮਦ ਦਿਲਚੀਰਵੀਂ ਆਵਾਜ਼ ਵਿਚ ਲਿਖਦਾ ਹੈ :

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ। 62।

ਇਹ ਸੁਚੱਜੇ ਨੇਤ੍ਰਿਤਵ ਦਾ ਹੀ ਸਦਕਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪਿਤਾ ਸਰਦਾਰ ਮਹਾਂ ਸਿੰਘ ਦੀ ਮਿਰਤੂ (1790 ਈ.) ਤੋਂ ਬਾਅਦ ਇਕ ਛੋਟੀ ਜੇਹੀ ਸਰਦਾਰੀ ਨੂੰ ਕੇਵਲ ਅਜ਼ੀਮ ਰਾਜ ਵਿਚ ਹੀ ਨਹੀਂ ਬਦਲਿਆ, ਸਗੋਂ ਪੂਰੀ ਤਰ੍ਹਾਂ ਇਸ ਨੂੰ ਸੰਗਠਿਤ ਤੇ ਪ੍ਰਫੁਲਿਤ ਵੀ ਕੀਤਾ ਅਤੇ ਦੇਸ਼-ਵਿਦੇਸ਼ ਤੋਂ ਵਾਹ-ਵਾਹ ਖਟੀ। ਸੁਤੇ ਸਿੱਧ ਹੀ ਕਵੀ ਦੇ ਮੂੰਹੋਂ ਨਿਕਲਦਾ ਹੈ :

ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ। 4।

ਬਚਨ/ਪ੍ਰਤੀਗਿਆ ਦੀ ਪਾਲਣਾ

ਬਚਨ ਜਾਂ ਪ੍ਰਤਿਗਿਆ ਨੂੰ ਪੂਰੀ ਨਿਸ਼ਠਾ ਨਾਲ ਪਾਲਣਾ ਇਕ ਹੋਰ ਵੱਡਾ ਗੁਣ ਹੈ, ਜੋ ਕਿਸੇ ਵੀ ਆਗੂ ਨੂੰ ਉਚੇਰਾ ਤੇ ਪ੍ਰਭਾਵਸ਼ਾਲੀ ਬਣਾਉਂਦਾ ਹੈ। ਮਹਾਰਾਜਾ ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ 1809 ਈ. ਵਿਚ ਅੰਮ੍ਰਿਤਸਰ ਵਿਖੇ ਇਕ ਸੰਧੀ ਹੋਈ ਸੀ ਜਿਸ ਰਾਹੀਂ ਦੋਹਾਂ ਸਰਕਾਰਾਂ ਦੁਆਰਾ ਇਕ ਦੂਜੇ ਦੇ ਰਾਜ ਦੀਆਂ ਹੱਦਾਂ ਨੂੰ ਪ੍ਰਵਾਨਗੀ ਦਿੱਤੀ ਗਈ ਸੀ। ਉਦੋਂ ਦੋਹਾਂ ਧਿਰਾਂ ਵੱਲੋਂ ਇਕ ਦੂਜੇ ਦੇ ਰਾਜ ਵਿਚ ਦਖਲ ਨਾ ਦੇਣ ਦਾ ਪ੍ਰਣ ਲਿਆ ਗਿਆ। ਇਸ ਸੰਧੀ ਰਾਹੀਂ ਦੋਹਾਂ ਰਾਜਾਂ ਵਿਚ ਦਰਿਆ ਸਤਲੁਜ ਹੱਦ ਮਿਥੀ ਗਈ। ਇਸ ਤਰ੍ਹਾਂ ਪੂਰਬ ਵੱਲ ਹੱਦ ਮਿਥੀ ਜਾਣ ਨਾਲ ਪੱਛਮ ਵੱਲ ਅੱਗੇ ਵਧਣ ਲਈ ਖ਼ਾਲਸਾ ਰਾਜ ਨੂੰ ਖੁਲ੍ਹ ਮਿਲ ਗਈ। ਮਹਾਰਾਜਾ ਰਣਜੀਤ ਸਿੰਘ ਉਮਰ ਭਰ ਇਸ ਸੰਧੀ ਪਰ ਦ੍ਰਿੜ੍ਹ ਰਹੇ। ਅੰਗਰੇਜ਼ ਸਾਮਰਾਜ ਅਥਵਾ ਪੂਰਬ ਵੱਲੋਂ ਨਿਸ਼ਚਿੰਤ ਹੋ ਕੇ ਪੱਛਮ ਵੱਲ ਉਹ ਆਪਣੀਆਂ ਜਿੱਤਾਂ ਬੇਰੋਕ ਟੋਕ ਵਧਾਉਂਦੇ ਰਹੇ। ਮੁਲਤਾਨ ਤੇਰਾਜਾਤ, ਜੰਮੂ, ਕਸ਼ਮੀਰ, ਲੱਦਾਖ਼, ਹਜ਼ਾਰਾ, ਜਮਰੌਦ ਤੇ ਕਾਬਲ ਦੀਆਂ ਜਿੱਤਾਂ ਉਪਰੋਕਤ ਸੰਧੀ ਤੋਂ ਬਾਅਦ ਦੇ ਸਮੇਂ ਦੀਆਂ ਹਨ। ਅੰਗਰੇਜ਼ਾਂ ਨੇ ਇਨ੍ਹਾਂ ਜਿੱਤਾਂ ਵਿਚ ਕਿਤੇ ਵੀ ਵਿਰੋਧੀਆਂ ਦੀ ਸਹਾਇਤਾ ਨਹੀਂ ਕੀਤੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਹਲਾਸ਼ੇਰੀ ਦਿੱਤੀ ਹੈ। ਸਿੰਘਾਂ ਤੇ ਫ਼ਰੰਗੀਆਂ ਵਿਚ ਪਹਿਲੀ ਲੜਾਈ ਦੇ ਆਰੰਭ ਵਿਚ ਅੰਗਰੇਜ਼ਾਂ ਨੇ ਭਰਪੂਰ ਜਤਨ ਕੀਤਾ ਕਿ ਮਹਾਰਾਜਾ ਰਣਜੀਤ ਸਿੰਘ ਨਾਲ ਕੀਤੇ ਅਹਿਦਨਾਮੇ ਨੂੰ ਕਾਇਮ ਰਖਿਆ ਜਾਏ, ਇਸ ਦੀ ਉਲੰਘਣਾ ਨਾ ਕੀਤੀ ਜਾਏ। ਪਰ ਕਮਜ਼ੋਰ ਆਗੂ ਮੂੰਹ ਜ਼ੋਰ ਸਿੱਖ ਫ਼ੌਜਾਂ ਨੂੰ ਕਾਬੂ ਵਿਚ ਨਾ ਰਖ ਸਕੇ ਅਤੇ ਸੰਧੀ ਦੀ ਪਰਵਾਹ ਨਾ ਕੀਤੀ ਗਈ। 'ਜੰਗਨਾਮਾ ਲਾਹੌਰ' ਵਿਚ ਕਵੀ ਲਿਖਦਾ ਹੈ :

ਯਹੀ ਉਨ ਕੋ ਸਾਹਿਬ ਸੁਨਾ ਕਰ ਕਹਾ।
ਅਹਿਦ ਹੈ ਹਮਾਰਾ ਨਾ ਲੜਨਾ ਕਹਾ।
ਮਹਾਰਾਜ ਨੇ ਜੋ ਕੀਆ ਅਹਿਦ ਹੈ।
ਉਸ ਅਹਿਦ ਹਮ ਕੋ ਕੀਆ ਕੈਦ ਹੈ।
ਯਹ ਨੰਦਨ ਸੇ ਹਮ ਕੋ ਲਿਖਾ ਸਾਹਿਬਾਂ।
ਅਹਿਦ ਪਰ ਖ਼ਬਰਦਾਰ ਰਹਿਨਾ ਜਵਾਂ।
ਲਿਖਾ ਲਾਟ ਸਾਹਿਬਯਹ ਸਿੰਘਨ ਤਰਫ।
ਚਲੋ ਹਟਕੈ ਲਾਹੌਰ ਸੁਨ ਕੇ ਹਰਫ।
ਨਹੀਂ ਹਮਕੋ ਲੜਨੇ ਕੀ ਦਿਲਚਾਹ ਹੈ।
ਮਹਾਰਾਜ ਸੋਂ ਦੋਸਤੀ ਰਾਹ ਹੈ।

ਪਰ ਕਵੀ ਅਨੁਸਾਰ ਸਿੰਘਾਂ ਪਰ ਅੰਗਰੇਜ਼ਾਂ ਦੀ ਇਸ ਅਪੀਲ ਦਾ ਕੋਈ ਅਸਰ ਨਾ ਹੋਇਆ :

ਸੁਨੀ ਲਾਟ ਸਾਹਿਬ ਕੀ ਸਿੰਘਨ ਸਲਾਹ।
ਨ ਮਾਨੀ ਕਛੂ ਖੁਦ ਬਖੁਦ ਪਾਤਸ਼ਾਹ। 237।

ਅਤੇ ਇਹ ਗੱਲ ਕਿ ਅੰਗਰੇਜ਼ ਖ਼ਾਲਸਾ ਦਰਬਾਰ ਨਾਲ ਕੀਤੇ ਅਹਿਦਨਾਮੇ ਪਰ ਕਾਇਮ ਰਹਿਣਾ ਚਾਹੁੰਦੇ ਸਨ, ਸ਼ਾਹ ਮੁਹੰਮਦ ਵੀ ਪੁਸ਼ਟੀ ਕਰਦਾ ਹੈ :

ਅਰਜ਼ੀ ਲਿਖੀ ਫਰੰਗੀਆਂ ਖ਼ਾਲਸੇ ਨੂੰ,
ਤੁਸੀਂ ਕਾਸ ਨੂੰ ਜੰਗ ਮਚਾਂਵਦੇ ਹੋ।
ਮਹਾਰਾਜ ਦੇ ਨਾਲ ਸੀ ਨੇਮ ਸਾਡਾ,
ਤੁਸੀਂ ਸੁਤੀਆਂ ਕਲਾਂ ਜਗਾਂਵਦੇ ਹੋ।
ਕਈ ਲਖ ਰੁਪਯੇ, ਲੈ ਜਾਉ ਸਾਥੋਂ,
ਦਿਆਂ ਹੋਰ ਜੋ ਤੁਸੀਂ ਫਰਮਾਂਵਦੇ ਹੋ।
ਸ਼ਾਹ ਮੁਹੰਮਦਾ ਅਸਾਂਨਾ ਮੂਲ ਲੜਨਾ,
ਤੁਸੀਂ ਏਤਨਾ ਜ਼ੋਰ ਕਿਉਂ ਲਾਂਵਦੇ ਹੋ। 64।

ਇਥੋਂ ਇਹ ਗੱਲ ਵੀ ਸਪਸ਼ਟ ਹੋ ਗਈ, ਕਿ ਭਾਵੇਂ ਸ਼ਾਹ ਮੁਹੰਮਦ ਅਨੁਸਾਰ ਖ਼ਾਲਸਾ ਰਾਜ ਦੇ ਕੁਝ ਆਗੂ ਅੰਦਰੋਂ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ, ਫਿਰ ਵੀ ਅੰਗਰੇਜ਼ ਵਸ ਲੱਗਦੇ ਸਿੰਘਾਂ ਨਾਲ ਉਲਝਣਾ ਨਹੀਂ ਸੀ ਚਾਹੁੰਦੇ। ਪਰ ਅਹਿਦਨਾਮੇ ਦੀ ਪਾਲਣਾ ਕਰਨ ਲਈ ਵੀ ਤਾਂ ਕਿਸੇ ਦਿਲ ਗੁਰਦੇ ਵਾਲੇ ਨਿਪੁੰਨ ਆਗੂ ਦੀ ਲੋੜ ਸੀ, ਜਿਸ ਦੀ ਹੁਣ ਘਾਟ ਹੋ ਗਈ ਸੀ।

ਪੰਜਾਬੀ ਤੇ ਸਿੱਖ ਸਭਿਆਚਾਰ

ਇਕ ਹੋਰ ਮਹਾਨ ਦੇਣ ਮਹਾਰਾਜਾ ਸਾਹਿਬ ਦੀ ਸਭਿਆਚਾਰ (ਕਲਚਰ) ਦੇ ਖੇਤਰ ਵਿਚ ਹੈ। ਅੱਜ ਸਿੱਖ ਕਲਚਰ ਹੀ ਸਹੀ ਪੰਜਾਬੀ ਕਲਚਰ ਮੰਨਿਆ ਜਾਂਦਾ ਹੈ। ਦਸਤਾਰ, ਦਾਹੜੇ ਦੀ ਮਹੱਤਾ ਨਾਲ, ਗੁਰਬਾਣੀ ਪਾਠ, ਗੁਰਦੁਆਰੇ, ਪੰਜਾਬੀਆਂ ਦੇ ਸਾਂਝੇ ਤਿਉਹਾਰ, ਗੁਰਪੁਰਬ ਤੇ ਦੀਵਾਲੀ ਆਦਿ ਖ਼ਾਲਸਈ ਬੋਲੇ, ਜੈਕਾਰਾ ਆਦਿ ਸਭ ਨੂੰ ਸਿੱਖ ਰਾਜ ਸਮੇਂ ਤੋਂ ਹੀ ਸਰਬ ਪ੍ਰਵਾਨਗੀ ਮਿਲੀ ਹੈ। ਸ਼ਾਹ ਮੁਹੰਮਦ ਵਰਗਾ ਮੁਸਲਮਾਨ ਕਵੀ ਵੀ ਸਹਿਜੇ ਹੀ ਅਜਿਹੇ ਬੋਲ ਲਿਖਦਾ ਹੈ ਜੋ ਪੂਰਨ ਭਾਂਤ ਸਿੱਖ ਸਭਿਆਚਾਰ ਨੂੰ ਪ੍ਰਗਟ ਕਰਦੇ ਹਨ, ਜਿਵੇਂ :

(1) ਸ਼ਾਹ ਮੁਹੰਮਦਾ ਗਲ ਤਾਂ ਸੋਈ ਹੋਣੀ,
ਜਿਹੜੀ ਕਰੇਗਾ ਖ਼ਾਲਸਾ ਪੰਥ ਮੀਆਂ।

(2) ਸ਼ਾਹ ਮੁਹੰਮਦਾ ਚੜ੍ਹੀ ਅਕਾਲ ਰਜਮੰਟ.....

(3) ਜਦੋਂ ਹੋਏ ਸਰਕਾਰ ਦੇ ਸਾਸ ਪੂਰੇ.....

(4) ਸਿੰਘਾਂ ਆਖਿਆ ਰਾਜਾ ਕੀ ਹੁਕਮ ਤੇਰਾ,
ਜਿਸ ਨੂੰ ਕਹੈਂ ਸੋ ਫ਼ਤਹ ਬੁਲਾਈਏ ਜੀ।

(5) ਪਹਿਲੋਂ ਰਾਜੇ ਦੇ ਖ਼ੂਨ ਦਾ ਲਾਇ ਟਿਕਾ,
ਪਿਛੋਂ ਦਿਤੀਆਂ ਸੱਤ ਪ੍ਰਦੱਖਣਾ ਈ।

(6) ਤੇਰੇ ਵਾਸਤੇ ਹੋਏ ਨੀ ਸਭ ਕਾਰੇ,
ਅਗੇ ਸਾਹਿਬ ਸੱਚੇ ਤੈਨੂੰ ਰਖਣਾ ਈ।

(7) ਸਾਨੂੰ ਘੜੀ ਦੀ ਕੁਝ ਉਮੇਦ ਨਾਹੀਂ,
ਅਜ ਰਾਤ ਪ੍ਰਸਾਦਿ ਕਿਨ ਚੱਖਣਾ ਈ।

(8) ਸਚੇ ਸਾਹਿਬ ਦੇ ਹੱਥ ਨੀ ਸਭ ਗਲਾ.....

(9) ਚੜ੍ਹੇ ਪੁਤ ਸਰਦਾਰਾਂ ਦੇ ਫ਼ੈਲ ਬਾਂਕੇ.....

(10) ਮਹਾਰਾਜ ਦੇ ਨਾਲ ਸੀ ਨੇਮ ਸਾਡਾ.....

(11) ਘੋੜ-ਚੜ੍ਹੇ ਤੇ ਕਈ ਅਕਾਲੀਏ ਜੀ।

(12) ਸਿੰਘ ਸੂਰਮੇ ਆਨ ਮੈਦਾਨ ਲਥੇ.....

(13) ਰੱਤ ਸਿੰਘ ਸਪਾਹੀ ਦੀ ਚਖਣੀ ਜੀ।

(14) ਇਥੋਂ ਹੋ ਗਿਆ ਹਰਨ ਹੈ ਖ਼ਾਲਸਾ ਜੀ.....
(15) ਡੇਰੀਂ ਆਣਕੇ ਫੇਰ ਪ੍ਰਸਾਦ ਖਾਣੇ.....
(16) ਤੈਨੂੰ ਅੱਜ ਹਜੂਰ ਥੀਂ ਫਤੇ ਆਈ ।
(17) ਪਿਛੇ ਬੈਠ ਸਰਦਾਰ ਗੁਰਮਤਾ ਕਰਦੇ ।
(18) ਪੱਗਾਂ ਦਾੜ੍ਹੀਆਂ ਦੀ ਰਖੇ ਲਾਜ ਯਾਰੇ ।
(19) ਅੱਜ ਹੋਵੇ ਸਰਕਾਰ ਤਾਂ ਮੁਲ ਪਾਵੇ,
ਜਿਹੜੀਆਂ ਖ਼ਾਲਸੇ ਨੇ ਤੇਗਾ ਮਾਰੀਆਂ ਨੀ ।

ਇਹ ਸਰਬ ਸ੍ਰੇਸ਼ਠ 'ਖ਼ਾਲਸਾ ਪੰਥ', ਮਹਾਰਾਜਾ ਅਧਿਰਾਜ ਜਾਂ ਸ਼ਹਿਨਸ਼ਾਹ ਦੀ ਥਾਂ ਕੇਵਲ 'ਸਰਕਾਰ' ਸ਼ਬਦ, ਫ਼ਤਹ ਬੁਲਾਈ, ਪ੍ਰਦਖਣਾ, ਪ੍ਰਸਾਦਿ ਚੱਖਣਾ, ਪੁਤ ਸਰਦਾਰਾਂ ਦੇ (ਪਹਿਲੇ ਪਠਾਣ ਹੀ ਸਰਦਾਰ ਸਦਾਉਂਦੇ ਸਨ), ਨੇਮ, ਸਿੱਖ ਫੌਜਾਂ, ਅਕਾਲੀ ਫੌਜਾਂ, ਸਮੂਹ ਸਿੱਖ ਫੌਜ ਨੂੰ 'ਖ਼ਾਲਸਾ ਜੀ', ਇਕ ਫੌਜੀ ਸਿੱਖ ਲਈ 'ਸਿੰਘ ਸਿਪਾਹੀ', ਹਜੂਰ ਥੀਂ ਫ਼ਤੇ (ਵਾਹਿਗੁਰੂ ਜੀ ਕੀ ਫ਼ਤਹ), ਗੁਰਮਤਾ, ਆਦਿ ਸ਼ਬਦਾਵਲੀ ਜੋ ਅੱਜ ਸਿੱਖ ਕਲਚਰ ਦਾ ਅਹਿਮ ਭਾਗ ਲੱਗਦੀ ਹੈ, ਸਾਰੀ ਸਿੱਖ ਰਾਜ ਦੇ ਸਮੇਂ ਹੀ ਪ੍ਰਚਲਿਤ ਹੋਈ ਤੇ ਪ੍ਰਵਾਨ ਚੜ੍ਹੀ । ਇਸ ਦੇ ਇਸ ਤਰ੍ਹਾਂ ਪ੍ਰਵਾਨ ਚੜ੍ਹਨ ਦਾ ਵੀ ਮੁੱਖ ਕਾਰਨ ਇਹੀ ਸੀ ਕਿ ਮਹਾਰਾਜਾ ਸਾਹਿਬ ਰਾਜ ਸਰਕਾਰ ਦੇ ਕੰਮਾਂ ਵਿਚ ਜਿਥੇ ਧਰਮ ਨਿਰਪੇਖ ਤੇ ਸਰਬ ਸਾਂਝੇ ਦ੍ਰਿਸ਼ਟੀਕੋਨ ਦੇ ਧਾਰਨੀ ਸਨ, ਉਥੇ ਗੁਰੂ ਘਰ ਤੇ ਸਿੱਖੀ ਜੀਵਨ ਨਾਲ ਆਪ ਦੀ ਅਗਾਧ ਸ਼ਰਧਾ ਸੀ । ਇਸ ਪ੍ਰਥਾਇ ਕਵੀ ਕਾਹਨ ਸਿੰਘ ਲਿਖਦਾ ਹੈ :

ਕੀਏ ਜ਼ੇਰ ਜਿਤਨੇ ਮੁਲਕ ਸਾਹਿਬਾਂ ।
ਗੁਰੂ ਕੇ ਕਦਮ ਬੀਚ ਹਰ ਵਕਤ ਜਾਂ ।
ਹੁਕਮ ਗ੍ਰੰਥ ਸਾਹਿਬ ਕਾ ਜੈਸੇ ਚਲੇ ।
ਚਲੇ ਉਸ ਕੇ ਊਪਰ ਨ ਦਮ ਭਰ ਟਲੇ ।
ਕੜਾ ਔ ਕੈਂਠਾ ਇਨਾਇਤ ਕੀਏ ।
ਹੀਰੇ ਔ ਜਵਾਹਰ ਦੁਸ਼ਾਲੇ ਦੀਏ ।
ਗੁਰੂ ਪ੍ਰਸ਼ਤ ਉਸ ਕੀ ਪੈ ਮੱਦਤ ਧਰੈਂ ।
ਸਭੀ ਲਾਟ ਆਕਰ ਮੁਤਾਬਤ ਕਰੈਂ ।

ਬ੍ਰਾਹਮਣਵਾਦ ਦਾ ਪ੍ਰਭਾਵ

ਮਹਾਰਾਜਾ ਸਾਹਿਬ ਦੀ ਸਿੱਖੀ ਵਿਚ ਅਗਾਧ ਸ਼ਰਧਾ ਨੇ ਹੀ ਆਪ ਨੂੰ ਸਮੁੱਚੀ ਮਨੁੱਖ ਜਾਤੀ ਨਾਲ ਪਿਆਰ ਪਾਣਾ ਸਿਖਾਇਆ ਸੀ । ਸਿੱਖੀ ਜਜ਼ਬੇ ਅਧੀਨ ਹੀ ਆਪ ਨੇ ਹੋਰ ਮਤ ਮਤਾਂਤਰਾਂ ਨੂੰ ਆਦਰ ਸਤਿਕਾਰ ਵਾਲੀ ਥਾਂ ਦਿੱਤੀ ਤੇ ਹੋਰ ਮਤਾਂ ਵਾਲਿਆਂ ਨੂੰ ਵੀ ਚੰਗੀਆਂ ਪਦਵੀਆਂ ਬਖ਼ਸ਼ੀਆਂ । ਖ਼ਾਸ ਤੌਰ ਉੱਤੇ ਜੰਮੂ ਦੇ ਡੋਗਰਿਆਂ ਤੇ ਕਸ਼ਮੀਰੀ ਬ੍ਰਾਹਮਣਾਂ ਨੇ ਰੱਜ ਕੇ ਲਾਭ ਉਠਾਇਆ । ਪਰ ਸ਼ੋਕ ਦੀ ਗੱਲ ਹੈ ਕਿ ਇਨ੍ਹਾਂ ਥਿਰਾਂ ਦੀ ਮੌਜੂਦਗੀ ਨੇ ਰਾਜ ਦਰਬਾਰ ਵਿਚ ਤੇ ਫਿਰ ਸ਼ਾਹੀ ਘਰਾਣੇ ਅੰਦਰ ਬ੍ਰਾਹਮਣੀ ਰਸਮਾਂ ਰੀਤਾਂ ਚਾਲੂ ਕਰਾ ਦਿੱਤੀਆਂ । ਗਊ ਦਾਨ ਹੋਣ ਲੱਗੇ, ਬ੍ਰਾਹਮਣਾਂ ਦੀ ਸਰਪ੍ਰਸਤੀ ਸ਼ੁਰੂ ਹੋ ਗਈ, ਹੋਮ, ਯਗ ਫਿਰ ਸਿਰ ਉਸਾਰਨ ਲੱਗੇ । ਗਊ ਬ੍ਰਾਹਮਣ ਦੀ ਪਾਲਣਾ ਆਪਣੇ ਆਪ ਕੋਈ ਨੁਕਸ ਵਾਲੀ ਗੱਲ ਨਹੀਂ, ਪਰ ਇਸ ਨਾਲ ਗੁਰਮਤਿ ਦੀ ਉਦਾਰ ਵ੍ਰਿਤੀ 'ਗ਼ਰੀਬ ਕਾ ਮੁੰਹ ਗੁਰੂ ਕੀ ਗੋਲਕ' ਵਾਲੀ ਸਿਪਿਰਟ ਖ਼ਤਮ ਹੋ ਜਾਂਦੀ ਹੈ । ਉਥੇ ਦਾਨ ਦੇ ਨਾਂ ਉੱਤੇ ਕੁਝ ਕੁ ਵਿਅਕਤੀਆਂ ਨੂੰ ਲਾਭ ਪਹੁੰਚ ਸਕਦਾ ਹੈ, ਸੁਆਰਥ ਸਿੱਧੀ ਪ੍ਰਬਲ ਹੋ ਜਾਂਦੀ ਹੈ ਅਤੇ ਬ੍ਰਾਹਮਣਵਾਦ ਜਿਥੇ ਵੀ ਜ਼ੋਰ ਫੜਦਾ ਹੈ, ਗ਼ਰੀਬ ਤੇ ਹੱਕਦਾਰ ਪਿੱਛੇ ਧੱਕਿਆ ਜਾਂਦਾ ਹੈ ਤੇ ਇਹੋ ਕੁਝ ਮਹਾਰਾਜਾ ਸਾਹਿਬ ਦੇ ਦਰਬਾਰ ਵਿਚ ਹੋਣ ਲੱਗ ਗਿਆ ਸੀ । ਗਵਾਲ ਭੱਟ ਮਹਾਰਾਜਾ ਰਣਜੀਤ ਸਿੰਘ ਦੀ ਦਾਨ ਪੁੰਨ ਦੀ ਵਡਿਆਈ ਕਰਦਾ ਲਿਖਦਾ ਹੈ :

ਆਯੋ ਹੈ ਧਰਾਪੈ ਭੂਮਿਭਾਰ ਕੇ ਉਪਾਰਬੇ ਕੋ,
ਪਲਬੈ ਕੋ ਗਊ ਬਿਪ੍ਰ ਬੇਦ ਕੋ ਪ੍ਰਚਾਰ ਹੈ। 79।

ਭਾਵ ਮਹਾਰਾਜਾ ਸਾਹਿਬ ਧਰਤੀ ਦੇ ਦੁੱਖਾਂ ਦਾ ਭਾਰ ਹਰਨ ਲਈ ਆਏ ਹਨ ਤੇ ਗਊ ਬ੍ਰਾਹਮਣ ਦੀ ਪਾਲਣਾ ਰਾਹੀਂ ਵੇਦ ਮਰਯਾਦਾ ਦਾ ਪ੍ਰਚਾਰ ਕਰ ਰਹੇ ਹਨ। ਕਵੀ ਨੇ ਇਹ ਵੀ ਦੱਸਿਆ ਹੈ ਕਿ ਕਿਲ੍ਹੇ ਤੋਂ ਦਾਨ ਪ੍ਰਾਪਤ ਕਰ ਕੇ ਬਾਹਰ ਆਏ ਬ੍ਰਾਹਮਣ ਆਪਣੇ ਪਰਿਵਾਰ ਦੀ ਸੁੱਧ ਭੁੱਲ ਕੇ ਫਿਰ ਕਿਲ੍ਹੇ ਦੇ ਅੰਦਰ ਜਾਣ ਨੂੰ ਨਾਲਾਇਤ ਹਨ :

ਕਢਤ ਕਿਲੇ ਤੇ ਬਿਪ੍ ਜੇ ਜੇ ਦਾਨ ਲੈ ਲੈ,
ਤੇਤੇ ਜਾਨੇ ਨ ਪਰਤ ਦੇਖ ਭੂਲੇ ਘਰ ਬਾਰ ਕੋ।

ਅਜਿਹੀ ਦਾਨ ਦੀ ਪ੍ਰਵ੍ਰਿਤੀ ਚੰਗੀ ਹੈ ਜੇ ਗੁਰਮਤਿ ਦੀ ਭਾਵਧਾਰਾ ਅਨੁਸਾਰ ਇਹ ਗ਼ਰੀਬ ਦੀ ਗ਼ਰੀਬੀ ਕਟੇ, ਦੁਖਿਆਰੀ ਮਾਨਵਤਾ ਨੂੰ ਢਾਰਸ ਬਖ਼ਸ਼ੇ, ਪਰ ਕੁਝ ਕੁ ਬ੍ਰਾਹਮਣਾਂ ਦੀਆਂ ਝੋਲੀਆਂ ਭਰੀ ਜਾਣਾ ਗੁਰਮਤਿ ਚੇਤਨਾ ਦੇ ਅਨੁਕੂਲ ਨਹੀਂ। ਬ੍ਰਾਹਮਣਵਾਦ ਦੇ ਪ੍ਰਭਾਵ ਅਧੀਨ ਹੀ ਮਹਾਰਾਜਾ ਸਾਹਿਬ ਨੂੰ ਫਾਲਜ (ਅਧਰੰਗ) ਦੇ ਹਮਲੇ ਵੇਲੇ ਸ਼ਰੀਰ ਨੂੰ ਗਰਮ ਰਖਣ ਦੀ ਥਾਂ ਗਵਾਲ ਕਵੀ ਅਨੁਸਾਰ ਗੰਗਾ ਜਲ ਵਿਚ ਬਿਠਾ ਦਿੱਤਾ ਗਿਆ। ਮਹਾਰਾਜਾ ਸਾਹਿਬ ਜਦ ਅੱਖਾਂ ਮੀਟ ਗਏ, ਤਾਂ ਕਈ ਰਾਣੀਆਂ ਉਨ੍ਹਾਂ ਨਾਲ ਸਤੀ ਹੋ ਗਈਆਂ। ਇਹ ਸਿੱਖ ਮਤ ਦੇ ਬੁਨਿਆਦੀ ਅਸੂਲਾਂ ਦੇ ਵਿਰੁੱਧ ਗੱਲ ਸੀ। ਸਤੀ ਹੋਣ ਦੀ ਘਟਨਾ ਭਾਵੇਂ ਮਹਾਰਾਜਾ ਸਾਹਿਬ ਤੋਂ ਬਾਅਦ ਹੋਈ, ਪਰ ਇਸ ਦੇ ਹੋਣ ਦਾ ਕਾਰਨ ਬ੍ਰਾਹਮਣਵਾਦ ਦਾ ਦ੍ਰਿੜ੍ਹ ਪ੍ਰਭਾਵ ਸੀ। ਭਾਈ ਕਾਹਨ ਸਿੰਘ ਬੰਗਿਆਂ ਵਾਲੇ ਨੇ ਲਿਖਿਆ ਹੈ :

ਕਿਨੀ ਰਾਨੀਆ ਸਾਥ ਸੀ ਜਲ ਗਈ।
ਕਿਨੀ ਰਾਨੀਆ ਸਬਰ ਕਾਤੀ ਲਈ । 64।
ਕਿਨੀ ਰਾਨੀਆਂ ਸੰਗ ਮਾਲਕ ਜਰੀਂ ।
ਹੂਈ ਸਭ ਬਹਿਸ਼ਤਨ ਨ ਲਾਗੀ ਘਰੀਂ। 65। (ਜੰਗਨਾਮਾ ਲਾਹੌਰ)

ਯੁਗ ਦੇ ਪ੍ਰਭਾਵ ਅਧੀਨ ਭਾਈ ਕਾਹਨ ਸਿੰਘ ਸਿੱਖ ਹੁੰਦਾ ਹੋਇਆ ਵੀ ਸਤੀ ਹੋਣ ਵਾਲੀਆਂ ਰਣੀਆਂ ਦੇ ਕ੍ਰਿਤਾਂ ਦੀ ਸ਼ਲਾਘਾ ਕਰਦਾ ਹੈ ਅਤੇ ਉਨ੍ਹਾਂ ਨੂੰ ਸਵਰਗ-ਗਾਮਨੀ ਦੱਸਦਾ ਹੈ। ਗਵਾਲ ਭੱਟ ਨੇ ਇਨ੍ਹਾਂ ਸਤੀ ਹੋਣ ਵਾਲੀਆਂ ਰਾਣੀਆਂ ਦੀ ਵਿਥਿਆ ਜ਼ਰਾ ਹੋਰ ਵਿਸਤਾਰ ਨਾਲ ਬਿਆਨ ਕੀਤੀ ਹੈ ਅਤੇ ਇਨ੍ਹਾਂ ਦੀ ਗਿਣਤੀ ਗਿਆਰਾਂ ਦੱਸੀ ਹੈ। ਗੁਰੂ ਅਮਰਦਾਸ ਦੁਆਰਾ ਸਤੀ ਪ੍ਰਥਾ ਦਾ ਸਪਸ਼ਟ ਵਿਰੋਧ ਉਨ੍ਹਾਂ ਦੀ ਬਾਣੀ ਅਤੇ ਸਿੱਖ ਇਤਿਹਾਸ ਤੋਂ ਪ੍ਰਮਾਣਿਤ ਹੁੰਦਾ ਹੈ। ਸਿੱਖ ਧਰਮ ਅਤੇ ਸਮਾਜ ਵਿਚ ਇਸ ਪ੍ਰਥਾ ਦਾ ਪੁਨਰ ਪ੍ਰਚਲਨ ਬ੍ਰਾਹਮਣਵਾਦ ਦੇ ਪ੍ਰਭਾਵ ਦੇ ਫਲਸਰੂਪ ਹੀ ਹੋਇਆ ਹੈ।

ਜੰਗਨਾਮਾ ਅਥਵਾ ਬੀਰ ਕਾਵਿ ਦੇ ਰਚੈਤਾ ਆਮ ਤੌਰ ਉੱਤੇ ਜਾਂ ਤੇ ਜੰਗਾਂ ਜੁੱਧਾਂ ਦਾ ਹਾਲ ਬਿਆਨ ਕਰਦੇ ਹਨ ਤੇ ਜਾਂ ਨਾਇਕ ਦਾ ਗੁਣ ਗਾਇਨ ਕਰਦੇ ਹਨ, ਉਹ ਵੀ ਉਸ ਦੀ ਸੂਰਬੀਰਤਾ ਨੂੰ ਵਧੇਰੇ ਆਕਰਸ਼ਕ ਢੰਗ ਨਾਲ ਪੇਸ਼ ਕਰਦੇ ਹਨ। ਮਹਾਰਾਜ ਸਾਹਿਬ ਨੇ ਮਾਲ ਪ੍ਰਬੰਧ ਲਗਭਗ ਮੁਗਲਾਂ ਵਾਲਾ ਹੀ ਅਪਣਾਇਆ ਸੀ, ਪਰ ਕਿਸ ਸੁਚੱਜ ਨਾਲ, ਇਸ ਦਾ ਬਿਆਨ ਕਵੀ ਗਵਾਲ ਨੇ ਇੰਜ ਕੀਤਾ ਹੈ :

ਕੀਨੀ ਤਜਵੀਜ਼ ਹੈ ਤਸੀਲ ਕੀ ਅਸੀਲ ਐਸੀ,
ਢੀਲ ਬਿਨ ਆਵੈ ਦ੍ਰਵ ਮੁਲਕ ਤੇ ਸਦਾ ਰਹੈ।
ਟੂਟੇ ਜਿੰਮੀਦਾਰਨ ਕੋ ਬਿਨਾਂ ਬਿਯਾਜ ਰੁਪੈਆ ਦੇ,
ਰਿਆਯਤ ਕੈ ਲੈਲੋਂ ਦੇ ਦਿਲਾਸਾ ਬਾਰਬਾਰ ਹੈ।
ਫਸਲ ਫਸਲ ਮੈਂ ਹਿਸਾਬ ਕੇ ਚੁਕਾਇ ਲੈਨੋਂ,
ਬਾਕੀ ਨਹੀਂ ਰਾਖਨੀ ਸੁਬੁਧ ਕੋ ਬਿਚਾਰ ਹੈ।

ਦਿਨ ਦਿਨ ਮਾਸ ਮਾਸ ਬਰਖ ਬਰਖ ਦੇਸ ਦੇਸ,
ਥਿਵਾ ਬਢੈ ਤੇ ਬਢੀ ਆਮਦ ਅਧਾਰ ਹੈ। 21।

ਮਹਾਰਾਜਾ ਸਾਹਿਬ ਨੇ ਕਿਵੇਂ ਕਿਰਸਾਨ ਨੂੰ ਹਰ ਤਰ੍ਹਾਂ ਨਾਲ ਉਤਸਾਹਿਤ ਕਰ ਕੇ ਮੁਲਕ ਨੂੰ ਕਿਵੇਂ ਹਰਿਆ-ਭਰਿਆ ਤੇ ਖੁਸ਼ਹਾਲ ਬਣਾਇਆ, ਅਤੇ ਕਿਵੇਂ ਕਮਜ਼ੋਰ ਕਿਸਾਨਾਂ ਨੂੰ ਮਾਲੀ ਜਾਂ ਹੋਰ ਲੋੜੀਂਦੀ ਸਹਾਇਤਾ ਦੇ ਕੇ ਉਸ ਨੂੰ ਆਪਣੇ ਪੈਰਾਂ ਉੱਤੇ ਖੜੇ ਹੋਣ ਦੇ ਸਮਰਥ ਬਣਾਇਆ। ਇਹ ਗੱਲ ਉਪਰਲੀਆਂ ਪੰਕਤੀਆਂ ਤੋਂ ਭਲੀ-ਭਾਂਤ ਸਪਸ਼ਟ ਹੈ। ਸਰਕਾਰੀ ਆਮਦ-ਖਰਚ ਦਾ ਹਿਸਾਬ-ਕਿਤਾਬ ਰਖਣ ਲਈ ਪੂਰਾ ਪ੍ਰਬੰਧ ਸੀ। ਹਜ਼ਾਰਾਂ ਦੀ ਗਿਣਤੀ ਵਿਚ ਅਮਲਾ ਨਿਯੁਕਤ ਸੀ। ਸਾਰਾ ਹਿਸਾਬ ਕਿਤਾਬ ਇੰਜ ਸਾਫ਼ ਅਤੇ ਸਪਸ਼ਟ ਸੀ, ਜਿਵੇਂ ਮੁੰਦਰੀ ਵਿਚ ਨਗੀਨਾ ਜੁੜਿਆ ਹੁੰਦਾ ਹੈ :

ਮੁਨਸ਼ੀ ਦਿਵਾਨ ਸਰਦਾਰ ਹਜ਼ਾਰਨ ਤੇ,
ਦਫ਼ਤ੍ਰ ਐਸੇ ਬਣਵਾਯੇ ਜਿਯੋਂ ਆਈਨਾ ਹੈ।
ਹਰ ਇਕ ਦੇਸਨ ਕੀ ਹਾਲੀ ਅਰ ਸਾਵਨੀ ਕੋ,
ਜੁਦੋ ਜੁਦੋ ਪਰਚਾ ਹਿਸਾਬ ਜਾ ਮੈ ਚੀਨਾ ਹੈ।
ਲਾਖਨ ਕੀ ਖ਼ਬਰਾਂ ਹਮੇਸ਼ਾਂ ਰਾਖੈ ਰਪੋਟ ਤੈ,
ਆਮਦ ਖਰਚ ਦੀਸੈ ਛਾਪ ਜਿਉ ਨਗੀਨਾ ਹੈ।

ਇਥੋਂ ਪ੍ਰਤੱਖ ਹੈ ਕਿ ਮਹਾਰਾਜਾ ਸਾਹਿਬ ਨੇ ਜਿਥੇ ਦੇਸ਼ ਦੇ ਸਿਵਿਲ ਤੇ ਫ਼ੌਜੀ ਪ੍ਰਬੰਧ ਨੂੰ ਬੜੇ ਸੁਚੱਜ ਨਾਲ ਤਲਾਇਆ ਸੀ, ਉਥੇ ਉਹ ਮੁਲਕ ਦੇ ਖ਼ਜ਼ਾਨੇ, ਮਾਲ ਦੀ ਆਮਦ ਤੇ ਖਰਚ ਬਾਰੇ ਵੀ ਪੂਰੀ ਤਰ੍ਹਾਂ ਸੁਚੇਤ ਤੇ ਜਾਗਰੂਕ ਸਨ।

ਕੁਸ਼ਲ ਫ਼ੌਜੀ ਪ੍ਰਬੰਧ

ਪੱਛਮੀ ਇਤਿਹਾਸਕਾਰਾਂ ਅਨੁਸਾਰ ਮਹਾਰਾਜਾ ਸਾਹਿਬ ਦਾ ਫ਼ੌਜੀ ਪ੍ਰਬੰਧ ਆਪਣੇ ਸਮੇਂ ਵਿਚ ਬਹੁਤ ਉੱਤਮ ਤੇ ਏਸ਼ੀਆ ਭਰ ਵਿਚ ਸਭ ਤੋਂ ਵਧੀਆ ਸੀ। ਫ਼ੌਜ ਦੇ ਵਧੀਆ ਪ੍ਰਬੰਧ ਵਿਚ ਚਾਰ ਗੱਲਾਂ ਦਾ ਬੜਾ ਧਿਆਨ ਰਖਣਾ ਪੈਂਦਾ ਹੈ ਤੇ ਉਹ ਹਨ :

(1) ਚੰਗੇ ਤੇ ਸੰਤੁਸ਼ਟ ਸਿਪਾਹੀ,
(2) ਚੰਗੇ ਅਫ਼ਸਰ,
(3) ਵਧੀਆ ਤੇ ਨਿਪੁੰਨ ਅਸਲਾ, ਅਤੇ
(4) ਨਿਰਵਿਘਨ ਸਪਲਾਈ ਲਾਈਨ।

ਮਸ਼ਹੂਰ ਹੈ ਕਿ ਫ਼ੌਜ ਵਿਚ ਸਿਪਾਹੀ ਭਰਤੀ ਕਰਨ ਲਈ ਮਹਾਰਾਜਾ ਸਾਹਿਬ ਆਪ ਦਿਲਚਸਪੀ ਲੈਂਦੇ ਸਨ। ਉਨ੍ਹਾਂ ਦੇ ਭਰਤੀ ਕੀਤੇ ਜਵਾਨ ਡੀਲ-ਡੌਲ ਵਾਲੇ ਦਰਸ਼ਨੀ ਜੁਆਨ ਹੁੰਦੇ ਸਨ। ਇਸ ਗੱਲ ਦੀ ਗਵਾਹੀ ਸ਼ਾਹ ਮੁਹੰਮਦ ਇਸ ਤਰ੍ਹਾਂ ਭਰਦਾ ਹੈ :

ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹ ਪੁਤ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।
ਚੜ੍ਹੇ ਸਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲੇ ਨਿਵਾਏ ਨੀ ਢੇਰ ਮੀਆਂ।
ਸ਼ਾਹ ਮੁਹੰਮਦਾ ਚੜ੍ਹੇ ਜੰਬੂਰਖਾਨੇ,
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ। 58।

ਖ਼ਾਲਸਾ ਫ਼ੌਜ ਵਿਚ ਸਿਰਫ਼ ਸਿੱਖ ਸਿਪਾਹੀ ਨਹੀਂ ਸਨ, ਸਗੋਂ ਮੁਸਲਮਾਨੀ ਤੇ ਹਿੰਦੂ ਅਥਵਾ ਡੋਗਰਾ ਪਲਟਣਾਂ ਵੀ ਸਨ, ਜਿਵੇਂ :

ਆਏ ਹੋਰ ਪਹਾੜ ਦੇ ਸਭ ਰਾਜੇ,
ਜਿਹੜੇ ਤੇਗ ਦੇ ਧਨੀ ਕਹਾਂਵਦੇ ਨੀ।
ਸ਼ਾਹ ਮੁਹੰਮਦਾ ਚੜ੍ਹੀ ਅਕਾਲ ਰਜਮੰਟ
ਖੰਡੇ ਸਾਰ ਦੇ ਸਿਕਲ ਕਰਾਂਵਦੇ ਨੀ।

ਇਸ ਤੋਂ ਇਲਾਵਾ ਕੁਝ ਅਜਿਹੀਆਂ ਰਜਮੈਂਟਾਂ ਵੀ ਸਨ ਜਿਨ੍ਹਾਂ ਦੀ ਸਿਖਲਾਈ ਯੋਰਪੀ ਜਰਨੈਲਾਂ ਦੇ ਅਧੀਨ ਹੋਈ ਸੀ। ਇਸ ਤਰ੍ਹਾਂ ਸਪਸ਼ਟ ਹੈ ਕਿ ਮਹਾਰਾਜਾ ਸਾਹਿਬ ਆਪਣੇ ਸੈਨਿਕ ਦਲ ਵਿਚ ਬੜੀ ਛਾਣ ਬੀਣ ਨਾਲ ਭਰਤੀ ਕਰਦੇ ਸਨ ਅਤੇ ਆਪਣੇ ਸਿਪਾਹੀਆਂ ਨੂੰ ਭਰਪੂਰ ਅਤੇ ਆਧੁਨਿਕਤਮ ਸਿਖਲਾਈ ਕਰਵਾਂਦੇ ਸਨ। ਅਫ਼ਸਰਾਂ ਦੀ ਪਛਾਣ ਉਨ੍ਹਾਂ ਦੀ ਜਾਨਨਿਸਾਰੀ ਅਤੇ ਉਚਿਤ ਅਗਵਾਈ ਦੇਣ ਦੇ ਗੁਣਾਂ ਉੱਤੇ ਨਿਰਭਰ ਕਰਦੀ ਸੀ।

ਚੰਗਾ ਸਿਪਾਹੀ ਤੇ ਚੰਗਾ ਅਫ਼ਸਰ ਤਾਂ ਹੀ ਸਫ਼ਲ ਹੋ ਸਕਦੇ ਹਨ, ਜੇ ਫ਼ੌਜੀ ਸਾਜ਼-ਸਾਮਾਨ ਅਤੇ ਅਸਲੇ ਦੀ ਵੀ ਕਮੀ ਨਾ ਰਹੇ। ਇਸ ਸੰਬੰਧ ਵਿਚ ਗਵਾਲ ਭੱਟ ਨੇ ਲਿਖਿਆ ਹੈ :

ਫ਼ੌਜ ਅਸਵਾਰੀ ਕੀ ਨਿਯਾਰੀ ਨਿਯਾਰੀ ਫਰਦੈਂ ਬਨੀ,
ਪੈਦਲ ਸਿਪਾਹਨ ਕੋ ਜੁਦੇ ਹੀ ਕਰੀਨਾ ਹੈ।
ਤੋਪਨ ਕੀ ਤਯਾਰੀ, ਤਖਤ ਪਹਿਯਾ ਔ ਪੇਟੀ ਲੇਸ,
ਘੋੜਾ ਮਜ਼ਬੂਤ ਦੇਹ ਦੇਖ ਕੇ ਲਗਾਏ ਹੈਂ।
ਬਾਰੋਂ ਮਾਸ ਗੋਲਨ ਕੀ ਗੋਲੈਂ ਅਨ ਤੋਲੈਂ ਬਨੈ,
ਬਨਤ ਗੁਬਾਰੇ ਨਸਾਰੇ ਭਾਰੇ ਭਾਰੇ ਭਾਏ ਹੈਂ।
ਮੋਲਿਯਾਂ ਅਨੰਦ ਘਟੇ ਜਬਰ ਜਬੂਰਨ ਕੋ,
ਗਿਨਤੀ ਨਾ ਆਵੈਂ ਦੀਸਨ ਪਰਬਤ ਸੁਹਾਏ ਹੈਂ।
ਲਾਖੈਂ ਕਰੋੜਨ ਮਨੋਂ ਕੇ ਪ੍ਰਮਾਨ ਦਾਰੂ,
ਕਈ ਕੋਸ ਕੁਪਨ ਕੇ ਗੰਜ ਸਰਸਾਏ ਹੈਂ।
ਲਾਖੈਂ ਕਰੋੜਨ ਮਨੋਂ ਕੇ ਪ੍ਰਮਾਨ ਦਾਰੂ,
ਕਈ ਕੋਸ ਕੁਪਨ ਕੇ ਗੰਜ ਸਰਸਾਏ ਹੈਂ।
ਪਥਰੀ ਅਨੰਤ ਹੂੰ ਕੇ ਬੋਰੇ ਭਰੇ ਭੋਰੇਨ,
ਜਾਮਗੀ ਜਮਾਤਨ ਕੀ ਪਾਂਤ ਅਤਿ ਭਾਰੀ ਹੈ।

ਤੇ ਹੁਣ ਜ਼ਰਾ ਕਾਹਨ ਸਿੰਘ ਦੀ ਜ਼ਬਾਨੀ ਸੁਣੋ :

ਲਗੀ ਲੈਨ ਤੋਪੇਂ ਕਈ ਕੋਸ ਮੈਂ।
ਨਹੀਂ ਉਨ ਕੀ ਗਿਨਤੀ ਪਾਰੇ ਹੋਸ ਮੈਂ।
ਗੁਬਾਰੇ ਜੰਬੂਰੇ ਕੀ ਗਿਨਤੀ ਨਹੀਂ।
ਐਸੀ ਬਾਦਸ਼ਾਹੀ ਨ ਦੇਖੀ ਕਹੀਂ।

ਇਸ ਤਰ੍ਹਾਂ ਤਵਾਰੀਖ਼ਦਾਨਾਂ ਤੋਂ ਇਲਾਵਾ ਪੰਜਾਬੀ ਬੀਰ ਕਾਵਿ ਦੇ ਲਿਖਾਰੀਆਂ ਨੇ ਸਪਸ਼ਟ ਕੀਤਾ ਹੈ ਕਿ ਮਹਾਰਾਜਾ ਸਾਹਿਬ ਦੀਆਂ ਫ਼ੌਜਾਂ ਦਾ ਸੰਗਠਨ ਅਤਿ ਉੱਚ ਦਰਜੇ ਦਾ ਸੀ, ਹਰ ਤਰ੍ਹਾਂ ਨਾਲ ਮੁਕੰਮਲ ਸੀ, ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਸੀ।

ਅੰਤ ਵਿਚ ਅਸੀਂ ਇਸ ਸਿੱਟੇ ਉੱਤੇ ਪੁੱਜਦੇ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਇਕ ਸੁਘੜ ਨੀਤੀਵੇਤਾ,

ਮਜ਼ਬੂਤ ਸ਼ਾਸਕ ਤੇ ਨਿਪੁੰਨ ਫ਼ੌਜੀ ਲਾਗੂ ਸਨ। ਉਨ੍ਹਾਂ ਦਾ ਸਿਵਿਲ ਤੇ ਫ਼ੌਜੀ ਪ੍ਰਬੰਧ ਹਰ ਤਰ੍ਹਾਂ ਨਾਲ ਨਿਪੁੰਨ, ਨਿਰਪੱਖ ਤੇ ਨਿਆਇਸ਼ੀਲ ਸੀ। ਆਪ ਤੇਜਸਵੀ ਸਨ ਪਰ ਦਇਆ ਤੋਂ ਖ਼ਾਲੀ ਨਹੀਂ। ਪਰਜਾ ਨਾਲ ਪਿਆਰ ਰਖਦੇ ਸਨ ਪਰ ਆਪਣੇ ਫ਼ਰਜ਼ ਤੋਂ ਅਵੇਸਲੇ ਹੋ ਕੇ ਨਹੀਂ। ਇਹੀ ਕਾਰਨ ਹੈ ਕਿ ਆਪ ਦੀ ਪਰਜਾ ਆਪ ਨਾਲ ਦਿਲੀ ਪਿਆਰ ਕਰਦੀ ਸੀ। ਮਹਾਰਾਜਾ ਸਾਹਿਬ ਦੇ ਗੁਣਾਂ ਨੂੰ ਸੰਖਿਪਤ ਰੂਪ ਵਿਚ ਕਵੀ ਗਵਾਲ ਭੱਟ ਇਸ ਤਰ੍ਹਾਂ ਅੰਕਿਤ ਕਰਦਾ ਹੈ :

ਜੇਤੋ ਕੁਛ ਪ੍ਰਤਾਪਬਰ ਤੇਤੇ ਕਹਯੋ ਨ ਜਾਤ।
ਕਹਬੇ ਤੇ ਸੌਵੇਂ, ਗੁਨੈ, ਜਾਨੈ ਜਗਤ ਬਿਖਯਾਤ। 21।

(ਵਿਜੈ ਵਿਨੋਦ)

ਅਤੇ ਮੈਂ ਕਾਹਨ ਸਿੰਘ ਦੇ ਸ਼ਬਦਾਂ ਨਾਲ ਇਸ ਲੇਖ ਨੂੰ ਸਮਾਪਤ ਕਰਦਾ ਹਾਂ :

ਨ ਭੂਲੇਗਾ ਜਬ ਤਕ ਜ਼ਮੀਂ ਆਸਮਾਂ।
ਐਸਾ ਬਾਦਸ਼ਾਹ ਫ਼ੈਜ ਬਖ਼ਸੇ ਜਹਾਂ।
ਐਸਾ ਬਾਦਸ਼ਾਹ ਕਿਉਂ ਨਾ ਜੀਤਾ ਰਹਾ।
ਸਤਿਜੁਗ ਕਲੂ ਬੀਚ ਬੀਤਾ ਰਹਾ। 67।

(ਜੰਗਨਾਮਾ ਲਾਹੌਰ)

ਇਕ ਰੋਜ਼ ਬਡਾਲੇ ਦੇ ਵਿਚ ਬੈਠੇ,
ਚਲੀ ਆਣ ਫ਼ਿਰੰਗੀ ਦੀ ਬਾਤ ਆਹੀ।
ਸਾਨੂੰ ਆਖਿਆ ਹੀਰੇ ਤੇ ਹੋਰ ਯਾਰਾਂ,
ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਹੀ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉੱਤੇ ਅਫ਼ਾਤ ਆਹੀ।
ਜਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕੋਈ ਨਹੀਂ ਸੀ ਦੂਸਰੀ ਜ਼ਾਤ ਆਹੀ।

... ...

ਏਹੁ ਜੱਗ ਸਰਾਇ ਮੁਸਾਫ਼ਿਰਾਂ ਦੀ,
ਏਥੇ ਜ਼ੋਰ ਵਾਲੇ ਕਈ ਆਇ ਗਏ।
ਸਿੱਦਾਦ, ਨਮਰੂਦ, ਫ਼ਿਰਔਨ ਜੇਹੇ,
ਦਾਅਵੇ ਬੰਨ੍ਹਿ ਖ਼ੁਦਾਇ ਕਹਾਇ ਗਏ।
ਅਕਬਰ ਸ਼ਾਹ ਜੇਹੇ ਆਇ ਵਿਚ ਦਿੱਲੀ,
ਫੇਰੀ ਵਾਂਗ ਵਣਜਾਰਿਆਂ ਪਾਇ ਗਏ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,
ਬਾਜੇ ਕੂੜ ਦੇ ਕਈ ਵਜਾਇ ਗਏ।

-ਸ਼ਾਹ ਮੁਹੰਮਦ

ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸੰਬੰਧੀ ਇਕ ਬਹੁ-ਮੁੱਲਾ ਤੇ ਅਦੁੱਤੀ ਸੋ੍ਤ

ਡਾ. ਫ਼ੌਜਾ ਸਿੰਘ

ਸ੍ਰੀ ਗੁਰ ਪੰਥ ਸੁਜਸ ਕਹਿਓ ਪੜ੍ਹੇ ਸੁਣੇ ਚਿਤ ਲਾਇ,
ਗਣੇਸ਼ ਦਾਸ ਪਿੰਗਲ ਭਣੇ ਚਾਰ ਪਦਾਰਥ ਪਾਇ ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸੰਬੰਧੀ ਫ਼ਾਰਸੀ ਤੇ ਅੰਗਰੇਜ਼ੀ ਵਿਚ ਲਿਖੀਆਂ ਕਈ ਸਮਕਾਲੀ ਇਤਿਹਾਸਿਕ ਲਿਖਤਾਂ ਮਿਲਦੀਆਂ ਹਨ । ਫ਼ਾਰਸੀ ਵਿਚ ਲਿਖੀਆਂ ਲਿਖਤਾਂ ਵਿਚੋਂ ਮੁਨਸ਼ੀ ਸੋਹਣ ਲਾਲ ਦੀ 'ਉਮਦਾਤੁਤ ਤਵਾਰੀਖ਼', ਦੀਵਾਨ ਅਮਰ ਨਾਥ ਦਾ 'ਜਫ਼ਰਨਾਮਾ ਰਣਜੀਤ ਸਿੰਘ' ਤੇ 'ਚਹਾਰ ਬਾਗੇ ਪੰਜਾਬ' ਕ੍ਰਿਤ ਗਣੇਸ਼ ਦਾਸ ਬਹੁਤ ਪ੍ਰਸਿੱਧ ਹਨ । ਮੁਨਸ਼ੀ ਸੋਹਣ ਲਾਲ ਤਾਂ ਸਰਕਾਰ ਵੱਲੋਂ ਉਚੇਚੇ ਤੌਰ ਤੇ ਇਸੇ ਮਨੋਰਥ ਲਈ ਹੀ ਨਿਯੁਕਤ ਕੀਤਾ ਹੋਇਆ ਸੀ । ਉਸ ਨੇ ਰਾਜ-ਕਾਲ ਦੇ ਆਰੰਭ ਤੋਂ ਲੈ ਕੇ ਅੰਤ ਤਕ ਤਰਤੀਬ ਵਾਰ ਹਰ ਸਾਲ ਦੀਆਂ ਘਟਨਾਵਾਂ ਅੰਕਿਤ ਕੀਤੀਆਂ ਹਨ ਜਿੰਨ੍ਹਾਂ ਦੀ ਮਹੱਤਾ ਨਿਰਸੰਦੇਹ ਮੰਨਣ ਯੋਗ ਹੈ । ਦੀਵਾਨ ਅਮਰ ਨਾਥ, ਦੀਵਾਨ ਦੀਨਾ ਨਾਥ ਦਾ ਲੜਕਾ ਸੀ ਅਤੇ ਦਰਬਾਰ ਦੀ ਮੁਲਾਜ਼ਮਤ ਵਿਚ ਇਕ ਉੱਚ ਪਦਵੀ ਉੱਤੇ ਸਸ਼ੋਭਿਤ ਸੀ । ਉਸ ਨੇ ਜੋ ਕੁਝ ਲਿਖਿਆ ਹੈ ਆਪਣੀ ਨਿਜੀ ਵਾਕਫ਼ੀਅਤ ਦੇ ਆਧਾਰ ਉੱਤੇ ਲਿਖਿਆ ਹੈ । ਅੰਗਰੇਜ਼ੀ ਵਿਚ ਮਿਲਦੀਆਂ ਲਿਖਤਾਂ ਆਮ ਤੌਰ ਤੇ ਉਨ੍ਹਾਂ ਬਦੇਸ਼ੀਆਂ ਦੀਆਂ ਹਨ ਜੋ ਉਸ ਸਮੇਂ ਪੰਜਾਬ ਆਏ, ਮਹਾਰਾਜਾ ਸਾਹਿਬ ਨੂੰ ਮਿਲੇ ਤੇ ਇਧਰ ਉਧਰ ਘੁੰਮ ਘੁੰਮਾ ਕੇ ਸਮਾਚਾਰ ਇਕੱਤਰ ਕੀਤੇ । ਇਨ੍ਹਾਂ ਵਿਚੋਂ ਪ੍ਰਸਿੱਧ ਨਾਉਂ ਇਹ ਹਨ : ਮਰੇ, ਵੇਡ, ਹੋਨਿਗਬਰਗਰ, ਬੈਰਨ ਹਿਊਗਲ, ਬਾਰ, ਬਰਨਜ ਤੇ ਯਾਕੋਮਾਂ । ਕੁਝ ਅਜਿਹੇ ਬਦੇਸ਼ੀ ਲੇਖਕ ਵੀ ਸਨ ਜਿਹੜੇ ਖ਼ਾਲਸਾ ਰਾਜ ਵਿਚ ਮੁਲਾਜ਼ਮਤ ਕਰਦੇ ਸਨ, ਜਿਵੇਂ ਸਟਾਈਨਬਾਖ ਤੇ ਗਾਰਡਨਰ । ਕਨਿੰਘਮ, ਪ੍ਰਿੰਸਪ ਤੇ ਸਮਿੱਥ ਵਰਗੇ ਕੁਝ ਹੋਰ ਲੇਖਕ ਵੀ ਸਨ ਜਿਹੜੇ ਨਾ ਮੁਲਾਜ਼ਮ ਸਨ ਤੇ ਨਾ ਹੀ ਯਾਤਰੀ ਪਰ ਜਿੰਨ੍ਹਾਂ ਨੇ ਨਿਜੀ ਪੁਛ ਪੜਤਾਲ ਦੇ ਆਧਾਰ ਉੱਤੇ ਪੁਸਤਕਾਂ ਲਿਖੀਆਂ ਹਨ ।

ਪਰ ਵੱਡੀ ਹੈਰਾਨੀ ਦੀ ਗੱਲ ਹੈ ਕਿ ਜਿੰਨੀ ਇਨ੍ਹਾਂ ਬਾਹਰਲੀਆਂ ਭਾਸ਼ਾਵਾਂ ਵਿਚ ਰਣਜੀਤ ਸਿੰਘ ਦੇ ਰਾਜ ਬਾਰੇ ਇਤਿਹਾਸਿਕ ਸੋ੍ਤਾਂ ਦੀ ਬਹੁਤਾਤ ਹੈ ਉਨੀ ਹੀ ਪੰਜਾਬੀ ਜਾਂ ਹਿੰਦੀ ਵਿਚ ਇਨ੍ਹਾਂ ਦੀ ਘਾਟ ਹੈ । ਜੇ ਹਰੀ ਸਿੰਘ ਨਲਵਾ ਤੇ ਕੰਵਰ ਸ਼ੇਰ ਸਿੰਘ ਬਾਰੇ ਦੋ ਤਿੰਨ ਛੋਟੀਆਂ-ਛੋਟੀਆਂ ਪੰਜਾਬੀ ਲਿਖਤਾਂ ਨੂੰ ਛੱਡ ਦਿੱਤਾ ਜਾਏ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਸੰਬੰਧੀ ''ਫ਼ਤਿਹਨਾਮਾ ਗੁਰੂ ਖ਼ਾਲਸਾ ਜੀ ਕਾ' ਹੀ ਇਕੋ ਇਕ ਪੰਜਾਬੀ ਹਿੰਦੀ ਲਿਖਤ ਬਾਕੀ ਰਹਿ ਜਾਂਦੀ ਹੈ । ਇਸ ਕਾਰਨ ਜੇ ਇਸ ਸੋ੍ਤ ਨੂੰ ਅਦੁੱਤੀ ਤੇ ਬਹੁ-ਮੁਲਾ ਕਿਹਾ ਜਾਏ ਤਾਂ ਇਸ ਵਿਚ ਕਈ ਅਤਿਕਥਨੀ ਨਹੀਂ ਹੋਵੇਗੀ । ਪਰੰਤੂ ਇਸ ਦੀ ਮਹੱਤਾ ਕੇਵਲ ਇਸ ਕੁਰਕੇ ਨੁਹੀਂ ਹੈ ਕਿ ਇਹੁ ਇਸ ਵਿਸ਼ੇ ਉੱਤੇ ਇਕੋ ਇਕ ਮਹੱਤਵਪੂਰਨ ਪੰਜਾਬੀ/ਹਿੰਦੀ ਸੋ੍ਤ ਹੈ । ਇਸ ਦੀ ਮਹੱਤਾ ਇਸ ਕਰਕੇ ਹੋਰ ਵੀ ਵੱਧ ਜਾਂਦੀ ਹੈ ਕਿ ਇਸ ਵਿਚ ਕੁਝ ਅਜਿਹੇ ਤੱਥ ਮਿਲਦੇ ਹਨ ਜੋ ਕਿਧਰੇ ਇੰਨੀ ਸਪਸ਼ਟਤਾ ਵਿਚ ਨਹੀਂ ਲੱਭਦੇ । ਇਨ੍ਹਾਂ ਤੱਥਾਂ ਦਾ ਅੱਗੇ ਜਾ ਕੇ ਵਰਣਨ ਕੀਤਾ ਜਾਏਗਾ ।

ਪੁਸਤਕ 'ਫ਼ਤਿਹਨਾਮਾ ਗੁਰੂ ਖ਼ਾਲਸਾ ਜੀ ਕਾ' ਸੰਨ 1925 ਵਿਚ ਪਹਿਲੀ ਵਾਰ ਛਾਪੀ ਗਈ । ਇਸ ਨੂੰ

ਪ੍ਰਿੰਸੀਪਲ ਸੀਤਾ ਰਾਮ ਕੋਹਲੀ ਨੇ ਸੰਪਾਦਿਤ ਕੀਤਾ ਤੇ ਮਹਿਕਮਾ ਪੰਜਾਬੀ, ਪਟਿਆਲਾ ਨੇ ਛਪਵਾਇਆ । ਸੰਨ 1925 ਤੋਂ ਪਹਿਲਾਂ ਇਸ ਦੇ ਹੱਥ-ਲਿਖਤ ਖਰੜੇ ਬਾਰੇ ਵੀ ਕਿਸੇ ਨੂੰ ਕੁਝ ਪਤਾ ਨਹੀਂ ਸੀ । ਅਚਾਨਕ ਇਕ ਆਦਮੀ ਜਿਸ ਦਾ ਕੋਈ ਥਹੁ-ਪਤਾ ਕਿਧਰੇ ਨਹੀਂ ਮਿਲਦਾ, ਇਹ ਖਰੜਾ ਵੇਚਣ ਲਈ ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਦੇ ਮੁਖੀ ਸ਼੍ਰੀ ਲਭੂ ਰਾਮ ਕੋਲ ਆਇਆ । ਇਹ ਗੱਲ ਸੰਨ 1925 ਦੀ । ਸ਼੍ਰੀ ਲਭੂ ਰਾਮ ਨੇ ਇਹ ਖਰੜਾ ਪ੍ਰਿੰ. ਸੀਤਾ ਰਾਮ ਕੋਹਲੀ ਦੀ ਵਿਸ਼ੇਸ਼ਗ ਰਾਏ ਵਾਸਤੇ ਭੇਜਿਆ । ਕੋਹਲੀ ਸਾਹਿਬ ਨੇ ਇਸ ਨੂੰ ਬਹੁਤ ਸਲਾਹਿਆ ਅਤੇ ਵਾਪਸ ਭੇਜਣ ਤੋਂ ਪਹਿਲਾਂ ਇਸ ਦਾ ਇਕ ਉਤਾਰਾ ਕਰਵਾ ਕੇ ਆਪਣੇ ਪਾਸ ਰਖ ਲਿਆ । ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਉਨੇ ਰੁਪਏ ਦੇਣੇ ਨਾ ਮੰਨੀ ਜਿੰਨੇ ਕਿ ਖਰੜੇ ਵਾਲਾ ਮੰਗਦਾ ਸੀ, ਜਿਸ ਕਰਕੇ ਸੌਦਾ ਸਿਰੇ ਨਾਂ ਚੜ੍ਹ ਸਕਿਆ ਅਤੇ ਵੇਚਣ ਵਾਲਾ ਖਰੜਾ ਲੈ ਕੇ ਵਾਪਿਸ ਚਲਾ ਗਿਆ । ਉਪਰੰਤ ਖਰੜੇ ਦਾ ਕੋਈ ਪਤਾ ਨਹੀਂ ਲੱਗਾ ਕਿ ਉਹ ਕਿਧਰ ਗਿਆ । ਕੋਹਲੀ ਸਾਹਿਬ ਨੇ ਇਸ ਦੀ ਭਾਲ ਵਿਚ ਕਈ ਵਾਰ ਅਖ਼ਬਾਰਾਂ ਵਿਚ ਵੀ ਇਸ਼ਤਿਹਾਰ ਦਿੱਤੇ ਪਰ ਕੋਈ ਲਾਭ ਨਾ ਹੋਇਆ । ਅੰਤ ਨੂੰ ਉਨ੍ਹਾਂ ਨੇ ਖਰੜੇ ਦਾ ਜੋ ਉਤਾਰਾ ਉਨ੍ਹਾਂ ਕੋਲ ਮੌਜੂਦ ਸੀ, ਉਸੇ ਨੂੰ ਹੀ ਸੰਪਾਦਿਤ ਕਰ ਕੇ ਕਿਤਾਬੀ ਸ਼ਕਲ ਦੇ ਦਿੱਤੀ । ਇਸ ਪੁਸਤਕ ਨੂੰ ਗੌਹ ਨਾਲ ਪੜ੍ਹਿਆਂ ਪਤਾ ਲੱਗਦਾ ਹੈ ਕਿ ਇਹ ਪੂਰੀ ਨਹੀਂ ਹੈ ਅਤੇ ਇਸ ਦਾ ਅਖ਼ੀਰਲਾ ਭਾਗ ਇਸ ਵਿਚੋਂ ਬਾਹਰ ਰਹਿ ਗਿਆ ਹੈ । ਇਹ ਭਾਗ ਕਿਵੇਂ ਅਲੋਪ ਹੋ ਗਿਆ, ਇਸ ਬਾਰੇ ਨਿਸ਼ਚਿਤ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ ।

'ਫ਼ਤਿਹਨਾਮਾ ਗੁਰੂ ਖ਼ਾਲਸਾ ਜੀ ਕਾ' ਦੇ ਕਰਤਾ ਗਣੇਸ਼ ਦਾਸ ਦਾ ਨਾਉਂ ਕਈ ਥਾਈਂ ਪੁਸਤਕ ਵਿਚ ਆਉਂਦਾ ਹੈ ਪਰ ਉਸ ਨੇ ਆਪਣੇ ਥਾਂ-ਟਿਕਾਣੇ, ਪਿਉ-ਦਾਦੇ ਤੇ ਕਾਰੋਬਾਰ ਬਾਰੇ ਕਿਧਰੇ ਵੀ ਕੋਈ ਸੰਕੇਤ ਨਹੀਂ ਦਿੱਤਾ । ਪਰੰਤੂ ਉਸ ਸਬੰਧੀ ਕੁਝ ਅਨੁਮਾਨ ਜ਼ਰੂਰ ਲਾਏ ਜਾ ਸਕਦੇ ਹਨ । ਪਹਿਲਾ, ਜਿਸ ਕੁਸ਼ਲਤਾ ਨਾਲ ਉਸ ਨੇ ਕਵਿਤਾ ਵਿਚ ਪੱਛਮੀ ਹਿੰਦੀ ਦਾ ਪ੍ਰਯੋਗ ਕੀਤਾ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਉਹ ਉੱਤਰ ਪ੍ਰਦੇਸ਼ ਦੇ ਪੱਛਮੀ ਭਾਗ ਅਰਥਾਤ ਸਹਾਰਨਪੁਰ ਦੇ ਨੇੜੇ ਤੇੜੇ ਦਾ ਰਹਿਣ ਵਾਲਾ ਹੋਵੇਗਾ । ਫਿਰ ਉਹ ਜਮਾਦਾਰ ਖੁਸ਼ਹਾਲ ਸਿੰਘ ਦਾ ਨਾਉਂ ਬਾਰ-ਬਾਰ ਵਰਣਨ ਕਰਦਾ ਹੈ ਅਤੇ ਉਹ ਵੀ ਹਮੇਸ਼ਾ ਬੜੇ ਸਤਿਕਾਰ ਨਾਲ । ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸ਼ਾਇਦ ਜਮਾਦਾਰ ਨੇ ਹੀ ਉਸ ਨੂੰ ਆਪਣੇ ਇਲਾਕੇ ਤੋਂ ਮੰਗਵਾ ਕੇ ਖ਼ਾਲਸਾ ਦਰਬਾਰ ਵਿਚ ਨੌਕਰੀ ਦਿਵਾਈ ਹੋਵੇ । ਪ੍ਰਿੰਸੀਪਲ ਸੀਤਾ ਰਾਮ ਕੋਹਲੀ ਨੇ ਉਸ ਨੂੰ ਪੱਛਮੀ ਪੰਜਾਬ ਦਾ ਰਹਿਣ ਵਾਲਾ ਇਸ ਆਧਾਰ ਉੱਤੇ ਸਿੱਧ ਕੀਤਾ ਹੈ ਕਿ ਉਸ ਨੇ ਆਪਣੀ ਰਚਨਾ ਵਿਚ ਲਹਿੰਦੀ ਪੰਜਾਬੀ ਦੇ ਕੁਝ ਸ਼ਬਦ ਵਰਤੇ ਹਨ । ਪਰ ਇਹ ਕੋਈ ਨਿਗਰ ਸਬੂਤ ਨਹੀਂ ਕਿਉਂਕਿ ਗ਼ੈਰ-ਪੰਜਾਬੀ ਵੀ ਕੁਝ ਸਮਾਂ ਪੰਜਾਬੀਆਂ ਵਿਚ ਰਹਿ ਕੇ ਕਈ ਪੰਜਾਬੀ ਸ਼ਬਦ ਸਿੱਖ ਜਾਂਦੇ ਹਨ । ਇਸ ਤੋਂ ਵਧੇਰੇ ਵਜ਼ਨ ਕੋਹਲੀ ਸਾਹਿਬ ਦੀ ਇਸ ਗੱਲ ਵਿਚ ਹੈ ਕਿ ਉਨ੍ਹਾਂ ਨੂੰ ਆਪਣੀ ਖੋਜ ਪੜਤਾਲ ਦੇ ਦੌਰਾਨ ਇਕ ਭਈਆ ਗਣੇਸ਼ ਦਾਸ ਦਾ ਨਾਂ ਮਿਲਿਆ ਹੈ ਜੋ ਮਹਾਰਾਜਾ ਸਾਹਿਬ ਦੇ ਨਿੱਜੀ ਅਮਲੇ ਵਿਚ ਨੌਕਰ ਸੀ । ਉਨ੍ਹਾਂ ਦਾ ਅਨੁਮਾਨ ਹੈ ਕਿ ਪੋਥੀ 'ਫ਼ਤਿਹਨਾਮਾ ਗੁਰੂ ਖ਼ਾਲਸਾ ਜੀ ਕਾ' ਦਾ ਕਰਤਾ ਸ਼ਾਇਦ ਇਹੋ ਭਈਆ ਗਣੇਸ਼ ਦਾਸ ਹੋਵੇ, ਕਾਫ਼ੀ ਹਦ ਤਕ ਠੀਕ ਮਾਲੂਮ ਹੁੰਦਾ ਹੈ ਕਿਉਂਕਿ ਲੇਖਕ ਗਣੇਸ਼ ਦਾਸ ਦੇ ਭਈਆ ਹੋਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ । ਪ੍ਰਿੰਸੀਪਲ ਕੋਹਲੀ ਦੀ ਟਿੱਪਣੀ ਇਸ ਸੰਬੰਧ ਵਿਚ ਇਸ ਪ੍ਰਕਾਰ ਹੈ : "ਮੈਂ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਸੰਨ 1811 ਤੋਂ ਮਾਰਚ 1849 ਤੀਕ ਦੇ ਸਾਰੇ ਕਾਗ਼ਜ਼ ਪੰਜ ਸਾਲ ਦਾ ਸਮਾਂ ਲਾ ਕੇ ਪੜ੍ਹੇ ਤੇ ਉਨ੍ਹਾਂ ਨੂੰ ਤਰਤੀਬਿਆ, ਪਰ ਗਣੇਸ਼ ਦਾਸ ਕਵੀ ਦਾ ਨਾਂ ਸਰਕਾਰੀ ਮੁਲਾਜ਼ਮਾਂ ਵਿਖੇ ਕਿਤੇ ਵੀ ਨਜ਼ਰ ਨਹੀਂ ਆਇਆ । ਇਹ ਨਾਂ ਮੁਨਸ਼ੀ ਸੋਹਨ ਲਾਲ ਦੀ ਪੁਸਤਕ 'ਉਮਦਾਤੁਤ-ਤਵਾਰੀਖ ਅਥਵਾ ਰੋਜ਼ਨਾਮਚਾ ਮਹਾਰਾਜਾ ਰਣਜੀਤ ਸਿੰਘ' ਵਿਚ ਵੀ ਕਿਤੇ ਨਹੀਂ ਮਿਲਦਾ । ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦਾ ਕੋਈ ਵਿਰਲਾ ਮੁਲਾਜ਼ਮ ਹੀ ਹੋਵੇਗਾ ਜਿਸ ਦਾ ਨਾਂ ਕਿਸੇ ਨਾ ਕਿਸੇ ਸੰਬੰਧ ਵਿਚ ਇਕ ਵੇਰਾਂ ਵੀ ਇਸ ਪੁਸਤਕ ਵਿਚ ਨਾ ਆਇਆ ਹੋਵੇ । ਇਨ੍ਹਾਂ ਸਮੂਹ ਵਾਕਿਆਂ ਨੂੰ ਵਿਚਾਰ ਗੋਚਰੇ ਕਰਦਿਆਂ ਇਹ ਖਿਆਲ ਉਤਪੰਨ ਹੁੰਦਾ ਹੈ ਕਿ ਹੋਵੇ ਨਾ ਹੋਵੇ ਗਣੇਸ਼ ਦਾਸ ਮਹਾਰਾਜਾ ਸਾਹਿਬ ਦੇ ਨਿੱਜੀ ਅਮਲੇ ਵਿਚੋਂ ਸੀ ਅਤੇ ਉਸ ਦੀ ਤਲਬ ਵੀ ਇਸੇ ਖਾਤੇ 'ਸਰਫ਼ੇ ਹਜ਼ੂਰੀ' ਵਿਚੋਂ ਮਿਲਦੀ ਹੋਵੇਗੀ ।.....ਮੇਰੇ ਕੋਲ

ਇਕ ਹੱਥ-ਲਿਖਤ ਹੈ ਜਿਸ ਵਿਚ ਮਿਤੀਵਾਰ ਤੇ ਲੜੀਵਾਰ 461 ਪਰਵਾਨੇ ਜਿਹੜੇ ਸ. ਤੇਜਾ ਸਿੰਘ, ਜਰਨੈਲ 'ਕੰਪੂ-ਏ-ਮੁਅਲਾ', ਦੇ ਨਾਂ 14 ਨਵੰਬਰ, 1833 ਤੋਂ ਦਸੰਬਰ 1834 ਤਕ ਦੇ ਅੰਦਰ-ਅੰਦਰ ਦੇ ਜਾਰੀ ਕੀਤੇ ਹੋਏ ਹਨ, ਇੰਨ-ਬਿੰਨ ਨਕਲ ਹਨ। ਇਨ੍ਹਾਂ ਪਰਵਾਨਿਆਂ ਵਿਚੋਂ ਇਕ ਵਿਖੇ ਇਕ ਭਈਆ ਗਣੇਸ਼ ਦਾਸ ਦਾ ਨਾਂ ਆਉਂਦਾ ਹੈ ਅਤੇ ਉਸ ਨੂੰ 1 ਮੱਘਰ ਸੰ. 1890 (14 ਨਵੰਬਰ, 1833) ਵਾਲੇ ਦਿਨ 150 ਸਵਾਰ ਫ਼ੌਜ ਨਾਲ ਇਕ ਵਿਸ਼ੇਸ਼ ਕੰਮ ਪੁਰ ਨੀਯਤ ਕੀਤਾ ਜਾਂਦਾ ਹੈ। ਹੋ ਸਕਦਾ ਹੈ ਕਿ ਕਵੀ ਗਣੇਸ਼ ਦਾਸ ਇਹੋ ਪੁਰਸ਼ ਹੋਵੇ।"

(ਭੂਮਿਕਾ, ਪੰਨੇ 7-8)

ਉਪਰੋਕਤ ਵਿਚਾਰ ਦੀ ਪੁਸ਼ਟੀ ਵਿਚ ਇਕ ਹੋਰ ਦਲੀਲ ਇਹ ਹੈ ਕਿ ਘਟਨਾਵਾਂ ਸੰਬੰਧੀ ਜੋ ਭਰਪੂਰ ਵਾਕਫ਼ੀਅਤ ਕਵੀ ਗਣੇਸ਼ ਦਾਸ ਦੀ ਪੁਸਤਕ ਵਿਚ ਮਿਲਦੀ ਹੈ ਉਹ ਤਾਂ ਹੀ ਸੰਭਵ ਹੋ ਸਕਦੀ ਹੈ ਜੇ ਇਹ ਵਿਅਕਤੀ ਕਿਸੇ ਅਜਿਹੇ ਸਥਾਨ ਉੱਤੇ ਲੱਗਾ ਹੋਇਆ ਹੋਵੇ ਜਿਥੇ ਉਸ ਨੂੰ ਘਟਨਾਵਾਂ ਬਾਰੇ ਪੱਕੀ ਭਰੋਸੇਯੋਗ ਤੇ ਵਿਸਤਾਰਪੂਰਵਕ ਸੂਚਨਾ ਮਿਲ ਸਕਦੀ ਹੋਵੇ। ਪ੍ਰਿੰ. ਸੀਤਾ ਰਾਮ ਕੋਹਲੀ ਦੇ ਸ਼ਬਦਾਂ ਵਿਚ, "ਜਿਥੋਂ ਤੀਕ ਘਟਨਾਵਾਂ ਦਾ ਸੰਬੰਧ ਹੈ ਕਵੀ ਮਾਮੂਲੀ ਘਟਨਾ ਦਾ ਵੀ ਜ਼ਿਕਰ ਕਰਦਾ ਹੈ ਅਤੇ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਉਸ ਉੱਤੇ ਖਬਰਾਂ ਦਾ ਰਾਹ ਸਰਕਾਰੀ ਤੌਰ ਉੱਤੇ ਖੁਲ੍ਹਾ ਹੁੰਦਾ, ਅਥਵਾ ਰਣਭੂਮੀ ਵਿਚੋਂ ਆਉਣ ਵਾਲੀਆਂ ਨਿਤ ਦੀਆਂ ਖਬਰਾਂ ਨਾਲ ਸੰਬੰਧਿਤ ਕੋਈ ਪਦਵੀ ਉਸ ਨੂੰ ਪ੍ਰਾਪਤ ਹੁੰਦੀ। ਘਟੋ-ਘਟ ਇਹ ਤਾਂ ਆਖਿਆ ਹੀ ਜਾ ਸਕਦਾ ਹੈ ਕਿ ਉਸ ਨੂੰ ਹਰ ਪਿਛਲੀ ਤੋਂ ਪਿਛਲੀ ਵਿਉਂਤ ਦੀ ਖ਼ਬਰ ਹੁੰਦੀ ਸੀ। ਇਕ ਦੋ ਹਵਾਲਿਆਂ ਤੋਂ ਤਾਂ ਇਹ ਵੀ ਅਨੁਭਵ ਹੁੰਦਾ ਹੈ ਕਿ ਉਹ ਸਦਾ ਮਹਾਰਾਜਾ ਸਾਹਿਬ ਦੀ ਅਰਦਲ ਵਿਚ ਰਹਿੰਦਾ ਸੀ।"

(ਭੂਮਿਕਾ, ਪੰਨਾ 7)

'ਫ਼ਤਿਹਨਾਮਾ ਗੁਰੂ ਖ਼ਾਲਸਾ ਜੀ ਕਾ' ਇਕ ਸਮਕਾਲੀ ਲਿਖਤ ਹੈ, ਇਸ ਬਾਰੇ ਕਿਸੇ ਸ਼ੱਕ ਸ਼ੁਭੇ ਦੀ ਕੋਈ ਗੁੰਜਾਇਸ਼ ਨਹੀਂ ਹੈ। ਫਿਰ ਵੀ ਸਵਾਲ ਉਠਦਾ ਹੈ ਕਿ ਇਸ ਦੇ ਲਿਖੇ ਜਾਣ ਦੀ ਸਹੀ ਮਿਤੀ ਕਿਹੜੀ ਹੈ। ਪੁਸਤਕ ਨੂੰ ਗੋਹ ਨਾਲ ਵਾਚਿਆਂ ਅਨੁਮਾਨ ਲੱਗਦਾ ਹੈ ਕਿ ਇਸ ਦੇ ਤਿੰਨਾਂ ਭਾਗਾਂ ਵਿਚੋਂ ਪਹਿਲਾ ਮੁਲਤਾਨ ਦੀ ਜਿੱਤ ਮਗਰੋਂ, ਦੂਜਾ ਨੌਸ਼ਹਿਰੇ ਦੀ ਫ਼ਤਿਹ ਪਿੱਛੋਂ ਤੇ ਤੀਜਾ ਅਕੋੜੇ ਦੀ ਜੰਗ ਉਪਰੰਤ ਲਿਖਿਆ ਗਿਆ ਸੀ। ਪ੍ਰਿੰਸੀਪਲ ਸੀਤਾ ਰਾਮ ਨੇ ਵੀ ਇਹ ਵਿਚਾਰ ਪ੍ਰਵਾਨ ਕੀਤਾ ਹੈ। ਉਹ ਲਿਖਦਾ ਹੈ : "ਮੇਰਾ ਵਿਚਾਰ ਹੈ ਕਿ ਹਰੇਕ ਰਚਨਾ ਸੰਬੰਧਿਤ ਯੁੱਧ ਹੁੰਦਿਆਂ ਹੀ ਉਲੀਕੀ ਗਈ ਸੀ ਅਤੇ ਇਹੋ ਕਾਰਨ ਹੈ ਕਿ ਰਚਨਾ ਨੰਬਰ 3 ਵਿਚ ਖ਼ਲੀਫਾ ਦੀ ਮੌਤ ਦੀ ਘਟਨਾ ਦਾ ਵਰਣਨ ਨਹੀਂ ਹੈ। ਖ਼ਲੀਫ਼ਾ ਅਕੋੜਾ ਦੀ ਲੜਾਈ ਦੇ ਚਾਰ ਸਾਲ ਉਪਰੰਤ ਅਥਵਾ ਉਸ ਲੜਾਈ ਵਿਚ ਜਿਹੜੀ ਸੰਨ 1831 ਵਿਖੇ ਪਖਲੀ ਤੇ ਧਮਤੌੜ ਦੀਆਂ ਪਹਾੜੀਆਂ ਤੇ ਹੋਈ, ਮਾਰਿਆ ਗਿਆ ਸੀ। ਇੱਕਰ ਹੀ ਰਚਨਾ ਨੰ: 2 ਵਿਖੇ ਬਾਬਾ ਫੂਲਾ ਸਿੰਘ ਅਕਾਲੀ ਦੀ ਸਮਾਧ ਬਣਾਉਣ ਸੰਬੰਧੀ ਕੋਈ ਜ਼ਿਕਰ ਨਹੀਂ ਹੈ। ਨਹੀਂ ਤਾਂ ਇਸ ਹਾਲਤ ਵਿਚ ਜਦ ਕਿ ਕਵੀ ਨੇ ਬਾਬਾ ਜੀ ਦੇ ਰਣ-ਭੂਮੀ ਵਿਚ ਜੂਝਣ ਤੇ ਯੁੱਧ ਕਰਨ ਦਾ ਵਰਣਨ ਪੂਰੇ ਵਿਸਥਾਰ ਨਾਲ ਤੇ ਦਰਜਾ-ਬ-ਦਰਜਾ ਕੀਤਾ ਹੋਵੇ, ਜੇ ਇਸ ਜੋਧੇ ਦੀ ਸਮਾਧ ਅਫ਼ਗਾਨੀ ਇਲਾਕੇ ਵਿਚ ਜਿਥੇ ਕਿ ਉਹ ਸ਼ਹੀਦ ਹੋਏ ਸਨ, ਬਣਾਉਣ ਦਾ ਫ਼ੈਸਲਾ ਮਹਾਰਾਜਾ ਵੱਲੋਂ ਉਸੇ ਵੇਲੇ ਕੀਤਾ ਗਿਆ ਹੁੰਦਾ, ਇਹ ਅਸੰਭਵ ਸੀ ਕਿ ਕਵੀ ਗਣੇਸ਼ ਦਾਸ ਵਰਗਾ ਦੇਸ਼ ਭਗਤ ਅਤੇ ਪੂਰਨ ਸੂਝ-ਬੂਝ ਵਾਲਾ ਇਸ ਘਟਨਾ ਨੂੰ ਲਿਖਤ ਵਿਚ ਨਾ ਲਿਆਉਂਦਾ।.....ਮੈਂ ਤਾਂ ਇਸੇ ਸਿੱਟੇ ਉੱਤੇ ਪੁੱਜਦਾ ਹਾਂ ਕਿ ਕਵੀ ਨੇ ਹਰੇਕ ਰਚਨਾ ਸੰਬੰਧਿਤ ਯੁੱਧ ਖ਼ਤਮ ਹੁੰਦਿਆਂ ਹੀ ਲਿਖੀ ਸੀ।"

(ਭੂਮਿਕਾ, ਪੰਨਾ 11)

ਇਥੇ ਇਹ ਗੱਲ ਵੀ ਦੱਸਣੀ ਬਣਦੀ ਹੈ ਕਿ ਕਵੀ ਨੇ ਤਿੰਨਾ ਹੀ ਯੁੱਧਾਂ (ਮੁਲਤਾਨ, ਨੌਸ਼ਹਿਰਾ ਤੇ ਅਕੋੜਾ-ਸੈਦੇਵਾਲ) ਦੀਆਂ ਮਿਤੀਆਂ ਵੱਖ-ਵੱਖ ਤੇ ਸਪਸ਼ਟ ਰੂਪ ਵਿਚ ਦਿੱਤੀਆਂ ਹਨ। ਇਹ ਮਿਤੀਆਂ ਹਨ : ਮੁਲਤਾਨ–ਸੰਮਤ 1875, ਪਿਸ਼ੌਰ (ਨੌਸ਼ਹਿਰਾ)–ਸੰਮਤ 1879; ਪਿਸ਼ੌਰ (ਅਕੋੜਾ-ਸੈਦੇਵਾਲ)–ਸੰਮਤ 1883।

ਹੁਣ ਅਸੀਂ ਇਸ ਗ੍ਰੰਥ ਦੀ ਇਤਿਹਾਸਿਕ ਮਹੱਤਾ ਲੈਂਦੇ ਹਾਂ। ਇਹ ਸਮੁੱਚਾ ਗ੍ਰੰਥ ਮੁੱਖ ਰੂਪ ਵਿਚ ਹਿੰਦੀ ਪੱਦ ਵਿਚ ਹੈ ਅਤੇ ਜਿਵੇਂ ਪਹਿਲਾਂ ਸੰਕੇਤ ਕੀਤਾ ਗਿਆ ਹੈ, ਹਿੰਦੀ ਵੀ ਪੱਛਮੀ ਹਿੰਦੀ ਹੈ, ਜਾਂ ਇਉਂ ਕਹਿ ਲਵੋ

ਕਿ ਉੱਤਰ-ਪ੍ਰਦੇਸ਼ ਦੇ ਪੱਛਮੀ ਭਾਗ ਦੀ ਭਾਸ਼ਾ ਹੈ। ਹਾਂ, ਕਿਤੇ-ਕਿਤੇ ਕੋਈ ਪੰਜਾਬੀ ਸ਼ਬਦ ਵੀ ਇਸ ਵਿਚ ਦਿਸ ਪੈਂਦੇ ਹਨ। ਭਾਸ਼ਾ ਸਾਦੀ ਤੇ ਸਰਲ ਹੈ। ਇਸ ਲਈ ਪਾਠਕ ਨੂੰ ਸਮਝਣ ਵਿਚ ਕੋਈ ਖ਼ਾਸ ਦਿੱਕਤ ਪੇਸ਼ ਨਹੀਂ ਹੁੰਦੀ। ਪੱਦ ਦੀ ਸ਼ੈਲੀ ਪਰੰਪਰਾਵਾਦੀ ਹਿੰਦੀ ਕਵਿਤਾ ਵਾਲੀ ਹੈ ਅਤੇ ਪਿੰਗਲ ਦੇ ਪੱਖੋਂ ਇਸ ਵਿਚ ਦੋਹਰੇ, ਸੋਰਠੇ, ਸਵੈਯੇ ਤੇ ਕਬਿੱਤ ਆਮ ਮਿਲਦੇ ਹਨ, ਕਿਧਰੇ-ਕਿਧਰੇ ਛੰਦ ਤੇ ਚੌਪਈ ਵੀ ਦਿੱਤੇ ਹੋਏ ਹਨ। ਆਮ ਤੌਰ ਉੱਤੇ ਕਿਹਾ ਜਾਂਦਾ ਹੈ ਕਿ ਇਤਿਹਾਸਿਕ ਲਿਖਤਾਂ ਲਈ ਪੱਦ ਕੋਈ ਸੰਤੋਸ਼ਜਨਕ ਮਾਧਿਅਮ ਨਹੀਂ ਹੈ। ਇਕ ਤਾਂ ਪੱਦ ਵਿਚ ਇਤਿਹਾਸਿਕ ਤੱਥਾਂ ਲਈ ਲੋੜੀਂਦਾ ਵਿਸਤਾਰ ਦੇਣਾ ਸੰਭਵ ਨਹੀਂ ਹੁੰਦਾ, ਦੂਜੇ, ਕਵੀਆਂ ਦੀਆਂ ਖ਼ਿਆਲੀ ਉਡਾਰੀਆਂ ਚੰਗੇ ਇਤਿਹਾਸ ਲਈ ਮਾਰੂ ਹੁੰਦੀਆਂ ਹਨ। ਜੇ ਇਨ੍ਹਾਂ ਗੱਲਾਂ ਦੀ ਲੋ ਵਿਚ ਗਣੇਸ਼ ਦਾਸ ਦੀ ਕਾਵਿਕ ਰਚਨਾ ਨੂੰ ਪਰਖਿਆ ਜਾਏ ਤਾਂ ਪਤਾ ਲੱਗਦਾ ਹੈ ਕਿ ਉਸ ਨੇ ਬਹੁਤ ਵੱਡੀ ਸੀਮਾ ਤਕ ਆਪਣੇ ਆਪ ਨੂੰ ਇਨ੍ਹਾਂ ਕਮਜ਼ੋਰੀਆਂ ਤੋਂ ਬਚਾ ਕੇ ਰਖਿਆ ਹੈ। ਉਸ ਦੀ ਸਾਰੀ ਕਵਿਤਾ ਵਿਚ ਕੇਵਲ ਇਕੋ ਕਾਵਿਕ ਉਡਾਰੀ ਹੈ ਜਿਥੇ ਉਹ ਮੁਲਤਾਨ ਦੇ ਪੀਰ ਸ਼ਮਸ ਤਬਰੇਜ਼ ਦੀ ਗੁਰੂ ਗੋਬਿੰਦ ਸਿੰਘ ਨਾਲ ਮੁਲਾਕਾਤ ਕਰਾ ਕੇ ਬਾਤਚੀਤ ਕਰਾਉਂਦਾ ਹੈ। ਬਾਕੀ ਸਾਰੀ ਰਚਨਾ ਵਿਚ ਇਤਿਹਾਸਿਕ ਤੱਥਾਂ ਨੂੰ ਸਰਵੁੱਚ ਦਰਜਾ ਦਿੱਤਾ ਗਿਆ ਹੈ। ਹੇਠ ਦਿੱਤੀ ਪੰਗਤੀ ਤੋਂ ਪਾਠਕ ਆਪ ਵੇਖ ਲੈਣਗੇ ਕਿ ਗਣੇਸ਼ ਦਾਸ ਕਿਵੇਂ ਪੱਦ ਵਿਚ ਲਿਖਦਾ ਹੋਇਆ ਵੀ ਵੱਧ ਤੋਂ ਵੱਧ ਇਤਿਹਾਸਿਕ ਜਾਣਕਾਰੀ ਦੇਣ ਦਾ ਜਤਨ ਕਰਦਾ ਹੈ :

ਕਬਿੱਤ :

ਗੁਲਾਬ ਸਿੰਘ ਰਾਜਾ ਹਰੀ ਸਿੰਘ ਚੜ੍ਹ ਮਾਰਤ ਹੈ,
ਬੁਧ ਸਿੰਘ ਅਤਰ ਸਿੰਘ ਲੜਤ ਰਿਸਾਇ ਕੇ।
ਅਚਲ ਸਿੰਘ ਜਾਇ ਘਣੇ ਜਾ ਮਾਰੇ ਤੁਰਕਣ ਕੋ,
ਤਾਰਾ ਸਿੰਘ ਹੱਲਾ ਕਰ ਦੀਨੇ ਸੋ ਭਜਾਇ ਕੇ।
ਸ਼ਾਮ ਸਿੰਘ ਜਗਤ ਸਿੰਘ ਚਤਰ ਸਿੰਘ ਜੈ ਸਿੰਘ,
ਲੜੇ ਹਠ ਧਾਰ ਸੁ ਬੰਦੂਕਨ ਚਲਾਇ ਕੇ।
ਮਾਰੇ ਹਥਿਆਰ ਧਾਰ ਕਾਲ ਮੇਂ ਬਹਾਏ ਬਹੁ,
ਜੀਤ ਕੇ ਮਲੇਛ ਜਸ ਡੰਕਾ ਸੁ ਬਜਾਇ ਕੇ। 40।

(ਪਿਸ਼ੌਰ ਯੁੱਧ ਨੰ: 2)

'ਫ਼ਤਿਹਨਾਮਾ ਗੁਰੂ ਖ਼ਾਲਸਾ ਜੀ ਕਾ' ਦਾ ਵਡੇਰਾ ਭਾਗ ਸੰਨ 1818 ਵਿਚ ਲੜੇ ਗਏ ਮੁਲਤਾਨ ਯੁੱਧ ਨਾਲ ਸੰਬੰਧਿਤ ਹੈ। ਇਸ ਦਾ ਸਮੁੱਚਾ ਵਰਣਨ ਪੰਜ ਅਧਿਆਵਾਂ ਵਿਚ ਵੰਡਿਆ ਗਿਆ ਹੈ ਜਿਨ੍ਹਾਂ ਦੇ ਵੱਖ-ਵੱਖ ਬੰਦਾਂ ਦੀ ਗਿਣਤੀ ਇਸ ਪ੍ਰਕਾਰ ਹੈ : ਪਹਿਲਾ-77; ਦੂਜਾ-72; ਤੀਜਾ-61; ਚੌਥਾ-46; ਪੰਜਵਾਂ 23। ਪਿਸ਼ੌਰ ਯੁੱਧ ਨੰ: 1 ਆਕਾਰ ਦੇ ਪੱਖ ਤੋਂ ਦੂਜੇ ਨੰਬਰ ਉੱਤੇ ਆਉਂਦਾ ਹੈ। ਇਸ ਵਿਚ ਕੁਲ 134 ਬੰਦ ਹਨ। ਪਿਸ਼ੌਰ ਯੁੱਧ ਨੰ: 2 ਸਭ ਤੋਂ ਛੋਟਾ ਹੈ ਅਤੇ ਇਸ ਵਿਚ ਕੇਵਲ 73 ਬੰਦ ਹਨ। ਇਨ੍ਹਾਂ ਤਿੰਨਾਂ ਯੁੱਧਾਂ ਤੋਂ ਸਿਵਾਏ ਕਵੀ ਗਣੇਸ਼ ਦਾਸ ਨੇ ਹੋਰ ਕੁਝ ਨਹੀਂ ਦਿੱਤਾ। ਮਹਾਰਾਜਾ ਸਾਹਿਬ ਦੇ ਪ੍ਰਸ਼ਾਸਨ, ਫ਼ੌਜੀ ਸੰਗਠਨ ਜਾਂ ਖ਼ਾਲਸਾ ਰਾਜ ਦੀਆਂ ਹੋਰ ਘਟਨਾਵਾਂ ਬਾਬਤ ਇਸ ਪੁਸਤਕ ਵਿਚ ਕੁਝ ਨਹੀਂ ਮਿਲਦਾ। ਪਰੰਤੂ ਜਿਥੋਂ ਤਕ ਇਨ੍ਹਾਂ ਯੁੱਧਾਂ ਦੇ ਵੇਰਵੇ ਦਾ ਸੰਬੰਧ ਹੈ, ਕਵੀ ਨੇ ਭਰਪੂਰ ਜਾਣਕਾਰੀ ਦਿੱਤੀ ਹੈ। ਉਦਾਹਰਣ ਵਜੋਂ, ਮੁਲਤਾਨ ਯੁੱਧ ਦੇ ਸੰਬੰਧ ਵਿਚ ਕੇਵਲ ਇਹੀ ਨਹੀਂ ਦੱਸਿਆ ਕਿ ਖ਼ਾਲਸਾ ਫ਼ੌਜ ਦਾ ਮੁੱਖ ਕਮਾਂਡਰ ਕੌਣ ਸੀ ਸਗੋਂ ਉਨ੍ਹਾਂ ਸ਼ੁਭ ਵੁਡੇ-ਵਡੇ ਸਰਦਾਰਾਂ ਤੇ ਅਫ਼ਸਰਾਂ ਦੇ ਨਾਉਂ ਤੇ ਕਾਰਨਾਮੇ ਵੀ ਦੱਸੇ ਗਏ ਹਨ ਜਿਨ੍ਹਾਂ ਨੇ ਇਸ ਲੜਾਈ ਵਿਚ ਹਿੱਸਾ ਲਿਆ। ਇਸੇ ਪ੍ਰਕਾਰ ਲੜਾਈ ਵਿਚ ਭਾਗ ਲੈਣ ਵਾਲੀਆਂ ਪਲਟਨਾਂ, ਰੈਜਮੈਂਟਾਂ ਤੋਪਖ਼ਾਨਾ, ਬੈਟਰੀਆਂ ਆਦਿ ਦੇ ਨਾਉਂ ਵੀ ਦਰਸਾਏ ਗਏ ਹਨ। ਲੜਾਈ ਦੌਰਾਨ ਜੋ ਗਲਬਾਤ ਖ਼ਾਲਸਾ ਦਰਬਾਰ ਦੇ ਅਫ਼ਸਰਾਂ ਤੇ ਨਵਾਬ ਮੁਲਤਾਨ ਦੇ ਪ੍ਰਤਿਨਿਧੀਆਂ ਵਿਚਕਾਰ ਹੋਈ ਉਸ ਦਾ ਸਾਰਾਂਸ਼ ਵੀ ਦਿੱਤਾ ਗਿਆ ਹੈ। ਯੁੱਧ ਦੇ ਦੌਰਾਨ ਮਹਾਰਾਜਾ ਸਾਹਿਬ ਨੂੰ ਲਾਹੌਰ ਵਿਖੇ ਲਗਾਤਾਰ ਪੂਰੀ-ਪੂਰੀ

ਸੂਚਨਾ ਭੇਜੀ ਜਾਂਦੀ ਸੀ ਅਤੇ ਮਹਾਰਾਜਾ ਸਾਹਿਬ ਇਸ ਲਗਾਤਾਰ ਸੰਪਰਕ ਦੁਆਰਾ ਸਮੇਂ-ਸਮੇਂ ਆਪਣੀਆਂ ਹਿਦਾਇਤਾਂ ਭੇਜਦੇ ਰਹਿੰਦੇ ਸਨ। ਇਸ ਵਿਸ਼ੇ ਸੰਬੰਧੀ ਵੀ ਕਵੀ ਨੇ ਕਈ ਥਾਵਾਂ ਉੱਤੇ ਜ਼ਿਕਰ ਕੀਤਾ ਹੈ। ਇਹ ਯੁੱਧ ਕਈ ਮਹੀਨਿਆਂ ਤਕ ਚਲਦਾ ਰਿਹਾ ਅਤੇ ਇਸ ਵਿਚ ਕਈ ਉਤਰਾ-ਚੜ੍ਹਾ ਆਉਂਦੇ ਰਹੇ। ਗਣੇਸ਼ ਦਾਸ ਲੜਾਈ ਦੀ ਬਦਲਦੀ ਸਥਿਤੀ ਤੋਂ ਪੂਰਨ ਤੌਰ ਉੱਤੇ ਵਾਕਿਫ਼ ਦਿਸਦਾ ਹੈ ਅਤੇ ਉਸ ਦੇ ਬਿਆਨ ਵਿਚੋਂ ਸਾਫ਼-ਸਾਫ਼ ਨਜ਼ਰ ਆਉਂਦਾ ਹੈ ਕਿ ਲੜਾਈ ਦੀ ਚਾਲ ਕਦੋਂ ਮਠੀ ਪੈਂਦੀ ਹੈ ਤੇ ਕਦੋਂ ਤੇਜ਼ ਹੁੰਦੀ ਹੈ। ਦੁਸ਼ਮਣ ਦੇ ਪਾਸੇ ਦਾ ਵੀ ਗਣੇਸ਼ ਦਾਸ ਨੂੰ ਚੋਖਾ ਗਿਆਨ ਹਾਸਿਲ ਹੈ। ਉਹ ਨਵਾਬ ਮੁਲਤਾਨ ਦਾ ਹੀ ਨਹੀਂ ਸਗੋਂ ਉਸ ਦੇ ਲੜਕਿਆਂ ਤੇ ਉਘੇ ਜਰਨੈਲਾਂ ਦੇ ਨਾਉਂ ਵੀ ਦੱਸਦਾ ਹੈ ਕਿ ਉਨ੍ਹਾਂ ਕਿਵੇਂ ਜਾਨ ਤੋੜ ਕੇ ਲੜਾਈ ਕੀਤੀ ਤੇ ਸ਼ਹੀਦੀਆਂ ਪਾਈਆਂ। ਕਵੀ ਜਿਸ ਉਦਾਰਤਾ ਨਾਲ ਸਿੰਘਾਂ ਦੀ ਬਹਾਦਰੀ ਦੀ ਸ਼ਲਾਘਾ ਕਰਦਾ ਹੈ ਉਸੇ ਨਾਲ ਵੈਰੀਆਂ ਦੀ ਸੂਰਮਤਾਈ ਦੀ ਪ੍ਰਸ਼ੰਸਾ ਵੀ ਕਰਦਾ ਹੈ। ਉਹ ਇਸ ਸਿਧਾਂਤ ਵਿਚ ਵਿਸ਼ਵਾਸ ਰਖਦਾ ਮਾਲੂਮ ਹੁੰਦਾ ਹੈ ਕਿ ਜੋ ਆਦਮੀ ਵੀ, ਭਾਵੇਂ ਆਪਣਾ ਹੋਵੇ ਭਾਵੇਂ ਦੁਸ਼ਮਣ ਦਾ, ਰਣਭੂਮੀ ਵਿਚ ਬਹਾਦਰੀ ਨਾਲ ਲੜਦਾ ਹੋਇਆ ਮਰਦਾ ਹੈ, ਉਹ ਸ਼ਹੀਦ ਮੰਨਿਆ ਜਾਏਗਾ ਤੇ ਸਿੱਧਾ ਸਵਰਗਾਂ ਵਿਚ ਜਾਏਗਾ। ਜੇ ਉਹ ਮੁਸਲਮਾਨ ਹੈ (ਆਪਣਾ ਜਾਂ ਵੈਰੀ ਦਾ, ਕੋਈ ਵੀ ਹੋਵੇ) ਇਸਲਾਮ ਦੇ ਅਕੀਦੇ ਅਨੁਸਾਰ ਬਹਿਸ਼ਤ ਵਿਚ ਜਾਏਗਾ, ਜੇ ਉਹ ਹਿੰਦੂ ਹੈ ਤਾਂ ਉਸ ਨੂੰ ਹਿੰਦੂ ਮਤ ਅਨੁਸਾਰ ਸਵਰਗ ਮਿਲੇਗਾ। ਸਪਸ਼ਟ ਹੈ ਕਿ ਇਸ ਸਿਧਾਂਤ ਦੇ ਅਮਲ ਵਿਚ ਕਵੀ ਆਪਣੇ ਤੇ ਪਰਾਏ ਵਿਚ ਕੋਈ ਪੱਖ-ਪਾਤ ਨਹੀਂ ਕਰਦਾ।

ਜੋ ਗੱਲ ਉਪਰ ਮੁਲਤਾਨ ਯੁੱਧ ਬਾਬਤ ਕਹੀ ਗਈ ਹੈ, ਉਹੀ ਗੱਲ ਦੂਜੇ ਦੋਹਾਂ ਯੁੱਧਾਂ ਦੇ ਸੰਬੰਧ ਵਿਚ ਆਖੀ ਜਾ ਸਕਦੀ ਹੈ। ਜਿਥੋਂ ਤਕ ਇਨ੍ਹਾਂ ਸਾਰਿਆਂ ਯੁੱਧਾਂ ਨਾਲ ਜੁੜੀਆਂ ਘਟਨਾਵਾਂ ਦਾ ਤੁਅੱਲਕ ਹੈ, ਸੀਤਾ ਰਾਮ ਕੋਹਲੀ ਨੇ ਇਨ੍ਹਾਂ ਬਾਰੇ ਪੂਰੀ ਤਰ੍ਹਾਂ ਘੋਖ-ਪੜਤਾਲ ਉਪਰੰਤ ਇਹ ਰਾਏ ਦਿੱਤੀ ਹੈ : "ਮੈਂ ਇਸ ਰਚਨਾ ਵਿਖੇ ਦਿੱਤੀਆਂ ਤਫ਼ਸੀਲਾਂ ਦਾ ਟਾਕਰਾ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਇਤਿਹਾਸਕਾਰਾਂ ਦੀਆਂ ਲਿਖਤਾਂ, ਦੂਸਰੇ ਸਮਕਾਲੀਆਂ (ਹਿੰਦੁਸਤਾਨੀ ਤੇ ਅੰਗਰੇਜ਼ੀ) ਦੀਆਂ ਰਚਨਾਵਾਂ, ਨਵਾਬ ਮੁਲਤਾਨ ਦੇ ਬੰਸ ਸੰਬੰਧੀ ਹੱਥ-ਲਿਖਤਾਂ ਤੇ ਹੋਰ ਇਤਿਹਾਸਕਾਰਾਂ ਦੀਆਂ ਪੁਸਤਕਾਂ ਨਾਲ ਕੀਤਾ ਹੈ ਅਤੇ ਇਨ੍ਹਾਂ ਨੂੰ ਠੀਕ ਪਾਇਆ ਹੈ। ਇਤਿਹਾਸਿਕ ਘਟਨਾਵਾਂ ਤੋਂ ਛੁਟ ਜਿਨ੍ਹਾਂ ਅਫ਼ਸਰਾਂ ਤੇ ਸਿਪਾਹੀਆਂ ਦੇ ਨਾਂ ਵੀ ਕਵੀ ਨੇ ਆਪਣੇ ਛੰਦਾਂ ਵਿਚ ਦਿੱਤੇ ਹਨ, ਲਗਭਗ ਉਨ੍ਹਾਂ ਸਭਨਾਂ ਦੇ ਨਾਂ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਫ਼ੌਜੀ ਕਾਗਜ਼ਾਂ ਵਿਚ ਮਿਲ ਗਏ ਹਨ।.....ਮੁੱਕਦੀ ਗੱਲ ਇਹ ਕਿ ਭਾਵੇਂ ਕਿਸੇ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ ਅਤੇ ਕਿਸੇ ਕਸਵੱਟੀ ਤੇ ਪਰਖ ਕੀਤੀ ਜਾਵੇ, ਗਣੇਸ਼ ਦਾਸ ਦੀ ਇਹ ਰਚਨਾ ਇਤਿਹਾਸਿਕ ਲਿਹਾਜ਼ ਨਾਲ ਠੀਕ ਤੇ ਮੰਨਣ ਯੋਗ ਸਾਬਤ ਹੋਵੇਗੀ।" (ਭੂਮਿਕਾ, ਪੰਨਾ 15)

ਕੇਵਲ ਇਹੀ ਨਹੀਂ ਕਿ ਗਣੇਸ਼ ਦਾਸ ਨੇ ਇਤਿਹਾਸਿਕ ਘਟਨਾਵਾਂ ਨੂੰ ਪ੍ਰਮਾਣਿਕਤਾ ਦੀ ਕਸਵੱਟੀ ਉੱਤੇ ਪਰਖ ਕੇ ਪੇਸ਼ ਕੀਤਾ ਹੈ, ਉਸ ਦਾ ਇਨ੍ਹਾਂ ਘਟਨਾਵਾਂ ਨੂੰ ਵਿਆਖਿਆਨ ਦਾ ਢੰਗ ਵੀ ਬਹੁਤ ਦਿਲਚਸਪ ਹੈ। ਉਹ ਦੇਵੀ-ਪੂਜਕ ਹਿੰਦੂ ਹੈ, ਪੰਜਾਬੀ ਵੀ ਨਜ਼ਰ ਨਹੀਂ ਆਉਂਦਾ, ਪਰ ਉਸ ਨੂੰ ਸਿੱਖ ਧਰਮ ਤੇ ਸਿੱਖ ਇਤਿਹਾਸ ਦੀ ਡੂੰਘੀ ਵਾਕਫ਼ੀਅਤ ਹੈ ਅਤੇ ਉਹ ਇਨ੍ਹਾਂ ਦੇ ਅੰਤਰੀਵ ਭਾਵਾਂ ਨੂੰ ਚੰਗੀ ਤਰ੍ਹਾਂ ਸਮਝਦਾ ਮਾਲੂਮ ਹੁੰਦਾ ਹੈ। ਉਹ ਰਣਜੀਤ ਸਿੰਘ ਤੇ ਉਸ ਦੇ ਕਾਰਨਾਮਿਆਂ ਨੂੰ ਇਨ੍ਹਾਂ ਅੰਤਰੀਵ ਭਾਵਾਂ ਨਾਲ ਜੋੜ ਕੇ ਤੇ ਇਨ੍ਹਾਂ ਦੀ ਰੌਸ਼ਨੀ ਵਿਚ ਵੇਖਣ ਜਾਂ ਪੇਸ਼ ਕਰਨ ਦਾ ਜਤਨ ਕਰਦਾ ਹੈ ਤੇ ਘਟਨਾਵਾਂ ਨੂੰ ਨਿਰੀਆਂ ਪੁਰੀਆਂ ਘਟਨਾਵਾਂ ਦੇ ਰੂਪ ਵਿਚ ਹੀ ਨਹੀਂ ਲੈਂਦਾ। ਤਿੰਨੇ ਯੁੱਧ ਜਿਨ੍ਹਾਂ ਦਾ ਵਰਣਨ ਉਸ ਦੀ ਪੁਸਤਕ ਵਿਚ ਹੈ, ਉਸ ਦੇ ਵਿਚਾਰ ਅਨੁਸਾਰ ਨੈਤਿਕ ਪ੍ਰਕਾਰ ਦੀਆਂ ਲੜਾਈਆਂ ਸਨ। ਇਹ ਨੇਕੀ ਤੇ ਬਦੀ ਦੀਆਂ ਸ਼ਕਤੀਆਂ ਦਾ ਸੰਘਰਸ਼ ਸੀ ਜਿਸ ਵਿਚ ਰਣਜੀਤ ਸਿੰਘ ਦੀਆਂ ਫ਼ੌਜਾਂ ਨੇਕੀ ਦੀਆਂ ਤੇ ਵਿਰੋਧੀਆਂ ਦੀਆਂ ਫ਼ੌਜਾਂ ਬਦੀ ਦੀਆਂ ਸ਼ਕਤੀਆਂ ਦੀ ਭੂਮਿਕਾ ਨਿਭਾ ਰਹੀਆਂ ਸਨ। ਇਹ ਸਾਰੇ ਵਿਰੋਧੀ ਮੁੱਖ ਤੌਰ ਉੱਤੇ ਪਠਾਣ ਸਨ ਅਤੇ ਕਵੀ ਗਣੇਸ਼ ਦਾਸ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੈ ਪਰ ਉਸ ਦੀ ਨਜ਼ਰ ਵਿਚ ਇਹ ਸਭ ਜਰਵਾਣੇ ਹਨ ਅਤੇ ਇਸ ਪੱਖ ਤੋਂ ਇਨ੍ਹਾਂ ਤੇ ਮੁਗਲਾਂ ਜਾਂ ਤੁਰਕਾਂ ਵਿਚ ਉਸ ਨੂੰ ਕੋਈ

ਖ਼ਾਸ ਅੰਤਰ ਨਹੀਂ ਦਿਸਦਾ। ਇਸ ਲਈ ਉਹ ਅਕਸਰ ਇਨ੍ਹਾਂ ਨੂੰ ਮੁਗਲ ਜਾਂ ਤੁਰਕ ਕਹਿ ਕੇ ਬਿਆਨ ਕਰਦਾ ਹੈ। 'ਮਲੇਛ' ਤੇ 'ਮੁਸਲੇ' ਸ਼ਬਦਾਂ ਦੀ ਵਰਤੋਂ ਵੀ ਕਈ ਥਾਵਾਂ ਉੱਤੇ ਕੀਤੀ ਹੋਈ ਹੈ, ਜਿਸ ਤੋਂ ਕਵੀ ਦੇ ਇਨ੍ਹਾਂ ਵਿਰੋਧੀ ਤਾਕਤਾਂ ਸੰਬੰਧੀ ਦ੍ਰਿਸ਼ਟੀਕੋਣ ਦਾ ਭਲੀਭਾਂਤ ਗਿਆਨ ਹੁੰਦਾ ਹੈ। ਇਸ ਦੇ ਉਲਟ ਉਹ ਖ਼ਾਲਸਾ ਪੰਥ ਨੂੰ ਜ਼ੁਲਮ ਤੇ ਬੁਰਾਈ ਦੇ ਨਾਸ਼ ਲਈ ਵੀ ਵਜੂਦ ਵਿਚ ਆਇਆ ਸਮਝਦਾ ਹੈ। ਉਹ ਲਿਖਦਾ ਹੈ ਕਿ ਖ਼ਾਲਸਾ ਪੰਥ ਕਰਤਾਰ ਦਾ ਆਪਣਾ ਹੀ ਰੂਪ ਹੈ। ਪੁਸਤਕ ਦੇ ਆਰੰਭ ਵਿਚ ਇਹ ਪੰਗਤੀਆਂ ਆਉਂਦੀਆਂ ਹਨ :

ਸਵੈਯਾ :

ਪੰਥ ਅਕਾਲ ਸਜਿਓ ਕਲੂ ਕਾਲ, ਸੁ ਸਾਲ ਸਭੈ ਜਗ ਦੂਰ ਕਰਾਏ।
ਤੁਰਕਨ ਤੇਜ ਮਿਟਾਵਨ ਕੌ, ਨਰ ਰੂਪ ਧਰਿਓ ਹਰਿ ਜੋਤ ਸਹਾਏ।
ਸ੍ਰੀ ਗੁਰੂ ਨਾਨਕ ਜੀ ਪ੍ਰਗਟੇ ਜਗ, ਨਾਮ ਦ੍ਰਿੜ੍ਹਾਏ ਸੁ ਪਾਪ ਮਿਟਾਏ।
ਜੋਤ ਧਰੀ ਗੁਰੂ ਗੋਬਿੰਦ ਸਿੰਘ, ਅਕਾਲ ਜਪੈ ਕਲ ਨਾ ਸੁ ਮਿਟਾਏ।

ਦੋਹਰਾ :

ਸ੍ਰੀ ਗੁਰੂ ਮਹਿਮਾ ਅਗਮ ਹੈ ਕਿਵ ਕੋ ਬਰਨੇ ਪਾਰ।
ਪੰਥ ਸਜਿਓ ਤਿਨ ਖ਼ਾਲਸਾ ਆਪ ਰੂਪ ਕਰਤਾਰ।

ਪਿਸ਼ੌਰ ਯੁੱਧ 2 ਦੇ ਅਰੰਭ ਵਿਚ ਵੀ ਇਸੇ ਗੱਲ ਵੱਲ ਸੰਕੇਤ ਕੀਤਾ ਹੈ :

ਆਪੇ ਜੋਤ ਸੁ ਧਾਰ ਪ੍ਰਭ ਗੁਰੂ ਖ਼ਾਲਸਾ ਜਾਣ।
ਗੋ ਗਰੀਬ ਰਛਪਾਲ ਕਉ ਪ੍ਰਗਟਿਓ ਪੰਥ ਮਹਾਨ।

ਇਸ ਦੇ ਉਲਟ, ਵਿਰੋਧੀ ਤਾਕਤਾਂ ਦਾ ਵਰਣਨ ਕਰਦਿਆਂ ਕਵੀ ਮੁਲਤਾਨ ਯੁੱਧ ਤੇ ਤੀਜੇ ਅਧਿਆਇ ਦੇ 43ਵੇਂ ਬੰਦ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਮੁਲਤਾਨ ਦੇ ਪੀਰ ਸ਼ਮਸ ਤਬਰੇਜ਼ ਨੂੰ ਇਉਂ ਕਹਾਉਂਦਾ ਹੈ :

ਕੀਓ ਤੁਮ ਜੋਰ ਭਇਓ ਅਤਿ ਸ਼ੋਰ ਸੋ ਖਾਲਕ ਕੀ ਤੁਮ ਖਲਕ ਦੁਖਾਇਓ।
ਧਨ ਭੂਮ ਗੁਮਾਨ ਕੀਓ ਤੁਮ ਹੰ ਤਹਿ ਤੇ ਤੁਮ ਕੇ ਅਬ ਦੂਰ ਕਰਾਇਓ।

ਮੁਲਤਾਨ ਦੇ ਨਵਾਬ ਮੁਜ਼ੱਫਰ ਖਾਨ ਨੂੰ ਜ਼ਾਲਮ ਹਰਨਾਕਸ਼ ਨਾਲ ਤੁਲਨਾ ਦਿੰਦਾ ਹੋਇਆ ਕਵੀ ਲਿਖਦਾ ਹੈ :

ਪੂਰਬੇ ਹਰਨਾਖਸ਼ ਦੈਤ ਜੋ ਦੇਵਨ ਕੇ ਅਤਿ ਤਾਹਿ ਦੁਖਾਇਉ।
ਪ੍ਰਹਲਾਦ ਕੋ ਦੁਖ ਦੀਨ ਘਨੋ ਤਾਂ ਹੀ ਕੀ ਸੁ ਪੁਕਾਰ ਸੁਨੀ ਹਰਿ ਆਇਉ।
ਨਰ ਸਿੰਘ ਧਰਿਓ ਅਵਤਾਰ ਤਬੈ ਥੰਮ ਪਾੜ ਤਿਨੈ ਗਤਿ ਕੋ ਪਹੁੰਚਾਇਉ।
ਰੂਪ ਭਇਓ ਕਲ ਮੈ ਇਹ ਹੀ ਮੁਜ਼ੱਫਰ ਖਾਨ ਜੋ ਨਾਮ ਧਰਾਇਉ।

(ਮੁਲਤਾਨ ਯੁੱਧ, ਪਹਿਲਾ ਅਧਿਆਇ, ਬੰਦ 10)

ਪਿਸ਼ੌਰ ਯੁੱਧ 2 ਦੇ 68ਵੇਂ ਬੰਦ ਵਿਚ ਵੀ ਇਸੇ ਤਰ੍ਹਾਂ ਦਾ ਸੰਕੇਤ ਮਿਲਦਾ ਹੈ :

ਸ੍ਰੀ ਗੁਰੂ ਸਿੰਘਨ ਜਸ ਘਨੋ ਹੈ ਬਰਨਨ ਤਾਈ ਅਪਾਰ।
ਗਣੇਸ਼ ਦਾਸ ਪਿੰਗਲ ਭਣੈ ਦੀਨੇ ਦੁਸ਼ਟ ਬਿਦਾਰ।

ਇਥੇ ਦੁਸ਼ਟਾਂ ਦਾ ਇਸ਼ਾਰਾ ਸਪਸ਼ਟ ਹੀ ਉਨ੍ਹਾਂ ਵਿਰੋਧੀਆਂ ਵੱਲ ਹੈ, ਜਿਨ੍ਹਾਂ ਨੂੰ ਗੁਰੂ ਖ਼ਾਲਸੇ ਨੇ ਲੜਾਈਆਂ ਵਿਚ ਪਰਾਜਿਤ ਕਰ ਕੇ ਮਲੀਆਮੇਟ ਕੀਤਾ।

ਇਸ ਨੇਕੀ-ਬਦੀ ਦੇ ਸੰਘਰਸ਼ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਕਵੀ ਨੇ ਗੁਰੂ ਗੋਬਿੰਦ ਸਿੰਘ ਦਾ ਰੂਪ ਦਰਸਾਇਆ ਹੈ। ਉਹ ਪਹਿਲੇ ਪਿਸ਼ੌਰ ਯੁੱਧ ਦੇ ਚੌਥੇ ਬੰਦ ਵਿਚ ਲਿਖਦਾ ਹੈ :

ਗੋਬਿੰਦ ਸਿੰਘ ਆਪ ਦੀਨੋ ਬੜੋ ਪਰਤਾਪ,

ਰਣਜੀਤ ਸਿੰਘ ਥਾਪ ਜੋਤ ਆਪਣੀ ਸੁ ਪਾਇਕੇ ।

ਇਸੇ ਅਧਿਆਇ ਦੇ 7ਵੇਂ ਬੰਦ ਵਿਚ ਰਣਜੀਤ ਸਿੰਘ ਨੂੰ ਪਰਮਾਤਮਾ ਦਾ ਅਵਤਾਰ ਦਰਸਾਇਆ ਗਿਆ ਹੈ :

ਚੜ੍ਹਿਓ ਰਣਜੀਤ ਸਿੰਘ ਹਿੰਦੂਓਂ ਕਾ ਪਾਤਸ਼ਾਹ,
ਆਪ ਕਰਤਾਰ ਅਵਤਾਰ ਧਾਰ ਆਇ ਕੇ ।

ਪਿਸ਼ੌਰ ਯੁੱਧ 2 ਦੇ ਆਰੰਭ ਵਿਚ ਕਵੀ ਨੇ ਮਹਾਰਾਜਾ ਸਾਹਿਬ ਨੂੰ ਦੁਸ਼ਟਾਂ ਦਾ ਨਾਸ਼ ਕਰਨ ਵਾਲਾ ਨਰਸਿੰਘ ਦਾ ਰੂਪ ਦਰਸਾਇਆ ਹੈ :

ਤੀਨੋਂ ਲੋਕ ਪਤਿ ਸੰਤਨ ਕੀ ਰਛ ਕਰ,
ਦੁਸ਼ਟਨ ਹਰ ਬਿਦਰ ਹੇਤ ਰੂਪ ਨਰ ਧਾਰ ਕੇ ।
ਅਤਿ ਹੀ ਉਦਾਰ ਸਰਕਾਰ ਰਣਜੀਤ ਸਿੰਘ,
ਆਏ ਕਰਤਾਰ ਕੀ ਰਜ਼ਾਇ ਧਾਰ ਕੇ ।

ਕਵੀ ਗਣੇਸ਼ ਦਾਸ ਦੇ ਕਥਨ ਅਨੁਸਾਰ ਇਹ ਸਿੱਖਾਂ-ਮੁਸਲਮਾਨਾਂ ਦੀਆਂ ਜੰਗਾਂ ਨੈਤਿਕ ਹੋਣ ਦੇ ਨਾਲ-ਨਾਲ ਦੀਨ-ਮਜ਼ਹਬ ਦੀਆਂ ਲੜਾਈਆਂ ਵੀ ਸਨ । ਉਸ ਨੇ ਇਸ ਗੱਲ ਦਾ ਕਈ ਥਾਵਾਂ ਉੱਤੇ ਜ਼ਿਕਰ ਕੀਤਾ ਹੈ, ਜਿਵੇਂ :

ਤ੍ਰਿਮੂ ਮੈ ਡੇਰਾ ਕੀਏ ਅਗਨਤ ਸਿੰਘ ਅਪਾਰ ।
ਦੀਨ ਮਜ਼ਹਬ ਕੋ ਜੰਗ ਇਹ ਪਤਿ ਰਾਖੇ ਕਰਤਾਰ ।
(ਮੁਲਤਾਨ ਯੁੱਧ, ਅਧਿਆਇ ਪਹਿਲਾ, ਬੰਦ 37)

ਦੀਨ ਮਜ਼ਹਬ ਕੋ ਜੰਗ, ਸੁਨੋ ਸਿੰਘ ਮਨ ਲਾਇ ।
ਜੋ ਮਨਸਾ ਕਰ ਪੜ੍ਹ ਸੁਨੇ ਫਲ ਦੇ ਸਤਿਗੁਰ ਭਾਇ ।
(ਮੁਲਤਾਨ ਯੁੱਧ, ਅਧਿਆਇ ਤੀਜਾ, ਬੰਦ 60)

ਸਿੱਖ ਧਰਮ ਇਸਲਾਮ ਜਾਂ ਮੁਸਲਮਾਨਾਂ ਦੇ ਵਿਰੁੱਧ ਕਦੀ ਵੀ ਨਹੀਂ ਸੀ ਰਿਹਾ, ਹਾਂ ਉਹ ਉਨ੍ਹਾਂ ਮੁਸਲਮਾਨ ਅਧਿਕਾਰੀਆਂ ਦੇ ਖ਼ਿਲਾਫ਼ ਜ਼ਰੂਰ ਜਦੋ-ਜਹਿਦ ਕਰਦਾ ਆਇਆ ਸੀ ਜਿਹੜੇ ਜ਼ਾਲਮ ਸਨ । ਮਹਾਰਾਜਾ ਰਣਜੀਤ ਸਿੰਘ ਵੀ ਧਰਮ ਦੇ ਸੰਬੰਧ ਵਿਚ ਬੜਾ ਉਦਾਰਚਿਤ ਸੀ । ਉਸ ਦੀ ਫ਼ੌਜ ਵਿਚ, ਸਗੋਂ ਸਮੁੱਚੇ ਪ੍ਰਸ਼ਾਸਨ ਵਿਚ, ਕਈ ਮੁਸਲਮਾਨ ਵੱਡੇ-ਵੱਡੇ ਅਹੁਦਿਆਂ ਤੇ ਲੱਗੇ ਹੋਏ ਸਨ । ਕਵੀ ਗਣੇਸ਼ ਦਾਸ ਨੇ ਵੀ ਮਜ਼ਹਰ ਅਲੀ, ਇਲਾਹੀ ਬਖ਼ਸ਼ ਤੇ ਕਾਦਰ ਬਖ਼ਸ਼ ਵਰਗੇ ਮੁਸਲਮਾਨਾਂ ਦਾ ਵਰਣਨ ਕੀਤਾ ਹੈ ਜਿਨ੍ਹਾਂ ਨੂੰ ਵੱਡੀਆਂ ਜ਼ਿੰਮੇਵਾਰੀਆਂ ਸੌਂਪੀਆਂ ਹੋਈਆਂ ਸਨ । ਇਨ੍ਹਾਂ ਗੱਲਾਂ ਦੇ ਬਾਵਜੂਦ ਜੇ ਕਵੀ ਇਨ੍ਹਾਂ ਲੜਾਈਆਂ ਨੂੰ ਦੀਨ-ਮਜ਼ਹਬ ਦੀਆਂ ਲੜਾਈਆਂ ਠਹਿਰਾਉਂਦਾ ਹੈ ਤਾਂ ਕਿਉਂ? ਇਸ ਦੇ ਦੋ ਕਾਰਨ ਹੋ ਸਕਦੇ ਹਨ । ਪਹਿਲਾ, ਤਿੰਨਾਂ ਹੀ ਲੜਾਈਆਂ ਵਿਚ ਪਠਾਣਾਂ (ਵਿਰੋਧੀਆਂ) ਨੇ ਜਹਾਦ ਦਾ ਨਾਹਰਾ ਬੁਲੰਦ ਕੀਤਾ ਸੀ । ਮੁਲਤਾਨ ਵਿਚ ਨਵਾਬ ਮੁਜ਼ੱਫਰ ਖ਼ਾਨ ਨੇ, ਨੌਸਹਿਰੇ ਵਿਚ ਆਜ਼ਿਮ ਖ਼ਾਨ ਬਾਰਕਜ਼ਈ ਨੇ ਤੇ ਅਕੋੜੇ ਵਿਚ ਖ਼ਲੀਫ਼ਾ ਸੱਯਦ ਅਹਿਮਦ ਬਰੇਲਵੀ ਨੇ ਅਪਣੀ-ਆਪਣੀ ਲੜਾਈ ਨੂੰ ਦੀਨੀ ਜਹਾਦ ਦਾ ਨਾਉਂ ਦਿੱਤਾ ਅਤੇ ਗ਼ਾਜ਼ੀਆਂ ਵਾਂਗੂੰ ਇਸਲਾਮ ਦੀ ਰਖਿਆ ਲਈ ਰਣਭੂਮੀ ਵਿਚ ਕੁੱਦ ਪਏ । ਮੁਸਲਮਾਨਾਂ ਦੇ ਮਜ਼ਬੂਤੀ ਜੋਸ਼ ਦਾ ਕੁਝ ਪ੍ਰਭਾਵ ਮਹਾਰਾਜਾ ਸਾਹਿਬ ਦੀਆਂ ਫ਼ੌਜਾਂ ਤੇ ਵੀ ਪਿਆ ਜੋ ਕਿ ਇਕ ਕੁਦਰਤੀ ਗੱਲ ਸੀ । ਜਿਸ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਨੇ ਵੀ, ਖ਼ਾਸ ਕਰਕੇ ਉਨ੍ਹਾਂ ਵਿਚਲੇ ਨਿਹੰਗਾਂ ਨੇ ਧਰਮ-ਯੁੱਧ ਦੀ ਪ੍ਰੇਰਨਾ ਅਧੀਨ ਯੁੱਧ ਕੀਤੇ । ਇਸ ਦਾ ਦੂਜਾ ਕਾਰਨ ਇਹ ਮਾਲੂਮ ਹੁੰਦਾ ਹੈ ਕਿ ਇਨ੍ਹਾਂ ਲੜਾਈਆਂ ਦੀ ਮਜ਼ਬੂਤੀ ਰੰਗਤ ਵੇਖ ਕੇ ਕਵੀ ਦੇ ਆਪਣੇ ਮਨ ਵਿਚ ਹਿੰਦੂ ਜਜ਼ਬਾ ਜਾਗ ਉਠਦਾ ਹੈ । ਉਹ ਸਿੱਖ ਗੁਰੂ ਸਾਹਿਬਾਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਨੂੰ ਹਿੰਦੂ ਨਾਇਕ ਸਮਝਣ ਲੱਗ ਪੈਂਦਾ ਹੈ ਅਤੇ ਉਨ੍ਹਾਂ ਨੂੰ ਵਿਸ਼ਨੂੰ ਦੇ ਅਵਤਾਰ ਨਰਸਿੰਘ ਨਾਲ ਜੋੜ ਦਿੰਦਾ ਹੈ । ਇਸੇ ਤਰ੍ਹਾਂ ਉਹ ਗੁਰੂ ਗੋਬਿੰਦ

ਸਿੰਘ ਦੁਆਰਾ ਸਥਾਪਿਤ ਕੀਤੇ ਗੁਰੂ ਖ਼ਾਲਸਾ ਜਾਂ ਗੁਰੂ ਪੰਥ ਨੂੰ ਹਿੰਦੂ ਧਰਮ ਦੇ ਰੱਖਿਅਕ ਦੇ ਰੂਪ ਵਿਚ ਵੇਖਣ ਲੱਗ ਪੈਂਦਾ ਹੈ। ਰਣਜੀਤ ਸਿੰਘ ਨੂੰ ਉਹ ਸਿੰਘ ਸਾਹਿਬ, ਸਿੰਘਨ ਪਤਿ ਸਿੰਘ ਤੇ ਸਰਕਾਰ ਦੇ ਉਪਨਾਵਾਂ ਨਾਲ ਵਰਣਨ ਕਰਦਾ ਹੈ ਕਿਉਂਕਿ ਇਹ ਸਾਰੇ ਨਾਉਂ ਆਮ ਲੋਕਾਂ ਵਿਚ ਬਹੁਤ ਪ੍ਰਚਲਿਤ ਸਨ। ਪਰ ਉਹ ਮਹਾਰਾਜਾ ਸਾਹਿਬ ਨੂੰ ਕੇਵਲ ਸਿੰਘਾਂ ਦਾ ਨੇਤਾ ਨਹੀਂ ਮੰਨਦਾ, ਸਗੋਂ 'ਹਿੰਦੂਉ ਕਾ ਪਾਤਸ਼ਾਹ' ਕਹਿ ਕੇ ਸ਼ਦਦਾ ਹੈ!

ਯਾਰ ਮੁਹੰਮਦ ਔਰ ਅਜ਼ੀਮ ਦੀਵਾਨ ਮੁਸਾਹਿਬ ਹੈ ਸਦਵਾਏ।
ਹਿੰਦੂਆਂ ਕੋ ਪਾਤਸ਼ਾਹ ਸੋ ਆਇ ਕਹੇ ਕਹਿ ਢੰਗ ਸੁ ਜੰਗ ਮਚਾਏ।

ਇਕ ਪਾਸੇ ਇਹ ਹਿੰਦੂਆਂ ਦਾ ਪਾਤਸ਼ਾਹ ਹੈ ਜੋ ਹਿੰਦੂ ਧਰਮ ਦੀ ਰਖਸ਼ਾ ਲਈ ਲੜਾਈਆਂ ਕਰ ਰਿਹਾ ਹੈ ਅਤੇ ਇਕ ਪਾਸੇ ਇਹ ਹਿੰਦੂਆਂ ਦੇ ਵੈਰੀ ਮੁਸਲਮਾਨ ਹਨ ਜਿਨ੍ਹਾਂ ਨੂੰ ਕਵੀ ਮਲੇਛ, ਮੁਸਲੇ, ਤੁਰਕ, ਮੁਗ਼ਲ ਆਦਿ ਸ਼ਬਦਾਂ ਨਾਲ ਸੰਬੋਧਨ ਕਰਦਾ ਹੈ। ਅਜਿਹੀ ਵਿਚਾਰਧਾਰਾ ਕਾਰਨ ਸੀਤਾ ਰਾਮ ਕੋਹਲੀ ਉਸ ਨੂੰ ਦੇਸ਼-ਪਿਆਰ ਦਾ ਕਵੀ ਕਰਾਰ ਦਿੰਦਾ ਹੈ। ਪਰ ਇਹ ਗੱਲ ਪੂਰੀ ਤਰ੍ਹਾਂ ਨਹੀਂ ਮੰਨੀ ਜਾ ਸਕਦੀ ਭਾਵੇਂ ਕਿ ਕਵੀ ਨੇ ਗੁਰੂ ਪੰਥ ਦੀ ਤੇ ਮਹਾਰਾਜਾ ਸਾਹਿਬ ਦੀ ਭਰਪੂਰ ਸ਼ਲਾਘਾ ਕੀਤੀ ਹੈ। ਖ਼ਾਲਸਾ ਫ਼ੌਜ ਨੇ ਰਣਭੂਮੀ ਵਿਚ ਜੋ ਸੂਰਮਗਤੀ ਦੇ ਮਹਾਨ ਕਾਰਨਾਮੇ ਵਿਖਾਏ, ਉਨ੍ਹਾਂ ਨੂੰ ਵੀ ਪੂਰੇ ਜਜ਼ਬੇ ਸਹਿਤ ਉਲੀਕਿਆ ਗਿਆ ਹੈ। ਫਿਰ ਵੀ ਇਹ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਉਸ ਨੇ ਇਨ੍ਹਾਂ ਕਾਰਨਾਮਿਆਂ ਨੂੰ ਮਜ਼ਬੂਰੀ ਰੰਗ ਦੇ ਕੇ ਇਕ ਸੰਕੁਚਵਾਂ ਦ੍ਰਿਸ਼ਟੀਕੋਣ ਪ੍ਰਗਟਾਇਆ ਹੈ।

ਸਾਡੇ ਵੱਲ ਤੇ ਇਹ ਪੁਸਤਕ 'ਫ਼ਤਿਹਨਾਮਾ ਗੁਰੂ ਖ਼ਾਲਸਾ ਜੀ ਕਾ' ਮੁਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਬਾਰੇ ਇਕ ਬਹੁਤ ਕੀਮਤੀ ਸੋਤ ਹੈ। ਇਤਿਹਾਸਿਕ ਪੱਖ ਤੋਂ ਜੋ ਕੁਝ ਇਸ ਵਿਚ ਦਿੱਤਾ ਗਿਆ ਹੈ, ਬੜਾ ਲਾਭਦਾਇਕ ਤੇ ਮਹੱਤਵਪੂਰਨ ਹੈ। ਜਿਸ ਵਿਧੀ ਨਾਲ ਇਸ ਵਿਚ ਘਟਨਾਵਾਂ ਨੂੰ ਉਨ੍ਹਾਂ ਦੇ ਇਤਿਹਾਸਿਕ ਸੰਦਰਭ ਵਿਚ ਪੇਸ਼ ਕੀਤਾ ਗਿਆ ਹੈ, ਉਸ ਨਾਲ ਇਸ ਸੋਤ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ। ਇਸ ਦਾ ਕਰਤਾ ਵਾਕਿਆਤ ਦੀ ਵਿਆਖਿਆ ਵਿਚ ਕਿਤੇ-ਕਿਤੇ ਮਜ਼ਬੀ ਜੋਸ਼ ਦੇ ਪ੍ਰਭਾਵ ਵਿਚ ਜ਼ਰੂਰ ਵਹਿ ਗਿਆ ਹੈ ਪਰ ਇਹ ਉਸ ਜ਼ਮਾਨੇ ਦੇ ਪ੍ਰਭਾਵ ਅਧੀਨ ਕੋਈ ਅਨਹੋਣੀ ਗੱਲ ਨਹੀਂ ਸੀ। ਪੱਦ ਵਿਚ ਲਿਖੇ ਹੋਣ ਦੇ ਬਾਵਜੂਦ ਇਹ ਰਚਨਾ ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ, ਯੁੱਧ ਨੀਤੀਆਂ ਅਤੇ ਯੁੱਧ ਵਿਵਸਥਾ ਬਾਰੇ ਗੰਭੀਰ ਅਤੇ ਪ੍ਰਮਾਣਿਕ ਜਾਣਕਾਰੀ ਪ੍ਰਸਤੁਤ ਕਰਦੀ ਹੈ ਅਤੇ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਪ੍ਰਸ਼ਾਸਨ ਪ੍ਰਤੀ ਲੋਕਾਂ ਦੀ ਭਾਵਨਾਮਈ ਉਦਾਰਤਾ ਦਾ ਸੁੰਦਰ ਪਰਿਚਯ ਦਿੰਦੀ ਹੈ।

'ਦ ਰੀਅਲ ਰਣਜੀਤ ਸਿੰਘ'—ਇਕ ਪਰਿਚਯ

ਸ. ਰਾਜਿੰਦਰ ਸਿੰਘ

'ਦ ਰੀਅਲ ਰਣਜੀਤ ਸਿੰਘ' (The Real Ranjit Singh) ਫ਼ਕੀਰ ਸੱਯਦ ਵਹੀਦੁਦਦੀਨ ਦੀ ਰਚਨਾ ਹੈ। ਇਹ ਪੁਸਤਕ ਲਾਹੌਰ (ਪਾਕਿਸਤਾਨ) ਤੋਂ 1965 ਵਿਚ ਪ੍ਰਕਾਸ਼ਿਤ ਹੋਈ ਤੇ ਇਸ ਦਾ ਪਹਿਲਾ ਇੰਡੀਅਨ ਰੀਪ੍ਰਿੰਟ 1976 ਵਿਚ ਨਵੀਂ ਦਿੱਲੀ ਤੋਂ ਓਰੀਐਂਟਲ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ।

ਫ਼ਕੀਰ ਸੱਯਦ ਵਹੀਦੁਦਦੀਨ ਦੇ ਸ਼ਬਦਾਂ ਵਿਚ ਇਹ ਰਚਨਾ ਇਕ ਵਧੀਆ ਜੀਵਨੀ ਜਾਂ ਇਤਿਹਾਸਿਕ ਖੋਜ ਹੋਣ ਦਾ ਦਾਅਵਾ ਤਾਂ ਭਾਵੇਂ ਨਹੀਂ ਕਰਦੀ, ਪਰ ਇਹ ਮਹਾਰਾਜਾ ਰਣਜੀਤ ਸਿੰਘ ਦਾ ਅਵੱਸ਼ ਹੀ ਉਹ ਕਲਮ-ਚਿੱਤਰ ਪੇਸ਼ ਕਰਦੀ ਹੈ ਜਿਸ ਨੂੰ ਲੇਖਕ ਦੇ ਬਜ਼ੁਰਗਾਂ ਨੇ ਸਾਧਾਰਨ ਜੀਵਨ ਵਿਚ ਚਿਤਵਿਆ ਸੀ। ਲੇਖਕ ਅਨੁਸਾਰ 'ਫ਼ਕੀਰ ਪਰਿਵਾਰ ਦਾ ਰਣਜੀਤ ਸਿੰਘ' (The Fakir Family's Ranjit Singh) ਇਸ ਰਚਨਾ ਦਾ ਠੀਕ ਨਾਂ ਰਖਿਆ ਜਾ ਸਕਦਾ ਸੀ।

ਇਸ ਪੁਸਤਕ ਦਾ Foreword ਲਾਰਡ ਹੈਲੇ (The Right Honourable Lord Halley) ਨੇ ਲਿਖਿਆ ਹੈ। ਲਾਰਡ ਹੈਲੇ ਲਗਭਗ 75 ਸਾਲ ਪਹਿਲਾਂ ਪੰਜਾਬ ਦੇ ਸਕਤ੍ਰੇਤ ਵਿਚ ਇਕ ਉੱਚ ਅਧਿਕਾਰੀ ਰਿਹਾ ਸੀ। ਉਸ ਦੇ ਮਤ ਅਨੁਸਾਰ ਫ਼ਕੀਰ ਸੱਯਦ ਵਹੀਦੁਦਦੀਨ ਵੱਲੋਂ ਇਸ ਪੁਸਤਕ ਨੂੰ ਪ੍ਰਕਾਸ਼ਿਤ ਕਰਨ ਦਾ ਮੰਤਵ ਕਦਾਚਿਤ ਆਪਣੇ ਪਰਿਵਾਰ ਦੇ ਰੁਤਬੇ ਨੂੰ ਵਧਾਉਣਾ ਨਹੀਂ ਜਾਪਦਾ, ਸਗੋਂ ਸੱਯਦ ਵਹੀਦੁਦਦੀਨ ਦਾ ਆਸ਼ਾ, ਕੇਵਲ ਆਪਣੇ ਪਰਿਵਾਰ ਕੋਲ ਸਾਂਭੇ ਪਏ ਰਿਕਾਰਡ ਨੂੰ ਦਰਸਾਉਣਾ ਹੈ ਜਿਸ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਵਿਅਕਤਿੱਤਵ ਉੱਤੇ ਇਕ ਝਾਤ ਪਾਈ ਜਾ ਸਕੇ ਅਤੇ ਉਸ ਦੇ ਚਰਿੱਤਰ, ਵਿਅਕਤਿੱਤਵ ਨਾਲ ਸੰਬੰਧਿਤ ਕਈ ਅਗਿਆਤ ਤੱਥ ਸਾਹਮਣੇ ਆ ਸਕਣ। ਇਸਦੇ ਨਾਲ ਹੀ ਇਹ ਵੀ ਸਪਸ਼ਟ ਹੋ ਸਕੇ ਕਿ ਉਸ ਸੰਕਟ ਕਾਲ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦੇ ਵਿਕਾਸ ਲਈ ਕੀ ਯੋਗਦਾਨ ਦਿੱਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਲੇਖਕ ਵੱਲੋਂ ਇਸ ਪੁਸਤਕ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਫ਼ਕੀਰ ਅਜ਼ੀਜ਼ੁਦਦੀਨ ਵਿਚਲੇ ਚੰਗੇ ਸੰਬੰਧਾਂ ਬਾਰੇ ਰੌਸ਼ਨੀ ਪਾਈ ਗਈ ਹੈ।

ਇਸ ਰਚਨਾ ਦੇ ਕਰਤਾ ਦੇ ਬਜ਼ੁਰਗਾਂ ਵਿਚੋਂ ਤਿੰਨ ਮਹਾਰਾਜਾ ਰਣਜੀਤ ਸਿੰਘ ਦੇ ਨਿੱਜੀ ਜੀਵਨ ਵਿਚ ਬੜੇ ਨੇੜੇ ਸਨ। ਫ਼ਕੀਰ ਸੱਯਦ ਅਜ਼ੀਜ਼ੁਦੀਨ ਵਿਦੇਸ਼ ਮੰਤਰੀ ਸਨ, ਫ਼ਕੀਰ ਸੱਯਦ ਨੂਰੁਦਦੀਨ ਉਸ ਦੇ ਗ੍ਰਿਹ ਮੰਤਰੀ ਤੇ ਨਿਜੀ ਹਕੀਮ ਅਤੇ ਫ਼ਕੀਰ ਸੱਯਦ ਇਮਾਮੁਦਦੀਨ ਉਸ ਦੇ ਪ੍ਰਮੁਖ ਪ੍ਰਬੰਧਕੀ ਅਫ਼ਸਰਾਂ ਵਿਚੋਂ ਸਨ। ਇਨ੍ਹਾਂ ਤਿੰਨਾਂ ਬਜ਼ੁਰਗਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਪੱਕੇ ਪੈਰਾਂ ਉੱਤੇ ਕਾਇਮ ਕਰਨ ਵਿਚ ਬੜੀ ਸਹਾਇਤਾ ਕੀਤੀ ਅਤੇ ਉਹ ਅੰਤ ਤਕ ਉਸ ਦੇ ਨਾਲ ਰਹੇ। ਉਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਮਾਮਲਿਆਂ ਵਿਚ ਹੀ ਨਹੀਂ ਸਗੋਂ ਪਰਦੇ ਪਿੱਛੇ ਭਾਵ ਜ਼ਾਤੀ ਮਾਮਲਿਆਂ ਵਿਚ ਵੀ ਮਹਾਰਾਜਾ ਦੇ ਸਲਾਹਕਾਰਾਂ ਅਤੇ ਸਹਾਇਕਾਂ ਵਿਚੋਂ ਸਨ। ਉਹ ਖ਼ਾਲਸਾ ਦਰਬਾਰ ਦੇ ਮਸਲਿਆਂ ਬਾਰੇ ਹੀ ਨਹੀਂ, ਸਗੋਂ ਮਹਾਰਾਜਾ ਰਣਜੀਤ ਸਿੰਘ ਦੇ ਨਿੱਤਾ-ਪ੍ਰਤੀ ਜੀਵਨ ਬਾਰੇ ਵੀ ਬੜੇ ਵਡਮੁੱਲੇ ਤੱਥ, ਕਾਗਜ਼-ਪੱਤਰ, ਚਿੱਤਰ ਅਤੇ ਹੋਰ ਯਾਦਾਸ਼ਤਾਂ ਛੱਡ ਗਏ ਹਨ। ਇਨ੍ਹਾਂ ਸਾਰਿਆਂ ਤੋਂ ਵੱਧ ਉਹ ਇਸ ਪੁਸਤਕ ਦੇ ਲੇਖਕ ਲਈ ਉਸ ਮਹਾਨ ਮਨੁੱਖ, ਜਿਸ ਦਾ ਨਾਂ ਰਣਜੀਤ ਸਿੰਘ ਹੈ, ਲਈ ਪਿਆਰ ਅਤੇ ਪ੍ਰਸ਼ੰਸਾ ਵਿਰਸੇ ਵਿਚ ਛੱਡ ਗਏ ਹਨ। ਫ਼ਕੀਰ ਸੱਯਦ ਵਹੀਦੁਦਦੀਨ ਨੇ ਇਹ

ਪੁਸਤਕ ਲਿਖਕੇ, ਜਿੰਨੀ ਚੰਗੀ ਤਰ੍ਹਾਂ ਵੀ ਹੋ ਸਕਿਆ ਹੈ, ਆਪਣਾ ਫ਼ਰਜ਼ ਨਿਭਾਇਆ ਹੈ ਅਤੇ ਉਸ ਕੋਲ ਜੋ ਕੁਝ ਵੀ ਸੀ ਉਸ ਨੂੰ ਆਧਾਰ ਬਣਾਕੇ ਉਸ ਮਹਾਨ ਸ਼ਖ਼ਸੀਅਤ ਬਾਰੇ ਦੁਨੀਆ ਨੂੰ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਹ ਪੁਸਤਕ ਮਹਾਰਾਜਾ ਰਣਜੀਤ ਸਿੰਘ ਸੰਬੰਧੀ ਅਧਿਐਨ ਵਿਚ ਚੰਖਾ ਵਾਧਾ ਕਰਦੀ ਹੈ। ਇਸ ਲਈ ਇਸ ਲੇਖ ਦਾ ਇਸ ਨੂੰ ਆਧਾਰ ਬਣਾਇਆ ਗਿਆ ਹੈ। ਇਸ ਵਿਚ ਅਨੇਕ ਨਵੇਂ ਤੱਥ ਪੇਸ਼ ਕੀਤੇ ਗਏ ਹਨ ਜਿਨ੍ਹਾਂ ਵਿਚੋਂ ਕੁਝ ਕੁ ਨਾਲ ਇਥੇ ਜਾਣ ਪਛਾਣ ਕਰਵਾਉਣੀ ਜ਼ਰੂਰੀ ਸਮਝੀ ਗਈ ਹੈ। ਇਨ੍ਹਾਂ ਤੱਥਾਂ ਦੇ ਪ੍ਰਕਾਸ਼ ਵਿਚ ਆਉਣ ਨਾਲ ਜਿਥੇ ਫ਼ਕੀਰ ਖ਼ਾਨਦਾਨ ਬਾਰੇ ਅਧਿਕ ਜਾਣਕਾਰੀ ਪ੍ਰਾਪਤ ਹੁੰਦੀ ਹੈ, ਉਥੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਦੇ ਉਦਾਰ ਚਰਿੱਤਰ ਉੱਤੇ ਵੀ ਪ੍ਰਕਾਸ਼ ਪੈਂਦਾ ਹੈ।

ਤਿੰਨਾਂ ਫ਼ਕੀਰ ਭਰਾਵਾਂ ਵਿਚੋਂ, ਜਿਨ੍ਹਾਂ ਮਹਾਰਾਜਾ ਰਣਜੀਤ ਦੇ ਅਧੀਨ ਵੱਡੇ-ਵੱਡੇ ਅਹੁਦੇ ਹਾਸਿਲ ਕੀਤੇ, ਸਭ ਤੋਂ ਪਹਿਲਾਂ ਅਜ਼ੀਜ਼ੁਦਦੀਨ ਮਹਾਰਾਜੇ ਨੂੰ ਮਿਲਿਆ। ਉਹ ਆਪਣੇ ਪਿਤਾ ਮੁਹੀਦੁਦਦੀਨ ਨਾਲ ਉਦੋਂ ਲਾਹੌਰ ਗਿਆ ਜਦੋਂ ਉਸ ਨੂੰ ਲਾਹੌਰ ਦੇ ਫ਼ਤਹਿ ਹੋਣ ਤੋਂ ਬਾਅਦ ਮਹਾਰਾਜੇ ਨੇ ਆਪਣੀ ਅੱਖ ਦੇ ਇਲਾਜ ਲਈ ਬੁਲਾਇਆ ਸੀ। ਫਿਰ ਨੂਰੁਦਦੀਨ ਅਤੇ ਅੰਤ ਵਿਚ ਇਮਾਮੁਦੀਨ ਨੂੰ ਵੀ ਬੁਲਾ ਲਿਆ ਗਿਆ। ਇਹ ਖ਼ਾਨਦਾਨ, ਅਰੇਬੀਆ ਦੇ ਇਕ ਪ੍ਰਸਿੱਧ ਪਾਕ ਬੰਦੇ ਸੱਯਦ ਜਲਾਲੁਦਦੀਨ ਤੋਂ ਸ਼ੁਰੂ ਹੁੰਦਾ ਹੈ। ਉਸ ਨੇ ਬੋਖ਼ਾਰਾਂ ਦੇ ਪ੍ਰਸਿੱਧ ਹਲਾਕੂ ਖ਼ਾਨ ਦਾ ਇਸਲਾਮ ਵਿਚ ਪ੍ਰਵੇਸ਼ ਕਰਾਇਆ ਸੀ। ਬਾਅਦ ਵਿਚ ਉਸ ਦੀ ਲੜਕੀ ਨਾਲ ਸ਼ਾਦੀ ਕਰਕੇ ਉਹ ਪੰਜਾਬ ਵੱਲ ਆਇਆ ਅਤੇ ਇਥੇ ਹੀ ਪੱਕੇ ਤੌਰ 'ਤੇ ਆਬਾਦ ਹੋ ਗਿਆ। ਸੱਯਦ ਜਲਾਲੁਦੀਨ ਦੇ ਬੋਖ਼ਾਰਾ ਰਹਿਣ ਕਰਕੇ ਇਸ ਪਰਿਵਾਰ ਨੂੰ 'ਬੁਖ਼ਾਰੀ' ਨਾਂ ਦਿੱਤਾ ਗਿਆ, ਪਰੰਤੂ ਰਣਜੀਤ ਸਿੰਘ ਦੇ ਸਮੇਂ ਤੋਂ ਇਸ ਨਾਂ ਨੂੰ 'ਫ਼ਕੀਰ' ਲਕਬ ਵਿਚ ਬਦਲ ਦਿੱਤਾ ਗਿਆ। ਇਹ ਲਕਬ ਸਭ ਤੋਂ ਪਹਿਲਾਂ ਗੁਲਾਮ ਮੁਹੀਦੁਦਦੀਨ ਨੂੰ ਉਸ ਦੀ ਪਾਕੀਜ਼ਗੀ ਤੇ ਸਾਧਨਾ ਕਰਕੇ ਦਿੱਤਾ ਗਿਆ ਪਰ ਅਜ਼ੀਜ਼ੁਦਦੀਨ ਲਈ ਇਸ ਖ਼ਿਤਾਬ ਦੀ ਸਰਕਾਰੀ ਤੌਰ ਉੱਤੇ ਪ੍ਰਵਾਨਗੀ ਦਿੱਤੀ ਗਈ। ਇਸ ਲਕਬ ਦਾ ਪ੍ਰਦਾਨ ਕਰਨਾ ਰਣਜੀਤ ਸਿੰਘ ਅਤੇ ਉਸ ਦੇ ਵਿਦੇਸ਼ ਮੰਤਰੀ ਵਿਚਕਾਰ ਗੂੜ੍ਹੇ ਸੰਬੰਧਾਂ ਦੀ ਇਕ ਵਿਸ਼ਿਸ਼ਟ ਮਿਸਾਲ ਹੈ।

ਇਕ ਦਿਨ, ਜਦੋਂ ਮਹਾਰਾਜਾ ਰਣਜੀਤ ਸਿੰਘ ਅਜ਼ੀਜ਼ੁਦਦੀਨ ਤੋਂ ਬਹੁਤ ਹੀ ਪ੍ਰਸੰਨ ਸੀ, ਉਸ ਨੇ ਅਜ਼ੀਜ਼ੁਦਦੀਨ ਨੂੰ ਕਿਹਾ, "ਸ਼ਾਹ ਜੀ, ਮੈਂ ਤੁਹਾਨੂੰ ਇਹੋ ਜੇਹਾ ਖ਼ਿਤਾਬ ਦੇਣਾ ਚਾਹੁੰਦਾ ਹਾਂ ਜਿਹੜਾ ਪੁਸ਼ਤ-ਦਰ-ਪੁਸ਼ਤ ਤੁਹਾਡੇ ਖ਼ਾਨਦਾਨ ਨਾਲ ਜੁੜਿਆ ਰਹੇ। ਕੀ ਤੁਸੀਂ ਕੋਈ ਸੁਝਾ ਦੇ ਸਕਦੇ ਹੋ? ਅਜ਼ੀਜ਼ੁਦਦੀਨ ਨੇ ਉੱਤਰ ਦਿੱਤਾ, ਤੁਹਾਡੇ ਖ਼ਾਨਦਾਨ ਨਾਲ ਜੁੜਿਆ ਰਹੇ। ਕੀ ਤੁਸੀਂ ਕੋਈ ਸੁਝਾ ਦੇ ਸਕਦੇ ਹੋ? ਅਜ਼ੀਜ਼ੁਦਦੀਨ ਨੇ ਉੱਤਰ ਦਿੱਤਾ, "ਮਹਾਰਾਜ! ਜੇ ਤੁਹਾਡੀ ਇੰਜ ਕਰਨ ਦੀ ਖ਼ੁਸ਼ੀ ਹੈ ਤਾਂ ਕ੍ਰਿਪਾ ਕਰਕੇ ਮੈਨੂੰ ਅਜਿਹਾ ਖ਼ਿਤਾਬ ਦਿਓ ਜਿਹੜਾ ਜੇ ਮੇਰੇ ਖ਼ਾਨਦਾਨ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਗ਼ਰੀਬ ਹੋ ਜਾਣ ਤਾਂ ਬਹੁਤ ਵੱਡਾ ਨਾ ਜਾਪੇ ਅਤੇ ਜੇ ਉਹ ਅਮੀਰ ਰਹਿਣ ਜਾਂ ਹੋਰ ਅਮੀਰ ਹੋ ਜਾਣ ਤਾਂ ਉਨ੍ਹਾਂ ਦੀ ਸ਼ੋਭਾ ਵਿਚ ਵਾਧੇ ਦਾ ਕਾਰਨ ਬਣੇ।" "ਫ਼ਕੀਰ ਬਾਰੇ ਤੁਹਾਡਾ ਕੀ ਵਿਚਾਰ ਹੈ?" ਮਹਾਰਾਜਾ ਨੇ ਪੁੱਛਿਆ, "ਤੁਹਾਡੇ ਪਿਤਾ ਨੂੰ ਪਹਿਲਾਂ ਹੀ ਇਸ ਖ਼ਿਤਾਬ ਨਾਲ ਸੰਬੋਧਿਤ ਕੀਤਾ ਜਾਂਦਾ ਹੈ।" "ਮੇਰੇ ਲਈ ਅਤੇ ਮੇਰੇ ਖ਼ਾਨਦਾਨ ਲਈ ਇਸ ਤੋਂ ਚੰਗਾ ਖ਼ਿਤਾਬ ਹੋਰ ਕੋਈ ਨਹੀਂ ਹੋ ਸਕਦਾ।" ਇਸ ਤਰ੍ਹਾਂ ਇਹ ਖ਼ਿਤਾਬ ਰਸਮੀ ਤੌਰ ਉੱਤੇ ਅਜ਼ੀਜ਼ੁਦਦੀਨ ਨੂੰ ਪ੍ਰਦਾਨ ਕੀਤਾ ਗਿਆ ਅਤੇ ਨਾਲ ਗੇਰਵਾ ਰੰਗ (ਜਿਹੜਾ ਕਿ ਜੋਗੀਆਂ ਲਈ ਵਿਸ਼ੇਸ਼ ਕਰਕੇ ਜਾਣਿਆ ਜਾਂਦਾ ਹੈ) ਦੀਆਂ ਦੋ ਵਡਮੁੱਲੀਆਂ ਸ਼ਾਲਾਂ ਵੀ ਉਪਹਾਰ ਵਜੋਂ ਦਿੱਤੀਆਂ ਗਈਆਂ।

ਫ਼ਕੀਰ ਅਜ਼ੀਜ਼ੁਦਦੀਨ ਦੀ ਮਹਾਰਾਜਾ ਰਣਜੀਤ ਸਿੰਘ ਨਾਲ ਦੋਸਤੀ ਅੰਤ ਉੱਤੇ ਜਾ ਕੇ ਹੋਰ ਵੀ ਜ਼ਿਆਦਾ ਗੂੜ੍ਹੀ ਹੋ ਗਈ। ਜਦੋਂ ਦਸੰਬਰ, 1838 ਵਿਚ ਮਹਾਰਾਜੇ ਨੂੰ ਅਧਰੰਗ ਦਾ ਦੌਰਾ ਪਿਆ ਜਿਸ ਕਰਕੇ ਉਸ ਦੀ ਬੋਲ-ਸ਼ਕਤੀ ਖ਼ਤਮ ਹੋ ਗਈ ਸੀ ਅਤੇ ਮਹਾਰਾਜਾ ਕੇਵਲ ਇਸ਼ਾਰਿਆਂ ਨਾਲ ਹੀ ਸਮਝਾ ਸਕਦਾ ਸੀ, ਤਾਂ ਅਜ਼ੀਜ਼ੁਦਦੀਨ ਉਨ੍ਹਾਂ ਦਰਬਾਰੀਆਂ ਵਿਚੋਂ ਇਕ ਸੀ ਜਿਹੜੇ ਮਹਾਰਾਜੇ ਦੀ ਸੰਕੇਤ-ਭਾਸ਼ਾ ਦੀ ਤਰਜਮਾਨੀ ਕਰਦੇ ਸਨ, ਦੂਜਾ ਦਰਬਾਰੀ ਸੀ ਭਈਆ ਰਾਮ ਸਿੰਘ। ਇਹ ਕੰਮ ਕਰਨ ਲਈ ਫ਼ਕੀਰ ਨੂੰ ਕਈ-ਕਈ ਪਹਿਰ ਲਗਾਤਾਰ ਮਹਾਰਾਜੇ ਕੋਲ ਬਹਿਣਾ ਪੈਂਦਾ ਸੀ ਜਿਹੜਾ ਕਿ ਉਸ ਦੀ ਮਹਾਰਾਜੇ ਪ੍ਰਤੀ ਲਗਨ ਅਤੇ ਪ੍ਰੇਮ ਦਾ ਪ੍ਰਤੀਕ

ਹੈ। ਫ਼ਕੀਰ ਅਜ਼ੀਜ਼ੁਦਦੀਨ ਦੇ ਮਸ਼ਵਰੇ ਉੱਤੇ ਹੀ ਖੜਕ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਉੱਤਰ-ਅਧਿਕਾਰੀ ਨਿਯੁਕਤ ਕੀਤਾ ਗਿਆ ਸੀ ਅਤੇ ਰਾਜਾ ਧਿਆਨ ਸਿੰਘ ਨੂੰ ਉਸ ਦਾ ਪ੍ਰਧਾਨ ਮੰਤਰੀ।

ਫ਼ਕੀਰ ਨੂਰੁਦਦੀਨ ਗ੍ਰਿਹ ਮੰਤਰੀ ਵੀ ਸੀ ਅਤੇ ਨਾਲੇ ਸ਼ਾਹੀ ਹਕੀਮ ਵੀ। ਇਨ੍ਹਾਂ ਤੋਂ ਇਲਾਵਾ ਉਹ ਮੁੱਖ-ਪੰਸਾਰੀ ਜਾਂ ਅਤਾਰ, (ਦਵਾਈਆਂ ਵੇਚਣ ਵਾਲਾ), ਦਾਨ ਕਰਨ ਵਾਲਾ ਸ਼ਾਹੀ ਮਹੱਲਾਂ ਅਤੇ ਬਾਗਾਂ ਦਾ ਡਾਇਰੈਕਟਰ, ਸ਼ਾਹੀ ਖ਼ਜ਼ਾਨੇ ਦੇ ਤਿੰਨ ਕੁੰਜੀ-ਬਰਦਾਰਾਂ ਵਿਚੋਂ ਇਕ, ਕਿਲ੍ਹੇ ਵਿਚ ਅਸਲੇ ਖ਼ਾਨੇ ਦਾ ਕੁਮੇਦਾਨ, ਇਕ ਵਿਸ਼ੇਸ਼ ਜੱਜ, ਮਹਾਰਾਜੇ ਦੀ ਨਿਆਂਇਕ ਜ਼ਮੀਰ ਦਾ ਰੱਖਿਅਕ ਅਤੇ ਹੋਰ ਕੀ ਨਹੀਂ ਸੀ। ਇਨ੍ਹਾਂ ਬਹੁਪੱਖੀ ਕੰਮਾਂ ਕਰਕੇ ਉਹ ਲਗਾਤਾਰ ਮਹਾਰਾਜੇ ਦੇ ਸੰਪਰਕ ਵਿਚ ਰਹਿੰਦਾ ਸੀ ਅਤੇ ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਈਮਾਨਦਾਰੀ ਅਤੇ ਪਾਕੀਜ਼ਗੀ ਕਰਕੇ ਉਸ ਦੀ ਬੜੀ ਇਜ਼ਤ ਕਰਦਾ ਸੀ। ਫ਼ਕੀਰ ਨੂਰੁਦਦੀਨ ਮਹਾਰਾਜੇ ਦੇ ਪਰਿਵਾਰ ਦੇ ਮੈਂਬਰਾਂ ਲਈ ਵੀ ਸਹਾਇਕ ਸਾਬਤ ਹੁੰਦਾ ਅਤੇ ਅਜਿਹੀਆਂ ਕਈਆਂ ਘਟਨਾਵਾਂ ਬਾਰੇ ਫ਼ਕੀਰ ਖ਼ਾਨਦਾਨ ਦੇ ਕਾਗਜ਼ਾਂ ਵਿਚ ਜ਼ਿਕਰ ਮਿਲਦਾ ਹੈ, ਜਦੋਂ ਫ਼ਕੀਰ ਨੂਰੁਦਦੀਨ ਨੇ ਸ਼ਾਹੀ ਪਰਿਵਾਰ ਦੇ ਮੈਂਬਰਾਂ ਦੀਆਂ ਸਮੱਸਿਆਵਾਂ ਨੂੰ ਨਜਿਠਿਆ ਸੀ। ਇਕ ਵਾਰੀ ਸ਼ਾਹਜ਼ਾਦਾ ਸ਼ੇਰ ਸਿੰਘ ਮਹਾਰਾਜੇ ਦੀਆਂ ਮਨਪਸੰਦ ਘੋੜੀਆਂ ਵਿਚੋਂ 'ਦੂਲੇ' ਨੂੰ ਆਪਣੇ ਅਸਤਬਲ ਵਿਚ ਲੈ ਗਿਆ। ਮਹਾਰਾਜੇ ਨੂੰ ਜਦ ਪਤਾ ਲੱਗਾ ਤਾਂ ਉਸ ਨੇ ਗੁੱਸੇ ਵਿਚ ਹੁਕਮ ਕਰ ਦਿੱਤਾ ਕਿ ਸ਼ੇਰ ਸਿੰਘ ਨੂੰ ਦੇਸ਼ ਨਿਕਾਲਾ ਦੇ ਦਿੱਤਾ ਜਾਵੇ ਅਤੇ ਜੋ ਕੁਝ ਉਸ ਕੋਲ ਹੈ, ਜ਼ਬਤ ਕਰ ਲਿਆ ਜਾਵੇ। ਸ਼ੇਰ ਸਿੰਘ ਨੇ ਆਪਣੇ ਉਸਤਾਦ ਨੂਰੁਦਦੀਨ ਨੂੰ ਦਖ਼ਲ ਦੇਣ ਲਈ ਬੇਨਤੀ ਕੀਤੀ। ਜਦੋਂ ਮਹਾਰਾਜਾ ਬੜੇ ਰੋਹ ਵਿਚ ਸੀ ਤਾਂ ਫ਼ਕੀਰ ਨੇ ਕਿਹਾ, "ਮਹਾਰਾਜ, ਤੁਸਾਂ ਤਾਂ ਉਸ ਨੂੰ ਬੜੀ ਘੱਟ ਸਜ਼ਾ ਦਿੱਤੀ ਹੈ। ਉਹ ਤਾਂ ਇਸ ਤਰ੍ਹਾਂ ਘੋੜੀ ਖੋਲ੍ਹ ਕੇ ਲੈ ਗਿਆ ਸੀ ਜਿਸ ਤਰ੍ਹਾਂ ਕਿ ਉਸ ਦੇ ਬਾਪ ਦੀ ਜਾਇਦਾਦ ਹੋਵੇ।" ਮਹਾਰਾਜਾ ਰਣਜੀਤ ਸਿੰਘ ਫ਼ਕੀਰ ਨੂਰੁਦਦੀਨ ਵੱਲੋਂ ਸੱਚਾਈ ਨੂੰ ਮਜ਼ਾਖ਼ ਵਿਚ ਪੇਸ਼ ਕਰਨ ਉੱਤੇ ਖ਼ੂਬ ਹੱਸਿਆ ਅਤੇ ਸ਼ਾਹਜ਼ਾਦੇ ਨੂੰ ਮਾਫ਼ ਕਰ ਦਿੱਤਾ ਅਤੇ 'ਦੂਲੇ' ਵੀ ਉਸ ਨੂੰ ਦੇ ਦਿੱਤੀ।

ਤੀਜੇ ਭਰਾ, ਇਮਾਮੁਦਦੀਨ ਦਾ ਭਾਵੇਂ ਦਰਬਾਰ ਵਿਚ ਕੋਈ ਅਹੁਦਾ ਨਹੀਂ ਸੀ ਪਰ ਉਹ ਕਈ ਪ੍ਰਬੰਧਕੀ ਅਤੇ ਫ਼ੌਜੀ ਅਹੁਦਿਆਂ ਉੱਤੇ ਰਿਹਾ ਸੀ। ਬਹੁਤਾ ਚਿਰ ਅੰਮ੍ਰਿਤਸਰ ਦੇ ਗੋਬਿੰਦਗੜ੍ਹ ਕਿਲ੍ਹੇ ਦੀਆਂ ਚਾਬੀਆਂ ਉਸ ਕੋਲ ਰਹੀਆਂ ਅਤੇ ਇਸ ਤਰ੍ਹਾਂ ਉਹ ਆਸ ਪਾਸ ਦੇ ਇਲਾਕੇ ਦਾ ਪ੍ਰਬੰਧਕ ਵੀ ਸੀ। ਇਨ੍ਹਾਂ ਜ਼ਿਮੇਂਵਾਰੀਆਂ ਤੋਂ ਇਲਾਵਾ ਉਥੋਂ ਦੇ ਅਸਲਖ਼ਾਨੇ ਅਤੇ ਸ਼ਾਹੀ ਅਸਤਬਲਾਂ ਦਾ ਪ੍ਰਬੰਧ ਵੀ ਉਸੇ ਕੋਲ ਸੀ।

2

ਰਣਜੀਤ ਸਿੰਘ 7 ਜੁਲਾਈ, 1799 ਨੂੰ ਇਕ ਜੇਤੂ ਦੇ ਰੂਪ ਵਿਚ ਲਾਹੌਰ ਦੇ ਕਿਲ੍ਹੇ ਵਿਚ ਦਾਖ਼ਲ ਹੋਇਆ। ਉਹ ਆਪਣੇ ਸਾਥੀਆਂ ਨਾਲੋਂ ਨਿਖੜਿਆ ਹੋਇਆ ਦਰਿਆ ਰਾਵੀ ਵਾਲੇ ਪਾਸੇ ਸੁਮਨ ਬੁਰਜ ਵੱਲੋਂ ਦੀ ਆਇਆ ਸੀ। ਅੰਦਰ ਦਾਖ਼ਲ ਹੋਣ ਤੋਂ ਪਹਿਲਾਂ ਉਹ ਨੇਹਰੇ ਵਿਚ ਇਕ ਸ਼ੇਰ ਦੀ ਸ਼ਕਲ ਵੇਖਕੇ ਤਬ੍ਹਕ ਜੇਹਾ ਗਿਆ। ਉਹ ਮੁੜਨ ਹੀ ਲੱਗਾ ਸੀ ਤਾਂ ਇਕ ਆਵਾਜ਼ ਆਈ ਜਿਹੜੀ ਉਸ ਨੂੰ ਬੁਰਜ ਅੰਦਰ ਬੁਲਾ ਰਹੀ ਸੀ। ਇਹ ਆਵਾਜ਼ ਸੀ। "ਰਣਜੀਤ ਸਿੰਘ, ਡਰੋ ਨਹੀਂ, ਅੰਦਰ ਆ ਜਾਓ।" ਇਹ ਆਵਾਜ਼ ਕੁਝ ਅਜਿਹੀ ਅਜੀਬ ਜੇਹੀ ਸੀ ਜਿਸ ਦੀ ਉਸ ਨੂੰ ਪਾਲਣਾ ਕਰਨੀ ਪਈ। ਜਦੋਂ ਉਹ ਦਾਖ਼ਲ ਹੋਇਆ ਤਾਂ ਉਥੇ ਉਸ ਨੂੰ ਇਕ ਛੋਟੇ ਕਦ ਦਾ, ਦੁਬਲਾ ਪਤਲਾ ਜੇਹਾ ਆਦਮੀ ਦਿਸਿਆ ਜਿਸ ਦੀ ਦਾਹੜੀ ਬਿਲਕੁਲ ਚਿੱਟੀ ਸੀ। ਉਸ ਨੇ ਰਣਜੀਤ ਸਿੰਘ ਨੂੰ ਆਪਣੇ ਕੋਲ ਆਉਣ ਲਈ ਕਿਹਾ ਅਤੇ ਜਦੋਂ ਉਹ ਅੱਗੇ ਵਧਿਆ, ਤਾਂ ਉਸ ਨੇ ਭਵਿੱਖਬਾਣੀ ਕੀਤੀ ਕਿ "ਰਣਜੀਤ ਸਿੰਘ ਤੂੰ ਛੇਤੀ ਹੀ ਪੰਜਾਬ ਵਿਚ ਇਕ ਸੁਤੰਤਰ ਹਕੂਮਤ ਕਾਇਮ ਕਰੇਂਗਾ।"

ਉਸ ਨੇ ਨੌਜਵਾਨ ਜੇਤੂ (ਰਣਜੀਤ ਸਿੰਘ) ਨੂੰ ਆਪਣੀ ਹਕੂਮਤ ਦੇ ਕੰਮ-ਕਾਜ ਲਈ ਚਾਰ ਨੇਮ ਚੇਤੇ ਰਖਣ ਲਈ ਤਾਕੀਦ ਕੀਤੀ ਜਿਹੜੇ ਉਸ ਦੇ ਰਾਜ ਦੀ ਤਾਕਤ ਅਤੇ ਵਿਕਾਸ ਵਿਚ ਵਾਧਾ ਕਰਨ ਵਿਚ ਸਹਾਈ ਹੋਣਗੇ। ਇਹ ਨੇਮ ਸਨ :

(1) ਬਿਨਾ ਨਾਗਾ ਰੋਜ਼ ਸਵੇਰੇ ਪ੍ਰਾਰਥਨਾ ਕਰਨਾ;

(2) ਕਦੇ ਵੀ ਮੁਗਲ ਬਾਦਸ਼ਾਹਾਂ ਦੇ ਤਖ਼ਤ ਉੱਤੇ ਬੈਠ ਕੇ ਦਰਬਾਰ ਨਹੀਂ ਲਾਉਣਾ;

(3) ਆਪਣੀ ਪਰਜਾ ਨਾਲ ਬਿਨਾ ਜ਼ਾਤਪਾਤ ਦੇ ਭੇਦਭਾਵ ਦੇ ਇਕੋ ਜੇਹਾ ਸਲੂਕ ਕਰਨਾ,

(4) ਫ਼ਕੀਰ ਸੱਯਦ ਗੁਲਾਮ ਮਹੀਦੁਦੀਨ ਜਿਹੜਾ ਇਕ ਖ਼ੁਦਾ ਦਾ ਬੰਦਾ ਹੈ ਅਤੇ ਜਿਸ ਨੂੰ ਨਵੇਂ ਰਾਜ ਲਈ ਮਜ਼ਹਬੀ ਸਰਪ੍ਰਸਤ ਮੁਕੱਰਰ ਕੀਤਾ ਗਿਆ ਹੈ ਅਤੇ ਜਿਸ ਦੇ ਪੁੱਤਰ ਰਾਜ ਦੀ ਸਚਾਈ ਨਾਲ ਪੂਰੀ ਤਰ੍ਹਾਂ ਸੇਵਾ ਕਰਨਗੇ, ਦਾ ਸਤਿਕਾਰ ਕਰਨਾ ਅਤੇ ਉਸ ਨਾਲ ਮਿਤ੍ਰਤਾ ਰਖਣੀ।

ਮਹਾਰਾਜਾ ਰਣਜੀਤ ਸਿੰਘ ਨੇ ਇਸ ਘਟਨਾ ਬਾਰੇ ਕਿਸੇ ਕੋਲ ਜ਼ਿਕਰ ਨਾ ਕੀਤਾ ਪਰ ਕਈ ਵਰ੍ਹਿਆਂ ਮਗਰੋਂ ਉਸ ਨੂੰ ਸ਼ਾਹੀ ਫ਼ੀਲਖ਼ਾਨੇ ਦੇ ਮੁੱਖ ਪ੍ਰਬੰਧਕ, ਇਵਾਜ਼ ਖ਼ਾਨ ਕੋਲ ਇਹ ਭੇਦ ਦੱਸਣ ਲਈ ਮਜਬੂਰ ਹੋਣਾ ਪਿਆ। ਇਵਾਜ਼ ਖ਼ਾਨ, ਜਿਸ ਨੂੰ ਪਾਕ ਬੰਦਿਆਂ ਵਿਚ ਬੜਾ ਵਿਸ਼ਵਾਸ ਸੀ, ਗੜ੍ਹੀ ਸ਼ਾਹੂ ਮਸਜਿਦ ਵਿਚ ਆਏ ਇਕ ਰਮਤੇ ਫ਼ਕੀਰ ਨੂੰ ਮਿਲਣ ਲਈ ਗਿਆ। ਫ਼ਕੀਰ ਨੇ ਉਸ ਨੂੰ ਮਹਾਰਾਜੇ ਤੋਂ ਇਹ ਪੁੱਛਣ ਲਈ ਕਿਹਾ ਕਿ ਕੀ ਉਹ ਉਨ੍ਹਾਂ ਧਾਰਮਿਕ ਨੇਮਾਂ ਦੀ ਪਾਲਣਾ ਕਰਦਾ ਹੈ ਜਿਹੜੇ ਉਸ ਨੂੰ ਲਾਹੌਰ ਦੇ ਕਿਲ੍ਹੇ ਵਿਚ ਇਕ ਪਾਕ ਬੰਦੇ ਨੇ ਕਹੇ ਸਨ। ਜਦੋਂ ਇਵਾਜ਼ ਖ਼ਾਨ ਨੇ ਇਸ ਹੁਕਮ ਦੀ ਪਾਲਣਾ ਕਰਦਿਆਂ ਮਹਾਰਾਜੇ ਨਾਲ ਗੱਲ ਕੀਤੀ ਤਾਂ ਮਹਾਰਾਜਾ ਰਣਜੀਤ ਸਿੰਘ ਦਾ ਰੰਗ ਪੀਲਾ ਪੈ ਗਿਆ ਅਤੇ ਉਹ ਪਸੀਨੋ-ਪਸੀਨੀ ਹੋਣ ਲੱਗਾ। ਕੁਝ ਸਮੇਂ ਬਾਅਦ ਰਣਜੀਤ ਸਿੰਘ ਨੇ ਆਪਣੇ ਆਪ ਨੂੰ ਸੰਭਾਲਿਆ ਅਤੇ ਉਪਰੋਕਤ ਘਟਨਾ ਬਾਰੇ ਇਵਾਜ਼ ਖ਼ਾਨ ਨੂੰ ਸਭ ਕੁਝ ਦੱਸ ਦਿੱਤਾ ਪਰ ਨਾਲ ਹੀ ਇਵਾਜ਼ ਖ਼ਾਨ ਤੋਂ ਇਹ ਇਕਰਾਰ ਲਿਆ ਕਿ ਉਸ (ਮਹਾਰਾਜੇ) ਦੀ ਮ੍ਰਿਤੂ ਤਕ ਇਹ ਭੇਦ-ਭੇਦ ਹੀ ਰਹਿਣਾ ਚਾਹੀਦਾ ਹੈ। ਇਵਾਜ਼ ਖ਼ਾਨ ਨੇ ਮਹਾਰਾਜੇ ਨੂੰ ਦਿੱਤਾ ਬਚਨ ਨਿਭਾਇਆ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਮਗਰੋਂ ਹੀ ਇਹ ਕਹਾਣੀ ਫ਼ਕੀਰ ਸੱਯਦ ਕਮਾਰੁਦਦੀਨ ਨੂੰ ਸੁਣਾਈ ਜਿਸ ਦੇ ਰਾਹੀਂ ਹੀ ਫ਼ਕੀਰ ਪਰਿਵਾਰ ਦੇ ਪੁਰਾਲੇਖ ਵਿਚ ਆਈ।

ਭਾਵੇਂ ਇਸ ਕਹਾਣੀ ਦਾ ਕੋਈ ਇਤਿਹਾਸਿਕ ਮਹੱਤਵ ਹੋਵੇ ਜਾਂ ਨਾ, ਪਰ ਇਹ ਘਟਨਾ ਮਹਾਰਾਜਾ ਰਣਜੀਤ ਸਿੰਘ ਦੀਆਂ ਰਾਜਨੀਤਿਕ ਨੀਤੀਆਂ ਅਤੇ ਉਸ ਦੇ ਨਿੱਜੀ ਵਿਹਾਰ ਬਾਰੇ ਚਾਨਣਾ ਪਾਉਂਦੀ ਹੈ।

3

ਮਹਾਰਾਜਾ ਰਣਜੀਤ ਸਿੰਘ ਇਕ ਸਿਦਕੀ ਤੇ ਸੱਚਾ ਸਿੱਖ ਸੀ। ਉਸ ਦਾ ਨਿਤ ਦਾ ਕੰਮ ਅੰਮ੍ਰਿਤ ਵੇਲੇ ਦੇ ਪੂਜਾ-ਪਾਠ ਨਾਲ ਸ਼ੁਰੂ ਹੁੰਦਾ ਸੀ। ਉਹ ਇਸ਼ਨਾਨ ਕਰਨ ਉਪਰੰਤ, ਸ਼ਸਤਰ-ਬਸਤਰ ਪਾ, ਪੂਜਾ ਵਾਲੇ ਕਮਰੇ ਵਿਚ ਜਾਂਦਾ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸ੍ਰਵਣ ਕਰਦਾ ਸੀ। ਉਸ ਤੋਂ ਬਾਅਦ ਉਹ ਸ਼ਰਧਾ ਵਜੋਂ ਆਪਣੀਆਂ ਅੱਖਾਂ ਅਤੇ ਮਸਤਕ ਉੱਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਪਵਿੱਤਰ ਅਤੇ ਅਦਭੁਤ ਕਲਗੀ ਰਖਦਾ ਸੀ। ਇਸ ਸਾਰੇ ਨਿਤ-ਨੇਮ ਦੇ ਬਾਅਦ ਹੀ ਮਹਾਰਾਜਾ ਰੋਜ਼ ਦੇ ਕੰਮ-ਕਾਜ ਨੂੰ ਹੱਥ ਲਾਉਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ ਇਤਨਾ ਸੀ ਕਿ ਉਸ ਨੇ ਕਦੇ ਵੀ ਗੁਰੂ ਮਹਾਰਾਜ ਦੀ ਅਗਵਾਈ ਤੋਂ ਬਿਨਾ ਕੋਈ ਵੱਡਾ ਫ਼ੈਸਲਾ ਨਹੀਂ ਸੀ ਲਿਆ ਜਾਂ ਕੋਈ ਮਹੱਤਵਪੂਰਨ ਮੁਹਿੰਮ ਨਹੀਂ ਸੀ ਸ਼ੁਰੂ ਕੀਤੀ। ਕਈ ਵਾਰੀ ਛੋਟੇ-ਛੋਟੇ ਮਾਮਲਿਆਂ ਵਿਚ ਵੀ ਉਹ ਗੁਰੂ ਗ੍ਰੰਥ-ਸਾਹਿਬ ਤੋਂ ਅਗਵਾਈ ਲੈਂਦਾ ਸੀ।

4

ਇਕ ਵਾਰੀ ਮਹਾਰਾਜਾ ਰਣਜੀਤ ਸਿੰਘ ਅਤੇ ਫ਼ਕੀਰ ਅਜ਼ੀਜ਼ੁਦਦੀਨ ਲਾਹੌਰ ਦੇ ਬਾਹਰਵਾਰ ਸੈਰ ਕਰ ਰਹੇ ਸਨ। ਉਨ੍ਹਾਂ ਨੇ ਇਕ ਆਦਮੀ ਨੂੰ ਬੈਲ-ਗੱਡੀ ਉੱਤੇ ਇਕ ਵੱਡੀ ਸਾਰੀ ਪੁਸਤਕ ਲਿਜਾਂਦਿਆਂ ਵੇਖਿਆ। ਮਹਾਰਾਜੇ ਨੇ ਬੈਲਗੱਡੀ ਨੂੰ ਰੋਕਿਆ ਤੇ ਚਾਲਕ ਨੂੰ ਪੁੱਛਿਆ ਕਿ ਉਹ ਕੀ ਲਿਜਾ ਰਿਹਾ ਹੈ? ਚਾਲਕ ਨੇ ਕਿਹਾ, "ਮਹਾਰਾਜ! ਮੈਂ ਇਕ ਖ਼ੁਸ਼ਨਵੀਸ (ਕੈਲੀਗਰਾਫਿਸਟ) ਹਾਂ ਅਤੇ ਇਹ ਪਾਕ ਕੁਰਾਨ ਦਾ ਖਰੜਾ ਹੈ ਜਿਹੜਾ ਕਿ ਮੇਰੀ ਸਾਰੀ ਉਮਰ ਦੀ ਮਿਹਨਤ ਹੈ, ਮੈਂ ਹੈਦਰਾਬਾਦ ਦੇ ਮੁਸਲਮਾਨ ਬਾਦਸ਼ਾਹ ਕੋਲ ਇਸ ਨੂੰ ਵੇਚਣ ਜਾ ਰਿਹਾ

ਹਾਂ। ਮੈਂ ਸੁਣਿਆ ਹੈ ਕਿ ਉਹ ਬੜਾ ਪਾਕ ਅਤੇ ਸਖੀ ਪੁਰਸ਼ ਹੈ।" ਮਹਾਰਾਜੇ ਨੇ ਫ਼ਕੀਰ ਅਜ਼ੀਜ਼ੁਦਦੀਨ ਵੱਲ ਤੱਕਿਆ ਅਤੇ ਕਿਹਾ, "ਇੰਜ ਜਾਪਦਾ ਹੈ ਕਿ ਇਸ ਆਦਮੀ ਲਈ ਹੈਦਰਾਬਾਦ ਤੋਂ ਉਰੇ ਕੋਈ ਅਜਿਹਾ ਵਿਅਕਤੀ ਨਹੀਂ ਜਿਹੜਾ ਇੰਨਾ ਪਾਕ ਸਖੀ ਇਨਸਾਨ ਹੋਵੇ ਅਤੇ ਉਸ ਨੂੰ ਚੰਗੀ ਕੀਮਤ ਦੇਵੇ" ਤਦ ਮਹਾਰਾਜਾ ਰਣਜੀਤ ਸਿੰਘ ਨੇ ਖ਼ੁਸ਼ਨਵੀਸ ਨੂੰ ਪੁੱਛਿਆ, "ਐ ਨੇਕ ਇਨਸਾਨ! ਤੂੰ ਕਿਤਨੀ ਕੀਮਤ ਦੀ ਆਸ ਰਖਦਾ ਹੈਂ?" ਖ਼ੁਸ਼ਨਵੀਸ ਨੇ ਦਸ ਹਜ਼ਾਰ ਰੁਪਏ ਮੰਗੇ, ਜਿਹੜੇ ਕਿ ਅੱਜ ਦੇ ਜ਼ਮਾਨੇ ਵਿਚ ਖ਼ੁਸ਼ਨਵੀਸ਼ ਲਈ ਇਕ ਬਹੁਤ ਵੱਡੀ ਰਕਮ ਹੋਵੇਗੀ। ਇਸ ਤੋਂ ਪਹਿਲਾਂ ਕਿ ਵਜ਼ੀਰ ਦਖ਼ਲ ਦਿੰਦਾ, ਮਹਾਰਾਜੇ ਵੱਲੋਂ ਸੌਦਾ ਤਹ ਹੋ ਚੁੱਕਾ ਸੀ। ਮਹਾਰਾਜਾ ਨੇ ਫੁਰਮਾਇਆ "ਫ਼ਕੀਰ ਜੀ! ਇਸ ਆਦਮੀ ਨੂੰ ਸਰਕਾਰੀ ਖ਼ਜ਼ਾਨੇ ਵਿਚੋਂ ਦਸ ਹਜ਼ਾਰ ਰੁਪਏ ਅਦਾ ਕਰ ਦਿਓ।" ਇਸ ਤਰ੍ਹਾਂ ਪਾਕ ਕੁਰਾਨ ਦਾ ਖਰੜਾ ਪ੍ਰਾਪਤ ਕਰ ਲਿਆ ਗਿਆ, ਅਤੇ ਮਹਾਰਾਜਾ ਨੇ ਅਜ਼ੀਜ਼ੁਦਦੀਨ ਨੂੰ ਇਸ ਵਿਚੋਂ ਕੁਝ ਅੰਸ਼ ਪੜ੍ਹਨ ਲਈ ਕਿਹਾ। ਫ਼ਕੀਰ ਅਜ਼ੀਜ਼ੁਦਦੀਨ ਨੇ 'ਸੂਰਾ-ਇ-ਯੂਸਫ਼' ਪੜ੍ਹਿਆ ਅਤੇ ਫਿਰ ਮਹਾਰਾਜੇ ਦੀ ਸੁਵਿਧਾ ਲਈ ਇਸ ਦਾ ਤਰਜਮਾ ਕੀਤਾ। ਇਸ ਉੱਤੇ ਮਹਾਰਾਜਾ ਰਣਜੀਤ ਸਿੰਘ ਨੇ ਪੁੱਛਿਆ, "ਫ਼ਕੀਰ ਜੀ! ਗ੍ਰੰਥ ਸਾਹਿਬ ਵੀ ਇਹੋ ਹੀ ਕਹਿੰਦੇ ਹਨ। ਫ਼ਰਕ ਕੀ ਹੋਇਆ?" "ਕੁਝ ਵੀ ਨਹੀਂ, ਮਹਾਰਾਜ!" ਫ਼ਕੀਰ ਨੇ ਜਵਾਬ ਦਿੱਤਾ, "ਉੱਦੇਸ਼ ਤਾਂ ਇਕੋ ਹੀ ਹੈ, ਕੇਵਲ ਰਾਹ ਵੱਖਰੇ-ਵੱਖਰੇ ਹਨ।" ਮਹਾਰਾਜੇ ਨੇ ਇਸ ਟਿੱਪਣੀ ਲਈ ਅਜ਼ੀਜ਼ੁਦਦੀਨ ਨੂੰ ਇਹ ਖਰੜਾ ਤੁਹਫ਼ੇ ਵੱਜੋਂ ਦੇ ਕੇ ਨਿਵਾਜਿਆ।

ਇਸ ਘਟਨਾ ਦਾ ਮਿਥਿਹਾਸਿਕ ਰੂਪ (aporcryphal version) ਇਸ ਨੂੰ, ਵਾਸਤਵ ਵਿਚ ਭਾਵੇਂ ਜੋ ਕੁਝ ਵੀ ਸੀ, ਉਸ ਨਾਲੋਂ ਹੋਰ ਵੀ ਜ਼ਿਆਦਾ ਨਾਟਕੀ ਬਣਾਂਦਾ ਹੈ। ਕਹਾਣੀ ਇਸ ਤਰ੍ਹਾਂ ਚਲਦੀ ਹੈ ਕਿ ਖ਼ੁਸ਼ਨਵੀਸ ਮਹਾਰਾਜੇ ਦੇ ਮਹਿਲ ਵਿਚ ਫ਼ਕੀਰ ਅਜ਼ੀਜ਼ੁਦਦੀਨ ਨੂੰ ਮਿਲਿਆ। ਫ਼ਕੀਰ ਨੇ ਭਾਵੇਂ ਉਸ ਦੇ ਕੰਮ ਦੀ ਸ਼ਲਾਘਾ ਕੀਤੀ, ਪਰ ਉਸ ਵੱਲੋਂ ਮੰਗੀ ਕੀਮਤ ਦੇਣ ਤੋਂ ਅਸਮਰਥਤਾ ਪ੍ਰਗਟ ਕੀਤੀ। ਜਾਪਦਾ ਹੈ, ਮਹਾਰਾਜੇ ਨੇ ਇਹ ਗੱਲ ਬਾਤ ਸੁਣ ਲਈ ਅਤੇ ਜਦੋਂ ਉਹ ਆਦਮੀ ਜਾ ਰਿਹਾ ਸੀ, ਉਸ ਨੂੰ ਰੋਕ ਲਿਆ ਅਤੇ ਆਪਣੇ ਪਾਸ ਬੁਲਾ ਲਿਆ। ਉਸ ਆਦਮੀ ਨੇ ਮਹਾਰਾਜੇ ਨੂੰ ਦੱਸਿਆ ਕਿ ਉਹ ਹੈਦਰਾਬਾਦ ਦੇ ਹਾਕਮ ਨੂੰ ਛੱਡ ਕੇ ਭਾਰਤ ਦੇ ਬਾਕੀ ਸਾਰੇ ਮੁਸਲਮਾਨ ਰਾਜਿਆਂ ਪਾਸ ਜਾ ਆਇਆ ਹੈ ਪਰ ਕੋਈ ਵੀ ਉਸ ਨੂੰ ਚੰਗੀ ਕੀਮਤ ਦੇਣ ਲਈ ਤਿਆਰ ਨਹੀਂ ਸੀ। ਮਹਾਰਾਜ ਨੇ ਖਰੜਾ ਉਸ ਆਦਮੀ ਤੋਂ ਲੈ ਲਿਆ, ਉਸ ਨੂੰ ਆਪਦੇ ਮਸਤਕ ਨਾਲ ਲਾਇਆ ਜਿਵੇਂ ਕਿ ਉਹ ਗੁਰੂ ਗ੍ਰੰਥ ਸਾਹਿਬ ਨੂੰ ਲਾਇਆ ਕਰਦਾ ਸੀ ਅਤੇ ਹੁਕਮ ਕੀਤਾ ਕਿ ਇਸ ਆਦਮੀ ਨੂੰ ਮੂੰਹ ਮੰਗੀ ਕੀਮਤ ਅਦਾ ਕੀਤੀ ਜਾਵੇ। ਜਦੋਂ ਮਗਰੋਂ, ਵਿਦੇਸ਼ ਮੰਤਰੀ ਨੇ ਇਸ ਦਾ ਵਿਰੋਧ ਕੀਤਾ, ਤਾਂ ਮਹਾਰਾਜੇ ਨੂੰ ਜਵਾਬ ਦਿੱਤਾ, "ਰੱਬ ਦੀ ਇਹ ਰਚਨਾ ਸੀ ਕਿ ਮੈਂ ਸਾਰੇ ਧਰਮਾਂ ਨੂੰ ਇਕ ਅੱਖ ਨਾਲ ਵੇਖਾਂ, ਇਸੇ ਲਈ ਉਸ ਨੇ ਮੇਰੀ ਦੂਜੀ ਅੱਖ ਦੀ ਜੋਤੀ ਲੈ ਲਈ। ਇਹ ਇਕ ਪਾਕ ਪੁਸਤਕ ਹੈ। ਮੈਂ ਕੇਵਲ ਉਸ ਆਦਮੀ ਦੀ ਮਿਹਨਤ ਦੀ ਕੀਮਤ ਹੀ ਅਦਾ ਨਹੀਂ ਕੀਤੀ, ਸਗੋਂ ਉਸ ਪਰਮਾਤਮਾ ਪ੍ਰਤੀ ਸ਼ਰਧਾਂਜਲੀ ਵੀ ਅਰਪਿਤ ਕੀਤੀ ਹੈ।"

5

ਰਣਜੀਤ ਸਿੰਘ ਦੀ ਇਹ ਨੀਤੀ ਸੀ ਕਿ ਸਾਰੀਆਂ ਕੌਮਾਂ ਨੂੰ ਆਪਣੇ-ਆਪਣੇ ਧਰਮ ਦੀ ਪਾਲਨਾ ਕਰਨ ਦੀ ਆਜ਼ਾਦੀ ਹੋਵੇ ਪਰ ਕਈ ਵੱਖ-ਵੱਖ ਧਰਮਾਂ ਵਾਲੇ ਮਹਾਰਾਜ ਪਾਸ ਬੜੀਆਂ ਮੁਸ਼ਕਿਲ ਸਮੱਸਿਆਵਾਂ ਲੈ ਕੇ ਆ ਜਾਂਦੇ ਸਨ। ਇਕ ਵਾਰ ਲਾਹੌਰ ਦੇ ਕੁਝ ਸਿੱਖਾਂ ਦਾ ਇਕ ਵਫ਼ਦ ਮਹਾਰਾਜਾ ਨੂੰ ਮਿਲਿਆ ਅਤੇ ਸ਼ਿਕਾਇਤ ਕੀਤੀ ਕਿ ਮਸੀਤ ਦੇ ਮੁੱਲਾ ਦੀ ਦਿਨ ਵਿਚ ਪੰਜ ਵਾਰੀ ਉੱਚੀ ਬਾਂਗ ਉਨ੍ਹਾਂ ਦੇ ਸ਼ਾਂਤ ਵਾਤਾਵਰਣ ਵਿਚ ਖ਼ਲਲ ਪਾਂਦੀ ਹੈ, ਇਸ ਲਈ ਉਨ੍ਹਾਂ ਦਾ ਉਸ ਇਲਾਕੇ ਵਿਚ ਰਹਿਣਾ ਅਸੰਭਵ ਹੋ ਰਿਹਾ ਸੀ। ਫਲਸਰੂਪ ਉਨ੍ਹਾਂ ਨੇ ਅਜ਼ਾਨ ਬੰਦ ਕਰਾਉਣ ਲਈ ਮੰਗ ਕੀਤੀ। ਮਹਾਰਾਜਾ ਨੇ ਫ਼ਕੀਰ ਅਜ਼ੀਜ਼ੁਦਦੀਨ, ਵੱਲ ਸਵਾਲੀਆ ਨਿਗਾਹ ਨਾਲ ਵੇਖਿਆ। ਫ਼ਕੀਰ ਨੇ ਕਿਹਾ, "ਹਜ਼ੂਰ! ਕਿਉਂਕਿ ਅਜ਼ਾਨ ਮੁਸਲਮਾਨਾਂ ਨੂੰ ਸਮੂਹਿਕ ਤੌਰ ਉੱਤੇ ਨਿਮਾਜ਼ ਪੜ੍ਹਨ ਲਈ ਦਿੱਤੀ ਜਾਂਦੀ ਹੈ, ਇਸ ਲਈ ਇਸ ਨੂੰ ਬੰਦ ਨਹੀਂ ਕੀਤਾ ਜਾ ਸਕਦਾ।" ਵਫ਼ਦ ਆਪਣੀ ਮੰਗ ਉੱਤੇ ਅੜਿਆ ਰਿਹਾ। ਫ਼ਕੀਰ ਨੇ ਤਦ ਮਹਾਰਾਜ ਨੂੰ ਸੰਬੋਧਨ ਕੀਤਾ, "ਹਜ਼ੂਰ, ਕੀ ਇਹ ਲੋਕ ਹਰੇਕ ਮੁਸਲਮਾਨ ਨੂੰ ਦਿਨ ਵਿਚ ਪੰਜ

ਵਾਰੀ ਨਮਾਜ਼ ਲਈ ਬੁਲਾਉਣ ਦੀ ਜ਼ਿੰਮੇਵਾਰੀ ਲੈਂਦੇ ਹਨ?'' ''ਸਿੱਖ ਇਸ ਸੁਝਾ ਨਾਲ ਸਹਿਮਤ ਹੋ ਗਏ ਅਤੇ ਮਹਾਰਾਜਾ ਨੇ ਅਜ਼ਾਨ ਬੰਦ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਪਰ ਇਕ ਹਫ਼ਤੇ ਬਾਅਦ, ਉਥੇ ਫਿਰ ਆ ਗਏ ਅਤੇ ਹੁਣ ਉਹ ਪਹਿਲੇ ਨਾਲੋਂ ਵੀ ਜ਼ਿਆਦਾ ਘਬਰਾਏ ਹੋਏ ਸਨ। ਉਹ ਮਹਾਰਾਜੇ ਪਾਸ ਬੇਨਤੀ ਕਰਨ ਲੱਗੇ ਕਿ ਅਜ਼ਾਨ ਨੂੰ ਮੁੜ ਲਾਗੂ ਕਰ ਦਿੱਤਾ ਜਾਵੇ। ਉਨ੍ਹਾਂ ਨੇ ਇਹ ਵੀ ਮੰਨਿਆ ਕਿ ਹੁਣ ਉਹ ਸਮਝ ਗਏ ਸਨ ਕਿ ਮੁਸਲਮਾਨਾਂ ਨੇ ਨਮਾਜ਼ ਲਈ ਬੁਲਾਉਣ ਵਾਸਤੇ ਇਹ ਵਿਧੀ ਕਿਉਂ ਅਪਣਾਈ ਹੈ?''

6

ਲੋਕਾਂ ਨੂੰ ਇਹ ਹੱਕ ਹਾਸਿਲ ਸੀ ਕਿ ਜਦੋਂ ਵੀ ਚਾਹੁਣ ਉਹ ਦੇਰੇ ਜਾਂ ਸੈਰ ਉੱਤੇ ਚੜ੍ਹੇ ਮਹਾਰਾਜਾ ਰਣਜੀਤ ਸਿੰਘ ਨੂੰ 'ਦੁਹਾਈ ਸਰਕਾਰ' ਕਹਿਕੇ ਰੋਕ ਸਕਦੇ ਸਨ ਅਤੇ ਆਪਣੀਆਂ ਜਾਇਜ਼ ਸ਼ਿਕਾਇਤਾਂ ਪੇਸ਼ ਕਰ ਸਕਦੇ ਹਨ। ਇਹ ਨਿੱਤ ਦਾ ਹੀ ਕੰਮ ਸੀ। ਪਰ ਕਈ ਵਾਰੀ ਲੋਕੀ ਇੰਜ ਦੁਹਾਈ ਦੇ ਕੇ ਛੋਟੀਆਂ-ਛੋਟੀਆਂ ਗੱਲਾਂ ਲਈ ਵੀ ਮਹਾਰਾਜੇ ਨੂੰ ਰੋਕ ਲੈਂਦੇ ਸਨ। ਕਈਆਂ ਦਾ ਮੰਤਵ ਤਾਂ ਕੇਵਲ ਮਹਾਰਾਜਾ ਦੇ ਸ਼ਰੀਰ ਨੂੰ ਛੂਹਣਾ ਹੀ ਹੁੰਦਾ ਸੀ। ਅਜਿਹੇ ਲੋਕ ਜਿਹੜੇ ਮਹਾਰਾਜਾ ਦੇ ਸ਼ਰੀਰ ਨੂੰ ਛੂਹਣਾ ਚਾਹੁੰਦੇ ਸਨ, ਦਾ ਖ਼ਿਆਲ ਸੀ ਕਿ ਉਸ ਦੀ ਇਕ ਛੂਹ ਨਾਲ ਖੋਟਾ ਸਿੱਕਾ ਸੋਨਾ ਬਣ ਜਾਂਦਾ ਹੈ। ਅਜਿਹੀ ਸੋਚ ਵਾਲੀ ਇਕ ਅੰਨ੍ਹੀ ਬੁੱਢੀ ਬਾਰੇ ਦੱਸਿਆ ਜਾਂਦਾ ਹੈ ਕਿ ਉਸ ਨੇ ਦੁਹਾਈ ਦੇ ਕੇ ਮਹਾਰਾਜ ਨੂੰ ਰੋਕ ਲਿਆ। ਜਦੋਂ ਉਸ ਨੂੰ ਮਹਾਰਾਜ ਤਕ ਲਿਜਾਇਆ ਗਿਆ ਤਾਂ ਉਸ ਨੇ ਪਿੱਤਲ ਦਾ ਇਕ ਪਤੀਲਾ ਚੁੱਕਿਆ ਹੋਇਆ ਸੀ ਅਤੇ ਇਸ ਤੋਂ ਪਹਿਲਾਂ ਕਿ ਕੋਈ ਦਖ਼ਲ ਦਿੰਦਾ, ਉਸ ਨੇ ਉਹ ਪਤੀਲਾ ਮਹਾਰਾਜ ਦੇ ਸਾਰੇ ਕਪੜਿਆਂ ਨਾਲ ਰਗੜ ਦਿੱਤਾ ਜਿਸ ਦੇ ਫਲਸਰੂਪ ਕਪੜਿਆਂ ਉੱਤੇ ਕਾਲਖ ਅਤੇ ਥਿੰਧਿਆਈ ਲੱਗ ਗਈ। ਜਾਪਦਾ ਹੈ ਕਿ ਜਦੋਂ ਸ਼ਾਹੀ ਜਲੂਸ ਜਾ ਰਿਹਾ ਸੀ, ਉਹ ਮਾਈ ਰਸੋਈ ਵਿਚ ਕੰਮ ਕਰ ਰਹੀ ਸੀ ਅਤੇ ਭਾਂਡਾ ਸਾਫ਼ ਕੀਤੇ ਬਗ਼ੈਰ ਹੀ ਬਾਹਰ ਦੌੜ ਆਈ ਸੀ, ਸ਼ਾਹੀ ਦਰਬਾਨ ਉਸ ਬੁਢੀ ਵੱਲ ਦੌੜੇ, ਉਸ ਨੂੰ ਪਰੇ ਹਟਾਇਆ ਅਤੇ ਉਸ ਦੇ ਹੱਥਾਂ ਵਿਚੋਂ ਭਾਂਡਾ ਖੋਹਣ ਦਾ ਯਤਨ ਕੀਤਾ। ਪਰ ਮਹਾਰਾਜੇ ਨੇ ਉਨ੍ਹਾਂ ਨੂੰ ਰੋਕ ਦਿੱਤਾ, ਅਤੇ ਉਸ ਅੰਨੀ ਬੁੱਢੀ ਵੱਲ ਝੁਕ ਕੇ ਕਿਹਾ ''ਐ ਬੁੱਢੀ ਮਾਈ! ਤੂੰ ਇਸ ਤਰ੍ਹਾਂ ਕਿਉਂ ਕੀਤਾ ਹੈ? ਕੀ ਤੈਨੂੰ ਪਤਾ ਹੈ ਕਿ ਤੂੰ ਮੇਰੇ ਕਪੜੇ ਖ਼ਰਾਬ ਕਰ ਦਿੱਤੇ ਹਨ?'' 'ਮਹਾਰਾਜ!' ਉਸ ਮਾਈ ਨੇ ਆਜਜੀ ਨਾਲ ਉੱਚੀ ਸੁਰ ਵਿਚ ਕਿਹਾ, ''ਤੁਹਾਡੇ ਕਪੜੇ ਖ਼ਰਾਬ ਕਰਨ ਕਰਕੇ ਮੇਰਾ ਸਿਰ ਕਟਵਾ ਦਿਓ ਪਰ ਉਨ੍ਹਾਂ ਨੂੰ ਮੇਰਾ ਪਤੀਲਾ ਲਿਜਾਣ ਨਾ ਦਿਓ। ਇਹ ਜ਼ਰੂਰ ਸੋਨੇ ਦਾ ਹੋ ਗਿਆ ਹੋਣਾ ਹੈ।'' ''ਹਾਂ, ਬੁੱਢੀ ਮਾਈ!'' ਮਹਾਰਾਜੇ ਨੇ ਕਿਹਾ, ''ਇਹ ਸੋਨੇ ਦਾ ਹੋ ਗਿਆ ਹੈ ਅਤੇ ਕੋਈ ਵੀ ਤੇਰੇ ਕੋਲੋਂ ਇਸ ਨੂੰ ਨਹੀਂ ਲਵੇਗਾ।'' ਮਹਾਰਾਜਾ ਨੇ ਉਸ ਦਾ ਪਤੀਲਾ ਸੋਨੇ ਦੇ ਸਿੱਕਿਆਂ ਨਾਲ ਭਰਵਾ ਦਿੱਤਾ ਅਤੇ ਹੁਕਮ ਦਿੱਤਾ ਕਿ ਦਰਬਾਰ ਦੇ ਦੋ ਹਰਕਾਰੇ ਇਸ ਬੁੱਢੀ ਮਾਈ ਨੂੰ ਘਰ ਤਕ ਲੈ ਕੇ ਜਾਣ। ਪੁਛ-ਪੜਤਾਲ ਕਰਨ ਉੱਤੇ ਪਤਾ ਲੱਗਾ ਕਿ ਉਹ ਬੁੱਢੀ ਮਾਈ ਇਕ ਗ਼ਰੀਬ ਵਿਧਵਾ ਸੀ ਜਿਸ ਦਾ ਇਕੋ ਇਕ ਪੁੱਤਰ ਮਰ ਗਿਆ ਸੀ ਅਤੇ ਉਹਨੂੰ ਮੱਦਦ ਦੀ ਲੋੜ ਸੀ, ਭਾਵ ਕਿ ਜੋ ਸੋਨਾ ਉਸ ਨੂੰ ਦਿੱਤਾ ਗਿਆ ਸੀ, ਉਸ ਵਿਚੋਂ ਕੁਝ ਨਾ ਕੁਝ ਸੋਨੇ ਦੀ ਉਸ ਨੂੰ ਲੋੜ ਸੀ।

ਰਣਜੀਤ ਸਿੰਘ ਕਾਲ ਦੀਆਂ ਸਾਂਸਕ੍ਰਿਤਿਕ ਧੂਨੀਆਂ

ਡਾ. ਅਮਰਜੀਤ ਸਿੰਘ

'ਵਾਰ ਹਕੀਕਤ ਰਾਇ' ਅਜਿਹੀ ਸਾਹਿੱਤਿਕ ਰਚਨਾ ਹੈ ਜਿਹੜੀ ਇਕ ਸਮਕਾਲੀ ਘਟਨਾ ਨੂੰ ਵਾਰ-ਵਿਧਾ ਵਿਚ ਢਾਲਦੀ ਹੈ। ਸਮਕਾਲੀ ਘਟਨਾ ਨੂੰ ਵਿਧਾਨਿਕ ਰੂਪ ਵਿਚ ਢਾਲਣ ਦੀ ਚੇਸ਼ਟਾ ਕਵੀ ਉੱਤੇ ਦੋਹਰੀ ਜ਼ਿੰਮੇਵਾਰੀ ਪਾ ਦਿੰਦੀ ਹੈ–ਸਮਕਾਲੀ ਤੱਥਾਂ ਦੇ ਵੇਰਵੇ ਵਿਚੋਂ ਸਮੇਂ ਦੀਆਂ ਅੰਤਰ-ਵਿਰੋਧੀ ਸ਼ਕਤੀਆਂ ਦੇ ਤਣਾਉ ਨੂੰ ਪਛਾਣ ਸਕਣਾ ਅਤੇ ਇਕ ਪਰਿਪੇਖ ਰਾਹੀਂ ਇਨ੍ਹਾਂ ਤੱਥਾਂ ਨੂੰ ਵਿਆਪਕ ਅਤੇ ਸਦੀਵੀ ਸਾਹਿੱਤਿਕ ਰੂਪ ਵਿਚ ਢਾਲ ਸਕਣਾ ਤਾਂ ਜੋ ਸਮਕਾਲੀ ਤੱਥ ਇਕ ਸੁਹਜ ਘਾੜਤ ਦਾ ਰੂਪ ਧਾਰਨ ਕਰ ਸਕਣ।

ਕਵੀ ਅਗਰੇ ਦੀ 'ਵਾਰ ਹਕੀਕਤ ਰਾਇ' ਆਪਣੀ ਸਾਹਿੱਤਿਕ-ਘਾੜਤ ਦੇ ਪੱਖੋਂ ਜੇ ਕੋਈ ਸਮਕਾਲੀ ਮਹੱਤਵ ਨਾਲ ਭਰਪੂਰ ਸੁਹਜ ਬਿੰਬ ਉਜਾਗਰ ਕਰ ਸਕਣ ਵਿਚ ਅਸਮਰਥ ਰਹਿੰਦੀ ਹੈ ਤਾਂ ਇਸ ਦਾ ਮੂਲ ਕਾਰਨ 'ਵਾਰ ਹਕੀਕਤ ਰਾਇ' ਦੀ ਅੰਦਰਲੀ ਭਾਵ-ਵਿਵਸਥਾ ਨਾਲੋਂ ਵੱਧ ਅੱਜ ਦੀ ਸੰਪ੍ਰਦਾਇਕ ਭਾਵ-ਵਿਵਸਥਾ ਵਿਚੋਂ ਲਭਿਆ ਜਾ ਸਕਦਾ ਹੈ। ਸਿੱਖ ਸੰਪ੍ਰਦਾਇਕ ਖੇਤਰਾਂ ਵਿਚ ਮੁਗ਼ਲ ਕਾਲ ਵਿਚ ਹੋਏ ਸਿੱਖ-ਮੁਗ਼ਲ ਸੰਘਰਸ਼ ਨੂੰ ਨਿਰੋਲ ਮੂਲ-ਸੰਘਰਸ਼ ਜਾਂ ਰਾਜਨੀਤਿਕ ਸੰਘਰਸ਼ ਦੀ ਦ੍ਰਿਸ਼ਟੀ ਤੋਂ ਵੇਖਣ ਦੀ ਥਾਂ ਸੰਪ੍ਰਦਾਇਕ ਸੰਘਰਸ਼ ਦੇ ਰੂਪ ਵਿਚ ਵਾਚਣ ਦੀ ਰੁਚੀ ਨੇ 'ਵਾਰ ਹਕੀਕਤ ਰਾਇ' ਦੇ ਮੁਲੰਕਣ-ਪਰਿਪੇਖ ਦਾ ਮੁਹਾਂਦਰਾ ਹੀ ਬਦਲ ਦਿੱਤਾ ਹੈ।

'ਵਾਰ ਹਕੀਕਤ ਰਾਇ' ਦੀ ਮੂਲ ਭਾਵਨਾ ਪਰੰਪਰਾਗਤ ਵੀਰ ਰਸ ਨਹੀਂ, ਸਗੋਂ ਉਹ ਮਾਨਸਿਕ ਵੀਰ ਭਾਵਨਾ ਹੈ ਜਿਹੜੀ ਮਨੁੱਖ ਦੇ ਅੰਦਰ ਆਪਣੇ ਉਚੇਰੇ ਆਤਮਿਕ ਹਿੱਤਾਂ ਦੀ ਰਖਿਆ ਕਰਨ ਲਈ ਕੁਰਬਾਨੀ ਦਿੰਦਿਆਂ ਹੋਇਆਂ ਜਾਗਦੀ ਹੈ। ਭਾਵ, ਇਹ ਸ਼ਸਤਰਾਂ ਦੀ ਲੜਾਈ ਨਾਲੋਂ ਵੱਧ ਇਕ ਪਾਸੇ ਰਾਜ-ਸੱਤਾ ਅਤੇ ਦੂਜੇ ਪਾਸੇ ਵਿਸ਼ਵਾਸ-ਬਲ ਦੇ ਸੰਘਰਸ਼ ਰਾਹੀਂ ਵੀਰ ਭਾਵਨਾ ਨੂੰ ਦ੍ਰਿੜ੍ਹਾਣ ਵਾਲੀ ਵਾਰ ਹੈ। ਜੇ ਅਸੀਂ ਇਸ ਦੇ ਸੰਪ੍ਰਦਾਇਕ ਭਾਵ ਨੂੰ ਅਖੋਂ ਉਹਲੇ ਕਰ ਦੇਈਏ ਤਾਂ ਇਹ ਵਾਰ ਰਾਜ-ਸੱਤਾ ਵਿਰੁੱਧ ਆਤਮਿਕ ਬਲ ਦੁਆਰਾ ਦ੍ਰਿੜ੍ਹਤਾ ਨਾਲ ਖਲੋ ਸਕਣ ਦੀ ਵਧੀਆ ਮਿਸਾਲ ਬਣ ਸਕਦੀ ਹੈ। ਪਰ ਸਾਡੀ ਵਿਸ਼ੇਸ਼ ਸੰਪ੍ਰਦਾਇਕ ਸਥਿਤੀ ਦੇ ਹੁੰਦਿਆਂ ਅਜਿਹਾ ਹੋਣਾ ਸੰਭਵ ਨਹੀਂ। ਫਲਸਰੂਪ ਇਕ ਵਿਆਪਕ ਅਰਥਾਂ ਵਾਲੀ ਰਚਨਾ ਸੰਪ੍ਰਦਾਇਕ ਅਰਥਾਂ ਤਾਈਂ ਸੀਮਿਤ ਹੋ ਕੇ ਰਹਿ ਗਈ ਹੈ।

ਹਕੀਕਤ ਰਾਇ ਦੀ ਸ਼ਹੀਦੀ 1734 ਈ. ਵਿਚ ਹੋਈ ਪਰ ਅਗਰੇ ਨੇ ਇਸ ਵਾਰ ਦੀ ਰਚਨਾ 1784 ਵਿਚ ਕੀਤੀ–ਲਗਭਗ ਘਟਨਾ ਤੋਂ ਅਧੀ ਸਦੀ ਮਗਰੋਂ।[1] ਸੁਆਲ ਇਹ ਹੈ ਕਿ ਪੰਜਾਹ ਸਾਲ ਪਹਿਲਾਂ ਦੀ ਵਾਪਰੀ ਘਟਨਾ ਤੋਂ ਵਾਰ ਰਚਨਾ ਦੀ ਪ੍ਰੇਰਨਾ ਸੰਨ 1784 ਵਿਚ ਕਿਉਂ ਹੋਈ? ਇਸ ਪ੍ਰਸ਼ਨ ਦਾ ਉੱਤਰ ਘਟਨਾ ਦੀ ਸਮਕਾਲੀ ਰਾਜਨੀਤਿਕ ਸਥਿਤੀ ਦੇ ਧਾਰਮਿਕ ਸੰਦਰਭ ਅਤੇ ਰਚਨਾ-ਕਾਲ ਦੀ ਰਾਜਨੀਤਿਕ ਪਰਿਸਥਿਤੀ ਦੇ ਬਦਲੇ ਹੋਏ ਸੰਦਰਭ ਤੋਂ ਮਿਲ ਸਕਦਾ ਹੈ। ਜਦੋਂ ਇਹ ਘਟਨਾ ਵਾਪਰੀ ਉਸ ਵੇਲੇ ਸਿੱਖਾਂ ਲਈ ਸਾਧਾਰਨ ਸਹਿਰੀਆ ਵਾਗ ਰਹਿ ਸਕਣਾ ਅਤੇ ਆਪਣੇ ਸੈ-ਮਾਨ ਨੂੰ ਕਾਇਮ ਰਖਣਾ ਜਾਂ ਬਚਾ ਸਕਣਾ ਅਸੰਭਵ ਵਰਗੀ ਗੱਲ ਸੀ। ਹਰ ਜਾਤੀ ਜਾਂ ਕੌਮ ਆਪਣੇ ਨਾਲ ਹੋਣ ਵਾਲੀਆਂ ਵਧੀਕੀਆਂ ਨੂੰ ਮਜਬੂਰੀ ਕਾਰਨ ਜਰ ਭਾਵੇਂ ਜਾਵੇ, ਭੁੱਲ ਨਹੀਂ ਸਕਦੀ। ਜਦੋਂ ਹਕੀਕਤ ਦੀ ਸ਼ਹੀਦੀ ਹੋਈ ਉਸ ਸਮੇਂ ਸਿੱਖ ਸਮਾਜ ਇਸ ਵਧੀਕੀ ਤਾਈਂ ਰੋਹ ਅਤੇ

ਰੋਸ ਮਹਿਸੂਸ ਕਰਦਾ ਹੋਇਆ ਵੀ ਘਟਨਾ ਤੋਂ ਮਾਨਸਿਕ ਬਲ ਪ੍ਰਾਪਤ ਕਰਨ ਉਪਰੰਤ ਹੋਰ ਪ੍ਰਤਿਕਰਮ ਦੇ ਸਮਰਥ ਨਹੀਂ ਸੀ। ਵਿਸ਼ੇਸ਼ ਕਰਕੇ ਸ਼ਹਿਰਾਂ ਵਿਚ ਵਸਦੇ ਸਿੱਖ ਤਾਂ ਮਿਲਵਰਤਣੀਏ ਬਣ ਕੇ ਹੀ ਗੁਜ਼ਾਰਾ ਕਰ ਰਹੇ ਸਨ। ਜੁਝਾਰੂ ਸਿੰਘ ਉਸ ਸਮੇਂ ਭਾਜੜਾਂ ਵਿਚ ਪਏ ਹੋਏ ਸਨ। ਅਜਿਹੀ ਪਰਿਸਥਿਤੀ ਵਿਚ ਹਕੀਕਤ ਦੀ ਸ਼ਹੀਦੀ ਦਾ ਅਚੇਤ ਲੋਕ-ਮਾਨਸ ਵਿਚ ਵਸ ਜਾਣਾ ਤੇ ਅਨੁਕੂਲ ਹਾਲਾਤ ਵੇਲੇ ਉਭਰ ਆਉਣਾ ਹੀ ਇਸ ਘਟਨਾ ਦੇ ਵਾਪਰਨ ਅਤੇ ਰਚਨਾ ਰੂਪ ਧਾਰਨ ਕਰਨ ਦੇ ਨਿਆਇ ਦਾ ਆਧਾਰ ਮੰਨਿਆ ਜਾ ਸਕਦਾ ਹੈ। ਬੀਤੇ ਕਾਲ ਦੀ ਘਟਨਾ ਹੀ ਉਚਿਤ ਪਰਿਸਥਿਤੀਆਂ ਵਿਚ ਕਿਸੇ ਰਚਨਾ ਦਾ ਰੂਪ ਧਾਰਨ ਕਰਕੇ ਵਿਆਪਕ ਅਰਥ ਪ੍ਰਾਪਤ ਕਰਦੀ ਹੈ।

ਅਜਿਹੇ ਸੰਕਟ ਭਰੇ ਹਾਲਾਤ ਵਿਚ ਜਿਉਂਦੇ ਮਿਲ-ਵਰਤਣੀਏ ਸਿੱਖਾਂ ਦੇ ਘਰ ਜੰਮ ਕੇ ਹਕੀਕਤ ਰਾਇ ਦਾ ਦ੍ਰਿੜ੍ਹ ਵਿਸ਼ਵਾਸੀ ਵਿਹਾਰ ਅਜਿਹਾ ਵਿਰੋਧਾਭਾਸ ਹੈ ਜਿਹੜਾ ਘਟਨਾ ਨਾਲੋਂ ਕਿਤੇ ਵਧੇਰੇ ਉੱਚੇ ਅਰਥਾਂ ਦਾ ਪ੍ਰਤੀਕ ਹੋ ਨਿਬੜਦਾ ਹੈ। ਜੇ ਹਕੀਕਤ ਰਾਇ ਭਵਾਨੀ ਸਤਿਕਾਰ ਦੀ ਰਖਸ਼ਾ ਕਰਦਾ ਹੋਇਆ ਫੜਿਆ ਜਾਂਦਾ, ਤਾਂ ਸ਼ਾਇਦ ਉਹ ਜੁਝਾਰੂ ਸਿੱਖਾਂ ਨਾਲ ਰਲ ਕੇ ਸ਼ਸਤਰਧਾਰੀ ਸੰਘਰਸ਼ ਵਿਚ ਹਿੱਸਾ ਪਾਂਦਾ।

ਸਾਂਸਕ੍ਰਿਤਿਕ ਪੱਖ ਤੋਂ ਜਿਹੜੀਆਂ ਦੋ ਗੱਲਾਂ ਮਹੱਤਵ ਰਖਦੀਆਂ ਹਨ ਅਤੇ ਜਿਹੜੀਆਂ ਰਣਜੀਤ ਸਿੰਘ ਕਾਲ ਦੇ ਸਭਿਆਚਾਰਿਕ ਮਹਾਂਦਰੇ ਵੱਲ ਸੰਕੇਤ ਕਰਦੀਆਂ ਹਨ, ਉਹ ਹਨ–(1) ਦ੍ਰਿੜ੍ਹ-ਵਿਸ਼ਵਾਸੀ ਦਲੀਲ ਦਾ ਮੱਧਕਾਲੀ ਭਾਗਵਾਦੀ (fatalist) ਆਧਾਰ ਜਿਹੜਾ ਪਰਤਵੇਂ ਰੂਪ ਵਿਚ ਅਪਸਾਰੀ ਦੀ ਥਾਂ ਜੁਝਾਰੂ ਵਿਸ਼ਵਾਸ ਜਗਾਂਦਾ ਹੈ ਅਤੇ (2) ਭਵਾਨੀ ਦੇਵੀ ਆਦਿ ਹਿੰਦੂ ਦੇਵੀ ਦੇਵਤਿਆਂ ਨੂੰ ਸਾਂਝੇ ਹਿੰਦੂ ਸਿੱਖ ਵਿਸ਼ਵਾਸਾਂ ਦਾ ਅੰਗ ਮੰਨਣਾ।

ਆਧੁਨਿਕ ਦ੍ਰਿਸ਼ਟੀ ਤੋਂ ਭਾਗਵਾਦ, ਜਿਸ ਵਿਚ ਸੰਸਾਰ ਦੀ ਸ਼ਰੀਰ ਦੀ ਨਾਸ਼ਮਾਨਤਾ, ਝੂਠੇ ਲਾਲਚਾਂ ਪਿੱਛੇ ਨਾਸ਼ਮਾਨ ਸ਼ਰੀਰ ਦੀ ਰਖਿਆ ਨੂੰ ਤੁੱਛ ਮੰਨਣਾ ਆਦਿ ਸ਼ਾਮਿਲ ਹਨ, ਨੂੰ ਅਜਿਹੀ ਰੁਚੀ ਦਾ ਲਖਾਇਕ ਮੰਨਿਆ ਜਾਂਦਾ ਹੈ ਜਿਹੜੀ ਹੀਨਤਾ, ਨਿਰਬਲਤਾ ਅਤੇ ਅਨਵਾਰੀਅਤਾ ਵਰਗੇ ਭਾਵਾਂ ਦੁਆਰਾ ਸਮਰਪਣ ਦੀ ਲਖਾਇਕ ਹੋ ਨਿਬੜਦੀ ਹੈ। ਪਰ 'ਵਾਰ ਹਕੀਕਤ ਰਾਇ' ਵਿਚ ਹਕੀਕਤ ਰਾਇ ਆਪਣੀ ਮਾਤਾ ਕੌਰਾਂ ਨਾਲ, ਕਾਜ਼ੀ ਨਾਲ, ਖ਼ਾਨ ਬਹਾਦਰ ਸਾਹਮਣੇ ਜਿਹੜੀਆਂ ਦਲੀਲਾਂ ਦਿੰਦਾ ਹੈ ਉਨ੍ਹਾਂ ਦਾ ਮੁਹਾਂਦਰਾ ਪ੍ਰਤੱਖ ਤੌਰ ਉੱਤੇ ਭਾਗਵਾਦੀ ਹੁੰਦਾ ਹੋਇਆ ਵੀ ਭਾਗਵਾਦ ਦੇ ਉਲਟ ਜੁਝਾਰੂ ਭਾਵ ਜਗਾਂਦਾ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਹਕੀਕਤ ਦੇ ਹਮਾਇਤੀ, ਜਿਹੜੇ ਉਹਨੂੰ ਛੁਡਾਣਾ ਚਾਹੁੰਦੇ ਹਨ ਜਦੋਂ ਇਹੀ ਦਲੀਲਾਂ ਵਰਤਦੇ ਹਨ, ਤਾਂ ਉਹ ਹੀਨਤਾ ਦਾ ਪ੍ਰਭਾਵ ਪਾਂਦੇ ਹਨ :

(1) ਬਾਬੂ ਆਖੇ ਕਾਜ਼ੀ ਨੂੰ ਦੁਨੀਆਂ ਵਿਚ ਸਭ ਫਾਨੀ।.....
ਕਾਜ਼ੀ ਮਿਹਰ ਕਰੋ ਛੱਡ ਦਿਹੋ ਲੜਕਾ, ਮੁਸ਼ਕਲ ਕਰੋ ਆਸਾਨੀ। (122)

(2) ਦਰਗਾਹੀ ਆਖੇ ਕਾਜ਼ੀ ਨੂੰ, ਇਹ ਦੁਨੀਆ ਝੂਠ ਪਸਾਰੇ।
ਵਾਗ ਗੁੱਡੀ ਹੱਥ ਡੋਰ ਰਬ ਦੇ, ਤੂੰ ਕਿਉਂ ਲਾਫਾਂ ਮਾਰੇ।
ਆਪੇ ਸਾਹਿਬ ਜਾਨ ਘਤਦਾ ਆਪੇ ਜਾਨ ਬਿਡਾਰੇ।
ਕਾਜ਼ੀ ਵਖਤ ਕਿਆਮਤ ਹੋਸੀ, ਤੇਬਾ ਤੇਬਾ ਪੁਕਾਰੇ। (104)

(3) ਨਵਾਬ ਜੀ ਦੌਲਤ ਦਾ ਕਿਆ ਭਰਵਾਸਾ, ਦੁਨੀਆ ਹਿਰਸ ਹਵਾਈ। (172)

ਇਸ ਤੋਂ ਇਹ ਪ੍ਰਤੱਖ ਹੁੰਦਾ ਹੈ ਕਿ ਮੱਧਕਾਲੀ ਭਾਗਵਾਦ ਵੀ ਸੰਦਰਭ ਅਨੁਸਾਰ ਅਰਥ-ਪਰਿਵਰਤਨ ਦਾ ਭਾਗੀ ਬਣ ਸਕਦਾ ਹੈ।

ਜਦੋਂ ਪਹਿਲੀ ਵਾਰੀ ਮਾਤਾ ਕੌਰਾਂ ਨੂੰ ਹਕੀਕਤ ਪੁੱਤਰ ਉੱਤੇ ਪਈ ਮੁਸੀਬਤ ਦਾ ਪਤਾ ਲੱਗਦਾ ਹੈ ਤਾਂ ਉਹ ਆਪਣੀ ਮਮਤਾ ਨੂੰ ਆਪਣੇ ਕਸ਼ਟ ਦਾ ਕਾਰਨ ਮੰਨਦੀ ਹੈ।[2] ਪਰ ਸ਼ੁਰੂ ਤੋਂ ਹੀ ਹਕੀਕਤ ਦੀ ਦਲੀਲ ਮਾਤਾ ਦੇ ਮੋਹ ਦੇ ਵਿਰੋਧ ਵਿਚ ਆਪਣੇ ਆਪ ਨੂੰ ਦ੍ਰਿੜ੍ਹ-ਭਾਵੀ (ਜਿਸ ਨੂੰ ਕਠੋਰ-ਭਾਵੀ ਵੀ ਕਿਹਾ ਜਾ ਸਕਦਾ ਹੈ) ਬਣਾ ਲੈਂਦਾ

ਹੈ। ਇਹੀ ਕਾਰਨ ਹੈ ਕਿ ਉਹ ਧਰਮ ਬਦਲਣ ਦੀ ਗੱਲ ਹੋਣ ਤੋਂ ਪਹਿਲਾਂ ਹੀ ਮਾਤਾ ਵਿਰੁੱਧ ਨਕਾਰਾਤਮਕ ਨਿਸ਼ਚਾ ਬਣਾ ਲੈਂਦਾ ਹੈ ਤੇ ਬਿਨਾ ਦਲੀਲ ਸੁਣੇ ਹੀ ਮਾਤਾ ਨੂੰ ਕਠੋਰਤਾ ਨਾਲ ਜੁਆਬ ਦਿੰਦਾ ਹੈ। ਸ਼ਾਇਦ ਉਹ ਮਮਤਾ ਦੀ ਦਲੀਲ ਦੀ ਸੇਧ ਤੋਂ ਅਗਾਊਂ ਹੀ ਜਾਣੂੰ ਹੈ :

ਮਾਏ ! ਵਸਤ ਪਰਾਈ ਕਰੇ ਆਪਣੀ, ਮੂਰਖ ਵਡੀ ਗਵਾਰਾ। (73)

ਹਿੰਦੂ ਪਤਵੰਤਿਆਂ ਅਤੇ ਤਰਸਵਾਨ ਮੁਸਲਮਾਨਾਂ ਦੇ ਤਰਲੇ ਅਜਾਈਂ ਜਾਂਦੇ ਹਨ। ਲਾਹੌਰ ਦੇ 'ਸੂਬੇ' ਦੀ ਅਦਾਲਤ ਵਿਚੋਂ ਉਸ ਨੂੰ ਲਾਲਚ ਵੀ ਦਿੱਤਾ ਜਾਂਦਾ ਹੈ ਤੇ ਧਮਕੀਆਂ ਵੀ ਪਰ ਹਕੀਕਤ ਰਾਇ ਦੀ ਦਲੀਲ ਬੜੀ ਕਰੜੀ ਹੈ :

ਨਵਾਬ ਜੀ, ਇਸ ਦੌਲਤ ਦਾ ਕਿਆ ਭਰਵਾਸਾ ਦੁਨੀਆ ਖ਼ਾਬ ਪਸਾਰਾ।
ਸਭ ਖ਼ਾਬੀ ਹਾਥੀ ਘੋੜੇ ਨੀ, ਸਭ ਖ਼ਾਬੀ ਜ਼ਰ ਅੰਬਾਰਾ।
ਸਭ ਖ਼ਾਬੀ ਬਹੁ ਹੁਕਮਿ ਕਰਨ, ਸਭ ਖ਼ਾਬੀ ਸ਼ਹਿਰ ਬਾਜ਼ਾਰਾ।
ਨਵਾਬ ਜੀ, ਇਹ ਦੁਨੀਆ ਸਭ ਖ਼ਾਬ ਹੈ, ਕਿਉਂ ਜਨਮ ਧਰਮ ਤੋਂ ਹਾਰਾ। (139)
.....ਜੋ ਮਸਤਕ ਲਿਖਿਆ ਸਾਈਂ।
ਜੋ ਹੋਣੀ ਸੋ ਹੋਵੇਗੀ, ਤਕਦੀਰ ਭੀ ਮਿਟਦੀ ਨਾਹੀਂ। (141)
ਨਵਾਬ ਜੀ ਕਿਆ ਕੁਟੰਬ ਬੰਦਾ ਖ਼ਾਕੀ.....
.....ਜਿਉਂ ਪਾਣੀ ਵਿਚ ਪਤਾਸਾ।
.....ਝੂਠਾ ਸਭ ਤਮਾਸਾ।
.....ਵਿਚ ਅੰਦਰ ਭੌਰ ਉਦਾਸਾ। (145)
ਜੀਵਨ ਮਰਨ ਦੀ ਲਿਖਣੇ ਜਾਮਨ, ਤਾਂ ਮੈਂ ਧਰਮ ਗਵਾਈਂ।
ਜੋ ਦੋਵੇਂ ਫਿਰਕੇ ਮਰ ਜਾਸਨ, ਤਾਂ ਮੈਂ ਕਿਉਂ ਕਰਿ ਧਰਮ ਗਵਾਈਂ। (147)

ਤੇ ਜਦੋਂ ਮਾਤਾ ਕੌਰਾਂ ਹਕੀਕਤ ਨੂੰ ਇਸਲਾਮ ਕਬੂਲ ਕਰ ਲੈਣ ਲਈ ਪ੍ਰੇਰਦੀ ਹੈ ਤਾਂ ਉਹਦੀਆਂ ਦਲੀਲਾਂ ਦੀ ਭਾਵਨਾ ਹੋਰ ਵੀ ਪ੍ਰਚੰਡ ਹੋ ਜਾਂਦੀ ਹੈ :

ਮੈਂ ਅਲਖ ਪੁਰਖ ਕਾ ਚੇਲਾ ਹਾਂ, ਵਿਚ ਬੋਲੇ ਅੰਤਰ ਜਾਮੀ।
.....ਹਮ ਮਾਤ ਪਿਤਾ ਨਹੀਂ ਜਾਨੀ। (155)
ਮਾਤਾ ਸਭ ਕਿਛੁ ਦੁਨੀਆ ਦਾ ਸੁਫਨਾ ਈ, ਜਿਉਂ ਜਾਗੇ ਤੇ ਪਛਤਾਵੇ। (159)
ਕਈ ਜੋਨਾਂ ਭੋਗ ਕੇ ਜਨਮ ਲਿਆ, ਫਿਰ ਧਰਮ ਇਹ ਹਥ ਨਾ ਆਵੇ।

ਮਾਤਾ ਕੋਰਾਂ ਨੂੰ ਗਿਆਨ ਹੋ ਜਾਂਦਾ ਹੈ ਤੇ ਉਹ ਪੁੱਤਰ ਨੂੰ 'ਮਹਾਂ ਪੁਰਖ' ਦੇ ਰੂਪ ਵਿਚ ਪਛਾਣ ਲੈਂਦੀ ਹੈ।

ਹਕੀਕਤ ਰਾਇ ਨੂੰ ਮੌਤ ਦੇ ਮੂੰਹ ਤੋਂ ਬਚਾਣ ਲਈ ਜਿਹੜੇ ਯਤਨ ਹੁੰਦੇ ਹਨ, ਉਨ੍ਹਾਂ ਵਿਚ ਬਹੁਤਾ ਹਿੱਸਾ ਤਾਂ ਹਿੰਦੂ ਪਤਵੰਤਿਆ ਦਾ ਹੀ ਹੈ ਪਰ ਮੁਸਲਮਾਨ ਪਤਵੰਤੇ ਅਤੇ ਹਾਕਮ ਵੀ ਨਿਰੋਲ ਕਠੋਰਤਾ ਤੋਂ ਕੰਮ ਨਹੀਂ ਲੈਂਦੇ ਸਗੋਂ ਮਿਲਵਰਤਣੀਏ ਹਿੰਦੂ ਪਤਵੰਤਿਆਂ ਦਾ ਪੱਖ ਪੂਰਨ ਦਾ ਯਤਨ ਕਰਦੇ ਹੋਏ ਨਿਸਫਲ ਹੋਣ ਸਦਕਾ ਨਿਰਾਸ਼ ਵੀ ਹੁੰਦੇ ਹਨ। ਸਿਰਫ਼ ਕਾਜ਼ੀ ਹੀ ਇਕ ਅਜਿਹਾ ਵਿਅਕਤੀ ਹੈ ਜਿਹੜਾ ਹਕੀਕਤ ਨੂੰ ਸਜ਼ਾ ਦੇਣ ਉੱਤੇ ਅੜਿਆ ਰਹਿੰਦਾ ਹੈ। ਸਾਰਾ ਵਾਤਾਵਰਣ ਸਹਿਹੋਂਦ ਭਰਿਆ ਹੈ ਜਿਹੜਾ ਕਿ ਮਹਾਰਾਜਾ ਰਣਜੀਤ ਸਿੰਘ ਕਾਲ ਦਾ ਖ਼ਾਸਾ ਮੰਨਿਆ ਜਾਂਦਾ ਹੈ। ਸਿੱਧ ਹੁੰਦਾ ਹੈ ਕਿ ਇਹ ਸਹਿਹੋਂਦ ਰਣਜੀਤ ਸਿੰਘ ਦੇ ਰਾਜ ਦੀ ਵਿਸ਼ੇਸ਼ਤਾ ਨਹੀਂ ਸੀ, ਸਗੋਂ ਤਣਾਓ-ਸਥਿਤੀਆਂ ਨੂੰ ਛੱਡ ਕੇ ਪੰਜਾਬੀ ਜੀਵਨ ਦੀ ਵਿਆਪਕ ਵਿਸ਼ੇਸ਼ਤਾ ਸੀ।

ਇਹ ਸਾਰੀ ਘਟਨਾ ਭਾਵੇਂ ਭਵਾਨੀ ਦੇਵੀ ਲਈ ਵਰਤੇ ਗਏ ਨਿਰਾਦਰ ਭਰੇ ਸ਼ਬਦਾਂ ਨੂੰ ਸੁਨਕੇ ਹੋਏ ਹਕੀਕਤ ਦੇ ਪ੍ਰਤੀਕਰਮ ਵਜੋਂ ਬੀਬੀ ਫ਼ਾਤਮਾ ਲਈ ਵਰਤੇ ਗਏ ਸ਼ਬਦਾਂ ਸਦਕਾ ਹੀ ਵਾਪਰਦੀ ਹੈ ਪਰ ਸਿੱਖ

ਵਿਸ਼ਵਾਸਾਂ ਦੀ ਪਿਠਭੂਮੀ ਅਤੇ ਸਿੱਖ ਮਰਯਾਦਾ ਨਾਲ ਸੰਬੰਧਿਤ ਸ਼ਬਦਾਂ/ਵਾਕੰਸ਼ਾਂ (ਮੈਨੂੰ ਤਲਬ ਹਜ਼ੂਰੋਂ ਆਈ ਹੈ ਭੇਜੀ ਗੁਰ ਅਵਤਾਰੀ । ਕਹੁ ਜੀ, ਜੈ ਜੈ ਕਰਦੇ ਹਿੰਦੂ ਆਖਣ ਸਦਕੇ ਸਤਿਗੁਰ ਵਾਰੀ । 187) ਦੀ ਵਰਤੋਂ ਤੋਂ ਪਤਾ ਲੱਗਦਾ ਹੈ ਕਿ ਜਿਥੇ ਹਿੰਦੂਆਂ ਵਿਚ ਸਿੱਖ ਮਤ ਨੂੰ ਵੀ ਹਿੰਦੂ ਮਤ ਦਾ ਇਕ ਅੰਗ ਮੰਨ ਕੇ ਪ੍ਰਵਾਨਿਆ ਜਾਂਦਾ ਸੀ ਉਥੇ ਸਿੱਖ ਅਤੇ ਸਹਿਜਧਾਰੀ ਸਿੱਖ-ਹਿੰਦੂ ਦੇਵੀ ਦੇਵਤਿਆਂ ਨੂੰ ਵੀ ਪੂਰਾ ਸਤਿਕਾਰ ਹੀ ਨਹੀਂ ਸਨ ਦਿੰਦੇ ਸਗੋਂ ਗੁਰੂ ਬਰਾਬਰ ਪੂਜਨਯੋਗ ਮੰਨਦੇ ਸਨ । ਇਹ ਸਹਿਹੋਂਦ ਅਤੇ ਵਿਸ਼ਵਾਸਾਂ ਦੀ ਖਿਚੜੀ ਹਿੰਦੂ ਧਰਮ ਦੀ ਦੂਜੇ ਭਾਰਤੀ ਧਰਮਾਂ ਨੂੰ ਆਪਣੇ ਅੰਦਰ ਸਮਾ ਲੈਣ ਦੀ ਸੂਚਕ ਵੀ ਹੈ ਅਤੇ ਸਿੱਖ ਧਰਮ ਵੱਲੋਂ ਸਥਾਪਿਤ ਹੋਈ ਵਿਲੱਖਣਤਾ ਦੇ ਮੱਧਮ ਪੈਣ ਦੀ ਵੀ । ਇਹ ਰੁਚੀ ਰਣਜੀਤ ਸਿੰਘ ਰਾਜ ਵਿਚ ਹੋਰ ਪ੍ਰਬਲ ਹੋ ਜਾਂਦੀ ਹੈ ਤੇ ਸਿੱਖ ਧਰਮ ਸਥਾਨਾਂ ਅਤੇ ਸੰਸਥਾਵਾਂ ਉੱਤੇ ਪੁਜਾਰੀਆਂ ਦੇ ਕਬਜ਼ੇ ਅਤੇ ਸਿੱਖ ਧਾਮਾਂ ਵਿਚ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਸਥਾਪਨਾ ਤਕ ਪਹੁੰਚ ਜਾਂਦੀ ਹੈ । ਇਸ ਨਿਘਾਰ ਨੂੰ ਸਿੰਘ ਸਭਾ ਲਹਿਰ ਵਿਚ ਜਾ ਕੇ ਹੀ ਠਲ੍ਹ ਪੈਂਦੀ ਹੈ ।

'ਵਾਰ ਹਕੀਕਤ ਰਾਇ' ਭਾਵੇਂ ਰਣਜੀਤ ਸਿੰਘ ਦੇ ਰਾਜ ਦੇ ਸਥਾਪਿਤ ਹੋਣ ਤੋਂ ਪਹਿਲਾਂ ਰਚੀ ਗਈ ਪਰ ਮਿਸਲਾਂ ਦੀ ਸਥਾਪਤੀ ਕਾਰਨ ਪੈਦਾ ਹੋਏ ਸ੍ਵੈ-ਵਿਸ਼ਵਾਸ ਦੀ ਸਾਖੀ ਵੀ ਇਥੋਂ ਹੀ ਮਿਲਦੀ ਹੈ ਅਤੇ ਰਣਜੀਤ ਸਿੰਘ ਕਾਲ ਦੇ ਸਾਂਸਕ੍ਰਿਤਿਕ ਵਾਤਾਵਾਰਣ ਦੀ ਅਗਾਂਹੂ ਸੂਚਨਾ ਵੀ ।

ਪੈਰ-ਟਿੱਪਣੀਆਂ

1. ਸੰਮਤ ਸਤਾਰਾਂ ਸੈ ਇਕਾਨਵੇ ਸਾਹਿਬ ਇਉਂ ਵਰਤਾਈ ।
   ਸੰਮਤ ਅਠਾਰਾਂ ਸੈ ਇਕਤਾਲੀਏ, ਅੱਗਰੇ ਵਾਰ ਬਣਾਈ । 6/4-5
2. ਤਾਂ ਮਾਤਾ ਕੌਰਾਂ ਕਹੈ ਰੱਬਾ ਕਿਉਂ ਭੈੜੀ ਮੈਂ ਜਾਇਆ ।
   ਦਸ ਮਾਸ ਕੁਖ ਦੇ ਅੰਦਰ ਰਖਿਆ, ਤਾਂ ਦਮ ਬਾਹਰ ਆਇਆ ।
   ਮੈਂ ਤੇ ਗੰਦਗੀ ਨਾਲ ਪਲੀਤੀ ਸੁੱਟੀ, ਥਣੀਏ ਦੁਧ ਪਿਆਇਆ ।
   ਬੱਚਾ ਪਾਲ ਪੋਸ ਕੇ ਵੱਡਾ ਕੀਤਾ, ਹੁਣ ਜੰਮ ਨੇ ਬੰਨ੍ਹ ਚਲਾਇਆ । (70)

ਰਣਜੀਤ ਸਿੰਘ ਕਾਲ : ਸਾਹਿੱਤ-ਰਚਨਾ ਸ੍ਰੋਤ

ਡਾ. ਜੀਤ ਸਿੰਘ ਸੀਤਲ

ਮਹਾਰਾਜਾ ਰਣਜੀਤ ਸਿੰਘ ਦਾ ਦੇਸ਼ ਦੇ ਇਤਿਹਾਸ ਅਤੇ ਪੰਜਾਬ ਦੇ ਨਵ-ਨਿਰਮਾਣ ਵਿਚ ਇਕ ਵਿਸ਼ੇਸ਼ ਸਥਾਨ ਤੇ ਮਹੱਤਵ ਹੈ। ਹਜ਼ਾਰ ਸਾਲ ਤੋਂ ਬਿਦੇਸ਼ੀ ਉੱਤਰ ਪੱਛਮੀ ਜਰਵਾਣਿਆਂ ਦੇ ਘੋੜਿਆਂ ਦੀਆਂ ਟਾਪਾਂ ਹੇਠ ਲਤਾੜੇ ਤੇ ਮਿੱਧੇ ਜਾ ਰਹੇ ਪੰਜਾਬ-ਵਾਸੀਆਂ ਦੇ ਮੋਢਿਆਂ ਤੇ ਬੰਦੂਕਾਂ ਰਖਵਾ ਦਿੱਤੀਆਂ ਤੇ ਹੱਥਾਂ ਵਿਚ ਤਲਵਾਰਾਂ ਫੜਾ ਕੇ ਦੇਸ਼ ਦੀ ਰਖਿਆ ਕਰਨ ਉੱਤੇ ਸੈ-ਰਾਜ ਸਥਾਪਤ ਕਰਨ ਲਈ ਉਤੇਜਿਤ ਕੀਤਾ, ਘਰ-ਘਰ ਨਵੀਂ ਬਣੀ ਸਰਕਾਰ ਨੂੰ ਸੰਗਠਿਤ ਕੀਤਾ ਤੇ ਪੰਜਾਬ ਦੀ ਪ੍ਰਗਤੀ ਤੇ ਏਕਤਾ ਨੂੰ ਵੱਡਾ ਸਾਹਸ ਪ੍ਰਦਾਨ ਕੀਤਾ ਜਿਸ ਦੇ ਫਲਸਰੂਪ ਪੰਜਾਬ ਵਿਚ ਪੰਜਾਬੀਆਂ ਦਾ ਰਾਜ ਸਥਾਪਿਤ ਹੋਇਆ।

ਮਹਾਰਾਜਾ ਰਣਜੀਤ ਸਿੰਘ ਕਾਲ ਮੱਧ-ਕਾਲੀਨ ਪੰਜਾਬ ਵਿਚ ਅੰਤਿਮ ਤੇ ਇਕੋ ਇਕ ਯੁੱਗ ਹੈ, ਜਿਸ ਨੂੰ ਸੋਨ ਸੁਨਹਿਰੀ ਸੁਤੰਤਰਤਾ-ਕਾਲ ਕਿਹਾ ਜਾ ਸਕਦਾ ਹੈ। ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਵੀ ਰਣਜੀਤ ਸਿੰਘ ਕਾਲ ਦੀ ਵਿਸ਼ੇਸ਼ ਮਹੱਤਾ ਹੈ ਅਤੇ ਇਸ ਕਾਲ ਦੇ ਸਾਹਿੱਤ ਨੂੰ ਉਤਸਾਹ-ਜਨਕ ਦੇਣ ਵੀ ਹੈ।

ਉਨ੍ਹੀਵੀਂ ਸਦੀ ਦਾ ਪਹਿਲਾ ਅੱਧ (1800-1850 ਈ.) ਰਣਜੀਤ ਸਿੰਘ ਰਾਜ ਦਾ ਸਮਾਂ ਹੈ। ਕਈ ਇਕ ਸਾਹਿੱਤ-ਇਤਿਹਾਸਕਾਰਾਂ ਨੇ ਇਸ ਨੂੰ ਰਣਜੀਤ ਸਿੰਘ ਕਾਲ ਵੀ ਕਿਹਾ ਹੈ (ਵੇਖੋ ਡਾ. ਮੋਹਨ ਸਿੰਘ : *ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ* : ਦੂਜੀ ਐਡੀ, 1956 ਪੰਨਾ 68)। ਅਹਿਮਦ ਹੁਸੈਨ ਅਹਿਮਦ ਕੁਰੈਸ਼ੀ ਕਰਤਾ 'ਪੰਜਾਬੀ ਅਦਬ ਕੀ ਮੁਖ਼ਤਸਰ ਤਾਰੀਖ਼' (ਲਾਹੌਰ : 1914 : ਪੰਨਾ 92) ਇਸ ਕਾਲ ਨੂੰ 'ਸਿੱਖੀ ਅਹਿਦ' ਲਿਖਦਾ ਹੈ। ਪ੍ਰੋ. ਐਸ.ਐਸ. ਨਰੂਲਾ ਤੇ ਡਾ. ਐਸ.ਐਸ. ਕੋਹਲੀ ਇਸ ਸਮੇਂ ਨੂੰ ਕ੍ਰਮਵਾਰ 'ਰਣਜੀਤ ਸਿੰਘ ਕਾਲ' ਤੇ 'ਸਿੱਖ ਰਾਜ ਦੇ ਕਿੱਸਾ-ਕਵੀ', ਆਦਿ ਦੇ ਸ਼ੀਰਸ਼ਕ ਦਿੰਦੇ ਹਨ। ਪਰੰਤੂ ਇਸ ਕਾਲ ਨੂੰ ਸਿੱਖ ਰਾਜ ਜਾਂ ਰਣਜੀਤ ਸਿੰਘ ਕਾਲ ਕਹਿਣਾ ਉਨ੍ਹਾਂ ਹੀ ਅਨੁਚਿਤ ਹੈ ਜਿਨਾਂ ਮੱਧਕਾਲ ਨੂੰ 'ਮੁਗ਼ਲ ਕਾਲ' ਕਹਿਣਾ ਅਯੋਗ ਹੈ, ਕਿਉਂਕਿ ਇਤਿਹਾਸਿਕ ਨਾਇਕਾਂ ਜਾਂ ਰਾਜਿਆਂ ਮਹਾਰਾਜਿਆਂ ਦੇ ਨਾਂ ਉੱਤੇ ਸਾਹਿੱਤ ਦੇ ਇਤਿਹਾਸ ਦੀ ਕਾਲਵੰਡ ਕਰਨਾ ਇਸ ਨੂੰ ਬਿਲਕੁਲ ਅਪ੍ਰਸੰਗਿਕ ਸੰਦਰਭ ਵਿਚ ਪੇਸ਼ ਕਰਨਾ ਹੈ।

ਉਂਜ ਮਹਾਰਾਜਾ ਰਣਜੀਤ ਸਿੰਘ ਕਾਲ ਵਿਚ ਪੰਜਾਬੀ ਸਾਹਿੱਤ ਤੇ ਭਾਸ਼ਾ ਪਹਿਲਾਂ ਵਾਂਗ ਵਿਕਸਿਤ ਤੇ ਪ੍ਰਫੁਲਿਤ ਹੁੰਦੇ ਰਹੇ। ਇਹ ਸਮਾਂ ਮੱਧਕਾਲੀਨ ਸਾਹਿੱਤ ਦੀ ਪ੍ਰਗਤੀ ਦਾ ਅੰਤਲਾ ਪੜਾਉ ਸੀ। ਜੰਗਾਂ ਯੁੱਧਾਂ ਤੇ ਮਾਰਾ ਦਾ ਸਮਾਂ ਹੋਣ ਕਰਕੇ ਇਸ ਕਾਲ ਵਿਚ ਬੀਰ-ਕਾਵਿ ਸਭ ਤੋਂ ਵੱਧ ਉਤਪੰਨ ਹੋਇਆ ਅਤੇ ਕਈ ਇਕ ਵਾਰਾਂ ਤੇ ਜੰਗਨਾਮੇ ਰਚ ਗਏ। ਇਸ ਕਾਲ ਵਿਚ ਢੇਰ ਸਾਰੀ ਵਾਰਤਕ ਵੀ ਹੋਂਦ ਵਿਚ ਆਈ ਅਤੇ ਕਈ ਇਕ ਧਾਰਮਿਕ ਗ੍ਰੰਥਾਂ ਨੂੰ ਗੁਰਮੁਖੀ ਅੱਖਰਾਂ ਵਿਚ ਲਿਪੀਅੰਤਰ ਵੀ ਕੀਤਾ ਗਿਆ।

ਡਾ. ਮੋਹਨ ਸਿੰਘ ਦੇ ਕਥਨ ਅਨੁਸਾਰ ਇਸ ਕਾਲ ਵਿਚ :

(1) ਪੰਜਾਬੀ ਜ਼ਬਾਨ ਵਿਚ ਫ਼ੌਜੀ ਸ਼ਬਦਾਵਲੀ ਕਾਫ਼ੀ ਮਾਤਰਾ ਵਿਚ ਆ ਗਈ;

(2) ਲਾਹੌਰ ਦੇ ਮੁੜ ਰਾਜਧਾਨੀ ਬਣਨ ਨਾਲ ਲਾਹੌਰੀ ਕੇਂਦਰੀ ਬੋਲੀ ਬਣ ਗਈ। ਅਮੀਰ ਖ਼ੁਸਰੋ ਨੇ ਪੰਜਾਬ ਦੀ ਭਾਸ਼ਾ ਨੂੰ ਲਾਹੌਰੀ ਹੀ ਕਿਹਾ ਸੀ;

(3) ਅੰਮ੍ਰਿਤਸਰ ਪੰਜਾਬੀ ਤੇ ਸਿੱਖੀ ਸਾਹਿੱਤ ਦੇ ਵਿਕਾਸ ਦਾ ਕੇਂਦਰ ਬਣ ਗਿਆ;

(4) ਫ਼ਾਰਸੀ ਦਾ ਗ਼ਲਬਾ ਪਹਿਲਾਂ ਵਾਂਗ ਜਾਰੀ ਰਿਹਾ;

(5) ਨਿਰਮਲਿਆਂ ਤੇ ਉਦਾਸੀਆਂ ਨੇ ਗੁਰਮਿਤ ਸਾਹਿੱਤ ਦੀ ਵਿਆਖਿਆ ਲਈ ਪੰਜਾਬੀ ਵਾਰਤਕ ਨੂੰ ਆਪਣਾ ਵਾਹਨ ਬਣਾਇਆ, ਭਾਵੇਂ ਇਹ ਵਾਰਤਕ 'ਸਧੂਕੜੀ' ਹੀ ਸੀ; ਅਤੇ

(6) ਉਰਦੂ ਗ਼ਜ਼ਲ ਤੇ ਮਸਨਵੀ ਦਾ ਪੰਜਾਬੀ-ਅਨੁਕਰਣ ਹੋਣ ਲੱਗਾ।

ਉਪ-ਭਾਖਾਵਾਂ ਦੀ ਥਾਂ ਲੇਖਕਾਂ ਦੀ ਰੁਚੀ ਕੇਂਦਰੀ ਜਾਂ ਟਕਸਾਲੀ ਪੰਜਾਬੀ ਵੱਲ ਵਧਣ ਲੱਗੀ।

ਜਿਥੋਂ ਤਕ ਰਾਜ ਦੀ ਸਾਹਿੱਤ-ਸਰਪ੍ਰਸਤੀ ਦਾ ਸੰਬੰਧ ਹੈ ਇਹ ਗੱਲ ਬਿਨਾ ਸੰਕੋਚ ਕਹੀ ਜਾ ਸਕਦੀ ਹੈ ਕਿ ਰਾਜ ਦਰਬਾਰ ਨੇ ਪੰਜਾਬੀ ਦੀ ਉੱਨਤੀ ਲਈ ਕੋਈ ਵਿਸ਼ੇਸ਼ ਉਪਰਾਲੇ ਨਹੀਂ ਕੀਤੇ, ਨਾ ਹੀ ਪੰਜਾਬੀ ਨੂੰ ਰਾਜ-ਭਾਸ਼ਾ ਦਾ ਦਰਜਾ ਹਾਸਲ ਹੋਇਆ, ਪਰ ਫਿਰ ਵੀ ਮਹਾਰਾਜਾ ਤੇ ਉਸ ਦੇ ਕਈ ਇਕ ਦਰਬਾਰੀਆਂ ਵੱਲੋਂ ਪੰਜਾਬੀ ਕਵੀਆਂ, ਲੇਖਕਾਂ ਤੇ ਗੁਰਮਤਿ-ਵਿਆਖਿਆਕਾਰਾਂ ਨੂੰ ਉਤਸਾਹ ਜ਼ਰੂਰ ਮਿਲਦਾ ਰਿਹਾ; ਕਈ ਇਕ ਅਮੀਰਾਂ ਨੇ ਕਵੀਆਂ ਤੇ ਲੇਖਕਾਂ ਨੂੰ ਇਨਾਮ ਵਜੋਂ ਜਾਗੀਰਾਂ ਵੀ ਬਖ਼ਸ਼ੀਆਂ ਤੇ ਉਨ੍ਹਾਂ ਦੀਆਂ ਸਾਹਿੱਤਿਕ ਰਚਨਾਵਾਂ ਦੀ ਕਦਰ ਵੀ ਕੀਤੀ। ਮਹਾਰਾਜਾ ਆਪ ਵੀ ਕਲਾਕਾਰਾਂ ਤੇ ਸਾਹਿੱਤਕਾਰਾਂ ਦਾ ਪ੍ਰਸ਼ੰਸਕ ਸੀ। ਹਾਸ਼ਮ ਕਵੀ ਨੂੰ ਮਹਾਰਾਜਾ ਨੇ ਪੂਰਾ ਇਕ ਪਿੰਡ ਜਾਗੀਰ ਵਜੋਂ ਬਖ਼ਸ਼ ਦਿੱਤਾ ਸੀ। ਕਰਤਾ *'ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ'*[1] (ਪੰਨਾ 68) ਵੀ ਉਪਰੋਕਤ ਕਥਨ ਦੀ ਪੁਸ਼ਟੀ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ ਕਿ 'ਰਣਜੀਤ ਸਿੰਘ ਕਾਲ' ਸਰਕਾਰ ਦੀ ਕਲਾਕਾਰਾਂ ਤੇ ਸਾਹਿੱਤਕਾਰਾਂ ਦੀ ਖੁਲ੍ਹ-ਦਿਲੀ ਨਾਲ ਸਰਪ੍ਰਸਤੀ ਕਰਨ ਦਾ ਯੁਗ ਸੀ। ਖੁਸ਼ਵੰਤ ਸਿੰਘ[2] ਰਣਜੀਤ ਸਿੰਘ ਦੇ ਚਰਿੱਤਰ ਬਾਰੇ ਲਿਖਦਾ ਹੈ।

'ਰਣਜੀਤ ਸਿੰਘ ਨੇ ਕੋਈ ਵਿਦਿਆ ਪ੍ਰਾਪਤ ਨਹੀਂ ਕੀਤੀ ਸੀ ਅਤੇ ਅੰਤ ਤਕ ਉਹ ਅਨਪੜ੍ਹ ਹੀ ਰਿਹਾ; ਪਰ ਉਹ ਅਕਬਰ ਵਾਂਗ ਵਿਦਵਾਨਾਂ ਦੀ ਬੜੀ ਕਦਰ ਕਰਦਾ ਸੀ ਅਤੇ ਇਸ (ਅਨਪੜ੍ਹਤਾ ਦੀ) ਘਾਟ ਨੂੰ ਉਹ ਵਿਦਵਾਨਾਂ, ਸਾਹਿੱਤਕਾਰਾਂ ਆਦਿ ਦੀ ਸੰਗਤ ਵਿਚ ਰਹਿਣ ਨਾਲ ਪੂਰਾ ਕਰਦਾ ਸੀ ਅਤੇ ਆਪਣੀ ਗਿਆਨ ਤ੍ਰੇਹ ਨੂੰ ਵਿਦਵਾਨਾਂ ਉੱਤੇ ਭਾਂਤ-ਭਾਂਤ ਦੇ ਪ੍ਰਸ਼ਨ ਕਰ ਕੇ ਬੁਝਾਂਦਾ ਸੀ।'

ਮਹਾਰਾਜਾ ਦੇ ਆਪਣੇ ਕਥਨ ਅਨੁਸਾਰ[3] ਕਿ "ਮੈਂ ਬਹਾਦਰਾਂ ਨੂੰ ਇਨਾਮ ਬਖ਼ਸ਼ੇ ਅਤੇ ਜਿਥੇ ਕਿਧਰੇ ਵੀ ਮੈਨੂੰ ਯੋਗਤਾ ਲੱਭਦੀ, ਮੈਂ ਉਸ ਦੀ ਹੌਸਲਾ ਅਫ਼ਜ਼ਾਈ ਕਰਦਾਂ, ਮੈਂ ਫ਼ਕੀਰਾਂ ਤੇ ਧਰਮੀ ਪੁਰਸ਼ਾਂ ਨੂੰ ਦਾਨ ਦਿੰਦਾਂ....."

ਮਹਾਰਾਜਾ ਰਣਜੀਤ ਸਿੰਘ ਨੇ ਕਈ ਰੰਕਾਂ ਨੂੰ ਰਾਉ ਕਰ ਦਿੱਤਾ; ਕੰਗਾਲਾਂ ਨੂੰ ਰਾਜੇ ਬਣਾ ਦਿੱਤਾ ਤੇ ਰਾਜਿਆਂ ਨੂੰ ਰੰਕ ਸਮਾਨ ਕਰ ਦਿੱਤਾ। ਕਵੀ ਗਵਾਲ (ਬਿਜੈ ਬਿਨੋਦ) ਲਿਖਦਾ ਹੈ :

'ਪਰਮ ਪ੍ਰਤਾਪੀ ਮਹਾਰਾਜੈ ਰਣਜੀਤ ਸਿੰਘ,
ਕੇਤੇ ਰੰਕ ਕਿਯੇ ਭੂਪ, ਭੂਪੇ ਰੰਕ ਸਰ ਜੀ।'

ਅਜਿਹੇ ਗੁਣਾਂ ਦਾ ਮਾਲਕ ਸੀ ਰਣਜੀਤ ਸਿੰਘ; ਨਿਰਸੰਦੇਹ ਉਸ ਨੇ ਵਿਦਵਾਨਾਂ ਦੀ ਪੂਰੀ-ਪੂਰੀ ਕਦਰ ਕੀਤੀ :

ਗਵਾਲ ਕਵਿ ਕਹੈ ਜਾ ਮੈਂ ਸਭ ਗੁਨ ਦੈਵ ਕੇ ਸੇ,
ਕੌਨਕਰ ਸਕੈ ਜਾਕੀ ਨੈਕ ਹੂੰ ਕੁਮਰਜੀ।

ਮਹਾਰਾਜੇ ਦੀਆਂ ਬਖ਼ਸ਼ਿਸ਼ਾਂ ਬਾਰੇ ਕਾਨ੍ਹ ਸਿੰਘ ਬੰਗੇ ਵਾਲਾ 'ਜੰਗਨਾਮਾ ਲਾਹੌਰ' ਵਿਚ ਲਿਖਦਾ ਹੈ :

ਗਰੀਬੁਲ ਪ੍ਰਸਤੀ ਗਨੀਮੁਲ ਗੁਦਾਜ਼,
ਸਭੀ ਕਾਮ ਮੈਂ ਵਹੁ ਰਹ੍ਯੋ ਚਾਰ ਬਾਜ਼।
ਕੜਾ ਅੰ ਕੰਠਾ ਇਨਾਇਤ ਕੀਏ,
ਹੀਰੇ ਅੰ ਜਵਾਹਰ ਦੁਸ਼ਾਲੇ ਦੀਏ।
ਦੀਏ ਅਸਪ ਤਾਜ਼ੀ ਕਸੇ ਜੀਨੇ ਜਰ,
ਦੀਏ ਫੀਲ ਅੰਬਾਰੀ ਅੰ ਸੈ ਮੁਹਰ।

ਇਨਾਇਤ ਕਰੋ ਖ਼ਜ਼ਾਨੇ ਕੀਏ,
ਕਿਤੇ ਗਾਉਂ ਸਿਰ ਕੀ ਖਰਾਇਤ ਦੀਏ।
ਜ਼ਮੀਨ ਅੋ ਕੂਏ ਕੀ ਗਿਨਤੀ ਨਹੀਂ,
ਨਹੀਂ ਦਾਨ ਅਭਿਲਾਖਾ ਗਊਅਨ ਰਹੀ।
ਸਦਾ ਉਸ ਕੇ ਦਿਲ ਮੈਂ ਯਹੀ ਚਾਵ ਥਾ,
ਅਜਬ ਵੂਹ ਸਖਾਵਤ ਕਾ ਦਰਿਆਵ ਥਾ।

ਉਪਰੋਕਤ ਕਥਨ ਤੋਂ ਹਾਸ਼ਮ ਨੂੰ ਪਿੰਡ ਤੇ ਖੂਹ ਆਦਿ ਦੇਣਾ ਸਹਿਜੇ ਹੀ ਸਿੱਧ ਹੋ ਜਾਂਦਾ ਹੈ। ਸੰਪਾਦਕ 'ਪੰਜਾਬੀ ਸਾਹਿੱਤ ਦਾ ਇਤਿਹਾਸ' ਭਾਗ 1 (ਭਾਸ਼ਾ ਵਿਭਾਗ) ਲਿਖਦਾ ਹੈ : ਉਨ੍ਹੀਵੀਂ ਸਦੀ ਦੇ ਆਰੰਭ ਵਿਚ ਸਿੱਖ-ਰਾਜ ਵੇਲੇ ਪੰਜਾਬੀ ਲੇਖਕਾਂ ਨੂੰ ਵੀ ਇਨਾਮ ਆਦਿ ਮਿਲਣ ਲੱਗ ਪਏ ਅਤੇ ਇਨਾਮ ਦੇਣ ਵਾਲੇ ਭੀ ਬਹਾਦਰੀ ਨੂੰ ਵੀ ਵਧੇਰੇ ਸਲਾਹ ਸਕਦੇ ਸਨ। ਕਾਦਰਯਾਰ, ਦਿਆਲ ਸਿੰਘ ਅਤੇ ਪੀਰਾ ਦਿੱਤਾ (ਕੁਝ ਇਕ ਵਾਰਕਾਰ) ਅਜਿਹੇ ਸਨ, ਜਿਨ੍ਹਾਂ ਨੂੰ ਇਨਾਮ ਪ੍ਰਾਪਤ ਹੋਏ।[4] ਮਹਾਂ ਸਿੰਘ, ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ, ਸ਼ਾਮ ਸਿੰਘ ਅਟਾਰੀਵਾਲਾ ਆਦਿ ਕਈ ਬੀਰ ਇਸ ਕਾਲ ਦੀਆਂ ਵਾਰਾਂ ਦੇ ਨਾਇਕ ਬਣੇ। ਅੱਗੇ ਚਲ ਕੇ ਬੀਰ ਕਾਵਿ ਹੇਠ ਅਸੀਂ ਇਸ ਦਾ ਵਿਸਤਾਰ ਸਹਿਤ ਵਿਸ਼ਲੇਸ਼ਣ ਕਰਾਂਗੇ।

ਇਸ ਤਰ੍ਹਾਂ ਸਿੱਧ ਹੋਇਆ ਕਿ ਚਾਹੇ ਮਹਾਰਾਜਾ ਰਣਜੀਤ ਸਿੰਘ ਨੇ ਅਕਬਰ ਵਾਂਗ ਦਰਬਾਰੀ ਕਵੀ ਨਿਯੁਕਤ ਨਹੀਂ ਕੀਤੇ ਸਨ, ਪਰ ਉਹ ਤੇ ਉਸ ਦੇ ਉੱਚ-ਅਧਿਕਾਰੀ ਕਵੀਆਂ ਤੇ ਲੇਖਕਾਂ ਨੂੰ ਉਤਸ਼ਾਹ ਜ਼ਰੂਰ ਦਿੰਦੇ ਰਹੇ, ਜਿਸ ਕਰਕੇ ਉਨ੍ਹਾਂ ਦੀ ਰਚਨਾ-ਸ਼ਕਤੀ ਨੂੰ ਚਾਰ ਚੰਨ ਲੱਗੇ। ਦੂਜੇ, ਇਸ ਕਾਲ ਨੇ ਬੀਰ ਕਾਵਿ ਲਈ ਕਾਫ਼ੀ ਸਾਮਗ੍ਰੀ ਪ੍ਰਦਾਨ ਕੀਤੀ ਅਤੇ ਬਹੁਤ ਸਾਰੀਆਂ ਪ੍ਰਸਿੱਧ ਵਾਰਾਂ ਤੇ ਜੰਗਨਾਮੇ ਇਸ ਕਾਲ ਵਿਚ ਰਚੇ ਗਏ। ਕਿੱਸਾ-ਕਾਵਿ ਦੀ ਗਤੀ ਹੋਰ ਤੀਬਰ ਹੋਈ ਤੇ ਅਨੇਕਾਂ ਨਵੇਂ ਕਿੱਸੇ ਵੀ ਰਚੇ ਗਏ। ਵਾਰਤਕ ਦਾ ਖ਼ਜ਼ਾਨਾ ਵੀ ਭਰਪੂਰ ਹੋਇਆ। ਇਸੇ ਲਈ ਇਸ ਕਾਲ ਨੂੰ ਸਾਹਿੱਤ-ਰਚਨਾ ਦਾ ਸੁਨਹਿਰੀ ਸਮਾਂ ਵੀ ਕਿਹਾ ਜਾ ਸਕਦਾ ਹੈ।

ਹਾਸ਼ਮ : ਡਾ. ਮੋਹਣ ਸਿੰਘ 'ਦੋਹੜੇ ਹਾਸ਼ਮਸ਼ਾਹ' ਜਾਂ 'ਦਰਿਆਇ-ਹਕੀਕਤ' (ਅਲ੍ਹਾ ਵਾਲੇ ਕੀ ਕੌਮੀ ਦੁਕਾਨ, ਕਸ਼ਮੀਰੀ ਬਾਜ਼ਾਰ, ਲਾਹੌਰ) ਦਾ ਹਵਾਲਾ ਦਿੰਦੇ ਹੋਏ ਹਾਸ਼ਮ ਬਾਰੇ ਲਿਖਦੇ ਹਨ ਕਿ 'ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਕਵੀ ਹਾਸ਼ਮ ਇਸ ਕਾਲ ਦਾ ਸਰਵ-ਸ੍ਰੇਸ਼ਠ ਸਰੋਦੀ ਕਵੀ ਹੈ ਅਤੇ ਆਪਣੇ 208 ਦੋਹੜਿਆਂ ਸਦਕਾ ਪੰਜਾਬੀ ਦਾ ਉਮਰ ਖ਼ੱਯਾਮ ਹੋਣ ਦਾ ਦਾਅਵਾ ਕਰ ਸਕਦਾ ਹੈ।'[5] ਭਾਵੇਂ ਕਈ ਇਕ ਵਿਦਵਾਨਾਂ ਨੇ ਹਾਸ਼ਮ ਨੂੰ ਦਰਬਾਰੀ ਕਵੀ ਨਹੀਂ ਮੰਨਿਆ, ਪਰ ਉਸ ਉਪਰ ਹੋਈਆਂ ਮਹਾਰਾਜੇ ਦੀਆਂ ਬਖ਼ਸ਼ਿਸ਼ਾਂ ਨੂੰ ਸਭ ਮੰਨਦੇ ਹਨ। ਮੌਲਾ ਬਖ਼ਸ਼ ਕੁਸ਼ਤਾ ਦੇ ਕਥਨ ਅਨੁਸਾਰ 'ਹਾਸ਼ਮ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਕਵੀ ਸਨ ਤੇ ਇਹ ਇਕੋ ਪੰਜਾਬੀ ਸ਼ਾਇਰ ਸਨ ਜਿਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀ ਸਰਪ੍ਰਸਤੀ ਹਾਸਲ ਹੋਈ।'[6]

ਹਾਸ਼ਮ ਦੇ ਦੋਹੜੇ ਬੇਸ਼ਕ ਮਹਾਰਾਜੇ ਦੇ ਸ਼ੌਕ ਵਜੋਂ ਲਿਖੇ ਗਏ, ਪਰ ਮਹਾਰਾਜਾ ਇਹ ਡਿਉਢ ਅਕਸਰ ਕਵੀ ਦੇ ਮੂੰਹੋਂ ਸੁਣ ਕੇ ਮੁਗਦ ਹੋ ਜਾਇਆ ਕਰਦੇ ਸਨ :

ਕਾਮਿਲ ਸ਼ੌਕ ਮਾਹੀ ਦਾ ਮੈਨੂੰ ਰਹੇ ਜਿਗਰ ਵਿਚ ਵਸਦਾ,
ਲ੍ਹੂੰ ਲ੍ਹੂੰ ਰਸਦਾ।
ਰਾਂਝਣ ਬੇਪਰਵਾਹੀ ਕਰਦਾ ਅਤੇ ਕੋਈ ਗੁਨਾਹ ਨ ਦਸਦਾ,
ਉੱਠ ਉੱਠ ਨਸਦਾ।
ਜਿਉਂ ਜਿਉਂ ਹਾਲ ਸੁਣਾਵਾਂ ਰੋਵਾਂ ਵੇਖ ਤੱਤੀ ਵੱਲ ਹਸਦਾ,
ਜ਼ੱਰਾ ਨਾ ਖੱਸਦਾ।
ਹਾਸ਼ਮ ਕੰਮ ਨਹੀਂ ਹਰ ਕਸ ਦਾ ਆਸ਼ਕ ਹੋਣ ਦਰਸ ਦਾ,
ਬ੍ਰਿਹੋਂ ਰਸਦਾ।

ਕੁਸ਼ਤਾ ਲਿਖਦਾ ਹੈ ਕਿ "ਮਹਾਰਾਜਾ ਸਾਹਿਬ ਦੇ ਕਹਿਣ ਉੱਤੇ ਹਾਸ਼ਮ ਨੇ ਰਾਜਨੀਤੀ, ਪੰਜ ਗ੍ਰੰਥੀ, ਗਿਆਨ ਮਾਲਾ ਆਦਿ ਪੁਸਤਕਾਂ ਲਿਖਕੇ ਮਹਾਰਾਜੇ ਦੀ ਭੇਟ ਕੀਤੀਆਂ। ਮਹਾਰਾਜਾ ਸਾਹਿਬ ਸੁਣ ਕੇ ਬਹੁਤ ਖੁਸ਼ ਹੋਏ ਤੇ ਆਖਿਆ ਅਜਿਹੇ ਅਰਥ ਅਸੀਂ ਅੱਗੇ ਕਦੀ ਨਹੀਂ ਸੁਣੇ ਤੇ ਖੁਸ਼ ਹੋ ਕੇ ਆਪ ਨੂੰ ਇਕ ਪਿੰਡ ਥਰਪਾਲ ਅਤੇ ਉਨ੍ਹਾਂ (ਦਾ) ਆਪਣਾ ਵਤਨ ਜਗਦੇਵ ਕਲਾ ਵਿਚ ਜਾਗੀਰਾਂ ਦੇ ਦਿੱਤੀਆਂ।"[7] ਕੁਝ ਵੀ ਹੋਵੇ, ਹਾਸ਼ਮ ਦੀ ਪੰਜਾਬੀ ਕਾਵਿ ਨੂੰ ਬੜੀ ਭਾਰੀ ਦੇਣ ਹੈ, ਜਿਸ ਦਾ ਸਿਹਰਾ ਨਿਰਸੰਦੇਹ ਮਹਾਰਾਜਾ ਰਣਜੀਤ ਸਿੰਘ ਨੂੰ ਜਾਂਦਾ ਹੈ।

ਹਾਸ਼ਮ ਦੀਆਂ ਰਚਨਾਵਾਂ ਇਸ ਪ੍ਰਕਾਰ ਹਨ : ਸੱਸੀ ਪੁਨੂੰ; ਸੋਹਣੀ ਮਹੀਵਾਲ; ਸ਼ੀਰੀ ਫ਼ਰਹਾਦ; ਹੀਰ ਹਾਸ਼ਮ; ਦੋਹੜੇ ਅਰਥਾਤ ਦਰਿਆਇ–ਹਕੀਕਤ; ਡਿਉਢਾਂ; ਬਾਰਾਮਾਹ, ਗੰਜਿ-ਅਸਰਾਰ (6 ਸੀਹਰਫ਼ੀਆਂ ਤੇ ਕੁਝ ਗ਼ਜ਼ਲਾਂ), ਸੀਹਰਫ਼ੀ-ਦਰ ਮਦਹ ਪੀਰਾਨਿ-ਪੀਰ ਅਬਦੁਲ ਕਾਦਰ ਜੀਲਾਨੀ; ਮਸਨਵੀ ਹਾਸ਼ਮ; ਦੀਵਾਨਿ ਹਾਸ਼ਮ, ਬਿਆਜ਼ਿ ਹਾਸ਼ਮ, ਸਲੋਕ ਹਾਸ਼ਮ।[8] ਪਿਆਰਾ ਸਿੰਘ ਪਦਮ ਨੇ ਹਾਸ਼ਮ ਦੀਆਂ ਕੁਝ ਕੁ ਅਪ੍ਰਾਪਤ ਰਚਨਾਵਾਂ ਬਾਰੇ ਵੀ ਦੱਸਿਆ ਹੈ, ਜੋ ਇਸ ਪ੍ਰਕਾਰ ਹਨ। ਕਾਫ਼ੀਆਂ, ਵਾਰ ਮਹਾਂ ਸਿੰਘ ਜਾਂ ਮਰਸੀਆ ਮਹਾਂ ਸਿੰਘ; ਕਿੱਸਾ ਲੈਲਾ ਮਜਨੂੰ।[9]

ਇਸ ਤੋਂ ਇਹ ਤੱਥ ਵੀ ਸਪਸ਼ਟ ਹੋ ਜਾਂਦਾ ਹੈ ਕਿ ਹਾਸ਼ਮ ਨਾ ਕੇਵਲ ਮਹਾਰਾਜਾ ਰਣਜੀਤ ਸਿੰਘ ਦਾ ਹੀ ਪਰਵਰਦਾ ਸੀ, ਸਗੋਂ ਮਹਾਰਾਜੇ ਦੇ ਪਿਤਾ ਸ. ਮਹਾਂ ਸਿੰਘ ਦੀਆਂ ਮਿਹਰਬਾਨੀਆਂ ਤੇ ਬਖ਼ਸ਼ਿਸ਼ਾਂ ਦਾ ਵੀ ਉਹ ਪਾਤਰ ਸੀ। ਉਸ ਨੂੰ ਸ. ਮਹਾਂ ਸਿੰਘ ਦੀ ਮਿਤ੍ਰੂ ਦਾ ਅਤਿ ਸ਼ੌਕ ਹੋਇਆ।

ਡਾ. ਸੀਤਲ ਨੇ ਹਾਸ਼ਮ ਤੋਂ ਤੁਟ ਕੁਝ ਇਕ ਦੂਜੇ ਪ੍ਰਸਿੱਧ ਕਵੀਆਂ ਬਾਰੇ ਵੀ ਇਸ ਪ੍ਰਕਾਰ ਲਿਖਿਆ ਹੈ: "ਮਹਾਰਾਜਾ ਨੇ ਕਾਦਰਯਾਰ, ਅਹਿਮਦਯਾਰ ਆਦਿ ਕਵੀਆਂ ਨੂੰ ਹਰ ਤਰ੍ਹਾਂ ਦਾ ਉਤਸ਼ਾਹ ਦਿੱਤਾ ਤੇ ਹਰ ਤਰ੍ਹਾਂ ਸਨਮਾਨਿਆ।"[10]

ਅਹਿਮਦਯਾਰ (1768-1848 ਈ.) : ਇਹ ਇਸ ਕਾਲ ਦਾ ਸਭ ਤੋਂ ਵੱਧ ਲਿਖਣ ਵਾਲਾ ਕਿੱਸਾਕਾਰ ਹੈ। ਆਪਣੀ ਰਚਨਾ-ਸੰਖਿਆ ਬਾਰੇ ਕਵੀ ਆਪ ਲਿਖਦਾ ਹੈ।

ਜਿਤਨੇ ਕਿੱਸੇ ਅਤੇ ਕਿਤਾਬਾਂ ਉਮਰ ਸਾਰੀ ਮੈਂ ਜੋੜੇ।
ਗਿਣਨ ਲੱਗਾ ਤੇ ਯਾਦ ਨਾ ਆਵਣ ਜੋ ਦੱਸਾਂ ਸੋ ਥੋੜ੍ਹੇ।

ਦੂਜੇ ਕਵੀਆਂ ਨਾਲ ਟਾਕਰਾ ਕਰਦਾ ਹੋਇਆ ਉਹ ਇਸ ਗੱਲ ਦਾ ਮਾਣ ਕਰਦਾ ਹੈ ਕਿ ਉਸ ਨੇ ਹੋਰਨਾਂ ਦੇ ਮੁਕਾਬਲੇ ਤੇ ਅਨੇਕਾਂ ਰਸਾਲੇ ਬਣਾਏ ਅਤੇ ਉਮਰ ਦੇ ਚਾਲੀ ਸਾਲ ਸਾਹਿੱਤ-ਰਚਨਾ ਵਿਚ ਲਗਾ ਦਿੱਤੇ।

ਕਿਸੇ ਇਕ ਬਣਾਇਆ ਹੋਸੀ ਯਾ ਦੋ, ਕਿੱਸੇ ਅਤੇ ਰਸਾਲੇ।
ਚਾਲੀ ਬਰਸ ਹੋਏ ਮੈਂ ਲਿਖਦਿਆਂ ਕਾਗਜ਼ ਕਰਦਿਆਂ ਕਾਲੇ।

ਉਹ ਚੌਦਾਂ ਇਲਮਾਂ ਵਿਚ ਨਿਪੁੰਨ ਸੀ ਅਤੇ ਚੌਦਾਂ ਪ੍ਰਕਾਰ ਦੀਆਂ ਹੀ ਲਿਪੀਆਂ (ਤੇ ਭਾਸ਼ਾਵਾਂ) ਜਾਣਦਾ ਸੀ; ਸ਼ਾਇਦ ਹੀ ਕਿਸੇ ਕਵੀ ਵਿਚ ਅਜਿਹੀ ਯੋਗਤਾ ਵੇਖੀ ਜਾਂਦੀ ਹੈ। ਉਹ ਲਿਖਦਾ ਹੈ :

ਚੌਦਾਂ ਇਲਮ ਦਿਤੇ ਰੱਬ ਮੈਨੂੰ,
ਚੌਦਾਂ ਖ਼ਤ ਮੈਂ ਲਿਖੇ।

ਅਹਿਮਦਯਾਰ ਨੇ ਪੁਰਾਣੇ ਪ੍ਰੀਤ-ਜੋੜਿਆਂ ਦੇ ਕਿੱਸੇ ਜੋੜਨੇ ਸ਼ੁਰੂ ਕੀਤੇ ਅਤੇ ਕਿੱਸਾ ਤਿੱਤਰ ਤੋਂ ਲੈ ਕੇ 'ਸੈਫ਼ੁਲਮਲੂਕ' ਤਕ ਕੋਈ ਚਾਲੀ ਤੋਂ ਉਪਰ ਕਿੱਸੇ, ਪੰਜਾਹ ਸੱਠ ਵਰ੍ਹਿਆਂ ਵਿਚ ਰਚ ਦਿੱਤੇ :

ਮੈਂ ਕਿੱਸੇ ਲਿਖਦਿਆਂ ਵਰ੍ਹੇ ਪੰਜਾਹ ਸੱਠ ਆਪਣੀ ਉਮਰ ਲੰਘਾਈ।
ਤੇ ਉਸ ਕਿੱਸਿਆਂ ਵਿਚ, ਏਹੋ ਇਕੋ ਹੀਰ ਬਣਾਈ।

ਇਸ ਦਾ ਭਾਵ ਹੈ ਕਿ ਕਵੀ ਆਪਣੇ ਕਿੱਸੇ 'ਹੀਰ' ਨੂੰ ਸ਼ਾਹਕਾਰ ਮੰਨਦਾ ਹੈ। ਬਾਕੀ ਕਿੱਸਿਆਂ ਨੂੰ ਉਹ ਸਾਧਾਰਨ ਤੇ ਸਹਿਜ ਸੁਭਾਵਿਕ ਸਾਹਿੱਤ-ਕ੍ਰਿਤ ਸਮਝਦਾ ਹੈ। ਕਿੱਸਾ ਤਿੱਤਰ, ਹੀਰ ਰਾਂਝਾ, ਸੱਸੀ ਪੁੰਨੂੰ, ਲੈਲਾ

ਮਜਨੂੰ, ਸੋਹਣੀ ਮਹੀਂਵਾਲ, ਕਾਮਰੂਪ, ਅਹਿਸਨੁਲਕਸਿਸ, ਚੰਦਰਬਦਨ, ਰਾਜਬੀਬੀ, ਸੈਫੁਲਮਲੂਕ ਉਸ ਦੀਆਂ ਕੁਝ ਕੁ ਸੁਪ੍ਰਸਿੱਧ ਰਚਨਾਵਾਂ ਹਨ ।

ਇਥੇ ਅਸਾਂ ਕਵੀਆਂ ਦੀਆਂ ਰਚਨਾਵਾਂ ਦਾ ਮੁਲਾਂਕਣ ਜਾਂ ਵਿਸ਼ਲੇਸ਼ਣ ਨਹੀਂ ਕਰਨਾ । ਅਸਾਂ ਤਾਂ ਕੇਵਲ ਇਹ ਸਿੱਧ ਕਰਨਾ ਹੈ, ਕਿ ਬਹੁਤ ਸਾਰੇ ਰਣਜੀਤ-ਕਾਲੀਨ ਕਵੀਆਂ ਨੂੰ ਰਾਜ ਦਰਬਾਰ, ਮਹਾਰਾਜੇ ਤੇ ਉਸ ਦੇ ਅਮੀਰਾਂ, ਸਰਦਾਰਾਂ ਵੱਲੋਂ ਜਿਹੜਾ ਉਤਸ਼ਾਹ ਮਿਲਦਾ ਰਿਹਾ, ਉਸੇ ਸਦਕਾ ਹੀ ਉਹ ਅਜਿਹੀ ਵਡਮੁੱਲੀ ਤੇ ਸ੍ਰੇਸ਼ਠ ਰਚਨਾ ਕਰਨ ਯੋਗ ਹੋ ਸਕੇ ।

ਮੌਲਾ ਬਖ਼ਸ਼ ਕੁਸ਼ਤਾ ਸਿੱਖ ਸਰਦਾਰਾਂ ਦੀਆਂ ਬਖ਼ਸ਼ਿਸ਼ਾਂ ਬਾਰੇ ਲਿਖਦਾ ਹੈ ਕਿ 'ਅਹਿਮਦਯਾਰ ਦੀ ਮਸ਼ਹੂਰੀ' ਅਤੇ ਕਵਿਤਾ ਤੋਂ ਖੁਸ਼ ਹੋ ਕੇ ਮਹਾਰਾਜਾ ਗੁਲਾਬ ਸਿੰਘ ਨੇ ਆਪ ਨੂੰ ਦਰਬਾਰ ਲਾਹੌਰ ਵਿਚ ਸੱਦਿਆ ਅਤੇ ਸਿੱਖਾਂ ਦਾ ਸ਼ਾਹਨਾਮਾ (ਤਾਰੀਖ਼ ਖ਼ਾਲਸਾ) ਕਵਿਤਾ ਵਿਚ ਲਿਖਣ ਦੀ ਫ਼ਰਮਾਇਸ਼ ਪਾਈ । ਆਪ ਨੇ ਫ਼ਾਰਸੀ ਬੋਲੀ ਵਿਚ 'ਫਤੂਹਾਤਿ-ਖ਼ਾਲਸਾ' ਉਰਫ਼ 'ਸ਼ਾਹਨਚੀ ਨਾਮਾ' ਪੁਸਤਕਾਂ ਲਿਖੀਆਂ ।[11] ਇਸੇ ਲਿਖਤ ਬਾਰੇ ਕਰਤਾ 'ਪੰਜਾਬੀ ਸਾਹਿੱਤ ਦਾ ਇਤਿਹਾਸ' (ਭਾਗ ਪਹਿਲਾ) ਇਸ ਪ੍ਰਕਾਰ ਲਿਖਦਾ ਹੈ :

'ਫ਼ਾਰਸੀ ਕਵਿਤਾ ਵਿਚ ਮਹਾਰਾਜਾ ਗੁਲਾਬ ਸਿੰਘ ਦੀ ਪ੍ਰੇਰਨਾ ਨਾਲ 1840 ਵਿਚ ਸਿੱਖ ਇਤਿਹਾਸ ਸੰਬੰਧੀ ਲਿਖਿਆ 'ਮਹਾਰਾਜਾ ਰਣਜੀਤ ਸਿੰਘ ਵੱਲੋਂ ਇਕ ਪਿੰਡ ਗੁਜ਼ਾਰੇ ਲਈ ਮਿਲਣਾ ਵੀ ਦੱਸਿਆ ਜਾਂਦਾ ਹੈ ।'[12] ਕਵੀ ਆਪ 'ਹਾਤਮ ਤਾਈ' ਵਿਚ ਸਿੱਖ ਰਾਜ ਵੱਲੋਂ ਪ੍ਰਾਪਤ ਹੋਏ ਤੁਹਫ਼ਿਆਂ ਬਾਰੇ ਲਿਖਦਾ ਹੈ : 'ਅਸਾਂ ਇਨਾਮ ਮੰਗਣ ਦੀ ਖਾਤਰ ਤੁਹਫ਼ਾ ਇਹ ਲਿਆਂਦਾ ।'

ਇਹ ਗੱਲਾਂ ਸਿੱਧ ਕਰਦੀਆਂ ਹਨ ਕਿ ਸਿੱਖ ਰਾਜ ਕਵੀਆਂ ਤੇ ਵਿਦਵਾਨਾਂ ਦੀ ਕਦਰ ਕਰਦਾ ਸੀ ਤੇ ਸਰਪ੍ਰਸਤੀ ਵੀ ਕਰਦਾ ਸੀ । ਅਬਦੁਲ ਗ਼ਫ਼ੂਰ ਕੁਰੈਸ਼ੀ (*ਪੰਜਾਬੀ ਅਦਬ ਦੀ ਤਾਰੀਖ਼*, ਪੰਨਾ 328) ਅਤੇ ਡਾ. ਸੀਤਲ (*ਪੰਜਾਬੀ ਸਾਹਿੱਤ ਦਾ ਆਲੋਚਨਾਤਮਕ ਇਤਿਹਾਸ–ਉਨ੍ਹੀਵੀਂ ਸਦੀ ਦਾ ਇਤਿਹਾਸ*, ਪੰਨਾ 72) ਉਪਰੋਕਤ ਕਥਨ ਦੀ ਪੁਸ਼ਟੀ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ : '1840 ਵਿਚ ਮਹਾਰਾਜਾ ਗੁਲਾਬ ਸਿੰਘ ਨੇ ਆਪ ਨੂੰ ਲਾਹੌਰ ਸੱਦਿਆ ਤੇ ਸਿੱਖਾਂ ਦੀ ਤਾਰੀਖ਼ ਫ਼ਾਰਸੀ ਨਜ਼ਮ ਵਿਚ ਲਿਖਵਾਈ ਜਿਸ ਦਾ ਨਾਂ 'ਸ਼ਹਿਨਚੀਨਾਮਾ' ਯਾ 'ਫ਼ਾਹਤੂਤਿ ਖ਼ਾਲਸਾ' ਸੀ । ਇਸ ਤਰ੍ਹਾਂ ਜੋ ਵਲਾਇਤਿ ਸ਼ਿਅਰ ਸੁਖ਼ਨ ਦੀ ਅਹਿਮਦਯਾਰ ਨੇ ਸੰਭਾਲੀ, ਉਹ ਸਿੱਖ ਰਾਜ ਦੀ ਹੀ ਦੇਣ ਸੀ :

ਫੇਰ ਵਲਾਇਤ ਸ਼ਿਅਰ ਸੁਖ਼ਨ ਦੀ ਅਹਿਮਦਯਾਰ ਸੰਭਾਲੀ ।
ਧੌਂਸਾ ਮਾਰ ਤਖਤ ਪੁਰ ਬੈਠਾ ਮਲਿ ਪੰਜਾਬ ਹਵਾਲੀ ।[13]

ਕਾਦਰਯਾਰ (1802-1892 ਈ.) : ਇਹ ਪ੍ਰਸਿੱਧ ਕਿੱਸਾਕਾਰ ਵੀ ਸਿੱਖ ਰਾਜ ਦਾ ਹੀ ਪਰਵਰਦਾ ਹੈ । ਬਾਵਾ ਬੁੱਧ ਸਿੰਘ ਅਨੁਸਾਰ 'ਕਾਦਰਯਾਰ ਸਿੱਖ ਰਾਜ ਦੇ ਅੰਤਲੇ ਸਮੇਂ ਹੋਇਆ' ।[14] ਹੋਰ ਵੀ ਕਈ ਇਤਿਹਾਸਕਾਰਾਂ[15] ਨੇ ਕਵੀ ਨੂੰ ਸਿੱਖ ਰਾਜ ਦੀਆਂ ਢਹਿੰਦੀਆਂ ਕਲਾਂ ਵੇਲੇ ਪ੍ਰਫੁਲਿਤ ਹੁੰਦਾ ਦੱਸਿਆ ਹੈ, ਪਰ ਇਹ ਠੀਕ ਨਹੀਂ । ਕਾਦਰਯਾਰ ਸਿੱਖ ਰਾਜ ਦੀ ਚੜ੍ਹਦੀ ਕਲਾ ਵੇਲੇ ਦਾ ਸ਼ਾਇਰ ਸੀ । ਡਾ. ਬਨਾਰਸੀ ਦਾਸ ਨੇ ਕਾਦਰਯਾਰ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਾ ਕਵੀ ਮੰਨਿਆ ਹੈ ।[16] ਕਾਦਰਯਾਰ ਦੀਆਂ ਪ੍ਰਸਿੱਧ ਰਚਨਾਵਾਂ ਹਨ : ਰੋਜ਼ਾਨਾਮਾ, ਮਿਅਰਾਜ-ਨਾਮਾ, ਵਾਰ ਪੂਰਨ ਭਗਤ, ਵਾਰ ਰਾਜਾ ਰਸਾਲੂ, ਕਿੱਸਾ ਸੋਹਣੀ ਮਹੀਵਾਲ, ਵਾਰ ਰਾਣੀ ਕੌਕਿਲਾਂ, ਵਾਰ ਹਰੀ ਸਿੰਘ ਨਲੂਆ, ਆਦਿ ।

ਹਰੀ ਸਿੰਘ ਨਲੂਆ, ਕਾਦਰਯਾਰ ਦਾ ਹੀ ਨਹੀਂ, ਸਗੋਂ ਉਨ੍ਹੀਵੀਂ ਸਦੀ ਦੀ ਸੂਰਮਗਤੀ ਤੇ ਸੁਤੰਤਰਤਾ ਦਾ ਪ੍ਰਤੀਕ ਨਾਇਕ ਹੈ ।[17] ਡਾ. ਮੋਹਨ ਸਿੰਘ ਕਾਦਰਯਾਰ ਨੂੰ ਪੰਜਾਬ ਦੇ ਲੋਕ-ਨਾਇਕਾਂ ਦਾ ਕਵੀ ਕਹਿੰਦਾ ਹੈ ।[18] ਨਿਰਸੰਦੇਹ ਕਵੀ ਪੰਜਾਬ ਦੇ ਜਨ-ਸਮੂਹ ਦਾ ਲੋਕ-ਕਵੀ ਹੈ । ਅਬਦੁਲ ਗ਼ਫ਼ੂਰ ਕੁਰੈਸ਼ੀ ਲਿਖਦਾ ਹੈ ਕਿ 'ਕਿੱਸਾ ਪੂਰਨ ਭਗਤ' ਦੇ ਬਦਲੇ ਇਕ ਸਿੱਖ ਸਰਦਾਰ ਨੇ ਆਪ ਨੂੰ ਇਕ ਖੂਹ ਇਨਾਮ ਵਿਚ ਦਿੱਤਾ ।[19] ਬਾਵਾ ਬੁੱਧ ਸਿੰਘ ਵੀ ਇਸ ਕਥਨ ਦੀ ਪੁਸ਼ਟੀ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ : 'ਸਭ ਤੋਂ ਪਹਿਲਾਂ ਕਾਦਰਯਾਰ ਨੇ ਬੈਤਾਂ ਵਿਚ ਪੂਰਨ

ਲਿਖਿਆ, ਜਿਸ ਦੀ ਸੁੰਦਰਤਾ ਤੇ ਰਸ ਤੇ ਮੋਹਤ ਹੋ ਕੇ ਇਕ ਸਰਦਾਰ ਨੇ ਇਕ ਖੂਹ ਇਨਾਮ ਵਿਚ ਦਿੱਤਾ।'[20] ਕਵੀ ਆਪ ਵੀ ਇਨਾਮ ਵਿਚ ਪ੍ਰਾਪਤ ਹੋਏ ਖੂਹ ਵੱਲ ਸੰਕੇਤ ਕਰਦਾ ਹੈ :

ਪੂਰਨ ਭਗਤ ਦੀ ਗੱਲ ਸੁਣਾ ਕੇ ਜੀ,
ਇਕ ਖੂਹ ਇਨਾਮ ਲਿਖਵਾਇਆ ਹੈ।

ਇਸ ਤਰ੍ਹਾਂ ਅਸਾਂ ਵੇਖਿਆ ਹੈ ਕਿ ਇਹ ਤਿੰਨ ਕਵੀ–ਹਾਸ਼ਮ, ਅਹਿਮਦਯਾਰ ਤੇ ਕਾਦਰਯਾਰ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਸ਼ੰਸਕ ਤੇ ਪਰਵਰਦਾ ਸਨ, ਜਿਨ੍ਹਾਂ ਦੀ ਸਾਹਿੱਤਿਕ ਦੇਣ ਸਦਕਾ ਇਸ ਕਾਲ ਨੂੰ ਪੰਜਾਬੀ ਸਾਹਿੱਤ ਦਾ ਸੁਨਹਿਰੀ ਸਮਾਂ ਕਿਹਾ ਜਾਂਦਾ ਹੈ। ਡਾ. ਮੋਹਨ ਸਿੰਘ ਲਿਖਦੇ ਹਨ "ਮਹਾਰਾਜਾ ਰਣਜੀਤ ਸਿੰਘ ਨਾਲ ਸਿੱਧੀਆਂ ਸੰਬੰਧਿਤ ਸਨ ਇਹ ਤਿੰਨ ਮਹਾਨ ਰਚਨਾਵਾਂ, ਮਹਾਰਾਜਾ ਦੇ ਪਿਤਾ ਮਹਾਂ ਸਿੰਘ ਦੀ ਵਾਰ ਰਚਿਤ ਹਾਸ਼ਮ; ਮਹਾਰਾਜਾ ਦੀਆਂ ਆਪਣੀਆਂ ਮੁਹਿੰਮਾਂ ਤੇ ਜਿੱਤਾਂ ਦਾ ਹਾਲ, ਅਹਿਮਦਯਾਰ ਦਾ 'ਸ਼ਹਿਨਚੀਨਾਮਾ' ਅਤੇ ਮਹਾਰਾਜਾ ਦੇ ਪ੍ਰਸਿੱਧ ਜਰਨੈਲ ਹਰੀ ਸਿੰਘ ਨਲੂਆ ਦੀ ਵਾਰ ਰਚਿਤ ਕਾਦਰਯਾਰ।"[21]

ਬੀਰ ਕਾਵਿ : ਉਪਰੋਕਤ ਪ੍ਰਸਿੱਧ ਕਲਾਸਕੀ ਕਿੱਸਾ-ਕਵੀਆਂ ਤੋਂ ਛੁੱਟ, ਮਹਾਰਾਜਾ ਰਣਜੀਤ ਸਿੰਘ ਦੀਆਂ ਲੜਾਈਆਂ ਤੇ ਜਿੱਤਾਂ ਨੇ ਬੀਰ-ਕਾਵਿ ਦੇ ਵਾਰਕਾਰਾਂ ਨੂੰ ਕਾਫ਼ੀ ਮਾਤਰਾ ਵਿਚ ਰਚਨਾ-ਸਾਮਗ੍ਰੀ ਪ੍ਰਦਾਨ ਕੀਤੀ ਤੇ ਉਨ੍ਹਾਂ ਲਈ ਚਸ਼ਮ-ਦੀਦ ਵਾਕਿਆਤ ਮੁਹੱਈਆ ਕੀਤੇ। ਇਸ ਸੰਬੰਧ ਵਿਚ ਕਰਤਾ 'ਪੰਜਾਬੀ ਸਾਹਿੱਤ ਦਾ ਇਤਿਹਾਸ' ਲਿਖਦਾ ਹੈ :

"ਉਨ੍ਹੀਵੀਂ ਸਦੀ ਦੇ ਆਰੰਭ ਵਿਚ ਸਿੱਖ ਰਾਜ ਵੇਲੇ ਪੰਜਾਬੀ ਲੇਖਕਾਂ ਨੂੰ ਵੀ ਇਨਾਮ ਆਦਿ ਮਿਲਣ ਲੱਗ ਪਏ ਅਤੇ ਇਨਾਮ ਦੇਣ ਵਾਲੇ ਭੀ ਬਹਾਦਰੀ ਨੂੰ ਹੀ ਵਧੇਰੇ ਸਲਾਹ ਸਕਦੇ ਸਨ। ਤੇ ਉਹ ਵੀ ਵਾਰਾਂ ਵਿਚ–ਕਈ ਵਾਰਾਂ ਤਾਂ ਅਜਿਹੇ ਕਵੀਆਂ ਦੀਆਂ ਇਸ ਸਮੇਂ ਵਿਚ ਲੱਭਦੀਆਂ ਹਨ, ਜਿਨ੍ਹਾਂ ਦੀ ਹੋਰ ਵੀ ਬਹੁਤ ਸਾਰੀ ਰਚਨਾ ਹੈ ਜਿਵੇਂ ਕਾਦਰਯਾਰ, ਦਿਆਲ ਸਿੰਘ ਅਤੇ ਪੀਰਾਂ ਦਿੱਤਾ।"[22] ਸੰਨ 1800 ਤੋਂ 1850 ਈ. ਤਕ ਤਾਂ ਅਨੇਕਾਂ ਵਾਰਾਂ ਤੇ ਜੰਗਨਾਮੇ ਰਚੇ ਗਏ, ਜਿਨ੍ਹਾਂ ਦਾ ਸ੍ਰੋਤ ਰਣਜੀਤ ਸਿੰਘ ਦੀਆਂ ਮੁਹਿੰਮਾਂ ਹੀ ਹੈ। ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ ਜਰਨੈਲਾਂ ਤੇ ਸੂਰਬੀਰਾਂ ਦੀਆਂ ਜੰਗਾਂ ਜਿੱਤਾਂ ਦੇ ਹਾਲ ਅਤੇ ਮਹਾਰਾਜਾ ਦੇ ਪਿੱਛੋਂ ਅੰਗਰੇਜ਼ਾਂ-ਸਿੱਖਾਂ ਦੀਆਂ ਲੜਾਈਆਂ ਕਵੀਆਂ ਨੇ ਅੰਕਿਤ ਕੀਤੀਆਂ। ਇਹ ਦੋ ਪ੍ਰਕਾਰ ਦਾ ਜੰਗੀ-ਸਾਹਿੱਤ ਇਸ ਸਦੀ ਦੇ ਪਹਿਲੇ ਅੱਧ ਦੇ ਬੀਰ-ਕਾਵਿ ਦਾ ਕੀਮਤੀ ਸਰਮਾਇਆ ਹੈ।

ਪਹਿਲੀ ਪ੍ਰਕਾਰ ਦੀਆਂ ਵਾਰਾਂ ਵਿਚੋਂ ਰਾਮ ਸਿੰਘ ਦੀ 'ਸੋਢੀਆਂ ਦੀ ਵਾਰ' (1812 ਈ.), ਰਾਮ ਦਿਆਲ ਅਣਦ ਦਾ 'ਜੰਗ ਨਾਮਾ ਸਰਦਾਰ ਹਰੀ ਸਿੰਘ', ਕਾਦਰਯਾਰ ਦੀ 'ਵਾਰ ਹਰੀ ਸਿੰਘ' ਹਾਕਮ ਸਿੰਘ ਦਰਵੇਸ਼ ਦੀ 'ਸੀ-ਹਰਫ਼ੀ ਗੁਰੂ ਖ਼ਾਲਸੇ ਸ਼ਾਹ ਕੀ', ਕਵੀ ਨਿਹਾਲ ਸਿੰਘ ਦੀਆਂ 'ਬੈਂਤਾਂ ਸ਼ੇਰ ਸਿੰਘ ਕੀਆਂ', ਸਹਾਈ ਸਿੰਘ ਦੀ 'ਵਾਰ ਹਰੀ ਸਿੰਘ ਨਲੂਆ', ਵਿਸ਼ੇਸ਼ ਕਰਕੇ ਵਰਣਨਯੋਗ ਹਨ। ਦੂਜੀ ਪ੍ਰਕਾਰ ਦੀਆਂ ਵਾਰਾਂ ਵਿਚੋਂ ਕਾਨ੍ਹ ਸਿੰਘ ਬੰਗਾਵਾਲਾ ਦਾ 'ਜੰਗਨਾਮਾ ਲਾਹੌਰ', ਜ਼ਾਫਰ ਬੇਗ ਦੀ 'ਸੀਹਰਫ਼ੀ ਸਰਕਾਰ' ਅਤੇ ਸ਼ਾਹ ਮੁਹੰਮਦ ਦੀ ਪ੍ਰਸਿੱਧ 'ਵਾਰ ਸ਼ਾਹ ਮੁਹੰਮਦ' (ਜੰਗ ਹਿੰਦ-ਪੰਜਾਬ) ਅਤੇ ਕਵੀ ਸੋਭਾ ਦੀ 'ਦੀਵਾਨ ਮੂਲ ਰਾਜ ਤੇ ਅੰਗਰੇਜ਼ਾਂ ਦੀ ਲੜਾਈ' ਆਦਿ ਮਹੱਤਵਪੂਰਨ ਰਚਨਾਵਾਂ ਮੰਨੀਆਂ ਜਾ ਸਕਦੀਆਂ ਹਨ।

ਇਨ੍ਹਾਂ ਵਾਰਾਂ ਦੇ ਕਰਤੇ ਜਾਂ ਤਾਂ ਮਹਾਰਾਜਾ ਦੀ ਮੁਲਾਜ਼ਮਤ ਵਿਚ ਸਨ, ਜਾਂ ਸਿੱਖ ਰਾਜ ਤੇ ਧਰਮ ਦੇ ਪ੍ਰਸ਼ੰਸਕ, ਜਾਂ ਫਿਰ ਰਣਜੀਤ ਸਿੰਘ ਪਿੱਛੋਂ ਅੰਗਰੇਜ਼ਾਂ ਦੀ ਖੁਸ਼ਨੂਦੀ ਦੇ ਇੱਛਕ। ਕੁਝ ਇਕ ਵਾਰਕਾਰਾਂ ਨੂੰ ਛੱਡ ਕੇ ਬਾਕੀ ਸਾਰੇ ਕਵੀਆਂ ਨੇ ਹਾਲਾਤ ਨੂੰ ਠੀਕ ਸੂਰਤ ਵਿਚ ਹੀ ਪ੍ਰਸਤੁਤ ਕੀਤਾ ਹੈ ਅਤੇ ਸਿੱਖਾਂ ਦੀ ਸੂਰਮਗਤੀ ਸਿਪਾਹੀਆਂ ਦੀ ਦਲੇਰੀ, ਜਰਨੈਲਾਂ ਦੀ ਫ਼ੌਜੀ ਸੂਝਬੂਝ ਤੇ ਮਹਾਰਾਜੇ ਦੀ ਅਗਵਾਈ ਦੀ ਬੜੀ ਸ਼ਲਾਘਾ ਕੀਤੀ ਹੈ। ਪੀਰ ਮੁਹੰਮਦ ਦੀ 'ਚਠਿਆਂ ਦੀ ਵਾਰ' ਇਸ ਦਾ ਸਿੱਧਾ ਸਬੂਤ ਹੈ। ਹਾਫ਼ਜ਼ ਮਹਿਮੂਦ ਸ਼ੀਰਾਨੀ ਨੇ ਇਸ ਵਾਰ ਦੇ ਕਰਤਾ ਨੂੰ ਬੀਰ ਕਾਵਿ ਦੇ ਮੋਢੀਆਂ ਵਿਚੋਂ ਗਿਣਿਆ ਹੈ। 'ਸੋਢੀਆਂ ਦੀ ਵਾਰ' ਸੋਢੀ ਸੁਰਜਨ ਸਿੰਘ ਦੀ ਬਿਲਾਸਪੁਰ ਦੇ ਰਾਜੇ ਮਹਾਂ ਚੰਦ ਨਾਲ 1812 ਵਿਚ ਹੋਈ ਲੜਾਈ ਦੀ ਫ਼ਤਹਿ ਦਾ ਵਰਣਨ ਕਰਦੀ ਹੈ। ਕਵੀ

ਨੇ ਜੰਗ ਦਾ ਅੱਖੀਂ ਡਿੱਠਾ ਹਾਲ ਬਿਆਨ ਕੀਤਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਫ਼ੌਜਦਾਰ ਸ. ਹੁਕਮਾ ਸਿੰਘ ਨੇ ਵੀ ਲੜਾਈ ਦੀ ਖ਼ਬਰ ਸੁਣਕੇ ਸੋਢੀਆਂ ਦੀ ਸਹਾਇਤਾ ਕੀਤੀ। ਕਵੀ ਇਸ ਨੂੰ ਖ਼ਾਲਸੇ ਤੇ ਸਮੁੱਚੇ ਪੰਥ ਦੀ ਜਿੱਤ ਕਹਿੰਦਾ ਹੈ। ਪਿਆਰਾ ਸਿੰਘ ਪਦਮ ਦੇ ਖ਼ਿਆਲ ਵਿਚ "ਇਹ ਵਾਰ ਸਾਹਿਤਿਕ ਨੁਕਤੇ ਤੋਂ ਪੰਜਾਬੀ ਦੀਆਂ ਗਿਣਵੀਆਂ ਵਾਰਾਂ ਵਿਚੋਂ ਇਕ ਹੈ। ਇਸ ਉਪਰ 'ਚੰਡੀ ਦੀ ਵਾਰ' ਦੀ ਸ਼ੈਲੀ ਤੇ ਸ਼ਬਦਾਵਲੀ ਦਾ ਪ੍ਰਭਾਵ ਹੈ।"[23]

ਹਾਕਮ ਸਿੰਘ ਦਰਵੇਸ਼ ਕਰਤਾ ਸੀਹਰਫ਼ੀ ਗੁਰੂ ਖ਼ਾਲਸੇ ਸ਼ਾਹ ਜੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਰਦਾਰ ਗੁਲਾਬ ਸਿੰਘ ਪਹੂ-ਵਿੰਡੀਏ ਦੇ ਡੇਰੇ ਦਾ ਨੌਕਰ ਸੀ। ਇਸ ਨੇ ਮਹਾਰਾਜਾ ਨੂੰ 1818 ਈ. ਵਿਚ ਮੁਲਤਾਨ ਦੀ ਫ਼ਤਹਿ ਦੀ ਖ਼ੁਸ਼ਖ਼ਬਰੀ ਲਿਆ ਕੇ ਦਿੱਤੀ ਸੀ ਤੇ ਚੰਗਾ ਚੋਖਾ ਇਨਾਮ ਪ੍ਰਾਪਤ ਕੀਤਾ ਸੀ। ਇਹ ਸੀਹਰਫ਼ੀ ਉਸ ਨੇ 1830 ਈ. ਵਿਚ ਲਿਖੀ, ਜਿਸ ਵਿਚ ਉਸ ਸਮੇਂ ਤਕ ਦੀਆਂ ਖ਼ਾਲਸਾ ਰਾਜ ਦੀਆਂ ਸਾਰੀਆਂ ਜਿੱਤਾਂ ਤੇ ਜੰਗਾਂ ਦਾ ਹਾਲ ਹੈ। ਕਵੀ ਨੇ ਮਹਾਰਾਜਾ ਦੀ ਉਪਮਾ ਇਸ ਪ੍ਰਕਾਰ ਕੀਤੀ ਹੈ :

ਬਾਦਸ਼ਾਹ ਰਣਜੀਤ ਸਿੰਘ ਵਲੀ ਜੋਧੇ,
ਤੈਨੂੰ ਜ਼ੋਰ ਗੋਬਿੰਦ ਸਿੰਘ ਪੀਰ ਦਾ ਜੀ।
ਹਾਕਮ ਸਿੰਘ ਦੀ 'ਸੀਸ' ਹਮੇਸ਼ ਰਹੇ,
ਸਦਾ ਅਟਲ ਹੈ ਬਚਨ ਫ਼ਕੀਰ ਦਾ ਜੀ।

'ਜੰਗਨਾਮਾ ਸਰਦਾਰ ਹਰੀ ਸਿੰਘ' ਵਿਚ ਰਾਮ ਦਿਆਲ ਅਣਦ ਨੇ ਹਰੀ ਸਿੰਘ ਦੀ ਬਹਾਦਰੀ ਤੇ ਜੁੱਧ ਸਮਰੱਥਾ ਨੂੰ ਬਹੁਤ ਸਲਾਹਿਆ ਹੈ :

ਹਰੀ ਸਿੰਘ ਸਰਦਾਰ ਨੇ ਜੁੱਧ ਕੀਤਾ,
ਜਿਉਂ ਕਰ ਪਾਂਡਵਾਂ ਕੌਰਵਾਂ ਅੰਤ ਕੀਤਾ।
ਦੇਖ ਜੁੱਧ ਸਰਦਾਰ ਦਾ ਖ਼ੁਸ਼ ਹੁੰਦੇ,
ਇਸ ਵਾਰ ਬੈਕੁੰਠ ਤੇ ਆਇ ਲੀਤਾ।

ਇਹ ਵਾਰ 1833-38 ਈ. ਵਿਚ ਰਚੀ ਗਈ।

ਕਾਦਰਯਾਰ ਦੀ 'ਵਾਰ ਸਰਦਾਰ ਹਰੀ ਸਿੰਘ' ਬੀਰ-ਕਾਵਿ ਦਾ ਇਕ ਉੱਤਮ ਨਮੂਨਾ ਹੈ। ਇਹ ਵਾਰ ਬਹੁਤ ਪ੍ਰਸਿੱਧ ਹੋਈ। ਇਸ ਵਿਚ ਜਮਰੋਦ ਦੀ ਜੰਗ ਦਾ ਹਾਲ ਹੈ ਜਿਸ ਵਿਚ ਹਰੀ ਸਿੰਘ ਸ਼ਹੀਦ ਹੋਏ (30 ਅਪ੍ਰੈਲ 1837 ਈ.)। ਕਾਦਰਯਾਰ ਨਲਵੇ ਸਰਦਾਰ ਨਾਲ ਕਿਨੀ ਅਪਣਤ ਜਗਾਂਦਾ ਹੈ :

ਮੇਰੇ ਬਾਂਕਿਆ ਛੈਲ ਛਬੀਲਿਆ ਹੋ,
ਹੈ ਤੂੰ ਸੈਆਂ ਮਰਦਾਨਾਂ ਦਾ ਯਾਰ ਮੇਰਾ।
ਕਾਦਰਯਾਰ ਜੇ ਲੈ ਚਲੇ ਅੱਜ ਡੇਰੇ,
ਤੇਰਾ ਕਦੀ ਨਾ ਭੁਲਸੀ ਪਿਆਰ ਸ਼ੇਰਾ।

ਇਕ ਹੋਰ 'ਵਾਰ ਹਰੀ ਸਿੰਘ' ਕ੍ਰਿਤ ਸਹਾਈ ਸਿੰਘ ਮਿਲਦੀ ਹੈ। ਇਹ ਸੀਹਰਫ਼ੀ ਰੂਪ ਤੇ ਬੈਂਤ ਛੰਦ ਵਿਚ ਹੈ। ਇਹ 1836-37 ਈ. ਵਿਚ ਰਚੀ ਗਈ, ਕਿਉਂਕਿ ਇਸ ਵਿਚ ਹਰੀ ਸਿੰਘ ਦੀ ਮ੍ਰਿਤੂ ਦਾ ਜ਼ਿਕਰ ਨਹੀਂ।

'ਬੈਂਤਾਂ ਸ਼ੇਰ ਸਿੰਘ ਕੀਆਂ' ਕ੍ਰਿਤ ਕਵੀ ਨਿਹਾਲ ਸਿੰਘ ਵਿਚ ਮਹਾਰਾਜਾ ਦੀ ਮ੍ਰਿਤੂ ਪਿੱਛੋ ਦਾ ਦਰਦਨਾਕ ਹਾਲ ਲਿਖਿਆ ਗਿਆ ਹੈ ਅਤੇ 1843 ਈ. ਦੇ ਸਾਕੇ ਨੂੰ ਬਿਆਨ ਕੀਤਾ ਗਿਆ ਹੈ, ਜੋ ਕਵੀ ਦਾ ਅਖੀਂ-ਡਿਠਾ ਵਰਣਨ ਹੈ :

ਨਿਹਾਲ ਸਿੰਘ ਤੇ ਮਾਤਾ ਦਿਆਲ ਹੋਈ,
ਬੈਂਤ ਸਭ ਕੀਤੇ ਚੌਂਤੀ ਵਖਤ ਉਸੇ।

ਇਸ ਦੀ ਇਤਿਹਾਸਿਕ ਮਹੱਤਾ ਵਿਸ਼ੇਸ਼ ਹੈ। ਤਿੰਨ ਜੰਗਨਾਮੇ ਅੰਗਰੇਜ਼ਾਂ (ਫ਼ਰੰਗੀਆਂ) ਤੇ ਸਿੰਘਾਂ ਦੀਆਂ ਜੰਗਾਂ ਬਾਰੇ ਮਸ਼ਹੂਰ ਹਨ। ਇਹ ਹਨ :

(1) 'ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ' ਕ੍ਰਿਤ ਸ਼ਾਹ ਮੁਹੰਮਦ (ਇਹ ਉਨ੍ਹੀਵੀਂ ਸਦੀ ਦੇ ਬੀਰ-ਕਾਵਿ ਦਾ ਸ਼ਾਹਕਾਰ ਹੈ)।

(2) 'ਜੰਗਨਾਮਾ ਲਾਹੌਰ' ਕ੍ਰਿਤ ਕਵੀ ਕਾਨ੍ਹ ਸਿੰਘ ਬੰਗਾਵਾਲਾ।

(3) 'ਜੰਗ ਸਿੰਘਾਂ ਤੇ ਫ਼ਰੰਗੀਆਂ' ਕ੍ਰਿਤ ਕਵੀ ਮਟਕ।

ਇਨ੍ਹਾਂ ਤਿੰਨਾਂ ਵਿਚ ਸਰਕਾਰ ਖ਼ਾਲਸਾ ਦਾ ਅੰਤ ਅਤੇ ਸਿੰਘਾਂ ਦੀ ਬਹਾਦਰੀ ਅਤੇ ਸਰਦਾਰਾਂ ਤੇ ਡੋਗਰਿਆਂ ਦੀ ਨਮਕ-ਹਰਾਮੀ ਦੀ ਮੂੰਹ-ਬੋਲਦੀ ਤਸਵੀਰ ਚਿਤਰੀ ਮਿਲਦੀ ਹੈ।

ਇਕ ਹੋਰ ਵਾਰ ਕਵੀ ਸੋਭਾ ਦੀ 'ਮੁਲਤਾਨ ਦੀ ਵਾਰ' ਮਿਲਦੀ ਹੈ, ਜਿਸ ਵਿਚ ਅੰਗਰੇਜ਼ਾਂ ਤੇ ਦੀਵਾਨ ਮੂਲ ਰਾਜ ਦੀ ਲੜਾਈ ਦਾ ਹਾਲ ਹੈ। ਸ਼ਮਸ਼ੇਰ ਸਿੰਘ ਅਸ਼ੋਕ ਨੇ ਇਸ ਨੂੰ 'ਪ੍ਰਾਚੀਨ ਜੰਗਨਾਮੇ' (ਪੰਨੇ 267-277) ਵਿਚ ਸੰਕਲਿਤ ਕੀਤਾ ਹੈ, ਇਸ ਵਿਚ ਕਵੀ ਨੇ ਅੰਗਰੇਜ਼ਾਂ ਦਾ ਪੱਖ ਪੂਰਿਆ ਹੈ।

ਪਰੰਤੂ ਜੋ ਪ੍ਰਸਿੱਧੀ ਤੇ ਲੋਕ-ਪ੍ਰਿਯਤਾ ਸ਼ਾਹ ਮੁਹੰਮਦ ਦੇ ਕਿੱਸੇ 'ਜੰਗ ਹਿੰਦ-ਪੰਜਾਬ' ਨੂੰ ਪ੍ਰਾਪਤ ਹੋਈ, ਉਹ ਹੋਰ ਕਿਸੇ ਕਵੀ ਦੇ ਹਿੱਸੇ ਨਹੀਂ ਆਈ। ਸ਼ਾਹ ਮੁਹੰਮਦ ਮਹਾਰਾਜੇ ਦੀ ਫ਼ੌਜ ਵਿਚ ਨੌਕਰ ਸੀ ਤੇ ਉਸ ਨੇ ਸਿੱਖ ਰਾਜ ਦੀ ਚੜ੍ਹਤ ਵੇਖੀ ਸੀ। ਉਹ ਪੰਜਾਬ ਦਾ ਕੌਮੀ ਕਵੀ ਕਿਹਾ ਜਾ ਸਕਦਾ ਹੈ। ਉਸ ਨੇ ਸਿੱਖ ਰਾਜ ਦੇ ਪਤਨ ਪੁਰ ਆਹ ਦਾ ਨਾਹਰਾ ਮਾਰਿਆ। ਮਹਾਰਾਜਾ ਪੰਜਾਬੀ ਸੂਰਮਗਤੀ ਦਾ ਪ੍ਰਤੀਕ ਤੇ ਪੰਜਾਬੀਆਂ ਦਾ ਅਮਰ ਨਾਇਕ ਹੈ। ਸ਼ਾਹ ਮੁਹੰਮਦ ਦੇ ਇਹ ਸ਼ਬਦ ਸਾਰੇ ਪੰਜਾਬ ਵਿਚ ਗੂੰਜ ਉਠੇ :

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀਂ।
ਅਜ ਹੋਵੇ ਸਰਕਾਰ ਤਾਂ ਮੁਲ ਪਾਵੇ,
ਜੇੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।

ਇਕੋ ਬੰਦ ਵਿਚ ਸ਼ਾਹ ਮੁਹੰਮਦ ਪੰਜਾਬ ਦੇ ਨਾਇਕ ਤੇ ਉਸ ਦੀ ਪ੍ਰਾਪਤੀ, ਇਕ ਵਿਸ਼ਾਲ ਪੰਜਾਬੀ-ਰਾਜ ਦੀ ਸਥਾਪਨਾ ਦੀ ਸੂਰਤ ਨੂੰ ਇੰਨ ਬਿੰਨ ਪੇਸ਼ ਕਰਦਾ ਹੈ :

ਮਹਾਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ ਕਸ਼ਮੀਰ ਪਸ਼ੌਰ ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ ਲਦਾਖ਼ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅਛਾ ਰਜ ਕੇ ਰਾਜ ਕਮਾਇ ਗਿਆ।

ਜਾਫ਼ਰਬੇਗ ਨੇ 'ਸੀਹਰਫ਼ੀ ਸਰਕਾਰ' ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਉਪਰ ਰੱਤ ਦੇ ਹੰਝੂ ਵਹਾਏ ਹਨ। ਉਸ ਨੇ ਅੰਗਰੇਜ਼ੀ ਸ਼ਰਾਬ ਨੂੰ ਮਹਾਰਾਜੇ ਦੀ ਮੌਤ ਦਾ ਕਾਰਨ ਠਹਿਰਾਇਆ ਹੈ। ਕਵੀ ਨੇ ਮਹਾਰਾਜਾ ਦੇ ਰਾਜ ਦੀ ਚੜ੍ਹਤਲ ਨੂੰ ਸ਼ਾਹ ਮੁਹੰਮਦ ਦੇ ਭਾਵਾਂ ਤੇ ਸ਼ਬਦਾਂ ਦੇ ਸੰਦਰਭ ਵਿਚ ਹੀ ਨਵਾਂ ਰੂਪ ਦਿੱਤਾ ਹੈ :

ਬੇ-ਬਡਾ ਇਕਬਾਲ ਸਰਕਾਰ ਤੇਰਾ,
ਦਿਤਾ ਰੱਬ ਮਰਾਤਬਾ ਰਾਜ ਸ਼ਾਹੀ।

ਬਾਈ ਧਾਰ ਪਹਾੜ ਸਲਾਮ ਕਰਦੇ,
ਮੱਥਾ ਟੇਕਦੀ ਖ਼ਲਕ ਤਮਾਮ ਸਾਰੀ।
ਟੀਹਰਾ ਕਾਂਗੜਾ ਅਟਕ ਪਸ਼ੌਰ ਤਾਈ,
ਖਹਿਬਰ ਕੰਬਿਆ ਵੇਖਕੇ ਧਮਕ ਭਾਰੀ।

ਕਵੀ ਲਾਲ ਦਾਸ ਨੇ 'ਗੁਰੂ ਜਸ ਹੁਲਾਸ' ਗ੍ਰੰਥ ਵਿਚ ਬਾਬਾ ਸਾਹਿਬ ਸਿੰਘ ਦੀ ਜੀਵਨੀ ਵਿਸਤਾਰ ਸਹਿਤ ਦਿੱਤੀ ਹੈ। ਕਵੀ ਬਾਬਾ ਸਾਹਿਬ ਸਿੰਘ ਜੀ ਦਾ ਸਮਕਾਲੀ ਸੀ। ਬਾਬਾ ਸਾਹਿਬ ਸਿੰਘ ਜੀ ਇਕ ਪ੍ਰਕਾਰ ਮਹਾਰਾਜਾ ਰਣਜੀਤ ਸਿੰਘ ਦੇ ਧਾਰਮਿਕ ਨੇਤਾ ਤੇ ਸਲਾਹਕਾਰ ਸਨ, ਜਿਨ੍ਹਾਂ ਲਈ ਮਹਾਰਾਜੇ ਦੇ ਹਿਰਦੇ ਵਿਚ ਵੱਡਾ ਸਤਿਕਾਰ ਸੀ। ਕਵੀ ਉਸ ਸਮੇਂ ਦਾ ਹਾਲਾਤ ਲਿਖਦਾ ਹੈ ਮਾਨੋ ਸ਼ਬਦ ਆਪ ਮੂੰਹੋ ਬੋਲ ਰਹੇ ਹਨ :

ਜੁਟ ਗਏ ਤਲਵਾਰੀ, ਆਮੋ ਸਾਹਮਣੇ।
ਲੋਥ ਲੋਥ ਪਰ ਡਾਰੀ ਵਾਂਗ ਲੁਬਾਣਿਆਂ।
ਮਾਰੋ ਮਾਰ ਪੁਕਾਰੀ, ਰਣਿ ਵਿਚ ਡੋਲ੍ਹਦੇ।
ਸਿੰਘਨ ਜਿਉ ਭਬਕਾਰੀ ਮੱਚੇ ਜੰਗ ਮੇਂ।

ਇਥੇ ਅਸੀਂ ਮਹਾਰਾਜੇ ਦੀ ਪ੍ਰੇਰਨਾ ਅਧੀਨ ਰਚੇ ਗਏ ਗੱਦ ਸਾਹਿੱਤ, ਅਨੁਵਾਦ ਜਾਂ ਲਿਪੀਅੰਤਰ ਕੀਤੇ ਗਏ ਗ੍ਰੰਥਾਂ ਦਾ ਵਰਣਨ ਨਹੀਂ ਕਰਾਂਗੇ, ਕਿਉਂਕਿ ਪ੍ਰੇਰਨਾ ਜਾਂ ਆਵੇਸ਼ ਕੇਵਲ ਕਾਵਿ ਰਚਨਾ ਵਿਚ ਹੀ ਮਿਲਦੇ ਹਨ ਜਿਨ੍ਹਾਂ ਦੇ ਅਧੀਨ ਭਾਵ ਵਿਸ਼ੇਸ਼ ਰੂਪ ਅਖਤਿਆਰ ਕਰਦੇ ਹਨ। ਇਹ ਵਿਸ਼ਾ ਆਪਣੇ ਆਪ ਵਿਚ ਸੁਤੰਤਰ ਤੌਰ ਉੱਤੇ ਵਿਸ਼ਲੇਸ਼ਣ ਮੰਗਦਾ ਹੈ।

ਪਰੰਤੂ ਰਣਜੀਤ ਸਿੰਘ ਕਾਲ ਵਿਚ ਢੇਰ ਸਾਰਾ ਰੋਮਾਂਚਿਕ ਕਾਵਿ ਜ਼ਰੂਰ ਹੋਂਦ ਵਿਚ ਆਇਆ, ਇਸ ਪ੍ਰਕਾਰ ਦੇ ਸਾਹਿੱਤ ਵਿਚ ਬਾਰਾਮਾਹੇ, ਮਾਝਾਂ, ਸੀਹਰਫ਼ੀਆਂ, ਕਾਫ਼ੀਆਂ, ਡਿਉਢਾਂ, ਦੋਹੜੇ ਆਦਿ ਖ਼ਾਸ ਮਹੱਤਾ ਰਖਦੇ ਹਨ। ਇਸਲਾਮੀ ਸਾਹਿੱਤ ਵੀ ਕਾਫ਼ੀ ਮਾਤਰਾ ਵਿਚ ਰਚਿਆ ਗਿਆ।

ਅਹਿਮਦ ਹੁਸੈਨ ਅਹਿਮਦ ਨੇ 'ਪੰਜਾਬੀ ਅਦਬ ਕੀ ਮੁਖ਼ਤਸਰ ਤਾਰੀਖ਼' (ਉਰਦੂ) ਵਿਚ 'ਸਿੱਖ ਅਹਿਦ' ਹੇਠ ਬਹੁਤ ਸਾਰੇ ਕਵੀਆਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਨੇ ਸਮੇਂ ਦੇ ਹਾਲਾਤ ਤੋਂ ਪ੍ਰਭਾਵਿਤ ਹੋ ਕੇ ਸਾਹਿੱਤ ਰਚਨਾ ਕੀਤੀ। ਇਨ੍ਹਾਂ ਵਿਚੋਂ ਅਹਿਮਦਯਾਰ ਦੂਜਾ (ਦਾਸਤਾਨਿ ਅਮੀਰ ਹਮਜ਼ਾ), ਮੌਲਵੀ ਨੂਰ ਮੁਹੰਮਦ (ਕਿੱਸਾ ਚੰਦਰ ਬਦਨ), ਮੁਹੰਮਦ ਬਖ਼ਸ਼ ਬਾਫ਼ਿੰਦ (ਸੀਹਰਫ਼ੀ), ਹਾਸ਼ਮਸ਼ਾਹ ਮੁਖ਼ਲਿਸ (ਸੱਸੀ ਪੁਨੂੰ), ਸਯੱਦ ਜੀਵਨ (ਝੋਕ ਮੇਰੇ ਮੌਲਾ ਵਾਲੀ), ਖ਼ੈਰ ਮੁਹੰਮਦ (ਸੀਹਰਫ਼ੀ ਸੋਹਣੀ ਮਹੀਵਾਲ), ਨੂਰ ਜਮਾਲ (ਦੋਹੜੇ), ਮੁਹੰਮਦ ਹੁਸੈਨ (ਸੀਹਰਫ਼ੀ ਹਰੀ-ਸ੍ਵਾਲ ਜਵਾਬ), ਗੋਪਾਲ ਸਿੰਘ (ਸੀਹਰਫ਼ੀਆਂ, ਮਾਝਾਂ, ਬਾਰਾਮਾਹੇ), ਨਿਹਾਲਾ (ਸਖੀ ਸਰਵਰ ਦਾ ਵਿਆਹ ਤੇ ਸਖੀ ਸਰਵਰ ਦੀ ਜੁੱਤੀ) ਆਦਿ ਵਰਣਨਯੋਗ ਹਨ।

ਕੁਝ ਇਕ ਬਾਰਾਮਾਹ ਰਚਣ ਵਾਲੇ ਕਵੀਆਂ ਦੇ ਨਾਮ ਤੇ ਉਨ੍ਹਾਂ ਦੀਆਂ ਰਚਨਾਵਾਂ ਪਿਆਰਾ ਸਿੰਘ ਪਦਮ ਨੇ 'ਪੰਜਾਬੀ ਬਾਰਾਮਾਹੇ' ਵਿਚ ਅੰਕਿਤ ਕੀਤੀਆਂ ਹਨ। ਸੰਪਾਦਕ ਦੇ ਸ਼ਬਦਾਂ ਵਿਚ ਰਾਮ ਸਿੰਘ ਦਾ ਬਾਰਾਮਾਹ ਸਿੰਘਾਂ ਦੀ ਚੜ੍ਹਦੀਕਲਾ ਦਾ ਦਰਸਾਊ ਹੈ। ਇਕ 'ਬਾਰਾਮਾਹ ਕੰਵਰ ਨੌਨਿਹਾਲ ਸਿੰਘ' ਕਿਸੇ ਅਗਿਆਤ ਕਵੀ ਦਾ ਹੈ, ਜਿਸ ਵਿਚ ਕੰਵਰ ਦੇ ਵਿਵਾਹ ਦਾ ਹਾਲ ਹੈ, ਜਿਵੇਂ :

ਅਗੇ ਹੋਈ ਜੰਞ ਤਿਆਰ, ਚੜ੍ਹਿਆ ਮਾਝੇ ਦਾ ਸਰਦਾਰ।
ਜਾਂਜੀ ਸੋਹਣੇ ਜਿਉਂ ਗੁਲਜ਼ਾਰ, ਘੋੜੇ ਕੁਦਣ ਕੁਲ ਬਾਜ਼ਾਰ।
ਲਾੜੇ ਪਹਿਨੀ ਫੇਰ ਤਲਵਾਰ, ਘੋੜੇ ਚੜ੍ਹਿਆ ਸਣੇ ਹਥਿਆਰ,
ਜੰਞ ਸੁਹਾਵਦੀ।

ਇਸ ਕਾਲ ਦਾ ਇਕ ਹੋਰ ਪ੍ਰਸਿੱਧ ਬਾਰਾਮਾਹ ਸਾਹਿਬ ਸਿੰਘ ਮ੍ਰਿਗਿੰਦ (ਦੇਹਾਂਤ 1876 ਈ.) ਦਾ ਹੈ। ਬੁੱਧ ਸਿੰਘ, ਮਹਾਰਾਜਾ ਕਾਲ ਦਾ ਪ੍ਰਸਿੱਧ ਹਿੰਦੀ ਕਵੀ ਸੀ। 'ਪਦਮ' ਅਨੁਸਾਰ ਪੰਜਾਬੀ ਵਿਚ ਉਸ ਦੀਆਂ

ਸੀਹਰਫ਼ੀਆਂ ਤੇ ਮਾਝਾਂ ਮਿਲਦੀਆਂ ਹਨ। ਉਸ ਦਾ ਇਕ ਬਾਰਾਮਾਹ ਵੀ ਮਿਲਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਪ੍ਰਭਾਵ ਤੇ ਫ਼ੈਜ਼ ਸਦਕਾ ਉਸ ਸਮੇਂ ਬਹੁਤ ਸਾਰਾ ਫ਼ਾਰਸੀ ਸਾਹਿੱਤ ਵੀ ਉਤਪੰਨ ਹੋਇਆ, ਜੋ ਵਧੇਰੇ ਕਰਕੇ ਉਸ ਕਾਲ ਦੇ ਇਤਿਹਾਸ ਨਾਲ ਸੰਬੰਧ ਰਖਦਾ ਹੈ। ਕੁਝ ਇਕ ਕਵੀਆਂ ਨੇ ਮਹਾਰਾਜਾ ਦੀ ਉਪਮਾ ਵਿਚ ਵੀ ਕਾਫ਼ੀ ਮਾਤਰਾ ਵਿਚ ਕਵਿਤਾ ਰਚੀ, ਜਿਵੇਂ ਗੰਗਾ ਰਾਮ, ਆਦਿ। ਇਹ ਜੈਨ ਮੁਨੀ ਸੰਤ ਸਤੀ ਪੰਡਿਤ ਸੂਰਤ ਰਾਮ ਦੇ ਚੇਲੇ ਸਨ। ਪੰ. ਗੰਗਾ ਰਾਮ ਨੇ ਮਹਾਰਾਜਾ ਜੀ ਦਾ ਤੇ ਉਨ੍ਹਾਂ ਦੇ ਰਾਜ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ :

ਭਗਤ ਕਰੇ ਗੁਰਦੇਵ ਕੀ, ਹਰ ਮਲੇਛ ਕੇ ਬੰਸ।
ਰਹੈ ਨਾ ਏਕ ਮਕਾਨ ਮੈਂ, ਭਯੋ ਭੂਪ ਅਵਤੰਸ।
ਚੜ੍ਹਤ ਸਦਾ ਤਾਕੀ ਰਹੈ, ਜਮਨ ਰਾਜ ਕੇ ਦੇਸ।
ਆਨ ਮੁਹੰਮਦ ਜੀਤ ਕੈ ਜੋੜ ਖ਼ਾਲਸਾ ਭੇਸ।
ਐਸਾ ਬਲੀ ਨ ਭੂਪ ਕੋ ਰਣ ਮੰਡੈ ਤਿਹ ਸੰਗ।
ਕਰੈ ਤੋ ਹਾਰੇ ਰਣ ਬਿਖੈ ਜੈਸੇ ਦੀਪ ਪਤੰਗ।

(ਵੇਖੋ 'ਅਜੀਤ', ਜਲੰਧਰ, 28 ਜੂਨ 1980)

ਭਲਾ ਕਿਹੜਾ ਬਾਦਸ਼ਾਹ ਮਹਾਰਾਜਾ ਰਣਜੀਤ ਸਿੰਘ ਨਾਲ ਟੱਕਰ ਲੈ ਸਕਦਾ ਸੀ ਤੇ ਕੌਣ ਜੰਮਿਆ ਸੀ ਜੋ ਉਸ ਨੂੰ ਜਿੱਤ ਸਕਦਾ।

ਅਜਿਹਾ ਸੀ ਮਹਾਰਾਜਾ ਰਣਜੀਤ ਸਿੰਘ ਤੇ ਉਸ ਦਾ ਰਾਜ, ਜਿਸ ਨੇ ਨਾ ਕੇਵਲ ਪੰਜਾਬ ਨੂੰ ਸੁਤੰਤਰ ਕੀਤਾ ਤੇ ਉਸ ਦੀ ਖੋਹੀ ਹੋਈ ਸ਼ਾਨ ਨੂੰ ਸੁਰਜੀਤ ਕੀਤਾ, ਸਗੋਂ ਸ਼ਾਂਤੀ ਲਿਆਂਦੀ, ਕਲਾ, ਸਾਹਿੱਤ ਨੂੰ ਉਤਸ਼ਾਹ ਬਖ਼ਸ਼ਿਆ ਅਤੇ ਮਾਇਆ ਤੇ ਬਖਸ਼ਿਸ਼ ਨਾਲ ਕਲਾਕਾਰਾਂ ਤੇ ਸਾਹਿੱਤਕਾਰਾਂ ਦਾ ਮਾਨ ਸਤਿਕਾਰ ਕੀਤਾ, ਜਿਸ ਦੇ ਫਲਸਰੂਪ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਕਿੱਸਾ-ਕਾਵਿ ਤੇ ਬੀਰ-ਕਾਵਿ ਸੰਖਿਆ ਤੇ ਸਤਰ ਦੇ ਦ੍ਰਿਸ਼ਟੀਕੋਣ ਤੋਂ ਕਾਫ਼ੀ ਮਾਤਰਾ ਵਿਚ ਉਪਜ ਸਕਿਆ ਤੇ ਇਸ ਕਾਲ ਨੂੰ ਪੰਜਾਬੀ ਸਾਹਿੱਤ ਦਾ ਸੋਨ-ਸੁਨਹਿਰੀ ਕਾਲ ਤੇ ਕਿੱਸਾ ਕਾਵਿ ਤੇ ਬੀਰ-ਕਾਵਿ ਦਾ ਉੱਚਤਮ ਦੌਰ ਹੋਣ ਦਾ ਮਾਣ ਪ੍ਰਾਪਤ ਹੋਇਆ। ਨਿਰਸੰਦੇਹ ਮਹਾਰਾਜਾ ਰਣਜੀਤ ਸਿੰਘ ਇਕ ਅਤੁੱਟ ਭੰਡਾਰ ਸੀ, ਜਿਸ ਤੋਂ ਉਸ ਸਦੀ ਦੇ ਕਲਾਕਾਰਾਂ ਤੇ ਸਾਹਿੱਤਕਾਰਾਂ ਨੇ ਝੋਲੀਆਂ ਭਰੀਆਂ। ਉਹ ਇਕ ਕਦੀ ਨਾ ਸੁਕਣ ਵਾਲਾ ਸੋਮਾਂ ਸੀ, ਜਿਸ ਦਾ ਆਬਿ-ਹਯਾਤ ਪੀ ਪੀ ਅਨੇਕਾਂ ਕਵੀ ਅਮਰ ਹੋ ਗਏ ਤੇ ਪੰਜਾਬੀ ਸਾਹਿੱਤ-ਸਾਗਰ ਦੇ ਕੰਢੇ ਆਪਣੀਆਂ ਅਮਿਟ ਪੈੜਾਂ ਛੱਡ ਗਏ, ਜਿਨ੍ਹਾਂ ਦੀ ਧੂੜ ਨੂੰ ਅੱਜ ਵੀ ਪੰਜਾਬੀ ਪਿਆਰੇ ਚੁੱਕ ਚੁੱਕ ਚੁੰਮ ਕੇ ਸਿਰ ਮੱਥੇ ਤੇ ਲਾਉਂਦੇ ਨਹੀਂ ਥਕਦੇ।

ਹੋਰ-ਟਿੱਪਣੀਆਂ

1. ਡਾ. ਮੋਹਨ ਸਿੰਘ, *ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ* : 1956, ਪੰਨਾ 68
2. *ਏ ਹਿਸਟਰੀ ਆਫ਼ ਦਾ ਸਿਖਸ* : 1963, ਪੰਨੇ 292-93
3. ਮੇਜਰ ਐਚ. ਐਮ. ਐਲ. ਲਾਰੈਂਸ, *ਐਡਵਾਂਚਰਜ਼ ਆਫ਼ ਐਨ ਆਫ਼ੀਸਰ ਇਨ ਦਾ ਪੰਜਾਬ* : I, ਪੰਨਾ 64-65
4. ਹਾਸ਼ਮ ਬਾਰੇ ਪ੍ਰੋ. ਸਾਹਿਬ ਸਿੰਘ *'ਮੇਰੀ ਜੀਵਨ ਕਹਾਣੀ'*, ਪੰਨਾ 12 ਪੁਰ ਲਿਖਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਪ੍ਰਸਿੱਧ ਕਵੀ ਹਾਸ਼ਮ ਸ਼ਾਹ ਉੱਜ ਤਾਂ ਪਿੰਡ ਜਗਦੇਵ ਦੇ ਰਹਿਣ ਵਾਲੇ ਸਨ, ਪਰ ਉਨ੍ਹਾਂ ਨੂੰ ਪਿੰਡ ਥਰਪਾਲ ਵਿਚ ਜਾਗੀਰ ਮਿਲੀ ਹੋਈ ਸੀ।
5. ਡਾ. ਮੋਹਨ ਸਿੰਘ, *ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ* : 1956, ਪੰਨਾ 72
6. ਮੌਲਾ ਬਖ਼ਸ਼ ਕੁਸ਼ਤਾ, *ਪੰਜਾਬੀ ਸ਼ਾਇਰਾਂ ਦਾ ਤਜ਼ਕਰਾ* : ਲਾਹੌਰ : 1960, ਪੰਨਾ 141
7. *ਪੰਜਾਬ ਦੇ ਹੀਰੇ* : ਪੰਨਾ 108
8. ਵਿਸਤਾਰ ਲਈ ਵੇਖੋ ਡਾ. ਜੀਤ ਸਿੰਘ ਸੀਤਲ, *ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ*।
9. ਪਿਆਰਾ ਸਿੰਘ ਪਦਮ, *ਕਲਮ ਦੇ ਧਨੀ*, ਭਾਗ 1, ਪੰਨਾ 204

10. *ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ* : (ਉਨ੍ਹੀਵੀਂ ਸਦੀ ਦਾ ਇਤਿਹਾਸ), ਪੰਨਾ 16
11. ਮੌਲਾ ਬਖ਼ਸ਼ ਕੁਸ਼ਤਾ, *ਪੰਜਾਬ ਦੇ ਹੀਰੇ* : ਅੰਮ੍ਰਿਤਸਰ : 1939, ਪੰਨਾ 115
12. ਭਾਸ਼ਾ ਵਿਭਾਗ ਪੰਜਾਬ, *ਪੰਜਾਬੀ ਸਾਹਿਤ ਦਾ ਇਤਿਹਾਸ* : ਭਾਗ 1 ਦੂਜਾ ਐਡੀਸ਼ਨ : 1971, ਪੰਨੇ 668-669
13. ਮੁਹੰਮਦ ਬਖ਼ਸ਼, *ਸੈਫ਼ੁਲ ਮਲੂਕ* : ਪੰਨਾ 658-59
14. ਬਾਵਾ ਬੁੱਧ ਸਿੰਘ, *ਬੰਬੀਹਾ ਬੋਲ*, ਪੰਨਾ 161
15. ਵੇਖੋ : ਪ੍ਰੋ. ਸੁਰਿੰਦਰ ਸਿੰਘ ਨਰੂਲਾ, *ਪੰਜਾਬੀ ਸਾਹਿਤ ਦਾ ਇਤਿਹਾਸ*, ਪੰਨਾ 254; ਪ੍ਰੋ. ਕਿਰਪਾਲ ਸਿੰਘ ਕਸੇਲ, *ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ* : ਡਾ. ਐਸ. ਐਸ. ਕੋਹਲੀ ਆਦਿ।
16. *ਪੰਜਾਬ ਦੇ ਹੀਰੇ*, ਪੰਨਾ 72
17. ਵੇਖੋ ਡਾ. ਜੀਤ ਸਿੰਘ ਸੀਤਲ, *ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ* (ਉਨ੍ਹੀਵੀਂ ਸਦੀ) : ਪੰਨਾ 46
18. ਡਾ. ਮੋਹਨ ਸਿੰਘ : *ਐਨ. ਇੰਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ* : 1951, ਪੰਨੇ 145-59
19. ਅਬਦੁਲ ਗਫ਼ੂਰ ਕੁਰੈਸ਼ੀ, *ਪੰਜਾਬੀ ਅਦਬ ਦੀ ਤਾਰੀਖ਼* : ਲਾਹੌਰ : 1972 : ਪੰਨਾ 350
20. *ਬੰਬੀਹਾ ਬੋਲ*, ਪੰਨਾ 161
21. ਡਾ. ਮੋਹਨ ਸਿੰਘ : *ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ* : ਦੂਜਾ ਐਡੀਸ਼ਨ; 1956, ਪੰਨਾ 75
22. ਭਾਸ਼ਾ ਵਿਭਾਗ : *ਪੰਜਾਬੀ ਸਾਹਿਤ ਦਾ ਇਤਿਹਾਸ* : ਭਾਗ 1, ਦੂਜਾ ਐਡੀਸ਼ਨ, ਪੰਨਾ 554
23. ਪਿਆਰਾ ਸਿੰਘ ਪਦਮ, *ਪੰਜਾਬੀ ਵਾਰਾਂ* : ਪਟਿਆਲਾ 1951, ਪੰਨਾ 522

ਜਦੋਂ ਹੋਏ ਸਰਕਾਰ ਦੇ ਸਾਸ ਪੂਰੇ,
ਜਮ੍ਹਾ ਹੋਏ ਨੀ ਸਭ ਸਰਦਾਰ ਮੀਆਂ।
ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
ਖੜਗ ਸਿੰਘ ਮਹਾਰਾਜ ਨੇ ਢਾਹ ਮਾਰੀ,
ਮੋਇਆ ਮੁੱਢ ਕਦੀਮ ਦਾ ਯਾਰ ਮੀਆਂ।
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,
ਸਾਡਾ ਇਹੋ ਸੀ ਕੌਲ-ਕਰਾਰ ਮੀਆਂ।

... ...

ਮੇਰੇ ਬੈਠਿਆਂ ਇਨ੍ਹਾਂ ਨੇ ਖ਼ੂਨ ਕੀਤਾ,
ਇਹ ਤਾਂ ਗਰਕ ਜਾਵੇ ਦਰਬਾਰ ਮੀਆਂ।
ਪਿੱਛੇ ਸਾਡੇ ਵੀ ਕੌਰ ਨਾ ਰਾਜ ਕਰਸੀ,
ਅਸੀਂ ਮਰਾਂਗੇ ਏਸ ਨੂੰ ਮਾਰ ਮੀਆਂ।
ਨਾਹੱਕ ਦਾ ਇਨ੍ਹਾਂ ਨੇ ਖ਼ੂਨ ਕੀਤਾ,
ਇਹ ਤਾਂ ਮਰਨਗੇ ਸਭ ਸਿਰਦਾਰ ਮੀਆਂ।
ਸ਼ਾਹ ਮੁਹੰਮਦਾ ਧੁਰੋਂ ਤਲਵਾਰ ਵੱਗੀ,
ਸਭੇ ਕਤਲ ਹੋਏ ਵਾਰੋ ਵਾਰ ਮੀਆਂ।

—ਸ਼ਾਹ ਮੁਹੰਮਦ

ਮਹਾਰਾਜਾ ਰਣਜੀਤ ਸਿੰਘ ਅਤੇ ਕਵੀ ਹਾਸ਼ਮ

ਡਾ. ਰੋਸ਼ਨ ਲਾਲ ਆਹੂਜਾ

ਇਤਿਹਾਸਿਕ ਪੱਖ

ਸੱਯਦ ਮੁਹੰਮਦ ਹਾਸ਼ਮ ਮਿਸਲਦਾਰ ਰਣਜੀਤ ਸਿੰਘ ਤੋਂ ਪੰਤਾਲੀ ਸਾਲ ਵਡੇਰਾ ਸੀ। ਜਦ (1799 ਈ.) ਰਣਜੀਤ ਸਿੰਘ ਰਾਜਾ ਬਣ ਗਿਆ, ਹਾਸ਼ਮ ਚੌਂਸਠ ਕੁ ਸਾਲਾਂ ਦਾ ਸੀ। ਪਰ ਜਦ (1839 ਈ.) ਮਹਾਰਾਜਾ ਰਣਜੀਤ ਪਰਲੋਕ ਸਿਧਾਰ ਗਿਆ, ਹਾਸ਼ਮ ਇਕ ਸੌ ਚਾਰ ਕੁ ਸਾਲਾਂ ਦਾ ਹੋ ਚੁੱਕਾ ਸੀ ਅਤੇ ਉਸ ਨੇ ਅਜੇ ਚਾਰ ਕੁ ਸਾਲ ਹੋਰ ਜੀਣਾ ਸੀ।

ਇਨ੍ਹਾਂ ਤਿਥੀਆਂ ਦੇ ਆਧਾਰ ਤੇ ਇਹ ਗੱਲ ਕਹੀ ਜਾ ਸਕਦੀ ਹੈ ਕਿ ਹਾਸ਼ਮ ਮਹਾਰਾਜਾ ਰਣਜੀਤ ਸਿੰਘ ਦਾ ਬਜ਼ੁਰਗ ਸਮਕਾਲੀ ਸੀ। ਦੂਜੀ ਗੱਲ ਇਹ ਵੀ ਕਹੀ ਜਾ ਸਕਦੀ ਹੈ ਕਿ ਹਾਸ਼ਮ ਕਵੀ ਮਹਾਰਾਜਾ ਰਣਜੀਤ ਸਿੰਘ ਦੇ ਸਰਕਾਰ ਬਣਾਉਣ ਸਮੇਂ ਅਰਥਾਤ ਸੰਨ 1799 ਵਿਚ ਪੈਂਠ ਸਾਲਾਂ ਦੀ ਉਮਰ ਵਿਚ ਆਪਣੇ ਇਸ਼ਕ ਦੇ ਕਿੱਸੇ ਲਿਖ ਚੁੱਕਾ ਸੀ ਜਿਵੇਂ 'ਹੀਰ ਰਾਂਝੇ ਦੀ ਬਿਰਤੀ', 'ਕਿੱਸਾ ਸੋਹਣੀ ਮੇਂਹੀਵਾਲ', 'ਕਿੱਸਾ ਸੱਸੀ ਪੁਨੂੰ', 'ਸ਼ੀਰੀ ਫ਼ਰਹਾਦ ਕੀ ਬਾਰਤਾ', 'ਕਿੱਸਾ ਮਹਿਮੂਦਸ਼ਾਹ ਗਜ਼ਨਵੀ'। ਕੁਮਾਂਸਾਂ ਨੂੰ ਸ਼ੌਕ ਨਾਲ ਪੜ੍ਹਨਾ, ਸੁਣਨਾ ਅਤੇ ਉਨ੍ਹਾਂ ਦੀ ਨਵੀਂ ਰਚਨਾ ਕਰਨੀ ਜਵਾਨੀ ਦਾ ਲੱਛਣ ਹੈ ਜਦ ਰਗਾਂ ਵਿਚ ਖ਼ੂਨ ਗਰਮ ਹੁੰਦਾ ਹੈ, ਜਦ ਅੱਖੀਆਂ ਭੌਰਿਆਂ ਵਾਂਗ ਹਰ ਨਵੇਂ ਫੁੱਲ ਵਰਗੇ ਮੁਖੜੇ ਉੱਤੇ ਬਹਿੰਦੀਆਂ ਫਿਰਦੀਆਂ ਹਨ, ਅਤੇ ਜਦ ਬਿਰਹਾ ਜਾਂ ਨਿਰਾਸ਼ਾ ਵਿਚ ਹਉਕੇ ਵੀ ਕਵਿਤਾ ਬਣ ਜਾਂਦੇ ਹਨ। ਇਸ ਤਰ੍ਹਾਂ ਦੇ ਪੰਜ ਕਿੱਸੇ ਲਿਖ ਕੇ ਹਾਸ਼ਮ ਨੇ ਕਾਫ਼ੀ ਪ੍ਰਸਿੱਧੀ ਕਮਾ ਲਈ ਹੋਵੇਗੀ। ਉਨ੍ਹਾਂ ਦਿਨਾਂ ਵਿਚ ਅਜੋਕੇ ਸ਼ਿਵ ਕੁਮਾਰ ਬਟਾਲਵੀ ਵਾਂਗ ਕਿੱਸਾਕਾਰ ਗਾਇਕ ਵੀ ਹੁੰਦੇ ਸਨ ਜੋ ਆਪਣੇ ਕਿੱਸੇ ਮਜਲਸਾਂ ਵਿਚ ਗਾ ਕੇ ਸੁਣਾਂਦੇ ਸਨ। ਇਸ ਤਰ੍ਹਾਂ ਉਨ੍ਹਾਂ ਦੀ ਸ਼ੁਹਰਤ ਦੂਰ-ਦੂਰ ਤਕ ਫੈਲ ਜਾਂਦੀ ਸੀ ਜਿਵੇਂ ਵਾਰਸ ਸ਼ਾਹ ਅਤੇ ਉਸਦੇ ਵੱਡੇ ਛੋਟੇ ਸਮਕਾਲੀਆਂ ਦੀ। ਕੋਈ ਵੱਡੀ ਗੱਲ ਨਹੀਂ ਕਿ ਹਾਸ਼ਮ ਦਾ ਕਿੱਸਾ 'ਸੱਸੀ-ਪੁਨੂੰ' ਵਾਂਗ 'ਸੋਹਣੀ ਮੇਂਹੀਵਾਲ' ਵੀ ਲੋਕ-ਪ੍ਰਿਯ ਹੋ ਗਿਆ ਹੋਵੇ ਅਤੇ ਲੋਕ ਮੇਲਿਆਂ ਜਾਂ ਇਕੱਠਾ ਤੇ ਗਾਇਆ ਜਾਂਦਾ ਰਿਹਾ ਹੋਵੇ–'ਮੁਨਸਫ਼ ਚਾਰ ਇਸਾਲੀ ਰਲਕੇ ਸ਼ੇਅਰ ਸੁਣਨ ਨੂੰ ਆਉਣ'। ਜਦ ਲਾਹੌਰ ਦੇ ਤਖ਼ਤ ਤੇ ਕਬਜ਼ਾ ਕਰਨ (1799 ਈ.) ਦੇ ਬਾਅਦ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ੇਸ਼ ਅਵਸਰ ਤੇ ਜੋਤਸ਼ੀਆਂ ਦੇ ਦੱਸੇ ਅਨੁਸਾਰ ਸ਼ੁਭ ਲਗਨ ਤੇ ਤਾਜ-ਪੋਸ਼ੀ ਕੀਤੀ ਗਈ ਤਾਂ ਪ੍ਰਸਿੱਧ ਸ਼ਾਇਰਾਂ ਨੇ ਕਾਂਢੇ ਉੱਤੇ ਕਵਿਤਾਵਾਂ ਰਚੀਆਂ ਤੇ ਗਾ ਕੇ ਸੁਣਾਈਆਂ ਸਨ। ਇਹ ਅਨੁਮਾਨ ਲਗਾਉਣ ਵਿਚ ਕੋਈ ਅਸੰਗਤੀ ਨਹੀਂ ਹੋ ਸਕਦੀ ਕਿ ਪ੍ਰਸਿੱਧ ਕਵੀਆਂ ਵਿਚ ਇਕ ਪ੍ਰਸਿੱਧ ਕਵੀ ਹਾਸ਼ਮ ਵੀ ਹੋਵੇ ਜਾਂ ਕਿੱਸਾਕਾਰੀ, ਗਾਇਕੀ ਅਤੇ ਬਜ਼ੁਰਗ ਸੂਫ਼ੀ ਹੋਣ ਦੇ ਜ਼ੋਰ ਤੇ ਮਾਣ ਦੇ ਨਾਲ ਸ਼ਾਮਲ ਕੀਤਾ ਗਿਆ ਹੋਵੇ। ਭਾਵੇਂ ਹਾਸ਼ਮ ਜਗਦੇਉ ਕਲਾਂ ਵਿਚ ਵੀ ਰਹਿੰਦਾ ਹੋਵੇ, ਉਹ ਸਿਆਲਕੋਟ ਦਾ ਵਸਨੀਕ ਬਣ ਗਿਆ ਹੋਵੇ ਤਾਂ ਵੀ ਉਨ੍ਹਾਂ ਦਿਨਾਂ ਵਿਚ ਕਵੀਆਂ ਦੀ ਪ੍ਰਸਿੱਧੀ ਸੂਰਮਿਆਂ ਦੀ ਪ੍ਰਸਿੱਧੀ ਵਾਂਗ ਦੂਰ-ਦੂਰ ਤਕ ਫੈਲ ਜਾਂਦੀ ਸੀ। ਸਿਆਲਕੋਟ ਦਾ ਨਗਰ ਯੂਨਾਨੀਆਂ ਦੇ ਕਾਲ ਤੋਂ ਸਾਲਵਾਨ ਦੇ ਕੁਲ ਦੇ ਸਮੇਂ ਤਕ ਇਕ ਬਹੁਤ ਵੱਡਾ ਸ਼ਹਿਰ ਤੇ ਰਾਜਧਾਨੀ ਰਿਹਾ ਸੀ। ਉਹ ਧਰਮ ਅਤੇ ਨਵੀਂ ਤੇ ਪੁਰਾਣੀ ਸੰਸਕ੍ਰਿਤੀ ਦਾ ਇਕ ਕੇਂਦਰ ਸੀ। ਨਗਰ ਦੀ ਅਤੇ ਕਵੀ ਦੀ ਆਪਣੀ ਸ਼ੁਹਰਤ ਕਰਕੇ ਨਵੀਂ ਸਰਕਾਰ ਦੇ ਮੁੱਖ ਅਫ਼ਸਰਾਂ ਨੇ ਹਾਸ਼ਮ ਨੂੰ ਜ਼ਰੂਰ ਬੁਲਾਵਾ ਭੇਜਿਆ ਹੋਵੇਗਾ ਅਤੇ ਇਸ ਤਰ੍ਹਾਂ ਕਰਨ ਨਾਲ ਦੋਵਾਂ ਧਿਰਾਂ ਨੂੰ ਮਾਣ ਉੱਤੇ ਖ਼ੁਸ਼ੀ ਪ੍ਰਾਪਤ ਹੋਈ ਹੋਵੇਗੀ। ਇਹ ਅਨੁਮਾਨ ਕੇਵਲ ਕਲਪਨਾ ਤੇ ਆਧਾਰਿਤ ਨਹੀਂ ਜਦ ਕਿ ਪਾਠਕ ਨੂੰ ਇਹ

ਦੱਸਿਆ ਜਾਵੇ ਕਿ ਮਹਾਰਾਜਾ ਰਣਜੀਤ ਸਿੰਘ ਨੇ ਪੰਡਿਤ ਦੀਨਾ ਨਾਥ ਦੀ ਪ੍ਰਸਿੱਧੀ ਸੁਣਕੇ ਉਸ ਨੂੰ ਉੱਤਰ ਪ੍ਰਦੇਸ਼ ਤੋਂ ਬੁਲਵਾ ਕੇ ਆਪਣੇ ਪਾਸ ਦਰਬਾਰ ਵਿਚ ਦੀਵਾਨ ਬਣਾ ਦਿੱਤਾ ਸੀ। 'ਉਮਦਾ-ਤੁਤ-ਤਵਾਰੀਖ਼' ਜੋ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦਾ ਸੰਨ 1831-39 ਤਕ ਦਾ ਰੋਜ਼ਨਾਮਚਾ ਹੈ, ਇਸ ਗੱਲ ਦੀ ਗਵਾਹੀ ਨਹੀਂ ਦਿੰਦੀ ਕਿ ਇਨ੍ਹਾਂ ਸਾਲਾਂ ਵਿਚ ਕਿਸੇ ਸਾਹਿਤਕਾਰ ਜਾਂ ਕਵੀ ਨੂੰ ਕੋਈ ਇਨਾਮ, ਖ਼ਿਲਅਤ ਜਾਂ ਜਾਗੀਰ ਦਿੱਤੀ ਗਈ ਹੋਵੇ। ਪਰ ਸੰਨ 1831 ਵਿਚ ਹਾਸ਼ਮ ਛਿਆਨਵੇ ਕੁ ਸਾਲਾਂ ਦਾ ਸੀ ਅਤੇ ਉਸ ਦਾ ਦਰਬਾਰ ਵਿਚ ਆਉਣਾ ਅਸੰਭਵ ਸੀ। ਜੇ ਉਸ ਦਾ ਜਾਂ ਕਿਸੇ ਹੋਰ ਕਵੀ ਦਾ ਦਰਬਾਰ ਵਿਚ ਜਾਗੀਰ ਦੁਆਰਾ ਕੀਤੇ ਗਏ ਮਾਣ ਦਾ ਉਲੇਖ ਕਿਸੇ ਹੋਰ ਰੋਜ਼ਨਾਮਚੇ ਵਿਚ ਹੋਵੇ ਤਾਂ ਉਹਦੇ ਬਾਰੇ ਕੋਈ ਜਾਣਕਾਰੀ ਅਜੇ ਤਕ ਨਹੀਂ ਹੋਈ ਹੈ।

ਇਕ ਰੂਪ-ਰੇਖਾ ਦੇ ਅਨੁਸਾਰ ਪੰਜਾਬ ਵਿਚ ਅੰਗਰੇਜ਼ਾਂ ਦੇ ਆਉਣ ਉੱਤੇ ਹਰ ਜ਼ਿਲ੍ਹੇ ਦੇ ਇਤਿਹਾਸ ਅਤੇ ਸੰਸਕ੍ਰਿਤੀ ਦੀ ਖੋਜ ਕਰਾਈ ਗਈ ਸੀ। ਖੋਜ ਕਰਨ ਵਾਲੇ ਮੁਨਸ਼ੀ ਪਟਵਾਰੀ ਸਨ ਜਿਨ੍ਹਾਂ ਨੇ ਆਪਣੀ ਖੋਜ ਉਰਦੂ ਵਿਚ ਪੇਸ਼ ਕੀਤੀ ਸੀ। ਇਕ ਅਜਿਹੇ ਖਰੜੇ ਦੇ ਦਰਸ਼ਨ ਕਰਨ ਦਾ ਇਸ ਲੇਖਕ ਨੂੰ ਵੀ ਮੌਕਾ ਮਿਲਿਆ, ਜੋ ਲਿਥੋ ਛਾਪੇ ਵਿਚ ਮੋਟੇ-ਮੋਟੇ ਅੱਖਰਾਂ ਵਿਚ ਸੀ। ਉਰਦੂ ਤੋਂ ਅੰਗਰੇਜ਼ੀ ਵਿਚ ਇਹ ਖਰੜੇ ਅਨੁਵਾਦ ਕਰਾਕੇ 1880-84 ਵਿਚ ਛਾਪੇ ਗਏ ਸਨ ਜਿਨ੍ਹਾਂ ਨੂੰ 'ਡਿਸਟਰਿਕਟ ਗਜ਼ਟੀਅਰ' ਦਾ ਨਾਂ ਦਿੱਤਾ ਗਿਆ ਸੀ। ਲਾਹੌਰ ਜ਼ਿਲੇ ਦੇ 'ਗਜ਼ਟੀਅਰ' (1883-84 ਈ.) ਵਿਚ ਦੱਸਿਆ ਗਿਆ ਹੈ ਕਿ ਹਾਸ਼ਮ ਰਣਜੀਤ ਸਿੰਘ ਦਾ ਦਰਬਾਰੀ ਕਵੀ ਸੀ। ਇਸ ਨੇ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਦੀ ਮ੍ਰਿਤੂ ਉੱਤੇ ਇਕ ਮਰਸੀਆ ਜਾਂ ਸੋਗ ਦੀ ਕਵਿਤਾ ਵੀ ਲਿਖੀ ਸੀ। ਨਾਲੇ ਇਹ ਵੀ ਦੱਸਿਆ ਹੈ ਕਿ ਹਾਸ਼ਮ ਨੇ 'ਬਾਰਾਮਾਹ' ਕਵਿਤਾ ਲਿਖ ਕੇ ਰਾਜੇ ਦੇ ਦਰਬਾਰ ਵਿਚ ਸੁਣਾਈ ਸੀ ਜਿਸ ਲਈ ਉਸ ਦੀ ਪ੍ਰਸ਼ੰਸਾ ਅਤੇ ਉਸ ਦਾ ਮਾਣ ਕੀਤਾ ਗਿਆ ਸੀ।

'ਡਿਸਟਰਿਕਟ ਗਜ਼ਟੀਅਰ' ਪ੍ਰਮਾਣਿਕ ਰਚਨਾਵਾਂ ਮੰਨੀਆਂ ਜਾਂਦੀਆਂ ਹਨ। ਅੰਗਰੇਜ਼ਾਂ ਦੇ ਆਗਮਨ ਵੇਲੇ ਪੰਜਾਬ ਦੀ ਜੋ ਸਭਿਆਚਾਰਿਕ ਸਥਿਤੀ ਸੀ ਉਸ ਲਈ ਇਨ੍ਹਾਂ ਦੀ ਗਵਾਹੀ ਉੱਤੇ ਕਿੰਤੂ ਨਹੀਂ ਕੀਤਾ ਜਾ ਸਕਦਾ, ਜਦ ਤਕ ਕਿ ਇਨ੍ਹਾਂ ਦੇ ਮੁਕਾਬਲੇ ਵਿਚ ਇਤਨੀ ਹੀ ਪ੍ਰਮਾਣਿਕ ਰਚਨਾ ਕੋਈ ਹੋਰ ਵਿਰੋਧੀ ਗਵਾਹੀ ਨਾ ਪੇਸ਼ ਕਰੇ। ਇਸ ਲਈ ਗਵਾਹੀ ਉੱਤੇ ਕੋਈ ਸੰਦੇਹ ਨਹੀਂ ਕਰ ਸਕਦੇ। ਕਈ ਆਲੋਚਕ ਇਸ ਕਥਨ ਉੱਤੇ ਵੀ ਸ਼ੱਕ ਕਰਨਗੇ ਕਿ ਹਾਸ਼ਮ ਨੇ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਦੀ ਮ੍ਰਿਤੂ ਉੱਤੇ ਸੋਗ-ਕਵਿਤਾ ਲਿਖੀ ਸੀ। ਰਣਜੀਤ ਸਿੰਘ ਦੀ ਪ੍ਰਤਿਭਾ ਦੀ ਗਵਾਹੀ ਤਾਂ ਇਤਿਹਾਸ ਦਿੰਦਾ ਹੈ ਕਿ ਉਹ ਕੇਵਲ ਉਨ੍ਹੀਂ ਸਾਲਾਂ ਦਾ ਸੀ ਜਦਂ ਉਸ ਨੇ 1799 ਈ. ਵਿਚ ਲਾਹੌਰ ਉੱਤੇ ਕਬਜ਼ਾ ਕਰ ਲਿਆ, ਪਰ ਮਹਾਂ ਸਿੰਘ ਉੱਤੇ ਜੋ ਅੱਠ ਕੁ ਸਾਲ ਪਹਿਲਾਂ ਹੀ ਮਰ ਚੁੱਕਾ ਸੀ, ਕਵਿਤਾ ਲਿਖਣਾ ਮੰਨਣ ਜੋਗ ਨਹੀਂ। ਉਹ ਇਨ੍ਹਾਂ 'ਕਿਡਾ ਵੱਡਾ' ਸੀ, ਕੀ? ਹਾਂ ਉਹ ਵੀ ਅਰਥਾਤ ਮਹਾਂ ਸਿੰਘ ਬਹੁਤ ਵੱਡਾ ਮਿਸਲਦਾਰ ਸੀ। ਸ਼ੇਰੇ ਪੰਜਾਬ ਦਾ ਪਿਤਾ ਵੀ ਸੁਕਰਚਕੀਆ ਮਿਸਲ ਦਾ ਸ਼ੇਰ ਸੀ, ਮਹਾਂ ਸਿੰਘ ਦਾ ਪਿਤਾ ਚੜ੍ਹਤ ਸਿੰਘ ਵੀ ਇਕ ਸ਼ੇਰ ਸੂਰਮਾ ਸੀ।

'ਉਮਦਾ-ਤੁਤ-ਤਵਾਰੀਖ਼' ਜਾਂ ਰਣਜੀਤ ਸਿੰਘ ਦੇ ਦਰਬਾਰ ਦਾ ਰੋਜ਼ਨਾਮਚਾ ਲਿਖਣ ਵਾਲਾ ਤੇ ਵਕੀਲ ਸੋਹਨ ਲਾਲ ਸੂਰੀ ਸੀ। ਉਸ ਦਾ ਪਿਤਾ ਗਨਪਤ ਰਾਏ ਸੀ ਜੋ ਸਰਦਾਰ ਚੜ੍ਹਤ ਸਿੰਘ ਤੇ ਸਰਦਾਰ ਮਹਾਂ ਸਿੰਘ ਦਾ ਵਕੀਲ ਤੇ ਰੋਜ਼ਨਾਮਚਾ ਨਵੀਸ ਸੀ। ਉਨ੍ਹਾਂ ਦਿਨਾਂ ਵਿਚ 'ਵਕੀਲ', ਰਾਜਦੂਤ ਹੁੰਦਾ ਸੀ ਜੋ ਇਕ ਸਰਕਾਰ ਦਾ ਸੁਨੇਹਾ ਦੂਜੀ ਸਰਕਾਰ ਨੂੰ ਜਾ ਦਿੰਦਾ ਸੀ। ਉਹ ਨੀਤੀ-ਨਿਪੁੰਨ, ਸ਼ਿਸ਼ਟਾਚਾਰ ਵਿਚ ਪ੍ਰਬੀਨ ਅਤੇ ਸਭਿਆਚਾਰ ਦਾ ਨਮੂਨਾ ਹੁੰਦਾ ਸੀ। ਕੇਵਲ ਉਹੀ ਰਾਜੇ, ਨਵਾਬ ਜਾਂ ਮਿਸਲਦਾਰ ਵਕੀਲ ਰਖਦੇ ਤੇ ਭੇਜਦੇ ਸਨ ਜਿਨ੍ਹਾਂ ਦੀ ਮਾਨਤਾ ਅਧਿਕ ਹੁੰਦੀ ਸੀ ਅਤੇ ਜੋ ਪ੍ਰਭੁਤਾ ਦੇ ਅਧਿਕਾਰੀ ਹੁੰਦੇ ਸਨ। ਗਨਪਤ ਰਾਏ ਰਣਜੀਤ ਸਿੰਘ ਦੇ ਪਿਤਾ ਅਤੇ ਦਾਦੇ ਦਾ ਵਕੀਲ ਤੇ ਦਰਬਾਰੀ ਲਿਖਾਰੀ ਸੀ ਜਦ ਕਿ ਸੋਹਨ ਲਾਲ ਰਣਜੀਤ ਸਿੰਘ ਦਾ ਅਤੇ ਉਸ ਦੇ ਦਸ ਸਾਲ ਬਾਅਦ ਵੀ ਲਾਹੌਰ ਦਰਬਾਰ ਦਾ ਅਖ਼ਬਾਰ-ਨਵੀਸ ਰਿਹਾ। ਇਸ ਤਰ੍ਹਾਂ ਬਾਪ ਬੇਟੇ ਨੇ ਰਲ ਕੇ ਬਿਆਸੀ ਸਾਲ ਅਖ਼ਬਾਰ-ਨਵੀਸੀ ਤੇ ਸਿਆਸੀ ਵਕਾਲਤ ਦੀ ਚਾਰ ਪੀੜ੍ਹੀਆਂ ਤਕ ਸੇਵਾ ਕੀਤੀ। ਇਸ ਪ੍ਰਸੰਗ ਵਿਚ ਇਸ ਵਾਰਤਾ ਦਾ ਆਸ਼ਾ ਇਹ ਹੈ ਕਿ ਰਣਜੀਤ ਸਿੰਘ ਦਾ ਬਾਪ ਦਾਦਾ ਵੱਡੇ ਸੱਤਾਧਾਰੀ ਅਤੇ ਲੋਕ-ਪ੍ਰਿਯ ਸਰਦਾਰ ਸਨ

ਜਿਨ੍ਹਾਂ ਬਾਰੇ ਸਥਾਨਕ ਸ਼ਰਧਾਲੂ ਕਵੀ ਕਵਿਤਾ ਰਚ ਸਕਦੇ ਸਨ।

ਹਾਸ਼ਮ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਸੰਬੰਧਾਂ ਦੀ ਪੁਸ਼ਟੀ ਵਿਚ ਸ਼ਿਮਲੇ ਦੀ ਰੀਕਾਰਡ ਆਫ਼ਿਸ ਲਾਇਬ੍ਰੇਰੀ ਵਿਚ ਰਖੀ ਹਾਸ਼ਮ ਦੇ ਕਿੱਸੇ 'ਸੀਰੀਂ-ਫਰਹਾਦ' ਦੀ ਇਕ ਪ੍ਰਤੀ ਹੈ। ਇਸ ਦਾ ਨੰਬਰ 4445/486 ਹੈ। ਇਸ ਉੱਤੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀ ਮੁਹਰ ਲੱਗੀ ਹੋਈ ਹੈ। ਜਦ ਤਕ ਇਸ ਮੁਹਰ ਨੂੰ ਜਾਅਲੀ ਨਾ ਸਿੱਧ ਕੀਤਾ ਜਾ ਸਕੇ, ਤਦ ਤਕ ਇਸ ਦੇ ਆਧਾਰ ਉੱਤੇ ਇਹ ਮੰਨਣਾ ਪਵੇਗਾ ਕਿ ਇਹ ਕਿੱਸਾ ਦਰਬਾਰ ਦੀ ਭੇਟਾ ਕਿਸੇ ਅਵਸਰ ਉੱਤੇ ਕੀਤਾ ਗਿਆ ਸੀ ਜਦ ਕਿ ਹਾਸ਼ਮ ਨੇ ਆਪ ਪੇਸ਼ ਹੋ ਕੇ ਆਪਣੀ ਰਚਨਾ ਮਹਾਰਾਜੇ ਦੀ ਸੇਵਾ ਵਿਚ ਪੇਸ਼ ਕੀਤੀ ਹੋਵੇਗੀ ਅਤੇ ਮਹਾਰਾਜੇ ਨੇ ਖੁਸ਼ ਹੋ ਕੇ ਉਸ ਨੂੰ ਕੁਝ ਨਾ ਕੁਝ ਇਨਾਮ ਦਿੱਤਾ ਹੋਵੇਗਾ ਕਿਉਂ ਜੋ ਉਹ ਕਿਸੇ ਨੂੰ 500 ਰੁਪੈ, ਕਿਸੇ ਨੂੰ 250, ਕਿਸੇ ਨੂੰ ਇਕ ਸੌ, ਕਿਸੇ ਨੂੰ ਖਿਲਅਤ ਵੀ ਅਤੇ ਕਿਸੇ ਨੂੰ ਜਾਗੀਰ ਵੀ ਬਖ਼ਸ਼ ਦਿੰਦਾ ਸੀ। ਕੋਈ ਵੱਡੀ ਗੱਲ ਨਹੀਂ ਕਿ ਸਾਹਿੱਤਕਾਰ ਕਵੀ ਦੀ ਇਸ ਭੇਟਾ ਤੋਂ ਖ਼ੁਸ਼ ਹੋ ਕੇ ਉਸ ਨੂੰ ਮਹਾਰਾਜੇ ਨੇ ਕੁਝ ਤਕੜਾ ਇਨਾਮ ਦਿੱਤਾ ਹੋਵੇ।

ਆਖ਼ਰੀ ਗਵਾਹੀ ਹਾਸ਼ਮ ਦੇ ਵਾਰਸਾਂ ਤੋਂ ਮਿਲੀ ਹੈ। ਪਿਆਰਾ ਸਿੰਘ ਪਦਮ ਦੇ ਅਨੁਸਾਰ ਉਸ ਦੇ ਵਾਰਸ ਦੱਸਦੇ ਹਨ ਕਿ "ਅਸੀਂ ਇਸ ਜਾਗੀਰ ਤੋਂ ਲਾਭ ਉਠਾਂਦੇ ਰਹੇ ਹਾਂ। ਨਾਲੇ ਮਹਿਕਮਾ ਮਾਲ ਦੇ ਪੁਰਾਣੇ ਕਾਗ਼ਜ਼ ਵੀ ਇਸ ਦੀ ਪੁਸ਼ਟੀ ਕਰਦੇ ਹਨ ਕਿ ਹਾਸ਼ਮ ਨੂੰ ਦਰਬਾਰ ਵੱਲੋਂ ਕੋਈ ਜਾਗੀਰ ਕਿਸੇ ਨਾ ਕਿਸੇ ਅਵਸਰ ਉੱਤੇ ਭੇਟ ਕੀਤੀ ਗਈ ਸੀ ਜੋ ਉਸ ਦੀ ਕਾਵਿ ਰਚਨਾ ਦੇ ਸਦਕੇ ਹੋ ਸਕਦੀ ਹੈ, ਜੋ ਪਹਿਲਾਂ ਲੌਕਿਕ ਸੀ ਬਾਅਦ ਵਿਚ ਭਗਤੀ ਭਾਵ ਦੀ ਅਤੇ ਸੂਫ਼ੀਆਨਾ ਹੋ ਗਈ। ਇਸ ਗਵਾਹੀ ਦੇ ਵਧੇਰੇ ਪ੍ਰਮਾਣਿਕ ਹੋਣ ਲਈ ਇਸ ਹਵਾਲੇ ਦੀ ਪਰਿਪੁਸ਼ਟੀ ਦੀ ਲੋੜ ਹੈ।"

ਸਮਾਜਿਕ ਪੱਖ

ਕਵੀ ਲਈ ਸਮਾਜ ਇਕ ਸਾਜ਼ ਹੈ ਅਤੇ ਉਹ ਆਪ ਸਾਜ਼ਿੰਦਾ ਹੈ। ਇਸ ਸਾਜ਼ ਵਿਚੋਂ ਉਹ ਸੁਰਾਂ ਕੱਢ ਸਕਦਾ ਹੈ ਜਿਨ੍ਹਾਂ ਲਈ ਉਸ ਦੀ ਕੁਦਰਤੀ ਯੋਗਤਾ ਹੋਵੇ। ਕੁਦਰਤੀ ਸੀਮਾ ਤੋਂ ਇਲਾਵਾ ਦੂਜੀ ਸੀਮਾ ਉਸ ਦੀ ਹੋਂਦ ਦੀ ਹੈ ਜੋ ਦੇਸ਼ ਤੇ ਕਾਲ ਵਿਚ ਸੀਮਿਤ ਰਹਿੰਦੀ ਹੈ, ਪਿੰਡ ਤੇ ਸ਼ਹਿਰ ਦਾ ਸਥਾਨਾਂਤਰ ਅਤੇ ਦਸ ਸਾਲ ਪਹਿਲਾਂ ਜਾਂ ਪਿਛਾਂ ਸੰਪਰਕ ਤੇ ਘਟਨਾਵਾਂ ਦਾ ਕਾਲ-ਅੰਤਰ ਹੋ ਸਕਦਾ ਹੈ। ਇਕ ਮਾਤਾ-ਪਿਤਾ ਦੇ ਪਹਿਲੇ ਅਤੇ ਆਖ਼ਰੀ ਪੁੱਤਰ ਦੀ ਬੁੱਧੀ, ਸੁਝਾ ਅਤੇ ਯੋਗਤਾ ਵਿਚ ਅੰਤਰ ਅਕਸਰ ਦੇਖਣ ਵਿਚ ਆਇਆ ਹੈ। ਸਮਾਜ ਵਿਚ ਅਣਗਿਣਤ ਵਿਅਕਤੀ ਵਿਚਰਦੇ ਰਹਿੰਦੇ ਹਨ ਜਿਨ੍ਹਾਂ ਵਿਚ ਕਾਲ ਦਾ ਅੰਤਰ ਹੁੰਦਾ ਹੈ। ਇਕ ਸਥਾਨ ਤੋਂ ਦੂਜੇ ਸਥਾਨ ਵੱਲ ਜਾਣ ਉੱਤੇ ਇਸ ਦਾ ਅੰਤਰ ਵੀ ਪੈਦਾ ਹੋ ਜਾਂਦਾ ਹੈ। ਇਸ ਤਰ੍ਹਾਂ ਅਨੁਭਵ ਵਿਚ ਦੇਸ਼, ਕਾਲ ਅਤੇ ਨਿਜੀ ਪ੍ਰਕਿਰਤੀ ਦੇ ਕਾਰਨ ਵਿਭਿੰਨਤਾ ਤੇ ਵਿਚਿੱਤਰਤਾ ਪੈਦਾ ਹੋ ਸਕਦੀ ਹੈ।

ਕਵੀ ਨਾ ਕੇਵਲ ਸਮਾਜ ਦਾ ਇਕ ਬਿੰਦੂ ਹੈ ਸਗੋਂ ਆਪਣੀ ਹੋਂਦ ਵਿਚ ਇਕ ਕੇਂਦਰ ਵੀ ਹੈ। ਉਹ ਆਪਣੇ ਆਪ ਨੂੰ ਵਿਲੱਖਣ ਹਸਤੀ ਸਮਝਦਾ ਹੈ। ਉਸ ਦਾ ਆਪਾ ਉਸ ਲਈ ਇਕ ਅਦੁਤੀ ਹਸਤੀ ਹੈ। ਉਹ ਸਾਰੀ ਦੁਨੀਆ ਨੂੰ ਆਪਣੀਆਂ ਅੱਖੀਆਂ ਨਾਲ ਦੇਖਦਾ ਹੈ, ਆਪਣੇ ਕੰਨਾਂ ਨਾਲ ਸੁਣਦਾ ਹੈ; ਆਪਣੇ ਦਿਲ ਨਾਲ ਮਹਿਸੂਸ ਕਰਦਾ ਹੈ ਅਤੇ ਆਪਣੀ ਸੀਮਿਤ ਬੁੱਧੀ ਨਾਲ ਸਮਝਦਾ, ਪਰਖਦਾ ਜਾਂ ਅਪਣਾਂਦਾ ਹੈ। ਕਵੀ ਸਮਾਜ ਤੇ ਕੁਦਰਤ ਦੇ ਚਾਰ ਚਕਰਾਂ ਵਿਚ ਕੇਂਦਰਿਤ ਹੈ–ਪਰਿਵਾਰ, ਹਾਣੀ, ਧਰਮ ਅਤੇ ਕੁਦਰਤੀ ਪਉਣ ਪਾਣੀ। ਉਸ ਦਾ ਆਪਾ ਇਕ ਖਿੜਕੀ ਹੈ ਜਿਸ ਵਿਚੋਂ ਉਹ ਆਪਣਾ ਦ੍ਰਿਸ਼ਟੀਕੋਣ ਬਣਾਂਦਾ ਹੈ, ਜਿਸ ਵਿਚ ਟਿਕ ਕੇ ਉਹ ਦੁਨੀਆ ਨੂੰ ਚਿਤਰਦਾ ਹੈ ਅਤੇ ਜਿਸ ਨੂੰ ਬੰਦ ਕਰਕੇ ਉਹ ਆਪਣੇ ਆਪ ਵਿਚ ਗੁਆਚ ਜਾਂਦਾ ਹੈ। ਤਦ ਸਾਰਾ ਸੰਸਾਰ ਉਸ ਲਈ ਲੋਪ ਹੋ ਜਾਂਦਾ ਹੈ, ਇਸ ਤਰ੍ਹਾਂ ਕਵੀ ਦੋ-ਧੁਰੀ ਜੀਵ ਹੈ ਜਿਸ ਦੀ ਇਕ ਧੁਰੀ ਸਮਾਜ ਹੈ ਅਤੇ ਦੂਜੀ ਧੁਰੀ ਉਸ ਦਾ ਆਪਾ ਹੈ। ਕਦੇ ਉਹ ਸਮਾਜ ਨਾਲ ਵਰਤਦਾ ਹੈ, ਕਦੇ ਆਪਣੇ ਆਪੇ ਦਾ ਕੈਦੀ ਜਾਂ ਹਾਕਮ ਹੁੰਦਾ ਹੈ। ਪਰ ਉਹ ਖਲਾਅ ਵਿਚ ਨਹੀਂ ਰਹਿ ਸਕਦਾ। ਆਪਣੀ ਹਰ ਲੋੜ ਲਈ ਉਹ ਸਮਾਜ ਦਾ ਮੁਥਾਜ ਹੈ। ਸਮਾਜ ਦੀਆਂ ਗਤੀਆਂ ਤੋਂ ਉਹ ਆਕੀ ਨਹੀਂ ਰਹਿ ਸਕਦਾ, ਨਾ ਰਾਜਸੀ ਤੋਂ, ਨਾ ਆਰਥਿਕ ਤੋਂ ਨਾ ਧਾਰਮਿਕ ਤੋਂ ਅਤੇ ਨਾ ਹੀ ਪਦਾਰਥਕ ਤੋਂ। ਫਿਰ ਦੁਖ ਸੁਖ ਵਿਚ ਵੀ ਉਹ ਦੂਜਿਆਂ ਦੀ ਸਾਂਝ ਚਾਹੁੰਦਾ ਹੈ। ਸਮਾਜ ਨੂੰ ਅੱਗੇ

ਧੱਕਣ ਵਾਲਾ, ਪਿੱਛੇ ਸੁਟਣ ਵਾਲਾ ਤੇ ਸ਼ਾਂਤੀ ਜਾਂ ਅਸ਼ਾਂਤੀ ਵਿਚ ਰਖਣ ਵਾਲਾ ਰਾਸ਼ਟਰ ਹੈ ਜੋ ਸਦਾ ਹਾਕਮਾਂ ਦੇ ਹੱਥ ਵਿਚ ਰਹਿੰਦਾ ਹੈ।

ਜਦ ਹਾਸ਼ਮ ਚਾਰ ਸਾਲਾਂ ਦਾ ਸੀ ਤਦ ਨਾਦਰਸ਼ਾਹ ਨੇ ਪੰਜਾਬ ਵਿਚੋਂ ਲੰਘ ਕੇ ਦਿੱਲੀ ਨੂੰ ਹਾਰ ਦਿੱਤੀ। ਕਤਲੇ ਆਮ, ਲੁਟ ਮਾਰ ਅਤੇ ਕੈਦੀਆਂ ਦੀ ਭਰਮਾਰ ਨੇ ਉੱਤਰ-ਪੱਛਮੀ ਭਾਰਤ ਵਿਚ ਦਹਿਸ਼ਤ ਤੇ ਬਰਬਾਦੀ ਦਾ ਚਿੱਤਰ ਖਿਚ ਦਿੱਤਾ। ਬਾਈ ਤੇਈ ਸਾਲ ਪਹਿਲਾਂ ਲਾਹੌਰ ਦੇ ਹਾਕਮਾਂ ਨੇ ਸਿੱਖਾਂ ਦਾ ਜੀਉਣਾ ਹਰਾਮ ਕਰ ਦਿੱਤਾ ਸੀ। ਹੁਣ ਨਾਦਰ ਸ਼ਾਹ ਦੇ ਈਰਾਨੀਆਂ ਤੇ ਪਠਾਣਾਂ ਨੇ ਸਾਰੇ ਹਿੰਦੁਸਤਾਨ ਨੂੰ ਮੋਰ ਦਾ ਨਾਚ ਨਚਾਇਆ। ਉਹਦੇ ਬਾਅਦ ਅਹਿਮਦ ਸ਼ਾਹ ਅਬਦਾਲੀ ਨੇ ਸੰਨ 1748-69 ਦੇ ਇਕੀ ਸਾਲਾਂ ਵਿਚ ਗਿਆਰਾਂ ਹਮਲੇ ਕੀਤੇ। ਉਸ ਦੇ ਬਾਅਦ ਅਬਦਾਲੀ ਦੇ ਪੋਤਰੇ ਸ਼ਾਹ ਜ਼ਮਾਨ ਨੇ ਪੰਜ ਸਾਲਾਂ (1793-98 ਈ.) ਵਿਚ ਚਾਰ ਹਮਲੇ ਕੀਤੇ। ਅਰਥਾਤ ਨਾਦਰਸ਼ਾਹ ਦੇ ਪਿੱਛੋਂ ਛੱਬੀ ਸਾਲਾਂ ਵਿਚ ਪੰਦਰਾਂ ਵਾਰ ਲੁੱਟ ਖਸੁੱਟ, ਸਾੜ ਫੂਕ ਅਤੇ ਕਤਲ ਗ਼ਾਰਤ ਹੋਈ। ਇਸ ਸਮੇਂ (1748-98 ਈ.) ਵਿਚ ਹਾਸ਼ਮ ਨੇ ਆਪਣੀ ਜ਼ਿੰਦਗੀ ਦੇ ਤੇਰ੍ਹਾਂ ਤੋਂ ਤਰੇਸਠ ਅਰਥਾਤ ਪੰਜਾਹ ਸਾਲ ਗੁਜ਼ਾਰੇ। ਜਦ ਨਾਦਰ ਸ਼ਾਹ ਆਇਆ ਉਹ ਚਾਰ ਕੁ ਸਾਲਾਂ ਦਾ ਸੀ, ਜਦ ਸ਼ਾਹ ਜ਼ਮਾਨ ਨੇ ਆਖ਼ਰੀ ਹਮਲਾ ਕੀਤਾ, ਉਹ 63 ਕੁ ਸਾਲਾਂ ਦਾ ਸੀ। ਇਸ ਤਰ੍ਹਾਂ ਉਸ ਨੇ 59 ਸਾਲਾਂ ਵਿਚ 16 ਹਮਲੇ ਵੇਖੇ। ਭਾਵੇਂ ਉਹ ਜਗਦੇਉ ਕਲਾਂ ਵਿਚ ਰਿਹਾ ਭਾਵੇਂ ਸਿਆਲਕੋਟ ਵਿਚ ਉਹ ਡਰ ਤੇ ਧੁੜ ਦੀ ਸਥਿਤੀ ਵਿਚ ਵੱਡਾ ਹੋਇਆ, ਵਿਆਹ ਕੀਤਾ, ਗ੍ਰਿਹਸਥ ਹੰਡਾਇਆ ਅਤੇ ਬੁੱਢਾ ਹੋ ਗਿਆ। ਜਦ ਹਜ਼ਾਰਾਂ ਲੋਕ ਇਸ ਸਥਿਤੀ ਵਿਚ ਮਰ ਖਪ ਗਏ, ਉਹ ਦੁਨੀਆ ਦਾ ਰੰਗ ਦੇਖਦਾ ਅਤੇ ਵਿਆਕੁਲ ਹੁੰਦਾ ਰਿਹਾ।

ਰਾਸ਼ਟਰ ਦੀ ਕਮਜ਼ੋਰੀ ਤੇ ਦੁਸ਼ਮਣ ਦੀ ਸੀਨਾਜ਼ੋਰੀ ਸਮਾਜ ਵਿਰੋਧੀ ਤੱਤਵਾਂ ਨੂੰ ਅਰਾਜਕਤਾ ਲਈ ਉਕਸਾਂਦੀ ਅਤੇ ਆਮ ਲੋਕਾਂ ਦੇ ਜੀਵਨ ਵਿਚ ਸੰਕਟ ਪੈਦਾ ਕਰਦੀ ਹੈ :

ਆਦਮੀਆਂ ਦੀ ਸੂਰਤ ਦਿਸਦੀ ਰਾਕਸ਼ ਆਦਮ ਖੋਰੇ।
ਜ਼ਾਲਮ, ਚੋਰ, ਪਲੀਤ, ਜਨਾਹੀ, ਖੌਫ਼ ਖੁਦਾ ਉੱ ਕੋਰੇ। 38।
ਅਸਲੋਂ ਜ਼ੋਰਾਵਰ ਨੂੰ ਲਗੋਂਦ, ਕੋਣ ਵਧੀਕ ਪਿਆਰੇ।
ਧ੍ਰੋਹੀ, ਚੁਗਲ ਬਖ਼ੀਲ, ਬੇਦਰਦੀ, ਝੂਠ ਕਮਾਵਣਹਾਰੇ। 331।
ਤਕਣ ਬੁਰਾ ਬਿਗਾਨਾ ਹਰਦਮ, ਖ਼ੂਨ ਪਰਾਏ ਨ੍ਹਾਉਣ।
ਬੋਲਣ ਝੂਠ ਕੁਸ਼ਾਮਦ ਕਾਰਣ ਜ਼ੋਰਾਵਰਾਂ ਰੀਝਾਉਣ। 332।

ਕਵੀ ਸਿੱਧੀ ਗੱਲ ਮੂੰਹ ਉੱਤੇ ਨਹੀਂ ਕਹਿੰਦਾ, ਪ੍ਰਤੀਕਾਂ ਦੁਆਰਾ ਜਾਂ ਵਕ੍ਰੋਕਤੀ ਨਾਲ ਕਿਸੇ ਹੋਰ ਪ੍ਰਸੰਗ ਵਿਚ ਵਰਤਮਾਨ ਵਿਆਪਕ ਸਥਿਤੀ ਤੇ ਟਿੱਪਣੀ ਕਰਦਾ ਹੈ। ਹਾਸ਼ਮ 'ਸ਼ੀਰੀਂ ਫਰਹਾਦ' ਦੀ ਕਹਾਣੀ ਦੇ ਪਰਦੇ ਵਿਚ ਆਪਣੇ ਕਾਲ ਦੀ ਹਾਲਤ ਬਾਰੇ ਉਸ ਤਰ੍ਹਾਂ ਕਹਿੰਦਾ ਹੈ ਜੋ ਅਹਮਦ ਸ਼ਾਹ ਅਬਦਾਲੀ ਦੇ ਲਗਾਤਾਰ ਹਮਲਿਆਂ ਨੇ ਕਰ ਦਿੱਤੀ ਸੀ, ਜਿਸ ਤਰ੍ਹਾਂ ਗੁਰੂ ਨਾਨਕ ਦੇਵ ਨੇ ਬਾਬਰ ਦੇ ਹਮਲਿਆਂ ਦੇ ਪ੍ਰਸੰਗ ਵਿਚ ਕਹੀ ਸੀ :

ਕਹੁ ਹੁਣ ਹਾਲ ਹਕੀਕਤ ਹਾਸ਼ਮ ਹੁਣ ਬਾਦਸ਼ਾਹਾਂ ਦੀ।
ਜ਼ੁਲਮੋਂ ਕੂਕ ਗਈ ਅਸਮਾਨੀਂ, ਦੁਖੀਆ ਰੇਸ਼ ਦਿਲਾਂ ਦੀ। 37।
ਸੋਈ ਬਣੇ ਮਰਾਤਬ ਵਾਲਾ ਕਾਬਲ ਕਾਰ ਜਹਾਨੀ।
ਹਿਰਫ਼ਤ ਦੰਗਾ ਬਖ਼ੀਲੀ ਜਿਸ ਵਿਚ ਗਿਣਤੀ ਰਹੇ ਬਿਗਾਨੀ। 333।
ਸੂਬੇਦਾਰ ਅੰਬੀਰ ਚੁਫੇਰੇ ਹਾਕਮ ਹਫਤ ਹਜ਼ਾਰੀ।
ਨੇਜ਼ੇ ਤੀਰ ਤੁਫੰਗ ਦਿਖਾਉਣ ਖਿਚ ਖਿਚ ਪੈਨ ਕਟਾਰੀ। 232।
ਨਿਮਕ ਹਰਾਮ ਬੇਅਦਬ ਅਜੇਹਾ ਉਲਟ ਖਲ ਲਹਾਓ।
ਇਕ ਇਕ ਕਹਿਣ ਕਮੀਨੇ ਤਾਈਂ ਆਤਸ਼ ਵਿਚ ਜਲਾਉ। 233।

ਪਿਛਲੇ ਜ਼ਮਾਨੇ ਨੂੰ ਯਾਦ ਕਰਕੇ ਕਵੀ ਠੰਡੇ ਸਾਹ ਭਰਦਾ ਹੈ :

ਪਿਛਲਾ ਨੇਕ ਜ਼ਮਾਨਾ ਆਹਾ, ਲੋਕ ਸਫ਼ਾਈ ਵਾਲੇ ।
ਅਸੀਂ ਖਰਾਬ ਨਫ਼ਸ ਦੇ ਹਿਰਸੀ, ਜੀਭ ਮਿਠੀ ਦਿਲ ਕਾਲੇ । 13 ।

ਇਸਲਾਮ ਤਦ ਸ਼ਾਹੀ ਮਜ਼ਹਬ ਸੀ । ਪਰ ਅਫ਼ਸਰਾਂ ਦੇ ਨਾਲ ਰਲਕੇ ਮੁਲਾਂ ਤੇ ਕਾਜ਼ੀ ਵੀ ਭ੍ਰਸ਼ਟ ਹੋ ਗਏ ਸਨ । ਮਜ਼ਹਬ ਸਿਆਸਤ ਨਾਲ ਰਲ ਕੇ ਸਿਆਸਤ ਨੂੰ ਉਤਾਂਹ ਚੁੱਕਦਾ, ਸਗੋਂ ਆਪ ਹੀ ਸਿਆਸਤ ਦੇ ਪ੍ਰਭਾਵ ਹੇਠ ਭ੍ਰਸ਼ਟ ਹੋ ਜਾਂਦਾ ਹੈ :

ਜ਼ਾਹਦ ਲੋਕ ਪੁਰਾਣੇ ਬੁਜ਼ੁਰਗ, ਬੈਠੇ ਵਿਚ ਮਸੀਤੀਂ ।
ਦਰ ਦਰ ਸੋਰ ਜਿਨ੍ਹਾਂ ਦੇ ਤਸਬੇ, ਭਰੇ ਸੰਦੂਕ ਤਵੀਤੀ । 155 ।
ਮੁਹਰੇਦਾਰ ਸਿਰੀਂ ਦਸਤਾਰਾਂ, ਸਬਜ਼ ਪੇਰ ਹਨ ਖ਼ਾਸੇ ।
ਸੂਰਤ ਖਿਜ਼ਰ, ਕਿਤਾਬਾਂ ਬਗਲੀਂ, ਦਸਤ ਸੁਨਹਿਰੀ ਆਸੇ । 257 ।

ਉਪਰਲੀ ਸ਼ਾਨ ਦੇ ਥੱਲੇ ਕੁਝ ਹੋਰ ਹੈ :

ਨਾਕਸ ਨੀਰ ਨਫ਼ਸ ਦੇ ਤਾਲਿਬ, ਬਣਨ ਮਸਾਇਕ ਬਾਤੀਂ ।
ਕੌਡੀ ਦਾਮ ਕਿਤੇ ਹਥ ਆਵੇ ਢੂੰਡ ਇਹੋ ਦਿਨ ਰਾਤੀਂ । 182 ।

ਧਰਮ ਦੇ ਸੰਚਾਲਕ ਖ਼ੁਦਾਈ ਹਕੂਮਤ ਦੇ ਅਫ਼ਸਰ ਹਨ । ਇਸ ਅਫ਼ਸਰੀ ਦੇ ਜ਼ੋਰ ਉੱਤੇ ਉਹ ਤਵੀਤਾਂ ਦਾ ਵਪਾਰ ਵੀ ਕਰਦੇ ਹਨ । ਦਿਲੋਂ ਸੱਚੇ ਧਰਮੀ ਨਾ ਹੋਣ ਕਰਕੇ ਢੋਂਗ ਵੀ ਰਚਦੇ ਰਹਿੰਦੇ ਹਨ :

ਤਸਬੀ ਬਹੁ ਭਵਾਵਣ ਤਸਬੀ, ਜਿਨ੍ਹਾਂ ਦਾਮ ਫਰੇਬ ਵਿਛਾਇਆ ।
ਕਰ ਕਰ ਗਿਆਨ ਸੁਣਾਉਣ ਸਿਆਣੇ ਨ ਇਤਿ ਬਿਧ ਸੇਖ ਕਹਾਇਆ । ਦੋਹੜਾ ।

ਜਿਸ ਤਰ੍ਹਾਂ ਕਿ ਉਪਰ ਦੱਸਿਆ ਗਿਆ ਹੈ ਕਿ ਸ਼ਾਇਰ ਲੋਕ ਸਮਾਜ ਦਾ ਇਕ ਅੰਗ ਸਨ । ਉਹ ਆਪਣੀਆਂ ਕਵਿਤਾਵਾਂ ਤੇ ਕਿੱਸੇ ਗਾ ਕੇ ਸੁਣਾਇਆ ਕਰਦੇ ਸਨ । ਲੋਕਾਂ ਵਿਚ ਵੀ ਕਿੱਸੇ ਕਹਾਣੀਆਂ ਸੁਣਨ ਦਾ ਚਾਅ ਸੀ । ਹਾਸ਼ਮ ਆਪਣੇ ਸਮਕਾਲੀ ਕਵੀਆਂ ਵੱਲ ਇਸ਼ਾਰਾ ਕਰਦਾ ਹੋਇਆ ਉਨ੍ਹਾਂ ਦੀ ਅਭਿਵਿਅਕਤੀ ਦੀ ਵਿਧੀ ਬਾਰੇ ਕੁਝ ਕਹਿੰਦਾ ਹੈ :

ਸ਼ਾਇਰ ਸ਼ੇਅਰ ਕਰਦੇ ਆਹੇ, ਨਫ਼ਸ ਛੁਰੀ ਮੂੰਹ ਧਰਕੇ ।
ਹਰ ਇਕ ਸੁਖਨ ਲਿਆਵਣ ਬਾਹਰ, ਖੂਨ ਅਲੂਦਾ ਕਰ ਕੇ । 14 ।
ਫਿਰ ਉਹ ਦਸਤ ਸਰਾਫਾ ਪੈਂਦੇ, ਹੀਰੇ ਸੁਖਨ ਪਰੋਤੇ ।
ਉਹ ਸਰਾਫ ਜਿਨ੍ਹਾਂ ਹਥ ਅਪਣੇ, ਜਾਨ ਜਹਾਨੋ ਧੋਤੇ । 15 ।
ਫਿਰ ਓਹ ਐਬ ਸਬਾਬ ਸੁਖਨ ਦਾ ਲਭਦੇ ਨਾਲ ਫ਼ਿਕਰ ਦੇ ।
ਨਾਕਸ ਰਦ ਸੁਟੇਂਦੇ ਕਾਮਲ ਲਿਖਦੇ ਵਿਚ ਜਿਗਰ ਦੇ । 16 ।

(ਸ਼ੀਰੀਂ-ਫ਼ਰਹਾਦ)

ਸ਼ਾਇਰ ਇਕ ਪ੍ਰਕਾਰ ਦਾ ਸਰਾਫ਼ ਜਾਂ ਜੌਹਰੀ ਹੈ । ਸ਼ਬਦ ਉਸ ਦੇ ਹੀਰੇ ਹਨ । ਜਿਸ ਤਰ੍ਹਾਂ ਜੌਹਰੀ ਘਟੀਆ ਮੋਤੀ ਜਾਂ ਹੀਰੇ ਗਹਿਣੇ ਵਿਚ ਨਹੀਂ ਪਾਉਂਦਾ, ਉਸ ਤਰ੍ਹਾਂ ਸ਼ਾਇਰ ਵੀ ਆਪਣੇ ਸੁਖਨ ਵਿਚੋਂ ਅਣਢੁੱਕਵੇਂ ਲਫ਼ਜ਼ ਕੱਢ ਦਿੰਦਾ ਹੈ । ਨਿਮਰਤਾ ਦੇ ਕਾਰਨ ਹਾਸ਼ਮ ਆਪਣੇ ਆਪ ਨੂੰ 'ਨਾਕਸ' ਜਾਂ ਨੁਕਸ ਵਾਲਾ ਸ਼ਾਇਰ ਕਹਿੰਦਾ ਹੈ ਅਤੇ ਸੁਣਨ ਵਾਲੇ ਸੋਤਿਆਂ ਨੂੰ 'ਅਯਾਲੀ' ਦਾ ਨਾਂ ਦਿੰਦਾ ਹੈ :

ਏਸ ਸਮੇਂ ਵਿਚ ਹਾਸ਼ਮ ਜੇਹੇ ਨਾਕਸ ਸ਼ਾਇਰ ਸਦਾਉਣ ।
ਮੁਨਸਫ ਚਾਰ ਇਯਾਲੀ ਰਲਕੇ ਸ਼ੇਅਰ ਸੁਣਨ ਨੂੰ ਆਉਣ । 17 ।
ਉਸ ਸਮੇਂ ਦੇ ਫ਼ਕਰ ਫ਼ਕੀਰੀ ਕਰਦਾ ਸਾਫ਼ ਰਿਆਓਂ ।
ਸਾਬਰ ਸ਼ਾਕਰ ਕਾਮਲ ਹੁੰਦੇ ਡਰਦੇ ਖੌਫ ਰਜ਼ਾਓਂ । 18 ।

ਕਿੱਸਾਕਾਰੀ ਵਿਚ ਕਵੀ ਕਿਸੇ ਪ੍ਰਚਲਿਤ ਜਾਂ ਨਵੇਂ ਕਿੱਸੇ ਨੂੰ ਛੰਦਾਂ ਵਿਚ ਪੇਸ਼ ਕਰਦਾ ਹੈ। ਕਿੱਸੇ ਵਿਚ ਕਹਾਣੀ ਮੂਲ ਵਿਸ਼ਾ ਬਣਦੀ ਹੈ ਜਿਸ ਦਾ ਮਾਧਿਅਮ ਛੰਦ ਹੈ। ਉਹ ਕਹਾਣੀਕਾਰ ਪਹਿਲਾਂ ਹੈ ਪਰ ਕਵੀ ਦੂਜੇ ਦਰਜੇ ਤੇ। ਸੱਸੀ, ਸੋਹਣੀ, ਹੀਰ ਰਾਂਝੇ ਦੀ ਬਿਰਤੀ, ਸ਼ੀਰੀਂ ਫ਼ਰਹਾਦ ਅਤੇ ਮਹਿਮੂਦ ਸ਼ਾਹ ਗ਼ਜ਼ਨਵੀ ਦੇ ਪੰਜ ਕਿੱਸਿਆਂ ਵਿਚ ਹਾਸ਼ਮ ਪਹਿਲਾਂ ਕਿੱਸਾਕਾਰ ਹੈ ਪਰ ਦੂਜੇ ਦਰਜੇ ਉੱਤੇ ਕਵੀ ਹੈ ਜਿਸ ਲਈ ਉਹ ਆਪਣੇ ਆਪ ਨੂੰ 'ਨਾਕਸ' ਕਵੀ ਕਹਿੰਦਾ ਹੈ। ਅਜਿਹੀ ਕਵਿਤਾ ਬਿਰਤਾਂਤਿਕ ਹੈ ਜਿਸ ਵਿਚ ਵਰਣਨ ਪ੍ਰਧਾਨ ਹੈ। ਪਰ ਹਾਸ਼ਮ ਨੇ 'ਦੋਹੜੇ', 'ਡਿਓਢਾਂ' 'ਬਾਰਾਂਮਾਹ' ਆਦਿ ਕਵਿਤਾਵਾਂ ਵੀ ਲਿਖੀਆਂ ਹਨ ਜਿਨ੍ਹਾਂ ਵਿਚ ਉਹ ਉਚੇਰੇ ਦਰਜੇ ਦਾ ਕਵੀ ਸਿੱਧ ਹੁੰਦਾ ਹੈ ਅਤੇ ਜਿਨ੍ਹਾਂ ਵਿਚ ਉਹਦੇ ਭਾਵ ਪ੍ਰਗਟ ਕੀਤੇ ਗਏ ਹਨ। ਕਈਆਂ ਆਲੋਚਕਾਂ ਨੇ ਉਸ ਨੂੰ ਰਹੱਸਵਾਦੀ ਸੂਫ਼ੀ, ਉਪਦੇਸ਼ਕ ਆਦਿ ਲੱਛਣਾਂ ਨਾਲ ਵਰਣਿਤ ਕੀਤਾ ਹੈ। ਭਗਤੀ ਕਾਵਿ ਰੂੜ੍ਹਗਤ ਹੈ। ਇਸ ਵਿਚ ਦੁਨੀਆ ਦੇ ਬਣਾਉਣ ਵਾਲੇ ਦੀ ਪ੍ਰਸ਼ੰਸਾ, ਉਸ ਪ੍ਰਤੀ ਸੁਖ ਤੇ ਸ਼ਾਂਤੀ ਲਈ ਪ੍ਰਾਰਥਨਾ, ਧੰਨ ਦੌਲਤ ਤੇ ਸੰਤਾਨ ਲਈ ਯਾਚਨਾ, ਵੈਰੀਆਂ ਨੂੰ ਨਸ਼ਟ ਕਰਨ ਲਈ ਉਸ ਦਾ ਆਸਰਾ ਲੈਣਾ ਆਦਿ ਵਿਸ਼ੇ ਹੁੰਦੇ ਹਨ। ਇਹ ਕਾਵਿ ਇਕੋ ਜੇਹਾ ਹੁੰਦਾ ਹੈ, ਭਾਵੇਂ ਕੋਈ ਰਚੇ। ਇਸ ਵਿਚ ਕੇਵਲ ਜ਼ੋਰ ਜਾਂ ਦੁਹਰਾਈ ਦਾ ਅੰਤਰ ਹੋ ਸਕਦਾ ਹੈ। ਸੂਫ਼ੀਵਾਦ ਵੀ ਉਸ ਅਲਾਹ ਨਾਲ ਆਤਮਤਾ (identity) ਪੈਦਾ ਕਰਨ ਦਾ ਜਤਨ ਹੈ। ਇਹ ਵੀ ਰੂੜ੍ਹੀਗਤ (conventional) ਹੋ ਗਿਆ ਹੈ। ਧਾਰਮਿਕ ਕਾਵਿ ਦਾ ਤੀਜਾ ਨਮੂਨਾ ਅਵਤਾਰਵਾਦ ਹੈ। ਕਵੀ ਕਿਸੇ ਪੀਰ, ਪੈਗੰਬਰ, ਸੰਤ ਮਹਾਤਮਾ, ਜਾਂ ਗੁਰੂ ਨੂੰ ਕਰਾਮਾਤੀ ਸਮਝ ਕੇ ਉਸ ਪ੍ਰਤੀ ਕਿਸੇ ਉੱਦੇਸ਼ ਲਈ ਪ੍ਰਾਰਥਨਾ ਕਰਦਾ ਹੈ। ਹਾਸ਼ਮ ਦਾ ਧਾਰਮਿਕ ਕਾਵਿ ਵੀ ਇਨ੍ਹਾਂ ਤਿੰਨਾਂ ਨਮੂਨਿਆਂ ਦਾ ਹੈ। ਸੂਫ਼ੀ ਹਾਸ਼ਮ ਦਾ ਪੀਰ ਅਬਦੁਲ ਕਾਦਰ ਜੀਲਾਨੀ ਸੀ ਜੋ ਕਾਦਰੀ ਸੰਪ੍ਰਦਾਇ ਦਾ ਮੋਢੀ ਸੀ। ਹਾਸ਼ਮ ਦੀ ਰਚਨਾ 'ਮਾਅਦਿਨ ਫੈਜ਼' ਪੀਰ ਭਗਤੀ ਦਾ ਕਾਵਿ ਹੈ। ਕਈਆਂ ਵਿਚ ਅਹੰਕਾਰ ਸਾਧਾਰਨ ਆਦਮੀਆਂ ਤੋਂ ਵਧੇਰੇ ਹੁੰਦਾ ਹੈ। ਅਹੰਕਾਰੀ ਜਾਂ ਤਾਂ ਅੰਤਰਮੁਖੀ ਹੁੰਦਾ ਹੈ ਜਾਂ ਬਾਹਰਮੁਖੀ। ਅੰਤਰਮੁਖੀ ਜਾਂ ਕਲਾਕਾਰ ਜਾਂ ਦਾਰਸ਼ਨਿਕ ਬਣਦੇ ਹਨ। ਪਰ ਬਾਹਰਮੁਖੀ ਪਾਲੀਟੀਸ਼ਨ, ਸੂਰਮੇ, ਖਿਲਾੜੀ, ਸੈਲਾਨੀ ਜਾਂ ਚੋਰ ਡਾਕੂ ਤੇ ਲੁਟੇਰੇ ਬਣ ਜਾਂਦੇ ਹਨ। ਜਵਾਨੀ ਵਿਚ ਬਹੁਤ ਬਾਹਰਮੁਖੀ ਹੋਣਾ ਸੁਭਾਵਿਕ ਹੈ, ਕਿਉਂ ਜੋ ਇਸ ਅਵਸਥਾ ਵਿਚ ਸ਼ਰੀਰਕ ਸ਼ਕਤੀ ਅਤੇ ਖ਼ੂਨ ਦੀ ਗਰਮੀ ਅਤਿ ਦੀ ਹੁੰਦੀ ਹੈ ਜੋ ਵੱਡੀ ਉਮਰ ਵਿਚ ਘਟਦੀ-ਘਟਦੀ ਬੁਢਾਪੇ ਵਿਚ ਨਾਮ ਮਾਤਰ ਰਹਿ ਜਾਂਦੀ ਹੈ। ਇਸ ਕਰਕੇ ਆਮ ਆਦਮੀ ਵੀ ਜਵਾਨੀ ਵਿਚ ਇਸ਼ਕ ਵੱਲ ਅਤੇ ਬੁਢੇਪੇ ਵਿਚ ਧਰਮ ਵੱਲ ਵਧੇਰੇ ਜੁੜਦਾ ਹੈ। ਹਾਸ਼ਮ ਨੇ ਜਵਾਨੀ ਵਿਚ ਇਸ਼ਕ ਦੇ ਕਿੱਸੇ ਲਿਖੇ ਅਤੇ ਬੁਢੇਪੇ ਵਿਚ ਧਰਮ ਅਤੇ ਫ਼ਲਸਫ਼ੇ ਦੀਆਂ ਰਚਨਾਵਾਂ ਕੀਤੀਆਂ। ਦੋਹੜਿਆਂ ਵਿਚ ਇਸ਼ਕ ਦਾ ਫ਼ਲਸਫ਼ਾ ਹੈ ਜਦ ਕਿ ਕਿੱਸਿਆਂ ਵਿਚ ਇਸ਼ਕ ਦੀਆਂ ਕਹਾਣੀਆਂ ਹਨ। ਕਈ ਆਲੋਚਕਾਂ ਦਾ ਵਿਚਾਰ ਹੈ ਕਿ ਆਪਣੀ ਕਿਸ਼ੋਰ ਅਵਸਥਾ ਵਿਚ ਜਦ ਉਹ ਜਗਦੇਓ ਕਲਾ ਵਿਚ ਰਹਿੰਦਾ ਸੀ ਅਤੇ ਇਸ ਦੇ ਆਸ ਪਾਸ ਵਿਚਰਦਾ ਸੀ, ਤਦ ਉਸ ਦਾ ਕਿਸੇ ਜਵਾਨ ਲੜਕੀ ਨਾਲ ਪਿਆਰ ਪੈ ਗਿਆ। ਉਸ ਪਿਆਰ ਲਈ ਉਸ ਦੀ ਬਹੁਤ ਬਦਨਾਮੀ ਹੋਈ ਜਿਸ ਦੇ ਕਾਰਨ ਉਸ ਨੂੰ ਜਗਦੇਓ ਕਲਾਂ ਛੱਡਣਾ ਪੈ ਗਿਆ। ਉਸ ਦੇ ਰਚੇ ਗਏ ਇਸ਼ਕ ਦੇ ਕਿੱਸੇ ਉਸ ਦੀ ਨਿਰਾਸ਼ਾ ਦੇ ਪ੍ਰਤੀਕ ਬਣ ਗਏ। ਸੱਸੀ-ਪੁਨੂੰ, ਹੀਰ-ਰਾਂਝਾ ਅਤੇ ਸੋਹਣੀ-ਮੇਂਹੀਵਾਲ ਦੇ ਦੁਖਾਂਤ ਵਿਚ ਉਸ ਨੇ ਆਪਣਾ ਦੁਖਾਂਤ ਵੇਖਿਆ। ਇਸ ਤਰ੍ਹਾਂ ਉਸ ਨੇ ਨਿਜੀ ਅਨੁਭਵ ਦਾ ਉਦਾਤੀਕਰਣ ਕਰ ਦਿੱਤਾ। ਅਰਸਤੂ ਦੀ ਭਾਸ਼ਾ ਵਿਚ ਇਨ੍ਹਾਂ ਕਿੱਸਿਆਂ ਦੁਆਰਾ ਹਾਸ਼ਮ ਦਾ ਕੈਥਾਰਸਿਸ ਹੋ ਗਿਆ।

ਪਿਆਰਾ ਸਿੰਘ ਪਦਮ ਦਾ ਕਹਿਣਾ ਹੈ ਕਿ ਸ਼ੀਰੀਂ ਫ਼ਰਹਾਦ ਦੇ ਕਿੱਸੇ ਵਿਚ ਹਾਸ਼ਮ ਦਾ ਕੈਥਾਰਸਿਸ ਵਧੇਰੇ ਹੋਇਆ ਕਿਉਂ ਜੋ ਫ਼ਰਹਾਦ ਨਾਲ ਹਾਸ਼ਮ ਦੀ ਨਿੱਜੀ ਆਤਮਤਾ ਬਣ ਸਕੀ। ਦੂਜੇ ਦੁਖਾਂਤ ਵਿਚ ਤੀਵੀਆਂ ਆਸ਼ਕ ਹਨ ਅਤੇ ਆਦਮੀ ਮਾਸ਼ੂਕ, ਨਾਮਰਦਾਂ ਜੇਹੇ, ਚੂਰੀਆਂ ਖਾਉਣ ਵਾਲੇ, ਕਾਇਰ, ਗਤੀਹੀਨ, ਅਣਖਹੀਨ। ਫ਼ਰਹਾਦ ਇਸ਼ਕ ਦੀ ਸਫ਼ਲਤਾ ਲਈ ਪਹਾੜ ਚੀਰ ਕੇ ਨਹਿਰ ਕੱਢਦਾ ਹੈ ਪਰ ਨਿਰਾਸ਼ਾ ਵਿਚ ਉਹਦਾ ਦੁਖਾਂਤ ਹੋ ਜਾਂਦਾ ਹੈ, ਜਿਸ ਤਰ੍ਹਾਂ ਹਾਸ਼ਮ ਦਾ ਆਪਣਾ ਹੋ ਚੁੱਕਾ ਸੀ, ਪਰ ਭਾਗ ਨਾਲ ਉਹ ਦੁਖਾਂਤ ਵਿਚ ਮਰ ਨ ਸਕਿਆ :

ਸਾਬਤ ਮੁਇਆ ਸੁ ਕਾਮਲ ਹੋਇ, ਮੁਕਤ ਮੁਇਆਂ ਬਿਨ ਨਾਹੀਂ।
ਹਾਸ਼ਮ ਜਾਨ ਬਜਾਏਂ ਮਰਨੋਂ, ਰਹਿਆ ਖ਼ਰਾਬ ਤਦਾਹੀਂ। 462।

ਆਪਣੇ ਆਪ ਨੂੰ ਸਲਾਮਤ ਕਰਦਾ ਹੋਇਆ ਹਾਸ਼ਮ ਫਿਰ ਕਹਿੰਦਾ ਹੈ :

ਤੂੰ ਭੀ ਲਾਫ਼ ਮਰੇਨਾ ਹਾਸ਼ਮ, ਪੈਰ ਇਸ਼ਕ ਵਿਚ ਧਰਕੇ।
ਹੈ ਸਦ ਹੈਫ਼! ਨ ਕਿਧਰੇ ਪਹੁਤੋਂ, ਮਜ਼ਾ ਨ, ਪਾਸਿਓ ਮਰਕੇ।

ਨਦਾਮਤ ਤੋਂ ਕਈ ਵਾਰ ਮੌਤ ਭਲੀ ਲੱਗਦੀ ਹੈ ਪਰ ਮਰਨ ਲਈ ਅਤਿ ਦਾ ਜਜ਼ਬਾ ਚਾਹੀਦਾ ਹੈ, ਜਿਸ ਵਿਚ ਆਤਮ-ਘਾਤ ਜਾਂ ਦੂਜੇ ਦਾ ਘਾਤ ਹੋ ਸਕਦਾ ਹੈ। ਪਹਿਲਾਂ ਜਾਂ ਪਿਛਾਂ ਇਸ ਤਰ੍ਹਾਂ ਨਹੀਂ ਹੋ ਸਕਦਾ। ਨਿਜੀ ਅਨੁਭਵ ਨੇ ਹਾਸ਼ਮ ਨੂੰ ਦੱਸਿਆ :

ਪਰ ਇਹ ਇਸ਼ਕ ਸੁਖਾਲਾ ਨਾਹੀਂ ਖੱਰਾ ਔਖੇਰਾ ਕਰਨਾ।
ਇਕ ਵਾਰੀ ਮਰ ਜਾਵੇ ਹਰ ਇਕ, ਆਸ਼ਕ ਪਲ ਪਲ ਮਰਨਾ।

ਗ਼ਾਲਿਬ ਨੇ ਵੀ ਕਿਹਾ ਹੈ :

ਇਸ਼ਕ ਕੇ ਅੰਜਾਮ ਪਿਹ ਰੋਨਾ ਆਇਆ।

ਬੁਢੇਪੇ ਵਿਚ ਹਾਸ਼ਮ ਨੇ ਇਸ਼ਕ ਦਾ ਫਲਸਫਾ 'ਦੋੜ੍ਹਿਆਂ' ਵਿਚ ਛਾਂਟਿਆ। ਇਸ ਦਾ ਆਪਣਾ ਅਨੁਭਵ ਦੂਜਿਆਂ ਤੋਂ ਵਧੇਰੇ ਕੌੜਾ ਪਰ ਕਿੱਸੇ ਦੇ ਪਾਤਰਾਂ ਤੋਂ ਘੱਟ ਦੁਖਾਂਤਕ ਸੀ। ਫਿਰ ਇਹ ਅਨੁਭਵ ਹਰ ਜਵਾਨ ਲੜਕੀ ਜਾਂ ਲੜਕੇ ਦੇ ਭਾਗਾਂ ਵਿਚ ਆਉਂਦਾ ਹੈ। ਕਿਸੇ ਦੀਆਂ ਉਂਗਲੀਆਂ ਲੜਦੀਆਂ ਹਨ ਪਰ ਕਿਸੇ ਦਾ ਮੂੰਹ ਕਾਲਾ ਹੋ ਜਾਂਦਾ ਹੈ।

ਦਰਬਾਰੀ ਅਨੁਭਵ ਤੋਂ ਛੁੱਟ ਹਾਸ਼ਮ ਦਾ ਦੂਜਾ ਅਨੁਭਵ ਆਪਣੇ ਉਸਤਾਦ ਦੀ ਸ਼ਾਗਿਰਦੀ ਸੀ। ਇਸ ਉਸਤਾਦ ਦਾ ਨਾਮ ਸੰਤ ਮਾਣਕ ਦਾਸ ਸੀ ਜੋ ਜਗਦੇਓ ਕਲਾਂ ਤੋਂ ਚਾਰ ਕੁ ਮੀਲ ਦੂਰ ਕੰਦੇਵਾਲੀ ਪਿੰਡ ਵਿਚ ਰਹਿੰਦਾ ਸੀ। ਇਸ ਉਸਤਾਦ ਬਾਰੇ ਕੁਝ ਜਾਣਕਾਰੀ ਪ੍ਰਾਪਤ ਨਹੀਂ ਹੋਈ। ਪਰ ਇਤਨਾ ਦੱਸਿਆ ਗਿਆ ਹੈ ਕਿ ਉਹ ਸੰਤ ਕਵੀ ਵੀ ਹੋਣੇ ਅਤੇ ਹਿੰਦੂ ਧਰਮ ਅਤੇ ਹਿੰਦੂ ਧਾਰਮਿਕ ਸਾਹਿੱਤ ਵਿਚ ਗਿਆਨਵਾਨ ਵੀ ਹੋਣੇ, ਹਾਸ਼ਮ ਦੇ ਕਾਵਿ ਵਿਚ ਹਿੰਦੀ ਸ਼ਬਦਾਂ ਦੀ ਮਾਤਰਾ ਦੂਜੇ ਮੁਸਲਮਾਨ ਕਵੀਆਂ ਤੋਂ ਵਧੇਰੇ ਹੈ। ਕਿੱਸਿਆਂ ਦਾ ਆਰੰਭਿਕ ਮੰਗਲਾਚਰਣ ਵੀ ਹਿੰਦੀ ਕਾਵਿ ਤੋਂ ਪ੍ਰਭਾਵਿਤ ਹੋਇਆ ਲੱਗਦਾ ਹੈ। ਚਾਰੇ ਕਿੱਸਿਆਂ ਦੇ ਆਰੰਭ ਦਾ ਮੁਕਾਬਲਾ ਕਰਨ ਤੋਂ ਪਤਾ ਲੱਗਦਾ ਹੈ :

(1) 'ਹੀਰ ਰਾਂਝੇ ਕੀ ਬਿਰਤੀ'–ਤੀਹਾਂ ਬੈਂਤਾਂ ਵਿਚ ਸਰਬ ਲਿਖਯਤੇ, ਮੰਗਲਾਚਰਣ, ਕੇਵਲ ਚਾਰ ਤੁਕਾਂ ਵਿਚ।

(2) "ਅਥ-ਮੌਜੁਲ ਸਿੰਧ ਗ੍ਰਿਥ ਲਿਖਯਤੇ। ਕਿੱਸਾ ਸੋਹਣੀ ਮਹੀਂਵਾਲ ਦਾ।" ਮੰਗਲਾਚਰਣ ਬਾਰਾਂ ਤੁਕਾਂ-ਚਾਰ ਬੰਦ। ਧਿਆਵਉਂ, ਉਪਾਇਆ ਆਦਿ ਸ਼ਬਦਾਂ ਦੀ ਵਰਤੋਂ।

(3) 'ਕਿੱਸਾ ਸਸੀ ਪੁਨੂੰ ਦਾ'। ਮੰਗਲਾਚਰਣ ਦੇ ਦੋ ਬੰਦ ਜਾਂ ਅਠ ਤੁਕਾਂ ਤੇ ਹਿੰਦੀ ਦਾ ਕੇਵਲ ਇਕ ਸ਼ਬਦ 'ਚਤੁਰਾਈ' ਹੈ।

(4) ਸ਼ੀਰੀਂ ਫ਼ਰਹਾਦ ਕੀ ਬਾਰਤਾ।

(ਕ) ਪ੍ਰਿਥਮੇ ਉਸਤਤ ਸਾਹਿਬ ਦੀ–24 ਤੁਕਾਂ
(ਖ) ਪਿਛਲੇ ਔਰ ਇਸ ਸਮੇਂ ਕੀ ਬਾਰਤਾ–60 ਤੁਕਾਂ
(ਗ) ਅਥ ਕਥਾ ਸ਼ੀਰੀ ਫਰਹਾਦ ਦੀ–939 ਤੁਕਾਂ,
ਹਿੰਦੀ ਸ਼ਬਦਾਂ ਦੀ ਵਰਤੋਂ ਜਿਵੇਂ ਕਿ : 'ਅਪਰ ਅਪਾਰਾ', 'ਨਿਆਰਾ', 'ਦਾਤਾ', 'ਭਿਖਾਰੀ', 'ਜਪੇਂਦੇ' ਆਦਿ।

'ਸ਼ੀਰੀ ਫ਼ਰਹਾਦ'–ਦਾ ਕਿੱਸਾ ਆਖਰੀ ਕਿੱਸਾ ਜਾਪਦਾ ਹੈ ਜੋ ਸੰਨ 1812 ਵਿਚ ਰਣਜੀਤ ਸਿੰਘ ਦੇ

ਦਰਬਾਰ ਦੀ ਭੇਂਟ ਕੀਤਾ ਗਿਆ ਸੀ। ਇਸ ਵਿਚ ਮੰਗਲਾਚਰਣ ਤੋਂ ਛੁਟ ਸਮਕਾਲੀ ਸਮਾਜਿਕ ਤੇ ਰਾਸਟਰ ਸਥਿਤੀ ਉੱਤੇ ਟਿੱਪਣੀ ਵੀ ਹੈ ਜੋ ਰਣਜੀਤ ਸਿੰਘ ਤੋਂ ਪਹਿਲੇ ਕਾਲ ਉੱਤੇ ਕੀਤੀ ਗਈ ਜਾਪਦੀ ਹੈ। ਇਸ ਵਿਚ ਸੰਤ ਉਸਤਾਦ ਅਤੇ ਨਵੀਂ ਸਰਕਾਰ ਦੇ ਵਾਯੂਮੰਡਲ ਦਾ ਪ੍ਰਭਾਵ ਉਲੀਕਿਆ ਜਾ ਸਕਦਾ ਹੈ ਜੋ ਨਿਜੀ ਸੰਪਰਕ ਅਤੇ ਅਨੁਭਵ ਦੇ ਆਧਾਰ ਉੱਤੇ ਹੀ ਹੋ ਸਕਦਾ ਹੈ। ਇਸ ਪ੍ਰਭਾਵ ਹੇਠ ਮੰਗਲਾਚਰਣ ਵਿਚ ਭਾਰਤੀ ਰਹੱਸਵਾਦ ਦੀ ਝਲਕ ਵੀ ਦਿਸਦੀ ਹੈ, ਜਿਵੇਂ :

ਹਰ ਹਰ ਦਿਲ ਵਿਚ ਨੂਰ ਉਸੇ ਦਾ,
ਪਰ ਉਹ ਆਪ ਨਿਆਰਾ।

'ਸ਼ੀਰੀ ਫ਼ਰਹਾਦ' ਤੋਂ ਤੁਟ 'ਸੋਹਣੀ ਮੇਹੀਂਵਾਲ' ਵਿਚ ਵੀ ਇਹ ਸੂਖਮ ਸੰਕਲਪ ਨਜ਼ਰ ਆਉਂਦਾ ਹੈ ਜਿਸ ਵਿਚ ਰੱਬ ਨੂੰ ਕੇਵਲ ਸੱਤਵੇਂ ਆਸਮਾਨ ਵਿਚ ਹੀ ਨਹੀਂ ਬੰਦ ਕਰ ਦਿੱਤਾ ਗਿਆ ਹੈ, ਸਗੋਂ ਸੂਰਜ ਵਾਂਗ ਉਸ ਦਾ ਨੂਰ ਸਾਰੀ ਕਾਇਨਾਤ ਵਿਚ ਫੈਲ ਰਿਹਾ ਹੈ :

ਬੇਰੰਗੀ ਲਖ ਰੰਗ ਸਵਾਰੀ ਕਰ ਗੁਲਜ਼ਾਰ ਪਸਾਰੀ।
ਇਕ ਨ ਦੂਜੇ ਜੇਹਾ ਹਰਗਿਜ਼ ਸੂਰਤ ਸ਼ਕਲ ਨਿਆਰੀ।
ਹਾਸ਼ਮ (ਜਲਵਾ) ਜ਼ਾਤ ਉਸੇ ਦਾ, ਖਾਕੀ ਨੂਰੀ ਨਾਰੀ। 2।

ਜੇ ਇਨਸਾਨ ਆਦਮ ਦੇ ਰੂਪ ਵਿਚ ਮਿੱਟੀ ਦਾ ਪੁਤਲਾ ਹੈ ਅਤੇ ਬਹਿਸ਼ਤ ਤੋਂ ਇਸ ਧਰਤੀ ਤੇ ਗੁਨਾਹਗਾਰ ਹੋਣ ਕਰਕੇ ਸੁਟਿਆ ਗਿਆ ਹੈ, ਤਾਂ ਉਸ ਦੇ ਦਿਲ ਵਿਚ ਅਤੇ ਉਸ ਦੀ ਸ਼ਕਲ ਵਿਚ ਰੱਬ ਦੇ ਨੂਰ ਦਾ ਹੋਣਾ ਭਾਰਤੀ ਸੰਕਲਪ ਅਤੇ ਸਾਮਾਨਤੀ ਸੰਕਲਪ ਦਾ ਸੁਮੇਲ ਹੈ। ਭਾਰਤੀ ਸੰਕਲਪ ਸਾਮਾਨਤੀ ਸੰਕਲਪ ਵਾਂਗ ਇਨਸਾਨ ਨੂੰ ਜਨਮ ਤੋਂ ਗੁਨਾਹਗਾਰ ਨਹੀਂ ਸਮਝਦਾ, ਜਿਸ ਨੇ ਬਹਿਸ਼ਤ ਵਿਚ ਰਹਿ ਕੇ ਸੇਬ ਤੋੜ ਕੇ ਖਾਣ ਤੇ ਰੱਬ ਦੇ ਹੁਕਮ ਦੀ ਅਵੱਗਿਆ ਕੀਤੀ ਹੈ। ਉਹ ਜਮਾਂਦਰੂ ਗੁਨਾਹਗਾਰ ਨਹੀਂ, ਸਗੋਂ ਉਸ ਦੀ ਇਕ ਚਿਣਗ ਦਾ ਸਾਕਾਰ ਹੈ ਤੇ ਸਥੂਲ ਰੂਪ ਹੈ।

ਲਾਹੌਰ ਦਰਬਾਰ ਕਾਲ ਦਾ ਪੰਜਾਬੀ ਸਾਹਿੱਤ

ਡਾ. ਗੁਰਬਚਨ ਸਿੰਘ ਨੱਜਰ

ਲਾਹੌਰ ਦਰਬਾਰ (1799-1849 ਈ.) ਨਾਲ ਸੰਬੰਧਿਤ ਪੰਜਾਬੀ ਸਾਹਿੱਤ ਦਾ ਵਿਸ਼ਾ ਇਕ ਅਜਿਹਾ ਵਿਸ਼ਾ ਹੈ ਜਿਸ ਵੱਲ ਅਜੇ ਵਿਦਵਾਨਾਂ ਦਾ ਉਚੇਚਾ ਧਿਆਨ ਨਹੀਂ ਗਿਆ । ਲਾਹੌਰ ਦਰਬਾਰ ਵਿਚ ਰੁਚੀ ਰਖਣ ਵਾਲੇ ਵਿਦਵਾਨ ਕੇਵਲ ਇਸ ਕਾਲ ਦੀ ਰਾਜਸੀ ਦੇਣ ਅਤੇ ਰਾਜਨੀਤਿਕ ਆਧਾਰਾਂ ਰਾਹੀਂ ਪ੍ਰਾਪਤ ਕੀਤੀਆਂ ਦੇਸ਼-ਦਿਸਾਂਤਰੀ ਜਿੱਤਾਂ ਅਤੇ ਮੱਲਾਂ ਮਾਰ ਕੇ ਕਬਜ਼ੇ ਹੇਠ ਕੀਤੇ ਇਲਾਕਿਆਂ ਦੇ ਫੈਲਾਉ ਨਾਲ ਹੀ ਸੰਤੁਸ਼ਟ ਹੋਏ ਪ੍ਰਤੀਤ ਹੁੰਦੇ ਹਨ, ਪਰੰਤੂ ਇਸ ਕਾਲ ਨਾਲ ਸੰਬੰਧਿਤ ਸਮਕਾਲੀ ਜਾਂ ਨਿਕਟ ਸਮਕਾਲੀ ਪੰਜਾਬੀ ਸਾਹਿੱਤ ਦੀ ਆਲੋਚਨਾ ਕੀਤਿਆਂ ਪਤਾ ਚਲਦਾ ਹੈ ਕਿ ਸਾਹਿੱਤਿਕ ਖੇਤਰ ਵਿਚ ਲਾਹੌਰ ਦਰਬਾਰ ਦੀ ਦੇਣ ਵੀ ਕੁਝ ਘੱਟ ਨਹੀਂ ਸੀ । ਮਹਾਰਾਜਾ ਰਣਜੀਤ ਸਿੰਘ ਦਾ ਸਮਾਂ ਇਤਿਹਾਸ ਵਿਚ ਅਜਿਹਾ ਸਮਾਂ ਸੀ ਜਦੋਂ ਧਰਮ, ਵਿਦਵੱਤਾ ਅਤੇ ਫ਼ੌਜੀ ਬਹਾਦਰੀ ਦੇ ਵਿਸ਼ਿਆਂ ਨੇ ਸਮਾਜਿਕ ਜੀਵਨ ਦੇ ਤਾਣੇ-ਪੇਟੇ ਨੂੰ ਗੁੰਦਿਆ ਸੀ । ਇਤਿਹਾਸ ਦੇ ਪੰਨੇ ਖਿੰਡਰੀ-ਪੁੰਡਰੀ ਅਤੇ ਲੁੱਕੀ-ਛਿਪੀ ਗਵਾਹੀ ਦਿੰਦੇ ਹਨ ਜੋ ਸਾਹਿੱਤਿਕ ਖੋਜ ਰਾਹੀਂ ਉਜਾਗਰ ਕੀਤੀ ਜਾ ਸਕਦੀ ਹੈ ਕਿ ਪੰਜਾਬੀ ਸਾਹਿੱਤ ਦੀ ਉੱਨਤੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸਮੇਂ ਵਿਸ਼ੇਸ਼ ਰੂਪ ਵਿਚ ਪੰਜਾਬੀ ਕਵਿਤਾ ਦੇ ਰੂਪ ਵਿਚ ਸਾਹਮਣੇ ਆਈ । ਇਸ ਰਾਜ-ਕਾਲ ਵਿਚ ਬੀਰ ਰਸ ਅਤੇ ਸ਼ਿੰਗਾਰ ਰਸ ਭਰਪੂਰ ਕਵਿਤਾਵਾਂ ਨੇ ਜੋ ਜੌਹਰ ਵਿਖਾਏ, ਉਸ ਦੇ ਪ੍ਰਮਾਣ ਸਹਿਜੇ ਹੀ ਮਿਲ ਸਕਦੇ ਹਨ । ਇਸ ਸਮੇਂ ਵਿਚ ਕਈ ਪ੍ਰੇਮ-ਕਿੱਸੇ ਅਤੇ ਕਹਾਣੀਆਂ ਲਿਖੀਆਂ ਗਈਆਂ, ਜੋ ਇਸ਼ਕ ਮਜਾਜ਼ੀ ਅਤੇ ਹਕੀਕੀ ਦੀ ਜਿਊਂਦੀ-ਜਾਗਦੀ ਤਸਵੀਰ ਹਨ । ਅਨੇਕ ਕਵੀਆਂ ਦੀਆਂ ਅਜਿਹੀਆਂ ਕਈ ਰਚਨਾਵਾਂ ਸਾਡੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ । ਇਸੇ ਤਰ੍ਹਾਂ ਬੀਰ ਰਸ ਨਾਲ ਸੰਬੰਧਿਤ ਪੰਜਾਬੀ ਕਵਿਤਾ ਦੀ ਵੀ ਲਾਹੌਰ ਦਰਬਾਰ ਸਮੇਂ ਉਚੇਚੀ ਰਚਨਾ ਹੋਈ ਪ੍ਰਤੀਤ ਹੁੰਦੀ ਹੈ । ਭਾਰਤੀ ਅਤੇ ਅਰਬੀ ਸਭਿਆਚਾਰ, ਇਤਿਹਾਸ ਅਤੇ ਮਿਥਿਹਾਸ ਨੇ ਪੰਜਾਬੀ ਦੇ ਸਾਹਿੱਤਿਕ ਕਲਾਕਾਰਾਂ ਨੂੰ ਸਾਮਗ੍ਰੀ ਇਕੱਤਰ ਕਰਨ ਹਿਤ ਬਹੁਤ ਸਹਾਇਤਾ ਦਿੱਤੀ । ਮਹਾਰਾਜਾ ਰਣਜੀਤ ਸਿੰਘ ਦੇ ਸਮੇ ਨਵੀਆਂ-ਨਵੀਆਂ ਕਹਾਣੀਆਂ ਨੂੰ ਵਿਚਾਰ ਗੋਚਰੇ ਰਖ ਕੇ ਪੰਜਾਬੀ ਸਾਹਿੱਤ ਦੇ ਭਿੰਨ-ਭਿੰਨ ਰੂਪਾਂ ਵਿਚ ਪੇਸ਼ ਕੀਤਾ ਜਾਣ ਲੱਗਾ ।

ਅਸਲ ਵਿਚ ਲਾਹੌਰ ਦਰਬਾਰ ਦੇ ਰਾਜ ਦਾ ਸਮਾਂ ਉਪਰੋਕਤ ਵਰਣਨ ਕੀਤੇ ਗਏ ਪੰਜਾਬੀ ਸਾਹਿੱਤ ਦੀ ਉੱਨਤੀ ਦੇ ਸਿਖਰ ਦਾ ਸਮਾਂ ਸੀ । ਇਸ ਦੇ ਕਈ ਕਾਰਨ ਹਨ । ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਬਾਰਾਂ ਮਿਸਲਾਂ ਅਤੇ ਨਜ਼ਦੀਕੀ ਰਜਵਾੜਿਆਂ ਨੂੰ ਆਪਣੇ ਰਾਜ ਵਿਚ ਮਿਲਾ ਕੇ ਇਕ ਕੇਂਦਰਿਤ ਰਾਜ ਭਾਗ ਦਾ ਰੂਪ ਪ੍ਰਦਾਨ ਕੀਤਾ । ਮਿਸਲਾਂ ਦੇ ਸਰਦਾਰਾਂ ਅਤੇ ਮਿਸਲਦਾਰਾਂ ਨੂੰ ਉਨ੍ਹਾਂ ਦੇ ਖੋਹੇ ਜਾਂ ਜਿੱਤੇ ਹੋਏ ਇਲਾਕਿਆਂ ਦੇ ਬਦਲੇ ਵਿਚ ਦਿਲ ਖੋਲ੍ਹ ਕੇ ਜਾਗੀਰਾਂ ਦਿੱਤੀਆਂ ਗਈਆਂ ਤਾਂ ਜੋ ਸ਼ਾਂਤਮਈ ਵਾਤਾਵਰਣ ਬਣਿਆ ਰਹੇ । ਮਹਾਰਾਜਾ ਰਣਜੀਤ ਸਿੰਘ ਦਾ ਧਰਮ ਨਿਰਪੇਖ ਸਮਰਾਟ ਹੋਣਾ ਇਸ ਦਿਸ਼ਾ ਵੱਲ ਇਕ ਪਕੇਰਾ ਕਦਮ ਸੀ । ਜਾਗੀਰਦਾਰ ਸ਼੍ਰੇਣੀ ਜੋ ਮੁਗ਼ਲ ਸਾਮਰਾਜ ਦੇ ਢਹਿ ਢੇਰੀ ਹੋਣ ਨਾਲ ਉੱਥਲ ਪੁਥਲ ਹੋ ਚੁੱਕੀ ਸੀ, ਫਿਰ ਇਕ ਵਿਉਂਤ ਅਤੇ ਜੱਥੇਬੰਦੀ ਵਿਚ ਆਈ ਅਤੇ ਜਾਗੀਰਦਾਰ ਲੋਕਾਂ ਲਈ ਵਿਹਲ ਨੂੰ ਬਿਤਾਉਣ ਦਾ ਸੁਚੱਜਾ ਅਤੇ ਸੌਖਾ ਢੰਗ, ਪਿਆਰ ਕਿੱਸੇ-ਕਹਾਣੀਆਂ ਦੀ ਦੁਨੀਆ ਵਿਚ ਲੀਨ ਹੋ ਕੇ ਮੌਜ ਦਾ ਜੀਵਨ ਬਿਤਾਉਣਾ ਸਹਿਜੇ ਹੀ ਸੁਖਾਵਾਂ ਅਤੇ ਲਾਜ਼ਮੀ ਸਮਝਿਆ ਜਾਣ ਲੱਗਾ । ਇਸ ਦੇ ਫਲਸਰੂਪ ਕਿੱਸੇ-ਕਹਾਣੀਆਂ ਜਾਂ ਬਜ਼ਮੀ ਕਵਿਤਾ ਦੇ ਮਾਧਿਅਮ ਦੇ ਰੂਪ ਅਤੇ ਰਵਾਇਤੀ ਰਜ਼ਮੀਆ ਕਵਿਤਾ ਦੀ ਸ਼ਕਲ ਵਿਚ ਪੰਜਾਬੀ ਕਵਿਤਾ ਨੇ ਆਪਣੀਆਂ ਜ਼ੁਲਫ਼ਾਂ

ਨੂੰ ਭਲੀ ਭਾਂਤ ਸੰਵਾਰਿਆ। ਕਿਉਂ ਜੋ ਉਸ ਸਮੇਂ ਵਿਚ ਮੁਲਕ ਨੂੰ ਬਾਹਰਲੇ ਹਮਲਾਵਰਾਂ ਤੋਂ ਬਚਾਉਣ ਲਈ ਜਿਸਮਾਨੀ ਸ਼ਕਤੀ ਅਤੇ ਲੜਾਈ ਦੇ ਢੰਗਾਂ ਦੀ ਸੁਚੱਜੀ ਵਰਤੋਂ ਅਤੇ ਸਿੱਖਿਆ ਦੀ ਲੋੜ ਅਨੁਭਵ ਹੋਈ, ਇਸ ਲਈ ਬੀਰ-ਰਸੀ ਕਵਿਤਾ ਨੂੰ ਅਜ਼ੀਮ ਦਰਜਾ ਦਿੱਤਾ ਗਿਆ। ਯੁੱਧਾਂ ਸੰਬੰਧੀ ਬੀਰਤਾ ਭਰੀਆਂ ਘਟਨਾਵਾਂ ਪੰਜਾਬੀ ਕਵਿਤਾ ਦਾ ਮੁੱਖ ਵਿਸ਼ਾ ਬਣ ਗਈਆਂ। ਇਸ ਕਾਲ ਵਿਚ ਪੰਜਾਬੀ ਸਾਹਿੱਤ ਦੀ ਪ੍ਰਫੁਲਤਾ ਦਾ ਇਕ ਹੋਰ ਕਾਰਨ ਲਾਹੌਰ ਦਰਬਾਰ ਵੱਲੋਂ ਖੁਲ੍ਹ-ਦਿਲੀ ਨਾਲ ਕੀਤੀ ਜਾਣ ਵਾਲੀ ਹੌਸਲਾ-ਅਫ਼ਜ਼ਾਈ ਅਤੇ ਸਾਹਿੱਤ-ਪਰਵਰੀ ਸੀ ਜਿਸ ਦਾ ਵਰਣਨ ਇਤਿਹਾਸ ਵਿਚ ਮਿਲਦਾ ਹੈ। ਇਸ ਸਾਹਿੱਤਿਕ ਦਿਲਬਰੀ ਸਦਕਾ ਕਈਆਂ ਨੇ ਪੰਜਾਬੀ ਕਵਿਤਾ ਨੂੰ ਰੋਜ਼ਗਾਰ ਦਾ ਸਾਧਨ ਮੰਨ ਲਿਆ ਜਿਸ ਨਾਲ ਪੰਜਾਬੀ ਦੀ ਸਾਹਿੱਤਿਕ ਉੱਨਤੀ ਦੀ ਵਾਗ ਡੋਰ ਵਧੇਰੇ ਮਜ਼ਬੂਤੀ ਨਾਲ ਪਕੜ ਵਿਚ ਆ ਗਈ। ਲਾਹੌਰ ਦਰਬਾਰ ਨਾਲ ਸੰਬੰਧਿਤ ਖਿੰਡਰੇ-ਪੁੰਡਰੇ ਸਾਹਿੱਤ ਵੱਲ ਝਾਤੀ ਮਾਰੀਏ ਤਾਂ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਦੇਸ਼ ਰੱਖਿਆ ਦੇ ਸਮੇਂ ਜੋ ਸਾਹਿੱਤਿਕ ਉੱਨਤੀ ਦੇ ਅਨੁਕੂਲ ਨਹੀਂ ਸੀ, ਪੰਜਾਬੀ ਸਾਹਿੱਤ ਦਾ ਭੰਡਾਰ ਭਰਿਆ ਗਿਆ ਜਿਸ ਦਾ ਸਰਵੇਖਣ ਇਸ ਪਰਚੇ ਦਾ ਵਿਸ਼ਾ ਹੈ।

ਕਾਦਰਯਾਰ : ਲਾਹੌਰ ਦਰਬਾਰ ਨਾਲ ਸੰਬੰਧਿਤ ਸਾਹਿੱਤਕਾਰਾਂ ਵਿਚੋਂ ਇਕ ਵਰਣਨਯੋਗ ਨਾਂ ਜ਼ਿਲ੍ਹਾ ਗੁਜ਼ਰਾਂਵਾਲੇ ਦੇ ਨਿਵਾਸੀ ਕਵੀ ਕਾਦਰਯਾਰ ਦਾ ਹੈ, ਜੋ ਇਸ ਕਾਲ ਦੇ ਪਹਿਲੀ ਕਤਾਰ ਦੇ ਕਵੀਆਂ ਵਿਚੋਂ ਹੈ। ਇਸ ਕਵੀ ਦੀਆਂ ਉਪਲਬਧ ਰਚਨਾਵਾਂ ਦਾ ਸਰਵੇਖਣ ਉਸ ਸਮੇਂ ਦੀ ਪੰਜਾਬੀ ਕਵਿਤਾ ਦੇ ਵਿਸ਼ੇ-ਵਸਤੂ ਦਾ ਲਖਾਇਕ ਹੈ। ਕਾਦਰਯਾਰ ਦੇ ਕਾਵਿ-ਪਾਤਰ ਅਧਿਕਤਰ ਉਸ ਦੇ ਆਪਣੇ ਇਲਾਕੇ ਦੇ ਲੋਕ-ਨਾਇਕ ਹੀ ਸਨ।

ਸੀਹਰਫੀ ਹਰੀ ਸਿੰਘ ਨਲਵਾ ਵਿਦਵਾਨਾਂ ਦੇ ਮਤ ਅਨੁਸਾਰ ਕਾਦਰਯਾਰ ਦੀ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਸਿੱਧ ਜਰਨੈਲ ਅਤੇ ਗੁਜਰਾਂਵਾਲਾ ਦੇ ਇਲਾਕੇ ਦੇ ਨਿਵਾਸੀ ਸਰਦਾਰ ਹਰੀ ਸਿੰਘ ਨਲਵੇ ਨਾਲ ਸੰਬੰਧਿਤ ਇਕ ਵੱਡੀ ਰਚਨਾ ਦਾ ਭਾਗ ਹੈ ਜੋ ਅੱਜ ਸਾਡੇ ਲਈ ਦੁਰਲਭ ਹੋ ਚੁੱਕੀ ਹੈ। ਇਸ ਵਿਚ ਕਾਦਰਯਾਰ ਨੇ ਲਾਹੌਰ ਦਰਬਾਰ ਅਤੇ ਦੋਸਤ ਮੁਹੰਮਦ ਖ਼ਾਂ ਪਠਾਣ ਨਾਲ ਜਮਰੌਦ ਦੇ ਕਿਲੇ ਵਿਚ ਹੋਈ ਲੜਾਈ (1837) ਜਿਸ ਵਿਚ ਲਾਹੌਰ ਦਰਬਾਰ ਦੀਆਂ ਫ਼ੌਜਾਂ ਦੀ ਕਮਾਂਡ ਜਰਨੈਲ ਹਰੀ ਸਿੰਘ ਨਲਵਾ ਕਰ ਰਿਹਾ ਸੀ, ਸੰਬੰਧੀ ਰੌਸ਼ਨੀ ਪਾਈ ਹੈ। ਇਸ ਸੀਹਰਫ਼ੀ ਵਿਚ ਜਰਨੈਲ ਹਰੀ ਸਿੰਘ ਨਲਵੇ ਦੇ ਵਿਅਕਤਿੱਤਵ ਵਿਚ ਦਲੇਰੀ ਦਾ ਅੰਸ਼ ਕਿਸੇ ਹੱਦ ਤਕ ਉਘੜਦਾ ਪ੍ਰਤੀਤ ਹੁੰਦਾ ਹੈ। ਹਰੀ ਸਿੰਘ ਨਲਵੇ ਦੇ ਬਹਾਦਰੀ ਨਾਲ ਜੰਗ ਲੜਦੇ ਹੋਏ ਅਤੇ ਕਿਲੇ ਨੂੰ ਫ਼ਤਹਿ ਕਰਦੇ ਹੋਏ ਮੈਦਾਨ-ਏ-ਜੰਗ ਵਿਚ ਜੂਝ ਜਾਣ ਨੂੰ ਕਵੀ ਨੇ ਦਿਲ ਖਿਚਵੇਂ ਸ਼ਬਦਾਂ ਵਿਚ ਪੇਸ਼ ਕੀਤਾ ਹੈ :

ਕਾਫ ਕੋਈ ਜਹਾਨ ਤੇ ਨਹੀਂ ਹੋਣਾ,
ਹਰੀ ਸਿੰਘ ਜਿਹਾ ਵੱਡੀ ਓਟ ਵਾਲਾ।
ਪਹਿਲਾ ਹੱਥ ਸਰਕਾਰ ਨੂੰ ਦਸਆ ਸੂ,
ਕਿਲਾ ਫ਼ਤ੍ਹੇ ਕੀਤਾ ਸਿਆਲਕੋਟ ਵਾਲਾ।
ਦੂਜਾ ਹੱਥ ਸਰਕਾਰ ਨੂੰ ਦੱਸਿਆ ਸੂ,
ਕਿਲਾ ਮਾਰ ਮੋਇਆ ਜਮਰੌਦ ਵਾਲਾ।
ਕਾਦਰਯਾਰ ਜਹਾਨ ਤੇ ਨਹੀਂ ਰਹਿਣਾ,
ਲਸ਼ਕਰ ਮਿਲ ਗਿਆ ਜੇ ਮਲਕੁਲ ਮੌਤ ਵਾਲਾ।

ਲਾਹੌਰ ਦਰਬਾਰ ਨਾਲ ਸੰਬੰਧਿਤ ਪੰਜਾਬੀ ਸਾਹਿੱਤ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਵਿਦਵਾਨ ਕਵੀਆਂ ਨੇ ਨਾ ਕੇਵਲ ਸਾਹਿੱਤਿਕ ਦ੍ਰਿਸ਼ਟੀਕੋਣ ਤੋਂ ਹੀ ਆਪਣੀ ਕਵਿਤਾ ਨੂੰ ਸ਼ਿੰਗਾਰਿਆ, ਸਗੋਂ ਇਤਿਹਾਸਿਕ ਘਟਨਾਵਾਂ ਨੂੰ ਬਾਰੀਕ ਸਾਹਿੱਤਿਕ ਹਾਰ-ਸ਼ਿੰਗਾਰ ਵਿਚ ਇਸ ਤਰ੍ਹਾਂ ਲਪੇਟਿਆ ਤਾਂ ਜੋ ਵਿਸ਼ੇ ਦਾ ਇਤਿਹਾਸਿਕ ਅੰਸ਼ ਅਲੋਪ ਨਾ ਹੋ ਸਕੇ, ਜਿਵੇਂ ਕਾਦਰਯਾਰ ਨੇ ਸੀਹਰਫ਼ੀ ਵਿਚ ਹਰੀ ਸਿੰਘ ਨਲਵੇ ਨੂੰ ਫ਼ੌਜੀ ਸਹਾਇਤਾ ਨਾ ਪੁੱਜਣ ਕਰਕੇ ਹਾਨੀ ਪਹੁੰਚਣ ਦੀ ਸਚਾਈ ਨੂੰ ਨਿਰਸੰਦੇਹ ਪੇਸ਼ ਕੀਤਾ ਹੈ :

ਲਾਮ-ਲਿਆ ਸੀ ਘੇਰ ਦਲੇਰ ਭਾਈ,
ਹਰੀ ਸਿੰਘ ਸਰਦਾਰ ਦੁਰਾਨੀਆਂ ਨੇ।
ਕਰਦਾ ਕੀ ਜੇ ਫ਼ੌਜ ਨੇ ਹਾਰ ਦਿੱਤੀ,
ਮਾਰੇ ਜਾਣ ਦੀਆਂ ਇਹ ਨਿਸ਼ਾਨੀਆਂ ਨੇ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਨਾਲ ਸੰਬੰਧਿਤ ਹੋਰਨਾਂ ਕਵੀਆਂ ਵਾਂਗ ਜਿਥੇ ਕਾਦਰਯਾਰ ਦੀ ਲਿਖਿਤ ਨਿਰਭੈਤਾ ਦੇ ਕਾਰਨਾਮਿਆਂ ਨੂੰ ਉਜਾਗਰ ਕਰਨ ਵਿਚ ਸਫਲ ਹੈ, ਉਥੇ ਪਿਆਰ ਸੰਬੰਧੀ ਕਿੱਸੇ ਵਰਣਨ ਕਰਨ ਵਿਚ ਵੀ ਗ਼ਜ਼ਬ ਢਾਉਂਦੀ ਪ੍ਰਤੀਤ ਹੁੰਦੀ ਹੈ। ਇਸ਼ਕ ਸੰਬੰਧੀ ਕਾਦਰਯਾਰ ਦਾ ਨਿੱਜੀ ਵਿਚਾਰ ਇਹ ਸੀ ਕਿ ਇਸ਼ਕ ਦੀ ਚੇਟਕ ਵਿਚ ਮਨੁੱਖ ਆਪਣਾ ਆਪ ਭੁੱਲਾ ਛੱਡਦਾ ਹੈ ਅਤੇ ਇਸ਼ਕ ਦੀ ਅਗਨੀ ਆਸ਼ਕਾਂ ਨੂੰ ਆਪਣੇ ਪੰਜੇ ਵਿਚ ਲਿਆ ਕੇ ਸਾੜ ਦਿੰਦੀ ਹੈ :

ਬਲੇ ਮਤਾਬੀ ਇਸ਼ਕ ਦੀ, ਅੰਦਰ ਰਾਤ ਅੰਧੇਰ।
ਮਰਗ ਉਠੀ ਪਰਵਾਨਿਆਂ, ਉੱਠੀ ਆਣ ਚੁਫੇਰ।
ਖੂਬੀ ਇਹੋ ਇਸ਼ਕ ਦੀ, ਆਸ਼ਕ ਮਾਰੇ ਘੇਰ।
ਵਲ ਵਲ ਕੋਹੇ ਕਾਦਰਾ, ਜ਼ਾਲਮ ਇਸ਼ਕ ਦਲੇਰ।

'ਸੋਹਣੀ ਮਹੀਂਵਾਲ' ਇਹ ਕਦਰਯਾਰ ਦੀ ਸਰਵੋਤਮ ਰਚਨਾ ਹੈ। ਇਸ ਵਿਚ ਇਸ਼ਕ ਹਕੀਕੀ ਦੀਆਂ ਰਮਜ਼ਾਂ ਅਤੇ ਵਿਯੋਗ ਦੀ ਪੀੜਾ ਦੀ ਪੁਕਾਰ ਪਾਠਕਾਂ ਦੇ ਦਿਲਾਂ ਨੂੰ ਖਿੱਚਦੀ ਚਲੀ ਜਾਂਦੀ ਹੈ :

ਸੋਹਣੀ ਮੇਹੀਂਵਾਲ ਦਾ ਕੀ ਕੁਝ ਕਰਾਂ ਬਿਆਨ।
ਸਾਰੀ ਉਮਰ ਤਰਸਦੇ ਰਖੇ ਇਸ਼ਕ ਜਹਾਨ।
ਉੜਕ ਨੈ ਵਿਚ ਡੁਬ ਕੇ ਫਾਨੀ ਕੀਤੀ ਜਾਨ।
ਛੱਡ ਕਹਾਣੀ ਕਾਦਰਾ ਔਖੇ ਇਹ ਮਕਾਨ।

ਮਹਿਰਾਜਨਾਮਾ : ਕਾਦਰਯਾਰ ਨੇ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ। ਬੀਰ ਰਸ ਅਤੇ ਸ਼ਿੰਗਾਰ ਰਸ ਦੇ ਨਾਲ ਧਾਰਮਿਕ ਵਿਸ਼ਿਆਂ ਨੂੰ ਵੀ ਕਾਦਰਯਾਰ ਨੇ ਆਪਣੀ ਲੇਖਣੀ ਰਾਹੀਂ ਸਾਹਿੱਤਿਕ ਪਿੜ ਵਿਚ ਸਥਾਨ ਦਿੱਤਾ। ਆਪਣੀ ਧਾਰਮਿਕ ਰਚਨਾ 'ਮਹਿਰਾਜਨਾਮਾ' ਵਿਚ ਕਾਦਰਯਾਰ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਸੰਬੰਧ ਵਿਚ ਵੇਰਵਾ ਦਿੰਦਿਆਂ ਹੋਇਆਂ ਉਨ੍ਹਾਂ ਦੀ ਸੱਤ ਅਸਮਾਨੀ ਯਾਤਰਾ ਉਪਰੰਤ ਰੱਬ ਨਾਲ ਮਿਲਾਪ ਆਦਿ ਦਾ ਵਰਣਨ ਪੂਰੇ ਭਰੋਸੇ ਨਾਲ ਅਤੇ ਢੁੱਕਵੀਂ ਸਰਲ ਭਾਸ਼ਾ ਵਿਚ ਕੀਤਾ ਹੈ। ਯਾਦ ਰਹੇ ਕਿ ਕਾਦਰਯਾਰ ਸ਼ਰ੍ਹਾ ਨੂੰ ਕਬੂਲਣ ਵਾਲਾ ਪੱਕਾ ਮੁਸਲਮਾਨ ਸੀ।

ਰੋਜ਼ਨਾਮਾ : ਇਸ ਸੰਦਰਭ ਵਿਚ ਕਾਦਰਯਾਰ ਦੀ ਪ੍ਰਸਿੱਧ ਰਚਨਾ 'ਰੋਜ਼ਨਾਮਾ' ਦਾ ਵਰਣਨ ਕਰਨਾ ਵੀ ਅਨੁਕੂਲ ਹੋਵੇਗਾ। ਇਸ ਕ੍ਰਿਤ ਵਿਚ ਕਵੀ ਨੇ ਇਸਲਾਮੀ ਮਰਯਾਦਾ ਅਤੇ ਅਦਾਰਿਆਂ ਸੰਬੰਧੀ ਰੌਸ਼ਨੀ ਪਾਈ ਹੈ। ਰੋਜ਼ਿਆਂ ਦਾ ਰਖਣਾ ਅਤੇ ਰੋਜ਼ਿਆਂ ਦੇ ਦਿਨਾਂ ਵਿਚ ਜਿਸ ਕਠਿਨਾਈ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸ ਦਾ ਬਿਆਨ ਬੜੇ ਦਿਲ-ਖਿਚਵੇਂ ਢੰਗ ਨਾਲ ਕੀਤਾ ਹੈ ਜਿਵੇਂ ਰੋਜ਼ਿਆਂ ਦੇ ਦੌਰਾਨ ਜਿਸਮ ਵਿਚ ਕਮਜ਼ੋਰੀ ਦਾ ਮਹਿਸੂਸ ਹੋਣਾ ਆਦਿ। ਪਰੰਤੂ ਰੋਜ਼ਿਆਂ ਦਾ ਰਖਣਾ ਕਿਸੇ ਵਿਸ਼ੇਸ਼ ਧਾਰਮਿਕ ਨਿਸ਼ਾਨ ਦਾ ਪ੍ਰਤੀਕ ਹੋਣ ਕਰਕੇ ਮੁਸਲਮਾਨਾਂ ਵਿਚ ਇਨ੍ਹਾਂ ਪ੍ਰਤੀ ਨਿਸ਼ਠਾ ਹੈ।

ਕਿੱਸਾ ਪੂਰਨ ਭਗਤ, ਕਲੀਆਂ ਪੂਰਨ ਭਗਤ, ਕਿੱਸਾ ਰਾਜਾ ਰਸਾਲੂ : ਇਹ ਕਿੱਸੇ ਕਾਦਰਯਾਰ ਦੀਆਂ ਕੁਝ ਹੋਰ ਵਰਣਨਯੋਗ ਰਚਨਾਵਾਂ ਹਨ ਜੋ ਲਾਹੌਰ ਦਰਬਾਰ ਦੇ ਰਾਜਕਾਲ ਦੇ ਪੰਜਾਬੀ ਸਾਹਿੱਤ ਦਾ ਖ਼ਜ਼ਾਨਾ ਹਨ ਅਤੇ ਜਿਨ੍ਹਾਂ ਨੇ ਕਾਦਰਯਾਰ ਦੇ ਹਰਮਨ ਪਿਆਰੇ ਕਵੀ ਬਣਨ ਵਿਚ ਆਖਰਾਂ ਦਾ ਵਾਧਾ ਕੀਤਾ ਹੈ। ਪੰਜਾਬੀ ਸਾਹਿੱਤ ਦੀ ਪੜਚੋਲ ਤੋਂ ਪਤਾ ਲੱਗਦਾ ਹੈ ਕਿ ਕਾਦਰਯਾਰ ਰਚਿਤ 'ਪੂਰਨ ਭਗਤ' ਦੇ ਕਿੱਸੇ ਤੋਂ ਉਪਰੰਤ ਪੂਰਨ ਭਗਤ ਸੰਬੰਧੀ ਕੁਝ ਲੋੜੀਂਦੀ ਵਾਕਫੀਅਤ ਸਾਨੂੰ ਕੇਵਲ ਪੰਜਾਬੀ ਦੇ ਲੋਕ ਗੀਤਾਂ ਤੋਂ ਹੀ ਪ੍ਰਾਪਤ ਹੁੰਦੀ ਹੈ।

ਕਾਦਰਯਾਰ ਦਾ ਪੂਰਨ ਭਗਤ ਇਕ ਆਦਰਸ਼ ਮੂਰਤ ਹੈ ਜੋ ਰੂਹਾਨੀਅਤ ਤੇ ਇਨਸਾਨੀਅਤ ਦਾ ਮੁਜੱਸਮਾ ਹੈ। ਕਵੀ ਨੇ ਇਸ ਨੂੰ ਛੰਦਾਂ ਅਤੇ ਬੈਂਤਾਂ ਵਿਚ ਕੇਵਲ ਪੰਜਾਂ ਸੀਹਰਫ਼ੀਆਂ ਵਿਚ ਪੇਸ਼ ਕੀਤਾ ਹੈ। ਇਹ ਰਚਨਾ ਪੂਰਨ ਦੇ ਜਨਮ ਤੋਂ ਆਰੰਭ ਹੁੰਦੀ ਹੈ। ਫਿਰ ਪੂਰਨ ਦਾ ਜਵਾਨ ਹੋ ਕੇ ਪਾਂਧਿਆਂ ਤੋਂ ਪੋਥੀਆਂ ਪੜ੍ਹਨ ਉਪਰੰਤ ਭੋਰੇ ਵਿਚੋਂ ਬਾਹਰ ਆਉਣ ਅਤੇ ਪਿਤਾ ਦੇ ਦਰਬਾਰ ਵਿਚ ਪੁੱਜਣ ਦਾ ਵਰਣਨ ਕੀਤਾ ਗਿਆ ਹੈ। ਇਸ ਸਮੇਂ ਉਸ ਦੀ ਡੀਲ ਡੌਲ ਅਤੇ ਖ਼ੂਬਸੂਰਤੀ ਨੂੰ ਬੜੇ ਜਜ਼ਬਾਤੀ ਢੰਗ ਨਾਲ ਢੁੱਕਵੀਂ ਬੋਲੀ ਵਿਚ ਦਰਸਾਇਆ ਗਿਆ ਹੈ। ਇਸ ਉਪਰੰਤ ਕਵੀ ਨੇ ਪੂਰਨ ਅਤੇ ਲੂਣਾ ਦੀ ਮੁਲਾਕਾਤ ਦਾ ਬਿਆਨ ਕਰਦਿਆਂ ਹੋਇਆਂ ਪੂਰਨ ਨੂੰ ਉਸ ਦੇ ਵਿਚਾਰਾਂ ਕਾਰਨ ਅਮਰ ਬਣਾ ਦਿੱਤਾ ਹੈ :

ਕਾਫ- ਕਹੇ ਪੂਰਨ ਸੁਣੀ ਸਚ ਮਾਤਾ,
ਤੇਰੇ ਪਲੰਘ ਤੇ ਪੈਰ ਨਾ ਮੂਲ ਧਰਸਾਂ।
ਅਖੀਂ ਫੇਰ ਕੇ ਮੂਲ ਨਾ ਨਜ਼ਰ ਕਰਾਂ,
ਮੈਂ ਤਾਂ ਸੂਲੀ ਤੇ ਚੜ੍ਹਨ ਕਬੂਲ ਕਰਸਾਂ।
ਕੰਨੀ ਖਿਚ ਕੇ ਅੰਦਰੋਂ ਬਾਹਰ ਆਇਆ,
ਕਹਿੰਦਾ ਧਰਮ ਗਵਾਇਕੇ ਕੀ ਮਰਸਾਂ।
ਕਾਦਰਯਾਰ ਨਾ ਸੰਗਦੀ ਕਹੇ ਲੂਣਾ,
ਤੇਰੇ ਲਹੂ ਦਾ ਪੂਰਨਾ ਘੁੱਟ ਭਰਸਾਂ।

ਇਸ ਉਪਰੰਤ ਕਵੀ ਨੇ ਰਾਜੇ ਦਾ ਮਹਿਲ ਵਿਖੇ ਆਉਣਾ, ਲੂਣਾ ਦੀ ਪੂਰਨ ਵਿਰੁੱਧ ਸ਼ਿਕਾਇਤ ਅਤੇ ਰਾਜੇ ਦਾ ਪੂਰਨ ਦੇ ਕਤਲ ਦੇ ਹੁਕਮ ਦੇਣ ਦਾ ਨਕਸ਼ਾ ਇਸ ਢੰਗ ਨਾਲ ਪੇਸ਼ ਕੀਤਾ ਹੈ ਕਿ ਇਸ ਕਿੱਸੇ ਦੇ ਸਭ ਪਾਤਰ ਮੂੰਹ ਬੋਲਦੀਆਂ ਜਿਉਂਦੀਆਂ ਜਾਗਦੀਆਂ ਤਸਵੀਰਾਂ ਪ੍ਰਤੀਤ ਹੁੰਦੇ ਹਨ। ਕਵੀ ਨੇ ਵਿਸਤਾਰ ਵਿਚ ਜਾਂਦਿਆਂ ਹੋਇਆਂ ਗੋਰਖ ਨਾਥ ਦਾ ਪੂਰਨ ਨੂੰ ਖੂਹ ਵਿਚੋਂ ਕੱਢਣਾ ਅਤੇ ਉਸ ਦੇ ਯੋਗੀ ਬਣਨ ਉਪਰੰਤ ਰਾਣੀ ਪਾਸੋਂ ਖੈਰ ਲਿਆਉਣਾ, ਰਾਣੀ ਦੇ ਮਨ ਦਾ ਫਿਰ ਡੋਲ ਜਾਣਾ ਅਤੇ ਰਾਣੀ ਦਾ ਗੋਰਖ ਨਾਥ ਪਾਸੋਂ ਪੂਰਨ ਦੀ ਮੰਗ ਕਰਨਾ, ਪੂਰਨ ਦਾ ਆਉਣਾ ਅਤੇ ਬਹਾਨੇ ਨਾਲ ਮਹਿਲਾਂ ਵਿਚ ਚਲੇ ਜਾਣਾ ਅਤੇ ਫਿਰ ਪੂਰਨ ਦੇ ਪਿਤਾ ਅਤੇ ਰਾਣੀ ਦਾ ਮੇਲ ਅਤੇ ਰਾਜੇ ਦਾ ਪੂਰਨ ਨੂੰ ਰਾਜ-ਭਾਗ ਸੰਭਾਲਣ ਲਈ ਕਹਿਣਾ, ਪਰੰਤੂ ਪੂਰਨ ਦੀ ਨਾਂਹ ਅਤੇ ਯੋਗੀ ਦੇ ਰੂਪ ਵਿਚ ਫਿਰ ਮਾਪਿਆਂ ਨੂੰ ਮਿਲਣ ਆਦਿ ਦਾ ਹਾਲ ਬਿਆਨ ਕਰਕੇ ਕਿੱਸੇ ਨੂੰ ਖ਼ਤਮ ਕੀਤਾ ਹੈ। ਕਾਦਰਯਾਰ ਦਾ ਪੂਰਨ ਭਗਤ ਸਹਿਜੇ ਹੀ ਉਸ ਨੂੰ ਉਸ ਸਮੇਂ ਦੇ ਨਿਗਰ ਪੰਜਾਬੀ ਸਾਹਿੱਤ ਦੇ ਰਚਨਹਾਰ ਕਵੀਆਂ ਦੀ ਪਹਿਲੀ ਕਤਾਰ ਵਿਚ ਜਾ ਖੜਾ ਕਰਦਾ ਹੈ।

ਜਿਹਾ ਕਿ ਸਿਰਲੇਖ ਤੋਂ ਸਪਸ਼ਟ ਹੈ ਉਸ ਦੇ ਉਲਟ ਕਾਦਰਯਾਰ ਦੀ ਰਚਨਾ 'ਕਲੀਆਂ ਪੂਰਨ ਭਗਤ' ਦਾ ਕਥਾਨਕ ਕਿੱਸਾ ਪੂਰਨ ਭਗਤ ਦੀ ਵਾਰਤਾ ਦੇ ਨਾਲ ਮੇਲ ਨਹੀਂ ਖਾਂਦਾ। ਇਸ ਦੀ ਸ਼ੈਲੀ ਤੋਂ ਸਪਸਟ ਹੈ ਕਿ ਇਹ ਰਚਨਾ ਕਲੀਆਂ ਵਿਚ ਪੇਸ਼ ਕੀਤੀ ਗਈ ਹੈ ਅਤੇ ਲੈ ਵਿਚ ਗਾਈ ਜਾ ਸਕਣਯੋਗ ਹੈ। ਇਹ ਰਚਨਾ ਕਾਫ਼ੀ ਹੱਦ ਤਕ ਕਲਪਿਤ ਹੈ।

ਹਾਸ਼ਮ : ਲਾਹੌਰ ਦਰਬਾਰ ਨਾਲ ਸੰਬੰਧਿਤ ਪ੍ਰਤਿਨਿਧ ਕਲਾਮ ਹਾਸ਼ਮ ਦਾ ਹੈ ਜਿਸ ਦਾ ਪੂਰਾ ਨਾਮ ਸਯੱਦ ਮੁਹੰਮਦ ਹਾਸ਼ਮ ਸੀ। ਹਾਸ਼ਮ ਦਾ ਜਨਮ 1735 ਈ. ਵਿਚ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਸਿੱਧ ਪਿੰਡ ਜਗਦੇਉ ਕਲਾਂ ਵਿਚ ਹੋਇਆ। ਹਾਸ਼ਮ ਉੱਚ ਪੱਧਰ ਦਾ ਦਾਰਸ਼ਨਿਕ ਅਤੇ ਵਿਦਵਾਨ ਸੀ। ਉਸ ਦਾ ਕਲਾਮ ਮਨੁੱਖ ਨੂੰ ਜੀਵਨ ਜਾਂਚ ਸਿਖਾਉਂਦਾ ਹੈ ਅਤੇ ਜ਼ਿੰਦਗੀ ਦੀਆਂ ਕੀਮਤਾਂ ਤੋਂ ਜਾਣੂ ਕਰਵਾਉਂਦਾ ਹੈ। ਹਾਸ਼ਮ ਦਾ ਕੁਝ ਕਲਾਮ ਉਸ ਦੇ ਸੂਫ਼ੀ ਵਿਚਾਰਾਂ ਦਾ ਪ੍ਰਤੀਕ ਹੈ। ਉਹ ਦੁਨੀਆ ਦੇ ਫ਼ਾਨੀ ਹੋਣ ਅਤੇ ਰੱਬ ਨਾਲ ਪਿਆਰ ਵਿਚ ਵਿਸ਼ਵਾਸ ਰਖਦਾ ਹੈ। ਉਹ ਮਨੁੱਖ ਨੂੰ ਇਸ ਸੰਬੰਧ ਵਿਚ ਅਲੋਕਾਰ ਨਸੀਅਤਾਂ ਦਿੰਦਾ ਹੈ। ਹਾਸ਼ਮ ਦਾ ਸਮੁੱਚਾ ਕਲਾਮ ਇਸ਼ਕ ਮਜਾਜ਼ੀ ਅਤੇ ਰੂਹਾਨੀ ਦਾ ਮਿਸ਼ਰਣ ਹੈ।

ਹਾਸ਼ਮ ਨੇ ਪੰਜਾਬੀ, ਹਿੰਦੀ ਅਤੇ ਫ਼ਾਰਸੀ ਵਿਚ ਆਪਣਾ ਕਲਾਮ ਰਚਿਆ। ਪੰਜਾਬੀ ਵਿਚ ਰਚੇ ਗਏ ਉਸ ਦੇ ਕਲਾਮ ਨੂੰ ਭਿੰਨ-ਭਿੰਨ ਸਾਹਿੱਤਿਕ ਰੂਪਾਂ ਵਿਚ ਵੰਡਿਆ ਜਾ ਸਕਦਾ ਹੈ–ਕਿੱਸੇ, ਸੀਰਫੀਆਂ, ਦੋਹੜੇ, ਡਿਉਢਾਂ, ਮੁਨਾਜਾਤ, ਬਾਰਾਮਾਹ ਆਦਿ। ਹਾਸ਼ਮ ਦੇ ਕਿੱਸਿਆਂ ਵਿਚ ਸੱਸੀ-ਪੁਨੂੰ, ਸੋਹਣੀ-ਮਹੀਂਵਾਲ, ਸ਼ੀਰੀ-ਫ਼ਰਹਾਦ ਅਤੇ ਹੀਰ-ਰਾਂਝਾ ਪੰਜਾਬੀ ਸਾਹਿੱਤ ਦਾ ਅਨਿਖੜਵਾਂ ਅੰਗ ਬਣ ਕੇ ਰਹਿ ਗਏ ਹਨ।

ਕਈਆਂ ਵਿਦਵਾਨਾਂ ਨੇ ਹਾਸ਼ਮ ਦੇ ਦੋਹੜੇ ਉਸ ਦਾ ਚੋਟੀ ਦਾ ਕਲਾਮ ਦੱਸੇ ਹਨ ਜੋ ਆਤਮਾ ਦੀ ਪੀੜਾ ਦੀ ਸਹੀ ਕਲਪਨਾ ਹੈ। ਹਾਸ਼ਮ ਨੇ ਕਿੱਸਿਆਂ ਵਿਚ ਪਹਿਲਾਂ ਛੋਹੇ ਗਏ ਵਿਸ਼ਿਆਂ ਨੂੰ ਸਰਲ ਅਤੇ ਸੰਖੇਪ ਰੂਪ ਵਿਚ ਪੇਸ਼ ਕੀਤਾ ਹੈ। ਉਸ ਨੇ ਕਿੱਸਿਆਂ ਵਿਚ ਵਾਰਤਾਲਾਪ ਨੂੰ ਸਥਾਨ ਦੇ ਕੇ ਨਾਟਕੀਅਤਾ ਪੈਦਾ ਕਰਨ ਦਾ ਸਫ਼ਲ ਯਤਨ ਕੀਤਾ ਹੈ। ਹਾਸ਼ਮ ਦੇ ਮੁਨਾਜਾਤ ਅਤੇ ਸੀਹਰਫੀਆਂ ਇਕ ਨਵਾਂ ਸਾਹਿੱਤਿਕ ਰੰਗ ਪੈਦਾ ਕਰਦੀਆਂ ਹਨ। ਹਾਸ਼ਮ ਨੇ ਆਪਣੇ ਕਲਾਮ ਵਿਚ ਅਲੰਕਾਰ ਢੁੱਕਵੇਂ ਅਤੇ ਸੁਭਾਵਿਕ ਵਰਤੇ ਹਨ, ਕਈਆਂ ਥਾਵਾਂ ਉੱਤੇ ਦ੍ਰਿਸ਼ਟਾਂਤ ਅਲੰਕਾਰ ਵਰਤੇ ਹਨ। ਕਈਆਂ ਥਾਵਾਂ ਉੱਤੇ ਤੁਕਾਂਤ ਦੋਸ਼-ਪੂਰਨ ਵੀ ਹੈ। ਬੈਂਤ ਛੰਦ ਸ਼ੀਹਰਫ਼ੀ ਵਿਚ ਵਰਤਿਆ ਹੈ। ਦਵਈਏ ਤੇ ਦੋਹੜੇ ਹਾਸ਼ਮ ਦੀ ਕਾਵਿ-ਸ਼ੈਲੀ ਦਾ ਖਾਸਾ ਹਨ। ਹਾਸ਼ਮ ਦੀ ਸ਼ੈਲੀ ਵਿਚ ਸਾਫ਼-ਗੋਈ ਅਤੇ ਵਿਸ਼ਾ ਪੇਸ਼ ਕਰਨ ਦੀ ਸੁੰਦਰਤਾ ਮਿਲਦੀ ਹੈ। ਭਾਵੇਂ ਉਸ ਨੇ ਕਈ ਸਮਾਸ ਫ਼ਾਰਸੀ ਢੰਗ ਵਾਲੇ ਵਰਤੇ ਹਨ ਪਰ ਪੰਜਾਬੀ ਬੋਲੀ ਨੇ ਉਨ੍ਹਾਂ ਨੂੰ ਮੁਖਾਵੇਂ ਹੀ ਅਪਣਾ ਲਿਆ ਹੈ ਅਤੇ ਉਸ ਦੀ ਭਾਸ਼ਾ ਓਪਰੀ ਭਾਸ਼ਾ ਦਾ ਮਿਸ਼ਰਿਤ ਰੂਪ ਪ੍ਰਤੀਤ ਨਹੀਂ ਹੁੰਦੀ। ਹਾਸ਼ਮ ਦੀਆਂ ਰਚਨਾਵਾਂ ਵਿਚ ਫ਼ਾਰਸੀ ਬੋਲੀ ਦੇ ਸ਼ਬਦ ਪੰਜਾਬੀ ਬੋਲੀ ਦਾ ਅਨਿਖੜਵਾਂ ਅੰਗ ਬਣ ਗਏ ਹਨ। ਉਸ ਨੇ ਗੁਰਬਾਣੀ ਦੇ ਪ੍ਰਭਾਵ ਵਾਲੀ ਸ਼ਬਦਾਵਲੀ/ਦੀ ਵਰਤੋਂ ਵੀ ਕੀਤੀ ਹੈ। ਹਾਸ਼ਮ ਦੀਆਂ ਰਚਨਾਵਾਂ ਵਿਚ ਫ਼ਾਰਸੀ ਬੋਲੀ ਦੀ ਵਰਤੋਂ ਲਾਹੌਰ ਦਰਬਾਰ ਦੇ ਸਮੇਂ ਦੀ ਇਕ ਵਡਮੁੱਲੀ ਵਿਸ਼ੇਸ਼ਤਾ ਹੈ ਅਤੇ ਉਸ ਦਾ ਕਲਾਮ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੀ ਆਧੁਨਿਕਤਾ ਜਾਂ ਟਕਸਾਲੀ ਠੁਕ ਨੂੰ ਪ੍ਰਗਟ ਕਰਦਾ ਹੈ। ਹਾਸ਼ਮ ਦਾ ਕਲਾਮ ਰੋਚਕ ਹੈ ਅਤੇ ਪਾਤਰ ਉਸਾਰੀ ਢੁੱਕਵੀਂ। ਉਸ ਦਾ ਕਲਾਮ ਅੱਜ ਵੀ ਸਾਡਾ ਰੋਜ਼ਮਰਾ ਦਾ ਮੁਹਾਵਰਾ ਬਣਿਆ ਹੋਇਆ ਹੈ ਜਿਵੇਂ :

(1) ਹਾਸ਼ਮ ਬਾਝ ਵਕੀਲੋਂ ਕਾਮਲ, ਫਸਿਆ ਕੋਣ ਛੁਡਾਵੇ।
(2) ਆਸ਼ਕ ਹੋਵਣ ਤੇ ਸੁਖ ਸੋਵਣ, ਇਹ ਗੱਲ ਦੂਰ ਹਿਸਾਬੋਂ।
(3) ਹਾਸ਼ਮ ਕੌਣ ਮਿਲੇ ਹੱਸ ਜਿਸ ਨੂੰ, ਜਾਣ ਸੋਹਾਗਣ ਸੋਈ।
(4) ਹਾਸ਼ਮ ਸ਼ਾਹ ਮੀਆਂ ਉਥੇ ਸਬਰ ਕੇਹਾ, ਦੁਖ ਦਰਦ ਜਿਥੇ ਤੰਬੂ ਤਾਣਦੇ ਨੀ।
(5) ਦੋਜ਼ਖ ਦੇ ਵੱਲ ਨਾਲ ਯਾਰਾਂ ਦੇ, ਖੁਸ਼ ਹੋ ਕੇ ਪਗ ਧਰੀਏ।
ਜੁਮਲ ਬਹਿਸ਼ਤ ਮਿਲੇ ਬਿਨ ਯਾਰਾਂ, ਤਾਂ ਜ਼ਰਾ ਕਬੂਲ ਨਾ ਕਰੀਏ।
ਜੋ ਦਮ ਦੂਰ ਯਾਰਾਂ ਥੀਂ ਹੋਵੇ, ਉਹ ਦੋਜ਼ਖ ਦੇ ਦਮ ਭਰੀਏ।
ਹਾਸ਼ਮ ਸਾਥ ਯਾਰਾਂ ਦਾ ਕਰੀਏ, ਵਾਹ ਤਰੀਏ, ਵਾਹ ਮਰੀਏ।

ਮੀਆਂ ਅਹਿਮਦ ਯਾਰ ਮੌਲਵੀ : ਲਾਹੌਰ ਦਰਬਾਰ ਦੇ ਸਮਕਾਲੀ ਅਤੇ ਨਿਕਟ ਸਮਕਾਲੀ ਸਾਹਿੱਤਕਾਰਾਂ ਦੀ ਸੂਚੀ ਵਿਚ ਮੀਆਂ ਅਹਿਮਦ ਯਾਰ ਦਾ ਨਾਂ ਆਉਣਾ ਸੁਭਾਵਿਕ ਜੇਹੀ ਗੱਲ ਹੈ। ਪੰਜਾਬੀ ਭਾਸ਼ਾ ਦਾ ਇਹ ਕਵੀ ਸੰਨ 1768 ਈਸਵੀ ਵਿਚ ਜ਼ਿਲ੍ਹਾ ਗੁਜਰਾਤ ਦੇ ਇਕ ਪਿੰਡ ਵਿਚ ਪੈਦਾ ਹੋਇਆ ਪਰੰਤੂ ਤਕਦੀਰ ਦੀ ਗਰਦਸ਼ ਨੇ ਇਸ ਨੂੰ 'ਫਾਲੀਆ' ਦੇ ਇਲਾਕੇ ਵਿਚ ਲੈ ਆਂਦਾ ਜੋ ਉਨ੍ਹਾਂ ਦਿਨਾਂ ਵਿਚ ਆਬਾਦ ਨਹੀਂ ਸੀ। ਮੀਆਂ ਅਹਿਮਦਯਾਰ ਨੇ ਕਈ ਉਸਤਾਦਾਂ ਤੋਂ ਇਲਮੀ ਕਲਾਮ ਹਾਸਲ ਕੀਤਾ, ਉਹ ਇਕ ਥਾਂ ਆਪ ਇਸ ਦਾ ਜ਼ਿਕਰ ਕਰਦਾ ਹੈ :

ਚੌਦਾਂ ਇਲਮ ਦਿੱਤੇ ਰਬ ਮੈਨੂੰ ਚੌਦਾਂ ਖੱਤ ਮੈਂ ਲਿਖੇ।
ਉਸਤਾਦਾਂ ਥੀ ਮਿੰਨਤ ਕਰਕੇ ਹਰਫ ਸਚਾਨਵੇ ਸਿਖੇ।

ਮੀਆਂ ਅਹਿਮਦਯਾਰ ਨੇ ਦਿਲ ਖੋਲ੍ਹ ਕੇ ਪੰਜਾਬੀ ਰਚਨਾ ਦਾ ਭੰਡਾਰ ਭਰਿਆ ਅਤੇ ਤਕਰੀਬਨ 70

ਸਾਲ ਦੀ ਉਮਰ ਤਕ ਇਸ ਭਾਸ਼ਾ ਦੀ ਸੇਵਾ ਕਰਦਾ ਰਿਹਾ ।

ਪੰਜਾਬੀ ਸਾਹਿੱਤ ਵਿਚ ਬਹੁਤ ਸਾਰੀਆਂ ਕਾਵਿ ਰਚਨਾਵਾਂ ਨੂੰ ਉਸ ਨੇ ਆਪਣੇ ਖਿਆਲਾਂ ਦੀ ਉਡਾਰੀ ਨਾਲ ਨਵਾਂ ਲਬਾਸ ਦਿੱਤਾ ਜਿਵੇਂ ਕਿ ਉਹ ਆਪ ਲਿਖਦਾ ਹੈ ਕਿ ਪੰਜਾਬੀ ਵਿਚ ਬਹੁਤ ਸਾਰੀਆਂ ਮਸਨਵੀਆਂ ਹਨ ਜਿਨ੍ਹਾਂ ਦੇ ਪੁਰਾਣੇ ਕਿੱਸੇ ਨੂੰ ਮੈਂ ਨਵਾਂ ਲਬਾਸ ਦਿੱਤਾ ਹੈ ।

ਮੀਆਂ ਅਹਿਮਦਯਾਰ ਦੀਆਂ ਰਚਨਾਵਾਂ ਵਿਚ ਕੁਝ ਵਿਸ਼ੇ ਤਾਂ ਅਜਿਹੇ ਹਨ ਜਿਨ੍ਹਾਂ ਤੇ ਉਸ ਤੋਂ ਪਹਿਲਾਂ ਲਿਖਿਆ ਜਾ ਚੁੱਕਾ ਸੀ, ਪਰੰਤੂ ਕਵੀ ਨੇ ਉਨ੍ਹਾਂ ਹੀ ਵਿਸ਼ਿਆਂ ਨੂੰ ਆਪਣੇ ਢੰਗ ਨਾਲ ਇਸ ਤਰ੍ਹਾਂ ਪੇਸ਼ ਕੀਤਾ ਕਿ ਸੱਚਮੁਚ ਵਿਸ਼ੇ ਵਿਚ ਨਵੀਨਤਾ ਭਰ ਦਿੱਤੀ । ਹੀਰ ਰਾਂਝਾ, ਸੱਸੀ ਪੁਨੂੰ, ਸੋਹਣੀ ਮੇਂਹੀਵਾਲ ਅਤੇ ਕਈ ਗ਼ੈਰ ਮੁਕਾਮੀ ਕਿੱਸੇ ਵੀ ਨਵੀਨਤਾ ਦੀ ਗਵਾਹੀ ਭਰਦੇ ਹਨ ਜਿਵੇਂ ਯੂਸਫ ਜ਼ੁਲੈਖਾਂ, ਲੈਲਾ ਮਜਨੂੰ, ਹਾਤਮ ਤਾਈ ਆਦਿ । ਅਹਿਮਦਯਾਰ ਨੇ ਜਿਥੇ ਬਜ਼ਮੀਆ ਸ਼ਾਇਰੀ ਵਿਚ ਕਮਾਲ ਦਿਖਾਇਆ ਉਥੇ ਰਮਜ਼ੀਆਂ ਸ਼ਾਇਰੀ ਵਿਚ ਵੀ ਉਹ ਬਾ-ਕਮਾਲ ਹੈਸੀਅਤ ਰਖਦਾ ਹੈ । ਉਨ੍ਹਾਂ ਨੇ ਇਸਲਾਮ ਦੇ ਪੈਗ਼ੰਬਰ ਦੇ ਜੀਵਨ ਸੰਬੰਧੀ ਵੀ ਲਿਖ ਕੇ ਤਬਾ ਅਜ਼ਮਾਈ ਕੀਤੀ ।

ਅਹਿਮਦਯਾਰ ਦੀ ਆਯੂ ਸੱਤਰ ਸਾਲਾਂ ਦੀ ਸੀ ਜਦੋਂ ਮਹਾਰਾਜਾ ਗੁਲਾਬ ਸਿੰਘ ਦੀ ਸਰਕਾਰ ਵੱਲੋਂ ਉਸ ਨੂੰ ਫ਼ਾਰਸੀ ਵਿਚ 'ਸ਼ਾਹਨਾਮਾ ਰਣਜੀਤ ਸਿੰਘ' ਲਿਖਣ ਦੀ ਫਰਮਾਇਸ਼ ਮਹਾਰਾਜਾ ਗੁਲਾਬ ਸਿੰਘ ਨੇ ਆਪ ਕੀਤੀ ਸੀ । ਇਕ ਦਿਨ ਜਦੋਂ ਬਾਦਸ਼ਾਹ ਮਹਿਮੂਦ ਗਜ਼ਨਵੀ ਦੇ ਕਵੀਆਂ ਪ੍ਰਤੀ ਸਖਾਵਤ ਦਾ ਜ਼ਿਕਰ ਚਲ ਰਿਹਾ ਸੀ ਕਿ ਕਿਵੇਂ ਫਰੁਖੀ ਅਤੇ ਅਨਸਰੀ ਦੇ ਕਸੀਦਿਆਂ ਨੇ ਮਹਿਮੂਦ ਦੀ ਪ੍ਰਸਿੱਧਤਾ ਨੂੰ ਚਾਰ ਚੰਦ ਲੱਗਾ ਦਿੱਤੇ, ਤਾਂ ਮਹਾਰਾਜਾ ਗੁਲਾਬ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦਾ ਸ਼ਾਹਨਾਮਾ ਅਹਿਮਦਯਾਰ ਕੋਲੋਂ ਫ਼ਾਰਸੀ ਵਿਚ ਲਿਖਵਾਉਣ ਦੀ ਇੱਛਾ ਪ੍ਰਗਟ ਕੀਤੀ ਅਤੇ ਇਸ ਨੂੰ ਸਿਰੇ ਚੜ੍ਹਾਉਣ ਹਿਤ ਜਾਗੀਰ ਦੇ ਰੂਪ ਵਿਚ ਉਸ ਦੀ ਹੌਸਲਾ ਅਫ਼ਜ਼ਾਈ ਕਰਨਾ ਵੀ ਕਬੂਲ ਕੀਤਾ । ਅਹਿਮਦ ਯਾਰ ਨੇ ਆਪਣੀ ਸਾਰੀ ਉਮਰ ਨੂੰ ਪੰਜਾਬੀ ਭਾਸ਼ਾ ਦੇ ਵਿਸਥਾਰ ਵਿਚ ਲਗਾਇਆ ਸੀ । ਹੁਣ 'ਸ਼ਾਹਨਾਮਾ ਰਣਜੀਤ ਸਿੰਘ' ਨੂੰ ਫ਼ਾਰਸੀ ਵਿਚ ਲਿਖ ਕੇ ਉਹ ਆਪਣੇ ਤਜਰਬੇ ਅਤੇ ਕਾਬਲੀਅਤ ਦਵਾਰਾ ਪੰਜਾਬੀ ਦੇ ਕੀਮਤੀ ਖਜ਼ਾਨੇ ਨਾਲ ਫ਼ਾਰਸੀ ਅਤੇ ਅਰਬੀ ਵਿਚ ਜੌਹਰ ਦਿਖਾਉਣ ਦਾ ਇੱਛਕ ਸੀ । ਅਰਬੀ ਅਤੇ ਹੋਰ ਦੂਜੀਆਂ ਭਾਸ਼ਾਵਾਂ ਦੀਆਂ ਲਿਖਤਾਂ ਦੀ ਉਸ ਨੇ ਪੰਜਾਬੀ ਭਾਸ਼ਾ ਵਿਚ ਵਿਆਖਿਆ ਕੀਤੀ ਜਿਵੇਂ ਕਿ ਉਹ ਆਪ ਲਿਖਦਾ ਹੈ :

> "ਅਰਬੀ ਜਾਂ ਦੂਜੀਆਂ ਭਾਸ਼ਾ ਵਿਚ ਲਿਖੀਆਂ ਰਚਨਾਵਾਂ ਦੀ ਪੰਜਾਬੀ ਵਿਚ ਮੈਂ ਵਿਆਖਿਆ ਕੀਤੀ ਹੈ ।"

ਫੁਟਕਲ : ਜਿਵੇਂ ਕਿ ਪਿੱਛੇ ਜ਼ਿਕਰ ਆ ਚੁੱਕਾ ਹੈ ਲਾਹੌਰ ਦਰਬਾਰ ਨਾਲ ਸੰਬੰਧਿਤ ਖਿੰਡਰਿਆ ਪੁੰਡਰਿਆ ਪੰਜਾਬੀ ਸਾਹਿੱਤ ਕਈ ਰੂਪਾਂ ਵਿਚ ਸਾਡੇ ਸਾਹਮਣੇ ਆਉਂਦਾ ਹੈ । ਇਸ ਨੂੰ ਦ੍ਰਿਸ਼ਟੀਗੋਚਰ ਕਰਨ ਦੇ ਫਲਸਰੂਪ ਸਾਨੂੰ ਇਸ ਸੰਬੰਧੀ ਬਹੁ-ਪੱਖੀ ਵਾਕਫੀਅਤ ਮਿਲਦੀ ਹੈ । ਇਸ ਖਿੰਡਰੇ ਹੋਏ ਸਾਹਿੱਤ ਦੀ ਪੜਚੋਲ ਇਸ ਕਾਲ ਦੀ ਸਾਹਿੱਤਿਕ ਆਲੋਚਨਾ ਲਈ ਬੜੀ ਜ਼ਰੂਰੀ ਹੈ । ਇਸ ਲਈ ਇਥੇ ਅਸੀਂ ਇਸ ਸਾਹਿੱਤ ਦੀ ਹੋਰ ਪੁਣਛਾਣ ਕਰਦੇ ਹਾਂ ।

(i) **ਅਨੰਦਪੁਰ ਦੀ ਵਾਰ** : ਇਹ ਵਾਰ ਭਾਈ ਰਾਮ ਸਿੰਘ ਦੀ ਲਿਖੀ ਹੋਈ ਹੈ ਜਿਸ ਦਾ ਵਰਣਨ ਹੋਰ ਕਿਤੇ ਲਾਹੌਰ ਦਰਬਾਰ ਨਾਲ ਸੰਬੰਧਿਤ ਸਿੱਖ ਇਤਿਹਾਸ ਵਿਚ ਘੱਟ ਹੀ ਆਉਂਦਾ ਹੈ । ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਇਹ ਵਾਰ ਇਕ ਦੁਰਲੱਭ ਸੋਮਾਂ ਹੈ ਅਤੇ ਇਸ ਪੱਖੋਂ ਪੰਜਾਬੀ ਸਾਹਿੱਤ ਨੂੰ ਵੱਡੀ ਦੇਣ ਹੈ । ਇਹ ਵਾਰ ਸੰਨ 1812 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਤੀਨਿਧ ਸੋਢੀ ਸੁਰਜਨ ਸਿੰਘ ਦੇ ਵਿਰੁੱਧ ਰਾਜਾ ਮਹਾਂ ਚੰਦ ਕਹਿਲੂਰੀਏ (1778-1824 ਈ.) ਦੇ ਪੜੋਤੇ ਰਾਜਾ ਭੀਮ ਚੰਦ ਦੀ ਲੜਾਈ ਦਾ ਵਰਣਨ ਕਰਦੀ ਹੈ । ਇਹ ਸਮਾਂ ਮਹਾਰਾਜਾ ਰਣਜੀਤ ਸਿੰਘ ਦੀਆਂ ਮੱਲਾਂ ਮਾਰਨ ਦਾ ਸਮਾਂ ਸੀ । ਅੰਮ੍ਰਿਤਸਰ ਦੀ ਸੰਧੀ (1809 ਈ.) ਦੁਆਰਾ ਅੰਗਰੇਜ਼ ਸਰਕਾਰ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਰਾਜਸੀ ਹੱਦ ਸਤਲੁਜ ਦਰਿਆ ਨਿਯਤ ਹੋਈ ਸੀ । ਪਰੰਤੂ ਇਸ

ਸੰਧੀ ਅਨੁਸਾਰ ਕੁਝ ਸਤਲੁਜ ਦੇ ਇਲਾਕੇ ਜਿਵੇਂ ਆਨੰਦਪੁਰ ਸਾਹਿਬ, ਕੋਟਕਪੂਰਾ ਅਤੇ ਅੰਬਾਲੇ ਦੇ ਨਜ਼ਦੀਕ ਦੇ ਕੁਝ ਇਲਾਕੇ ਸਿੱਖ ਰਾਜ ਵਿਚ ਸ਼ਾਮਲ ਹੋਣ ਕਾਰਨ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਬੰਧ ਹੇਠ ਸਨ। ਸੰਨ 1795 ਦੇ ਕਰੀਬ ਰਾਜਾ ਸੰਸਾਰ ਚੰਦ ਕਾਂਗੜਾ ਆਦਿ ਨਿਕਟੀ ਸਰਦਾਰ ਆਨੰਦਪੁਰ ਦੇ ਰਾਜਾ ਮਹਾਂ ਚੰਦ ਦੀ ਕਮਜ਼ੋਰ ਰਾਜਨੀਤੀ ਕਾਰਨ ਉਸ ਦਾ ਇਲਾਕਾ ਹੜਪ ਕਰ ਗਏ ਸਨ। 1812 ਈ. ਵਿਚ ਸੋਢੀ ਸੁਰਜਨ ਸਿੰਘ ਦੀ ਸਹਾਇਤਾ ਵੱਲੋਂ ਲਾਹੌਰ ਦਰਬਾਰ ਨਾਲ ਰਾਜਾ ਮਹਾਂ ਚੰਦ ਦੀ ਟੱਕਰ ਹੋਈ ਜੋ ਸੋਢੀ ਸਾਹਿਬ ਨਾਲ ਰੁੱਖੇਪਨ ਨਾਲ ਪੇਸ਼ ਆਇਆ ਸੀ। ਇਸ ਲੜਾਈ ਦੇ ਕਾਰਨਾਂ ਉੱਤੇ ਖੁਲ੍ਹ ਕੇ ਪ੍ਰਕਾਸ਼ ਪਾਇਆ ਹੈ ਅਤੇ ਖ਼ਾਲਸੇ ਦੀ ਜਿੱਤ ਦੀ ਢੁੱਕਵੀਂ ਪੰਜਾਬੀ ਭਾਸ਼ਾ ਵਿਚ ਤਸਵੀਰ ਖਿੱਚੀ ਹੈ।

(ii) **ਵਾਰ ਹਰੀ ਸਿੰਘ ਕ੍ਰਿਤ ਕਵੀ ਸਹਾਈ ਸਿੰਘ** : ਲਾਹੌਰ ਦਰਬਾਰ ਦੇ ਪ੍ਰਸਿੱਧ ਜਰਨੈਲ ਸਰਦਾਰ ਹਰੀ ਸਿੰਘ ਨਲਵੇ ਦੀ ਇਹ ਵਾਰ ਉਸ ਦੀ ਪਿਸ਼ਾਵਰ ਉੱਤੇ ਜਿੱਤ ਦਾ ਹਾਲ ਬਿਆਨ ਕਰਦੀ ਹੈ ਅਤੇ ਪਿਸ਼ਾਵਰ ਦੇ ਸਰਹੱਦੀ ਸੂਬੇ ਉੱਤੇ ਖ਼ਾਲਸੇ ਦੀ ਧਾਕ ਬਿਠਾਉਣ ਸੰਬੰਧੀ ਰੌਸ਼ਨੀ ਪਾਉਂਦੀ ਹੈ। ਇਸ ਕਵੀ ਦੀ ਬੋਲੀ ਮਾਝੇ ਦੇ ਇਲਾਕੇ ਦੀ ਝਲਕ ਮਾਰਦੀ ਹੈ। ਇਸ ਵਾਰ ਵਿਚ ਕਵੀ ਨੇ ਬਿਆਨ ਕੀਤਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਪਿਸ਼ਾਵਰ ਉੱਤੇ ਚੜ੍ਹਾਈ ਕਰਨ ਦਾ ਹੁਕਮ ਪਹਿਲਾਂ ਜਮਾਦਾਰ ਖੁਸ਼ਹਾਲ ਸਿੰਘ ਨੂੰ ਦਿੱਤਾ ਸੀ ਜੋ ਇਹ ਹੁਕਮ ਸੁਣ ਕੇ ਡਾਵਾਂਡੋਲ ਹੋ ਗਿਆ ਸੀ ਅਤੇ ਸ. ਹਰੀ ਸਿੰਘ ਨਲਵੇ ਨੂੰ ਪਿਸ਼ਾਵਰ ਦੀ ਮੁਹਿੰਮ ਦੀ ਕਮਾਂਡ ਸਾਂਭਣ ਲਈ ਪ੍ਰਾਰਥਨਾ ਕੀਤੀ ਜੋ ਉਸ ਨੇ ਮੰਨ ਲਈ ਅਤੇ ਮਹਾਰਾਜੇ ਅੱਗੇ ਬਿਨੈ ਕੀਤੀ ਕਿ ਪਿਸ਼ਾਵਰ ਦੀ ਮੁਹਿੰਮ ਉੱਤੇ ਉਸ ਨੂੰ ਭੇਜਿਆ ਜਾਵੇ। ਇਸ ਤਰ੍ਹਾਂ ਹਰੀ ਸਿੰਘ ਨੇ ਮਹਾਰਾਜੇ ਤੋਂ ਹੁਕਮ ਪਾ ਕੇ ਪਿਸ਼ਾਵਰ ਉੱਤੇ ਚੜਾਈ ਕੀਤੀ ਅਤੇ ਮੈਦਾਨ-ਏ-ਜੰਗ ਵਿਚ ਛਤਿਹ ਉਸ ਦੇ ਕਦਮ ਚੁੰਮਦੀ ਰਹੀ। ਸੰਨ 1834 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਹਰੀ ਸਿੰਘ ਨਲਵੇ ਰਾਹੀਂ ਪਿਸ਼ਾਵਰ ਨੂੰ ਕਬਜ਼ੇ ਹੇਠ ਲੈਣ ਉਪਰੰਤ ਸਿੱਖ ਰਾਜ ਨਾਲ ਮਿਲਾ ਲਿਆ। ਆਖ਼ਰੀ ਜਮਰੌਦ ਵਾਲੀ ਲੜਾਈ, ਜੋ ਤਿੰਨ ਸਾਲ ਪਿੱਛੋਂ ਹੋਈ ਅਤੇ ਜਿਸ ਵਿਚ ਸ. ਹਰੀ ਸਿੰਘ ਸ਼ਹੀਦ ਹੋਏ, ਦਾ ਹਾਲ ਇਸ ਵਾਰ ਵਿਚ ਪੂਰੀ ਤਰ੍ਹਾਂ ਅੰਕਿਤ ਨਹੀਂ ਮਿਲਦਾ। ਇਸ ਰਚਨਾ ਦੇ ਕਰਤਾ ਨੇ ਸਰਲ ਭਾਸ਼ਾ ਅਤੇ ਢੁੱਕਵੀਂ ਸ਼ਬਦਾਵਲੀ ਰਾਹੀਂ ਖ਼ਿਆਲਾਂ ਦੀ ਉਡਾਰੀ ਨੂੰ ਇਤਿਹਾਸਿਕ ਘਟਨਾਵਾਂ ਦੇ ਦਾਇਰੇ ਵਿਚ ਸੀਮਿਤ ਰਖਦਿਆਂ ਹੋਇਆਂ ਸਾਹਿੱਤਿਕ ਅਤੇ ਇਤਿਹਾਸਿਕ ਸੇਵਾ ਕੀਤੀ ਹੈ। ਜਰਨੈਲ ਹਰੀ ਸਿੰਘ ਦੀ ਬਹਾਦਰੀ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ :

ਮੀਮ-ਮੌਤ ਨਾ ਜਾਣਾ ਕੇਹੀ ਹੁੰਦੀ,
ਤੇਗਾਂ ਖਿਚ ਕੇ ਜੁੱਧ ਦੇ ਵਿਚ ਵੜਦਾ।
ਹੋਰ ਫ਼ੌਜ ਤਾਂ ਬਹੁਤ ਸਰਕਾਰ ਦੀ ਹੈ,
ਹਰੀ ਸਿੰਘ ਸੂਰਾ, ਅੱਗੇ ਹੋਇ ਲੜਦਾ।

ਹਰੀ ਸਿੰਘ ਦੇ ਚਰਿੱਤਰ ਉੱਤੇ ਰੌਸ਼ਨੀ ਪਾਉਂਦਾ ਹੋਇਆ ਕਵੀ ਲਿਖਦਾ ਹੈ :

ਫ਼ੌਜ ਜਾਇ ਲੱਗੀ ਤੰਬੂ ਲੁਟਣੇ ਨੂੰ,
ਹਰੀ ਸਿੰਘ ਸਰਦਾਰ ਸੀ ਮਨ੍ਹੇ ਕਰਦਾ।
ਸਹਾਈ ਸਿੰਘ, ਫਰੰਗਣ ਨੂੰ ਮਾਰ ਕੇ ਜੀ,
ਤੋਪਖਾਨੇ ਦੇ ਵਿਚ ਬਰੂਦ ਸੜਦਾ।

(iii) **(ਵਾਰ) ਲਾਹੌਰ ਦੀ ਖ਼ਾਨਾਜੰਗੀ** : ਲਾਹੌਰ ਦਰਬਾਰ ਨਾਲ ਸੰਬੰਧਿਤ ਸਾਹਿੱਤ ਵਿਚ ਇਸ ਵਾਰ ਦੀ ਆਪਣੀ ਹੀ ਮਹੱਤਾ ਹੈ। ਇਹ ਵਾਰ ਸੰਨ 1843 ਦੇ ਕਰੀਬ ਕਿਸੇ ਢਾਡੀ ਦੀ ਲਿਖੀ ਹੋਈ ਹੈ। ਜਿਵੇਂ ਕਿ ਸਿਰਲੇਖ ਤੋਂ ਸਪਸ਼ਟ ਹੈ, ਇਸ ਵਾਰ ਵਿਚ ਲਾਹੌਰ ਦੀ ਖ਼ਾਨਾ-ਜੰਗੀ ਦਾ ਹਾਲ ਕਵੀ ਨੇ ਢੁੱਕਵੀਂ ਭਾਸ਼ਾ ਅਤੇ ਅਣਾਲੰਕ੍ਰਿਤ ਸ਼ੈਲੀ ਵਿਚ ਬਿਆਨ ਕੀਤਾ ਹੈ। ਇਹ ਵਾਰ ਸਰਦਾਰ ਚੇਤ ਸਿੰਘ ਅਤੇ ਮਹਾਰਾਜਾ ਖੜਕ ਸਿੰਘ ਦੀ ਮੌਤ ਤੋਂ ਲੈ ਕੇ ਰਾਜਾ ਧਿਆਨ ਸਿੰਘ ਦੀ ਮੌਤ ਪਿੱਛੋਂ ਰਾਜਾ ਹੀਰਾ ਸਿੰਘ ਦੇ ਸੰਧਾਵਲੀਆਂ ਨੂੰ ਮਾਰਨ ਤਕ ਦੇ

ਹਾਲਾਤ ਬਿਆਨ ਕਰਦੀ ਹੈ। ਇਸ ਵਾਰ ਵਿਚ ਕੰਵਰ ਨੌਨਿਹਾਲ ਸਿੰਘ ਦਾ ਰਾਜਸੀ ਹਾਲਾਤ ਉੱਤੇ ਇਤਨਾ ਕੁ ਗਾਲਬ ਆ ਜਾਣਾ ਦਰਸਾਇਆ ਗਿਆ ਹੈ ਕਿ ਉਹ ਆਪਣੇ ਪਿਤਾ ਦੇ ਹੁੰਦਿਆਂ ਹੋਇਆਂ ਵੀ ਗੱਦੀ ਉੱਤੇ ਬੈਠਾ ਦੱਸਿਆ ਹੈ। ਆਧੁਨਿਕ ਖੋਜ ਅਜਿਹਾ ਨਹੀਂ ਦੱਸਦੀ। ਕੰਵਰ ਨੌਨਿਹਾਲ ਸਿੰਘ ਦਾ ਧਿਆਨ ਸਿੰਘ ਵਜ਼ੀਰ ਦੇ ਨਾਲ ਮਿਲ ਕੇ ਰਾਜਾ ਖੜਕ ਸਿੰਘ ਨੂੰ ਪਿਛੋਕੜ ਤੇ ਰਖਣਾ ਸ੍ਵੀਕਾਰ ਕੀਤਾ ਜਾਂਦਾ ਹੈ। ਮੋਤੀ ਮੰਦਿਰ ਦੇ ਤੋਸ਼ਾਖਾਨੇ ਦੀ ਲੁੱਟ ਦਾ ਜ਼ਿਕਰ ਜਿਸ ਦਾ ਹਵਾਲਾ ਹੋਰ ਕਿਤੇ ਘੱਟ ਹੀ ਮਿਲਦਾ ਹੈ, ਇਸ ਵਾਰ ਵਿਚ ਦਰਜ ਕੀਤਾ ਗਿਆ ਹੈ। ਸੰਬੰਧਿਤ ਸਮੇਂ ਬਾਰੇ ਵਡਮੁੱਲੀ ਵਾਕਫ਼ੀਅਤ ਇਸ ਵਾਰ ਰਾਹੀਂ ਮਿਲਦੀ ਹੈ।

(iv) **ਜੰਗਨਾਮਾ ਲਾਹੌਰ** : ਇਹ ਜੰਗਨਾਮਾ ਭਾਈ ਕਾਨ੍ਹ ਸਿੰਘ ਬੰਗਾ ਜ਼ਿਲ੍ਹਾ ਜਲੰਧਰ ਦੇ ਵਸਨੀਕ ਦੀ ਰਚਨਾ ਹੈ ਜੋ ਉਸ ਨੇ ਮਿਸਟਰ ਵੈਨਸਟਾਰਟ ਡਿਪਟੀ ਕਮਿਸ਼ਨਰ ਜਲੰਧਰ ਦੇ ਕਹਿਣ ਉੱਤੇ ਲਿਖੀ ਸੀ। ਇਹੋ ਕਾਰਨ ਹੈ ਕਿ ਇਸ ਜੰਗਨਾਮੇ ਵਿਚ ਕੁਝ ਘਟਨਾਵਾਂ ਨੂੰ ਅੰਗਰੇਜ਼ਾਂ ਦੇ ਪੱਖ ਵਿਚ ਤੋੜਿਆ ਮੋੜਿਆ ਗਿਆ ਹੈ ਪਰ ਇਸ ਗੱਲ ਨਾਲ ਇਸ ਰਚਨਾ ਦੀ ਕੀਮਤ ਇਸ ਲਈ ਨਹੀਂ ਘਟਦੀ ਕਿ ਜੇਕਰ ਇਸ ਨੂੰ ਕਿਸੇ ਸਮਕਾਲੀ ਜਾਂ ਨਿਕਟ ਸਮਕਾਲੀ ਰਚਨਾ ਨਾਲ ਮਿਲਾ ਕੇ ਪੜ੍ਹਿਆ ਜਾਵੇ ਤਾਂ ਖੋਜ ਵਿਚ ਸਹਾਇਤਾ ਮਿਲਦੀ ਹੈ। ਇਹ ਜੰਗਨਾਮਾ ਲਾਹੌਰ ਦਰਬਾਰ ਦੇ ਹਾਲਾਤ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਸਿੱਖਾਂ ਦੀ ਅੰਗਰੇਜ਼ਾਂ ਨਾਲ ਪਹਿਲੀ ਲੜਾਈ (1839-46 ਈ.) ਦੇ ਹਾਲਾਤ ਨੂੰ ਬੜੀ ਢੁੱਕਵੀਂ ਸ਼ਬਦਾਵਲੀ ਵਿਚ ਪੇਸ਼ ਕਰਦਾ ਹੈ। ਇਸ ਵਿਚ ਮਹਾਰਾਜਾ ਰਣਜੀਤ ਸਿੰਘ ਨਾਲ ਅੰਗਰੇਜ਼ਾਂ ਦੇ ਸੰਬੰਧ ਬਾਰੇ ਵੀ ਹਵਾਲਾ ਦਿੱਤਾ ਗਿਆ ਹੈ, ਪਰ ਇਹ ਵਿਆਖਿਆ ਬਹੁਤੀ ਸਹਾਇਕ ਨਹੀਂ ਹੁੰਦੀ। ਘਟਨਾਕ੍ਰਮ ਦੇ ਪੱਖ ਤੋਂ ਇਹ ਜੰਗਨਾਮਾ ਲਾਭਦਾਇਕ ਹੈ। ਇਸ ਵਿਚ ਪੰਜਾਬ ਦੇ ਉੱਘੇ ਸਰਦਾਰ ਜੋ ਸਤਿਲੁਜ ਦੀ ਲੜਾਈ ਵਿਚ ਮਾਰੇ ਗਏ, ਦੇ ਨਾਂ ਦਿੱਤੇ ਗਏ ਹਨ ਜੋ ਸਾਡੇ ਗਿਆਨ ਵਿਚ ਵਾਧਾ ਕਰਦੇ ਹਨ।

(v) **ਕਿੱਸਾ ਸ਼ਾਹ ਮੁਹੰਮਦ** : ਸ਼ਾਹ ਮੁਹੰਮਦ ਵਡਾਲਾ ਜ਼ਿਲ੍ਹਾ ਅੰਮ੍ਰਿਤਸਰ ਦਾ ਵਸਨੀਕ ਸੀ। ਉਸ ਦੇ ਇਸ ਵਡਮੁੱਲੇ ਕਿੱਸੇ ਵਿਚ ਲਾਹੌਰ ਦਰਬਾਰ ਦੀ ਖ਼ਾਨਾਜੰਗੀ ਅਤੇ ਅੰਗਰੇਜ਼ਾਂ ਤੇ ਸਿੰਘਾਂ ਦੀਆਂ ਫੇਰੂ, ਮੁਦਕੀ ਆਦਿ ਸਥਾਨਾਂ ਉੱਤੇ ਹੋਈਆਂ ਲੜਾਈਆਂ ਦਾ ਬਿਆਨ ਢੁੱਕਵੀਂ ਸ਼ਬਦਾਵਲੀ ਵਿਚ ਕੀਤਾ ਗਿਆ ਹੈ। ਇਹ ਕਿੱਸਾ ਜਿੱਥੇ ਵਡਮੁੱਲੀ ਇਤਿਹਾਸਿਕ ਜਾਣਕਾਰੀ ਪ੍ਰਦਾਨ ਕਰਦਾ ਹੈ ਉਥੇ ਸਾਹਿੱਤਿਕ ਦ੍ਰਿਸ਼ਟੀ ਤੋਂ ਵੀ ਮਹੱਤਵਪੂਰਨ ਰਚਨਾ ਹੈ। ਇਸ ਵਿਚ ਪੰਜਾਬੀਆਂ ਦੀ ਬਹਾਦਰੀ ਨੂੰ ਭਲੀ ਭਾਂਤ ਦਰਸਾਇਆ ਗਿਆ ਹੈ। ਇਹ ਕਿੱਸਾ ਬੈਂਤਾਂ ਵਿਚ ਦੇਸ਼ ਭਗਤੀ ਦੀ ਜੀਉਂਦੀ ਜਾਗਦੀ ਤਸਵੀਰ ਹੈ ਅਤੇ ਅੰਗਰੇਜ਼ ਦੇ ਕਹਿਰ ਦਾ ਪ੍ਰਗਟਾ ਕਰਦਾ ਹੈ :

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਅੱਜ ਅਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ।

ਸ਼ਾਹ ਮੁਹੰਮਦ ਦੀ ਇਸ ਰਚਨਾ ਵਿਚ ਲਾਹੌਰ ਦਰਬਾਰ ਦੇ ਕਾਰਿੰਦਿਆਂ ਨੂੰ ਕਾਫੀ ਨੇੜੇ ਤੋਂ ਜਾਂਚਿਆ ਪੜਤਾਲਿਆ ਗਿਆ ਹੈ। ਇਸ ਵਿਚ ਸ਼ੱਕ ਨਹੀਂ ਕਿ ਕੁਝ ਗੱਲਾਂ ਇਤਿਹਾਸਿਕ ਦ੍ਰਿਸ਼ਟੀ ਤੋਂ ਪੂਰੀਆਂ ਨਹੀਂ ਉਤਰਦੀਆਂ। ਇਸ ਦੇ ਬਾਵਜੂਦ ਵੀ ਇਹ ਕਿੱਸਾ ਇਤਿਹਾਸਿਕ ਅਤੇ ਸਾਹਿੱਤਿਕ ਪੱਖ ਤੋਂ ਵਡਮੁੱਲਾ ਹੈ। ਪੰਜਾਬ ਵਾਸੀਆਂ ਦੀ ਨਿਰਭੈਤਾ ਨੂੰ ਵੇਖ ਕੇ ਅਤੇ ਅੰਗਰੇਜ਼ਾਂ ਦੇ ਵਿਸ਼ਾਲ ਵਸੀਲਿਆਂ ਅਤੇ ਕਪਟ-ਪ੍ਰਬੰਧਾਂ ਅੱਗੇ ਉਨ੍ਹਾਂ ਦੀ ਪੇਸ਼ ਨਾ ਜਾਂਦੀ ਵੇਖ ਕੇ ਸ਼ਾਹ ਮੁਹੰਮਦ ਦੀ ਰੂਹ ਕਲਪਦੀ ਪ੍ਰਤੀਤ ਹੁੰਦੀ ਹੈ :

ਜੰਗ ਹਿੰਦ-ਪੰਜਾਬ ਦਾ ਹੋਣ ਲੱਗਾ,
ਦੋਵੇਂ ਬਾਦਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।

ਅੰਗਰੇਜ਼ਾਂ ਵੱਲੋਂ ਇਸ ਲੜਾਈ ਵਿਚ ਖ਼ਾਲਸੇ ਉੱਤੇ ਪਹਿਲ ਕਰਨੀ ਅਤੇ ਛੇੜ ਛੇੜਨ ਦਾ ਬਿਆਨ ਸ਼ਾਹ ਮੁਹੰਮਦ ਨੇ ਕੀਤਾ ਹੈ। ਕਵੀ ਲਿਖਦਾ ਹੈ ਕਿ 1809 ਈ. ਵਿਚ ਹੋਈ ਸੰਧੀ ਨੂੰ ਕਿਵੇਂ ਤੋੜਿਆ ਗਿਆ :

ਚੜ੍ਹਿਆ ਲੰਡਨੋ ਲਾਟ ਉਠਾਇ ਬੀੜਾ,
ਡੇਰਾ ਪਾਂਵਦਾ ਵਿਚ ਮੈਦਾਨ ਮੀਆਂ।
ਸ਼ਾਹ ਮੁਹੰਮਦਾ ਗੋਰਿਆਂ ਛੇੜ ਛੇੜੀ,
ਮੁਲਕ ਪਾਰ ਦਾ ਮਲਿਆ ਆਨ ਮੀਆਂ।

(vi) **ਮੁਲਤਾਨ ਦੀ ਵਾਰ** : ਮੁਲਤਾਨ ਦੀ ਵਾਰ ਕਵੀ ਸੋਭਾ ਦੀ ਕ੍ਰਿਤ ਹੈ। ਇਸ ਕਵੀ ਦਾ ਜਨਮ 1810 ਈ. ਵਿਚ ਹੋਇਆ ਅਤੇ ਮ੍ਰਿਤੂ 1870 ਈ. ਵਿਚ ਹੋਈ। ਮੁਲਤਾਨ ਦੀ ਜੰਗ ਦਾ ਸਮਾਂ ਅਪ੍ਰੈਲ 1848 ਤੋਂ ਜਨਵਰੀ 1849 ਦਾ ਸਮਾਂ ਹੈ। ਇਹ ਵਾਰ ਲਾਹੌਰ ਦਰਬਾਰ ਦੇ ਪ੍ਰਸਿੱਧ ਦੀਵਾਨ ਮੂਲ ਰਾਜ ਦੇ ਅੰਗਰੇਜ਼ਾਂ ਤੋਂ ਬਾਗ਼ੀ ਹੋਣ ਅਤੇ ਉਨ੍ਹਾਂ ਨਾਲ ਸੰਘਰਸ਼ ਕਰਨ ਦਾ ਵਰਣਨ ਕਰਦੀ ਹੈ। ਇਸ ਰਚਨਾ ਵਿਚ ਦੱਸਿਆ ਗਿਆ ਹੈ ਕਿ ਲਾਹੌਰ ਦਰਬਾਰ ਦੀਆਂ ਅੰਗਰੇਜ਼ੀ ਰੈਜ਼ੀਡੈਂਟ ਦੇ ਅਧੀਨ ਫ਼ੌਜਾਂ ਮੂਲ ਰਾਜ ਦੇ ਅੰਗਰੇਜ਼ਾਂ ਤੋਂ ਆਕੀ ਹੋਣ ਉੱਤੇ ਉਸ ਨਾਲ ਮਿਲ ਗਈਆਂ। ਅੰਗਰੇਜ਼ਾਂ ਨੇ ਲਾਹੌਰ ਦੀ ਫ਼ੌਜ ਨੂੰ ਤੋੜ ਦਿੱਤਾ ਸੀ। ਲਾਹੌਰ ਵਿਚ ਅੰਗਰੇਜ਼ੀ ਰੈਜ਼ੀਡੈਂਟ ਮੁਕੱਰਰ ਹੋ ਚੁੱਕਾ ਸੀ ਅਤੇ ਲਾਹੌਰ ਦਰਬਾਰ ਦਾ ਰਾਜ ਖ਼ਤਮ ਹੋ ਚੁੱਕਾ ਸੀ। ਰਾਣੀ ਜਿੰਦ ਕੌਰ ਨੂੰ ਦੇਸ਼ ਨਿਕਾਲਾ ਸਰਬਤ ਖ਼ਾਲਸੇ ਦੇ ਸਤਿਕਾਰ ਉੱਤੇ ਧੱਬਾ ਸੀ। ਹਜ਼ਾਰੇ ਦਾ ਗਵਰਨਰ ਸਰਦਾਰ ਚਤਰ ਸਿੰਘ ਅਟਾਰੀਵਾਲਾ ਅਤੇ ਇਸ ਤੋਂ ਉਪਰੰਤ ਸਰਦਾਰ ਸ਼ੇਰ ਸਿੰਘ ਅਟਾਰੀਵਾਲਾ ਵੀ ਰਾਜਸੀ ਅਨਿਆਇ ਕਰਕੇ ਅੰਗਰੇਜ਼ਾਂ ਦੇ ਖ਼ਿਲਾਫ਼ ਹੋ ਗਏ ਸਨ। ਇਸ ਲਈ ਅੰਗਰੇਜ਼ਾਂ ਦੇ ਖ਼ਿਲਾਫ਼ ਦੇਸ਼ੀ ਅੰਸ਼ ਦੀਵਾਨ ਮੂਲਰਾਜ ਦੇ ਨਾਲ ਮਿਲ ਗਿਆ ਅਤੇ ਸਰਕਾਰ ਅੰਗਰੇਜ਼ੀ ਦੇ ਅਨਿਆਂ ਸਾਮ੍ਹਣੇ ਡਟ ਗਿਆ। ਚੁੱਕਵੀਂ ਪੰਜਾਬੀ ਸ਼ਬਦਾਵਲੀ ਵਿਚ ਲਿਖੀ ਇਹ ਵਾਰ ਪੰਜਾਬੀ ਸਾਹਿੱਤ ਦਾ ਸਰਮਾਇਆ ਹੈ।

ਲਾਹੌਰ ਦਰਬਾਰ ਨਾਲ ਸੰਬੰਧਿਤ ਪੰਜਾਬੀ ਸਾਹਿੱਤ ਦੇ ਸਰਵੇਖਣ ਤੋਂ ਪਤਾ ਚਲਦਾ ਹੈ ਕਿ ਉਸ ਸਮੇਂ ਸੰਬੰਧੀ ਸਾਹਿੱਤਿਕ ਸਾਮਗ੍ਰੀ ਸਾਨੂੰ ਹੋਰ ਵੀ ਨਿਕੀਆਂ-ਨਿਕੀਆਂ ਰਚਨਾਵਾਂ ਦੇ ਰੂਪ ਵਿਚ ਕਾਫੀ ਮਾਤਰਾ ਵਿਚ ਮਿਲ ਜਾਂਦੀ ਹੈ, ਜੋ ਉਸ ਸਮੇਂ ਦੀ ਸਾਹਿੱਤਿਕ, ਰਾਜਸੀ, ਆਰਥਿਕ ਅਤੇ ਸਮਾਜਿਕ ਅਵਸਥਾ ਨੂੰ ਦਰਸਾਉਂਦੀ ਹੈ। ਪਰ ਲੇਖ ਦੇ ਵਿਸਤਾਰ ਦੇ ਡਰ ਤੋਂ ਉਨ੍ਹਾਂ ਨੂੰ ਇਸ ਵਿਚ ਸੰਮਿਲਿਤ ਨਹੀਂ ਕੀਤਾ ਜਾ ਸਕਿਆ। ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਸਿੱਖ ਜਰਨੈਲਾਂ/ਸਰਦਾਰਾਂ ਵੱਲੋਂ ਸਾਹਿੱਤਕਾਰਾਂ ਦੀ ਹੌਸਲਾ-ਅਫ਼ਜ਼ਾਈ ਕਰਨ ਦੇ ਕਈ ਹਵਾਲੇ ਮਿਲਦੇ ਹਨ, ਜਿਵੇਂ ਹਾਸ਼ਮ ਨੂੰ ਜਗਦੇਉ ਪਿੰਡ ਦੀ ਜ਼ਮੀਨ ਜਾਗੀਰ ਵਿਚ ਦੇਣ ਅਤੇ ਕਾਦਰਯਾਰ ਦੇ ਨਾਂ ਕੁਝ ਪਿੰਡ ਅਤੇ ਖੂਹ ਲਾਉਣਾ ਆਦਿ। ਲਾਹੌਰ ਦਰਬਾਰ ਦੀ ਸਾਹਿੱਤ-ਪਰਵਰੀ ਦੇ ਸਿੱਟੇ ਵਜੋਂ ਪੰਜਾਬੀ ਬੋਲੀ ਅਤੇ ਸਾਹਿੱਤ ਨੇ ਅਵੱਸ਼ ਹੀ ਉਹ ਉੱਨਤੀ ਕੀਤੀ ਜਿਸ ਉੱਤੇ ਸਾਨੂੰ ਸਦਾ ਹੀ ਗੌਰਵ ਰਹੇਗਾ।

ਖੜਗ ਸਿੰਘ ਮਹਾਰਾਜ ਹੋਯਾ ਬਹੁਤ ਮਾਂਦਾ,
ਬਰਸ ਇਕ ਪਿੱਛੇ ਬਸ ਕਾਲ ਹੋਇਆ।
ਆਈ ਮੌਤ ਨਾ ਅਟਕਿਆ ਇਕ ਘੜੀ,
ਚੇਤ ਸਿੰਘ ਦੇ ਗ਼ਮ ਦੇ ਨਾਲ ਮੋਇਆ।
ਕੌਰ ਸਾਹਿਬ ਮਹਾਰਾਜੇ ਦੀ ਗੱਲ ਸੁਣ ਕੇ,
ਜ਼ਰਾ ਗ਼ਮ ਦੇ ਨਾਲ ਨਾ ਮੂਲ ਰੋਇਆ।
ਸ਼ਾਹ ਮੁਹੰਮਦਾ ਕਈਆਂ ਦੇ ਬੰਨ੍ਹਣੇ ਦਾ,
ਵਿਚ ਕੌਂਸਲ ਦੇ ਕੌਰ ਨੂੰ ਫ਼ਿਕਰ ਹੋਇਆ।

... ...

ਖੜਗ ਸਿੰਘ ਮਹਾਰਾਜੇ ਨੂੰ ਚੁੱਕ ਲਿਆ,
ਵੇਖੋ ਸਾੜਨੇ ਨੂੰ ਹੁਣ ਲੈ ਚੱਲੇ।
ਧਰਮ ਰਾਇ ਨੂੰ ਜਾਇ ਕੇ ਖ਼ਬਰ ਹੋਈ,
ਕੌਰ ਮਾਰਨੇ ਨੂੰ ਦੂਤ ਘੱਲੇ।
ਮਾਰੋ ਮਾਰ ਕਰਦੇ ਦੂਤ ਉਠ ਦੌੜੇ,
ਜਦੋਂ ਹੋਏ ਨੀ ਮੌਤ ਦੇ ਆਇ ਹੱਲੇ।
ਸ਼ਾਹ ਮੁਹੰਮਦਾ ਦੇਖ ਰਜ਼ਾਇ ਰੱਬ ਦੀ,
ਊਧਮ ਸਿੰਘ ਤੇ ਕੌਰ ਦੇ ਸਾਸ ਚੱਲੇ।

-ਸ਼ਾਹ ਮੁਹੰਮਦ

ਲਾਹੌਰ ਦਰਬਾਰ ਨਾਲ ਸੰਬੰਧਿਤ ਜੀਵਨੀ ਸਾਹਿੱਤ

ਡਾ. ਕੁਲਦੀਪ ਸਿੰਘ ਧੀਰ

ਸਾਡੇ ਸਮਿਆਂ ਦੇ ਪ੍ਰਸਿੱਧ ਦਾਰਸ਼ਨਿਕ ਇਤਿਹਾਸਕਾਰ ਕਾਲਿੰਗਵੁਡ ਨੇ ਇਕ ਵਾਰ ਕਿਹਾ ਸੀ ਕਿ ਇਤਿਹਾਸ ਦੇ ਖੇਤਰ ਵਿਚ ਕੋਈ ਵੀ ਪ੍ਰਾਪਤੀ ਅੰਤਿਮ ਨਹੀਂ ਮੰਨੀ ਜਾ ਸਕਦੀ ।[1] ਕਿਸੇ ਵੀ ਸਮੱਸਿਆ ਨੂੰ ਸੁਲਝਾਣ ਖਾਤਰ ਪ੍ਰਾਪਤ ਗਵਾਹੀਆਂ, ਇਤਿਹਾਸਕਾਰ ਦੀ ਯੋਗਤਾ ਵਿਚ ਪਰਿਵਰਤਨ ਆਉਣ ਨਾਲ ਬਦਲ ਜਾਂਦੀਆਂ ਹਨ । ਉਹ ਸਿੱਧਾਂਤ ਜਿਨ੍ਹਾਂ ਆਸਰੇ ਕਿਸੇ ਇਤਿਹਾਸਿਕ ਗਵਾਹੀ ਜਾਂ ਤੱਥ ਦੀ ਵਿਆਖਿਆ ਕੀਤੀ ਜਾਂਦੀ ਹੈ, ਉਹ ਵੀ ਬਦਲ ਜਾਂਦੇ ਹਨ । ਕਾਰਨ ਇਹ ਹੈ ਕਿ ਇਸ ਵਿਆਖਿਆ ਵਿਚ ਇਤਿਹਾਸਕਾਰ ਨੂੰ ਆਪਣੇ ਸੰਪੂਰਨ ਅਨੁਭਵ ਤੇ ਗਿਆਨ ਨੂੰ ਵਰਤੋਂ ਵਿਚ ਲਿਆਉਣਾ ਪੈਂਦਾ ਹੈ । ਪ੍ਰਿਥਵੀ, ਮਨੁੱਖੀ ਸੁਭਾ, ਗਣਿਤ, ਫਲਸਫਾ ਕਿਸੇ ਵੀ ਕਿਸਮ ਦਾ ਗਿਆਨ ਇਸ ਤੋਂ ਬਾਹਰ ਨਹੀਂ ਰਹਿੰਦਾ । ਇਤਿਹਾਸਕਾਰ ਦੀ ਮਾਨਸਿਕ ਬਣਤਰ ਹੀ ਨਹੀਂ, ਉਸ ਦੀ ਹਰ ਸ਼ੈ ਉਸ ਦੁਆਰਾ ਲਿਖੇ ਇਤਿਹਾਸ ਉੱਤੇ ਪ੍ਰਭਾਵ ਪਾਉਂਦੀ ਹੈ । ਇਨ੍ਹਾਂ ਵਿਚੋਂ ਕੁਝ ਵੀ ਅਜਿਹਾ ਨਹੀਂ ਜੋ ਸਦੀਵੀ ਹੋਵੇ । ਇਸ ਲਈ ਹਰ ਪੀੜ੍ਹੀ ਨੂੰ ਆਪਣਾ ਇਤਿਹਾਸ ਆਪਣੇ ਢੰਗ ਨਾਲ ਲਿਖਣਾ ਪੈਂਦਾ ਹੈ । ਹਰ ਨਵਾਂ ਇਤਿਹਾਸਕਾਰ ਪੁਰਾਣੇ ਪ੍ਰਸ਼ਨਾਂ ਦੇ ਨਵੇਂ ਉੱਤਰ ਦਿੰਦਾ ਹੈ । ਕਈ ਵਾਰ ਤਾਂ ਪ੍ਰਸ਼ਨ ਹੀ ਬਦਲ ਦਿੰਦਾ ਹੈ, ਜਾਂ ਇੰਜ ਕਹੋ ਕਿ ਅਜਿਹਾ ਆਪਣੇ ਆਪ ਹੋ ਜਾਂਦਾ ਹੈ । ਸ਼ਾਇਦ ਇਤਿਹਾਸਕਾਰੀ ਇਕ ਅਜਿਹਾ ਦਰਿਆ ਹੈ ਜਿਸ ਵਿਚ ਕੋਈ ਵੀ ਦੁਬਾਰਾ ਉਨ੍ਹੀਂ ਕਦਮੀ ਨਹੀਂ ਵਿਚਰ ਸਕਦਾ । ਇਕੋ ਸਮੱਸਿਆ ਤੇ ਵੀ ਲੰਮੇ ਸਮੇਂ ਲਈ ਕੰਮ ਕਰ ਰਿਹਾ ਇਤਿਹਾਸਕਾਰ ਕੁਝ ਅਰਸੇ ਮਗਰੋਂ ਪਿੱਛੇ ਭੌਂ ਕੇ ਜਦੋਂ ਕਿਸੇ ਪੁਰਾਣੇ ਪ੍ਰਸ਼ਨ ਨੂੰ ਦੁਬਾਰਾ ਛੇੜਣ ਦਾ ਯਤਨ ਕਰਦਾ ਹੈ ਤਾਂ ਉਸ ਦਾ ਉੱਤਰ ਬਦਲ ਚੁੱਕਾ ਹੁੰਦਾ ਹੈ ।

ਇਤਿਹਾਸਕਾਰ ਆਉਂਦੇ ਹਨ ਤੇ ਚਲੇ ਜਾਂਦੇ ਹਨ । ਉਨ੍ਹਾਂ ਦੁਆਰਾ ਰਚੀਆਂ ਕ੍ਰਿਤੀਆਂ ਨੂੰ ਪਿਛਲੇਰੇ ਇਤਿਹਾਸਕਾਰ ਨਵੀਂ ਉਸਾਰੀ ਲਈ ਕੱਚੇ ਮਾਲ ਵਜੋਂ ਵਰਤਦੇ ਹਨ । ਕਿਸੇ ਵੀ ਇਤਿਹਾਸਕਾਰ ਦਾ ਮਹੱਤਵ ਜਾਂ ਗੌਰਵ ਇਸ ਤੱਥ ਵਿਚ ਨਿਹਿਤ ਹੈ ਕਿ ਉਸ ਨੇ ਆਪਣੇ ਸਮੇਂ ਆਪਣੇ ਲਈ ਨਿਸ਼ਚਿਤ ਭੂਮਿਕਾ ਨੂੰ ਕਿੰਨੀ ਯੋਗਤਾ ਨਾਲ ਨਿਭਾਇਆ ਹੈ । ਬਾਬਾ ਪ੍ਰੇਮ ਸਿੰਘ ਹੋਤੀ ਇਕ ਅਜਿਹੇ ਇਤਿਹਾਸਕਾਰ ਹੋਏ ਹਨ ਜਿਨ੍ਹਾਂ ਨਾ ਕੇਵਲ ਆਪਣੀ ਪੀੜ੍ਹੀ ਵਾਸਤੇ ਸਿੱਖ ਇਤਿਹਾਸ ਨੂੰ ਪੂਰੀ ਜ਼ਿੰਮੇਵਾਰੀ ਅਤੇ ਅਤਿ ਰੋਚਕਤਾ ਨਾਲ ਲਿਖਣ ਦਾ ਕੰਮ ਕੀਤਾ, ਸਗੋਂ ਆਪਣੇ ਤੋਂ ਪਿੱਛੇ ਦੇ ਇਤਿਹਾਸਕਾਰਾਂ ਲਈ ਮਹੱਤਵਪੂਰਨ ਇਤਿਹਾਸਿਕ ਸਾਮਗ੍ਰੀ ਦਾ ਸੰਕਲਨ ਵੀ ਕੀਤਾ ਅਤੇ ਅਧਿਕਾਰੀ ਇਤਿਹਾਸਿਕ ਗ੍ਰੰਥਾਂ ਤੇ ਸੋਮਿਆਂ ਵੱਲ ਸੰਕੇਤ ਵੀ ਕੀਤੇ । ਹੋਤੀ ਜੀ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਦੇ ਪੰਜਾਬ ਦੇ ਇਕ ਪ੍ਰਸਿੱਧ ਇਤਿਹਾਸਕਾਰ ਹੋਏ ਹਨ । ਉਨ੍ਹਾਂ ਦੇ ਅਧਿਐਨ ਤੇ ਖੋਜ ਦਾ ਵਿਸ਼ਾ ਆਮ ਕਰਕੇ ਸਿੱਖ ਇਤਿਹਾਸ ਅਤੇ ਵਿਸ਼ੇਸ਼ ਕਰਕੇ ਮਹਾਰਾਜਾ ਰਣਜੀਤ ਸਿੰਘ ਕਾਲ ਰਿਹਾ ਹੈ । ਉਨ੍ਹਾਂ ਨੇ ਦਰਜਨ ਤੋਂ ਉੱਤੇ ਇਤਿਹਾਸਿਕ ਪੁਸਤਕਾਂ ਇਸ ਵਿਸ਼ੇ ਉੱਤੇ ਲਿਖੀਆਂ ਹਨ । ਇਨ੍ਹਾਂ ਪੁਸਤਕਾਂ ਵਿਚ ਰਣਜੀਤ ਸਿੰਘ ਤੇ ਸਿੱਖ ਦਰਬਾਰ ਨਾਲ ਸੰਬੰਧਿਤ ਇਤਿਹਾਸ ਨੂੰ ਇਸ ਰੋਚਕਤਾ ਤੇ ਬਾਰੀਕਬੀਨੀ ਨਾਲ ਚਿਤ੍ਰਿਆ ਗਿਆ ਹੈ ਕਿ ਇਹ ਸਾਹਿੱਤ ਤੇ ਇਤਿਹਾਸ ਦਾ ਵਿਚਿਤ੍ਰ ਸੁਮੇਲ ਹੋ ਨਿਬੜੀਆਂ ਹਨ ।

ਹੋਤੀ ਜੀ ਨੇ ਸਿੱਖ ਦਰਬਾਰ ਨਾਲ ਸੰਬੰਧਿਤ ਇਤਿਹਾਸ ਨੂੰ ਲਿਖਣ ਸਮੇਂ ਜੀਵਨੀ ਦੀ ਸ਼ੈਲੀ ਵਰਤੀ ਹੈ ਜੋ ਆਪਣੇ ਆਪ ਵਿਚ ਸਾਹਿੱਤ ਦਾ ਇਕ ਰੂਪ ਵੀ ਹੈ ਤੇ ਇਤਿਹਾਸਕਾਰੀ ਦੀ ਇਕ ਸਸ਼ਕਤ ਵਿਧੀ ਵੀ । ਉਨ੍ਹਾਂ ਨੇ

ਸਿੱਖ ਦਰਬਾਰ ਨਾਲ ਸੰਬੰਧਿਤ ਮਹੱਤਵਪੂਰਨ ਵਿਅਕਤੀਆਂ ਨੂੰ ਕੇਂਦਰ ਬਣਾ ਕੇ ਉਸ ਕਾਲ ਦੇ ਇਤਿਹਾਸ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਵੀਹਵੀਂ ਸਦੀ ਦੇ ਆਰੰਭਿਕ ਵਰ੍ਹਿਆਂ ਵਿਚ ਜਦੋਂ ਬਾਬਾ ਜੀ ਨੇ ਸਿੱਖ ਇਤਿਹਾਸਕਾਰੀ ਦੇ ਖੇਤਰ ਵਿਚ ਪੈਰ ਧਰਿਆ ਤਾਂ ਇਹ ਗੱਲ ਇਕ ਸਰਵ-ਪ੍ਰਵਾਨਿਤ ਸਚਾਈ ਸੀ ਕਿ ਇਤਿਹਾਸ ਮਹਾਨ ਵਿਅਕਤੀਆਂ ਦੀ ਜੀਵਨੀ ਹੀ ਹੈ।[2]

ਇਸ ਤੋਂ ਪਹਿਲਾਂ ਕਿ ਅਸੀਂ ਬਾਬਾ ਜੀ ਰਚਿਤ ਸਿੱਖ ਦਰਬਾਰ ਨਾਲ ਸੰਬੰਧਿਤ ਜੀਵਨੀ ਸਾਹਿੱਤ ਬਾਰੇ ਕਿਸੇ ਵਿਸ਼ਲੇਸ਼ਣ ਵਿਚ ਪਈਏ, ਸਾਨੂੰ ਉਨ੍ਹਾਂ ਕਾਰਨਾਂ ਦੀ ਤਹਿ ਵਿਚ ਜਾਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ ਜਿਨ੍ਹਾਂ ਕਰਕੇ ਉਨ੍ਹਾਂ ਨੇ ਸਿੱਖ ਇਤਿਹਾਸ ਵਿਚ ਦਿਲਚਸਪੀ ਲੈਣੀ ਸ਼ੁਰੂ ਕੀਤੀ ਅਤੇ ਆਪਣੇ ਸੀਮਿਤ ਸਾਧਨਾਂ ਦੇ ਬਾਵਜੂਦ, ਕਠਿਨ ਮਿਹਨਤ ਨਾਲ ਇਕ ਅਜਿਹੇ ਕਾਰਜ ਨੂੰ ਇਕੱਲਿਆਂ ਪੂਰਾ ਕਰ ਵਿਖਾਇਆ ਜੋ ਇਤਿਹਾਸਕਾਰਾਂ ਤੇ ਖੋਜੀਆਂ ਦੀ ਲੰਮੀ ਚੌੜੀ ਟੀਮ ਵਾਸਤੇ ਵੀ ਪੂਰਾ ਕਰਨਾ ਮੁਸ਼ਕਿਲ ਸੀ। ਇਹ ਕੰਮ ਕਿਸੇ ਨਿਸ਼ਕਾਮ ਮਿਸ਼ਨਰੀ-ਭਾਵਨਾ ਤੇ ਸੱਚੇ ਸੁੱਚੇ ਧਾਰਮਿਕ ਜਜ਼ਬੇ ਦੀ ਅਣਹੋਂਦ ਵਿਚ ਸੰਭਵ ਨਹੀਂ ਪ੍ਰਤੀਤ ਹੁੰਦਾ। ਹੋਤੀ ਜੀ ਦੇ ਪਿਤਾ ਬਾਬਾ ਗੰਡਾ ਸਿੰਘ ਨੇ ਉਨ੍ਹਾਂ ਵਿਚ ਬਚਪਨ ਤੋਂ ਹੀ ਧਾਰਮਿਕ ਜਜ਼ਬਾ ਭਰ ਦਿੱਤਾ ਸੀ। ਆਪਣੇ ਪਿਤਾ ਤੋਂ ਬਚਪਨ ਵਿਚ ਹੀ ਸਿੱਖ ਜੋਧਿਆਂ ਦੇ ਕਾਰਨਾਮੇ ਸੁਣ-ਸੁਣ ਕੇ ਉਨ੍ਹਾਂ ਦੇ ਮਨ ਵਿਚ ਇਸ ਵਿਸ਼ੇ ਬਾਰੇ ਵਧੇਰੇ ਗਿਆਨ ਪ੍ਰਾਪਤ ਕਰਨ ਦੀ ਚਿਣਗ ਪੈਦਾ ਹੋਈ। ਉੱਜ ਵੀ ਹੋਤਾ ਮਰਦਾਨ, ਬੰਨੂ, ਪਿਸ਼ਾਵਰ ਤੇ ਉਸ ਦੇ ਆਸ ਪਾਸ ਦੇ ਇਲਾਕੇ (ਜਿਥੇ ਬਾਬਾ ਜੀ ਦਾ ਬਚਪਨ ਬੀਤਿਆ) ਸਿੱਖ ਰਾਜ ਬਾਰੇ ਵੀਰ-ਗਾਥਾਵਾਂ ਤੇ ਤਰ੍ਹਾਂ-ਤਰ੍ਹਾਂ ਦੀਆਂ ਰਵਾਇਤਾਂ ਨਾਲ ਪਰੁਚੇ ਹੋਏ ਹਨ। ਆਪਣੇ ਆਲੇ ਦੁਆਲੇ ਹੋਣ ਵਾਲੀ ਇਸ ਨਿਰੰਤਰ ਚਰਚਾ ਨੇ ਹੋਤੀ ਜੀ ਦੇ ਮਨ ਅੰਦਰ ਸਿੱਖਾਂ ਦੇ ਅਤੀਤ ਪ੍ਰਤੀ ਗੌਰਵ ਦੀ ਭਾਵਨਾ ਦਾ ਸੰਚਾਰ ਕੀਤਾ। ਇਸ ਉੱਤੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਸੰਨ 1908 ਈ. ਵਿਚ ਭਾਈ ਵੀਰ ਸਿੰਘ ਨਾਲ ਉਨ੍ਹਾਂ ਦੀ ਮੁਲਾਕਾਤ ਨੇ, ਭਾਈ ਸਾਹਿਬ ਨੇ ਉਨ੍ਹਾਂ ਨੂੰ ਖੋਜ ਕਰਕੇ ਨਿਯਮਿਤ ਰੂਪ ਵਿਚ ਸਿੱਖ ਇਤਿਹਾਸ ਬਾਰੇ ਲਿਖਣ ਲਈ ਪ੍ਰੇਰਿਆ।

ਉਪਰੋਕਤ ਪ੍ਰਭਾਵਾਂ ਹੇਠ ਬਾਬਾ ਜੀ ਨੇ 1914 ਈ. ਵਿਚ ਸਿੱਖ ਇਤਿਹਾਸ ਬਾਰੇ ਆਪਣੀ ਪਹਿਲੀ ਰਚਨਾ ਜੀਵਨ ਬ੍ਰਿਤਾਂਤ ਬਾਬਾ ਫੂਲਾ ਸਿੰਘ ਜੀ ਅਕਾਲੀ ਪ੍ਰਕਾਸ਼ਿਤ ਕੀਤੀ। ਇਸ ਉਪਰੰਤ ਉਨ੍ਹਾਂ ਆਪਣੀ ਜ਼ਿੰਦਗੀ ਦੇ ਅੰਤਿਮ ਛਿਣਾਂ ਤਕ ਸਿੱਖ ਰਾਜ ਨਾਲ ਸੰਬੰਧਿਤ ਇਤਿਹਾਸ ਨੂੰ ਮਹੱਤਵਪੂਰਨ ਇਤਿਹਾਸਿਕ ਜੀਵਨੀਆਂ ਦੁਆਲੇ ਸੰਯੋਜਿਤ ਕਰਨ ਦਾ ਕੰਮ ਜਾਰੀ ਰਖਿਆ। ਉਨ੍ਹਾਂ ਇਸ ਸਿਲਸਿਲੇ ਵਿਚ ਉਪਰੋਕਤ ਪੁਸਤਕ ਤੋਂ ਇਲਾਵਾ ਜੀਵਨ ਬ੍ਰਿਤਾਂਤ ਮਹਾਰਾਜਾ ਰਣਜੀਤ ਸਿੰਘ, ਕੰਵਰ ਨੌਨਿਹਾਲ ਸਿੰਘ, ਹਰੀ ਸਿੰਘ ਨਲਵਾ, ਖ਼ਾਲਸਾ ਰਾਜ ਦੇ ਉਸਰਈਏ (ਦੋ ਭਾਗ) ਖ਼ਾਲਸਾ ਦੇ ਬਿਦੇਸ਼ੀ ਕਾਰਿੰਦੇ ਤੇ ਨਵਾਬ ਕਪੂਰ ਸਿੰਘ ਨਾਮੀ ਪੁਸਤਕਾਂ ਲਿਖੀਆਂ। ਬਾਬਾ ਜੀ ਦੁਆਰਾ ਰਚੇ ਜੀਵਨੀ ਸਾਹਿੱਤ ਬਾਰੇ ਕੋਈ ਨਿਰਧਾਰਿਤ ਨਿਰਣੈ ਆਰੋਪਿਤ ਕਰਨ ਦੀ ਥਾਂ ਅਸੀਂ ਉਨ੍ਹਾਂ ਦੀਆਂ ਉਪਰੋਕਤ ਪੁਸਤਕਾਂ ਉੱਤੇ ਇਕ ਵਿਸ਼ਲੇਸ਼ਣਾਤਮਕ ਝਾਤ ਪਾਵਾਂਗੇ ਤਾਂ ਜੋ ਉਨ੍ਹਾਂ ਦੁਆਰਾ ਰਚਿਤ ਸਾਹਿੱਤ ਦੇ ਮੁੱਖ ਨੁਕਤੇ ਉਜਾਗਰ ਹੋ ਸਕਣ। ਇਸ ਵਿਸ਼ਲੇਸ਼ਣ ਵਿਚ ਅਸੀਂ ਉਨ੍ਹਾਂ ਦੇ ਇਤਿਹਾਸਿਕ, ਸਾਹਿੱਤਿਕ ਦ੍ਰਿਸ਼ਟੀਕੋਣ, ਜੀਵਨੀ ਵਿਚ ਦਿੱਤੇ ਤੱਥਾਂ ਦੀ ਚੋਣ ਤੇ ਵਿਵਰਣ, ਚਰਿਤ੍ਰ ਆਦਿ ਪੱਖਾਂ ਤੇ ਵਿਚਾਰ ਕਰਾਂਗੇ। ਇਸ ਵਿਸ਼ਲੇਸ਼ਣ ਉਪਰੰਤ ਉਪਰੋਕਤ ਸਾਹਿੱਤ ਬਾਰੇ ਕੋਈ ਸਮੁੱਚਾ ਨਜ਼ਰੀਆ ਬਣਾਉਣ ਦਾ ਯਤਨ ਕੀਤਾ ਜਾਵੇਗਾ।

1. **ਜੀਵਨ ਬ੍ਰਿਤਾਂਤ ਬਾਬਾ ਫੂਲਾ ਸਿੰਘ ਜੀ ਅਕਾਲੀ** : ਭਾਈ ਵੀਰ ਸਿੰਘ ਜੀ ਨੂੰ ਸਮਰਪਿਤ ਇਸ ਪੁਸਤਕ ਦੇ ਮੁੱਖ ਬੰਧ ਵਿਚ ਲੇਖਕ ਨੇ ਆਪਣਾ ਉੱਦੇਸ਼ ਅਸਿੱਖਾਂ ਤੇ ਬਿਦੇਸ਼ੀਆਂ ਦੁਆਰਾ ਪੱਖ-ਪਾਤੀ ਢੰਗ ਨਾਲ ਪੇਸ਼ ਕੀਤੇ ਸਿੱਖ ਇਤਿਹਾਸ ਵਿਚਲੀਆਂ ਭ੍ਰਾਂਤੀਆਂ ਦਾ ਖੰਡਨ ਕਰਕੇ ਇਤਿਹਾਸ ਨੂੰ ਸਹੀ ਰੂਪ ਵਿਚ ਪੇਸ਼ ਕਰਨਾ ਤੇ ਗਵਾਚ ਰਹੇ ਇਤਿਹਾਸ ਨੂੰ ਸੰਭਾਲਣਾ ਮਿਥਿਆ ਹੈ।[3] ਅਕਾਲੀ ਜੀ ਬਾਰੇ ਬਿਦੇਸ਼ੀਆਂ ਵੱਲੋਂ ਪਾਏ ਭੁਲੇਖਿਆਂ ਦਾ ਖੰਡਨ ਲੇਖਕ ਨੇ ਇਸ ਪੁਸਤਕ ਵਿਚ ਬੜੇ ਦਲੀਲਪੂਰਵਕ ਢੰਗ ਨਾਲ ਕੀਤਾ ਹੈ।[4]

ਹੋਤੀ ਜੀ ਨੇ ਇਹ ਪੁਸਤਕ ਉਨ੍ਹਾਂ ਦੇ ਆਪਣੇ ਕਥਨ ਮੁਤਾਬਕ ਬਹੁਤ ਸਾਰੇ ਦੁਰਲਭ ਅੰਗਰੇਜ਼ੀ, ਫ਼ਾਰਸੀ ਤੇ ਪਸ਼ਤੋ ਭਾਸ਼ਾ ਵਿਚ ਲਿਖੇ ਖਰੜਿਆਂ, ਪੁਸਤਕਾਂ, ਪ੍ਰਮਾਣਿਕ ਪਰੰਪਰਾ, ਫੋਕਲੋਰ, ਪਸ਼ਤੋ ਗੀਤਾਂ ਤੇ ਦੰਦ-ਕਥਾਵਾਂ

ਦੇ ਆਧਾਰ ਤੇ ਤਿਆਰ ਕੀਤੀ ਹੈ।[5] ਇਤਿਹਾਸਕਾਰ ਇਸ ਨੂੰ ਇਕ ਪ੍ਰਮਾਣਿਕ ਜੀਵਨੀ ਦੇ ਰੂਪ ਵਿਚ ਸ੍ਵੀਕਾਰ ਕਰਦੇ ਹਨ। ਡਾ. ਫ਼ੌਜਾ ਸਿੰਘ ਅਨੁਸਾਰ ਅਜੇ ਤਕ ਕਿਸੇ ਹੋਰ ਨੇ ਖੋਜ ਕਰਕੇ ਇੰਨੀ ਚੰਗੀ ਪੁਸਤਕ ਅਕਾਲੀ ਜੀ ਉੱਤੇ ਨਹੀਂ ਲਿਖੀ।[6] ਪੁਸਤਕ ਵਿਚ ਅਕਾਲੀ ਜੀ ਦੇ ਜੀਵਨ ਸੰਬੰਧੀ ਜਿਨ੍ਹਾਂ ਮੁੱਖ ਘਟਨਾਵਾਂ ਬਾਰੇ ਵਿਚਾਰ ਕੀਤਾ ਗਿਆ ਹੈ, ਉਹ ਹਨ–ਜਨਮ, ਬਚਪਨ, ਸੁਭਾ, ਮਾਤਾ ਪਿਤਾ ਦਾ ਚਲਾਣਾ, ਅਕਾਲੀ ਨਰੈਣ ਸਿੰਘ ਦੀ ਸੰਗਤ, ਆਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਦੀ ਰੱਖਿਆ, ਅੰਮ੍ਰਿਤਸਰ ਆਮਦ, ਭੰਗੀ ਸਰਦਾਰਾਂ ਨਾਲ ਮਹਾਰਾਜੇ ਦੀ ਟੱਕਰ ਸਮੇਂ ਯੋਗਦਾਨ, ਕਸੂਰ ਦੀ ਫ਼ਤਹਿ ਵਿਚ ਮਹਾਰਾਜੇ ਦੀ ਮਦਦ, ਮਹਾਰਾਜਾ ਸਾਹਿਬ ਨਾਲ ਨਾਰਾਜ਼ਗੀ, ਕੰਵਰ ਪ੍ਰਤਾਪ ਸਿੰਘ ਨੂੰ ਸ਼ਰਣ, ਦੀਵਾਨ ਮੋਤੀ ਰਾਮ ਦੀ ਅਗਵਾਈ ਹੇਠ ਅਕਾਲੀ ਜੀ ਉੱਤੇ ਹਮਲੇ ਦੇ ਯਤਨ, ਬੇਦੀ ਸਾਹਿਬ ਸਿੰਘ ਦੇ ਯਤਨਾਂ ਨਾਲ ਸੁਲਾਹ ਸਫ਼ਾਈ, ਮੁਲਤਾਨ ਬਹਾਵਲਪੁਰ ਅਤੇ ਸਿੰਧ ਉੱਤੇ ਚੜਾਈ, ਗੁਰਮਤੇ ਦੀ ਪਵਿੱਤਰਤਾ ਲਈ ਸ਼ਹੀਦੀ ਤੇ ਅਕਾਲੀ ਜੀ ਦੇ ਆਚਰਣਿਕ ਗੁਣ। ਉਪਰੋਕਤ ਲੰਮੇ ਚੌੜੇ ਵੇਰਵੇ ਤੋਂ ਸਪਸ਼ਟ ਹੈ ਕਿ ਇਸ ਜੀਵਨੀ ਵਿਚ ਜੀਵਨੀ-ਪਰਕ ਤੱਕਾਂ ਨਾਲੋਂ ਇਤਿਹਾਸਿਕ ਘਟਨਾਵਾਂ ਦੇ ਚਿਤ੍ਰਨ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ। ਪੁਸਤਕ ਦੀ ਰੋਚਕ ਵਾਰਤਕ ਅਤੇ ਆਚਰਣਿਕ ਗੁਣਾਂ ਬਾਰੇ ਵੱਖਰਾ ਵਿਚਾਰ, ਇਸ ਪੁਸਤਕ ਨੂੰ ਸਾਹਿੱਤਿਕ ਜੀਵਨੀ ਵਜੋਂ ਸਥਾਪਿਤ ਕਰਦੇ ਹਨ। ਲੇਖਕ ਦਾ ਘਟਨਾਵਾਂ ਦੀ ਚੋਣ ਤੇ ਵਰਣਨ ਦਾ ਢੰਗ ਅਜਿਹਾ ਹੈ ਜੋ ਨਾ ਕੇਵਲ ਅਕਾਲੀ ਜੀ ਬਾਰੇ ਸਗੋਂ ਮਹਾਰਾਜਾ ਰਣਜੀਤ ਸਿੰਘ ਬਾਰੇ ਵੀ ਸ਼ਰਧਾ ਜਗਾਉਂਦਾ ਹੈ। ਆਪਣੇ ਨਾਇਕਾਂ ਦੇ ਆਚਰਣਿਕ ਗੁਣਾਂ ਦੀ ਅਮਿਟ ਛਾਪ ਛੱਡਣ ਵਾਲੀਆਂ ਸਸ਼ਕਤ ਘਟਨਾਵਾਂ ਦਾ ਵਰਣਨ ਹੋਤੀ ਜੀ ਦੇ ਸਮੁੱਚੇ ਜੀਵਨ ਸਾਹਿੱਤ ਦਾ ਇਕ ਮੁੱਖ ਅੰਗ ਹੈ।[7]

2. ਜੀਵਨ ਬ੍ਰਿਤਾਂਤ ਮਹਾਰਾਜਾ ਰਣਜੀਤ ਸਿੰਘ : ਸਿੱਖ ਦਰਬਾਰ ਦੇ ਮੁੱਖ ਪਾਤਰ ਮਹਾਰਾਜਾ ਰਣਜੀਤ ਸਿੰਘ ਬਾਰੇ ਪਹਿਲੀ ਵਾਰ 1918 ਈ. ਵਿਚ ਪ੍ਰਕਾਸ਼ਿਤ ਇਹ ਪੁਸਤਕ ਮਹਾਰਾਜਾ ਸਾਹਿਬ ਬਾਰੇ ਪ੍ਰਾਪਤ ਅਤਿ ਪੁਰਾਣੀਆਂ ਪੁਸਤਕਾਂ ਵਿਚੋਂ ਇਕ ਹੈ। ਲਿਖਿਤ ਇਤਿਹਾਸਿਕ ਸਾਮਗ੍ਰੀ ਤੋਂ ਬਿਨਾ ਪੁਰਾਣੇ ਬਿਰਧਾਂ ਤੋਂ ਜ਼ਾਤੀ ਮੁਲਾਕਾਤਾਂ ਨਾਲ ਕੀਤੀ ਛਾਣਬੀਣ ਕਾਰਨ ਇਸ ਪੁਸਤਕ ਦਾ ਮਹੱਤਵ ਹੋਰ ਵੀ ਵੱਧ ਗਿਆ ਹੈ। ਬਾਬਾ ਜੀ ਰਚਿਤ ਇਸ ਜੀਵਨੀ ਵਿਚ ਮਹਾਰਾਜਾ ਸਾਹਿਬ ਦੇ ਜੀਵਨ ਬਾਰੇ ਸਾਰੀਆਂ ਮਹੱਤਵਪੂਰਨ ਘਟਨਾਵਾਂ ਦਾ ਸੰਕਲਨ ਪਹਿਲੀ ਵਾਰ ਇਕੋ ਥਾਂ ਮਿਲਦਾ ਹੈ। ਇੰਜ ਇਹ ਜੀਵਨੀ ਇਕ ਇਤਿਹਾਸਿਕ ਦਸਤਾਵੇਜ਼ ਬਣ ਗਈ ਹੈ।

ਹੋਤੀ ਜੀ ਨੇ ਇਸ ਪੁਸਤਕ ਵਿਚ ਮਹਾਰਾਜਾ ਰਣਜੀਤ ਸਿੰਘ ਬਾਰੇ ਸਿੱਖ ਕੌਮ ਦੇ ਨਾਦਾਨ ਮਿਤ੍ਰਾਂ ਤੇ ਦਾਨਾ ਵੈਰੀਆਂ ਦੁਆਰਾ ਪੈਦਾ ਕੀਤੀਆਂ ਅਨੇਕਾਂ ਭ੍ਰਾਂਤੀਆਂ ਦਾ ਖੰਡਨ ਕਰ ਕੇ ਹਾਲਾਤ ਨੂੰ ਸਹੀ ਰੂਪ ਵਿਚ ਪੇਸ਼ ਕਰਨ ਦਾ ਦਾਅਵਾ ਕੀਤਾ ਹੈ।[8] ਉਨ੍ਹਾਂ ਦਾ ਇਹ ਦਾਅਵਾ ਹੱਕ ਬਜਾਨਬ ਹੈ, ਕਿਉਂਕਿ ਤੱਥਾਂ ਦਾ ਖੰਡਨ ਮੰਡਨ ਹਰ ਥਾਂ ਉਨ੍ਹਾਂ ਬੜੀ ਦਲੀਲ ਨਾਲ ਕੀਤਾ ਹੈ। ਉਦਾਹਰਣ ਵਜੋਂ ਸ਼ਹਿਜ਼ਾਦਾ ਸ਼ੇਰ ਸਿੰਘ ਦੇ ਜਨਮ ਬਾਰੇ ਪ੍ਰਚਲਿਤ ਇਕ ਭੁਲੇਖੇ ਦੇ ਖੰਡਨ ਲਈ ਉਨ੍ਹਾਂ 12 ਪੰਨੇ ਦਾ ਵੱਡਾ ਫੁੱਟ ਨੋਟ ਲਿਖਿਆ ਹੈ।[9]

3. ਕੰਵਰ ਨੌਨਿਹਾਲ ਸਿੰਘ : ਕੰਵਰ ਨੌਨਿਹਾਲ ਸਿੰਘ (1820-1840) ਤੀਸਰਾ ਸਿੱਖ ਮਹਾਰਾਜਾ ਵੀ ਸੀ ਅਤੇ ਸਿੱਖ ਦਰਬਾਰ ਨਾਲ ਸੰਬੰਧਿਤ ਇਕ ਮਹੱਤਵਪੂਰਨ ਵਿਅਕਤੀ ਵੀ। ਮਹਾਰਾਜਾ ਖੜਕ ਸਿੰਘ ਦੇ ਜੀਉਂਦੇ ਜੀ ਇਸ ਨੇ ਰਾਜ ਪ੍ਰਬੰਧ ਸੰਭਾਲੀ ਰਖਿਆ, ਭਾਵੇਂ ਪਿਤਾ ਦੀ ਮੌਤ ਉਪਰੰਤ ਇਸ ਨੂੰ ਰਾਜ ਕਰਨਾ ਨਸੀਬ ਨਾ ਹੋਇਆ।

ਹੋਤੀ ਜੀ ਨੇ ਇਸ ਪੁਸਤਕ ਵਿਚ ਕੰਵਰ ਦੇ ਜਨਮ ਉਪਰੰਤ ਸਿਧਿਆਂ ਹੀ ਉਨ੍ਹਾਂ ਸੰਗਰਾਮਾਂ ਦਾ ਵਰਣਨ ਸ਼ੁਰੂ ਕਰ ਦਿੱਤਾ ਹੈ ਜਿਨ੍ਹਾਂ ਵਿਚ ਕੰਵਰ ਨੇ ਭਾਗ ਲਿਆ। ਸ਼ਾਇਦ ਇਸ ਲਈ ਕਿ ਕੰਵਰ ਸਾਹਿਬ ਦੇ ਬਚਪਨ ਬਾਰੇ ਬਹੁਤੀ ਵਾਕਫ਼ੀ ਨਹੀਂ ਜਾਂ ਇਸ ਕਰਕੇ ਕਿ ਉਹ ਆਪਣੀ ਰਚਨਾ ਨੂੰ ਇਤਿਹਾਸ ਦੇ ਵਧੇਰੇ ਨੇੜੇ ਰੱਖਣ ਵੱਲ ਰੁਚਿਤ ਸਨ। ਕੰਵਰ ਦੀ ਨਿਡਰਤਾ, ਉਦਾਰਤਾ ਤੇ ਬਹਾਦਰੀ ਨੂੰ ਉਨ੍ਹਾਂ ਅਜਿਹੀ ਰੋਚਕਤਾ ਨਾਲ ਪੇਸ਼ ਕੀਤਾ ਹੈ ਕਿ ਉਸ ਸਮੇਂ ਦੇ ਦ੍ਰਿਸ਼ ਆਪ ਮੁਹਾਰੇ ਅੱਖਾਂ ਸਾਹਮਣੇ ਆ ਜਾਂਦੇ ਹਨ। ਪੁਸਤਕ ਦੇ ਦੂਜੇ ਭਾਗ ਵਿਚ ਧਿਆਨ ਸਿੰਘ ਦੀਆਂ ਸਾਜ਼ਿਸ਼ਾਂ ਨਾਲ ਚੇਤ ਸਿੰਘ, ਖੜਕ ਸਿੰਘ ਤੇ ਅੰਤ ਕੰਵਰ ਦੇ ਕਤਲ ਦਾ ਹਿਰਦੇਬੇਧਕ ਵਰਣਨ ਹੈ ਜਿਸ

ਨੂੰ ਪੜ੍ਹਕੇ ਕੋਈ ਵੀ ਹਿਰਦਾ ਧਿਆਨ ਸਿੰਘ ਦੇ ਕਿਰਦਾਰ ਕਾਰਨ ਉਸ ਨੂੰ ਫ਼ਿਟਕਾਰੇ ਬਿਨਾ ਨਹੀਂ ਰਹਿ ਸਕਦਾ। ਲੇਖਕ ਨੇ ਪੂਰੇ ਇਤਿਹਾਸਿਕ ਸਬੂਤਾਂ ਨਾਲ ਧਿਆਨ ਸਿੰਘ ਦੇ ਧ੍ਰੋਹ ਤੇ ਵਿਸ਼ਵਾਸਘਾਤ ਭਰੇ ਰੋਲ ਨੂੰ ਉਜਾਗਰ ਕੀਤਾ ਹੈ। ਇਸ ਵਰਣਨ ਵਿਚ ਜੀਵਨੀ ਸਾਹਿੱਤ ਅਤੇ ਇਤਿਹਾਸਕਾਰੀ ਦੀਆਂ ਹੱਦਾਂ ਮਿਟ ਜਾਂਦੀਆਂ ਹਨ। ਭਾਵਨਾਵਾਂ ਉਛਾਲੇ ਮਾਰਦੀਆਂ ਹੋਈਆਂ ਪਾਠਕਾਂ ਨੂੰ ਆਪਣੇ ਨਾਲ ਲੈ ਤੁਰਦੀਆਂ ਹਨ। ਲੇਖਕ ਘਟਨਾਵਾਂ ਨੂੰ ਇਕ ਖੋਜੀ ਵਾਂਗ ਇਤਿਹਾਸਿਕ ਤੌਰ ਉੱਤੇ ਪ੍ਰਮਾਣਿਤ ਕਰਨ ਲਈ ਬਾਰ-ਬਾਰ ਸਬੂਤ ਪੇਸ਼ ਕਰਦਾ ਹੈ–ਬਾਰ-ਬਾਰ ਡੋਗਰਿਆਂ ਦੇ ਧ੍ਰੋਹ ਦੀ ਤਸਵੀਰਕਸ਼ੀ ਕਰਦਾ ਹੈ।

4. **ਜੀਵਨ ਇਤਿਹਾਸ ਹਰੀ ਸਿੰਘ ਨਲੂਆ** : ਸਿੱਖ ਦਰਬਾਰ ਦੀਆਂ ਫ਼ੌਜਾਂ ਦੇ ਕਮਾਂਡਰ-ਇਨ-ਚੀਫ਼, ਕਸ਼ਮੀਰ, ਹਜ਼ਾਰਾ ਤੇ ਪਿਸ਼ਾਵਰ ਦੇ ਗਵਰਨਰ ਸ. ਹਰੀ ਸਿੰਘ ਨਲੂਆ (1791-1837) ਦੀ ਇਹ ਜੀਵਨੀ ਵੱਡ ਆਕਾਰੀ ਪੁਸਤਕ ਦੇ ਰੂਪ ਵਿਚ ਉਪਲਬਧ ਹੈ। ਇਸ ਪੁਸਤਕ ਦੇ ਮੁੱਖ ਸ਼ਬਦਾਂ ਵਿਚ ਬਾਬਾ ਜੀ ਨੇ ਆਪਣਾ ਇਹ ਵਿਚਾਰ ਦੁਹਰਾਇਆ ਹੈ ਕਿ ਸਿੱਖ ਇਤਿਹਾਸ ਪਹਿਲਾਂ ਤਾਂ ਲਿਖਿਆ ਹੀ ਘੱਟ ਗਿਆ ਹੈ ਤੇ ਜੇ ਲਿਖਿਆ ਗਿਆ ਹੈ ਤਾਂ ਵਧੇਰਾ ਅਨਮਤ ਦੇ ਲੇਖਕਾਂ ਨੇ ਆਪਣੀਆਂ ਜ਼ਾਤੀ ਗ਼ਰਜ਼ਾਂ ਨੂੰ ਮੁੱਖ ਰਖ ਕੇ ਲਿਖਿਆ ਹੈ ਜਿਸ ਦੇ ਪੜ੍ਹਣ ਨਾਲ ਉਸਾਰੂ ਪ੍ਰਭਾਵ ਦੀ ਥਾਂ ਉਲਟਾ ਅਸਰ ਪੈਂਦਾ ਹੈ।[10] ਉਹ ਕਹਿੰਦੇ ਹਨ ਕਿ ਸਿੱਖ ਇਤਿਹਾਸ ਨੂੰ ਉਸ ਸਿਪਰਿਟ ਵਿਚ ਲਿਖਣਾ ਜਿਸ ਵਿਚ ਉਹ ਬਣਾਇਆ ਗਿਆ ਹੈ, ਕੇਵਲ ਸਿੱਖ ਲਿਖਾਰੀਆਂ ਦਾ ਕੰਮ ਹੈ। ਅਨਮਤੀ ਇਸ ਦੀ ਅਸਲੀਅਤ ਨੂੰ ਨਹੀਂ ਸਮਝ ਸਕਦੇ। ਇਸ ਲਈ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਪੰਥ ਦੇ ਸ਼ੁਭ ਚਿੰਤਕ, ਸਾਹਿਤਿਕ ਸੁਝਾ ਵਾਲੇ ਸੱਜਣ ਮੈਦਾਨ ਵਿਚ ਆਵਣ ਤੇ ਆਪਣੀ ਹੱਥੀ ਆਪਣੀ ਤਰਸਯੋਗ ਹਾਲਤ ਵਿਚ ਵਿਕੋਲਿਤ੍ਰਾ ਪਿਆ ਇਤਿਹਾਸ ਇਕੱਠਾ ਕਰਕੇ ਮੁਕੰਮਲ ਕਰ ਦੇਣ।[11] ਉਪਰੋਕਤ ਟੂਕ ਭਾਈ ਵੀਰ ਸਿੰਘ ਕ੍ਰਿਤ ਰਾਜਾ ਲਖਦਾਤਾ ਸਿੰਘ ਦੇ ਮੁੱਖ ਪੰਨੇ ਤੇ ਮੁੱਖ ਬੰਧ ਵਿਚ ਵਰਤੀ ਸ਼ਬਦਾਵਲੀ ਦੀ ਯਾਦ ਮਨ ਵਿਚ ਤਾਜ਼ਾ ਕਰਦੇ ਹਨ। ਇਹ ਗੱਲ ਇਕ ਵਾਰ ਫਿਰ ਇਸ ਵਿਚਾਰ ਨੂੰ ਪੁਸ਼ਟ ਕਰਦੀ ਹੈ ਕਿ ਹੋਤੀ ਜੀ ਭਾਈ ਵੀਰ ਸਿੰਘ ਤੋਂ ਡੂੰਘੀ ਤਰ੍ਹਾਂ ਪ੍ਰਭਾਵਿਤ ਸਨ। ਇਸ ਪੁਸਤਕ ਦੀ ਪ੍ਰਸਤਾਵਨਾ ਵੀ ਭਾਈ ਸਾਹਿਬ ਦੀ ਹੀ ਲਿਖੀ ਹੋਈ ਹੈ। ਇਸ ਪ੍ਰਸਤਾਵਨਾ ਵਿਚ ਭਾਈ ਸਾਹਿਬ ਦੇ ਇਹ ਵਿਚਾਰ ਧਿਆਨਯੋਗ ਹਨ : "ਜਿਤਨੀ ਘਾਲ ਇਸ ਪ੍ਰਿਥਵੀ ਦੇ ਤਖਤੇ ਉੱਤੇ ਖ਼ਾਲਸਾ ਜੀ ਨੇ ਘਾਲੀ ਹੈ, ਉਤਨੀ ਸ਼ਾਇਦ ਹੀ ਕਿਸੇ ਹੋਰ ਕੌਮ ਨੇ ਇੰਨੇ ਥੋੜ੍ਹੇ ਚਿਰ ਵਿਚ ਘਾਲ ਕੇ ਵਿਖਾਈ ਹੋਵੇ। ਪਰ ਜਿੰਨੀ ਬੇਪ੍ਰਵਾਹੀ ਇਸ ਨੇ ਆਪਣੇ ਕਾਰਨਾਮਿਆਂ ਦਾ ਇਤਿਹਾਸ ਲਿਖਣ ਵਿਚ ਕੀਤੀ ਹੈ, ਉਤਨੀ ਬੇਪ੍ਰਵਾਹੀ ਭੀ ਸ਼ਾਇਦ ਹੀ ਕਿਸੇ ਹੋਰ ਕੌਮ ਨੇ ਕੀਤੀ ਹੋਵੇ।"[12] ਹੋਤੀ ਜੀ ਤੇ ਭਾਈ ਵੀਰ ਸਿੰਘ ਜੀ ਦੀ ਸਿੱਖ ਇਤਿਹਾਸ ਪ੍ਰਤਿ ਦ੍ਰਿਸ਼ਟੀ ਦੀ ਸਮਾਨਤਾ ਉਪਰੋਕਤ ਟੂਕਾਂ ਤੋਂ ਬੜੀ ਸਪਸ਼ਟ ਹੋ ਕੇ ਸਾਹਮਣੇ ਆਉਂਦੀ ਹੈ।

ਇਤਿਹਾਸਿਕ ਸੋਮਿਆਂ ਜਾਂ ਹਵਾਲਿਆਂ ਤੋਂ ਮਿਲੀ ਗਵਾਹੀ ਨੂੰ ਬਿਨਾ ਘੋਖੇ ਪੜਤਾਲੇ ਵਰਤ ਕੇ ਕਦੇ ਵੀ ਕਿਸੇ ਵਧੀਆ ਇਤਿਹਾਸ ਦੀ ਸਿਰਜਨਾ ਸੰਭਵ ਨਹੀਂ। ਕਾਲਿੰਗਵੁਡ ਤਾਂ ਇਸ ਕਾਰਜ ਨੂੰ 'ਸੀਜ਼ਰਜ਼ ਐਂਡ ਪੋਸਟ ਵਿਧੀ' ਕਹਿਕੇ ਭਰਪੂਰ ਰੂਪ ਵਿਚ ਨਿੰਦਦਾ ਹੈ।[13] ਬਰੈਡਲੇ ਕਹਿੰਦਾ ਹੈ ਕਿ ਇਤਿਹਾਸਕਾਰ ਦਾ ਕੰਮ ਇਹ ਵੇਖਣਾ ਵੀ ਹੈ ਕਿ ਕਿਸੇ ਘਟਨਾ ਜਾਂ ਤੱਥ ਬਾਰੇ ਜੋ ਇਤਿਹਾਸਿਕ ਸੋਮੇ ਉਹ ਵਰਤ ਰਿਹਾ ਹੈ, ਉਨ੍ਹਾਂ ਦੇ ਲਿਖਣ ਜਾਂ ਪੇਸ਼ ਕਰਨ ਵਾਲੇ ਉਸ ਘਟਨਾ ਜਾਂ ਤੱਥ ਬਾਰੇ ਠੀਕ ਨਿਰਣਾ ਦਿੰਦੇ ਰਹੇ ਹਨ ਕਿ ਗ਼ਲਤ।[14] ਉਪਰੋਕਤ ਸੰਦਰਭ ਵਿਚ ਬਾਬਾ ਪ੍ਰੇਮ ਸਿੰਘ ਹੋਤੀ ਦੀ ਇਤਿਹਾਸਿਕ ਸੋਮਿਆਂ ਦੀ ਸਚਾਈ ਬਾਰੇ ਕੀਤੀ ਛਾਣਬੀਣ, ਇਨ੍ਹਾਂ ਸੋਮਿਆਂ ਤੋਂ ਪ੍ਰਾਪਤ ਗਵਾਹੀਆਂ ਦੇ ਸੱਚ ਝੂਠ ਨੂੰ, ਪਰਖਣ ਲਈ ਕੀਤੀ ਮਿਹਨਤ ਕਾਫ਼ੀ ਮਹੱਤਵਪੂਰਨ ਪ੍ਰਤੀਤ ਹੁੰਦੀ ਹੈ। ਉਨ੍ਹਾਂ ਦੇ ਇਨ੍ਹਾਂ ਯਤਨਾਂ ਨਾਲ ਸਿੱਖ ਇਤਿਹਾਸ ਨੂੰ ਆਧੁਨਿਕ ਇਤਿਹਾਸਕਾਰੀ ਦੀਆਂ ਲੀਹਾਂ ਉੱਤੇ ਲਿਖਣ ਦੀ ਗੱਲ ਸ਼ੁਰੂ ਹੋਈ।

ਇਸ ਜੀਵਨੀ ਦੇ ਦੋ ਹੋਰ ਮਹੱਤਵਪੂਰਨ ਪਹਿਲੂਆਂ ਵੱਲ ਇਥੇ ਧਿਆਨ ਦਿਵਾਉਣਾ ਉਚਿਤ ਪ੍ਰਤੀਤ ਹੁੰਦਾ ਹੈ। ਪਹਿਲਾ ਹੈ ਇਸ ਵਿਚ ਦਿੱਤੇ ਲੰਮੇ-ਲੰਮੇ ਫੁਟ-ਨੋਟ ਜਿਨ੍ਹਾਂ ਵਿਚ ਸਿੱਖ ਦਰਬਾਰ ਨਾਲ ਸੰਬੰਧਿਤ ਬਹੁਤ ਸਾਰੇ ਮਹੱਤਵਪੂਰਨ ਵਿਅਕਤੀਆਂ ਬਾਰੇ ਸੰਖੇਪ ਜੀਵਨ ਵੇਰਵੇ ਹਨ। ਦੂਜਾ ਹੈ ਘਟਨਾ ਸਥਲਾਂ ਤੇ ਨਾਵਾਂ ਥਾਵਾਂ

ਬਾਰੇ ਵਿਸਤ੍ਰਿਤ ਇਤਿਹਾਸਿਕ ਤੇ ਭੂਗੋਲਿਕ ਵੇਰਵੇ ਦੇਣ ਦੀ ਲੇਖਕ ਦੀ ਰੁਚੀ। ਇਹ ਦੋਵੇਂ ਗੱਲਾਂ ਜਿਥੇ ਸਾਹਿੱਤਿਕ ਪੱਖ ਤੋਂ ਇਸ ਜੀਵਨੀ ਦੇ ਇਕ ਸੁਗਠਿਤ ਸਰੂਪ ਗ੍ਰਹਿਣ ਕਰਨ ਦੇ ਰਾਹ ਵਿਚ ਰੋੜਾ ਬਣਦੇ ਹਨ, ਇਤਿਹਾਸਿਕ ਪੱਖ ਤੋਂ ਇਕ ਅਤਿ ਵਡਮੁੱਲੀ ਸਾਮਗ੍ਰੀ ਸਾਂਭੀ ਬੈਠੇ ਹਨ।

5. ਖ਼ਾਲਸਾ ਰਾਜ ਦੇ ਉਸਰਈਏ ਭਾਗ 1 : ਇਸ ਪੁਸਤਕ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸੰਖੇਪ ਜੀਵਨੀ ਤੋਂ ਬਿਨਾਂ ਸਰਦਾਰਨੀ ਸਦਾ ਕੌਰ, ਫ਼ਕੀਰ ਅਜ਼ੀਜ਼ਦ-ਦੀਨ, ਸਰਦਾਰ ਬੁੱਧ ਸਿੰਘ ਸੰਧਾਵਾਲੀਆ, ਮਜੀਠੀਏ ਸਰਦਾਰ, ਅਟਾਰੀ ਵਾਲੇ ਸਰਦਾਰ, ਸਰਦਾਰ ਨਲੂਆ ਤੇ ਅਕਾਲੀ ਫੂਲਾ ਸਿੰਘ ਦੀ ਜੀਵਨੀ ਦਰਜ ਹੈ। ਇਨ੍ਹਾਂ ਕੁਝ ਮਹੱਤਵਪੂਰਨ ਵਿਅਕਤੀਆਂ ਦੀਆਂ ਜੀਵਨੀਆਂ ਦੁਆਲੇ ਸਿੱਖ ਰਾਜ ਦੀ ਉਸਾਰੀ ਦੇ ਮੁੱਢਲੇ ਦੌਰ ਦੀ ਰੂਪ-ਰੇਖਾ ਲੇਖਕ ਨੇ ਉਸਾਰੀ ਹੈ।

ਸਰਦਾਰਨੀ ਸਦਾ ਕੌਰ ਦੀ ਜੀਵਨੀ ਵਿਚ ਜਨਮ, ਵਿਆਹ, ਰਣਜੀਤ ਸਿੰਘ ਦੇ ਪਰਿਵਾਰ ਨਾਲ ਟਾਕਰਾ ਅਤੇ ਫਿਰ ਸਰਦਾਰਨੀ ਦੀ ਲੜਕੀ ਮਹਿਤਾਬ ਕੌਰ ਦੇ ਰਣਜੀਤ ਸਿੰਘ ਨਾਲ ਵਿਆਹ ਅਤੇ ਮਹਾਰਾਜੇ ਨਾਲ ਸਹਿਯੋਗ ਰਾਹੀਂ ਸਿੱਖ ਰਾਜ ਦੀ ਉਸਾਰੀ ਵੱਲ ਵਧਦੇ ਕਦਮ, ਸਰਦਾਰਨੀ ਦੇ ਜੰਗੀ ਕਮਾਲ ਅਤੇ ਮੌਤ ਦੇ ਹਾਲਾਤ ਦੁਰਜ ਹਨ। ਫ਼ਤਹਿ ਸਿੰਘ ਆਹਲੂਵਾਲੀਆ ਦੀ ਜੀਵਨੀ ਵਿਚ ਜਿਨ੍ਹਾਂ ਪ੍ਰਮੁੱਖ ਘਟਨਾਵਾਂ ਦਾ ਵਰਣਨ ਹੈ, ਉਹ ਹਨ–ਜਨਮ, ਮਹਾਰਾਜੇ ਨਾਲ ਪੱਗ-ਵਟਾਂਦਰਾ, ਮਹਾਰਾਜੇ ਨੂੰ ਡਿਪਲੋਮੈਟਿਕ ਸਲਾਹ ਮਸ਼ਵਰੇ, ਹੁਲਕਰ ਦੀ ਅੰਗਰੇਜ਼ਾਂ ਨਾਲ ਸੁਲਾਹ ਅਤੇ ਅੰਗਰੇਜ਼ਾਂ ਤੇ ਮਹਾਰਾਜੇ ਵਿਚਕਾਰ ਅਹਿਦਨਾਮੇ ਸਮੇਂ ਦਿਖਾਈ ਰਾਜਸੀ ਚਤੁਰਤਾ ਅਤੇ ਮੌਤ। ਅਗਲੀ ਜੀਵਨੀ ਹੈ ਦੀਵਾਨ ਮੁਹਕਮ ਚੰਦ ਦੀ। ਇਸ ਵਿਚ ਮੁਹਕਮ ਚੰਦ ਦੇ ਸਾਧਾਰਨ ਹਟਵਾਣੀਏ ਦੀ ਸਥਿਤੀ ਤੋਂ ਉਠ ਕੇ ਮਹਾਰਾਜੇ ਦਾ ਛੰਜਦਾਰ ਬਣਨ ਤੇ ਦਿਲ-ਜਾਨ ਨਾਲ ਸਿੱਖ ਰਾਜ ਦੀ ਉਸਾਰੀ ਵਿਚ ਕਰਮਸ਼ੀਲ ਹੋਣ ਦਾ ਵਰਣਨ ਹੈ। ਫ਼ਕੀਰ ਅਜ਼ੀਜ਼ੁਦਦੀਨ ਦੀ ਜੀਵਨੀ ਵਿਚ ਹੋਤੀ ਜੀ ਨੇ ਜਿਨ੍ਹਾਂ ਮੁੱਖ ਘਟਨਾਵਾਂ ਨੂੰ ਚਿਤ੍ਰਿਆ ਹੈ, ਉਹ ਹਨ–ਜਨਮ, ਮਹਾਰਾਜੇ ਨਾਲ ਮੁਲਾਕਾਤ, ਹਕੀਮੀ ਤੋਂ ਵਜ਼ੀਰੀ, ਡਿਪਲੋਮੈਟਿਕ ਪ੍ਰਾਪਤੀਆਂ, ਮੈਦਾਨੇ ਜੰਗ ਵਿਚ ਅਗਵਾਈ, ਸ਼ਿਮਲਾ ਮਿਸ਼ਨ ਦੀ ਸਫਲਤਾ, ਦੋਸਤ ਮੁਹੰਮਦ ਖ਼ਾਂ ਦੁਆਰਾ ਕੈਦ ਅਤੇ ਮੌਤ।

ਇਸ ਪੁਸਤਕ ਵਿਚ ਸੰਕਲਿਤ ਸ. ਬੁੱਧ ਸਿੰਘ ਸੰਧਾਵਾਲੀਏ ਦੀ ਜੀਵਨੀ ਇਕ ਤਰ੍ਹਾਂ ਨਾਲ ਸ਼ੇਰੇ ਪੰਜਾਬ ਦੇ ਦਾਦੇ-ਪੋਤਰੇ ਭਰਾਵਾਂ ਦਾ ਵਰਣਨ ਹੋ ਕੇ ਰਹਿ ਗਈ ਹੈ। ਮਜੀਠੀਏ ਸਰਦਾਰਾਂ ਵਾਲੇ ਅਧਿਆਇ ਵਿਚ ਵੀ ਕਿਸੇ ਇਕ ਵਿਅਕਤੀ ਨਾਲੋਂ ਲਹਿਣਾ ਸਿੰਘ, ਅਮਰ ਸਿੰਘ ਕਲਾਨ, ਅਮਰ ਸਿੰਘ ਖੁਰਦ, ਅਤਰ ਸਿੰਘ, ਸੂਰਤ ਸਿੰਘ ਤੇ ਹੋਰ ਮਜੀਠੀਏ ਸਰਦਾਰਾਂ ਦੀ ਸਮੂਹਿਕ ਰੂਪ ਵਿਚ ਚਰਚਾ ਹੈ। ਇੰਜ ਹੀ ਅਟਾਰੀ ਵਾਲੇ ਸਰਦਾਰਾਂ ਨਾਲ ਸੰਬੰਧਿਤ ਅਧਿਆਇ ਵਿਚ ਕੀਤਾ ਗਿਆ ਹੈ। ਪੁਸਤਕ ਦੇ ਅੰਤਿਮ ਭਾਗ ਵਿਚ ਸ. ਹਰੀ ਸਿੰਘ ਨਲੂਆ ਤੇ ਅਕਾਲੀ ਫੂਲਾ ਸਿੰਘ ਦੀਆਂ ਜੀਵਨੀਆਂ ਹਨ। ਇਨ੍ਹਾਂ ਦੋਹਾਂ ਬਾਰੇ ਬਾਬਾ ਜੀ ਨੇ ਦੋ ਵੱਖਰੀਆਂ ਪੁਸਤਕਾਂ ਵੀ ਲਿਖੀਆਂ ਹਨ। ਇਹ ਜੀਵਨੀਆਂ ਉਨ੍ਹਾਂ ਹੀ ਪੁਸਤਕਾਂ ਵਿਚ ਦਿੱਤੇ ਵਰਣਨ ਦਾ ਸੰਖੇਪ ਰੂਪ ਮੰਨੀਆਂ ਜਾ ਸਕਦੀਆਂ ਹਨ।

6. ਖ਼ਾਲਸਾ ਰਾਜ ਦੇ ਉਸਰੱਈਏ ਭਾਗ 2 : ਸਿੱਖ ਦਰਬਾਰ ਬਾਰੇ 1944 ਈ. ਵਿਚ ਪਹਿਲੀ ਵਾਰ ਪ੍ਰਕਾਸ਼ਿਤ ਹੋਈ ਇਸ ਰਚਨਾ ਵਿਚ ਸਰਦਾਰ ਫ਼ਤਹਿ ਸਿੰਘ ਮਾਨ, ਫਤਹਿ ਸਿੰਘ ਕਾਲਿਆਂ ਵਾਲਾ, ਧੰਨਾ ਸਿੰਘ ਮਲਵਈ, ਬਾਬਾ ਸਾਹਿਬ ਸਿੰਘ, ਨਿਧਾਨ ਸਿੰਘ ਪੰਜ ਹੱਥਾ, ਹੁਕਮਾ ਸਿੰਘ ਚਿਮਨੀ, ਮੰਗਲ ਸਿੰਘ ਰਾਮਗੜ੍ਹੀਏ ਅਤੇ ਜਵਾਲਾ ਸਿੰਘ ਲਖਦਾਤਾ ਬਾਰੇ ਵਿਸਤ੍ਰਿਤ ਵਰਣਨ ਹੈ। ਇਸ ਤੋਂ ਬਿਨਾ ਰਸੂਲਪੁਰੀਏ, ਰੂਸੇ, ਰਾਮਗੜ੍ਹੀਏ, ਠੇਠਰ ਅਤੇ ਮਾਨ ਘਰਾਣਿਆਂ ਦੇ ਸਰਦਾਰਾਂ ਦੀ ਉਸ ਕੁਰਬਾਨੀ ਦਾ ਵਰਣਨ ਇਸ ਪੁਸਤਕ ਵਿਚ ਹੈ ਜੋ ਉਨ੍ਹਾਂ ਸਿੱਖ ਦਰਬਾਰ ਲਈ ਕੀਤੀ। ਪੁਸਤਕ ਵਿਚ ਦਿੱਤੇ ਵਿਵਰਣ ਤੋਂ ਸ਼ੇਰੇ ਪੰਜਾਬ ਦਾ ਸਿੱਖ ਦਰਬਾਰ ਦੀ ਉੱਨਤੀ ਲਈ ਕਰਮਸ਼ੀਲ ਸੂਰਬੀਰਾਂ ਪ੍ਰਤੀ ਮੋਹ ਤੇ ਕ੍ਰਿਤਗਤਾ ਦਾ ਆਭਾਸ ਥਾਂ-ਥਾਂ ਹੁੰਦਾ ਹੈ। ਮਹਾਰਾਜਾ ਰਣਜੀਤ ਸਿੰਘ ਦਾ ਉਨ੍ਹਾਂ ਨੂੰ ਯੋਗ ਜਾਗੀਰਾਂ ਤੇ ਖਿਤਾਬ ਦੇਣਾ ਅਤੇ ਸਮੇਂ-ਸਮੇਂ ਉਨ੍ਹਾਂ ਦੀ ਭਰਪੂਰ ਪ੍ਰਸ਼ੰਸਾ ਕਰਨਾ ਇਸ ਦਾ ਸਬੂਤ

ਹੈ। ਉਦਾਹਰਣ ਵਜੋਂ ਹੋਤੀ ਜੀ ਦੱਸਦੇ ਹਨ ਕਿ ਮਹਾਰਾਜਾ ਸਾਹਿਬ ਕਿਹਾ ਕਰਦੇ ਸਨ ਕਿ ਮਾਨ ਸਰਦਾਰ ਮੇਰੀ ਵਰੀ ਦੇ ਤੇਵਰ ਹਨ।[15]

ਇਸ ਪੁਸਤਕ ਵਿਚ ਦਰਜ ਸੂਰਬੀਰਾਂ ਦੀਆਂ ਜੀਵਨੀਆਂ ਲਿਖਣ ਪਿੱਛੇ ਬਾਬਾ ਜੀ ਦਾ ਉੱਦੇਸ਼ ਇਨ੍ਹਾਂ ਸੂਰਬੀਰਾਂ ਪ੍ਰਤੀ ਸ਼ਰਧਾ ਤੇ ਸਤਿਕਾਰ ਦੇ ਭਾਵ ਜਾਗ੍ਰਿਤ ਕਰਨਾ ਸੀ। ਬਾਬਾ ਜੀ ਦਾ ਇਹ ਵਿਚਾਰ ਕਿ ਫੁੱਟ ਦੀ ਮਾਰ ਨਾਲ ਨਿਤਾਣੀ ਹੋ ਚੁੱਕੀ ਕਿਸੇ ਕੌਮ ਨੂੰ ਬਲਵਾਨ ਤੇ ਜੱਥੇਬੰਦ ਕਰਨ ਦਾ ਇਕੋ ਇਕ ਸਾਧਨ ਹੈ ਬੀਰ ਪੂਜਾ[16] ਸਾਡੇ ਉਪਰੋਕਤ ਵਿਚਾਰ ਦੀ ਪੁਸ਼ਟੀ ਕਰਦਾ ਹੈ।

7. **ਖ਼ਾਲਸਾ ਰਾਜ ਦੇ ਬਿਦੇਸ਼ੀ ਕਾਰਿੰਦੇ** : ਇਸ ਪੁਸਤਕ ਵਿਚ ਸਿੱਖ ਦਰਬਾਰ ਨਾਲ ਸੰਬੰਧਿਤ ਬਿਦੇਸ਼ੀ ਅਫ਼ਸਰਾਂ ਦੀਆਂ ਜੀਵਨੀਆਂ ਅੰਕਿਤ ਹਨ। ਲੇਖਕ ਅਨੁਸਾਰ ਇਹ ਜੀਵਨੀਆਂ ਲਿਖਣ ਦੇ ਤਿੰਨ ਮਨੋਰਥ ਹਨ-ਪਹਿਲਾ, ਖ਼ਾਲਸਾ ਰਾਜ ਦੇ ਸਮੇਂ ਦਾ ਬਹੁਮੁੱਲਾ ਇਤਿਹਾਸ ਜੋ ਤੇਜ਼ੀ ਨਾਲ ਅਲੋਪ ਹੋ ਰਿਹਾ ਹੈ, ਸੁਰੱਖਿਅਤ ਕਰਨਾ। ਦੂਜਾ, ਕੁਝ ਹਲਕਿਆਂ ਵਿਚ ਪ੍ਰਚਲਿਤ ਇਸ ਭਰਮ ਦਾ ਖੰਡਨ ਕਰਨਾ ਕਿ ਖ਼ਾਲਸਾ ਰਾਜ ਦੀਆਂ ਸਫ਼ਲਤਾਵਾਂ ਦਾ ਮੂਲ ਕਾਰਨ ਇਹ ਬਿਦੇਸ਼ੀ ਅਫ਼ਸਰ ਸਨ। ਤੀਜਾ, ਇਸ ਭ੍ਰਾਂਤੀ ਨੂੰ ਦੂਰ ਕਰਨਾ ਕਿ ਖ਼ਾਲਸਾ ਫ਼ੌਜਾਂ ਨੂੰ ਸ਼ਕਤੀਸ਼ਾਲੀ ਬਣਾਉਣ ਦਾ ਸਿਹਰਾ ਵੀ ਬਿਦੇਸ਼ੀ ਕਰਮਚਾਰੀਆਂ ਦੇ ਸਿਰ ਹੈ।[17]

ਇਨ੍ਹਾਂ ਨੁਕਤਿਆ ਬਾਰੇ ਵਿਚਾਰ ਪੁਸਤਕ ਦੇ ਆਰੰਭ ਵਿਚ ਕਰ ਦਿੱਤਾ ਗਿਆ ਹੈ ਅਤੇ ਸੰਪੂਰਨ ਪੁਸਤਕ ਵਿਚ ਥਾਂ-ਥਾਂ ਇਨ੍ਹਾਂ ਦੀ ਉੱਚਿਤ ਵਿਆਖਿਆ ਉਦਾਹਰਣਾਂ ਸਹਿਤ ਕੀਤੀ ਗਈ ਹੈ।

ਲੇਖਕ ਨੇ ਇਸ ਪੁਸਤਕ ਵਿਚ ਸੱਤਰ ਦੇ ਕਰੀਬ ਉਨ੍ਹਾਂ ਬਿਦੇਸ਼ੀ ਅਫ਼ਸਰਾਂ ਦੀ ਪਾਠਕਾਂ ਨਾਲ ਜਾਣ ਪਛਾਣ ਕਰਵਾਈ ਹੈ ਜੋ ਸਿੱਖ ਦਰਬਾਰ ਵਿਚ ਮਹੱਤਵਪੂਰਨ ਅਹੁਦਿਆਂ ਤੇ ਲੱਗੇ ਹੋਏ ਸਨ। ਆਕਾਰ ਦੇ ਪੱਖੋਂ ਇਹ ਜੀਵਨੀਆਂ ਤਿੰਨ ਕਿਸਮਾਂ ਵਿਚ ਵੰਡੀਆਂ ਜਾ ਸਕਦੀਆਂ ਹਨ ਵਿਸਤ੍ਰਿਤ, ਦਰਮਿਆਨੇ ਆਕਾਰ ਦੀਆਂ ਅਤੇ ਸੰਖਿਪਤ ਜੀਵਨੀਆਂ। ਜਨਰਲ ਵਨਤੂਰਾ ਤੇ ਅਬੂਤਬੇਲਾ ਦੀਆਂ ਜੀਵਨੀਆਂ ਪਹਿਲੀ ਕਿਸਮ ਦੀਆਂ ਹਨ। ਕੋਰਟ, ਗਾਰਡਨਰ, ਹਾਰਲਨ ਦੀਆਂ ਦੂਜੀ ਤਰ੍ਹਾਂ ਦੀਆਂ ਅਤੇ ਅਲਵਾਰੀਨ, ਸਟੀਨਬਾਚ, ਜੈਕਸਨ ਆਦਿ ਦੀਆਂ ਜੀਵਨੀਆਂ ਤੀਜੀ ਕਿਸਮ ਦੀਆਂ ਜੀਵਨੀਆਂ ਦੇ ਨਮੂਨੇ ਹਨ। ਹੋਤੀ ਜੀ ਨੇ ਇਸ ਪੁਸਤਕ ਵਿਚ ਬਿਦੇਸ਼ੀ ਅਫ਼ਸਰਾਂ ਦੇ ਸਿੱਖ ਦਰਬਾਰ ਵਿਚ ਰਹਿਣ ਲਈ ਮਹਾਰਾਜਾ ਸਾਹਿਬ ਵੱਲੋਂ ਰੱਖੀਆਂ ਗਈਆਂ ਕੁਝ ਮਹੱਤਵਪੂਰਨ ਸ਼ਰਤਾਂ ਦਾ ਜ਼ਿਕਰ ਵੀ ਕੀਤਾ ਹੈ। ਇਹ ਸਨ-ਖ਼ਾਲਸਾ ਦਰਬਾਰ ਨਾਲ ਪੱਕੀ ਵਫ਼ਾਦਾਰੀ, ਸਰਕਾਰ ਖ਼ਾਲਸਾ ਦੀ ਪ੍ਰਵਾਨਗੀ ਬਿਨਾ ਨੌਕਰੀ ਨਾ ਛੱਡ ਸਕਣਾ, ਦਾਹੜਾ ਸੁੱਚਾ ਰਖਣਾ, ਗਊ-ਮਾਸ ਦੀ ਵਰਤੋਂ ਦੀ ਮਨਾਹੀ ਅਤੇ ਤਮਾਕੂ ਦਾ ਤਿਆਗ।

8. **ਮਹਾਰਾਜਾ ਸ਼ੇਰ ਸਿੰਘ** : ਮਹਾਰਾਜਾ ਸ਼ੇਰ ਸਿੰਘ ਨੇ ਸਿੱਖ ਰਾਜ ਦੇ ਵਾਧੇ ਵਿਸਤਾਰ ਤੇ ਸਾਂਭ ਸੰਭਾਲ ਵਿਚ ਇਤਿਹਾਸਿਕ ਭੂਮਿਕਾ ਨਿਭਾਈ ਤੇ ਅੰਤ ਡੋਗਰਿਆਂ ਦੀਆਂ ਕੁਚਾਲਾਂ ਦਾ ਸ਼ਿਕਾਰ ਹੋ ਗਿਆ। ਇਸ ਪੁਸਤਕ ਦੇ ਪਹਿਲੇ ਭਾਗ ਵਿਚ ਸ਼ਹਿਜ਼ਾਦੇ ਦੇ ਜਨਮ, ਵਿਆਹ, ਮੁਹੰਮਦ ਖ਼ਾਨ ਬਾਰਕਜ਼ਈ ਤੋਂ ਲੈਲੀ ਘੋੜੇ ਦੀ ਪ੍ਰਾਪਤੀ, ਖਟਕਾਂ ਤੇ ਫ਼ਤਿਹ, ਖ਼ਲੀਫ਼ਾ ਸੱਯਦ ਅਹਿਮਦ ਸ਼ਾਹ ਦੀ ਜਹਾਦੀ ਲਹਿਰ ਵਿਰੁੱਧ ਸੰਘਰਸ਼, ਕਸ਼ਮੀਰ ਦੀ ਗਵਰਨਰੀ ਅਤੇ ਤਿੱਬਤ ਤੇ ਲੱਦਾਖ ਦੀ ਫ਼ਤਹਿ ਦੇ ਹਾਲ ਅੰਕਿਤ ਹਨ। ਦੂਜੇ ਭਾਗ ਵਿਚ ਸ਼ਹਿਜ਼ਾਦਾ ਸ਼ੇਰ ਸਿੰਘ ਤੇ ਉਸ ਦੇ ਮਾਸੂਮ ਬੇਟੇ ਕੰਵਰ ਪ੍ਰਤਾਪ ਸਿੰਘ ਦੀ ਸੰਧਾਵਾਲੀਏ ਸਰਦਾਰਾਂ ਹੱਥੋਂ ਕਤਲ ਹੋ ਜਾਣ ਦੀ ਦਰਦਨਾਕ ਵਿਥਿਆ ਹੈ। ਅੰਤ ਵਿਚ ਸ਼ਹਿਜ਼ਾਦੇ ਦੇ ਵਿਅਕਤਿੱਤਵ ਤੇ ਵਿਸਤ੍ਰਿਤ ਵਿਚਾਰ ਕਰਕੇ ਉਸ ਦੇ ਗੁਣਾਂ ਔਗੁਣਾਂ ਦੀ ਚਰਚਾ ਕੀਤੀ ਗਈ ਹੈ। ਇਸ ਪੁਸਤਕ ਵਿਚ ਵੀ ਨਾਵਾਂ ਤੇ ਥਾਵਾਂ ਦੇ ਵਰਣਨ ਸਮੇਂ ਦਿੱਤੇ ਲੰਮੇ ਵੇਰਵੇ,[18] ਇਤਿਹਾਸਿਕ ਖੋਜ ਦੇ ਪੱਖੋਂ ਮਹੱਤਵਪੂਰਨ ਹੋਣ ਦੇ ਬਾਵਜੂਦ ਸਮੁੱਚੀ ਕ੍ਰਿਤੀ ਦੇ ਸੰਗਠਿਤ ਪ੍ਰਭਾਵ ਨੂੰ ਖੰਡਿਤ ਕਰਦੇ ਹਨ।

9. **ਜੀਵਨ ਬ੍ਰਿਤਾਂਤ ਨਵਾਬ ਕਪੂਰ ਸਿੰਘ** : ਖ਼ਾਲਸਾ ਦਲਾਂ ਤੇ ਮਿਸਲਾਂ ਦੇ ਬਾਨੀ ਤੇ ਸਰਬਤ ਖ਼ਾਲਸੇ ਦੇ ਦਿਲਾਂ ਦੇ ਬਾਦਸ਼ਾਹ ਨਵਾਬ ਕਪੂਰ ਸਿੰਘ (1697 ਤੋਂ 1754) ਬਾਰੇ ਇਹ ਜੀਵਨੀ ਸਿੱਧੇ ਰੂਪ ਵਿਚ

ਸਾਡੇ ਵਿਸੇ ਖੇਤਰ ਨਾਲ ਸੰਬੰਧਿਤ ਨਹੀਂ । ਇਥੇ ਪੁਸਤਕ ਦੀ ਚਰਚਾ ਕਰਨ ਦਾ ਕਾਰਨ ਇਸ ਦੇ ਅੰਤ ਵਿਚ ਦਿੱਤੀ 33 ਅਤਿ ਮਹੱਤਵਪੂਰਨ ਅੰਗਰੇਜ਼ੀ, ਫ਼ਾਰਸੀ ਤੇ ਗੁਰਮੁਖੀ ਦੇ ਉਨ੍ਹਾਂ ਦੁਰਲਭ ਗ੍ਰੰਥਾਂ ਤੇ ਖਰੜਿਆਂ ਦੀ ਸੂਚੀ ਵੱਲ ਧਿਆਨ ਦਿਵਾਉਣਾ ਹੈ ਜੋ ਨਾ ਕੇਵਲ ਇਸ ਜੀਵਨੀ ਸਮੇਂ, ਸਗੋਂ ਬਾਬਾ ਪ੍ਰੇਮ ਸਿੰਘ ਰਚਿਤ ਸਿੱਖ ਦਰਬਾਰ ਨਾਲ ਸੰਬੰਧਿਤ ਸਮੁੱਚੇ ਜੀਵਨੀ ਸਾਹਿੱਤ ਨੂੰ ਰਚਨ ਸਮੇਂ ਬੜੇ ਧਿਆਨ ਨਾਲ ਘੋਖੇ ਗਏ । ਇਹਨਾਂ ਗ੍ਰੰਥਾਂ ਬਾਰੇ ਦਿੱਤੀਆਂ ਟਿੱਪਣੀਆਂ ਬਾਬਾ ਜੀ ਦੀ ਬਾਰੀਕ ਇਤਿਹਾਸਿਕ ਸੂਝ ਵੱਲ ਸੰਕੇਤ ਕਰਦੀਆਂ ਹਨ । ਉਦਾਹਰਣ ਲਈ 'ਪੰਥ ਪ੍ਰਕਾਸ਼' ਬਾਰੇ ਉਹ ਲਿਖਦੇ ਹਨ ਕਿ ਇਸ ਪੁਸਤਕ ਵਿਚ ਦਰਜ ਘਟਨਾਵਾਂ ਦੀਆਂ ਤਰੀਕਾਂ ਦੂਜੀਆਂ ਇਤਿਹਾਸਿਕ ਪੁਸਤਕਾਂ ਨਾਲ ਮੇਲ ਕੇ ਪੜ੍ਹਨੀਆਂ ਚਾਹੀਦੀਆਂ ਹਨ ।[19] ਇੰਜ ਹੀ ਉਮਦਾ-ਤੁਤ-ਤਵਾਰੀਖ਼ ਕ੍ਰਿਤ ਸੋਹਨ ਲਾਲ ਸੂਰੀ ਬਾਰੇ ਉਨ੍ਹਾਂ ਦਾ ਵਿਚਾਰ ਹੈ ਕਿ ਲੇਖਕ ਡੋਗਰਿਆਂ ਦੇ ਧੜੇ ਦਾ ਹਾਮੀ ਹੈ ਤੇ ਇਸ ਲਈ ਇਸ ਦੇ ਵਾਕਿਆਤ ਸੋਚ ਕੇ ਵਰਤਨ ਵਾਲੇ ਹਨ ।[20] ਕਾਰਲ ਐਲ. ਬੈਕਰ ਕਹਿੰਦਾ ਹੈ ਕਿ ਘਟਨਾ ਜਾਂ ਤੱਥ ਆਪਣੇ ਆਪ ਵਿਚ ਕੁਝ ਵੀ ਅਰਥ ਨਹੀਂ ਰਖਦੇ, ਇਤਿਹਾਸਕਾਰਾਂ ਨੇ ਆਪ ਉਨ੍ਹਾਂ ਨੂੰ ਅਰਥ ਦੇਣਾ ਹੁੰਦਾ ਹੈ ।[21] ਸਮੇਂ-ਸਮੇਂ ਲਿਖੇ ਗਏ ਇਤਿਹਾਸਿਕ ਗ੍ਰੰਥਾਂ ਦੇ ਲੇਖਕਾਂ ਨੇ ਕਈ ਵਾਰ ਤੱਥਾਂ ਨੂੰ ਆਪਣੀ ਸਹੂਲਤ ਲਈ ਤੋੜਿਆ ਮਰੋੜਿਆ ਹੁੰਦਾ ਹੈ । ਕਿਸੇ ਵੀ ਵਧੀਆ ਇਤਿਹਾਸਕਾਰ ਨੂੰ ਪੁਰਾਣੇ ਇਤਿਹਾਸਿਕ ਸੋਮਿਆਂ ਤੋਂ ਪ੍ਰਾਪਤ ਸਾਮਗ੍ਰੀ ਬੜੇ ਧਿਆਨ ਨਾਲ ਵਰਤਣੀ ਚਾਹੀਦੀ ਹੈ, ਨਹੀਂ ਤਾਂ ਕਈ ਭ੍ਰਾਂਤੀਆਂ ਪੈਦਾ ਹੋਣ ਦਾ ਡਰ ਹੋ ਸਕਦਾ ਹੈ, ਅਰਥ ਦਾ ਅਨਰਥ ਵੀ ਹੋ ਸਕਦਾ ਹੈ.। ਬਾਬਾ ਪ੍ਰੇਮ ਸਿੰਘ ਨੇ ਪੁਰਾਤਨ ਸੋਮਿਆਂ ਤੋਂ ਪ੍ਰਾਪਤ ਵਾਹੀਆਂ ਨੂੰ ਬੜੀ ਸੋਚ ਸਮਝ ਨਾਲ ਪਰਖ ਪੜਚੋਲ ਕੇ ਹੀ ਵਰਤਿਆ ਹੈ । ਇਸ ਨਾਲ ਉਨ੍ਹਾਂ ਦੀਆਂ ਕ੍ਰਿਤੀਆਂ ਦਾ ਇਤਿਹਾਸਿਕ ਮਹੱਤਵ ਕਾਫ਼ੀ ਵੱਧ ਜਾਂਦਾ ਹੈ ।

ਸਮੁੱਚਾ ਮੁਲੰਕਣ

ਅਸੀਂ ਪਹਿਲੇ ਕਹਿ ਚੁੱਕੇ ਹਾਂ ਕਿ ਹੋਤੀ ਜੀ ਰਚਿਤ ਜੀਵਨੀਆਂ ਇਤਿਹਾਸਿਕ ਜੀਵਨੀਆਂ ਹਨ । ਇਕ ਪਾਸੇ ਇਹ ਇਤਿਹਾਸ ਦੇ ਖੇਤਰ ਨਾਲ ਜੁੜਦੀਆਂ ਹਨ ਤੇ ਦੂਜੇ ਪਾਸੇ ਇਹ ਸਾਹਿੱਤ ਦਾ ਅੰਗ ਹਨ । ਭਾਵੇਂ ਆਮ ਆਲੋਚਕ ਇਤਿਹਾਸਿਕ ਤੇ ਸਾਹਿੱਤਿਕ ਜੀਵਨੀ ਵਿਚ ਕੋਈ ਅੰਤਰ ਨਹੀਂ ਰਖਦੇ, ਪਰੰਤੂ ਦੋਹਾਂ ਕਿਸਮਾਂ ਦੀਆਂ ਜੀਵਨੀਆਂ ਵਿਚਲੇ ਮੂਲ ਅੰਤਰ ਨੂੰ ਸਾਹਮਣੇ ਰਖੇ ਬਿਨਾ ਅਸੀਂ ਹੋਤੀ ਜੀ ਰਚਿਤ ਜੀਵਨੀ ਸਾਹਿੱਤ ਦਾ ਮੁਲੰਕਣ ਕਰਨ ਵਿਚ ਇਨਸਾਫ਼ ਨਹੀਂ ਕਰ ਸਕਦੇ । ਇਤਿਹਾਸਿਕ ਜੀਵਨੀ ਦੀਆਂ ਸੀਮਾਵਾਂ ਅਨਿਯਮਿਤ ਤੇ ਬੌਦਲਾ ਦੇਣ ਵਾਲੀਆਂ ਹਨ । ਲੇਖਕ ਨੂੰ ਕਿਸੇ ਵਿਸ਼ੇਸ਼ ਨੁਕਤੇ ਉੱਤੇ ਸਾਮਗ੍ਰੀ ਉਕਾ ਹੀ ਨਹੀਂ ਮਿਲਦੀ ਤੇ ਕਿਸੇ ਉੱਤੇ ਇੰਨੀ ਵੱਧ ਮਿਲਦੀ ਹੈ ਕਿ ਉਸ ਨੂੰ ਪਤਾ ਨਹੀਂ ਲੱਗਦਾ ਕਿ ਉਹ ਕੀ ਕਰੇ? ਸਾਹਿੱਤਿਕ ਜੀਵਨੀ ਵਿਚ ਤਾਂ ਜੀਵਨੀਕਾਰ ਸੰਬੰਧਿਤ ਵਿਅਕਤੀ ਦੀਆਂ ਸਾਹਿੱਤਿਕ ਕ੍ਰਿਤੀਆਂ ਦਾ ਆਸਰਾ ਲੈ ਸਕਦਾ ਹੈ, ਪਰ ਇਤਿਹਾਸਿਕ ਜੀਵਨੀ ਲਿਖਣ ਵਾਲੇ ਕੋਲ ਅਜਿਹਾ ਕੋਈ ਜ਼ਰੀਆ ਨਹੀਂ ਹੁੰਦਾ । ਕਈ ਵਾਰ ਕੇਂਦਰੀ ਪਾਤਰ ਦੇ ਜੀਵਨ ਕਾਲ ਦੇ ਇਕ ਲੰਬੇ ਸਮੇਂ ਬਾਰੇ ਇਤਿਹਾਸ ਚੁਪ ਹੁੰਦਾ ਹੈ । ਆਮ ਕਰਕੇ ਉਸ ਦੇ ਨਾਇਕ ਦੇ ਬਚਪਨ ਬਾਰੇ ਕੁਝ ਵੀ ਪਤਾ ਨਹੀਂ ਹੁੰਦਾ । ਅਜਿਹੇ ਸਮੇਂ ਜੀਵਨਕਾਰ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਇਨ੍ਹਾਂ ਮੁਸ਼ਕਲਾਂ ਉੱਤੇ ਕਾਬੂ ਪਾਉਣ ਦੀ ਯੋਗਤਾ ਵਿਚ ਹੀ ਇਤਿਹਾਸਿਕ ਜੀਵਨੀਕਾਰ ਦੀ ਕਲਾ ਦਾ ਅਸਲੀ ਮੁੱਲ ਹੈ ।

ਸਿੱਖ ਦਰਬਾਰ ਨਾਲ ਸੰਬੰਧਿਤ ਜਿਨ੍ਹਾਂ ਵਿਅਕਤੀਆਂ ਦੇ ਜੀਵਨ-ਚਰਿੱਤਰ ਹੋਤੀ ਜੀ ਨੇ ਲਿਖੇ ਹਨ, ਇਤਿਹਾਸ ਇਨ੍ਹਾਂ ਬਾਰੇ ਬਹੁਤ ਥਾਈਂ ਬਿਲਕੁਲ ਚੁਪ ਹੈ । ਇਨ੍ਹਾਂ ਦੇ ਮੁੱਢਲੇ ਤੇ ਨਿਜੀ ਜੀਵਨ ਬਾਰੇ ਤਾਂ ਇਤਿਹਾਸ ਵਿਚ ਅਸਲੋਂ ਨਾਮ ਮਾਤਰ ਵੇਰਵੇ ਮਿਲਦੇ ਹਨ । ਹੋਤੀ ਜੀ ਨੇ ਇਨ੍ਹਾਂ ਖਪਿਆਂ ਨੂੰ ਬੜੇ ਕਲਾਤਮਿਕ ਢੰਗ ਨਾਲ ਮੇਲਿਆ ਹੈ ਤੇ ਸਸ਼ਕਤ ਜੀਵਨੀਆਂ ਦੀ ਰਚਨਾ ਕੀਤੀ ਹੈ ।

ਹੋਤੀ ਜੀ ਰਚਿਤ ਉਪਰੋਕਤ ਜੀਵਨੀ ਸਾਹਿੱਤ ਦੇ ਵਿਸ਼ਲੇਸ਼ਣ ਤੋਂ ਇਹ ਗੱਲ ਸਪਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਇਹ ਜੀਵਨੀਆਂ ਇਤਿਹਾਸਿਕ ਪੱਖ ਤੋਂ ਡੂੰਘੀ ਛਾਣ ਬੀਣ ਉਪਰੰਤ ਲਿਖੀਆਂ ਗਈਆਂ ਹਨ । ਇਤਿਹਾਸਕਾਰਾਂ ਨੇ ਇਨ੍ਹਾਂ ਦਾ ਮਹੱਤਵ ਪ੍ਰਮਾਣਿਕ ਇਤਿਹਾਸਿਕ ਸੋਮਿਆਂ ਦੇ ਰੂਪ ਵਿਚ ਸ੍ਵੀਕਾਰ ਕੀਤਾ ਹੈ । ਸਾਹਿੱਤਿਕ ਪੱਖੋਂ ਦੇਖੀਏ ਤਾਂ ਇਨ੍ਹਾਂ ਦੀ ਰੋਚਕ ਗੋਂਦ ਪਾਠਕਾਂ ਨੂੰ ਉਂਗਲੀ ਲਾਈ ਆਪਣੇ ਨਾਲ ਲਈ ਜਾਂਦੀ ਹੈ ।

ਇਨ੍ਹਾ ਜੀਵਨੀਆਂ ਦੇ ਕਈ-ਕਈ ਸੰਸਕਰਣਾਂ ਦਾ ਪ੍ਰਕਾਸ਼ਿਤ ਹੋਣਾ ਇਸ ਗੱਲ ਦਾ ਅਕੱਟ ਸਬੂਤ ਹੈ, ਕਿ ਇਨ੍ਹਾ ਨੂੰ ਪੰਜਾਬੀ ਲੋਕ ਮਾਨਸ ਨੇ ਵੱਡੀ ਸ੍ਰੀਕ੍ਰਿਤੀ ਦਿੱਤੀ ਹੈ, ਜੋ ਕਿਸੇ ਵੀ ਸਾਹਿੱਤਕਾਰ ਲਈ ਮਾਣ ਦੀ ਗੱਲ ਹੋ ਸਕਦੀ ਹੈ।

ਟਿੱਪਣੀਆਂ ਤੇ ਹਵਾਲੇ

1. ਕਾਲਿੰਗਵੁਡ, ਆਰ. ਜੀ., *ਦਾ ਹਿਸਟਾਰੀਕਲ ਇਮੈਜੀਨੇਸ਼ਨ*, ਹੈਸ ਮੇਅਰਹਾਫ ਦੁਆਰਾ ਸੰਪਾਦਿਤ ਪੁਸਤਕ *ਦ ਫਿਲਾਸਫੀ ਆਫ ਹਿਸਟਰੀ ਇਨ ਆਵਰ ਟਾਈਮ*, ਡਬਲ ਡੇ ਐਂਕਰ ਬੁਕਸ, 1959, ਵਿਚ ਸੰਕਲਿਤ ਲੇਖ, ਪੰ. 83-84
2. ਕਾਰ, ਈ. ਐਚ., *ਵਟ ਇਜ਼ ਹਿਸਟਰੀ*, ਪੈਗੁਇਨ ਬੁਕਸ, ਹਾਰਮਾਂਡਜ਼ ਵਰਥ (ਇੰਗਲੈਂਡ), 1975, (ਰੀਪ੍ਰਿੰਟ), ਪੰ. 45
3. ਹੋਤੀ, ਪ੍ਰੇਮ ਸਿੰਘ, *ਜੀਵਨ ਬ੍ਰਿਤਾਂਤ ਬਾਬਾ ਫੂਲਾ ਸਿੰਘ ਜੀ ਅਕਾਲੀ*, ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ, ਤੀਜੀ ਵਾਰ, ਪੰ. 7 ਤੋਂ 23
4. ਉਦਾਹਰਣਾਂ ਲਈ ਵੇਖੋ ਉਪਰੋਕਤ ਪੁਸਤਕ, ਪੰ. 98 ਤੋਂ 102 ਅਤੇ ਪੰ. 127 ਤੋਂ 132
5. *ਉਹੀ*, ਪੰ. 21
6. ਫੌਜਾ ਸਿੰਘ (ਡਾ.), ਸੰਪ. *ਪੰਜਾਬ ਦਾ ਸਮਾਜਕ ਇਤਿਹਾਸ*, ਪਟਿਆਲਾ, ਪੰਜਾਬੀ ਯੂਨਵਰਸਿਟੀ 1979, ਪੰ. (xxxvii)
7. ਅਜਿਹੇ ਇਕ ਮਹੱਤਵਪੂਰਨ ਘਟਨਾ ਦੇ ਵਰਣਨ ਲਈ ਵੇਖੋ, ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਅਕਾਲੀ ਫੂਲਾ ਸਿੰਘ ਦੀ ਜੀਵਨੀ (ਤੀਜੀ ਵਾਰ), ਪੰ. 36 ਤੋਂ 49
   ਇਹ ਘਟਨਾ ਸੰਨ 1809 ਵਿਚ ਮਿਟਕਾਫ਼ ਨਾਲ ਅੰਮ੍ਰਿਤਸਰ ਆਏ ਸ਼ੀਆ ਮੁਸਲਮਾਨਾਂ ਦੁਆਰਾ ਮੁਹਰਮ ਦੇ ਤਾਜ਼ੀਏ ਸਮੇਂ ਦਰਬਾਰ ਸਾਹਿਬ ਸਾਹਮਣੇ ਪਾਏ ਰੌਲੇ ਗੌਲੇ ਕਾਰਨ ਅਕਾਲੀ ਜੀ ਨਾਲ ਉਨ੍ਹਾਂ ਮੁਸਲਮਾਨਾਂ ਦੀ ਝੜਪ ਨੂੰ ਅੰਕਿਤ ਕਰਦੀ ਹੈ। ਮਹਾਰਾਜਾ ਸਾਹਿਬ ਦਾ ਇਸ ਝਗੜੇ ਨੂੰ ਸ਼ਾਂਤ ਕਰਨ ਸਮੇਂ ਅਕਾਲੀ ਜੀ ਨਾਲ ਵਿਵਹਾਰ ਅਕਾਲੀ ਜੀ ਤੇ ਮਹਾਰਾਜਾ ਸਾਹਿਬ ਦੇ ਚਰਿਤ੍ਰ ਨੂੰ ਸਸ਼ਕਤ ਢੰਗ ਨਾਲ ਉਭਾਰਦਾ ਹੈ।
8. ਹੋਤੀ, ਪ੍ਰੇਮ ਸਿੰਘ, *ਜੀਵਨ ਬ੍ਰਿਤਾਂਤ ਮਹਾਰਾਜਾ ਰਣਜੀਤ ਸਿੰਘ*, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਤੀਜੀ ਵਾਰ
9. ਵੇਖੋ, *ਉਹੀ*, ਪੰ. 109 ਤੋਂ 120
10. ਹੋਤੀ, ਪ੍ਰੇਮ ਸਿੰਘ, *ਜੀਵਨ ਇਤਿਹਾਸ ਸ. ਹਰੀ ਸਿੰਘ ਨਲੂਆ*, ਲੁਧਿਆਣਾ, ਲਾਹੌਰ, ਬੁਕ ਸ਼ਾਪ
11. *ਉਹੀ*, ਪੰ. 22
12. *ਉਹੀ*, ਪੰ. 7
13. ਕਾਲਿੰਗਵੁਡ, ਆਰ. ਜੀ., *ਦ ਆਈਡੀਆ ਆਫ਼ ਹਿਸਟਰੀ*, ਆਕਸਫ਼ੋਰਡ ਪੇਪਰ ਬੈਕਸ, ਆਕਸਫੋਰਡ ਯੂਨੀਵਰਸਿਟੀ ਪ੍ਰੈਸ, 1973, ਪੰ. 256
14. ਬਰੈਡਲੇ ਦੇ ਵਿਚਾਰਾਂ ਦੀ ਵਿਸਤ੍ਰਿਤ ਵਿਆਖਿਆ ਲਈ ਵੇਖੋ, ਉਪਰੋਕਤ ਪੁਸਤਕ, ਪੰ. 137
15. ਹੋਤੀ, ਪ੍ਰੇਮ ਸਿੰਘ, *ਖ਼ਾਲਸਾ ਰਾਜ ਦੇ ਉਸਰਈਏ ਭਾਗ-2*, ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ, 1944, ਪੰ. 18
16. *ਉਹੀ*, ਪੰ. 5
17. ਹੋਤੀ, ਪ੍ਰੇਮ ਸਿੰਘ, *ਖ਼ਾਲਸਾ ਰਾਜ ਦੇ ਬਿਦੇਸ਼ੀ ਕਾਰਿੰਦੇ*, ਸਿੱਖ ਹਿਸਟਰੀ ਸੋਸਾਇਟੀ ਪਟਿਆਲਾ, ਦੂਜੀ ਵਾਰ, ਪੰ. 4
18. ਉਦਾਹਰਣ ਲਈ ਵੇਖੋ : ਪ੍ਰੇਮ ਸਿੰਘ, *ਮਹਾਰਾਜਾ ਸ਼ੇਰ ਸਿੰਘ*, ਲੁਧਿਆਣਾ ਲਾਹੌਰ ਬੁਕ ਸ਼ਾਪ, 1951, ਪੰ. 95 ਤੋਂ 99 ਤੇ ਪੰ. 178 ਤੋਂ 186
19. ਹੋਤੀ, ਪ੍ਰੇਮ ਸਿੰਘ, *ਜੀਵਨ ਬ੍ਰਿਤਾਂਤ ਨਵਾਬ ਕਪੂਰ ਸਿੰਘ*, ਲੁਧਿਆਣਾ, ਲਾਹੌਰ ਬੁਕ ਸ਼ਾਪ, 1954, ਪੰ. 207
20. *ਉਹੀ*, ਪੰਨਾ 205
21. ਕਾਰਲ ਐਲ. ਬੈਕਰ, *ਵਟ ਆਰ ਹਿਸਟਾਰੀਕਲ ਫ਼ੈਕਟਸ*, ਫਿਲਾਸਫੀ ਆਫ਼ ਹਿਸਟਰੀ ਇਨ ਆਵਰ ਟਾਈਮ ਵਿਚ ਸੰਕਲਿਤ ਲੇਖ, ਸੰਪ. ਹੈਸ ਮੇਅਰ ਹਾਫ਼, ਡਬਲ ਡੇ ਐਂਕਰ ਬੁਕਸ, ਨਿਊਯਾਰਕ, 1959, ਪੰ. 129

ਸਿੱਖ ਰਾਜ ਦੇ ਸਿੱਕੇ ਤੇ ਸੀਲਾਂ

ਸ. ਮਨੋਹਰ ਸਿੰਘ (ਮਾਰਕੋ)

ਸਿੱਕੇ : ਸਿੱਕਿਆਂ ਉਪਰ ਉਕਰਿਆ ਆਪਣਾ ਨਾਂ ਤੱਕਣ ਦੀ ਲਾਲਸਾ, ਰਾਜ-ਸੱਤਾ ਦਾ ਮੁੱਖ ਚਿੰਨ੍ਹ ਹੈ। ਵੱਡਿਆਂ ਰਾਜਿਆਂ ਦੀ ਤਾਂ ਗੱਲ ਛੱਡੋ, ਕਾਬਲ ਦੇ ਬੱਚਾ ਸੱਕਾ ਨੇ ਵੀ ਭਾਵੇਂ ਚਾਰ ਘੜੀਆਂ ਰਾਜ ਕੀਤਾ ਪਰ ਚੰਮ ਦੇ ਸਿੱਕੇ ਚਲਾ ਕੇ ਉਸ ਨੇ ਆਪਣੇ ਮਨ ਦੀ ਲਾਲਸਾ ਦੀ ਤ੍ਰਿਪਤੀ ਕੀਤੀ। ਮਹਾਰਾਜਾ ਰਣਜੀਤ ਸਿੰਘ ਨੂੰ ਇਤਿਹਾਸ ਦਾ ਇਕ ਵਿਚਿਤ੍ਰ ਅਤੇ ਸਤਿਕਾਰਤ ਰਾਜਾ ਕਰਕੇ ਜਾਣਿਆ ਜਾਏਗਾ, ਕਿਉਂਕਿ ਉਸ ਨੇ ਇਤਨੀ ਸ਼ਕਤੀਸ਼ਾਲੀ ਅਤੇ ਵਿਸ਼ਾਲ ਸਲਤਨਤ ਦਾ ਸੁਆਮੀ ਹੁੰਦੇ ਹੋਇਆਂ ਵੀ, ਆਪਣੇ ਰਾਜ ਦੇ ਸਿੱਕਿਆਂ ਨੂੰ ਆਪਣੇ ਸਤਿਗੁਰੂ ਦੇ ਨਾਂ ਸਮਰਪਣ ਕੀਤਾ। ਕੇਵਲ ਇਤਨਾ ਹੀ ਨਹੀਂ, ਉਸ ਨੇ ਆਪਣੇ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਨੂੰ ਮਾਣ ਬਖ਼ਸ਼ਣ ਲਈ ਸਿੱਕੇ ਉਪਰ ਉਸ ਦਾ ਨਾਂ ਵਰਤ ਕੇ, ਸਿੱਖ ਰਾਜ ਨੂੰ ਸਤਿਗੁਰੂ ਨਾਨਕ ਦੀ ਦੇਣ ਹੋਣ ਦਾ ਗੌਰਵ ਬਖ਼ਸ਼ਿਆ।

ਸਿੱਕਿਆਂ ਦੀ ਪਰੰਪਰਾ, ਕਈ ਪੜਾ ਬਦਲ ਕੇ ਅਜੋਕੇ ਸਿੱਕਿਆਂ ਦੇ ਰੂਪ ਤਕ ਅਪੜੀ ਹੈ। ਉਘੇ ਸੈਲਾਨੀ ਫ਼ਾਹੀਨ ਅਨੁਸਾਰ ਅੱਜ ਤੋਂ ਢਾਈ ਹਜ਼ਾਰ ਸਾਲ ਪਹਿਲਾਂ ਵਸਤਾਂ ਦੇ ਵਣਜ ਲਈ 'ਕੌਡੀਆਂ' ਪ੍ਰਚਲਿਤ ਸਨ।[1] ਅੱਜ ਵੀ ਬੰਗਾਲੀ ਗਣਿਤ ਵਿਚ ਕੌਡਕੀ (ਕੌਡੀ)[2] ਦੀ ਗਿਣਤੀ ਹੈ। ਅਜੇ ਤਕ ਪੰਜਾਬ ਵਿਚ ਵੀ ਅਸੀਂ ਕੌਡੀ ਨੂੰ ਭੁਲੇ ਨਹੀਂ। ਮੱਖਟੂ ਪੁਰਸ਼ ਲਈ ਅੱਜ ਵੀ ਆਖਿਆ ਜਾਂਦਾ ਹੈ ਕਿ 'ਕੌਡੀ ਮੁੱਲ' ਦਾ ਨਹੀਂ। ਕੌਡੀਆਂ ਵਿਚ ਵੀ 'ਕਾਣੀ ਕੌਡੀ' ਨਿਖਿਧ ਸੀ। ਇਸੇ ਤਰ੍ਹਾਂ ਵਧੇਰੇ ਨਿਖਿਧ ਪੁਰਸ਼ ਨੂੰ, ਕਾਣੀ ਕੌਡੀ ਦੇ ਮੁੱਲ ਦਾ ਗਿਣਦੇ ਹਨ। ਇਕ ਪੈਸੇ ਦੀਆਂ ਵੀਹ ਕੌਡੀਆਂ ਪ੍ਰਚਲਿਤ ਸਨ ਤੇ ਅੱਜ ਵੀ ਅਸੀਂ ਵੀਹ ਨਗ ਦੀ ਗਿਣਤੀ ਨੂੰ ਇਕ ਕੌੜੀ ਗਿਣਦੇ ਹਾਂ।[3]

'ਕੌਡੀ' ਸਾਡੇ ਮੁੱਢਲੇ ਸਿੱਕੇ ਵਜੋਂ ਈਸਟ ਇੰਡੀਆ ਕੰਪਨੀ ਦੇ ਰਾਜ ਤਕ ਪ੍ਰਚਲਿਤ ਸੀ। ਸਥਾਨਕ ਲੈਣ ਦੇਣ ਜਾਂ ਵਸਤੂ ਵਟਾਂਦਰਾ ਕੌਡੀਆਂ ਨਾਲ ਚਲਦਾ ਰਿਹਾ। ਪਰ ਇਸ ਦੇ ਬਹੁਤੇ ਭਾਰ ਕਾਰਨ, ਮਨੁੱਖੀ ਬੁੱਧੀ ਨੇ ਸਿੱਕੇ ਦੀ ਕਾਢ ਦਾ ਹੰਭਲਾ ਮਾਰਿਆ। ਸੁੰਬੇ ਨਾਲ ਠੱਪਾ ਲੱਗਾ ਕੇ ਮੋਟੇ ਜਸਤੀ ਸਿੱਕੇ, ਬੇਡੌਲ ਆਕਾਰ ਅਤੇ ਅਣਮਿਥੇ ਤੋਲ ਦੇ ਚਾਲੂ ਹੋਏ। ਇਹੋ ਹੀ ਸਿੱਖ ਰਾਜ ਦੇ ਨਾਨਕ-ਸ਼ਾਹੀ ਸਿੱਕੇ ਦਾ ਮੁੱਢ ਸੀ।

ਸਿੱਕੇ ਦੀ ਬਹੁਤ ਲੋੜ ਵਪਾਰੀਆਂ ਨੂੰ ਹੀ ਸੀ। ਸਿੱਕੇ ਦਾ ਮੁੱਲ ਵੀ ਸਾਵਾਂ ਨਹੀਂ ਸੀ। ਸੰਸਾਰ ਦਾ ਮੁੱਢਲਾ ਸਿੱਕਾ, ਰਾਜਿਆਂ ਨੇ ਨਹੀਂ, ਸਗੋਂ ਵਪਾਰੀਆਂ ਨੇ ਚਾਲੂ ਕੀਤਾ। ਸੋ ਵਪਾਰੀ ਦੀ, ਮੰਡੀ ਵਿਚਲੀ ਸਾਖ ਅਨੁਸਾਰ ਉਸ ਦੀ ਮੋਹਰ ਦਾ ਮੁੱਲ ਪੈਂਦਾ ਸੀ। ਸਿੱਕਿਆਂ ਦੇ ਤੋਲ ਵਿਚ ਇਕ ਸਮਾਨਤਾ ਨਹੀਂ ਸੀ। ਚਾਂਦੀ ਦੇ ਟੁਕੜੇ ਉਪਰ ਸੁੰਬੇ ਨਾਲ ਠੱਪਾ ਲਗਾਣਾ (Punch Marked) ਰੁਪਏ ਦਾ ਵਪਾਰਕ ਆਰੰਭ ਸੀ[4] ਜੋ ਬਾਅਦ ਵਿਚ ਸੋਨੇ ਦੀਆਂ ਮੋਹਰਾਂ ਅਤੇ ਤਾਂਬੇ ਦੇ ਸਿੱਕਿਆਂ ਦੀ ਸ਼ਕਲ ਵਿਚ ਵਟਦਾ ਰਿਹਾ।

ਇਸ ਤੋਂ ਪਿੱਛੋਂ ਢਾਲਵੇਂ ਸਿੱਕੇ ਦਾ ਆਰੰਭ ਹੋਇਆ। ਚਾਂਦੀ ਨੂੰ ਢਾਲ ਕੇ ਪੱਧਰੀ ਧਰਤੀ ਉੱਤੇ ਵਿਛਾਇਆ ਜਾਂਦਾ ਸੀ ਤੇ ਠੰਡਾ ਹੋਣ ਉੱਤੇ ਲੋੜੀਦੇ ਤੋਲ ਦਾ ਟੋਟਾ ਕਟਕੇ ਬਿੰਦੀਆਂ ਜਾਂ ਨਿੱਕਾ ਮੋਟਾ ਕੋਈ ਆਕਾਰ ਉਕਰ ਲਿਆ ਜਾਂਦਾ ਸੀ। ਇਸ ਢਾਲਵੇਂ ਸਿੱਕੇ ਦੀ ਉਕਰਾਈ ਨੂੰ (Die-casting) ਜਾਂ ਢਲਾਈਦਾਰ ਸਿੱਕਾ ਆਖਿਆ ਜਾਂਦਾ ਹੈ।

ਕੇਵਲ ਲੈਣ ਦੇਣ ਦੀ ਵਰਤੋਂ ਤਕ ਹੀ ਨਹੀਂ, ਪੁਰਾਤਨ ਸਿੱਕੇ ਸਾਡੇ ਇਤਿਹਾਸ ਦਾ ਵੀ ਵਡਮੁੱਲਾ ਵਿਰਸਾ ਹਨ। ਲਿਖਤੀ ਇਤਿਹਾਸਿਕ ਵੇਰਵੇ ਤੋਂ ਛੁਟ ਪੁਰਾਤਨ ਸਿੱਕੇ ਨੇ ਕਈ ਅਣਲਿਖੇ ਤੱਥ ਸਾਨੂੰ ਬਖਸ਼ੇ ਹਨ। ਉਦਾਹਰਣ ਵਜੋਂ ਅਕਬਰ ਕਾਲ ਦੇ ਸਿੱਕੇ ਤੋਂ ਸਾਨੂੰ ਪਤਾ ਲੱਗਦਾ ਹੈ ਕਿ 'ਦੀਨ-ਏ-ਇਲਾਹੀ' ਦਾ ਮੋਢੀ, ਬਾਦਸ਼ਾਹ ਅਕਬਰ, ਵਿਸ਼ਨੂ ਭਗਤੀ ਅਤੇ ਰਾਸ ਦਾ ਉਪਾਸਕ ਵੀ ਸੀ।[5] ਉਸ ਦੇ ਸਿੱਕੇ ਉਪਰ ਇਕ ਪਾਸੇ ਕਿੰਗਰੀਦਾਰ ਗੋਲੇ ਵਿਚ ਸਿਰੀ ਰਾਮਚੰਦਰ ਜੀ ਦੀ ਮੂਰਤ ਧਨੁਸ਼-ਸਣੇ ਹੈ ਅਤੇ ਪਿੱਛੇ ਸੀਤਾ ਜੀ ਖੜੇ ਹਨ।[6] ਮੁਹੰਮਦ-ਗੌਰੀ ਵਰਗੇ ਹਿੰਦੂ ਵਿਰੋਧੀ ਨੇ ਆਪਣੇ ਸਵਰਨ-ਸਿੱਕੇ ਉੱਤੇ ਲੱਛਮੀ ਦਾ ਠੱਪਾ ਉਕਰਿਆ ਸੀ। ਔਰੰਗਜ਼ੇਬ ਨੇ ਮੁਗਲ ਰਵਾਇਤਾਂ ਤੋਂ ਉਲਟ (ਜਿਵੇਂ ਕਿ ਸ਼ਾਹ ਜ਼ਾਹਨ ਦੇ ਸਿੱਕੇ, ਚਿੱਤਰ ਨੰਬਰ 1) ਆਪਣੇ ਸਿੱਕਿਆਂ ਉਪਰ ਮੁਸਲਮਾਨੀ



ਚਿੱਤਰ ਨੰ. 1

ਸਰ੍ਹਾ ਅਨੁਸਾਰ 'ਕਲਮਾ ਇਲਾਹੀ' ਨਹੀਂ ਸੀ ਉਕਰਿਆ ਤਾਂ ਜੋ ਕਾਫਰਾਂ ਦੀ ਛੋਹ, ਰੱਬ ਦੇ ਇਸ ਨਾਂ ਨੂੰ ਭ੍ਰਸ਼ਟ ਨਾ ਕਰ ਦੇਵੇ। ਸਿੱਖ ਰਾਜ ਦੇ ਸਿੱਕੇ ਦੀ ਬਣਤਰ, ਪਰੰਪਰਾ ਅਨੁਸਾਰ ਮੁਗਲ ਕਾਲ ਦੇ ਸਿੱਕਿਆਂ ਤੋਂ ਲਈ ਗਈ। ਜਿਵੇਂ ਔਰੰਗਜ਼ੇਬ ਦੇ ਚਾਂਦੀ ਦੇ ਸਿੱਕੇ (ਵੇਖੋ ਚਿੱਤਰ 2) ਉਪਰ ਇਹ ਅੱਖਰ ਉਕਰੇ ਹਨ। ਇਕ ਪਾਸੇ ਦੀ



ਚਿੱਤਰ ਨੰ. 2

ਲਿਖਤ ਹੈ 'ਸਿੱਕਾ ਜ਼ਦ ਦਰ' ਜਹਾਂ ਚੂੰ ਮਿਹਰ ਉ ਮੁਨੀਰ, ਸ਼ਾਹ ਔਰੰਗਜ਼ੇਬ ਆਲਮਗੀਰ ਅਰਥਾਤ 'ਸਿੱਕਾ ਚਲਾਇਆ ਦੁਨੀਆ ਵਿਚ ਜਿਵੇਂ ਸੂਰਜ ਤੇ ਚੰਦਰਮਾਂ ਚਮਕਦੇ ਹਨ।' ਦੂਜੇ ਪਾਸੇ ਦੀ ਲਿਖਤ 'ਜ਼ਰਬ ਏ ਤਤਾ (ਟਕਸਲ ਦਾ ਨਾਂ) ਸੰਨ 5 ਜਲੂਸੇ ਮੇਮਨਤ ਮਾਨੂਸ' ਅਰਥਾਤ "ਤਤਾ ਨਾਂ ਦੀ ਟਕਸਾਲ ਵਿਚ ਠੱਪਾ ਲਾਇਆ, ਪੰਜਵੇਂ ਸਾਲ ਬਾਦਸ਼ਾਹੀ ਦੇ, ਜੇਹੜੀ ਉੱਨਤੀ ਨਾਲ ਸੰਬੰਧਿਤ ਹੈ।" ਸਿੱਖ ਰਾਜ ਦੇ ਮੋਢੀ ਸਰਦਾਰ ਬੰਦਾ ਸਿੰਘ ਬਹਾਦਰ ਨੇ ਆਪਣੀ ਟਕਸਾਲ ਸ਼ੁਰੂ ਕਰਨ ਲਗਿਆਂ ਇਹੋ ਪਿਰਤ ਅਪਣਾਈ।

ਦੁਰਾਨੀ ਤੇ ਅਬਦਾਲੀ ਦੇ ਉਤਰੋਤਰੀ ਹੱਲਿਆਂ ਨੇ ਸਿੱਖ ਪੰਥ ਦੀ ਆਤਮਾ ਨੂੰ ਧੁਰ ਅੰਦਰ ਤਕ ਝੰਜੋੜ ਕੇ ਰਖ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੇ ਪਾਏ ਪੂਰਨਿਆਂ ਨੇ ਸਿੱਖਾਂ ਦੀ ਸੁਤੀ ਅਣਖ ਨੂੰ ਵੰਗਾਰਿਆ ਅਤੇ ਵੈਰੀ

ਦੇ ਸਿਰ ਉੱਤੇ ਜਾ ਖੜਾ ਕੀਤਾ । ਬੰਦਾ ਸਿੰਘ ਬਹਾਦਰ ਨੇ, ਸਾਹਿਬ ਦਸ਼ਮੇਸ਼ ਜੀ ਦੀ ਬਖ਼ਸ਼ਿਸ਼ ਅਤੇ ਅਸ਼ੀਰਵਾਦ ਨਾਲ 15 ਮਈ ਸੰਨ 1710 ਨੂੰ ਸਰਹੰਦ ਉਪਰ ਕਬਜ਼ਾ ਕਰਕੇ ਖ਼ਾਲਸੇ ਦੇ ਜੇਤੂ ਹੋਣ ਦਾ ਸਿੱਕਾ ਚਾਲੂ ਕੀਤਾ । ਮੁਖਲਸਗੜ੍ਹ ਦਾ ਕਿਲਾ ਸੁਰਖਿਅਤ ਜਾਣ ਕੇ ਇਸ ਦਾ ਨਾਂ ਲੋਹਗੜ੍ਹ ਰਖਿਆ, ਅਤੇ ਇਥੋਂ ਹੀ ਖ਼ਾਲਸੇ ਦਾ ਪਹਿਲਾ ਸਿੱਕਾ ਚਾਲੂ ਹੋਇਆ । ਸਿੱਕੇ ਦੀ ਉਕਰਾਈ ਅਤੇ ਲਿਪੀ ਦਾ ਢੰਗ ਮੁਗ਼ਲਈ ਸੀ । ਲੋਹਗੜ੍ਹ ਦੇ ਨਾਂ ਨੂੰ ਵਿਸ਼ੇਸ਼ਤਾ ਦਿੰਦਿਆਂ ਅਤੇ ਜਨਤਕ ਭਲੇ ਦੀ ਉਸਤਤ ਵਜੋਂ ਇਸ ਰਾਜਧਾਨੀ ਨੂੰ 'ਅਮਾਨੁ ਦਹਿਰ' ਕਰਕੇ ਸਿੱਕੇ ਉਪਰ ਉਕਰਵਾਇਆ । ਸ਼ਬਦ ਇਹ ਸਨ :

ਇਕ ਪਾਸੇ

'ਸਿੱਕਾ ਜ਼ਦ ਬਰ ਹਰ ਦੋ ਆਲਮ
ਤੇਗ-ਏ-ਨਾਨਕ ਵਾਹਬ ਅਸਤ ।
ਫਤਹ ਗੋਬਿੰਦ (ਸਿੰਘ) ਸ਼ਾਹ-ਏ-ਸ਼ਾਹਾ
ਫ਼ਜ਼ਲ-ਸਚਾ ਸਾਹਿਬ ਅਸਤ ।'

ਅਰਥਾਤ, ਇਹ ਸਿੱਕਾ ਚਾਲੂ ਰਹੇ ਦੋ ਜਹਾਨ ਵਿਚ, ਗੁਰੂ ਨਾਨਕ ਦੀ ਬਖਸ਼ਿਸ਼ ਵਾਲੀ ਕਿਰਪਾਨ ਦੀ ਜ਼ੋਰ ਉੱਤੇ ਫ਼ਤਹਿ ਹੋਵੇ, (ਗੁਰੂ) ਗੋਬਿੰਦ ਸਿੰਘ ਦੇ ਨਾਂ ਦੀ, ਜੋ ਸ਼ਾਹਾਂ ਦਾ ਸ਼ਹਿਨਸ਼ਾਹ ਹੈ ਤੇ ਜਿਸ ਸੱਚੇ ਸਾਹਿਬ ਦਾ ਫ਼ਜ਼ਲ ਲੋੜੀਂਦਾ ਹੈ ।

ਦੂਜੇ ਪਾਸੇ

'ਜਰਬ-ਬਾ-ਅਮਾਨੁ ਦਹਿਰ
ਮੁਸੱਵਰਤ ਸ਼ਹਿਰ, ਜ਼ੀਨਤ ਤਖਤ, ਮੁਬਾਰਕ ਮੁਬਾਰਕ ਬਖ਼ਤ'

"ਇਸ ਸਿੱਕੇ ਦਾ ਮਕਸਦ ਸੰਸਾਰ ਵਿਚ ਸ਼ਾਂਤੀ ਦੀ ਰਖਵਾਲੀ ਹੈ । ਇਹ ਸੁਚੱਜਾ ਸ਼ਹਿਰ, ਜਿਹੜਾ ਸੁਭਾਗੇ ਤਖਤ ਦੀ ਸ਼ੋਭਾ ਹੈ, ਉਥੋਂ ਇਹ ਸਿੱਕਾ ਚਾਲੂ ਹੋਇਆ ।"

ਇਸ ਤੋਂ 51 ਸਾਲ ਪਿੱਛੋਂ 11 ਨਵੰਬਰ ਸੰਨ 1761 ਨੂੰ ਲਾਹੌਰ ਫ਼ਤਹਿ ਕਰਨ ਦੀ ਖ਼ੁਸ਼ੀ ਵਿਚ, ਖ਼ਾਲਸੇ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨੁਲ ਕੌਮ' ਦੇ ਖ਼ਿਤਾਬ ਨਾਲ ਨਿਵਾਜਿਆ,[8] ਤੇ ਲਾਹੌਰ ਦੀ ਟਕਸਾਲ ਤੋਂ ਉਸ ਦੇ ਨਾਂ ਦਾ ਸਿੱਕਾ ਚਲਾਇਆ ਸੀ, ਜਿਸ ਉਪਰ ਬਹਾਦੁਰ ਸਰਦਾਰ ਦਾ ਅਧੂਰਾ ਨਾਂ ਲਿਖਿਆ ਹੋਣ ਕਰਕੇ, ਕੇਵਲ ਇਕੋ ਦਿਨ ਜੋ ਸਿੱਕੇ ਢਾਲੇ ਗਏ, ਉਸ ਤੋਂ ਬਾਅਦ ਇਹ ਸਿੱਕਾ ਬਣਨੋਂ ਰੋਕ ਦਿੱਤਾ ਗਿਆ ।[9] ਸਿੱਕੇ ਦੇ ਸ਼ਬਦ ਇਹ ਸਨ :

'ਸਿੱਕਾ ਜ਼ਦ ਦਰ ਜਹਾਂ ਬਫ਼ਜ਼ਲੇ ਅਕਾਲ
ਮੁਲਕੇ ਅਹਿਮਦ ਗ੍ਰਿਫ਼ਤਾ ਜੱਸਾ ਕਲਾਲ ।'[10]

ਇਹ ਵੀ ਕਿਹਾ ਜਾਂਦਾ ਹੈ ਕਿ ਉਪਰੋਕਤ ਅੱਖਰਾਂ ਵਾਲੇ ਕੇਵਲ 21 ਸਿੱਕੇ ਕਾਜ਼ੀਆਂ ਅਤੇ ਮੁਲਾਣਿਆਂ ਨੇ ਆਪ ਢਲਵਾ ਕੇ ਅਹਿਮਦ-ਸ਼ਾਹ[11] ਦੁਰਾਨੀ ਨੂੰ ਇਸ ਕਾਰਨ ਘੱਲੇ ਕਿ ਸਰਦਾਰ ਜੱਸਾ ਸਿੰਘ ਲਈ ਕਰੋਪੀ ਦਾ ਕਾਰਨ ਬਣ ਸਕਣ । ਖ਼ੁਸ਼ਬਖਤ ਰਾਏ[12] ਅਨੁਸਾਰ 'ਇਹ ਸਿੱਕਾ ਕੁਝ ਕੁ ਦਿਨ ਹੀ ਚਲਿਆ, ਬਾਅਦ ਵਿਚ ਅਧੂਰੇ ਨਾਂ ਦੀ ਵਿਰੋਧਤਾ ਕਾਰਨ ਇਹ ਸਿੱਕਾ ਬੰਦ ਕਰ ਦਿੱਤਾ ਗਿਆ (ਸਿੱਕਾ ਚੰਦ ਰੋਜ਼ ਬਿਮਾਂਦ । ਬਾਅਦ ਬਸੱਬਬ ਹਕਾਰਤ, ਨਿਸਫ਼ ਇਸਮ ਕਿ ਦਰ ਆਂ ਸਿੱਕਾ ਬਮਾਂਦ, ਮੌਕੂਫ਼ ਕਰਦਾ ।)

ਅਹਿਮਦ ਸ਼ਾਹ ਦੇ ਸੱਤਵੇਂ ਹੱਲੇ ਤੋਂ ਬਾਅਦ ਸੰਨ 1764 ਵਿਚ ਖ਼ਾਲਸੇ ਦਾ ਸਿੱਕਾ ਆਰੰਭ ਹੋਇਆ । ਜਿਹੜਾ ਸੰਨ 1777 ਤਕ ਚਲਦਾ ਰਿਹਾ, ਪਰ ਵਿਚਾਲੇ 1776-77 ਦੇ ਦੋ ਸਾਲ ਇਹ ਸਿੱਕਾ ਅਹਿਮਦਸ਼ਾਹ ਦੇ ਨਵੇਂ ਹੱਲੇ ਕਾਰਨ ਬੰਦ ਰਿਹਾ ।[13] ਕੁਝ ਸਾਹਿੱਤਕਾਰਾਂ ਅਨੁਸਾਰ ਸੰਗਤ ਦੇ ਗੁਰਮਤੇ ਵਜੋਂ ਸੰਨ 1764 ਨੂੰ ਇਹ ਸਿੱਕਾ ਵਾਪਿਸ ਲੈ ਲਿਆ ਗਿਆ[14] ਅਤੇ ਸੰਨ 1764 ਤੋਂ ਜੋ ਸਿੱਕਾ ਆਰੰਭ ਹੋਇਆ, ਅਤੇ 'ਗੋਬਿੰਦ ਸ਼ਾਹੀ' ਸਿੱਕਾ ਕਰਕੇ ਜਾਣਿਆ ਗਿਆ[15], ਉਸ ਦੇ ਅੱਖਰ ਇਹ ਸਨ :

ਇਕ ਪਾਸੇ

'ਦੇਗ ਤੇਗ ਫਤਹ ਉ ਨੁਸਰਤ ਬੇਦਰੰਗ
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ'

ਦੂਜੇ ਪਾਸੇ

'ਜਰਬ ਦਾਰੁਲ ਸਲਤਨਤ ਲਾਹੌਰ[16]
ਸੰਮਤ 1822 ਮੈਮਨਤ ਮਾਨੂਸ।'

ਯਾਦ ਰਹੇ ਕਿ ਸਿੱਖ ਕਾਲ ਦੇ ਸਿੱਕਿਆਂ ਉਪਰ ਦਿੱਤਾ ਸੰਮਤ 'ਬਿਕਰਮੀ' ਜਾਣਿਆ ਜਾਵੇ, ਨਾ ਕਿ ਸੰਨ ਈਸਵੀ। ਸੋ ਸੰਮਤ 1822 ਨੂੰ ਸੰਨ 1765 ਬੈਠਦਾ ਹੈ। ਕਨਿਘੰਮ ਅਨੁਸਾਰ ਜਦੋਂ ਸੰਨ 1765 ਤੋਂ ਲਾਹੌਰ ਤੋਂ, ਕਾਬਲੀ ਮਲ ਗਵਰਨਰ ਨੂੰ ਕੱਢ ਚੁੱਕਣ ਤੋਂ ਬਾਦ, ਖ਼ਾਲਸੇ ਨੇ ਸਤਲੁਜ ਤੋਂ ਜਿਹਲਮ ਤਕ ਕਬਜ਼ਾ ਕਰ ਲਿਆ ਤਾਂ ਅੰਮ੍ਰਿਤਸਰ ਦੇ ਗੁਰਮਤੇ ਅਨੁਸਾਰ ਉਪਰੋਕਤ ਲਿਖਤ ਵਾਲਾ 'ਗੋਬਿੰਦ ਸ਼ਾਹੀ' ਸਿੱਕਾ ਲਾਹੌਰ ਦੀ ਟਕਸਾਲ ਤੋਂ ਸੰਨ 1777 ਤਕ ਚਲਦਾ ਰਿਹਾ। ਸੰਨ 1777 ਤੋਂ ਅੰਮ੍ਰਿਤਸਰੀ ਟਕਸਾਲ ਤੋਂ ਜੋ ਸਿੱਕਾ ਚਾਲੂ ਹੋਇਆ, ਉਸ ਨੂੰ 'ਨਾਨਕ ਸ਼ਾਹੀ' ਸਿੱਕਾ ਕਰਕੇ ਜਾਣਿਆ ਜਾਂਦਾ ਹੈ। ਉਸ ਦੇ ਅੱਖਰ ਹਨ :

ਇਕ ਪਾਸੇ

ਅਕਾਲ ਸਹਾਇ, ਗੁਰੂ ਨਾਨਕ ਜੀ (ਗੁਰਮੁਖੀ ਅੱਖਰਾਂ ਵਿਚ)



ਚਿੱਤਰ ਨੰ. 3

ਅਤੇ ਸਿੱਕਾ ਜਦ ਬਰ ਸੀਨ ਉਜ਼ਰ, ਤੇਗੇ ਨਾਨਕ ਵਾਹਬ ਅਸਤ।
ਫ਼ਤਹ ਗੋਬਿੰਦ ਸ਼ਾਹੇ ਸ਼ਾਹਾਂ ਫਜ਼ਲ ਸਚਾ ਸਾਹਿਬ ਅਸਤ।

ਨੋਟ–ਇਹ ਅੱਖਰ ਬਾਬਾ ਬੰਦਾ ਸਿੰਘ ਦੇ ਮੁਢਲੇ ਸਿੱਕੇ ਨਾਲ ਮਿਲਦੇ ਜੁਲਦੇ ਹਨ। ਪਰ 'ਸਿੱਕਾ ਜ਼ਦ ਬਰ ਹਰ ਦੋ ਆਲਮ' ਦੀ ਥਾਂ ਤੇ, ਇਥੇ ਇਹ ਅੱਖਰ ਹਨ :

'ਸਿੱਕਾ ਜ਼ਦ ਬਰ ਸੀਮ ਉ ਜ਼ਰ' (ਅਰਥਾਤ 'ਠੱਪਾ ਲਾਇਆ, ਚਾਂਦੀ ਅਤੇ ਸੋਨੇ ਦੇ ਸਿੱਕੇ ਤੇ) ਇਸ ਤੋਂ ਪਹਿਲਾਂ ਖ਼ਾਲਸੇ ਦਾ ਸਿੱਕਾ ਸੰਨ 1777 ਤਕ ਕੇਵਲ ਚਾਂਦੀ ਦਾ ਸੀ।'

ਸਿੱਕੇ ਦੇ ਦੂਜੇ ਪਾਸੇ

'ਜ਼ਰਬ ਸ੍ਰੀ ਅੰਮ੍ਰਿਤਸਰ।
ਜਲੂਸ ਅਕਾਲ ਤਖ਼ਤ ਸੰਮਤ 1837'[17] (ਵੇਖੋ ਚਿੱਤਰ 4)



ਚਿੱਤਰ ਨੰ. 4

ਇਸ ਸੰਮਤ ਅਨੁਸਾਰ, ਸ੍ਰੀ ਅਕਾਲ ਤਖਤ ਦੀ ਟਕਸਾਲ ਤੋਂ ਇਹ ਸਿੱਕਾ ਚਾਲੂ ਹੋਇਆ, ਪਰ ਸੀ. ਜੇ. ਬਰਾਊਨ ਅਨੁਸਾਰ ਕੁਝ ਸਿੱਕੇ ਆਨੰਦਗੜ੍ਹ ਵਿਚ ਵੀ ਢਾਲੇ ਗਏ।[18] ਕੀ ਜਾਣੀਏ, ਆਨੰਦਗੜ੍ਹ ਵਿਚ ਨਵੀਂ ਟਕਸਾਲ ਚਾਲੂ ਹੋਈ, ਜਾਂ ਗੁਰੂ ਕਾਲ ਤੋਂ ਚਲਦੀ ਆ ਰਹੀ ਕਿਸੇ ਟਕਸਾਲ ਵੱਲ ਸੰਕੇਤ ਹੈ, ਪਰ ਗੁਰੂ ਕਾਲ ਦਾ ਕੋਈ ਸਿੱਕਾ ਉਪਲਬਧ ਨਹੀਂ।

ਖ਼ਾਲਸੇ ਦਾ ਪਹਿਲਾ ਸਿੱਕਾ, ਬਾਬਾ ਬੰਦਾ ਸਿੰਘ ਰਾਹੀਂ ਸੰਨ 1710 ਨੂੰ ਲੋਹਗੜ੍ਹ ਤੋਂ ਚਾਲੂ ਹੋਇਆ। ਲਾਹੌਰ ਦੀ ਟਕਸਾਲ ਤੋਂ ਸੰਨ 1764 ਨੂੰ ਉਪਰੋਕਤ ਸੰਨ ਤੋਂ ਅਧੀ ਸਦੀ ਬਾਅਦ 'ਗੋਬਿੰਦ ਸ਼ਾਹੀ' ਸਿੱਕਾ ਚਾਲੂ ਹੋਇਆ। ਇਸ ਤੋਂ ਫਿਰ ਪੰਜਾਹ ਸਾਲ ਬਾਅਦ ਸੰਨ 1801 ਨੂੰ, ਸਿੱਖ ਧਰਮ ਦੀ ਮਰਯਾਦਾ ਅਨੁਸਾਰ, ਅਰਦਾਸਾ ਸੋਧ ਕੇ, ਮਹਾਰਾਜਾ ਰਣਜੀਤ ਸਿੰਘ ਤਖਤ ਉਪਰ ਬੈਠਾ। ਬਾਬਾ ਸਾਹਿਬ ਸਿੰਘ ਬੇਦੀ ਨੇ ਰਾਜ ਤਿਲਕ ਦਿੱਤਾ।[19] ਲਾਹੌਰ ਟਕਸਾਲ ਤੋਂ ਸ਼ੇਰੇ ਪੰਜਾਬ ਦੀ ਮਹਾਰਾਜਗੀ ਪ੍ਰਵਾਨ ਕਰਦਿਆਂ, ਸਤਿਗੁਰੂ ਜੀ ਦੀ ਉਪਮਾ ਦਾ ਉਚਾਰਨ ਦੁਹਰਾ ਕੇ, ਆਪਣੇ ਸਿੱਕੇ ਉਪਰ ਪੁਰਾਤਨ ਪਰੰਪਰਾ ਤੋਂ ਉਲਟ, ਆਪਣੇ ਇਸ਼ਟ ਦੀ ਅਰਾਧਨਾ ਨੂੰ ਸ੍ਵੀਕਾਰਦਿਆਂ, ਇਹ ਉਕਰਾਈ ਕੀਤੀ ਗਈ :

'ਦੇਗੋ ਤੇਗੋ ਫ਼ਤਹ ਉ ਨੁਸਰਤ ਬੇਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।'

ਉਪ੍ਰੋਕਤ ਅੱਖਰ ਸੋਨੇ ਦੀਆਂ ਮੋਹਰਾਂ, ਚਾਂਦੀ ਦੇ ਰੁਪਏ, ਤਾਂਬੇ ਦੇ ਪੈਸਿਆਂ ਉਪਰ ਲਿਖੇ ਗਏ। ਇਨ੍ਹਾਂ ਅੱਖਰਾਂ ਨੂੰ ਸ਼ੁੱਧ ਗੁਰਮੁਖੀ ਅਤੇ ਅਸ਼ੁੱਧ ਫ਼ਾਰਸੀ ਵਿਚ ਵਰਤਿਆ ਗਿਆ।[20]

ਫ਼ਾਰਸੀ ਅੱਖਰਾਂ ਵਾਲੇ ਰੁਪਏ ਲਾਹੌਰ ਦੀ ਟਕਸਾਲ ਤੋਂ ਸੰਨ 1801 ਵਿਚ ਅਤੇ ਅੰਮ੍ਰਿਤਸਰ ਦੀ ਟਕਸਾਲ ਤੋਂ ਸੰਨ 1805-07 ਨੂੰ ਸ਼ੁਰੂ ਹੋ ਕੇ, ਰਣਜੀਤ ਸਿੰਘ ਦੀ ਮਹਾਰਾਜਗੀ ਵਿਚ ਤੋੜ ਤਕ ਚਾਲੂ ਰਹੇ। ਸੰਨ 1818 ਤੋਂ ਮੁਲਤਾਨ ਦੀ ਟਕਸਾਲ ਤੋਂ ਅਤੇ ਸੰਨ 1819 ਨੂੰ ਕਸ਼ਮੀਰ ਤੋਂ ਚਾਲੂ ਹੋਏ। ਉਪਰੋਕਤ ਟਕਸਾਲਾਂ ਤੋਂ ਛੁਟ, ਪਿੰਡ ਦਾਦਨਖ਼ਾਨ, ਝੰਗ ਅਤੇ ਪਿਸ਼ਾਵਰ ਤੋਂ ਸਮੇਂ-ਸਮੇਂ ਸਿੱਕੇ ਚਾਲੂ ਹੁੰਦੇ ਰਹੇ। ਇਨ੍ਹਾਂ ਸਿੱਕਿਆਂ ਦਾ ਪਛਾਣ ਚਿੰਨ੍ਹ, ਅੱਖਰਾਂ ਦੇ ਵਿਚਾਲੇ ਉਕਰਿਆ ਇਕ 'ਬ੍ਰਿਛ ਦਾ ਪਤਾ' ਹੈ।[20a] ਇਹ ਸਿੱਕੇ ਸ਼ੇਰੇ ਪੰਜਾਬ ਦੇ ਮੁੱਢਲੇ ਸਮੇਂ ਤੋਂ ਆਰੰਭ ਹੋਏ ਅਤੇ ਇਨ੍ਹਾਂ ਨੂੰ 'ਨਾਨਕਸ਼ਾਹੀ' ਸਿੱਕੇ ਦਾ ਨਾਂ ਦਿੱਤਾ ਗਿਆ। ਚਾਰ ਸਾਲ ਬਾਅਦ ਇਸ ਦੀ ਥਾਂ 'ਮੋਰਪੰਖ' ਦਾ ਚਿੰਨ੍ਹ ਵਰਤਿਆ ਜਾਣ ਲੱਗ ਪਿਆ। ਸੰਨ 1806-07 ਨੂੰ ਮਹਾਰਾਜੇ ਨੇ 'ਮੋਰਾਂ ਸ਼ਾਹੀ' ਜਾਂ ਆਰਸੀ ਦੇ ਚਿੰਨ੍ਹ ਵਾਲੇ ਯਾਦਗਾਰੀ ਸਿੱਕੇ, ਆਪਣੀ ਨਾਚੀ ਜਾਂ ਰਾਣੀ 'ਮੋਰਾਂ' ਦੇ ਨਾਂ ਤੇ ਚਾਲੂ ਕੀਤੇ। (ਵੇਖੋ ਚਿੱਤਰ 5)



ਚਿੱਤਰ ਨੰ. 5

ਲਾਹੌਰ ਟਕਸਾਲ ਦੇ ਸਿੱਕਿਆਂ ਦਾ ਆਰੰਭ ਸੰਨ 1801 ਤੋਂ ਇਨ੍ਹਾਂ ਅੱਖਰਾਂ ਨਾਲ ਕੀਤਾ :

ਇਕ ਪਾਸੇ

'ਦੇਗ ਤੇਗ ਫਤਹ.....'

ਦੂਜੇ ਪਾਸੇ

'ਜ਼ਰਬ ਦਾਰੁਲ ਸਲਤਨਤ ਲਾਹੌਰ, ਸੰਮਤ.....ਮੈਮਨਤ ਮਾਨੂਸ'

ਅੰਮ੍ਰਿਤਸਰ ਦੀ ਟਕਸਾਲ ਤੋਂ 1805-07 ਨੂੰ ਇਹ ਲਿਖਤ ਉਕਰੀ ਗਈ :

'ਤੇਗੇ ਨਾਨਕ ਅਜ਼ ਫ਼ਤਹ ਉ ਫ਼ਜ਼ਲ ਗੋਬਿੰਦ ਸਿੰਘ, ਸਚਾ
ਸ਼ਾਹਾਂ, ਸਿੱਕਾ ਜ਼ਦ ਬਰ ਹਰ ਦੋ ਆਲਮ।'

ਮੋਰਾਂ ਸ਼ਾਹੀ ਸਿੱਕਾ ਸੰਨ 1806-07 ਨੂੰ ਅੰਮ੍ਰਿਤਸਰੀ ਟਕਸਾਲ ਤੋਂ ਉਪਰੋਕਤ ਅੱਖਰਾਂ ਨਾਲ ਚਾਲੂ ਹੋਇਆ। ਪਰ ਉਦੋਂ ਇਸ ਰੁਪਏ ਦੀ ਅਰਦਾਸ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰਵਾਨ ਨਾ ਕੀਤੀ ਗਈ।[21] ਕਿਉਂਕਿ ਮੁੱਢਲੇ ਤੇ ਪ੍ਰਚਲਿਤ 'ਨਾਨਕਸ਼ਾਹੀ' ਸਿੱਕੇ ਦਾ ਨਾਂ ਹੁਣ 'ਮੋਰਾਂ ਸ਼ਾਹੀ' ਸਿੱਕੇ ਨੇ ਲੈ ਲਿਆ ਸੀ। ਮੋਰਾਂ ਨਾਲ ਅਯੋਗ ਸੰਬੰਧਾਂ ਕਾਰਨ, ਸ਼ੇਰੇ ਪੰਜਾਬ ਨੂੰ, ਆਪਣੇ ਅਣਖੀ ਅਤੇ ਦਲੇਰ ਜਰਨੈਲ ਅਕਾਲੀ ਫੂਲਾ ਸਿੰਘ ਜੀ ਤੋਂ ਕੋਰੜੇ ਮਾਰਨ ਦੀ ਸਜ਼ਾ ਸੁਣਾਈ ਗਈ।

ਸ਼ੇਰੇ ਪੰਜਾਬ ਦੀ ਗੁਰੂ ਭਾਵਨਾ ਵਜੋਂ ਇਹ ਸ਼ਾਹੀ ਦਸਤੂਰ ਸੀ, ਕਿ ਜਿਸ ਟਕਸਾਲ ਤੋਂ ਪਹਿਲੇ ਦਿਨ ਜਿਤਨੇ ਸਿੱਕੇ ਬਣਦੇ ਸਨ, ਉਹ ਸਾਰੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸਾ ਸੁਧਾ ਕੇ, ਧਰਮ ਕਾਰਜਾਂ ਵਾਸਤੇ ਜਾਂ ਲੋੜਵੰਦਾਂ ਵਿਚ ਵੰਡ ਦਿੱਤੇ ਜਾਂਦੇ ਸਨ।[22] ਇਸੇ ਪ੍ਰਸੰਗ ਅਨੁਸਾਰ ਮੋਰਾਂ ਸ਼ਾਹੀ ਸਿੱਕੇ ਦਾ ਅਰਦਾਸਾ, ਅਕਾਲ ਤਖਤ ਸਾਹਿਬ ਤੋਂ ਅਪ੍ਰਵਾਨ ਕੀਤਾ ਗਿਆ।

ਫਿਰ ਸੰਨ 1828 ਨੂੰ ਲਾਹੌਰ ਟਕਸਾਲ ਤੋਂ ਜੋ ਸੋਨੇ ਦੀ ਮੋਹਰ ਚਾਲੂ ਹੋਈ, ਉਸ ਨੂੰ 'ਬੁਤਕੀ' ਵੀ ਕਿਹਾ ਜਾਂਦਾ ਸੀ। ਇਸ ਉਪਰ ਤਿੰਨ ਵਾਰ 'ਵਾਹਿਗੁਰੂ' ਗੁਰਮੁਖੀ ਅੱਖਰਾਂ ਵਿਚ ਅੰਕਤ ਸੀ।[23] ਇਕ ਹੋਰ ਮੋਹਰ,[24] ਜਿਸ ਉਪਰ ਇਕ ਪਾਸੇ ਗੁਰੂ ਨਾਨਕ ਦੇਵ ਜੀ ਅਤੇ ਭਾਈ ਬਾਲਾ ਮਰਦਾਨਾ, ਦਰਸਾਏ ਗਏ ਅਤੇ ਦੂਜੇ ਪਾਸੇ ਗੁਰਮੁਖੀ ਵਿਚ ਪੂਰਾ ਮੂਲ ਮੰਤਰ ਅੰਕਿਤ ਹੈ (ਵੇਖੋ ਚਿੱਤਰ 6)। ਇਹ ਮੋਹਰਾਂ ਧਨਾਢ ਘਰਾਣਿਆਂ ਵਿਚ ਕੇਵਲ ਸੋਨੇ ਦੇ ਭੰਡਾਰ ਵਜੋਂ ਅਸ਼ੀਰਵਾਦ ਜਾਣ ਕੇ ਤਜੋਰੀਆਂ ਵਿਚ ਰਖੀਆਂ ਜਾਂਦੀਆਂ ਸਨ। ਬੁਤਕੀਆਂ ਦੀਆਂ ਮਾਲਾ ਅਤੇ ਹਮੇਲਾਂ ਬਣਵਾ ਕੇ ਗਲੇ ਵਿਚ ਪਾਉਣ ਦਾ ਰਿਵਾਜ ਖ਼ਾਲਸਾ ਰਾਜ ਤੋਂ ਚੋਖਾ ਚਿਰ ਬਾਅਦ ਤਕ ਵੀ ਅਮੀਰ ਤੀਵੀਆਂ ਨੇ ਚਾਲੂ ਰਖਿਆ।



ਚਿੱਤਰ ਨੰ. 6

ਸਿੱਖ ਰਾਜ ਦਾ ਜ਼ਿਕਰ, ਸ. ਹਰੀ ਸਿੰਘ ਨਲੂਆ ਵਰਗੇ ਜਾਂਬਾਜ਼ ਜੋਧੇ ਬਿਨਾ ਕਿਵੇਂ ਸਮਾਪਤ ਹੋ ਸਕਦਾ ਹੈ। ਕਸ਼ਮੀਰ ਵਿਚ ਸਿੱਖ ਰਾਜ ਦੀ ਸਥਾਪਨਾ ਉਪਰੰਤ ਉਥੋਂ ਦਾ ਰਾਜ ਪ੍ਰਬੰਧ ਸੁਧਾਰਨ ਵਿਚ ਨਲੂਆ ਸਰਦਾਰ ਦੀ ਵਡਮੁੱਲੀ ਦੇਣ ਹੈ। ਇਸ ਪ੍ਰਬੰਧ-ਯੋਗਤਾ ਕਾਰਨ ਸ਼ੇਰੇ ਪੰਜਾਬ ਨੇ ਨਲੂਆ ਸਰਦਾਰ ਦੇ ਨਾਂ ਦਾ ਸਿੱਕਾ ਚਾਲੂ ਕਰਨ ਦੀ ਆਗਿਆ ਬਖ਼ਸ਼ੀ, ਜੋ ਕਸ਼ਮੀਰ ਤੋਂ ਸੰਨ 1821 ਵਿਚ ਬਣਨਾ ਆਰੰਭ ਹੋਇਆ (ਵੇਖੋ ਚਿੱਤਰ 6A)। ਉਸ ਦੇ ਅੱਖਰ ਇਉਂ ਸਨ :



ਚਿੱਤਰ ਨੰ. 6A

ਇਕ ਪਾਸੇ

ਹਰੀ ਸਿੰਘ ਯਕ ਰੁਪਿਆ ।

ਦੂਜੇ ਪਾਸੇ

ਸ੍ਰੀ ਅਕਾਲ ਸਹਾਇ ਸੰਮਤ 1878

ਸ. ਹਰੀ ਸਿੰਘ ਦੇ ਨਾਂ ਦਾ ਰੁਪਿਆ, ਪਿਸ਼ਾਵਰ ਦੀ ਟਕਸਾਲ ਤੋਂ ਸੰਨ 1833 ਨੂੰ ਚਾਲੂ ਹੋਇਆ । ਜਿਸ ਦੇ ਅੱਖਰ ਇਹ ਸਨ :

ਇਕ ਪਾਸੇ

ਦੇਗ ਤੇਗ ਫ਼ਤਹ..... ।

ਦੂਜੇ ਪਾਸੇ

ਜ਼ਰਬ ਪਿਸ਼ਾਵਰ ਜਲੂਸ 1890 ਬਿਕਰਮੀ ।

ਪੰਜਾਬ ਦੇ ਉਸ ਸ਼ੇਰੇ ਮਹਾਰਾਜੇ ਦੇ ਗੌਰਵ ਅੱਗੇ ਸੀਸ ਝੁਕ ਜਾਂਦਾ ਹੈ, ਜਿਸ ਦੇ ਬਾਹੂ ਬਲ ਨੂੰ ਨੈਪੋਲੀਅਨ[25] ਵਰਗੇ ਜਾਬਰ ਜਰਨੈਲ ਵੀ ਨਮਸਕਾਰਦੇ ਸਨ ਅਤੇ ਜਿਸ ਸ਼ੇਰ ਦਾ ਖ਼ਾਲਸਈ ਝੰਡਾ, ਸਾਰੀ ਹਯਾਤੀ ਨੀਵਾਂ ਨਹੀਂ ਹੋਇਆ । ਪਰ ਜਿਸ ਦੀ ਆਜਜ਼ੀ ਦਾ ਆਲਮ ਇਹ ਸੀ, ਕਿ ਆਪਣੇ ਰਾਜ ਦੇ ਸਿੱਕਿਆਂ ਉਪਰ ਵੀ ਆਪਣੇ ਇਸ਼ਟ ਦਾ ਨਾਂ ਵਰਤ ਕੇ ਆਪਣਾ ਸਤਿਕਾਰ ਭੇਟ ਕੀਤਾ ।

ਅੰਗਰੇਜ਼ਾਂ ਨੇ ਪੰਜਾਬ ਹੱਥਿਆ ਲਿਆ ਤੇ ਸਿੱਖ ਗੌਰਵ ਦਾ ਅੰਤ ਹੋ ਗਿਆ । ਭਾਵੇਂ ਸਿੱਖ ਰਿਆਸਤਾਂ ਦੇ ਸਿੱਕੇ, ਇਸ ਦੇ ਬਾਅਦ ਵੀ ਚਲਦੇ ਰਹੇ, ਪਰ ਸਿੱਖ ਰਾਜ ਦੇ ਸਿੱਕਿਆਂ ਨੂੰ 'ਚਾਲੀ ਸੰਨਾਂ' ਆਖ ਕੇ ਖੋਟੇ-ਸਿੱਕਿਆਂ ਦੀ ਗਿਣਤੀ ਵਿਚ ਪਾ ਦਿੱਤਾ ਗਿਆ,

ਸਿੱਕਿਆਂ ਤੇ ਨਾਂ ਉਲੀਕੇ ਰਹਿ ਗਏ ।
ਹੁਕਮਰਾਨਾਂ ਦਾ ਨਿਸ਼ਾਂ ਬਾਕੀ ਨਹੀਂ । (ਮਾਰਕੋ)

ਸੀਲਾਂ (ਮੁਹਰਾਂ ਜਾਂ ਠੱਪੇ)

ਸੀਲ ਨੂੰ ਪੰਜਾਬੀ ਦੇ ਠੇਠ ਅਰਥਾਂ ਵਿਚ ਮੁਹਰ ਜਾਂ ਠੱਪਾ ਹੀ ਆਖਿਆ ਜਾ ਸਕਦਾ ਹੈ । ਸਿੱਖ ਰਾਜ ਵਿਚ ਆਮ ਕਰਕੇ ਦੋ ਪ੍ਰਕਾਰ ਦੀਆਂ ਮੁਹਰਾਂ ਵਰਤੀਆਂ ਜਾਂਦੀਆਂ ਰਹੀਆਂ । ਵੱਡੀ ਮੁਹਰ, ਜੋ ਸ਼ਾਹੀ ਇਕਰਾਰ-ਨਾਮੇ ਜਾਂ ਅਹਿਦ-ਨਾਮੇ ਉੱਤੇ ਵਰਤੀ ਜਾਂਦੀ ਸੀ ਅਤੇ ਛੋਟੀ ਮੁਹਰ (ਛਾਪ ਜਾਂ ਠੱਪਾ) ਚਿੱਠੀਆਂ ਅਤੇ ਫਰਮਾਨਾਂ ਉਪਰ ਦਸਖ਼ਤਾਂ ਦੀ ਥਾਂ ਉੱਤੇ ਵਰਤੀ ਜਾਂਦੀ ਸੀ । ਇਹ ਛੋਟੀ ਮੁਹਰ ਆਮ ਕਰਕੇ ਮੁੰਦਰੀ ਉੱਤੇ ਉਕਰੀ ਹੁੰਦੀ ਸੀ ਅਤੇ ਅਨਪੜ੍ਹ ਅਧਿਕਾਰੀ ਵੀ ਆਪਣੇ ਦਸਖ਼ਤਾਂ ਦੀ ਥਾਂ ਇਹੋ ਜੇਹੀਆਂ ਮੋਹਰਾਂ ਵਰਤਦੇ ਸਨ । ਠੱਪਾ ਜਾਂ ਮੋਹਰ-ਛਾਪ ਨੂੰ ਮੁੰਦਰੀ ਤੇ ਉਕਰੀ ਹੋਣ ਕਰਕੇ, ਅਜੇ ਤਕ ਵੀ ਬਹੁਤੇ ਪੰਜਾਬੀ ਲੋਕ 'ਮੁੰਦਰੀ' ਨੂੰ 'ਛਾਪ' ਹੀ ਕਹਿੰਦੇ ਹਨ ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜੋ ਵੱਡੀ ਮੁਹਰ ਸੰਧੀ-ਨਾਮਿਆਂ ਉੱਤੇ ਵਰਤੀ ਜਾਂਦੀ ਸੀ, ਉਸ ਦੀ ਟਰੇਸਿੰਗ ਬਾਬਾ ਪ੍ਰੇਮ ਸਿੰਘ ਜੀ ਹੋਤੀ ਨੇ ਆਪਣੀ ਪੁਸਤਕ 'ਮਹਾਰਾਜਾ ਰਣਜੀਤ ਸਿੰਘ' ਦੇ ਪੰਨਾ 42 ਉੱਤੇ ਦਿੱਤੀ ਹੈ ਅਤੇ ਬਾਬਾ ਪ੍ਰੇਮ ਸਿੰਘ ਜੀ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਮਹਾਰਾਜਾ ਸਾਹਿਬ ਇਸ ਮੁਹਰ ਨੂੰ

'ਸੰਧੀ-ਨਾਮਿਆਂ' ਉੱਤੇ ਵਰਤਦੇ ਸਨ। ਹੁਣੇ ਜੇਹੇ ਹੁਕਮਨਾਮਿਆਂ ਦੀ ਮੇਰੀ ਲਭਤ ਵਿਚ ਉਪਰੋਕਤ ਮੁਹਰ ਵੀ ਪ੍ਰਾਪਤ ਹੋਈ ਹੈ ਜਿਸ ਦਾ ਬਲਾਕ ਅੱਗੇ ਦਿੱਤਾ ਜਾ ਰਿਹਾ ਹੈ।

ਸਿੱਖ ਪੰਥ ਵਿਚ ਠੱਪਿਆਂ ਦਾ ਰਿਵਾਜ ਪੁਰਾਤਨ ਪ੍ਰਤੀਤ ਹੁੰਦਾ ਹੈ। ਉਪਲਬਧ ਠੱਪਿਆਂ ਵਿਚ ਸਭ ਤੋਂ ਪੁਰਾਣਾ ਠੱਪਾ ਸਰਦਾਰ ਮਸਤਾਨ ਸਿੰਘ ਬੜੇਤ ਵਾਲਿਆਂ ਪਾਸ ਦੇਖਿਆ ਹੈ ਜੋ ਇਕ ਪੁਰਾਣੇ ਭੂਰੇ ਰੰਗ ਦੇ ਕਾਗਜ਼ ਉੱਤੇ ਲੱਗਾ ਹੋਇਆ ਹੈ ਅਤੇ ਜਿਸ ਨੂੰ ਸਿਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਛਾਪ ਦੱਸਿਆ ਜਾਂਦਾ ਹੈ, ਜਿਸ ਉੱਤੇ ਇਹ ਅੱਖਰ ਅੰਕਿਤ ਹਨ 'ਗੁਰੂ ਨਾਨਕ ਚਰਣ ਸਰਨ ਸਾਹਿਬ ਹਰਿ ਗੋਬਿੰਦ ਜੀ' ਜਿਸ ਦਾ ਫੋਟੋ-ਬਲਾਕ ਅੱਗੇ ਦਿੱਤਾ ਜਾ ਰਿਹਾ ਹੈ (ਵੇਖੋ ਚਿੱਤਰ 7)।



ਚਿੱਤਰ ਨੰ. 7

ਇਸ ਤੋਂ ਬਾਅਦ ਚੌਰਸ ਆਕਾਰ ਦਾ ਇਕ ਠੱਪਾ ਬਾਬਾ ਗੁਰਦਿਤਾ ਜੀ ਦੀ ਸੰਪ੍ਰਦਾਇ ਨਾਲ ਸੰਬੰਧਿਤ ਮਿਲਦਾ ਹੈ ਜਿਸ ਦੇ ਅੱਖਰ ਹਨ 'ਗੁਰੂ ਗੁਰਦਿਤਾ ਜੀਵਣ ਮਲ ਜੀ'। ਇਕ ਪੁਰਾਤਨ ਬੀੜ, ਜਿਸ ਦੇ ਆਰੰਭਿਕ ਪੰਨੇ ਉੱਤੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਪਾਲਕ ਪੁਤਰ ਅਜੀਤ ਸਿੰਘ ਨਾਲ ਸੰਬੰਧਿਤ ਇਕ ਠੱਪਾ ਗੋਲ ਆਕਾਰ ਦਾ ਹੈ, ਜਿਸ ਉੱਤੇ 'ਸਤਿ ਨਾਨਕ ਗੋਬਿੰਦ ਅਜੀਤ ਹਠੀ ਸਿੰਘ ਗੁਰੂ ਜਪੁ-ਜੀਤ' ਅੰਕਿਤ ਹੈ।

ਇਕ ਹੋਰ ਠੱਪਾ ਸਿਰੀ ਦਮਦਮਾ ਸਾਹਿਬ ਸਾਬੋ-ਕੀ-ਤਲਵੰਡੀ, ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਦੱਸਿਆ ਜਾਂਦਾ ਹੈ। ਇਹ ਚੌਰਸ ਆਕਾਰ ਦਾ ਹੈ ਅਤੇ ਇਸ ਉੱਤੇ ਨਵੀਨ ਲਗਾਂ-ਮਾਤਰਾਂ ਸਹਿਤ ਉਕਰਾਈ ਹੈ।

ਮੁਹਰਾਂ ਦੀ ਪਿਰਤ ਉੱਜ ਤਾਂ ਸਾਰੇ ਗੁਰੂ ਤਖਤਾਂ ਉਪਰ ਚਲਦੀ ਰਹੀ ਹੈ। ਹੁਕਮਨਾਮਿਆਂ ਦੇ ਆਰੰਭ ਸਮੇਂ ਲਿਖਿਤ ਤੋਂ ਉਪਰ 1½ ਇੰਚ ਦੀ ਚੌਰਸ ਮੁਹਰ, ਜਿਸ ਵਿਚ '੧ਓ ਸਤਿ ਗੁਰੂ ਪਰਸਾਦਿ' ਤੇ ਬਾਅਦ ਵਿਚ 'ਦੇਗ ਤੇਗ ਫਤਹਿ ਵਾਲਾ ਪੂਰਾ ਦੋਹਿਰਾ' ਦੇ ਕੇ ਹੁਕਮਨਾਮਾ ਆਰੰਭ ਹੁੰਦਾ ਸੀ। ਇਥੇ ਤਖਤ ਸ੍ਰਿਰੀ ਪਟਨਾ ਸਾਹਿਬ ਦੀ ਵੱਡੀ ਮੁਹਰ ਦੀ ਇਕ ਵੰਨਗੀ ਦਿੱਤੀ ਹੈ (ਵੇਖੋ ਚਿੱਤਰ 8)।



ਚਿੱਤਰ ਨੰ. 8

ਕਿਸੇ ਵੀ ਗੁਰੂ ਸਾਹਿਬਾਨ ਦੀ ਹੋਰ ਕੋਈ ਮੁਹਰ ਉਪਲਬਧ ਨਹੀਂ। ਬਹੁਤੇ ਹੁਕਮਨਾਮੇ ਸਤਿਗੁਰੂ ਜੀ ਦੇ ਆਪਣੇ ਹੱਥ-ਲਿਖਤੀ ਚਲਦੇ ਰਹੇ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਬਹੁਤ ਕਰਕੇ ਲਿਖਾਰੀ ਦੀ ਹੀ ਲਿਖਿਤ ਵਿਚ ਹੁੰਦੇ ਸਨ ਤੇ ਸਤਿਗੁਰੂ ਜੀ ਇਸ ਦੀ ਪੁਸ਼ਟੀ ਵਜੋਂ ਆਪਣੇ ਦਸਖ਼ਤ (Initials) ਅਤੇ ਹੁਕਮਨਾਮੇ ਦਾ ਤੱਤ-ਸਾਰ, ਲਿਖਿਤ ਦੇ ਉਪਰਲੇ ਪਾਸੇ ਆਪਣੇ ਦਸਤੇ ਮੁਬਾਰਿਕ ਨਾਲ ਲਿਖ ਦਿੰਦੇ ਸਨ। ਗੁਰੂ ਤੇਗ ਬਹਾਦਰ ਜੀ ਦੇ ਸਾਰੇ ਹੁਕਮਨਾਮੇ ਉਨ੍ਹਾਂ ਦੇ ਆਪਣੇ ਹੱਥ-ਲਿਖਤੀ ਮਿਲਦੇ ਹਨ ਪਰ ਗੁਰਦੁਆਰਾ ਦੂਖਨਿਵਾਰਨ ਸਾਹਿਬ, ਪਟਿਆਲਾ ਵਿਚ ਉਨ੍ਹਾਂ ਦਾ ਹੁਕਮਨਾਮਾ ਲਿਖਾਰੀ ਦੀ ਲਿਖਿਤ ਹੈ ਤੇ ਉਪਰ ਮੁਹਰ ਦੇ ਗੋਲ ਆਕਾਰ ਵਿਚ ਮੂਲ-ਮੰਤਰ ਅੰਕਿਤ ਹੈ।

ਇਸ ਤੋਂ ਬਾਬਾ ਬੰਦਾ ਸਿੰਘ ਜੀ ਦੇ ਦੋ ਹੁਕਮਨਾਮੇ ਸੰਗਤਾਂ ਵੱਲ ਲਿਖੇ ਮਿਲਦੇ ਹਨ, ਜਿਨ੍ਹਾਂ ਵਿਚੋਂ ਇਕ ਉੱਤੇ ਗੁਰਮੁਖੀ ਵਿਚ ਅਤੇ ਇਕ ਉੱਤੇ ਫ਼ਾਰਸੀ ਵਿਚ ਮੁਹਰਾਂ ਦੇ ਨਿਸ਼ਾਨ ਹਨ। ਅੰਕਿਤ-ਅਖਰ ਇਹ ਹਨ 'ਦੇਗ ਤੇਗ ਫ਼ਤਹ ਵ ਨੁਸਰਤ ਬੇਦਰੰਗ ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ' (ਵੇਖੋ ਚਿੱਤਰ 9)।



ਚਿੱਤਰ ਨੰ. 9

ਇਸ ਦੇ ਬਾਅਦ ਮਹਾਰਾਜਾ ਰਣਜੀਤ ਸਿੰਘ ਜੀ ਨੇ ਮੁਹਰ ਦੀ ਪਰੰਪਰਾ, ਬਾਬਾ ਬੰਦਾ ਸਿੰਘ ਜੀ ਦੀ ਵਿਉਂਤ ਅਨੁਸਾਰ ਹੀ ਅਪਣਾਈ। ਇਸ ਲੇਖ ਨਾਲ ਸੰਬੰਧਿਤ ਸੰਧੀ-ਨਾਮਿਆਂ ਵਾਲੀ ਮੁਹਰ ਦਾ ਜ਼ਿਕਰ ਪਿੱਛੇ ਆ ਚੁੱਕਾ ਹੈ। ਉਸ ਦੇ ਨਮੂਨੇ ਵਜੋਂ ਬਲਾਕ ਛਾਪ ਅੱਗੇ ਦਿੱਤੀ ਜਾ ਰਹੀ ਹੈ (ਵੇਖੋ ਚਿੱਤਰ 10)।

ਇਸ ਲਿਖਿਤ ਤੋਂ ਸਿੱਖਾਂ ਦਾ ਗੌਰਵ ਤੇ ਮਾਣ ਪ੍ਰਤੱਖ ਜਾਪਦਾ ਹੈ ਅਤੇ 'ਰਾਜ ਕਰੇਗਾ ਖ਼ਾਲਸਾ' ਦੇ ਉਦੇਸ਼ ਨੂੰ ਰੂਪਮਾਨ ਕਰਦਾ ਹੈ। ਜਦੋਂ ਪਠਾਣ ਜਾਬਰਾਂ ਦੀਆਂ ਹਕੂਮਤਾਂ ਅਤੇ ਉਨ੍ਹਾਂ ਦੀ ਸਹਾਇਤਾ ਵਜੋਂ ਮੁਲਖਈਆ, ਧਾੜਵੀਆਂ ਦੇ ਰੂਪ ਵਿਚ ਉਠਦੇ ਸਨ ਅਤੇ ਸਿਰ ਚੁੱਕਣ ਤੋਂ ਪਹਿਲਾਂ ਹੀ ਖ਼ਾਲਸਈ ਝੰਡੇ ਅੱਗੇ

ਨਿਵਣ ਤੇ ਮਜਬੂਰ ਹੋ ਜਾਂਦੇ ਸਨ, ਅਤੇ ਖ਼ਾਲਸਾ ਦਰਬਾਰ ਦੀ ਮੁਹਰ ਹੇਠਾਂ ਆਪਣੇ ਸੰਧੀ-ਨਾਮਿਆਂ ਉੱਤੇ ਆਪਣੀ ਹੀਣਤਾ ਨੂੰ ਉਕਰਨ ਲਈ ਤਿਆਰ ਹੋ ਜਾਂਦੇ ਸਨ। ਸ਼ਾਹ ਸੁਜਾਹ ਦੀ ਇਕ ਮੁਹਰ ਇਸ ਸਬੂਤ ਵਜੋਂ ਪੇਸ਼ ਹੈ :



ਚਿੱਤਰ ਨੰ. 10

'ਉਮੀਦ ਵਾਰਮ ਅਜ਼ ਰਹਿਮਤੇ ਹੱਕ ਸੰਮਤ 1855'। ਇਸ ਤੋਂ ਖ਼ਾਲਸੇ ਦੀ ਚੜ੍ਹਤ ਪ੍ਰਤੱਖ ਉਜਾਗਰ ਹੁੰਦੀ ਹੈ (ਵੇਖੋ ਚਿੱਤਰ 11)।



ਚਿੱਤਰ ਨੰ. 11

ਮਹਾਰਾਜਾ ਰਣਜੀਤ ਸਿੰਘ ਦੀਆਂ ਛੋਟੀਆਂ ਮੁਹਰਾਂ ਦੇ ਨਮੂਨੇ (ਜੋ ਲਾਹੌਰ ਮਿਊਜ਼ੀਅਮ ਵਿਚ ਸਨ) ਦੇ ਆਧਾਰ ਉੱਤੇ ਇਹ ਮੁਹਰਾਂ ਤਕਰੀਬਨ ਇਕ ਇੰਚ ਜ਼ਾਂ ਅਧੇ ਇੰਚ ਦੇ, ਅੰਡਾਕਾਰ ਜਾਂ ਗੋਲ ਆਕਾਰ ਵਿਚ, ਗੁਰਮੁਖੀ ਅਤੇ ਫ਼ਾਰਸੀ ਵਿਚ ਮਿਲਦੀਆਂ ਹਨ, ਜਿਨ੍ਹਾਂ ਉੱਤੇ 'ਅਕਾਲ ਸਹਾਇ, ਰਣਜੀਤ ਸਿੰਘ' ਅਤੇ ਸੰਮਤ ਅੰਕਿਤ ਹੈ। ਬਿਨਾ ਸੰਮਤ ਦੇ ਵੀ ਮੁਹਰ ਮਿਲਦੀ ਹੈ (ਵੇਖੋ ਚਿੱਤਰ 12)। ਮਹਾਰਾਜਾ ਸਾਹਿਬ ਦੇ ਇਤਬਾਰੀ ਵਜ਼ੀਰ ਮਿਸਰ ਬੇਲੀ ਰਾਮ ਦੀਆਂ ਦੋ ਮੁਹਰਾਂ ਦੇ ਅੱਖਰ ਇਸ ਪ੍ਰਕਾਰ ਹਨ :



ਚਿੱਤਰ ਨੰ. 12

''ਖ਼ਤੂਤ ਵ ਮੁਕਦਮਾਤ ਮਹਾਮ-ਮੁਹਰ ਏ ਅਮਨ, ਮਿਸਰ ਬੇਲੀ ਰਾਮ ਸੰਮਤ 1862'' ਅਤੇ ਦੂਜੀ 'ਅਕਾਲ ਸਹਾਇ, ਤੋਸ਼ਾ ਖ਼ਾਨਾ ਖ਼ਾਸ, ਤਹਿਵੀਲ ਮਿਸਰ ਬੇਲੀ ਰਾਮ'।

ਇਸ ਸੰਬੰਧ ਵਿਚ, ਇਕ ਹੋਰ ਮੋਹਰ ਇਸ ਤਰ੍ਹਾਂ ਹੈ :

'ਸਤਿਗੁਰ ਸਹਾਇ, ਦੀਵਾਨ ਚੰਦ ਕਾਨੂੰਗੋ, ਮੁਹਰੇ ਰਕਾਬ 1863'

ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਕਾਲ ਤੋਂ ਬਾਅਦ ਮਹਾਰਾਜਾ ਖੜਕ ਸਿੰਘ, ਕੰਵਰ ਨੌ ਨਿਹਾਲ ਸਿੰਘ, ਮਹਾਰਾਜਾ ਸ਼ੇਰ ਸਿੰਘ, ਮਹਾਰਾਣੀ ਚੰਦ ਕੌਰ ਨੇ ਵੀ ਥੋੜ੍ਹਾ-ਥੋੜ੍ਹਾ ਚਿਰ ਆਪਣੀਆਂ ਮੁਹਰਾਂ ਦੀ ਵਰਤੋਂ ਕੀਤੀ, ਜਿਨ੍ਹਾਂ ਦਾ ਨਮੂਨਾ ਮਹਾਰਾਜਾ ਰਣਜੀਤ ਸਿੰਘ ਦੀ ਛੋਟੀ ਮੁਹਰ ਦੇ ਨਾਲ ਮੇਲ ਖਾਂਦਾ ਹੈ।

ਇਸ ਲੇਖ ਨਾਲ ਸੰਬੰਧਿਤ ਇਕ ਹੋਰ ਪ੍ਰਸੰਗ, ਅਭਾਗੇ ਮਾਂ ਪੁੱਤਰ ਮਹਾਰਾਣੀ ਜਿੰਦਾ ਅਤੇ ਦਲੀਪ ਸਿੰਘ ਦਾ ਹੈ (ਵੇਖੋ ਚਿੱਤਰ 13), ਜਿਨ੍ਹਾਂ ਦੀਆਂ ਮੁਹਰਾਂ ਆਪਣੇ ਮਾਲਕਾਂ ਦੀ ਬਦਕਿਸਮਤੀ ਦੀ ਛਾਪ ਬਣ ਕੇ ਉਭਰ ਰਹੀਆਂ ਹਨ ਅਤੇ ਜਿਨ੍ਹਾਂ ਦੇ ਦੁਰਭਾਗ ਤੇ 'ਤੀਰ' ਜੀ ਦਾ ਇਕ ਬੰਦ ਬੜਾ ਢੁੱਕਵਾਂ ਹੈ।



ਚਿੱਤਰ ਨੰ. 13

'ਪਹਿਰਾ ਦੇ ਰਿਹਾ ਏ ਲਸ਼ਕਰ ਕੀੜਿਆਂ ਦਾ,
ਸਿਰ ਤੇ ਜਾਲਿਆਂ ਨੇ ਛਤਰ ਤਾਣਿਆ ਏ।'
ਮਰਨ ਬਾਅਦ ਵੀ ਠਾਠ ਹੈ ਬਾਦਸ਼ਾਹੀ,
ਕਿਉਂਕਿ ਜੀਂਵਦੇ ਜੀ, ਰਾਜ ਮਾਣਿਆ ਏ।

ਸਿੱਖ ਰਾਜ ਦੀਆਂ ਮੁਹਰਾਂ ਤੋਂ ਛੁੱਟ, ਕਿਸੇ ਵੀ ਰਾਜੇ ਦੇ ਦਸਖ਼ਤ ਉਪਲਬਧ ਨਹੀਂ। ਸ਼ਾਇਦ ਇਸ ਦਾ ਮੁੱਖ ਕਾਰਨ, ਉਸ ਸਮੇਂ ਦੀ ਅਨਪੜ੍ਹਤਾ ਹੋਵੇ। ਪਰ ਇਕ ਫ਼ਰਮਾਨ, ਮਹੰਤ ਚੰਦਰ ਪ੍ਰਸਾਦਿ ਅਖਾੜਾ ਬਾਲਾ ਨੰਦ, ਅੰਮ੍ਰਿਤਸਰ ਤੋਂ ਪ੍ਰਾਪਤ ਹੋਇਆ ਹੈ, ਜੋ ਮਹਾਰਾਜਾ ਖੜਕ ਸਿੰਘ ਵੱਲੋਂ ਹੈ, ਅਤੇ ਮੁਹਰ-ਛਾਪ ਦੇ ਨਾਲ ਬੜੇ ਬਚਗਾਨਾ ਢੰਗ ਨਾਲ ਇਕ ਲਿਖਤੀ ਅੱਖਰ 'ਸਹੀ' ਅੰਕਤ ਹੈ (ਵੇਖੋ ਚਿੱਤਰ 14)। ਸ਼ਾਇਦ ਉਦੋਂ ਦੇ ਸਾਊ ਯੁਗ ਵਿਚ ਇਤਨੇ ਸਾਦੇ ਜੇਹੇ ਨਿਸ਼ਾਨ ਨੂੰ ਵੀ ਕੋਈ ਨਕਲ ਨਹੀਂ ਸੀ ਕਰਦਾ, ਤੇ ਇਸ ਤਰ੍ਹਾਂ ਹੀ ਰਾਜ-ਕਾਜ ਚਲਦਾ ਸੀ।

ਉਪਰੋਕਤ ਵਿਵਰਣ ਤੋਂ ਇਹ ਗੱਲ ਉਘੜ ਕੇ ਸਪਸ਼ਟ ਹੁੰਦੀ ਹੈ ਕਿ ਸ਼ੁਰੂ ਵਿਚ ਭਾਵੇਂ ਮੁਸਲਮਾਨੀ ਰਾਜ ਅਤੇ ਫ਼ਾਰਸੀ ਭਾਸ਼ਾ ਦੀ ਪਰੰਪਰਾ ਵਿਚ ਸਿੱਕੇ ਅਤੇ ਸੀਲਾਂ ਫ਼ਾਰਸੀ ਅੱਖਰਾਂ ਵਾਲੀਆਂ ਹੁੰਦੀਆਂ ਸਨ, ਪਰ ਸਿੱਖ ਰਾਜ ਦੀ ਸਥਾਪਨਾ ਨਾਲ ਇਸ ਰੁਚੀ ਵਿਚ ਅੰਤਰ ਉਪਸਥਿਤ ਹੋਇਆ ਅਤੇ ਗੁਰਮੁਖੀ ਲਿਪੀ ਦੀ ਵਰਤੋਂ ਵੀ ਕੀਤੀ ਜਾਣ ਲੱਗ ਪਈ। ਇਥੋਂ ਤਕ ਕਿ ਦਸਖ਼ਤਾਂ ਲਈ 'ਸਹੀ' ਲਿਖਣ ਦੀ ਪਰੰਪਰਾ ਭਾਵੇਂ ਫ਼ਾਰਸੀ ਤੋਂ ਆਈ, ਪਰ ਇਸ ਨੂੰ ਗੁਰਮੁਖੀ ਵਿਚ ਲਿਖ ਕੇ ਬਿਲਕੁਲ ਪੰਜਾਬੀ ਰੰਗ ਦੇ ਦਿੱਤਾ ਗਿਆ। ਗੁਰਮੁਖੀ ਅੱਖਰਾਂ ਨੂੰ ਪਹਿਲੀ ਤੇ ਅਖ਼ੀਰਲੀ ਵਾਰੀ, ਕੇਵਲ ਰਣਜੀਤ ਸਿੰਘ ਰਾਜ ਵਿਚ ਹੀ ਸਿੱਕਿਆਂ ਦੀ ਇਸ ਇਤਿਹਾਸਿਕ ਭਾਈਵਾਲੀ ਦਾ

ਮਾਣ ਪ੍ਰਾਪਤ ਹੋਇਆ। ਡੋਗਰਾ ਭਰਾਵਾਂ ਵਰਗੇ ਸਿੱਖ ਰਾਜ ਦੇ ਵਿਰੋਧੀਆਂ ਨੂੰ ਵੀ ਦਸਤਾਰ ਅਤੇ ਦਾੜ੍ਹੀ ਦਾ ਧਾਰਣੀ ਰਹਿੰਦਿਆਂ ਆਪਣੇ ਦਸਖ਼ਤਾਂ ਲਈ, ਉਸ ਜ਼ਮਾਨੇ ਦੀ ਪ੍ਰਚਲਿਤ ਲਿਪੀ ਉਰਦੂ ਜਾਂ ਫ਼ਾਰਸੀ ਦੀ ਥਾਂ ਟੁਟੀ ਫੁੱਟੀ ਪੰਜਾਬੀ ਨੂੰ ਅਪਣਾਇਆ। ਇਸ ਕਾਲ ਵਿਚ ਬਾਣੀ ਦੀਆਂ ਅਨੇਕ ਪੋਥੀਆਂ ਅਤੇ ਬੀੜਾਂ ਲਿਖਵਾਈਆਂ ਗਈਆਂ ਅਤੇ ਲਿਖਾਰੀਆਂ ਨੂੰ ਵਿਸ਼ੇਸ਼ ਤੌਰ ਉੱਤੇ ਸਨਮਾਨਿਤ ਕੀਤਾ ਗਿਆ। ਭਾਈ ਬੰਨੋ ਵਾਲੀ ਬੀੜ, ਮੋਤੀ ਬਾਗ ਵਾਲੀ ਬੀੜ ਅਤੇ ਇਸੇ ਤਰ੍ਹਾਂ ਹੋਰ ਅਨੇਕ ਇਤਿਹਾਸਿਕ ਮਹੱਤਵ ਵਾਲੀਆਂ ਪੋਥੀਆਂ ਮਹਾਰਾਜੇ ਦੇ ਤੋਸ਼ਾਖ਼ਾਨੇ ਵਿਚ ਸੁਰੱਖਿਅਤ ਰਹੀਆਂ :

ਸਿੱਕੇ ਸੀਲਾਂ ਸਾਂਭੇ ਰਹਿ ਗਏ,
ਰਾਜ ਭਾਗ ਸਭ ਖੇਰੂੰ ਖੇਰੂੰ।



ਚਿੱਤਰ ਨੰ. 14

ਪੈਰ-ਟਿੱਪਣੀਆਂ

1. ਲਿਖਤ ਰਾਏ ਚੌਧਰੀ ਸੰਨ 1938
2. D. C. Sircar, *Studies in Indian Coins*
3. Rienfield & Hobson in Ancient Coins
4. W. The Oblad, Notes on some of the Symbols found on the Punch-Marked Coins of Hindustan.

5. C. J. Brown, *Catalogue of the Moghul Coins.*
6. S. Lane Poole, Catalogue of Coins, of the Mohamdan States in India, in the British Museum London.
7. S. Lane Poole, *Catalogue of the Coins of Moghal Emperors* in British Museum London.
8. R. B. Witehead, *Catalogue of Coins in the Punjab Museum, Lahore,* Vol. I.'
9. ਬਾਬਾ ਪ੍ਰੇਮ ਸਿੰਘ ਹੋਤੀ, *ਖ਼ਾਲਸਾ ਰਾਜ ਦੇ ਉਸਰਈਏ*, ਪੰਨਾ 103
10. ਤਵਾਰੀਖ਼ ਰਿਆਸਤ ਕਪੂਰਥਲਾ, ਪੰਨਾ 1747 ਹਵਾਲਾ *ਸਿੱਖ ਰਾਜ ਦੇ ਉਸਰਈਏ*
11. ਗਣੇਸ਼ ਦਾਸ ਵਢੇਰਾ, *ਤਵਾਰੀਖ਼ ਚਹਾਰ ਬਾਗ਼*, ਪੰਨਾ 210
12. Dr. P.L. Gupta, *Coins,* p. 136.
13. C. J. Brown, *Coins of India,* p. 106.
14. Dr. P.L. Gupta, *Coins,* p. 136.
15. D.C. Sircar, *Studies in Indian Coins*
16. ਕਪੂਰ ਸਿੰਘ, *ਬਹੁ ਵਿਸਥਾਰ*, ਪੰਨਾ 44
17. C. J. Rodgers, *On the Coins of the Sikhs*
18. *Coins of India,* p. 107 (line 6)
19. ਪ੍ਰੋ. ਕਰਤਾਰ ਸਿੰਘ, *ਸਿੱਖ ਇਤਿਹਾਸ*, ਭਾਗ 2, ਪੰਨਾ 96
20. *Coins of India,* p. 107, (line 9)

20 a Corson, *Coins*

21. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*
22. *ਉਹੀ*, ਭਾਗ 2, ਪੰਨਾ 293
23. ਬਾਬਾ ਪ੍ਰੇਮ ਸਿੰਘ ਹੋਤੀ, *ਮਹਾਰਾਜਾ ਰਣਜੀਤ ਸਿੰਘ*, ਪੰਨਾ 42
24. ਕੁਝ ਜਾਣਕਾਰੀ ਅਨੁਸਾਰ, ਇਹ ਮੁਹਰ ਕੋਈ ਚਾਲੂ ਸ਼ਾਹੀ ਸਿੱਕਾ ਨਹੀਂ ਸੀ, ਸਗੋਂ ਆਦਰ ਵਜੋਂ ਬਰਕਤ ਦਾ ਚਿੰਨ੍ਹ (Token) ਜਾਣ ਕੇ ਤਜੋਰੀਆਂ ਵਿਚ ਰਖਿਆ ਜਾਂਦਾ ਸੀ। ਇਸ ਦੀ ਘੜਾਈ ਅਣ-ਸੰਬੰਧਿਤ ਲੋਕਾਂ ਵੱਲੋਂ ਵਪਾਰਕ ਪਧਰ ਤੇ ਹੁੰਦੀ ਸੀ।
25. ਉੱਘੇ ਇਤਿਹਾਸਕਾਰ ਸਵਰਗਵਾਸੀ ਲਾਲਾ ਅਮੀਰ ਚੰਦ ਜੀ ਖੰਨਾ ਦੱਸਦੇ ਸਨ ਕਿ ਨੈਪੋਲੀਅਨ ਨੇ ਮਹਾਰਾਜਾ ਸਾਹਿਬ ਨੂੰ 'ਮਾਲਟਿਆਂ' ਦੇ ਕਈ ਟੋਕਰੇ ਡਾਲੀ ਵਜੋਂ ਭੇਜੇ। ਮਹਾਰਾਜਾ ਸਾਹਿਬ ਨੇ ਸ਼ੁਕਰਾਨੇ ਦੇ ਨਾਲ ਇਹ ਵੀ ਆਖ ਭੇਜਿਆ ਕਿ ਇਤਨਾ ਰਸੀਲਾ ਫਲ, ਕੇਵਲ ਸ਼ਾਹੀ ਮਹਿਲ ਦੇ ਵਸਨੀਕਾਂ ਲਈ ਹੀ ਨਹੀਂ, ਜਨ ਸਾਧਾਰਨ ਨੂੰ ਵੀ ਲੋੜੀਂਦਾ ਹੈ। ਸੋ ਨੈਪੋਲੀਅਨ ਨੇ MALTA ISLAND ਦੇ ਇਸ ਰਸੀਲੇ ਫਲ ਦੀਆਂ ਕਲਮਾਂ ਭਿਜਵਾਈਆਂ, ਜੋ ਪਹਿਲਾਂ ਪਹਿਲ ਗੁਜਰਾਂਵਾਲੇ ਤੇ ਫਿਰ ਭਾਰਤ ਵਿਚ ਹੋਰ ਥਾਈਂ ਵੀ ਪੁੱਜੀਆਂ। ਗੁਜਰਾਂਵਾਲੇ ਦਾ ਮਾਲਟਾ ਇਸੇ ਕਾਰਨ ਮਸ਼ਹੂਰ ਹੈ। ਇਹ ਦਰਅਸਲ ਵਿਦੇਸ਼ੀ ਫਲ ਹੈ, ਜਿਸ ਦੀ ਪੰਜਾਬ ਵਿਚ ਉਪਜ ਮਹਾਰਾਜਾ ਰਣਜੀਤ ਸਿੰਘ ਦੇ ਜਨ ਸਾਧਾਰਨ ਨਾਲ ਪਿਆਰ ਦੀ ਸੂਚਕ ਹੈ।

ਨੋਟ : ਜਿਨ੍ਹਾਂ ਸਿੱਕਿਆਂ ਅਤੇ ਸੀਲਾਂ ਦਾ ਵਿਸਥਾਰ, ਉਪਰੋਕਤ ਲੇਖ ਵਿਚ ਆਇਆ ਹੈ, ਉਨ੍ਹਾਂ ਵਿਚੋਂ ਬਹੁਤਿਆਂ ਦੀ ਜਾਣਕਾਰੀ 'ਮਾਰਕੋ ਸੰਗ੍ਰਹਿ' ਤੋਂ ਹੀ ਪ੍ਰਾਪਤ ਕੀਤੀ ਗਈ ਹੈ।

ਸ਼ੇਰ ਸਿੰਘ ਨੇ ਰਾਜੇ ਦਾ ਖ਼ਤ ਪੜ੍ਹ ਕੇ,
ਫ਼ੌਜਾਂ ਤੁਰਤ ਲਾਹੌਰ ਨੂੰ ਘੱਲੀਆਂ ਨੀ।
ਘੋੜੇ ਹਿਣਕਦੇ ਤੇ ਮਾਰੂ ਵੱਜਦੇ ਨੀ,
ਧੂੜਾਂ ਉੱਡ ਕੇ ਘਟਾ ਹੋ ਚੱਲੀਆਂ ਨੀ।
ਆਵੇ ਬੁੱਧੂ ਦੇ ਪਾਸ ਨੀ ਲਾਏ ਡੇਰੇ,
ਫ਼ੌਜਾਂ ਲੱਥੀਆਂ ਆਣ ਇਕੱਲੀਆਂ ਨੀ।
ਸ਼ਾਹ ਮੁਹੰਮਦਾ ਆਣ ਜਾ ਰਥ ਪਹੁੰਚੇ,
ਗੱਲਾਂ ਸ਼ਹਿਰ ਲਾਹੌਰ ਵਿਚ ਚੱਲੀਆਂ ਨੀ।

... ...

ਸ਼ੇਰ ਸਿੰਘ ਫਿਰ ਬੁੱਧੂ ਦੇ ਆਵਿਓਂ ਜੀ,
ਕਰ ਤੁਰਮ ਲਾਹੌਰ ਵੱਲ ਧਾਇਆ ਈ।
ਫਲ੍ਹੇ ਪੜਤਲਾਂ ਦੇ ਅੱਗੋਂ ਪਾੜ ਕੇ ਜੀ,
ਸ਼ੇਰ ਸਿੰਘ ਨੂੰ ਤੁਰਤ ਲੰਘਾਇਆ ਈ।
ਓਸ ਬਲੀ ਸ਼ਹਿਜ਼ਾਦੇ ਦਾ ਤੇਜ ਭਾਰੀ,
ਜਿਸ ਕਿਲ੍ਹੇ ਨੂੰ ਮੋਰਚਾ ਲਾਇਆ ਈ।
ਸ਼ਾਹ ਮੁਹੰਮਦਾ ਹਾਰ ਕੇ ਵਿਚਲਿਆਂ ਨੇ,
ਸ਼ੇਰ ਸਿੰਘ ਨੂੰ ਤਖਤ ਬਿਠਾਇਆ ਈ।

-ਸ਼ਾਹ ਮੁਹੰਮਦ

ਕਾਦਰਯਾਰ ਕ੍ਰਿਤ 'ਵਾਰ ਹਰੀ ਸਿੰਘ ਨਲਵਾ' : ਇਕ ਵਿਸ਼ਲੇਸ਼ਣਾਤਮਕ ਅਧਿਐਨ

ਡਾ. ਅਮਰ ਕੋਮਲ

1. ਪ੍ਰਵੇਸ਼ਕਾ : 1.1. ਸਾਹਿੱਤ ਵਿਚ 'ਵਾਰ' ਉਸ ਕਾਵਿ ਨੂੰ ਕਹਿੰਦੇ ਹਨ ਜਿਸ ਵਿਚ ਸੂਰਬੀਰਤਾ ਦਾ ਵਰਣਨ ਹੋਵੇ। ਵਾਰ ਸ਼ਬਦ ਦਾ ਅਰਥ ਪੌੜੀ ਛੰਦ ਵੀ ਹੋ ਗਿਆ ਹੈ ਕਿਉਂਕਿ ਯੋਧਿਆਂ ਦੀ ਸੂਰਬੀਰਤਾ ਦਾ ਜਸ ਪੰਜਾਬੀ ਕਵੀਆਂ ਨੇ ਬਹੁਤੇ ਕਰਕੇ ਇਸੇ ਛੰਦ ਵਿਚ ਲਿਖਿਆ ਹੈ।[1] ਵਾਰ ਉਹ ਕਾਵਿ-ਸ਼ੈਲੀ ਹੈ ਜਿਸ ਦੁਆਰਾ ਪਉੜੀਆਂ ਵਿਚ ਕਿਸੇ ਯੁੱਧ-ਕਥਾ ਜਾਂ ਜੰਗੀ ਵਾਰਤਾ ਦਾ ਵਰਣਨ ਕੀਤਾ ਜਾਂਦਾ ਹੈ।[2] ਪਰੰਤੂ ਇਕ ਮਤ ਇਹ ਵੀ ਤਾਂ ਹੈ–'ਸਾਹਿੱਤ ਵਿਚ ਇਸ ਦੇ ਉਘੇ ਅਰਥ ਜੋਧਿਆਂ ਤੇ ਸੂਰਮਿਆਂ ਦੇ ਕਾਰਨਾਮਿਆਂ ਨੂੰ ਬਿਆਨ ਕਰ ਰਹੀ ਬੀਰ-ਰਸ ਭਰੀ, ਕਰਤਾਰ ਦੀ ਮਹਿਮਾ ਭਰੀ ਯਾ ਮਨ ਦੀਆਂ ਬੁਰਿਆਈਆਂ ਨੂੰ ਕੱਟਣ ਵਾਲੀ ਕਵਿਤਾ ਦੇ ਹਨ।'[3]

1.2. ਕਾਦਰ-ਯਾਰ ਦੀ ਇਸ ਰਚਨਾ ਨੂੰ ਵੱਖ-ਵੱਖ ਨਾਵਾਂ ਨਾਲ ਯਾਦ ਕੀਤਾ ਗਿਆ ਹੈ, ਜੋ ਇਸ ਪ੍ਰਕਾਰ ਹਨ :

(ੳ) ਜੰਗਨਾਮਾ ਹਰੀ ਸਿੰਘ ਦੂਲੋ[4]
(ਅ) ਵਾਰ ਸਰਦਾਰ ਹਰੀ ਸਿੰਘ ਦੂਲੋ[5]
(ੲ) ਸੀਹਰਫ਼ੀ ਸ. ਹਰੀ ਸਿੰਘ ਨਲੂਆ[6]
(ਸ) ਸਰਦਾਰ ਹਰੀ ਸਿੰਘ ਨਲੂਆ[7]
(ਹ) ਜੰਗਨਾਮਾ ਹਰੀ ਸਿੰਘ ਨਲਵਾ[8]

1.3. ਇਸ ਰਚਨਾ ਦੇ ਕਰਤਾ ਤੋਂ ਬਿਨਾ ਇਸੇ ਨਾਇਕ ਸੰਬੰਧੀ ਹੋਰ ਕਵੀਆਂ ਦੀਆਂ ਰਚਨਾਵਾਂ ਵੀ ਮਿਲਦੀਆਂ ਹਨ ਜਿਵੇਂ :

(ੳ) 'ਜੰਗਨਾਮਾ ਹਰੀ ਸਿੰਘ ਨਲਵਾ' ਕ੍ਰਿਤ ਰਾਮ ਦਿਆਲ ਅਣਦ,
(ਅ) 'ਜੰਗਨਾਮਾ ਹਰੀ ਸਿੰਘ ਨਲਵਾ' ਕ੍ਰਿਤ ਕਾਨ੍ਹ ਸਿੰਘ ਬੰਗਾ,
(ੲ) 'ਜੰਗਨਾਮਾ ਹਰੀ ਸਿੰਘ ਨਲਵਾ' ਕ੍ਰਿਤ ਸਹਾਈ ਸਿੰਘ,[9]
(ਸ) 'ਸੀਹਰਫ਼ੀ-ਹਰੀ ਸਿੰਘ ਨਲਵਾ' ਕ੍ਰਿਤ ਮਿਸਰ ਹਰੀ ਚੰਦ 'ਕਾਦਰਯਾਰ' (ਸੰਪਾਦਕ ਡਾ. ਗੰਡਾ ਸਿੰਘ),
(ਹ) 'ਸੀਹਰਫ਼ੀ ਜੰਗਨਾਮਾ ਹਰੀ ਸਿੰਘ ਜੀ ਕਾ' ਕ੍ਰਿਤ ਸ. ਗੁਰਮੁਖ ਸਿੰਘ[9] ਓ

ਇਨ੍ਹਾਂ ਰਚਨਾਵਾਂ ਤੋਂ ਬਿਨਾ, ਗਣੇਸ਼ ਦਾਸ ਕ੍ਰਿਤ, 'ਫ਼ਤਹਨਾਮਾ ਗੁਰੂ ਖ਼ਾਲਸਾ ਜੀ ਕਾ' ਸੰਪਾਦਕ ਡਾ. ਸੀਤਾ ਰਾਮ ਕੋਹਲੀ ਵਿਚ ਹਰੀ ਸਿੰਘ ਨਲਵਾ ਦੀਆਂ ਜਿੱਤਾਂ ਦਾ ਹਾਲ ਵੀ ਮਿਲਦਾ ਹੈ।

ਸਹਾਈ ਸਿੰਘ ਕਵੀ ਅਤੇ ਕਾਨ੍ਹ ਸਿੰਘ ਬੰਗਾ ਦੇ ਉਪਰ ਲਿਖਿਤ ਜੰਗਨਾਮਿਆਂ ਨੂੰ 'ਵਾਰ' ਵੀ ਕਿਹਾ ਗਿਆ ਹੈ।[10] ਜ਼ਾਹਰ ਹੈ ਕਿ ਕਾਦਰਯਾਰ ਦੀ ਇਸ ਰਚਨਾ ਨੂੰ 'ਜੰਗਨਾਮਾ', 'ਵਾਰ' ਤੇ 'ਸੀਹਰਫ਼ੀ' ਪਰਿਆਇ-ਵਾਚੀ ਸ਼ਬਦਾਂ ਨਾਲ ਯਾਦ ਕੀਤਾ ਜਾਂਦਾ ਹੈ। ਕੀ ਇਹ ਕਥਨ ਠੀਕ ਹੈ ਕਿ ਜੰਗਨਾਮਾ ਅਥਵਾ ਵਾਰ

ਇਕੋ ਅਰਥ ਰਖਣ ਵਾਲੇ ਸ਼ਬਦ ਹਨ ਤੇ ਇਨ੍ਹਾਂ ਦੇ ਲੇਖਕ ਆਮ ਤੌਰ ਉੱਤੇ ਢਾਡੀ, ਭੱਟ ਜਾਂ ਚਾਰਣ ਕਵੀ ਹੁੰਦੇ ਹਨ।[11] ਕੀ ਕਾਦਰਯਾਰ ਦੀ ਇਸ ਰਚਨਾ ਨੂੰ 'ਵਾਰ' ਆਖਣਾ ਉਚਿਤ ਹੈ? ਇਸ ਗੱਲ ਦਾ ਸਿੱਟਾ ਕੱਢਣ ਲਈ ਸਾਨੂੰ 'ਜੰਗਨਾਮਾ' ਦੀ ਪਰਿਭਾਸ਼ਾ ਵੀ ਲੱਭਣ ਦੀ ਲੋੜ ਹੈ। 'ਜੰਗਨਾਮਾ' ਜੁੱਧ ਦੀ ਕਥਾ ਦਾ ਗ੍ਰੰਥ[12] ਹੁੰਦਾ ਹੈ। 'ਜੰਗਨਾਮਾ' ਦੇ ਸ਼ਬਦੀ-ਅਰਥ ਜੰਗ ਸੰਬੰਧੀ ਲਿਖਿਤ ਦੇ ਹਨ–ਇਸ ਦਾ ਵਿਸ਼ਾ ਜੰਗ ਦਾ ਬਿਆਨ ਹੁੰਦਾ ਹੈ। ਇਸ ਦਾ ਛੰਦ ਕੋਈ ਵੀ ਹੋ ਸਕਦਾ ਹੈ। ਇਸ ਵਿਚ ਲੜਾਈ ਦਾ ਬਿਆਨ ਹੋਣ ਕਰਕੇ ਦੋ ਧਿਰਾਂ ਦਾ ਹੋਣਾ ਜ਼ਰੂਰੀ ਹੈ।[13] ਇਸ ਤੋਂ ਬਿਨਾ ਇਹ ਵੀ ਰਾਏ ਹੈ ਕਿ 'ਜੰਗਨਾਮੇ ਦਾ ਵਿਸ਼ਾ ਭਾਵੇਂ ਜੰਗੀ ਕਥਾ ਯਾ ਕਰੁਣਾਮਈ ਬ੍ਰਿਤਾਂਤ ਹੀ ਹੈ ਪਰ ਇਹ ਆਮ ਪਉੜੀਆਂ ਵਿਚ ਨਹੀਂ ਹੁੰਦਾ।'[14]

1.4. ਸੋ ਵਾਰ ਤੇ ਜੰਗਨਾਮਾ ਦੇ ਅੰਤਰ ਭੇਦ ਜਾਣ ਲੈਣ ਪਿੱਛੋਂ ਕਾਦਰਯਾਰ ਦੀ ਇਸ ਰਚਨਾ ਨੂੰ ਅਸੀਂ ਕੀ ਆਖ ਸਕਦੇ ਹਾਂ, ਇਸ ਬਾਰੇ ਨਿਰਣਾ ਕਰਨ ਦੀ ਲੋੜ ਹੈ।

ਇਸ ਰਚਨਾ ਦਾ ਛੰਦ ਪਉੜੀ ਨਹੀਂ ਹੈ ਪਰੰਤੂ ਇਸ ਵਿਚ ਨਾਇਕ ਦੀ ਯੁੱਧ ਨਿਪੁੰਨਤਾ ਅਤੇ ਸੂਰਬੀਰਤਾ ਦਾ ਵਰਣਨ ਕੀਤਾ ਮਿਲਦਾ ਹੈ। ਇਹ ਗੱਲ ਵੀ ਯਾਦ ਰਖਣ ਵਾਲੀ ਹੈ ਕਿ ਇਸ ਰਚਨਾ ਦਾ ਕਰਤਾ ਕਾਦਰਯਾਰ ਇਕ ਮੁਸਲਮਾਨ ਹੈ ਜੋ ਆਪਣੇ ਮੱਤ ਦੀ ਪਰੰਪਰਾ ਨੂੰ ਕਾਇਮ ਰਖਦਿਆਂ ਫ਼ਾਰਸੀ ਲਿਖਿਤਾਂ ਵਾਂਗ ਪੰਜਾਬੀ ਵਿਚ ਆਪਣੀ ਇਸ ਰਚਨਾ ਨੂੰ ਬੈਂਤ ਛੰਦ ਵਿਚ ਕਰਨਾ ਉਚਿਤ ਸਮਝਦਾ ਹੋਵੇ। ਵਾਰ ਦੇ ਨਾਇਕ ਵਾਂਗ ਇਸ ਰਚਨਾ ਦੇ ਨਾਇਕ ਦੀ ਯੁੱਧ ਨਿਪੁੰਨਤਾ ਅਤੇ ਸੂਰਬੀਰਤਾ ਦਾ ਕਾਵਿ-ਵਰਣਨ ਹੈ। ਇਸ ਦਾ ਨਾਇਕ ਜਿੱਤ ਪ੍ਰਾਪਤ ਕਰਨ ਪਿੱਛੋਂ ਸ਼ਹੀਦ ਹੋ ਜਾਂਦਾ ਹੈ। ਇਸ ਵਿਚ ਵੀਰ ਰਸ ਵਧੇਰੇ ਤੇ ਕਰੁਣਾ ਰਸ ਘੱਟ ਹੈ। ਜੰਗ ਦੀ ਕਥਾ ਦਾ ਹਾਲ ਵੀ ਵਿਸਥਾਰਪੂਰਵਕ ਨਹੀਂ। ਇਸ ਵਿਚ ਪੇਸ਼ ਦੋ ਧਿਰਾਂ ਹਨ ਪਰੰਤੂ ਟੱਕਰ ਦਾ ਪ੍ਰਭਾਵ ਘੱਟ ਹੈ। ਵਧੇਰੇ ਕਰਕੇ ਨਾਇਕ ਹਰੀ ਸਿੰਘ ਦਾ ਅਜਿਹੇ ਢੰਗ ਨਾਲ ਜਸ-ਗਾਇਨ ਮਿਲਦਾ ਹੈ, ਜਿਸ ਨਾਲ ਅਸਾਡੇ ਮਨ ਵਿਚ ਬਹਾਦਰੀ, ਬੀਰਤਾ ਦੇ ਭਾਵ ਪੈਦਾ ਹੁੰਦੇ ਹਨ। ਇਸ ਦਾ ਵਸਤੂ ਪੱਖ ਵਧੇਰੇ ਵਾਰ ਵਾਲਾ ਹੈ, ਜਦ ਕਿ ਰੂਪ ਪੱਖੋਂ ਪਉੜੀ ਛੰਦ ਵਿਚ ਨਾ ਹੋਣ ਕਾਰਨ ਇਹ ਵਾਰ ਨਹੀਂ ਹੈ, ਕਿਉਂਕਿ ਇਸ ਦਾ ਛੰਦ ਪਉੜੀ ਨਹੀਂ। ਦੂਜੇ ਅਰਥਾਂ ਵਿਚ ਇਸ ਰਚਨਾ ਵਿਚ ਵਾਰ ਵਾਲੇ ਵਧੇਰੇ ਅਤੇ ਜੰਗਨਾਮੇ ਵਾਲੇ ਗੁਣ ਘੱਟ ਸੰਮਿਲਿਤ ਹਨ। ਜ਼ਾਹਰ ਹੈ ਕਿ ਕਾਦਰਯਾਰ ਨੇ ਆਪਣੇ ਜੋਧੇ ਤੇ ਸੂਰਮੇ ਦਾ ਜਸ-ਗਾਇਨ ਕੀਤਾ ਹੈ। ਉਸ ਦੀ ਸ਼ਖ਼ਸੀਅਤ ਨੂੰ ਚੌਮੁਖੀ ਪੱਖ ਤੋਂ ਉਜਾਗਰ ਕੀਤਾ ਹੈ। ਪਰੰਤੂ ਉਸ ਵੇਲੇ ਦੇ ਰਿਵਾਜ ਅਨੁਸਾਰ ਇਸ ਨੂੰ ਸੀਹਰਫ਼ੀ ਰੂਪ ਤੇ ਬੈਂਤ ਛੰਦ ਵਿਚ ਲਿਖ ਦਿੱਤਾ ਹੈ। ਇਸ ਰਚਨਾ ਨੂੰ 'ਸਰਦਾਰ ਹਰੀ ਸਿੰਘ ਦੂਲੋ' ਜਾਂ 'ਸੀਹਰਫ਼ੀ ਹਰੀ ਸਿੰਘ ਨਲਵਾ' ਵੀ ਕਿਹਾ ਗਿਆ ਹੈ। ਫਿਰ ਵੀ ਇਸ ਵਿਚ ਵਾਰ ਦੇ ਲੱਛਣ ਇਸ ਲਈ ਵੀ ਹਨ ਕਿ ਕਈ ਵਿਦਵਾਨ ਤਾਂ 'ਵਾਰ' ਪਦ ਦਾ ਅਰਥ ਹੀ ਜੱਸ ਕਰਦੇ ਹਨ ਅਤੇ ਦੇਸ਼-ਭਾਖਾ ਵਿਚ ਦੇਸ਼ੀ-ਗੀਤ ਵਿਚ ਜਸ ਗਾਉਣ ਦਾ ਨਾਉਂ ਵਾਰ ਪ੍ਰਸਿੱਧ ਹੈ।[15] ਹੋ ਸਕਦਾ ਹੈ ਕਈ ਵਿਦਵਾਨ ਇਸ ਅਰਥ ਵਿਚ, ਇਸ ਰਚਨਾ ਨੂੰ ਵਾਰ ਮੰਨਦੇ ਹੋਣ, ਕਿਉਂਕਿ ਇਸ ਵਿਚ ਨਾਇਕ ਹਰੀ ਸਿੰਘ ਨਲਵਾ ਦੀ ਬੀਰਤਾ ਦਾ ਹੀ ਵਰਣਨ ਹੈ ਅਤੇ ਹੋਰ ਗੁਣਾਂ ਦਾ ਘੱਟ ਹੈ। ਨਾਇਕ ਦੇ ਜਸ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਯੁੱਧ ਦਾ ਵਰਣਨ ਅਤੇ ਬੀਰਤਾ ਦਾ ਵਾਯੂ-ਮੰਡਲ ਕਾਇਮ ਕੀਤਾ ਗਿਆ ਹੈ।

ਕਾਦਰਯਾਰ ਦੀ ਸਿਰਜਨਾ ਦਾ ਮੰਤਵ, ਹੋ ਸਕਦਾ ਹੈ, ਉਸ ਸਮੇਂ ਦੇ ਰਿਵਾਜ ਅਨੁਸਾਰ ਸਰਦਾਰਾਂ ਦੀਆਂ 'ਵਾਰਾਂ' ਬਣਾ ਕੇ ਕੋਈ ਇਨਾਮ ਪ੍ਰਾਪਤ ਕਰਨਾ ਹੋਵੇ ਜਾਂ ਲੋਕਾਂ ਵਿਚ ਬੀਰ ਭਾਵ ਪੈਦਾ ਕਰਨ ਦਾ ਹੋਵੇ।

2. ਸੂਰਮੇ ਦੀ ਸਿਰਜਣਾ ਦਾ ਸੰਕਲਪ

2.1. ਜੇਕਰ ਇਸ ਰਚਨਾ ਵਿਚਲੀ ਵਸਤੂਮੂਲਕ ਅਸਲੀਅਤ ਲੱਭਣ ਦਾ ਯਤਨ ਕੀਤਾ ਜਾਵੇ ਤਾਂ ਸਹਿਜੇ ਹੀ ਇਸ ਵਿਚ ਸ. ਹਰੀ ਸਿੰਘ ਨਲਵਾ ਦੀਆਂ ਸਵੈ-ਜੀਵਨ-ਪਰਕ ਘਟਨਾਵਾਂ ਦਾ ਭਾਵੁਕ-ਉਤੇਜਕ ਤੇ ਸੰਵੇਦਨਸ਼ੀਲ ਵਿਧੀ ਨਾਲ ਕਾਵਿ ਵਰਣਨ ਕੀਤਾ ਮਿਲਦਾ ਹੈ। ਕਾਦਰਯਾਰ ਨੇ ਸ. ਹਰੀ ਸਿੰਘ ਨਲਵਾ ਦੇ

ਪਾਤਰ-ਸੰਕਲਪ ਨੂੰ ਪੇਸ਼-ਸਥਿਤੀ ਅਨੁਸਾਰ ਆਦਰਸ਼-ਬੋਧ ਬਣਾ ਕੇ ਚਿਤਰਿਆ ਹੈ। ਇੰਜ ਕਰਨ ਸਮੇਂ ਕਵੀ-ਮਨ ਵਿਚ ਆਪਣੇ ਨਾਇਕ ਸੰਬੰਧੀ ਅਪਾਰ ਸ਼ਰਧਾ ਤੇ ਸਦ-ਭਾਵਨਾ ਸੰਮਿਲਿਤ ਹੈ। ਉਸ ਸਮੇਂ ਦੀ ਪ੍ਰਥਾ ਅਨੁਸਾਰ, ਕਵੀ ਸਾਹਮਣੇ ਜਾਗੀਰਦਾਰੀ ਸਮਾਜ ਦੀ ਸਾਂਸਕ੍ਰਿਤਿਕ ਦ੍ਰਿਸ਼ਟੀ ਵੀ ਹੈ ਜਿਸ ਨੂੰ ਤਿਆਗਣ ਦੇ ਉੱਚ ਸਮਰੱਥ ਨਹੀਂ, ਨਾ ਹੀ ਉਹ ਸਾਂਸਕ੍ਰਿਤਿਕ ਰੂੜ੍ਹੀਆਂ ਦੇ ਘੇਰੇ ਨੂੰ ਤੋੜਨ ਦੀ ਗੱਲ ਸੋਚ ਸਕਦਾ ਹੈ। ਇਹੋ ਕਾਰਨ ਹੈ ਕਿ ਕਵੀ ਦੀ ਰਚਨਾ ਦਾ ਜੋ ਸਿਰਜਿਤ ਸੱਚ ਦ੍ਰਿਸ਼ਟੀਗੋਚਰ ਹੁੰਦਾ ਹੈ, ਉਹ ਨਾਇਕ ਹਰੀ ਸਿੰਘ ਨਲਵਾ ਨੂੰ ਇਕ ਜੋਧੇ ਅਤੇ ਸੂਰਮੇ ਦੇ ਰੂਪ ਵਿਚ ਪੇਸ਼ ਕਰਨਾ ਹੈ। ਜ਼ਾਹਰ ਹੈ ਅਜਿਹੇ ਸਿਰਜਿਤ ਸੱਚ ਦੇ ਪ੍ਰਗਟਾਵੇ ਸਮੇਂ ਕਵੀ ਦੇ ਅਨੁਭਵ-ਬੋਧ ਵਿਚ ਸ਼ਰਧਾ ਤੇ ਉਪ-ਭਾਵੁਕਤਾ ਹੈ ਜੋ ਰਚਨਾ ਨੂੰ ਵਾਸਤਵਿਤਾ ਦੀ ਥਾਂ ਰੁਮਾਂਟਿਕ ਜੇਹਾ ਬਣਾਉਂਦੀ ਹੈ।

ਇਹ ਉਹ ਸਮਾਂ ਸੀ ਜਦ ਯੁੱਧ ਵਿਚ ਪ੍ਰਾਪਤ ਕੀਤੀ ਸੂਰਮਗਤੀ, ਰਾਜੇ ਰਜਵਾੜੇ ਦੇ ਹਿੱਤ ਲਈ ਵਰਤੀ ਜਾਂਦੀ ਸੀ। ਕਾਦਰਯਾਰ ਇਸ ਗੱਲ ਤੋਂ ਸੁਚੇਤ ਰਿਹਾ ਹੈ–ਪੇਸ਼ ਸੂਰਮਾ ਸ. ਹਰੀ ਸਿੰਘ ਨਲਵਾ ਹੈ, ਜੋ ਆਪਣੇ ਮਾਲਕ ਦੇ ਹਿਤ ਵਿਚ ਮਾਲਕ ਪ੍ਰਤੀ ਸ਼ਰਧਾ ਪ੍ਰੇਮ ਸਦਕੇ ਜਾਂ ਨੈਤਿਕ ਕਦਰਾਂ-ਕੀਮਤਾਂ ਕਰਕੇ ਜਾਂ ਸੂਰਮੇ ਦੇ ਆਪਣੇ ਹਿਤ ਤੇ ਪ੍ਰਸਿੱਧੀ ਲਈ ਲੜਦਾ ਹੈ। ਉਹ ਵਫ਼ਾਦਾਰ ਹੈ। ਮਾਲਕ ਦਾ ਹਿੱਤ ਪਾਲਦਾ ਹੈ। ਫਿਰ ਵੀ ਕਾਦਰਯਾਰ ਆਪਣੇ ਨਾਇਕ ਨੂੰ ਇਕ ਜੋਧੇ ਤੇ ਸੂਰਮੇ ਦੇ ਰੂਪ ਵਿਚ ਚਿਤਰਦਾ ਹੈ। ਸੂਰਮੇ ਦੇ ਮਾਲਕ ਮਹਾਰਾਜਾ ਰਣਜੀਤ ਸਿੰਘ ਨੂੰ ਘੱਟ ਵਡਿਆਉਂਦਾ ਹੈ। ਸ. ਹਰੀ ਸਿੰਘ ਨਲਵਾ ਜੋ ਕਾਰਜ ਕਰਦਾ ਹੈ–ਉਨ੍ਹਾਂ ਕਾਰਜਾਂ ਲਈ ਕਾਦਰਯਾਰ ਉਸ ਦੀ ਮਹਿਮਾ ਗਾਉਂਦਾ ਹੈ। ਭਾਵੇਂ ਇੰਜ ਕਰਨਾ ਕਾਦਰਯਾਰ ਦੇ 'ਨਿਸ਼ਕਾਮ ਕਰਮ, ਕਰਨ ਤੇ ਫਲ ਵੱਲੋਂ ਬੇਨਿਆਜ਼ੀ ਦੇ ਸਿਧਾਂਤ' ਅਨੁਸਾਰ ਹੀ ਹੈ।

ਇਹ ਇਕ ਇਤਿਹਾਸਿਕ ਸੱਚ ਹੈ ਕਿ ਸ. ਹਰੀ ਸਿੰਘ ਨਲਵਾ ਬਚਪਨ ਤੋਂ ਲੈ ਕੇ ਉਮਰ ਭਰ ਦਲੇਰ, ਬੀਰ ਸੈਨਿਕ, ਜੋਧਾ ਤੇ ਸੂਰਮਾ ਰਿਹਾ ਹੈ। ਜ਼ਿੰਦਗੀ ਭਰ ਉਹ ਆਪਣੇ ਸੁਆਮੀ ਮਹਾਰਾਜਾ ਰਣਜੀਤ ਸਿੰਘ ਲਈ ਲੜਾਈਆਂ ਲੜਦਾ ਤੇ ਜਿੱਤਾਂ ਪ੍ਰਾਪਤ ਕਰਦਾ ਰਿਹਾ ਜਿਸ ਕਰਕੇ ਉਸ ਨੂੰ ਲੋਕਪ੍ਰਿਯਤਾ ਮਿਲੀ। ਨਿਰੰਤਰ ਲੜਾਈਆਂ ਜਿੱਤਣ ਸਦਕੇ ਉਸ ਵਿਚ ਦਲੇਰੀ, ਹੌਸਲਾ, ਬੀਰਤਾ ਅਤੇ ਸਾਹਸ ਦੇ ਗੁਣ ਪੈਦਾ ਹੁੰਦੇ ਰਹੇ, ਭਾਵੇਂ ਉਸ ਦੇ ਇਹ ਕਾਰਜ ਜੁੱਧ-ਖੇਤਰ ਵਿਚ ਜਿੱਤ ਪ੍ਰਾਪਤ ਕਰਨ ਤਕ ਹੀ ਸੀਮਿਤ ਸਨ ਜਿਨ੍ਹਾਂ ਦਾ ਉੱਦੇਸ਼ ਰਾਜ ਵਿਸਤਾਰ, ਸੱਤਾ ਪ੍ਰਾਪਤ ਕਰਨਾ ਹੋ ਸਕਦਾ ਹੈ। ਕਾਦਰਯਾਰ ਵੀ ਸ. ਨਲਵਾ ਦੀ ਸੂਰਬੀਰਤਾ ਦਾ ਕਾਰਜ-ਖੇਤਰ ਕੇਵਲ ਯੁੱਧ ਤਕ ਹੀ ਸੀਮਿਤ ਰਖਦਾ ਹੈ। ਨਾਇਕ, ਆਪਣੇ ਸੁਆਮੀ ਲਈ ਪੂਰੇ ਉਤਸ਼ਾਹ ਨਾਲ ਲੜਦਾ ਹੈ, ਉਸ ਦੇ ਉਤਸ਼ਾਹ ਦੀ ਭਾਵਨਾ ਇਸ ਲਈ ਨਹੀਂ ਘਟਦੀ ਕਿ ਉਸ ਦੀ ਪ੍ਰਾਪਤੀ ਦਾ ਫਲ ਉਸ ਦੇ ਸੁਆਮੀ ਨੂੰ ਜਾਂਦਾ ਹੈ, ਸਗੋਂ ਉਹ ਆਪਣੇ ਫ਼ਰਜ਼ ਨੂੰ ਨਿਭਾਉਂਦਾ ਹੈ, ਇਹੋ ਵਡਿਆਈ ਹੈ ਜਿਸ ਨੂੰ ਕਾਦਰਯਾਰ ਚਿਤ੍ਰਣ ਵਿਚ ਸਫ਼ਲ ਹੋਇਆ ਹੈ।

2.2. ਕਾਦਰਯਾਰ ਨੇ ਸ. ਹਰੀ ਸਿੰਘ ਨਲਵਾ ਦੇ ਚਰਿੱਤਰ ਵਿਚਲੀ ਸੂਰਬੀਰਤਾ ਨੂੰ ਪ੍ਰਗਟਾਉਣ ਲਈ, ਦੂਲੋ, ਮਰਦ ਨਸੀਬ ਵਾਲਾ, ਸਖੀ ਦੂਲੇ ਸਾਬਤੀ, ਓਟ ਵਾਲਾ, ਸਾਬਤ ਆਦਿ ਸੰਕਲਪ-ਬੋਧਕ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਕਾਦਰਯਾਰ (1800 ਈ.–1850 ਈ.) ਨੇ ਆਪਣੇ ਜੀਵਨ-ਕਾਲ ਵਿਚ ਆਪਣੇ ਚੁਗਿਰਦੇ ਵਿਚ ਸ. ਹਰੀ ਸਿੰਘ ਨਲਵਾ (1791 ਈ.–1837 ਈ.) ਦੀ ਸੂਰਬੀਰਤਾ ਅਤੇ ਪਰਾਕ੍ਰਮ ਦੀ ਮਹਿਮਾ ਜ਼ਰੂਰ ਸੁਣੀ ਹੋਵੇਗੀ। ਜਦੋਂ ਕੋਈ ਸਾਹਸੀ ਮਨੁੱਖ, ਸੂਰਬੀਰਤਾ ਦਾ ਕਾਰਜ ਕਰਦਾ ਹੈ ਤਾਂ ਉਹ ਆਪਣੇ ਸਮਾਜਿਕ ਆਲੇ ਦੁਆਲੇ ਅਤੇ ਲੋਕ-ਮਾਨਸ ਨੂੰ ਜ਼ਰੂਰ ਪ੍ਰਭਾਵਿਤ ਕਰਦਾ ਹੈ। ਕਵੀ-ਲੋਕ, ਜੋ ਸੰਵੇਦਨਸ਼ੀਲ ਹੁੰਦੇ ਹਨ, ਉਨ੍ਹਾਂ ਦਾ ਜਜ਼ਬਾਤੀ ਸ਼ਰਧਾਮਈ ਹੋ ਜਾਣਾ ਤਾਂ ਕੁਦਰਤੀ ਗੱਲ ਹੈ। ਸੂਰਮੇ ਦੀ ਸਰੂਪ-ਸਿਰਜਣ ਪ੍ਰਕ੍ਰਿਆ ਲਈ ਇਹੋ ਪ੍ਰੇਰਕ ਭਾਵ ਬਣੇ ਹਨ। ਪ੍ਰਸਤੁਤ ਸੂਰਮਾ ਅਤਿ-ਸੂਖਮ, ਭਾਵੀ ਤੇ ਸ਼ਰਧਾ ਅਰਜਿਤ ਕਰਨ ਵਾਲਾ ਹੈ, ਜਿਸ ਵਿਚ ਸਮੁੱਚੀ ਰਚਨਾ ਦੇ ਮਨੋਰਥਗਤ ਅਰਥ ਛੁਪੇ ਹੋਏ ਹਨ।

ਕਾਦਰਯਾਰ ਨੇ ਆਪਣੇ ਜੀਵਨ-ਕਾਲ ਵਿਚ ਉਨ੍ਹਾਂ ਵਾਸਤਵਿਕ ਇਤਿਹਾਸਿਕ ਤੱਥਾਂ ਨੂੰ ਜ਼ਰੂਰ ਸਾਹਮਣੇ

ਰਖਿਆ ਜਿਹੜੇ ਸ. ਹਰੀ ਸਿੰਘ ਨਲਵਾ ਨੂੰ ਇਕ ਜੋਧੇ ਦੇ ਰੂਪ ਵਿਚ ਪੇਸ਼ ਕਰਦੇ ਸਨ। ਇਸੇ ਲਈ ਕਵੀ, ਆਪਣੇ ਮਨ ਵਿਚ ਪੈਦਾ ਹੋਈ ਡੂੰਘੀ ਮਾਨਵੀ ਫਿਤਰਤ ਅਨੁਸਾਰ ਆਪਣੇ ਨਾਇਕ ਨੂੰ, ਪ੍ਰਚਲਿਤ ਸਾਂਸਕ੍ਰਿਤਿਕ ਤੇ ਮਿਥਕ *ਜੋਧਿਆਂ ਵਾਂਗ ਸਮਝਦਾ ਹੈ।*[16] *ਉਹ ਅਜਿਹਾ ਜੋਧਾ ਹੈ ਜਿਸ ਦਾ ਚਾਰੇ ਪਾਸੇ ਨਾਮ ਰੌਸ਼ਨ ਹੈ। ਜਿਸ ਦਾ ਹਜ਼ੂਰ* ਬੁਲੰਦ ਹੈ, ਜੋ ਸਖੀ ਹੈ, ਤੇਗ ਦਾ ਧਨੀ ਹੈ ਜਿਸ ਨੇ ਅਨੇਕਾਂ ਮੋਰਚੇ ਸਰ ਕੀਤੇ ਹਨ :

ਤੇ-ਤੇਗ਼ ਮੈਦਾਨ ਵਿਚ ਬਹੁਤ ਚੱਲੇ, ਨਾਲ ਤੇਗ਼ ਦੇ ਰਾਜ ਕਮਾਂਵਦਾ ਏ।
ਚੜ੍ਹਤਲ ਸ਼ੇਰ ਦੀ ਚੜ੍ਹੇ ਮੈਦਾਨ ਅੰਦਰ, ਕਿਲੇ ਮਾਰ ਲੈਂਦਾ ਫਤੇ ਪਾਂਵਦਾ ਏ।
ਉਦੋਂ ਭਾਜ ਪੈਂਦੀ ਵੱਡੇ ਖਹਿਬਰਾਂ ਨੂੰ, ਜਦੋਂ ਧਮਕ ਪਸ਼ੌਰ ਨੂੰ ਜਾਂਵਦਾ ਏ।
ਕਾਦਰਯਾਰ ਕੰਧਾਰੀਆਂ ਦੋਸਤ ਮੁਹੰਮਦ, ਡਰਦਾ ਕਾਬਲੋਂ ਉਰਾਂ ਨਾ ਆਂਵਦਾ ਏ। 3।

ਜੋਧੇ ਦੀ ਆਤਮਾ, ਬਲਵਾਨ ਤੇ ਸੂਰਬੀਰ ਹੁੰਦੀ ਹੈ। ਉਹ ਯੁੱਧ ਕਰਮ ਦਾ ਸੱਚਾ ਪ੍ਰੇਮੀ ਹੁੰਦਾ ਹੈ। ਉਸ ਦਾ ਤੇਗ-ਪ੍ਰੇਮ, ਯੁੱਧ-ਪ੍ਰੇਮ ਅਤੇ ਸੁਆਮੀ-ਪ੍ਰੇਮ ਅਪਾਰ ਹੁੰਦਾ ਹੈ। ਕਰਮ ਦੀ ਦ੍ਰਿੜ੍ਹਤਾ, ਠਰ੍ਹੰਮਾ, ਵਿਉਂਤ ਸ਼ਕਤੀ ਤੇ ਨੀਤੀ ਸੁਚੇਤਨਾ–ਉਸ ਦੇ ਹੋਰ ਗੁਣ ਹਨ। ਪੰਜਾਬ ਦੀ ਇਤਿਹਾਸਿਕ ਤੇ ਭੂਗੋਲਿਕ ਸਥਿਤੀ, ਸਿੱਖ ਧਰਮ ਦੀ ਅਦੁੱਤੀ ਸਪਿਰਿਟ ਤੇ ਸਾਂਸਕ੍ਰਿਤਿਕ ਵਿਰਸੇ ਨੇ ਹਰੀ ਸਿੰਘ ਨਲਵਾ ਨੂੰ ਵਿਲੱਖਣ ਸ਼ਖ਼ਸੀਅਤ ਦੇ ਰੂਪ ਵਿਚ ਢਾਲਿਆ ਹੈ। ਜਦ ਉਹ ਯੁੱਧ ਵਿਚ ਜਾਂਦਾ ਹੈ, ਜਿੱਤ ਹੀ ਪ੍ਰਾਪਤ ਕਰਦਾ ਹੈ। ਇਸ ਜਿੱਤ ਦੇ ਪਿੱਛੇ ਜਿਥੇ ਸ. ਨਲਵਾ ਦੀ ਸੂਰਬੀਰਤਾ, ਬਹਾਦਰੀ ਤੇ ਦ੍ਰਿੜ੍ਹਤਾ ਹਨ, ਉਥੇ ਉਸ ਕੋਲ, ਯੁੱਧ-ਵਿਉਂਤ ਲੜਾਈ ਲੜਨ ਦੀ ਕਲਾ ਅਤੇ ਨੀਤੀ ਵੀ ਹੈ। ਕਾਦਰਯਾਰ ਆਪਣੇ ਨਾਇਕ ਜੋਧੇ ਨੂੰ ਯੁੱਧ-ਖੇਤਰ ਵਿਚ ਸਫਬੰਦੀ ਕਰਦਾ, ਲੜਾਈ ਦੀਆਂ ਚਾਲਾਂ ਚਲਦਾ ਵਿਖਾਉਂਦਾ ਹੈ। ਜਦੋਂ ਦੋਸਤ ਮੁਹੰਮਦ ਦੀ ਫ਼ੌਜ ਜਮਰੋਦ ਦੇ ਕਿਲੇ ਨੂੰ ਘੇਰਾ ਪਾ ਲੈਂਦੀ ਹੈ, ਕਿਲੇਦਾਰ ਸ. ਮਹਾਂ ਸਿੰਘ ਤੁਰੰਤ ਪਿਸ਼ਾਵਰ ਵਿਚ ਸਥਿਤ ਸ. ਨਲਵੇ ਨੂੰ ਸਹਾਇਤਾ ਲਈ ਬੇਨਤੀ ਕਰਦਾ ਹੈ ਤਾਂ ਸ. ਨਲਵੇ ਦੀ ਉਸ ਸਮੇਂ ਦੀ ਯੁੱਧ-ਕਲਾ ਦਾ ਦਰਸ਼ਨ ਹੁੰਦਾ ਹੈ,[17] ਉਸ ਸਮੇਂ ਉਹ ਇਕ ਅਜਿਹੇ ਜਰਨੈਲ ਦੇ ਰੂਪ ਵਿਚ ਪੇਸ਼ ਹੈ ਜੋ ਬਹਾਦਰ ਜੋਧਾ ਤੇ ਨੀਤੀਵੇਤਾ ਵੀ ਹੈ। ਉਹ ਬਾਹਰਲੇ ਪਾਸੇ ਦਰਵੇਸ਼ੀਆਂ ਦੀ ਪਲਟਨ ਲਾ ਕੇ, ਦੂਜੇ ਸਿਪਾਹੀਆਂ ਨੂੰ, ਅੰਦਰ ਸੁਰਖਿਅਤ ਰਖਦਾ ਹੈ। ਅੱਠ ਹਜ਼ਾਰ ਸੈਨਿਕਾਂ ਨਾਲ ਸ. ਨਲਵਾ ਵੱਲੋਂ ਚੁੱਪ ਚੁਪੀਤੇ ਕੀਤਾ ਅਚਾਨਕ ਹਮਲਾ ਜਿੱਤ ਪ੍ਰਾਪਤ ਕਰਾਂਦਾ ਹੈ :

ਦਾਲ-ਦੇਸ਼ ਹੈਰਾਨ ਹੋ ਗਿਆ ਕਾਬਲ, ਸੈਆਂ ਲਸ਼ਕਰਾਂ ਦੇ ਜਿਥੇ ਆਣ ਲੱਥੇ।
ਵਾਲੀ ਆਪ ਹੈ ਥੋੜਿਆਂ ਬਹੁਤਿਆਂ ਦਾ, ਤੇਗ ਪਕੜ ਮੈਦਾਨ ਜਵਾਨ ਲੱਥੇ।
ਹਰੀ ਸਿੰਘ ਸਰਦਾਰ ਦੀ ਫਤੇ ਪਹਿਲੀ ਉਥੇ ਸੈਆਂ ਪਠਾਣਾਂ ਦੇ ਘਾਣ ਲੱਥੇ।
ਕਾਦਰਯਾਰ ਹਥਿਆਰਾਂ ਦੀ ਬਾਤ ਦੂਜੀ, ਭੁੱਖੇ ਬਾਜ਼ ਸ਼ਿਕਾਰ ਨੂੰ ਖਾਣ ਲੱਥੇ। 8।

ਯੁੱਧ ਵਿਚ ਪ੍ਰਾਪਤ ਕੀਤੀ ਜਿੱਤ ਨੂੰ ਸਥਾਈ ਬਣਾਈ ਰਖਣਾ ਵੀ ਅਤਿ ਜ਼ਰੂਰੀ ਹੈ। ਅਚਾਨਕ ਕੀਤੇ ਹਮਲੇ ਤੋਂ ਪ੍ਰਾਪਤ ਹੋਈ ਜਿੱਤ ਕਰਕੇ, ਅਵੇਸਲੇ ਹੋ ਕੇ ਬਹਿ ਜਾਣਾ ਇਕ ਮਾਰੂ ਭੁੱਲ ਹੈ। ਸ. ਹਰੀ ਸਿੰਘ ਨਲਵਾ ਦੀ ਸਹਾਇਤਾ ਨਾਲ ਜਮਰੋਦ ਦੇ ਕਿਲ੍ਹੇ ਦੁਆਲੇ ਪਏ ਘੇਰੇ ਨੂੰ ਤੋੜ ਤਾਂ ਦਿੱਤਾ ਜਾਂਦਾ ਹੈ ਪਰ ਹੋਰ ਬਾਹਰੀ ਸਹਾਇਤਾ ਅਤੇ ਚੌਕਸੀ ਦੇ ਅਭਾਵ ਕਾਰਨ ਸਿੱਖ ਸਰਦਾਰ ਇਸ ਨੂੰ ਸਥਾਈ ਨਾ ਬਣਾ ਸਕੇ। ਚੌਥੇ ਪਹਿਰ ਤਕ ਪਠਾਣ ਫ਼ੌਜਾਂ ਸੰਭਲ ਕੇ ਆਪਣੀਆਂ ਜੇਲਖ਼ਾਨੇ ਵਾਲੀਆਂ ਤੋਪਾਂ ਦਾ ਮੂੰਹ ਸਿੱਖ ਸੈਨਕਾਂ ਵੱਲ ਕਰ ਦਿੰਦੀਆਂ ਹਨ। ਇਸ ਤਰ੍ਹਾਂ ਇਨ੍ਹਾਂ ਤੋਪਾਂ ਦੇ ਮੂੰਹਾਂ ਵਿਚੋਂ ਨਿਕਲੀ ਅੱਗ ਨੇ ਸਿੱਖ ਫ਼ੌਜ ਦੇ ਅਗਲੇ ਦਸਤਿਆਂ ਨੂੰ ਭੁੰਨ ਕੇ ਰੱਖ ਦਿੱਤਾ, ਜਿਸ ਦੇ ਫਲਸਰੂਪ, ਸੰਭਲਣ ਤੋਂ ਪਹਿਲਾਂ ਹੀ, ਸਿੱਖ ਫ਼ੌਜ ਦੀ ਨਜੀਬਾਂ ਵਾਲੀ ਪਲਟਨ[18] ਬਿਲਕੁਲ ਖ਼ਤਮ ਕਰ ਦਿੱਤੀ ਜਾਂਦੀ ਹੈ ਤੇ ਉਨ੍ਹਾਂ ਨੂੰ ਮੈਦਾਨ ਵਿਚੋਂ ਭੱਜ ਕੇ ਜਾਨ ਬਚਾਉਣ ਦੇ ਸਿਵਾ ਹੋਰ ਕੋਈ ਵਿਧੀ ਨਜ਼ਰ ਨਹੀਂ ਆਉਂਦੀ।[19]

ਸ. ਹਰੀ ਸਿੰਘ ਨਲਵਾ ਸੂਰਬੀਰ ਜੋਧਾ ਹੀ ਨਹੀਂ ਸੀ, ਸਗੋਂ ਸਾਹਸੀ ਸੂਰਮਾ ਵੀ ਸੀ। ਜੋਧਾ ਯੁੱਧ ਲੜਦਾ ਹੈ, ਆਪਣੀ ਤੇਗ਼ ਦੇ ਜੌਹਰ ਵਿਖਾਉਂਦਾ ਹੈ, ਆਪਣੇ ਸੈਨਿਕਾਂ ਦੀ ਅਗਵਾਈ ਕਰਦਾ ਹੈ, ਯੁੱਧ-ਚਾਲਾਂ

ਚਲਦਾ ਹੈ, ਅਤੇ ਜਿੱਤ ਪ੍ਰਾਪਤ ਕਰਦਾ ਹੈ, ਪਰੰਤੂ ਕਿਸੇ ਕਾਰਨ ਵਸ ਜੇ ਉਸ ਨੂੰ ਜਿੱਤ ਨਸੀਬ ਨਹੀਂ ਹੁੰਦੀ, ਉਹ ਮੈਦਾਨ ਛੱਡ ਕੇ ਭੱਜਦਾ ਨਹੀਂ। 'ਪੁਰਜ਼ਾ ਪੁਰਜ਼ਾ ਕਟ ਮਰੈ ਕੰਬਹੂ ਨਾ ਛਾਡੈ ਖੇਤ'.....ਗੁਰੂ ਵਾਕ ਅਨੁਸਾਰ ਜੋਧਾ ਉਸ ਸਮੇਂ ਸੂਰਮੇ ਦਾ ਰੂਪ ਧਾਰਨ ਕਰਦਾ ਹੈ ਤੇ ਲੜਦਾ-ਲੜਦਾ ਵੀਰਗਤੀ ਪ੍ਰਾਪਤ ਕਰਦਾ ਹੈ ਤੇ ਪਿੱਠ ਨਹੀਂ ਵਿਖਾਉਂਦਾ।

ਇਥੇ ਅਸੀਂ ਸ. ਹਰੀ ਸਿੰਘ ਨਲਵਾ ਦੇ ਚਰਿਤ੍ਰ ਵਿਚ ਨਾਇਕਤ੍ਵ ਦੀ ਸੂਰਬੀਰਤਾ ਦੇ ਗੁਣ ਦੇਖਦੇ ਹਾਂ। ਉਹ ਇਕ ਨਿਪੁੰਨ ਜਰਨੈਲ ਸੂਰਬੀਰ-ਲੜਾਕਾ ਹੀ ਨਹੀਂ ਸੀ, ਬਲਕਿ ਚੇਤਨ-ਨੀਤਗ ਵੀ ਸੀ। ਜਦ ਸਿੱਖ ਫ਼ੌਜਾਂ ਵਿਚ ਹਫੜਾ-ਦਫੜੀ ਮਚ ਜਾਂਦੀ ਹੈ ਤਾਂ ਉਹ ਆਪ ਅੱਗੇ ਹੋ ਕੇ ਭੱਜ ਰਹੇ ਸੈਨਿਕਾਂ ਨੂੰ ਲਲਕਾਰਦਾ[20] ਹੈ। ਉਨ੍ਹਾਂ ਨੂੰ ਦੋਬਾਰਾ ਸੰਗਠਿਤ ਕਰਦਾ ਹੈ ਤੇ ਹਾਰੀ ਰੁਚੀ ਵਾਲਿਆਂ ਵਿਚ ਜ਼ਿੰਦਗੀ ਭਰਦਾ ਹੈ, ਹਲਾ-ਸ਼ੇਰੀ ਦਿੰਦਾ ਹੈ। ਸੂਰਬੀਰਤਾ ਨਾਲ, ਆਪਣੀ ਯੁੱਧ-ਕਲਾ ਦੇ ਸਹਾਰੇ, ਆਪਣਿਆਂ ਤੋਪਖ਼ਾਨਿਆਂ ਨੂੰ ਅੱਗੇ ਕਰਕੇ, ਧਾਵਾ ਬੋਲਦਾ ਹੈ। ਭਾਵੇਂ ਦੁਸ਼ਮਣ ਤਕੜਾ ਹੈ, ਉਹਦੀਆਂ ਤੋਪਾਂ ਦੀ ਮਾਰ ਦੂਰ ਤਕ ਹੈ, ਪਰ ਸ. ਨਲਵਾ ਸੂਰਮਾ ਹੈ, ਨਿਪੁੰਨ ਜੋਧਾ ਹੈ। ਅਜਿਹੀ ਭਿਆਨਕ ਸਥਿਤੀ ਵਿਚ ਆਪ, ਅਗਲੀਆਂ ਕਤਾਰਾਂ ਵਿਚ ਜਾ ਕੇ ਲੜਦਾ[21] ਹੈ। ਇਕ ਅਜਿਹੀ ਉਦਾਹਰਣ ਪੇਸ਼ ਕਰਦਾ ਹੈ ਜੋ ਹੋਰ ਕਿਤੇ ਘੱਟ ਹੀ ਮਿਲਦੀ ਹੈ। ਇਸ ਲੜਾਈ ਪਿੱਛੋਂ ਸ. ਹਰੀ ਸਿੰਘ ਨਲਵਾ, ਸੂਰਮਿਆਂ ਵਾਂਗ ਆਪ ਸਖਤ ਜ਼ਖਮੀ ਹੋ ਜਾਂਦਾ ਹੈ, ਪਰ ਮੈਦਾਨ ਨਹੀਂ ਛੱਡਦਾ। ਇਹ ਉਸ ਦੀ ਸੂਰਬੀਰਤਾ ਹੈ। ਇਸ ਤਰ੍ਹਾਂ ਇਕ 'ਸਾਬਤ' ਸੂਰਮੇ ਵਾਂਗ ਵੀਰਗਤੀ ਪ੍ਰਾਪਤ ਕਰਦਾ ਹੈ।[22]

ਸੂਰਮਾ ਸਦਾ ਆਤਮ ਵਿਸ਼ਵਾਸੀ, ਸੰਘਰਸ਼ਸ਼ੀਲ ਅਤੇ ਆਤਮ-ਉਤਸਰਗੀ ਸੰਕਲਪ ਦਾ ਧਾਰਨੀ ਹੁੰਦਾ ਹੈ। ਸ. ਹਰੀ ਸਿੰਘ ਨਲਵਾ ਆਪਣੀ ਯੁੱਧ-ਕਲਾ ਦੇ ਚਮਤਕਾਰੀ ਕਰਤੱਵ ਵਿਖਾਉਂਦਾ ਹੈ। ਪਰੰਤੂ ਹੋਰ ਕਈ ਕਾਰਨਾਂ ਕਰਕੇ ਪ੍ਰਾਪਤ ਕੀਤੀ ਜਿੱਤ ਨੂੰ ਉਹ ਸਥਾਈ ਨਹੀਂ ਬਣਾ ਸਕਿਆ। ਉਹ ਗੰਭੀਰ ਰੂਪ ਵਿਚ ਜ਼ਖਮੀ ਹੋ ਜਾਂਦਾ ਹੈ। ਉਸ ਨੂੰ ਆਪਣੇ ਜੀਵਨ ਦਾ ਘੱਟ ਫ਼ਿਕਰ ਹੈ। ਫਿਕਰ ਇਸ ਗੱਲ ਦਾ ਹੈ ਕਿ ਜੇ ਉਸ ਦੀ ਕੁਰਬਾਨੀ ਸਦਕਾ, ਸਿੱਖ ਫ਼ੌਜ ਦੀ ਜਿੱਤ ਸਥਿਰ ਬਣਾਈ ਜਾ ਸਕਦੀ ਹੈ, ਤਾਂ ਉਹ ਇਸ ਗੱਲ ਤੋਂ ਸੰਕੋਚ ਨਹੀਂ ਕਰੇਗਾ। ਉਹ ਜੋਧਾ ਤੇ ਨੀਤਗ ਵੀ ਹੈ। ਉਸ ਨੇ ਆਪਣੇ ਸਲਾਹਕਾਰਾਂ ਤੇ ਸਾਥੀਆਂ ਨੂੰ ਕੁਝ ਭੇਦ-ਭਰੀਆਂ ਗੱਲਾਂ ਸਮਝਾਈਆਂ[23] ਤੇ ਪ੍ਰਾਣ ਤਿਆਗ ਦਿੱਤੇ। ਇਸ ਤਰ੍ਹਾਂ ਸ. ਹਰੀ ਸਿੰਘ ਨਲਵਾ, ਇਕ ਜੋਧਾ, ਇਕ ਸੂਰਮਾ ਅਤੇ ਨੀਤੀਵਾਨ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਅਜਿਹੇ ਬੀਰ-ਜੋਧਾ ਦੇ ਚਲਾਣੇ ਉੱਤੇ ਮਹਾਰਾਜਾ ਰਣਜੀਤ ਸਿੰਘ ਨੂੰ ਦੁੱਖ ਪਹੁੰਚਣਾ ਸੁਭਾਵਿਕ ਹੈ :

ਐਨ-ਐਨ ਸਰਕਾਰ ਨੇ ਗੱਲ ਸਮਝੀ, ਰੋ ਰੋ ਕੇ ਨੀਰ ਰਵਾਂ ਹੋਇਆ।
ਚਲੇ ਦਰਦ ਨਾ ਠਲ੍ਹੀਆਂ ਜਾਣ ਹੰਝੂ, ਅੱਜ ਸ਼ਾਹ ਤੇ ਬੜਾ ਤੂਫਾਨ ਹੋਇਆ।

2.3 ਕਵੀ ਕਾਦਰਯਾਰ ਦੀ ਇਸ ਰਚਨਾ ਵਿਚਲੇ ਸੂਰਮੇ ਦੀ ਸਿਰਜਣਾ ਦੇ ਸੰਕਲਪ ਪਿੱਛੇ ਕਵੀ ਦੀ ਭਾਵਨਾਤਮਕ ਸਾਂਝ ਹੈ, ਜਿਸ ਕਰਕੇ ਉਸ ਨੇ ਆਪਣੇ ਨਾਇਕ ਨੂੰ ਆਦਰਸ਼ ਸ਼ਰਧਾਮੂਲਕ ਅਤੇ ਰੁਮਾਂਟਿਕ ਬਣਾ ਕੇ ਚਿਤਰਿਆ ਹੈ। ਕਾਦਰਯਾਰ ਮੁਸਲਮਾਨ ਹੈ ਪਰੰਤੂ ਭਾਰਤੀ ਸਾਂਸਕ੍ਰਿਤਿਕ ਪਿਛੋਕੜ ਵਿਚ ਪਲਿਆ ਹੋਣ ਕਾਰਨ ਉਹ ਉਸ ਸਮੇਂ ਪ੍ਰਚਲਿਤ ਸਨਾਤਨ ਰੂੜ੍ਹੀਆਂ ਨੂੰ ਵੀ ਤਿਆਗਣ ਤੋਂ ਅਸਮਰਥ ਹੈ। ਇਸੇ ਲਈ ਉਹ ਆਪਣੇ ਨਾਇਕ ਦੀ ਸੂਰਬੀਰਤਾ ਤੇ ਸਾਹਸ ਨੂੰ ਕਵਿਤਾਉਣ ਵੇਲੇ ਇਕ ਭਾਰੀ ਭੁੱਲ ਕਰ ਜਾਂਦਾ ਹੈ, ਜਿਸ ਨਾਲ ਨਾਇਕ ਦੀ ਸਰੂਪ-ਉਸਾਰੀ ਵਿਖੰਡਿਤ ਹੋ ਗਈ ਜਾਪਦੀ ਹੈ ਅਤੇ ਕਵੀ ਦਾ ਸੂਰਮੇ ਦਾ ਸਿਰਜਣ-ਸੰਕਲਪ ਅੰਤਰ-ਵਿਰੋਧੀ ਹੋ ਜਾਂਦਾ ਹੈ। ਸੂਰਮਾ ਤਾਂ ਲੜਾਈ ਦੇ ਹਵਨ ਕੁੰਡ ਵਿਚ ਹੱਸ ਕੇ ਆਪਣੀ ਆਹੂਤੀ ਦਿੰਦਾ ਹੈ। ਉਸ ਨੂੰ ਮਰਨ ਦਾ ਨਾ ਗ਼ਮ ਹੁੰਦਾ ਹੈ, ਨਾ ਡਰ ਤੇ ਨਾ ਹੀ ਅਫ਼ਸੋਸ, ਪਰੰਤੂ ਕਾਦਰਯਾਰ ਹਰੀ ਸਿੰਘ ਨਲਵਾ ਦੀ ਮੌਤ ਸਮੇਂ ਜੋ ਕਾਵਿ ਵਰਣਨ ਕਰਦਾ ਹੈ :

ਲੱਕ ਬੰਨ੍ਹ ਕੇ ਘੋੜੇ ਉੱਤੇ ਚੀਸ ਵੱਟੀ, ਅੱਖੀਂ ਚਲ ਪਿਆ ਜਦੋਂ ਨੀਰ ਸਾਰਾ।
ਘਰ ਬਾਰ ਧੀਆਂ ਪੁੱਤਰ ਯਾਦ ਆਏ, ਆਣ ਸੱਲ ਵਿਛੋੜੇ ਦਾ ਤੀਰ ਲੱਗਾ। 12।

ਉਹ ਅਤਿਅੰਤ ਅਸੁਭਾਵਿਕ ਅਤੇ ਅਤਿ-ਅਧਿਕ ਭਾਵੁਕ ਜਾਪਦਾ ਹੈ। ਇਸ ਗੱਲ ਦੀ ਪੁਸ਼ਟੀ ਬਾਵਾ ਬੁੱਧ ਸਿੰਘ ਨੇ ਵੀ ਕੀਤੀ ਹੈ : 'ਜਾਪਦਾ ਹੈ, ਕਵੀ ਨੂੰ ਬੀਰ-ਬਹਾਦਰਾਂ ਦੀ ਮੌਤ ਦਾ ਅਨੁਭਵ ਹੀ ਨਹੀਂ'।[24] ਕਵੀ ਸ. ਹਰੀ ਸਿੰਘ ਨਲਵਾ ਦੇ ਮਰਨ ਸਮੇਂ 'ਪੁੰਨਦਾਨ ਕਰਨ' ਦੀ ਗੱਲ ਪਿੱਛੇ ਉਕਤ ਰੂੜ੍ਹ ਪ੍ਰੇਰਕ-ਭਾਵ[25] ਹਨ।

3. ਯੁੱਧ ਵਰਣਨ : 3.1. ਇਸ ਰਚਨਾ ਵਿਚ ਜਿਥੇ ਕਵੀ ਨੇ, ਆਪਣੇ ਨਾਇਕ ਨੂੰ ਇਕ ਜੋਧਾ ਤੇ ਸੂਰਮਾ ਦਰਸਾਇਆ ਹੈ, ਉਥੇ ਉਸ ਵੱਲੋਂ ਅਪਣਾਈ ਰਣ-ਜੁਗਤ ਅਤੇ ਯੁੱਧ-ਕਲਾ ਦਾ ਪ੍ਰਦਰਸ਼ਨ ਵੀ ਕੀਤਾ ਹੈ। ਕਾਦਰਯਾਰ ਨੇ ਵਿਸਤਾਰ-ਵਰਣਨ ਦੀ ਥਾਂ ਸੰਖੇਪ-ਵਰਣਨ ਵਿਧੀ ਰਾਹੀਂ ਦੋ ਵਿਰੋਧੀ ਫ਼ੌਜਾਂ ਨੂੰ ਆਪਣੀਆਂ-ਆਪਣੀਆਂ ਬਲਕਾਰੀ ਤੇ ਕ੍ਰਿਸ਼ਮੇ ਦਿਖਾਉਂਦੀਆਂ ਤੇਗਾਂ ਤੇ ਤੋਪਾਂ ਨਾਲ ਮੁਕਾਬਲਾ ਕਰਦਿਆਂ ਦਿਖਾਇਆ ਹੈ। ਇੰਜ ਕੀਤੇ ਯੁੱਧ-ਵਰਣਨ ਵਿਚ, ਯੁੱਧ-ਸ਼ਸਤ੍ਰਾਂ, ਖੇਤਰ-ਵਿਧਾਨ ਤੇ ਯੁੱਧ-ਨੀਤੀ ਦਾ ਵੀ ਬੋਧ ਹੁੰਦਾ ਹੈ। ਤੇਗਾਂ, ਤੋਪਾਂ, ਜ਼ੀਨਾਂ, ਘੋੜੇ-ਕਾਠੀਆਂ, ਤੰਬੂਰਾਂ, ਧੌਂਸਾ, ਪੜਤਲਾਂ ਲਸ਼ਕਰਾਂ ਕਿਲ੍ਹਿਆਂ ਆਦਿ ਦੀ ਯੁੱਧ-ਸ਼ਬਦਾਵਲੀ ਆਮ ਵਰਤੋਂ ਵਿਚ ਲਿਆਂਦੀ ਗਈ ਹੈ। ਕਵੀ ਸ. ਨਲਵੇ ਵੱਲੋਂ ਅਚਾਨਕ ਕਰਵਾਏ ਗਏ ਹਮਲੇ ਦਾ ਜ਼ਿਕਰ ਕਰਦਾ ਹੈ, ਜਿਸ ਬਾਰੇ ਦੁਸ਼ਮਣ ਨੇ ਸੋਚਿਆ ਤਕ ਨਹੀਂ ਸੀ। ਇੰਜ ਸਾਨੂੰ ਸ. ਨਲਵੇ ਵੱਲੋਂ ਅਪਣਾਈ ਯੁੱਧ-ਨੀਤੀ ਤੇ ਕਲਾ ਦਾ ਪਤਾ ਲੱਗਦਾ ਹੈ। ਕਵੀ ਉਨ੍ਹਾਂ ਯੁੱਧ-ਚਾਲਾਂ ਦਾ ਵੀ ਵਰਣਨ ਕਰਦਾ ਹੈ ਜੋ ਉਸ ਸਮੇਂ ਅਪਣਾਈਆਂ ਗਈਆਂ ਸਨ (ਵੇਖੋ ਛੰਦ 8), ਪਰੰਤੂ ਜਿੱਤ ਨੂੰ ਸਥਾਈ ਬਣਾਈ ਰੱਖਣ ਲਈ ਚੌਕਸੀ ਦੀ ਲੋੜ ਹੁੰਦੀ ਹੈ, ਜਿਸ ਦੇ ਅਭਾਵ ਕਾਰਨ ਪਠਾਣ ਸੰਭਲਕੇ, ਆਪਣੇ ਜੇਲ੍ਹਖ਼ਾਨੇ ਵਾਲੇ ਤੋਪਖ਼ਾਨੇ ਦਾ ਮੂੰਹ ਸਿੱਖ-ਫ਼ੌਜਾਂ ਵੱਲ ਕਰ ਦਿੰਦੇ ਹਨ। ਫਲਸਰੂਪ ਸਿੱਖਾਂ ਦੀ ਨਜੀਬਾਂ ਵਾਲੀ ਪਲਟਨ ਦਾ ਭਾਰੀ ਨੁਕਸਾਨ ਹੁੰਦਾ ਹੈ। (ਵੇਖੋ ਛੰਦ 9)। ਕਵੀ ਹਾਰ ਸਮੇਂ ਫ਼ੌਜ ਵਿਚ ਜੋ ਭਾਜੜ ਪੈਂਦੀ ਹੈ, ਉਸ ਦਾ ਸ਼ਬਦ-ਚਿੱਤਰ ਵੀ ਖਿੱਚਦਾ ਹੈ (ਵੇਖੋ ਛੰਦ 10)।

4. ਇਤਿਹਾਸਿਕ ਘਟਨਾਵਾਂ ਦੇ ਵੇਰਵੇ : 4.1. ਕਾਦਰਯਾਰ ਦੀ ਇਹ ਰਚਨਾ ਉਨ੍ਹਾਂ ਇਤਿਹਾਸਿਕ ਘਟਨਾਵਾਂ ਉੱਤੇ ਆਧਾਰਿਤ ਹੈ ਜਿਹੜੀਆਂ ਉਸ ਦੇ ਜੀਵਨ-ਕਾਲ ਸਮੇਂ ਘਟੀਆਂ ਸਨ। ਇਤਿਹਾਸਿਕ ਰਚਨਾ ਹੁੰਦੀ ਹੋਈ ਵੀ ਇਹ ਇਕ ਸਾਹਿੱਤਿਕ ਕ੍ਰਿਤ ਹੈ, ਨਿਰੋਲ ਇਤਿਹਾਸ ਨਹੀਂ। ਜਦੋਂ ਕੋਈ ਲੇਖਕ, ਇਤਿਹਾਸ ਨੂੰ ਆਪਣੀ ਸਾਹਿੱਤਿਕ ਕ੍ਰਿਤ ਦਾ ਆਧਾਰ ਬਣਾਉਂਦਾ ਹੈ, ਤਾਂ ਉਸ ਵਿਚ ਸਾਹਿੱਤਿਕ ਗੁਣ ਆ ਜਾਣੇ ਵਧੇਰੇ ਸੁਭਾਵਿਕ ਹਨ। ਸਿਰਜਣ ਪ੍ਰਕ੍ਰਿਆ ਸਮੇਂ ਲੇਖਕ ਇਸ ਵਿਚ ਅਜਿਹੇ ਸਾਹਿੱਤਿਕ ਗੁਣ ਸੰਮਿਲਿਤ ਕਰਦਾ ਹੈ ਕਿ ਨਿਰੋਲ ਇਤਿਹਾਸ ਹੋਣ ਉੱਤੇ ਵੀ ਇਹ ਸਾਹਿੱਤਿਕ ਰਚਨਾ ਬਣ ਜਾਂਦੀ ਹੈ। ਕਵਿਤਾ ਵਿਚ ਇਤਿਹਾਸ ਨੂੰ ਲੈ ਆਉਣਾ ਬਹੁਤ ਕਠਿਨ ਹੈ, ਕਿਉਂਕਿ ਕਾਵਿ ਦੇ ਤੱਤ–ਕਲਪਨਾ, ਅਨੁਭਵ, ਭਾਵੁਕਤਾ ਅਤੇ ਕਾਵਿ-ਸ਼ੈਲੀ ਇਤਿਹਾਸ ਨੂੰ ਸਾਹਿੱਤ ਬਣਾ ਹੀ ਦਿੰਦੇ ਹਨ। ਇੰਜ ਇਕ ਤਾਂ ਇਤਿਹਾਸ ਦੀ ਵਿਸ਼ੇਸ਼ਤਾ ਸਰਬ ਵਿਆਪਕ ਬਣ ਜਾਂਦੀ ਹੈ, ਦੂਜੇ ਇਤਿਹਾਸਿਕ, ਕਲਾਤਮਿਕ ਤੇ ਸੁਹਜਾਤਮਕ ਢੰਗ ਨਾਲ ਪੇਸ਼ ਹੁੰਦੀ ਹੈ। ਇਸ ਤਰ੍ਹਾਂ ਇਤਿਹਾਸਿਕ ਤੱਥਾਂ ਦਾ ਧੁੰਧਲਾ ਹੋ ਜਾਣਾ ਕੁਦਰਤੀ ਹੈ।

4.2. ਇਸ ਰਚਨਾ ਵਿਚ ਜਿਨ੍ਹਾਂ ਇਤਿਹਾਸਿਕ ਪਾਤਰਾਂ ਦਾ ਵਰਣਨ ਹੈ ਉਹ ਇਸ ਪ੍ਰਕਾਰ ਹਨ :

(ੳ) **ਸਰਦਾਰ ਹਰੀ ਸਿੰਘ ਨਲਵਾ** : ਸ. ਹਰੀ ਸਿੰਘ ਨਲਵਾ ਕਾਦਰਯਾਰ ਦੀ ਇਸ ਰਚਨਾ ਦਾ ਜੋਧਾ-ਸੂਰਮਾ ਹੈ, ਜਿਸ ਦੇ ਆਲੇ ਦੁਆਲੇ ਇਹ ਕਵਿਤਾ ਘੁੰਮਦੀ ਹੈ। ਕਵੀ ਨੇ ਇਸ ਦੀ ਜੀਵਨੀ ਦਾ ਕਾਵਿ-ਵਰਣਨ ਉਨ੍ਹਾਂ ਹੀ ਕੀਤਾ ਹੈ ਜਿਨਾਂ ਕਿ ਇਕ ਸੂਰਮੇ ਤੇ ਜੋਧੇ ਦੀ ਪ੍ਰਤਿਭਾ ਨੂੰ ਚਮਕਾਉਣ ਲਈ ਜ਼ਰੂਰੀ ਹੁੰਦਾ ਹੈ। ਸ. ਹਰੀ ਸਿੰਘ ਨਲਵਾ ਸ. ਗੁਰਦਿਆਲ ਸਿੰਘ ਜੀ ਉੱਪਲ ਦੇ ਘਰ, ਮਾਤਾ ਧਰਮ ਕੌਰ ਦੇ ਪੇਟੋਂ ਗੁਜਰਾਂਵਾਲੇ, ਸੰਨ 1791 ਈ. ਨੂੰ ਪੈਦਾ ਹੋਏ। ਆਪ ਦੀ ਸ਼ਖ਼ਸੀਅਤ ਦਾ ਸ਼ਬਦ-ਚਿੱਤਰ ਸ. ਸ਼ਮਸ਼ੇਰ ਸਿੰਘ ਅਸ਼ੋਕ ਇਸ ਤਰ੍ਹਾਂ ਖਿੱਚਦੇ ਹਨ: "ਸਰਦਾਰ ਹਰੀ ਸਿੰਘ ਨਲਵਾ, ਰੰਗ ਦਾ ਗੋਰਾ, ਤਿੱਖੇ ਨੈਣ-ਨਕਸ਼, ਕੱਦ ਦਾ ਸੁਮੱਧਰ, ਨਾ ਬਹੁਤਾ ਉੱਚਾ ਨਾ ਬਹੁਤਾ ਲੰਮਾ, ਜਿਸਮਾਨੀ ਤੌਰ ਉੱਤੇ ਡਾਢਾ ਫੁਰਤੀਲਾ, ਅਕਲ ਦਾ ਤੇਜ਼, ਇਲਮ ਹੁਨਰ ਦਾ ਧਨੀ, ਚਿਹਰਾ ਪ੍ਰਭਾਵਸ਼ਾਲੀ ਤੇ ਰੁਅਬ ਵਾਲਾ ਸ਼ਸਤ੍ਰ-ਅਸਤ੍ਰ ਵਿਦਿਆ ਵਿਚ ਪੂਰੀ ਤਰ੍ਹਾਂ ਨਿਪੁੰਨ, ਸਦਾਚਾਰਿਕ ਪੱਧਰ ਤੋਂ ਉੱਚਾ-ਸੁੱਚਾ,

ਪੂਰਾ-ਪੂਰਾ ਸਤਿ-ਜੰਗੀ ਤੇ ਵਿਦਵਾਨਾਂ ਦਾ ਪ੍ਰੇਮੀ, ਆਚਾਰ-ਵਿਹਾਰ ਦਾ ਸਾਫ ਸੁਥਰਾ; ਦੇਸ਼ ਵਿਦੇਸ਼ ਦੇ ਸਿਆਸੀ ਹਾਲਾਤ ਤੋਂ ਪੂਰੀ ਤਰ੍ਹਾਂ ਜਾਣੂ, ਦੇਸ਼ ਕੌਮ ਦੀ ਸੇਵਾ ਦੇ ਜਜ਼ਬੇ ਨਾਲ ਓਤਪ੍ਰੋਤ, ਲਾਗ ਲਪੇਟ ਤੋਂ ਰਹਿਤ, ਮਿੱਠ-ਬੋਲਾ, ਰਾਜਨੀਤਿਕ ਕੰਮਾਂ ਦਾ ਮਾਹਰ, ਮੂੰਹੋਂ ਬੋਲ ਕੇ ਆਵਾਜ਼ ਨਾਲ ਹੀ ਦੁਸ਼ਮਣ ਦੀ ਜਾਨ ਕੱਢ ਲੈਣ ਵਾਲਾ, ਸ਼ੇਰ-ਪੰਜਾਬ ਵਾਂਗ ਸ਼ਹਾਨਾ-ਡੀਲ-ਡੌਲ ਵਾਲਾ, ਦੇਖਣ ਚਾਖਣ ਵਿਚ ਬੜਾ ਪ੍ਰਭਾਵਕ, ਜੀਵਨ ਦੇ ਹਰ ਪੱਖ ਤੋਂ ਪੂਰੀ ਤਰ੍ਹਾਂ ਬਾ-ਤਦਬੀਰ, ਚੰਬੇ-ਘੋੜੇ ਦਾ ਸ਼ਾਹ ਸਵਾਰ ਤੇ ਸਿੱਖ-ਰਾਜ ਦਾ ਇਕ ਵਫ਼ਾਦਾਰ-ਜੋਧਾ ਜਰਨੈਲ ਸੀ।"[26] ਕਵੀ ਕਾਦਰਯਾਰ ਅਨੁਸਾਰ :

ਅਲਫ-ਆਫਰੀਂ ਜੰਮਣਾ ਕਹਿਣ ਸਾਰੇ,
ਹਰੀ ਸਿੰਘ ਦੂਲੋ ਸਰਦਾਰ ਤਾਈਂ।
ਜਮਾਦਾਰ ਬੇਲੀ ਰਾਜੇ ਸਾਹਿਬ ਕੋਲੋਂ,
ਕੱਦ ਉੱਚਾ ਬੁਲੰਦ ਸਰਦਾਰ ਤਾਈਂ।
ਧਨੀ ਤੇਗ਼ ਦਾ ਮਰਦ ਨਸੀਬ ਵਾਲਾ,
ਸਾਇਆ ਓਸ ਦਾ ਕੁੱਲ ਸੰਸਾਰ ਤਾਈਂ।
ਕਾਦਰਯਾਰ ਪਹਾੜਾਂ ਨੂੰ ਸੋਧਿਆ ਸੂ,
ਕਾਬਲ ਕੰਬਿਆ ਖ਼ੌਫ਼ ਕੰਧਾਰ ਤਾਈਂ। 1।

ਕਾਦਰਯਾਰ ਸ. ਹਰੀ ਸਿੰਘ ਨਲਵਾ ਦੀਆਂ ਇਤਿਹਾਸਿਕ ਜਿੱਤਾਂ ਦਾ ਲੜੀਵਾਰ ਕਾਵਿ-ਵਰਣਨ ਕਰਨ ਦੀ ਥਾਂ ਉਸ ਦੀ ਵਿਆਪਕ ਸੂਰਬੀਰਤਾ ਤੇ ਬਹਾਦਰੀ ਦੇ ਹੀ ਗੁਣ ਗਾਉਂਦਾ ਹੈ ਪਰ ਉਸ ਨੇ ਜੀਵਨ-ਕਾਲ ਵਿਚ ਲੜੀਆਂ ਲੜਾਈਆਂ (ਮੁਲਤਾਨ 1810, ਕਸ਼ਮੀਰ 1812, ਮੁਲਤਾਨ 1815, ਪਿਸ਼ਾਵਰ 1818, ਹਜ਼ਾਰਾ 1820, ਫਿਰ ਪਿਸ਼ਾਵਰ 1823-23, ਅਕੋੜਾ 1827 ਆਦਿ) ਦਾ ਵੇਰਵਾ ਨਹੀਂ ਦਿੰਦਾ ਕੇਵਲ ਜਮਰੋਦ ਦੀ ਲੜਾਈ ਦਾ ਹਾਲ ਹੀ ਸੰਖੇਪ ਢੰਗ ਨਾਲ ਕਵਿਤਾਉਂਦਾ ਹੈ। ਉਸ ਸਮੇਂ ਉਸ ਕਿਲ੍ਹੇ ਦੀ ਨਿਗਰਾਨੀ ਸ. ਮਹਾਂ ਸਿੰਘ ਕਰ ਰਿਹਾ ਸੀ। ਕਾਦਰਯਾਰ ਇਸ ਦਾ ਨਾਇਕ ਸ. ਨਲਵੇ ਨੂੰ ਬਣਾਉਂਦਾ ਹੈ ਉਸ ਵਿਚ ਨਾਇਕ ਦੇ ਗੁਣ ਭਰਦਾ ਹੈ। ਉਹ ਜੋਧਾ ਤੇ ਸੂਰਮਾ ਹੈ, ਨੀਤੀਵੇਤਾ ਹੈ। ਯੁੱਧ ਕਲਾ ਦਾ ਮਾਹਰ ਹੈ। ਕਵੀ ਨੇ ਸ. ਹਰੀ ਸਿੰਘ ਦੇ ਜੀਵਨ ਦੇ ਹੋਰ ਇਤਿਹਾਸਿਕ ਵੇਰਵੇ ਨਹੀਂ ਦਿੱਤੇ। ਜਮਰੋਦ ਦੀ ਲੜਾਈ ਤੋਂ ਪਹਿਲਾਂ, ਕਿਲ੍ਹੇਦਾਰ ਸ. ਮਹਾਂ ਸਿੰਘ ਵੱਲੋਂ ਸ. ਨਲਵਾ ਨੂੰ ਸਹਾਇਤਾ ਲਈ ਬੁਲਾਉਣ ਉੱਤੇ ਸ. ਹਰੀ ਸਿੰਘ ਨਲਵੇ ਵੱਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਆਏ ਖ਼ਤਰੇ ਤੋਂ ਜਾਣੂ ਕਰਵਾਉਣ ਦੇ ਸੰਕੇਤ ਮਾਤਰ ਵੇਰਵੇ ਮਿਲਦੇ ਹਨ।

(ਅ) **ਦੋਸਤ ਮੁਹੰਮਦ ਖ਼ਾਂ** : ਦੋਸਤ ਮੁਹੰਮਦ ਖ਼ਾਂ ਬਾਰਕਜ਼ਈ ਸਰਦਾਰਾਂ ਵਿਚੋਂ ਇਕ ਸੀ, ਜਿਨ੍ਹਾਂ ਦਾ ਉਸ ਸਮੇਂ ਅਫ਼ਗਾਨਿਸਤਾਨ ਉੱਤੇ ਕਬਜ਼ਾ ਸੀ। ਉਸ ਸਮੇਂ ਕਾਬਲ–ਮੁਹੰਮਦ ਆਜ਼ਮ ਖ਼ਾਂ, ਗਜ਼ਨੀ–ਦੋਸਤ ਮੁਹੰਮਦ ਖ਼ਾਂ, ਕੰਧਾਰ–ਯਾਰ ਦਿਲ ਖ਼ਾਂ ਅਤੇ ਪਿਸ਼ਾਵਰ–ਯਾਰ ਮੁਹੰਮਦ ਖ਼ਾਂ ਦੇ ਅਧੀਨ ਸੀ। ਬਾਰਕਜ਼ਈ ਭਰਾਵਾਂ ਦੀ ਸ਼ਕਤੀ ਨੂੰ ਖ਼ਤਮ ਕਰਨ ਲਈ, ਮਹਾਰਾਜਾ ਰਣਜੀਤ ਸਿੰਘ ਨੇ 1818 ਈ. ਤੋਂ ਲੈ ਕੇ 1824 ਈ. ਤਕ ਪਿਸ਼ਾਵਰ ਹਜ਼ਾਰਾ ਆਦਿ ਇਲਾਕਿਆਂ ਉਪਰ ਕਬਜ਼ਾ ਕਰਨ ਲਈ ਕਈ ਮੁਹਿੰਮਾਂ ਆਰੰਭ ਕੀਤੀਆਂ, ਜਿਨ੍ਹਾਂ ਦੀ ਅਗਵਾਈ ਸ. ਨਲਵਾ ਹੀ ਕਿਸੇ ਨਾ ਕਿਸੇ ਰੂਪ ਵਿਚ ਕਰਦੇ ਰਹੇ। ਅੰਤ ਅਕੋੜੇ ਦੀ ਲੜਾਈ ਜੋ 21 ਦਸੰਬਰ, 1827 ਈ. ਨੂੰ ਲੜੀ ਗਈ, ਦੀ ਜਿੱਤ ਪਿੱਛੋਂ ਤੇ 1829 ਈ. ਨੂੰ ਸੱਯਦ ਅਹਿਮਦ ਖ਼ਾਂ ਨੂੰ ਮੌਤ ਦੇ ਘਾਟ ਉਤਾਰਕੇ, ਸ. ਹਰੀ ਸਿੰਘ ਨਲਵਾ ਨੇ ਬਾਰਕਜ਼ਈ ਭਰਾਵਾਂ ਦੀ ਤਾਕਤ ਨੂੰ ਖ਼ਤਮ ਕਰਨ ਲਈ ਮੈਦਾਨ ਸਾਫ਼ ਕਰ ਲਿਆ। ਫਲਸਰੂਪ, ਸ. ਹਰੀ ਸਿੰਘ ਨਲਵਾ ਪਿਸ਼ਾਵਰ ਉੱਤੇ ਕਬਜ਼ਾ ਕਰਕੇ (1834-1836 ਈ. ਤਕ), ਇਸ ਇਲਾਕੇ ਉੱਤੇ ਆਪਣੀ ਹਕੂਮਤ ਕਰਨ ਦੇ ਯੋਗ ਹੋਇਆ। ਅਜਿਹੀਆਂ ਤਕੜੀਆਂ ਜਿੱਤਾਂ ਵੇਖਕੇ ਮੁਹੰਮਦ ਖ਼ਾਨ ਨੇ ਪਿਸ਼ਾਵਰ ਉੱਤੇ ਚੜ੍ਹਾਈ ਕਰ ਦਿੱਤੀ। ਪਰ ਉਹ ਆਪਣੇ ਉੱਦੇਸ਼ ਵਿਚ ਸਫ਼ਲ ਨਾ ਹੋ ਸਕਿਆ ਅਤੇ ਸਿੱਖ ਫ਼ੌਜ ਦਾ ਮੁਕਾਬਲਾ ਨਾ ਕਰ ਸਕਿਆ, ਅੰਤ ਵਿਚ ਭੱਜ ਗਿਆ। ਪਰੰਤੂ ਉਸ ਨੇ ਸਿੱਖ ਰਾਜ ਦੇ ਵਿਰੁੱਧ ਆਪਣੀ

ਤਿਆਰੀ ਗੁਪਤ ਰੂਪ ਵਿਚ ਜਾਰੀ ਰੱਖੀ। ਉਨ੍ਹਾਂ ਦਿਨਾਂ (ਸੰਨ 1836 ਈ.) ਵਿਚ ਜਮਰੋਦ ਦਾ ਕਿਲ੍ਹੇਦਾਰ ਸ. ਮਹਾਂ ਸਿੰਘ ਸੀ। ਦੋਸਤ ਮੁਹੰਮਦ ਖ਼ਾਂ ਦੀ ਤਿਆਰੀ ਦੀਆਂ ਖ਼ਬਰਾਂ ਸੁਣਕੇ ਸ. ਹਰੀ ਸਿੰਘ ਨਲਵਾ ਜੋ ਪਿਸ਼ਾਵਰ ਕਿਲ੍ਹੇ ਵਿਚ ਸੀ, ਨੂੰ ਸੁਚੇਤ ਕਰ ਦਿੱਤਾ ਗਿਆ। ਅੰਤ ਅਪ੍ਰੈਲ 1837 ਨੂੰ ਦੋਸਤ ਮੁਹੰਮਦ ਖ਼ਾਂ ਨੇ ਆਪਣੇ ਪੁੱਤਰਾਂ ਦੀ ਅਗਵਾਈ ਹੇਠ ਫ਼ੌਜ ਭੇਜ ਦਿੱਤੀ, ਜਿਸ ਨੇ ਦੱਰਾ ਖ਼ੈਬਰ ਪਾਰ ਕਰਕੇ ਸਿੱਖ ਫ਼ੌਜ ਨਾਲ ਟੱਕਰ ਲਈ, ਪਿਸ਼ਾਵਰ ਨੇੜੇ ਜਮਰੋਦ ਵਿਖੇ ਪੁੱਜ ਕੇ ਕਿਲ੍ਹੇ ਉੱਤੇ ਹਮਲਾ ਕਰ ਦਿੱਤਾ। ਸ. ਮਹਾਂ ਸਿੰਘ ਨੇ ਉਸੇ ਸਮੇਂ ਮੱਦਦ ਲਈ ਸ. ਨਲਵਾ ਨੂੰ ਬੁਲਾ ਭੇਜਿਆ, ਜੋ ਪਿਸ਼ਾਵਰ ਦੇ ਕਿਲ੍ਹੇ ਸੁਮੇਰ ਗੜ੍ਹ (ਬਾਲਾ ਹਿਸਾਰ) ਦੀ ਰਖਵਾਲੀ ਕਰ ਰਿਹਾ ਸੀ। ਦੋਸਤ ਮੁਹੰਮਦ ਚਲਾਕ ਵਿਅਕਤੀ ਸੀ, ਜਿਹੜਾ ਲਾਹੌਰ ਦਰਬਾਰ ਦੀ ਕਮਜ਼ੋਰੀ ਤੇ ਫੁੱਟ ਦਾ ਲਾਭ ਉਠਾਉਣਾ ਚਾਹੁੰਦਾ ਹੀ। ਜਦ ਉਸ ਨੇ ਆਪਣੇ ਪੰਜ ਪੁੱਤਰਾਂ ਦੀ ਅਗਵਾਈ ਅਧੀਨ ਤਕੜੀ ਫ਼ੌਜ ਨਾਲ ਜਮਰੋਦ ਉਪਰ ਚੜ੍ਹਾਈ ਕਰਵਾਈ, ਉਸ ਸਮੇਂ 21 ਅਪ੍ਰੈਲ 1837 ਨੂੰ ਕਿਲ੍ਹੇ ਵਿਚ ਕੇਵਲ 800 ਜੋਧੇ ਸਨ। ਤੇਜ਼ੀ ਨਾਲ ਕੀਤੇ ਹਮਲੇ ਸਦਕੇ ਸਿੱਖਾਂ ਦਾ ਨੁਕਸਾਨ ਤਾਂ ਹੋਇਆ ਪਰੰਤੂ ਦੁਸ਼ਮਣ ਸਫ਼ਲ ਨਾ ਹੋ ਸਕਿਆ। ਦੂਜਾ ਹਮਲਾ 27 ਅਪ੍ਰੈਲ 1837 ਨੂੰ ਫਿਰ ਕੀਤਾ, ਜਿਸ ਨਾਲ ਸਿੰਘਾਂ ਦਾ ਹੋਰ ਨੁਕਸਾਨ ਹੋਇਆ। ਉਸੇ ਦਿਨ ਸ. ਹਰੀ ਸਿੰਘ ਨਲਵਾ ਪਿਸ਼ਾਵਰ ਤੋਂ ਚਲ ਕੇ ਦੂਜੇ ਦਿਨ ਜਮਰੋਦ ਪੁੱਜ ਗਿਆ। ਦੋਵੇਂ ਫ਼ੌਜਾਂ ਦੀ ਟੱਕਰ ਹੋਈ। ਪਠਾਣ ਸ. ਹਰੀ ਸਿੰਘ ਨਲਵਾ ਦੀ ਬਹਾਦਰ ਫ਼ੌਜ ਦਾ ਮੁਕਾਬਲਾ ਨਾ ਕਰ ਸਕੇ। 30 ਅਪ੍ਰੈਲ 1837 ਨੂੰ ਉਹ ਮੈਦਾਨ ਛੱਡ ਗਏ। ਇਸ ਤਰ੍ਹਾਂ ਜਿੱਤ ਦਾ ਸਿਹਰਾ ਸਿੰਘਾਂ ਦੇ ਸਿਰ ਬੱਝਾ। ਪਰੰਤੂ ਜਦੋਂ ਕੁਝ ਮਨਚਲੇ ਸਿੰਘ ਦੁਸ਼ਮਣ ਦਾ ਸਾਮਾਨ ਇਕੱਠਾ ਕਰ ਰਹੇ ਸਨ ਤੇ ਸ. ਨਲਵਾ ਘੋੜੇ ਉੱਤੇ ਚੜ੍ਹਕੇ ਉਨ੍ਹਾਂ ਨੂੰ ਵੇਖ ਰਿਹਾ ਸੀ, ਉਸ ਵੇਲੇ ਧੋਖੇ ਨਾਲ ਪਠਾਣ ਸਿਪਾਹੀਆਂ ਨੇ ਗੋਲੀ ਚਲਾ ਕੇ ਸ. ਹਰੀ ਸਿੰਘ ਨਲਵਾ ਨੂੰ ਜ਼ਖ਼ਮੀ ਕਰ ਦਿੱਤਾ ਤੇ, ਪਿੱਛੋਂ ਉਸ ਦੀ ਮੌਤ ਹੋਈ। ਜਮਰੋਦ ਦੀ ਲੜਾਈ ਦੇ ਪਿਛੋਕੜ ਵਿਚ ਰਹਿ ਕੇ ਦੋਸਤ ਮੁਹੰਮਦ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰਨ ਵਾਲਾ ਅਜਿਹਾ ਖਲਨਾਇਕ ਹੈ, ਜਿਸ ਦਾ ਜ਼ਿਕਰ ਕਾਦਰਯਾਰ ਨੇ ਮਾਮੂਲੀ ਢੰਗ ਨਾਲ ਅਤੇ ਸਾਧਾਰਨ ਲਹਿਜੇ ਵਿਚ ਹੀ ਕੀਤਾ ਹੈ। ਨਾ ਉਸ ਦੀ ਵਿਰੋਧੀ ਸ਼ਕਤੀ ਦਾ ਅਤੇ ਨਾ ਹੀ ਉਸ ਦੀ ਜੰਗੀ ਵਿਉਂਤ ਅਤੇ ਯੁੱਧ-ਕਲਾ ਉੱਤੇ ਪ੍ਰਕਾਸ਼ ਪਾਇਆ ਹੈ।[27]

(ਏ) **ਸ. ਮਹਾਂ ਸਿੰਘ ਮੀਰਪੁਰੀਆ :** ਸ. ਮਹਾਂ ਸਿੰਘ ਮੀਰਪੁਰੀਆ 1836 ਈ. ਵਿਚ ਦਰਾ ਖ਼ੈਬਰ ਦੇ ਨਾਕੇ ਉਪਰ ਬਣਵਾਏ ਗਏ ਕਿਲ੍ਹੇ ਦਾ ਕਿਲੇਦਾਰ ਸੀ, ਜਿਹੜਾ 1834 ਵਿਚ ਕੁਝ ਸਮੇਂ ਵਾਸਤੇ ਹਜ਼ਾਰੇ ਦਾ ਗਵਰਨਰ ਵੀ ਰਹਿ ਚੁੱਕਾ ਸੀ। "ਸਰਦਾਰ ਮਹਾਂ ਸਿੰਘ ਨੇ ਸ. ਹਰੀ ਸਿੰਘ ਵਾਂਗ ਹੀ ਚੜ੍ਹਦੀ ਜੁਆਨੀ ਸਮੇਂ ਢਾਲ ਤਲਵਾਰ ਲੈ ਕੇ, ਹੱਥੋਂ ਹੱਥੀ ਦੀ ਲੜਾਈ ਵਿਚ ਸ਼ੇਰ ਮਾਰਿਆ ਸੀ, ਜਿਸ ਕਰਕੇ ਸ਼ੇਰਿ-ਪੰਜਾਬ ਨੇ ਖ਼ੁਸ਼ ਹੋ ਕੇ ਉਸ ਨੂੰ ਸ. ਹਰੀ ਸਿੰਘ ਦੇ ਅਧੀਨ ਚੰਗਾ ਫ਼ੌਜੀ ਅਹੁਦਾ ਦੇ ਦਿੱਤਾ ਸੀ। ਸ. ਮਹਾਂ ਸਿੰਘ ਦੇ ਰੋਮ-ਰੋਮ ਵਿਚ ਚੂੰਕਿ ਸਿੱਖੀ ਸਿਦਕ ਤੇ ਦਲੇਰੀ ਨੇ ਘਰ ਕੀਤਾ ਹੋਇਆ ਸੀ, ਇਸ ਲਈ ਇਸ ਸਮੇਂ 800 ਘੋੜ ਸਵਾਰ, ਕੁੱਝ ਜੰਗੀ ਤੋਪਾਂ ਤੇ ਕਾਫੀ ਪੈਦਲ ਸਿਪਾਹੀ ਦੇ ਕੇ ਦਰਾ ਖ਼ੈਬਰ ਦੀ ਹਿਫ਼ਾਜ਼ਤ ਦਾ ਭਾਰ ਉਸੇ ਨੂੰ ਸੌਂਪਿਆ ਗਿਆ।"[28] ਪਰ ਕਾਦਰਯਾਰ ਨੇ ਇਸ ਸਰਦਾਰ ਦਾ ਚਿਤ੍ਰਣ ਕਰਨ ਵਿਚ ਕੋਈ ਉਚੇਚ ਨਹੀਂ ਵਿਖਾਇਆ।

4.3 ਇਸ ਦੌਰ ਦੀਆਂ ਪ੍ਰਮੁਖ ਘਟਨਾਵਾਂ : ਦੋਸਤ ਮੁਹੰਮਦ ਖ਼ਾਂ ਸ਼ੇਰਿ-ਪੰਜਾਬ ਦੇ ਪ੍ਰਭਾਵ ਨੂੰ ਖ਼ਤਮ ਕਰਨ ਲਈ ਪਿਸ਼ਾਵਰ ਉੱਤੇ ਕਬਜ਼ਾ ਕਰਨਾ ਜ਼ਰੂਰੀ ਸਮਝਦਾ ਸੀ। ਇਸ ਉੱਦੇਸ਼ ਦੀ ਪ੍ਰਾਪਤੀ ਲਈ ਉਸ ਨੇ ਬਾਕਾਇਦਾ ਮੁਹਿੰਮ ਚਲਾ ਰੱਖੀ ਸੀ, ਜਿਸ ਅਨੁਸਾਰ ਉਸ ਨੇ ਆਪਣੇ ਪੁੱਤਰਾਂ ਦੇ ਅਧੀਨ 7,000 ਘੋੜ ਸਵਾਰ, 2000 ਬੰਦੂਕਚੀ, 18 ਤੋਪਾਂ, 2000 ਮੁਲਖਈਏ ਗ਼ਾਜ਼ੀ ਅਪ੍ਰੈਲ 1837 ਤੋਂ ਭੇਜਣੇ ਆਰੰਭ ਕੀਤੇ। 21 ਅਪ੍ਰੈਲ ਤੋਂ ਲੈ ਕੇ 28 ਅਪ੍ਰੈਲ ਤਕ ਕਈ ਹਮਲੇ ਕਰਕੇ ਸਿੰਘਾਂ ਦਾ ਬਹੁਤ ਨੁਕਸਾਨ ਵੀ ਕੀਤਾ (ਵੇਖੋ ਛੰਦ 9)। ਸ. ਮਹਾਂ ਸਿੰਘ ਕਿਲ੍ਹੇਦਾਰ ਦੀ ਸੂਚਨਾ ਮਿਲਣ ਉੱਤੇ ਸ. ਹਰੀ ਸਿੰਘ ਨਲਵਾ ਆਪਣੇ 1000 ਘੋੜ ਚੜ੍ਹਿਆ, 6000 ਪੈਦਲ ਸਿਪਾਹੀਆਂ, 6000 ਫ਼ੌਜਿ ਗ਼ੈਰ ਆਈਨ ਦੇ ਜੋਧਿਆਂ ਸਮੇਤ 28 ਅਪ੍ਰੈਲ ਨੂੰ ਲੜਾਈ ਦੇ ਮੈਦਾਨ ਵਿਚ ਪੁੱਜਾ :

ਹੇ-ਹੁਕਮ ਕੀਤਾ ਹਰੀ ਸਿੰਘ ਦੂਲੇ, ਘੋੜੇ ਕਾਠੀਆਂ ਜ਼ੀਨਾਂ ਸ਼ਤਾਬ ਪਾਵੋ ।
ਕਿਲ੍ਹਾ ਕਾਇਮ ਕਰਕੇ, ਬਾਲੇਸਾਰ ਵਾਲਾ, ਅੰਦਰ ਓਸ ਦੇ ਚੁੱਕ ਅਸਬਾਬ ਪਾਵੋ ।
ਚੱਲੇ ਤਰਫ ਜਮਰੋਦ ਦੀ ਜੰਗ ਕਰੀਏ, ਲੜੋ ਮਰੋ ਸ਼ਹੀਦੀ ਸਵਾਬ ਪਾਵੋ ।
ਕਾਦਰਯਾਰ ਮੈਂ ਬਖ਼ਸ਼ਸ਼ਾਂ ਕੰਠਿਆਂ ਨੂੰ, ਏਥੇ ਲੜੋ ਤੇ ਮਰੋ ਖ਼ਤਾਬ ਪਾਵੋ । 6 ।

ਸ. ਨਲਵਾ ਦੇ ਆਉਣ ਦੀ ਖ਼ਬਰ ਸੁਣ ਕੇ ਅਫ਼ਗਾਨ ਸਿਪਾਹੀ ਮੈਦਾਨ ਛੱਡ ਕੇ ਭੱਜਣ ਲੱਗੇ । 30 ਅਪ੍ਰੈਲ ਨੂੰ ਮੁੜ ਲੜਾਈ ਆਰੰਭ ਹੋਈ । ਸਿੰਘਾਂ ਨੇ ਆਪਣੀ ਬਹਾਦਰੀ ਦੇ ਜੌਹਰ ਵਿਖਾਏ । ਜਿਹੜਾ ਵੀ ਸਾਹਮਣੇ ਆਉਂਦਾ ਸੀ, ਉਸ ਨੂੰ ਮੈਦਾਨ ਛੱਡਣ ਲਈ ਮਜਬੂਰ ਹੋਣਾ ਪੈਂਦਾ ਸੀ :

ਦਾਲ-ਦੇਸ਼ ਹੈਰਾਨ ਹੋ ਗਿਆ ਕਾਬਲ, ਸੈਆਂ ਲਸ਼ਕਰਾਂ ਦੇ ਜਿਥੇ ਘਾਣ ਲੱਥੇ ।
ਵਾਲੀ ਆਪ ਹੈ ਥੋੜਿਆਂ ਬਹੁਤਿਆਂ ਦਾ, ਤੇਗਾਂ ਪਕੜ ਮੈਦਾਨ ਜਵਾਨ ਲੱਥੇ ।
ਹਰੀ ਸਿੰਘ ਸਰਦਾਰ ਦੀ ਫਤੇ ਪਹਿਲੀ, ਉਥੇ ਸੈਆਂ ਪਠਾਣਾਂ ਦੇ ਘਾਣ ਲੱਥੇ ।
ਕਾਦਰਯਾਰ ਹਥਿਆਰਾਂ ਦੀ ਬਾਤ ਦੂਜੀ, ਭੁੱਖੇ ਬਾਜ਼ ਸ਼ਿਕਾਰ ਨੂੰ ਖਾਣ ਲੱਥੇ । 8 ।

ਦੋਸਤ ਮੁਹੰਮਦ ਖ਼ਾਂ ਦਾ ਪੁੱਤਰ, ਅਕਬਰ ਖ਼ਾਂ ਇਸ ਹਮਲੇ ਦੇ ਸ਼ੁਰੂ ਵਿਚ ਹੀ ਭੱਜ ਗਿਆ । 14 ਤੋਪਾਂ ਤੇ ਹੋਰ ਜੰਗੀ ਸਾਮਾਨ ਸਿੰਘਾਂ ਦੇ ਹੱਥ ਲੱਗਾ । ਜਦ ਦੁਸ਼ਮਣ ਭੱਜ ਕੇ ਮੈਦਾਨ ਸਾਫ਼ ਕਰ ਚੁੱਕਾ ਸੀ, ਫ਼ੌਜ ਦੇ ਕੁੱਝ ਸਿਪਾਹੀ ਖ਼ਾਲੀ ਮੈਦਾਨ ਵਿਚੋਂ ਸਾਮਾਨ ਸੰਭਾਲ ਰਹੇ ਸਨ । ਸ. ਹਰੀ ਸਿੰਘ ਨਲਵਾ ਘੋੜੇ ਉੱਤੇ ਚੜ੍ਹਿਆ ਉਨ੍ਹਾਂ ਦੀ ਨਿਗਰਾਨੀ ਕਰ ਰਿਹਾ ਸੀ ਤੇ ਉਸ ਸਮੇਂ ਲੁਕੇ ਹੋਏ ਦੁਸ਼ਮਣਾਂ ਦੇ ਕੁੱਝ ਸਿਪਾਹੀਆਂ ਨੇ ਧੋਖੇ ਨਾਲ ਸ. ਨਲਵੇ ਉਪਰ ਗੋਲੀ ਚਲਾ ਦਿੱਤੀ, ਉਹ ਸਖ਼ਤ ਜ਼ਖ਼ਮੀ ਹੋਇਆ । ਜਦ ਸ. ਹਰੀ ਸਿੰਘ ਨੇ ਆਪਣਾ ਅੰਤਿਮ ਸਮਾਂ ਨੇੜੇ ਵੇਖਿਆ, ਉਸ ਨੇ ਸ. ਮਹਾਂ ਸਿੰਘ ਨੂੰ ਚਾਰ ਹਿਦਾਇਤਾਂ ਕੀਤੀਆਂ ।[29] ਸ. ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਇਹ ਚਾਰ ਹਿਦਾਇਤਾਂ ਇਸ ਪ੍ਰਕਾਰ ਸਨ : (1) ਸਾਰੇ ਵਿਦਮਾਨ ਸਾਧੂ, ਸੰਤ ਤੇ ਫ਼ਕੀਰ ਜੋ ਹਮੇਸ਼ਾ ਮੇਰੇ ਡੇਰੇ ਨਾਲ ਰਹਿੰਦੇ ਰਹੇ ਹਨ, ਉਚਿਤ ਸਨਮਾਨ ਸਹਿਤ ਵਿਦਾ ਕਰ ਦਿੱਤੇ ਜਾਣ, (2) ਮੇਰੀ ਲੜਕੀ ਦੀ ਸ਼ਾਦੀ ਛੇਤੀ ਕਰ ਦਿੱਤੀ ਜਾਵੇ, (3) ਸਾਰੀ ਫ਼ੌਜ ਸਰਕਾਰ ਦੀ ਪੂਰੀ-ਪੂਰੀ ਵਫ਼ਾਦਾਰ ਤੇ ਨਮਕ-ਹਲਾਲ ਹੋ ਕੇ ਰਹੇ, ਤੇ (4) ਮੇਰੇ ਸੁਰਗਵਾਸ ਹੋਣ ਦੀ ਖ਼ਬਰ, ਲਾਹੌਰੋਂ ਮੱਦਦ ਆਉਣ ਤਕ ਗੁਪਤ ਰੱਖੀ ਜਾਵੇ ।[30]

ਇਕ ਨੀਤੀਵਾਨ ਹੋਣ ਕਾਰਨ ਸ. ਹਰੀ ਸਿੰਘ ਨਲਵਾ ਵੱਲੋਂ ਨਾਜ਼ਕ ਸਥਿਤੀ ਨੂੰ ਸਮਝ ਕੇ, ਆਉਣ ਵਾਲੇ ਖ਼ਤਰੇ ਤੋਂ ਜਾਣੂ ਕਰਵਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੂੰ ਪਿਸ਼ਾਵਰ ਤੋਂ ਹਫ਼ਤਾਵਾਰ ਅਰਜ਼ੀਆਂ ਭੇਜੀਆਂ ਜਾਂਦੀਆਂ ਰਹੀਆਂ ਅਤੇ ਇਸ ਇਲਾਕੇ ਦੀ ਜਿੱਤ ਨੂੰ ਬਣਾਈ ਰਖਣ ਲਈ ਫ਼ੌਜੀ ਸਹਾਇਤਾ ਦੀ ਮੰਗ ਕੀਤੀ ਜਾਂਦੀ ਰਹੀ । ਪਹਿਲੀ ਅਰਜ਼ੀ 21 ਅਪ੍ਰੈਲ ਤੇ ਦੂਜੀ 28 ਅਪ੍ਰੈਲ ਨੂੰ ਲਿਖੀ ਗਈ, ਜਿਸ ਵਿਚ ਉਸ ਸਮੇਂ ਦੀ ਜੰਗੀ ਸਥਿਤੀ ਦਾ ਵੇਰਵੇ ਸਹਿਤ ਸਹੀ-ਸਹੀ ਹਾਲ ਦਰਜ ਕਰਕੇ ਭੇਜਿਆ ਸੀ, ਪਰੰਤੂ ਲਾਹੌਰ ਦਰਬਾਰ ਦੀ ਸੁਸਤੀ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਹੋਰ ਰੁਝੇਵਿਆਂ ਕਾਰਨ ਇਨ੍ਹਾਂ ਉੱਤੇ ਗ਼ੌਰ ਨਾ ਹੋਇਆ । ਦੂਜੇ, ਰਾਜਾ ਧਿਆਨ ਸਿੰਘ ਦਾ ਸ. ਨਲਵਾ ਨਾਲ ਅੰਦਰੂਨੀ ਵਿਰੋਧ ਹੋਣ ਕਾਰਨ ਇਨ੍ਹਾਂ ਅਰਜ਼ੀਆਂ ਨੂੰ ਮਹਾਰਾਜ ਪਾਸ ਸਮੇਂ ਸਿਰ ਪੇਸ਼ ਵੀ ਨਾ ਕੀਤਾ ਗਿਆ । ਜੇ ਕੁਝ ਅਰਜ਼ੀਆਂ ਪੇਸ਼ ਹੋ ਵੀ ਜਾਂਦੀਆਂ ਤਾਂ ਰਾਜਾ ਧਿਆਨ ਸਿੰਘ ਅਤੇ ਰਾਜਾ ਹੀਰਾ ਸਿੰਘ ਦੇ ਪ੍ਰਭਾਵ ਕਾਰਨ ਅਰਥਹੀਣ ਬਣ ਜਾਂਦੀਆਂ । ਇਸ ਤਰ੍ਹਾਂ ਸ. ਨਲਵਾ ਦੀ ਮੌਤ ਦਾ ਇਕ ਕਾਰਨ ਇਹ ਵੀ ਹੈ । ਕਾਦਰਯਾਰ ਰਾਜਾ ਧਿਆਨ ਸਿੰਘ ਅਤੇ ਉਹਦੇ ਸਾਥੀਆਂ ਨੂੰ 'ਜ਼ੁਲਮ ਦੇ ਬਾਨੀ' ਆਖਦਾ ਹੋਇਆ ਅਸਲ ਹਾਲਾਤ ਨੂੰ ਸਮਝਣ ਵਾਲਾ ਸੁਚੇਤ ਵਿਅਕਤੀ ਜਾਪਦਾ ਹੈ । ਗੁੱਝੀ ਗੱਲ ਨੂੰ ਰਹੱਸਮਈ ਢੰਗ ਨਾਲ ਬਿਆਨ ਕਰ ਜਾਂਦਾ ਹੈ । ਸਰਦਾਰ ਨਲਵਾ ਦੀ ਮੌਤ ਪਿੱਛੋਂ ਸ. ਮਹਾਂ ਸਿੰਘ ਵੱਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਜੋ ਖ਼ਤ ਲਿਖਿਆ ਜਾਂਦਾ ਹੈ, ਕਾਦਰਯਾਰ ਉਸ ਦਾ ਵੀ ਜ਼ਿਕਰ ਕਰਦਾ ਹੈ ।[31] ਅਸਲ ਗੱਲ ਤਾਂ ਇਹ ਸੀ ਕਿ "ਜਦ ਮਹਾਰਾਜਾ ਰਣਜੀਤ ਸਿੰਘ ਗੁਜਰਾਤ ਪੁੱਜਾ ਤਾਂ ਸ. ਹਰੀ ਸਿੰਘ ਦੇ ਜਮਰੋਦ ਦੇ ਨੇੜੇ ਜ਼ਖ਼ਮੀ ਹੋਣ ਦੀ ਖ਼ਬਰ 4 ਮਈ ਸੰਨ 1837 (ਮੁਤਾਬਕ 21 ਵੈਸਾਖ 1894 ਬਿ.) ਨੂੰ ਉਸ ਦੇ ਪਾਸ ਪਹੁੰਚੀ । ਦਰਅਸਲ ਉਸ ਸਮੇਂ ਸ.

ਹਰੀ ਸਿੰਘ ਦੇ ਸ਼ਹੀਦ ਹੋਣ ਦੀ ਖ਼ਬਰ ਵੀ ਪਹੁੰਚ ਚੁੱਕੀ ਸੀ ਜੋ ਰਾਜਾ ਧਿਆਨ ਸਿੰਘ ਨੇ ਬੜੀ ਚਾਲਾਕੀ ਨਾਲ ਗੁਪਤ ਰੱਖੀ ਤੇ ਮਹਾਰਾਜਾ ਅੱਗੇ ਸੱਚਾ ਬਣਨ ਲਈ ਉਸ ਨੇ ਫ਼ੌਜਾਂ ਲੈ ਕੇ ਫ਼ੌਰਨ ਜਮਰੋਦ ਵੱਲ ਕੂਚ ਦਾ ਨਗਾਰਾ ਬਜਵਾ ਦਿੱਤਾ।"[32]

ਕਾਦਰਯਾਰ ਲਿਖਦਾ ਹੈ ਕਿ ਸ. ਹਰੀ ਸਿੰਘ ਨਲਵਾ ਦੇ ਸੁਰਗਵਾਸ ਹੋਣ ਦੀ ਖ਼ਬਰ, ਮਹਾਰਾਜਾ ਨੂੰ ਗੁਜਰਾਤ ਦੇ ਡੇਰੇ ਪੁੱਜੀ, ਜੋ ਇਤਿਹਾਸਿਕ ਤੌਰ ਉੱਤੇ ਸੱਚ ਨਹੀਂ। ਸ. ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ, "ਮਹਾਰਾਜਾ ਰਣਜੀਤ ਸਿੰਘ ਗੁਜਰਾਂ ਤੋਂ ਚਲ ਦਰਿਆ ਜਿਹਲਮ ਲੰਘਕੇ, ਰੋਹਤਾਸ ਦੇ ਮੁਕਾਮ ਪਰ ਤੀਜੇ ਦਿਨ 6 ਮਈ, 1837 ਨੂੰ ਪੁੱਜਾ ਤਾਂ ਪਿਸ਼ਾਵਰੋਂ ਆਈ ਖ਼ਬਰ ਮਹਾਰਾਜੇ ਨੂੰ ਸੁਣਾਈ ਗਈ ਕਿ ਸ. ਹਰੀ ਸਿੰਘ ਤਾਂ ਜਮਰੋਦ ਦੇ ਮੈਦਾਨੇ-ਜੰਗ ਵਿਚ ਸ਼ਹੀਦ ਹੋ ਗਿਆ।"[33] ਕਾਦਰਯਾਰ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਬਹਾਦਰ ਜਰਨੈਲ ਦੀ ਮੌਤ ਉੱਤੇ ਬਹੁਤ ਦੁੱਖ ਮਹਿਸੂਸ ਕੀਤਾ, ਜੋ ਸਹੀ ਹੈ।[34] ਪਹਿਲਾਂ ਤਾਂ ਮਹਾਰਾਜੇ ਨੇ, ਸ. ਹਰੀ ਸਿੰਘ ਦੀਆਂ ਬਹੁਤ ਸਾਰੀਆਂ ਜਿੱਤਾਂ, ਜਿਹੜੀਆਂ ਕਿ ਉਸ ਨੇ ਸਿਆਲਕੋਟ, ਮੁਲਤਾਨ, ਕਸ਼ਮੀਰ, ਹਜ਼ਾਰਾ, ਪਿਸ਼ਾਵਰ ਆਦਿ ਦੇ ਇਲਾਕਿਆਂ, ਫਿਰ ਸ਼ੇਰਿ ਪੰਜਾਬ ਨੇ ਆਪਣੇ ਇਸ ਕਦੀਮੀ ਅਹਿਲਕਾਰ ਤੇ ਸ਼ੇਰ ਮਰਦ, ਅਦੁੱਤੀ ਜੋਧੇ ਦੀ ਯਾਦ ਵਿਚ ਅੱਖਾਂ ਵਿਚ ਹੰਝੂ ਭਰ ਲਏ ਤੇ ਢਾਹਾਂ ਮਾਰ ਕੇ ਰੋਇਆ।[35] ਇਹ ਗੱਲ ਦੀ ਪੁਸ਼ਟੀ ਮੁਨਸ਼ੀ ਸੋਹਨ ਲਾਲ ਭੀ ਕਰਦਾ ਹੈ।[36] ਇਹ ਗੱਲ ਸਪਸ਼ਟ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਜਮਰੋਦ ਪੁੱਜਣ ਤੋਂ ਪਹਿਲਾਂ ਹੀ ਸ. ਹਰੀ ਸਿੰਘ ਨਲਵਾ ਦੇ ਸਰੀਰ ਦਾ ਦਾਹ ਸੰਸਕਾਰ ਕਰ ਦਿੱਤਾ ਗਿਆ ਸੀ। ਕਿਉਂਕਿ "ਸਰਦਾਰ ਮਹਾਂ ਸਿੰਘ ਮੀਰਪੁਰੀਏ ਦੀ ਇਹ ਖੂਬੀ ਸੀ ਕਿ ਉਸ ਨੇ ਇਹ ਭੇਤ ਬੜੀ ਅਕਲਮੰਦੀ ਨਾਲ ਗੁਪਤ ਰੱਖਿਆ ਤੇ ਇਹ ਦੱਸ ਕੇ ਕਿ ਸਰਦਾਰ ਹਰੀ ਸਿੰਘ ਬਿਲਕੁਲ ਤੰਦਰੁਸਤ ਹੈ ਤੇ ਕਿਲ੍ਹੇ ਦੇ ਇਕ ਕਮਰੇ ਵਿਚ ਕੁੱਝ ਦਿਨਾਂ ਵਾਸਤੇ ਆਰਾਮ ਕਰ ਰਿਹਾ ਹੈ ਕਿਸੇ ਹੋਰ ਜੋਧੇ ਦਾ ਨਾਂ ਲੈ ਕੇ ਉਸ ਦੈ ਸਰੀਰ ਦਾ ਸੰਸਕਾਰ ਵੀ ਕਰ ਦਿੱਤਾ।"[37] ਸੋ ਕਾਦਰਯਾਰ ਦਾ ਇਹ ਕਥਨ ਠੀਕ ਨਹੀਂ ਕਿ ਸ. ਨਲਵਾ ਦਾ ਸੰਸਕਾਰ ਮਹਾਰਾਜੇ ਨੇ ਆਪ ਆਪਣੇ ਹੱਥੀਂ ਕੀਤਾ।[38]

ਸ. ਹਰੀ ਸਿੰਘ ਨਲਵਾ ਦੀ ਮੌਤ ਉਪਰੰਤ ਮਹਾਰਾਜਾ ਰਣਜੀਤ ਸਿੰਘ ਵੱਲੋਂ ਜਮਰੋਦ ਵੱਲ ਫ਼ੌਜਾਂ ਕੂਚ ਕਰਨ ਤੇ ਦੋਸਤ ਮੁਹੰਮਦ ਖ਼ਾਂ ਨਾਲ ਸਮਝੌਤਾ ਕਰਨ ਦਾ ਸੰਕੇਤ ਮਾਤਰ ਵੇਰਵਾ ਵੀ ਕਾਦਰਯਾਰ ਵੱਲੋਂ ਦਿੱਤਾ ਗਿਆ ਹੈ। ਇਸੇ ਤਰ੍ਹਾਂ ਜਮਰੋਦ ਦੇ ਕਿਲ੍ਹੇ ਦੀ ਤਕੜਾਈ ਬਾਰੇ ਜੋ ਪ੍ਰਬੰਧ ਕੀਤੇ ਗਏ, ਕਵੀ ਉਨ੍ਹਾਂ ਦਾ ਕਾਵਿ ਵਰਣਨ ਵੀ ਦਿੰਦਾ ਹੈ।

5. ਅੰਤਿਕਾ : 5.1. ਪੰਜਾਬ ਵਿਚ ਸਿੱਖ-ਰਾਜ ਦੇ ਸਮੇਂ ਬੀਰ-ਜੋਧੇ ਤੇ ਸੂਰਮੇ ਸ. ਹਰੀ ਸਿੰਘ ਨਲਵਾ ਦੇ ਜਮਰੋਦ ਰਣ-ਖੇਤਰ ਵਿਚ ਵਿਖਾਈ ਬੀਰਤਾ ਤੇ ਨਿਡਰਤਾ ਨੂੰ ਬਿਆਨ ਕਰਨ ਵਾਲੀ ਕੇਵਲ ਇਹ ਸੀਹਰਫੀ ਹੈ,[39] ਜਿਸ ਨੂੰ ਕਵੀ ਬੈਂਤ ਛੰਦ ਵਿਚ ਸੰਪੂਰਨ ਕਰਦਾ ਹੈ। ਇਸ ਰਚਨਾ ਦੀ ਬੋਲੀ ਠੇਠ ਹੈ। ਅਰਬੀ ਫ਼ਾਰਸੀ ਦੇ ਤਦਭਵ ਸ਼ਬਦ ਵੀ ਇਸ ਵਿਚ ਮਿਲਦੇ ਹਨ। ਸ਼ਬਦਾਵਲੀ ਸਮਝ ਆਉਣ ਵਾਲੀ ਤੇ ਰਸਦਾਇਕ ਹੈ। ਸਮੁੱਚੀ ਰਚਨਾ ਨੂੰ ਕੇਵਲ 30 ਬੰਦਾਂ ਵਿਚ ਖ਼ਤਮ ਕਰਕੇ ਕੂੰਜੇ ਵਿਚ ਸਮੁੰਦਰ ਬੰਦ ਕਰਨ ਦੀ ਗੱਲ ਕੀਤੀ ਹੈ। ਸੰਕੇਤਮਈ ਵਰਣਨ ਤੇ ਸੰਖੇਪ ਸ਼ਬਦ ਰਚਨਾ ਰਾਹੀਂ ਕਵੀ ਵਿਸਤਾਰ ਨੂੰ ਸੰਕੋਚਵੇਂ ਢੰਗ ਨਾਲ ਬਿਆਨ ਕਰ ਜਾਂਦਾ ਹੈ।

5.2. ਕਵੀ ਕਾਦਰਯਾਰ, ਸਰਦਾਰ ਹਰੀ ਸਿੰਘ ਨਲਵਾ ਦੀ ਸੂਰਬੀਰਤਾ ਤੇ ਸਾਹਸ ਨੂੰ ਸ਼ਰਧਾਮੂਲਕ ਭਾਵਨਾ ਅਧੀਨ ਕਵਿਤਾਉਂਦਾ ਹੈ ਪਰੰਤੂ ਇਸ "ਵੀਰ ਵਿਚ ਉਸ ਨਿਰਪੱਖਤਾ ਤੇ ਬੀਰਤਾ ਦੀ ਪੂਜਾ ਜਾਂ ਪੰਜਾਬੀ ਖੁਲ੍ਹ-ਦਿਲੀ ਦੇ ਚਿੱਤਰ ਨਹੀਂ ਮਿਲਦੇ, ਜਿਹੜੇ ਸਾਨੂੰ ਇਸ ਕਿੱਸੇ ਤੋਂ ਥੋੜ੍ਹੇ ਚਿਰ ਪਿੱਛੋਂ ਸ਼ਾਹ ਮੁਹੰਮਦ ਦੇ ਉਸ ਕਿੱਸੇ ਵਿਚ ਮਿਲਦੇ ਹਨ ਜਿਸ ਵਿਚ ਉਸ ਨੇ ਸਿੱਖਾਂ ਤੇ ਅੰਗਰੇਜ਼ਾਂ ਦੀ ਅੰਤਿਮ ਲੜਾਈ ਨੂੰ ਬਿਆਨਿਆ ਹੈ।"[40]

ਪੈਰ ਟਿੱਪਣੀਆਂ

1. ਭਾਈ ਕਾਨ੍ਹ ਸਿੰਘ ਨਾਭਾ : *ਗੁਰਸ਼ਬਦ ਰਤਨਾਕਰ : ਮਹਾਨਕੋਸ਼* ਵੇਖੋ ਸ਼ਬਦ *'ਵਾਰ'*, ਪੰਨਾ 817
2. ਪ੍ਰੋ. ਪਿਆਰਾ ਸਿੰਘ ਪਦਮ : *ਪੰਜਾਬੀ ਵਾਰਾਂ*
3. ਡਾ. ਗੰਡਾ ਸਿੰਘ : *ਪੰਜਾਬ ਦੀਆਂ ਵਾਰਾਂ*, ਪੰਨਾ 6
4. ਪ੍ਰੋ. ਪਿਆਰਾ ਸਿੰਘ ਪਦਮ : *ਜੰਗਨਾਮਾ ਸਿੰਘਾਂ ਤੇ ਫਿਰੰਗੀਆਂ*, ਪੰਨਾ 11
5. ਡਾ. ਗੰਡਾ ਸਿੰਘ : *ਪੰਜਾਬ ਦੀਆਂ ਵਾਰਾਂ* (ਵਿਚਲੀ ਵਾਰ)
6. *ਕਾਦਰ ਯਾਰ* ਸੰਪਾਦਿਤ ਪ੍ਰੋ. ਗੁਰਚਰਨ ਸਿੰਘ : ਭਾਸ਼ਾ ਵਿਭਾਗ ਪੰਜਾਬ : ਪਟਿਆਲਾ ਵਿਚ ਦਰਜ ਸੀਹਰਫ਼ੀ ਹਰੀ ਸਿੰਘ ਨਲੂਆ
7. ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ : ਮਹਿਕਮਾ ਪੰਜਾਬੀ ਪਟਿਆਲਾ (1953) ਵਿਚ ਕਾਦਰ ਯਾਰ ਕ੍ਰਿਤ *ਸਰਦਾਰ ਹਰੀ ਸਿੰਘ ਨਲਵਾ*, ਪ੍ਰਕਾਸ਼ਕ–ਗੁਰਦਿਆਲ ਸਿੰਘ ਐਂਡ ਸਨਜ਼, ਅੰਬਾਲਾ
8. ਰਾਮ ਹਰੀ ਪ੍ਰੈਸ ਰੇਲਵੇ ਰੋਡ ਲਾਹੌਰ ਵੱਲੋਂ ਪ੍ਰਕਾਸ਼ਿਤ
9. ਪ੍ਰੋ. ਪਿਆਰਾ ਸਿੰਘ ਪਦਮ : *ਜੰਗਨਾਮਾ ਸਿੰਘਾਂ ਤੇ ਫਿਰੰਗੀਆਂ*, ਪੰਨਾ 11

9ੳ. *ਪੰਜਾਬੀ ਦੁਨੀਆ* ਅਪ੍ਰੈਲ 1980, ਲੇਖ ਡਾ. ਧਰਮ ਸਿੰਘ

10. ਸ. ਸ਼ਮਸ਼ੇਰ ਸਿੰਘ ਅਸ਼ੋਕ : *ਸਰਦਾਰ ਹਰੀ ਸਿੰਘ ਨਲਵਾ* ਦੀ ਸਹਾਇਕ ਸੂਚੀ, ਪੰਨਾ 123
11. ਸ. ਸ਼ਮਸ਼ੇਰ ਸਿੰਘ ਅਸ਼ੋਕ : *ਪ੍ਰਾਚੀਨ ਜੰਗਨਾਮੇਂ*, ਪੰਨਾ (ੳ)
12. ਭਾਈ ਕਾਨ੍ਹ ਸਿੰਘ ਨਾਭਾ : *ਗੁਰਸ਼ਬਦ ਰਤਨਾਕਰ*, ਮਹਾਨਕੋਸ਼, ਪੰਨਾ 403
13. ਡਾ. ਜਗਜੀਤ ਸਿੰਘ, *ਕਿੱਸਾ (ਵਾਰ) ਸ਼ਾਹ ਮੁਹੰਮਦ*, ਪੰਨਾ 34
14. ਪ੍ਰੋ. ਪਿਆਰਾ ਸਿੰਘ ਪਦਮ : *ਜੰਗਨਾਮਾ ਸਿੰਘਾਂ ਤੇ ਫਿਰੰਗੀਆਂ*, ਪੰਨਾ 9
15. ਡਾ. ਚਰਨ ਸਿੰਘ : *ਬਾਣੀ ਬਿਓਰਾ*, ਪੰਨਾ 65
16. ਬੇ-ਬਹੁਤ ਹੋਇਆ, ਹਰੀ ਸਿੰਘ ਦੂਲੇ
    ਜਿਸ ਦਾ ਨਾਮ ਰੋਸ਼ਨ ਦੂਰ ਦੂਰ ਸਾਰੇ।
    ਦਿੱਲੀ ਦੱਖਣ ਤੇ ਚੀਨ ਮਚੀਨ ਤਾਈਂ
    ਬਾਦਸ਼ਾਹਾਂ ਨੂੰ ਖ਼ੌਫ਼ ਜ਼ਰੂਰ ਸਾਰੇ।
    ਰਾਜਾ ਕਰਣ ਤੇ ਬਿਕ੍ਰਮਾ ਜੀਤ ਵਾਗੂੰ
    ਹਾਤਮ ਤਾਈ ਵਾਂਗੂੰ ਮਸ਼ਹੂਰ ਸਾਰੇ।
    ਕਾਦਰਯਾਰ ਜਹਾਨ ਉੱਤੇ ਨਹੀਂ ਹੋਣੇ
    ਸਖ਼ੀ ਉਹ ਬੁਲੰਦ ਹਜ਼ੂਰ ਸਾਰੇ।2।
17. ਖ਼ੇ-ਖ਼ੁਸ਼ੀ ਦੇ ਨਾਲ ਤੰਬੂਰ ਵੱਜਾ, ਘੋਸਾ ਮਾਰ ਸਰਦਾਰ ਤਿਆਰ ਹੋਇਆ।
    ਬਾਹਰ ਬੰਨ੍ਹਕੇ ਪੜਤਲ ਦਰਵੇਸ਼ੀਆਂ ਦੀ, ਅੰਦਰ ਲੈ ਫ਼ੌਜਾਂ ਨਮੂਦਾਰ ਹੋਇਆ।
    ਝੱਟ ਫ਼ੌਜ ਤਿਆਰ ਕਰ ਲਈ ਸਾਰੀ, ਜਦੋਂ ਜੰਗ ਦਾ ਆ ਗੁਬਾਰ ਹੋਇਆ।
    ਕਾਦਰਯਾਰ ਪਰ ਸਰਦਾਰ ਦੇ ਨਾਲ ਉਥੇ, ਕਾਇਮ ਆਦਮੀ ਅੱਠ ਹਜ਼ਾਰ ਹੋਇਆ। 7।
18. ਸੇਧੇ ਡਾਹਕੇ ਜੇਲ੍ਹ ਦਾ ਤੋਪਖ਼ਾਨਾ, ਭੁੰਨ ਸੁੱਟਿਆ ਨੇ ਸਿਰਕਰਦਿਆਂ ਨੂੰ।
    ਕਾਦਰਯਾਰ ਪੜਤਲ ਨਜੀਬਾਂ ਵਾਲੀ, ਮਾਰੀ ਗਈ ਸਰਦਾਰ ਦੇ ਚੜ੍ਹਦਿਆਂ ਨੂੰ। 9।
19. ਰੇ-ਰੰਗ ਤਗੱਈਅਰ ਹੋ ਗਿਆ ਉਦੋਂ
    ਪੈਰ ਛੱਡ ਚੱਲੇ ਦਿਲੋਂ ਹਾਰਕੇ ਜੀ।10।
20. ਪਿੱਛੇ ਰਹੇ ਸਰਦਾਰ ਦੇ ਚਾਰ ਘੋੜੇ, ਮੁੜ ਆਇਆ ਜੇ ਫ਼ੌਜਾਂ ਵੰਗਾਰਕੇ ਜੀ।
    ਕਿੱਥੇ ਜਾਉਗੇ ਨਹੀਂ ਲਾਹੌਰ ਨੇੜੇ, ਏਥੇ ਸਾਸ ਦੇਣੇ ਦਿਲੋਂ ਧਾਰਕੇ ਜੀ।
    ਕਾਦਰਯਾਰ ਜਹਾਨ ਉੱਤੇ ਨਹੀਂ ਰਹਿਣਾ, ਸਿੰਘੋ ਮੁੜੋ ਮੁਦੱਈਆਂ ਨੂੰ ਮਾਰ ਕੇ ਜੀ। 10।
21. ਜ਼ੋ-ਜ਼ੋਰ ਕਰ ਪਰਤੀਆਂ ਫੇਰ ਫ਼ੌਜਾਂ, ਉਥੇ ਫ਼ੇਰ ਵੱਡੇ ਹਥਿਆਰ ਹੋਏ।
    ਸੇਧੇ ਡਾਹਿਕੇ ਜੇਹਲ ਦੇ ਤੋਪਖਾਨਾ, ਸਿੰਘ ਜਾਂ ਜ਼ਖ਼ਮੀ ਦੂਜੀ ਵਾਰ ਹੋਏ।
    ਜਦੋਂ ਆਪ ਸਰਦਾਰ ਤਿਆਰ ਹੋਇਆ, ਸਭੇ ਨਾਲ ਇਸ ਦੇ ਨਮੂਦਾਰ ਹੋਏ। 11।

22. ਸੀਨ-ਸੀਨੇ ਸਰਦਾਰ ਦੇ ਜ਼ਖ਼ਮ ਲੱਗਾ, ਭੰਨ ਗਿਆ ਸੁ ਤੀਰ ਸ਼ਰੀਰ ਸਾਰਾ ।
23. ਸ. ਸ਼ਮਸ਼ੇਰ ਸਿੰਘ ਅਸ਼ੋਕ : *ਸਰਦਾਰ ਹਰੀ ਸਿੰਘ ਨਲਵਾ* ਪੁਸਤਕ ਦੇ ਪੰਨਾ 112 ਉੱਤੇ ਇਸ ਸਮੇਂ ਦਾ ਹਾਲ ਇਸ ਤਰ੍ਹਾਂ ਲਿਖਦੇ ਹਨ "ਸ. ਹਰੀ ਸਿੰਘ ਨਲਵਾ-ਇਸ ਸਮੇਂ ਜੰਗ ਦਾ ਮੋਢੀ ਹੋਣ ਕਰਕੇ ਸਿੱਖ ਸੈਨਾ ਦੇ ਨਾਲ ਸੀ । ਸਿੱਖ ਇਸ ਸਮੇਂ ਜਿੱਤ ਤਾਂ ਗਏ ਤੇ ਦਰਾ ਖ਼ੈਬਰ ਦਾ ਮੈਦਾਨ ਦੂਰ ਤਕ ਦੁਸ਼ਮਣ ਤੋਂ ਸਾਫ਼ ਹੋ ਗਿਆ, ਪਰ ਇਸ ਜਿੱਤ ਨੂੰ ਸਾਂਭਣ ਦੀ ਥਾਂ ਕੁੱਝ ਮਨਚਲੇ ਸਿਪਾਹੀ ਦੁਸ਼ਮਣ ਦਾ ਸਾਮਾਨ ਜੋ ਪਿੱਛੇ ਰਹਿ ਗਿਆ ਸੀ, ਲੁਟਣ ਲੱਗ ਪਏ ਤੇ ਸਰਦਾਰ ਹਰੀ ਸਿੰਘ ਇਕ ਪਾਸੇ ਇਕੱਲਾ ਘੋੜੇ ਪਰ ਉਨ੍ਹਾਂ ਵੱਲ ਵੇਖਦਾ ਹੀ ਰਹਿ ਗਿਆ । ਉਧਰ ਦੁਸ਼ਮਣ ਦੇ ਕੁੱਝ ਲੁਕੇ ਹੋਏ ਸਿਪਾਹੀਆਂ ਨੇ, ਜੋ ਅਮੀਰਜ਼ਾਦ ਮੁਹੰਮਦ ਅਫ਼ਜ਼ਲ ਖ਼ਾਨ ਤੇ ਨਵਾਬ ਸ਼ੱਮਸੁੱਦੀਨ ਖਾਨ ਬਾਰਕਜ਼ਈ ਦੇ ਅਧੀਨ ਸਨ, ਅਚਾਨਕ ਗੋਲੀ ਚਲਾ ਦਿੱਤੀ । ਜਿਨ੍ਹਾਂ ਵਿਚੋਂ ਪਹਿਲੀ ਗੋਲੀ ਤਾਂ ਸਰਦਾਰ ਹਰੀ ਸਿੰਘ ਦੇ ਪਟ ਵਿਚ ਹੀ ਜਾ ਵੱਜੀ, ਪਰ ਦੂਜੀ ਗੋਲੀ ਛਾਤੀ ਦੇ ਇਕ ਪਾਸੇ ਅਜਿਹੀ ਖੁਭੀ ਕਿ ਦੋ ਇੰਚ ਸ਼ਰੀਰ ਦੇ ਅੰਦਰ ਧਸ ਗਈ । ਇਸ ਤਰ੍ਹਾਂ ਗੋਲੀ ਲੱਗਣ ਉੱਤੇ ਸਰਦਾਰ ਹਰੀ ਸਿੰਘ ਘੋੜੇ ਉੱਤੇ ਹੀ ਮੂਰਛਿਤ ਹੋ ਗਿਆ ।.....ਸਰਦਾਰ ਨੂੰ ਫੌਰਨ ਹੀ ਕਿਲ੍ਹਾ ਜਮਰੋਦ ਵਿਚ ਪਹੁੰਚਾ ਦਿੱਤਾ ਗਿਆ ਤੇ ਮਲ੍ਹਮ ਪੱਟੀ ਹੋਣ ਲੱਗੀ । ਸਰਦਾਰ ਹਰੀ ਸਿੰਘ ਨੇ ਇਸ ਸਮੇਂ ਅੰਤ ਸਮਾਂ ਨੇੜੇ ਦੇਖ ਕੇ ਸਰਦਾਰ ਮਹਾਂ ਸਿੰਘ ਨੂੰ ਕੁੱਝ ਹਿਦਾਇਤਾਂ ਕੀਤੀਆਂ ਜਿਨ੍ਹਾਂ ਵਿਚੋਂ ਇਕ ਇਹ ਵੀ ਸੀ ਕਿ ਉਸ ਦੀ ਮੌਤ ਨੂੰ ਲਾਹੌਰੋਂ ਫ਼ੌਜੀ ਮੱਦਦ ਪਹੁੰਚਣ ਤੱਕ ਗੁਪਤ ਰਖਿਆ ਜਾਵੇ ।"
24. ਬਾਵਾ ਬੁੱਧ ਸਿੰਘ : ਹਵਾਲਾ ਪੁਸਤਕ *ਕਾਦਰਯਾਰ*, ਸੰਪਾਦਕ ਪ੍ਰੋ: ਗੁਰਚਰਨ ਸਿੰਘ ਵਿਚੋਂ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 9
25. 'ਕੋਈ ਲਿਆਓ ਗਊ ਮਨਸਾਓ ਮੈਥੋਂ
ਇਨ੍ਹਾਂ ਸਾਸਾਂ ਦਾ ਕੀ ਵਿਸਾਹ ਜਾਂਦਾ । 13 ।'
26. ਸ. ਸ਼ਮਸ਼ੇਰ ਸਿੰਘ ਅਸ਼ੋਕ : *ਸਰਦਾਰ ਹਰੀ ਸਿੰਘ ਨਲਵਾ*, ਪੰਨਾ 119-120
27. ਚੜ੍ਹੇ ਮਾਹ ਵਿਸਾਖ ਤੇ ਦੋਸਤ ਮੁਹੰਮਦ,
ਫ਼ੌਜਾਂ ਸਦ ਲਈਆਂ ਖ਼ੁਰਾਸਾਨ ਵਿਚੋਂ ।

... ...

ਕਾਦਰਯਾਰ ਨਾ ਮੋਇਆਂ ਦਾ ਨਾਂ ਲੈਣਾ,
ਮਤਾਂ ਦੋਸਤ ਮੁਹੰਮਦ ਆ ਲੁੱਟ ਪਾਂਦਾ ।

... ...

ਹੇ-ਹੋਇਆ ਸੀ ਕੌਲ ਕਰਾਰ ਇਹੋ
ਕਰੇ ਹੁਕਮ ਸਰਕਾਰ ਪਸ਼ੌਰ ਅੰਦਰ ।
ਅਤੇ ਦੋਸਤ ਮੁਹੰਮਦ ਰਹੇ ਕਾਇਮ
ਸਦਾ ਆਪਣੀ ਰਈਅਤ ਦੀ ਗੌਰ ਅੰਦਰ ।
ਏਸੇ ਵਾਸਤੇ ਦੋਸਤ ਮੁਹੰਮਦ ਜੇਹਾ,
ਸੁਲਾਹ ਨਾਲ ਵਕੀਲਾਂ ਸੀ ਕਰ ਗਿਆ ।
28. ਸ. ਸ਼ਮਸ਼ੇਰ ਸਿੰਘ ਅਸ਼ੋਕ : *ਸਰਦਾਰ ਹਰੀ ਸਿੰਘ ਨਲਵਾ*, ਪੰਨਾ 110
29. ਕਾਦਰਯਾਰ ਸਰਦਾਰ ਨੇ ਆਪ ਓਥੇ, ਪੜਣੇ ਨਾਲ ਫ਼ਰਜ਼ੰਦ ਸਮਝਾਇ ਦਿੱਤੇ ।
30. ਸ. ਸ਼ਮਸ਼ੇਰ ਸਿੰਘ ਅਸ਼ੋਕ : *ਸਰਦਾਰ ਹਰੀ ਸਿੰਘ ਨਲਵਾ*, ਪੰਨਾ 116
31. ਜ਼ੋਇ-ਜ਼ਾਹਰ ਸਰਕਾਰ ਵੱਲ ਲਿਖੀ ਅਰਜ਼ੀ, *ਚਿੱਠੀ ਮਿਲੀ ਗੁਜਰਾਤ ਦੇ ਆਣ ਡੇਰੇ* ।
32. ਸ. ਸ਼ਮਸ਼ੇਰ ਸਿੰਘ ਅਸ਼ੋਕ : *ਸਰਦਾਰ ਹਰੀ ਸਿੰਘ ਨਲਵਾ*, ਪੰਨਾ 113
33. *ਉਹੀ*, ਪੰਨਾ 113
34. ਐਨ-ਐਨ ਸਰਕਾਰ ਨ ਗੱਲ ਸਮਝੀ, ਰੋ ਰੋ ਕੇ ਨੀਰ ਰਵਾਂ ਹੋਇਆ ।
ਚਲੇ ਦਰਦ ਨਾ ਨਲ੍ਹੀਆਂ ਜਾਣ ਹੰਝੂ ਅੱਜ ਸਾਹ ਉੱਤੇ ਬੜਾ ਤੂਫ਼ਾਨ ਹੋਇਆ ।
ਘਰ ਬੈਠਿਆਂ ਖ਼ਬਰ ਮੈਂ ਪੁੱਛਦਾ ਸਾ, ਕੀ ਕੁੱਝ ਮੇਰਾ ਨੁਕਸਾਨ ਹੋਇਆ ।
ਕਾਦਰਯਾਰ ਤਕਦੀਰ ਦੀ ਕੇਹੀ ਵਰਤੀ ਉਥੇ ਇਕ ਮੇਰਾ ਲੈ ਜਵਾਨ ਹੋਇਆ । 18 ।

35. ਸ. ਸ਼ਮਸ਼ੇਰ ਸਿੰਘ ਅਸ਼ੋਕ : *ਸਰਦਾਰ ਹਰੀ ਸਿੰਘ ਨਲਵਾ*, ਪੰਨਾ 113
36. *ਉਹੀ*, ਪੰਨਾ 113
    "ਸਰਕਾਰੇ ਆਲੀ ਅਜ਼ ਸ਼ੁਨੀਦਨ ਈਂ ਖ਼ਬਰ ਦਹਸ਼ਤ ਅਸਰ ਕਮਾਲ ਵ ਤਫ਼ੱਕਰ ਫ਼ਰਮੂਦਾ ਤਮਾਮ ਹਵਾਲੇ ਸਰਦਾਰ ਮਜ਼ਕੂਰ ਅਜ਼ ਇਬਤਦਾਏ ਤਾ ਇੰਤਹਾ ਵ ਨਮਕ ਹਲਾਲੀ ਦਰ ਤਕਦੀਮੇ ਖਿਦਮਤ ਬਿਆਨ ਫ਼ਰਮੂਦਾ ਚਸ਼ਮ ਪੁਰ ਆਬ ਸ਼ਦੰਦ।"
    (ਦੇਖੋ *ਉਮਦਾਤੁਤ ਤਵਾਰੀਖ਼*, ਦਫ਼ਤਰ ਸੋਇਮ, ਚਹਾਰਮ ਪੰਨਾ 397)
37. *ਉਹੀ*, ਪੰਨਾ 113
38. ਓਧਰ ਦੋਸਤ ਮੁਹੰਮਦਵੀ ਪਰਤ ਆਇਆ, ਤੇ ਰਣਜੀਤ ਸਿੰਘ ਕਿਲੇ ਵਿਚ ਜਾਂਵਦਾ ਈ।
    ਅਤੇ ਚੰਦਨ ਚਿਖਾ ਬਣਾਇਕੇ ਜੀ, ਹਰੀ ਸਿੰਘ ਸਸਕਾਰ ਕਰਾਂਵਦਾ ਈ। 29।
39. ਡਾ. ਗੰਡਾ ਸਿੰਘ ਜੀ, ਇਕ ਸੀਹਰਫ਼ੀ ਨੂੰ ਇਸ ਕਿੱਸੇ ਦੀ ਨਿੱਕੀ ਸੰਚੀ ਕਹਿੰਦੇ ਹਨ ਅਤੇ ਇਸ ਦਾ ਮੁਕੰਮਲ ਰੂਪ ਵੱਡੀ ਸੰਚੀ ਨੂੰ ਕਹਿੰਦੇ ਹਨ ਜਿਹੜਾ ਕਿ ਅਲੋਪ ਹੋ ਚੁੱਕਾ ਹੈ,
    ਹਵਾਲਾ ਪੁਸਤਕ, *ਕਾਦਰਯਾਰ*, ਸੰਪਾਦਕ ਪ੍ਰੋ: ਗੁਰਚਰਨ ਸਿੰਘ
40. ਪ੍ਰੋ: ਗੁਰਚਰਨ ਸਿੰਘ : *ਕਾਦਰਯਾਰ*, ਪੰਨਾ 9

ਸ਼ੇਰ ਸਿੰਘ ਗੱਦੀ ਉੱਤੇ ਆਣ ਬੈਠਾ,
ਰਾਣੀ ਕੈਦ ਕਰਕੇ ਕਿਲ੍ਹੇ ਵਿਚ ਪਾਈ।
ਘਰ ਬੈਠਿਆਂ ਰੱਬ ਨੇ ਰਾਜ ਦਿੱਤਾ,
ਉਹ ਤਾਂ ਮੱਲ ਬੈਠਾ ਸਾਰੀ ਪਾਦਸ਼ਾਹੀ।
ਬਰਸ ਹੋਇਆ ਜਦ ਓਸ ਨੂੰ ਕੈਦ ਹੋਇਆਂ,
ਰਾਣੀ ਦਿਲ ਦੇ ਵਿਖੇ ਸੋ ਜਿੱਚ ਆਹੀ।
ਸ਼ਾਹ ਮੁਹੰਮਦਾ ਮਾਰ ਕੇ ਚੰਦ ਕੌਰਾਂ,
ਸ਼ੇਰ ਸਿੰਘ ਨੇ ਗਲੋਂ ਬਲਾਇ ਲਾਹੀ।

... ...

ਸ਼ੇਰ ਸਿੰਘ ਨੂੰ ਰੱਬ ਨੇ ਰਾਜ ਦਿੱਤਾ,
ਲਿਆ ਖੋਹਿ ਲਾਹੌਰ ਜੋ ਰਾਣੀਆਂ ਥੀਂ।
ਸੰਧਾਵਾਲੀਆਂ ਜਿਹੀ ਨਾ ਕਿਸੇ ਕੀਤੀ,
ਜਾ ਕੇ ਪੁੱਛ ਲੈ ਰਾਹ ਪਧਾਣੀਆਂ ਥੀਂ।
ਮੁੜ ਕੇ ਫੇਰ ਅਜੀਤ ਸਿੰਘ ਲਈ ਬਾਜ਼ੀ,
ਪੈਦਾ ਹੋਇਆ ਸੀ ਅਸਲ ਸਵਾਣੀਆਂ ਥੀਂ।
ਸ਼ਾਹ ਮੁਹੰਮਦਾ ਜੰਮਿਆ ਅਲੀ ਅਕਬਰ,
ਆਂਦਾ ਬਾਪ ਨੂੰ ਕਾਲਿਆਂ ਪਾਣੀਆਂ ਥੀਂ।

–ਸ਼ਾਹ ਮੁਹੰਮਦ

ਸਿੱਖ-ਰਾਜ ਦੀ ਅਧੋਗਤੀ ਸੰਬੰਧੀ ਪੰਜਾਬੀ ਕਾਵਿ ਦੀ ਮੂਲ-ਭਾਵਨਾ

ਡਾ. ਅਜਮੇਰ ਸਿੰਘ

ਗੁਰੂ ਗੋਬਿੰਦ ਸਿੰਘ ਦੇ ਖ਼ਾਲਸਾ ਪੰਥ ਸਾਜਣ ਤੋਂ ਪੂਰੀ ਇਕ ਸਦੀ ਬਾਅਦ 7 ਜੁਲਾਈ, 1799 ਈ.[1] ਨੂੰ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਅਠਾਰ੍ਹਾਂ ਸਾਲਾਂ ਦਾ ਗਭਰੂ ਰਣਜੀਤ ਸਿੰਘ ਜੇਤੂ ਦੇ ਰੂਪ ਵਿਚ ਦਾਖ਼ਲ ਹੋਇਆ ਅਤੇ ਇਤਫਾਕ ਨਾਲ (ਬਿਕ੍ਰਮੀ ਸੰਮਤ ਅਨੁਸਾਰ) ਠੀਕ ਉਸੇ ਹੀ ਦਿਨ 40 ਸਾਲਾਂ ਬਾਅਦ ਉਸ ਸ਼ਾਹੀ ਕਿਲ੍ਹੇ ਵਿਚੋਂ ਇਕ ਸ਼ਕਤੀਸ਼ਾਲੀ ਸ਼ਹਿਨਸ਼ਾਹ ਦੇ ਰੂਪ ਵਿਚ ਉਸ ਦੀ ਅਰਥੀ ਦਾ ਸ਼ਾਹਾਨਾ ਜਲੂਸ ਨਿਕਲਿਆ। ਉਸ ਦੀ ਸਲਤਨਤ ਦੀਆਂ ਹੱਦਾਂ ਪੂਰਬ ਵੱਲ ਸਤਲੁਜ ਦਰਿਆ,[2] ਪੱਛਮ ਵੱਲ ਜਮਰੋਦ, ਉੱਤਰ ਵੱਲ ਹਿਮਾਲਾ ਦੀਆਂ ਉੱਚੀਆਂ ਚੋਟੀਆਂ ਅਤੇ ਦੱਖਣ ਵੱਲ ਸਿੰਧ ਦੇ ਵਿਸ਼ਾਲ ਮਾਰੂਥਲ ਤਕ ਫੈਲੀਆਂ ਹੋਈਆਂ ਸਨ। ਵੱਡੀਆਂ-ਵੱਡੀਆਂ ਸਾਮਰਾਜੀ ਸ਼ਕੜ੍ਹੀਆਂ ਨੇ ਵੀ ਉਸ ਦੀ ਤਾਕਤ ਦਾ ਦਬਦਬਾ ਮੰਨਿਆ ਸੀ। ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਇਕ ਦਹਾਕੇ ਦੇ ਨਿੱਕੇ ਜੇਹੇ ਸਮੇਂ ਵਿਚ ਹੀ ਇਸ ਵੱਡੀ ਸਲਤਨਤ ਦਾ ਖ਼ਾਤਮਾ ਹੋ ਗਿਆ। ਇਸ ਤਰ੍ਹਾਂ ਅੱਧੀ ਸਦੀ ਦੇ ਥੋੜ੍ਹੇ ਜੇਹੇ ਅਰਸੇ ਵਿਚ ਹੀ ਇਕ ਬਹੁਤ ਵੱਡੀ ਸਲਤਨਤ ਉਸਰੀ, ਡਿਗੀ, ਅਤੇ ਮਿਟ ਗਈ। ਮਹਾਰਾਜੇ ਦੇ ਦੇਹਾਂਤ 1839 ਈ. ਤੋਂ ਬਾਅਦ ਸਿੱਖਾਂ ਤੇ ਅੰਗਰੇਜ਼ਾਂ ਦੀ ਪਹਿਲੀ ਲੜਾਈ ਅਤੇ 1846 ਈ. ਵਿਚ ਅੰਗਰੇਜ਼ਾਂ ਦੇ ਲਾਹੌਰ ਪੁੱਜਣ ਤਕ ਸਿੱਖ ਰਾਜ ਦੀ ਅਧੋਗਤੀ ਦਾ ਸਮਾਂ ਹੈ ਅਤੇ 1846 ਤੋਂ 1849 ਈ. ਤਕ ਪਤਨ ਦਾ।

ਸਿੱਖ ਰਾਜ ਦੀ ਅਧੋਗਤੀ ਦੇ ਕਾਲ ਵਿਚ ਰਚਿਤ ਸਾਹਿੱਤਿਕ ਰਚਨਾਵਾਂ ਦੋ ਭਾਗਾਂ ਵਿਚ ਵੰਡੀਆਂ ਜਾ ਸਕਦੀਆਂ ਹਨ। ਪਹਿਲੇ ਭਾਗ ਵਿਚ ਉਹ ਰਚਨਾਵਾਂ ਆਉਂਦੀਆਂ ਹਨ ਜਿਨ੍ਹਾਂ ਦਾ ਸੰਬੰਧ ਲਾਹੌਰ ਦੀ ਖ਼ਾਨਾ-ਜੰਗੀ ਨਾਲ ਹੈ। ਇਨ੍ਹਾਂ ਵਿਚੋਂ ਪ੍ਰਮੁੱਖ ਹਨ : 'ਲਾਹੌਰ ਦੀ ਖ਼ਾਨਾ-ਜੰਗੀ (ਅਗਿਆਤ), 'ਬੈਂਤਾਂ ਸ਼ੇਰ ਸਿੰਘ' (ਨਿਹਾਲ ਸਿੰਘ), 'ਸੰਧਾਵਾਲੀਆਂ ਦੀ ਵਾਰ' ਆਦਿ। ਦੂਜੇ ਭਾਗ ਦੀਆਂ ਰਚਨਾਵਾਂ ਸਿੰਘਾਂ ਤੇ ਅੰਗਰੇਜ਼ਾਂ ਦੀ ਪਹਿਲੀ ਲੜਾਈ ਨਾਲ ਸੰਬੰਧਿਤ ਹਨ। ਇਸ ਨਾਲ ਸੰਬੰਧਿਤ ਪ੍ਰਮੁਖ ਰਚਨਾਵਾਂ ਹਨ : 'ਜੰਗ ਸਿੰਘਾਂ ਫਰੰਗੀਆਂ' (ਸ਼ਾਹ ਮੁਹੰਮਦ), 'ਜੰਗਨਾਮਾ' (ਮਟਕ), 'ਜੰਗਨਾਮਾ ਲਾਹੌਰ' (ਕਾਨ੍ਹ ਸਿੰਘ ਬੰਗਾ), 'ਅਜੀਤ ਸਿੰਘ ਲਾਡੂਏ ਵਾਲੇ ਦੀ ਵਾਰ', ਕਈ ਹੋਰ ਵਾਰਾਂ (ਅਗਿਆਤ ਲੇਖਕ) ਆਦਿ।

ਸਿੱਖ-ਰਾਜ ਦੀ ਸਥਾਪਤੀ ਨਾਲ ਪੰਜਾਬੀ-ਕਾਵਿ ਦੀ ਕਲਪਨਾ ਨੂੰ ਉੱਚਾ ਤੇ ਤਿੱਖਾ ਹੁਲਾਰਾ ਮਿਲਿਆ। ਪੰਜਾਬੀ ਕਵੀਆਂ ਦੀ ਰਚਨਾ ਵਿਚ ਵਿਜੇਸ਼ਾਲੀ ਭਾਵਨਾ ਦਾ ਤੇਜਸਵੀ ਸੁਰ ਪੈਦਾ ਹੋਇਆ ਕਿਉਂਕਿ ਆਨੰਤ-ਕਾਲ ਤੋਂ ਪਿੱਛੋਂ ਪੰਜਾਬ ਨੇ ਪਹਿਲੀ ਵਾਰ ਰਾਜਨੀਤਿਕ ਪ੍ਰਭੁਤਾ ਸਥਾਪਿਤ ਕੀਤੀ ਸੀ। ਰਣਜੀਤ ਸਿੰਘ ਨੇ ਦਰਾ ਖ਼ੈਬਰ ਰਾਹੀਂ ਅੱਠ ਸੌ ਸਾਲ ਤੋਂ ਆ ਰਹੇ ਅਫ਼ਗਾਨ ਲੁਟੇਰਿਆਂ ਦਾ ਰਸਤਾ ਸਦਾ ਲਈ ਬੰਦ ਕਰ ਦਿੱਤਾ। ਉਹ ਅਫ਼ਗਾਨ ਹਮਲਾਵਰ, ਜੋ ਫੜ ਮਾਰਿਆ ਕਰਦੇ ਸਨ ਕਿ ਜਿਥੋਂ ਦੀ ਉਨ੍ਹਾਂ ਦੇ ਘੋੜੇ ਇਕ ਵਾਰ ਲੰਘ ਜਾਣ ਉਥੇ ਘਾਹ ਦੀ ਤਿੜ ਵੀ ਜੰਮ ਨਹੀਂ ਸਕਦੀ, ਖ਼ਾਲਸਾ ਫ਼ੌਜ ਦੀ ਤਲਵਾਰ ਦਾ ਲੋਹਾ ਮੰਨਦੇ ਬੈਠ ਗਏ। ਖ਼ਾਲਸੇ ਦੀਆਂ ਜਿੱਤਾਂ ਨੇ ਪੰਜਾਬੀਆਂ ਵਿਚ ਇਕ ਨਵੀਂ ਅਣਖ ਤੇ ਨਵੇਂ ਸੈਮਾਨ ਦਾ ਸੰਚਾਰ ਕੀਤਾ। ਸ਼ੇਰਿ-ਪੰਜਾਬ ਦੇ ਰਾਜ-ਪ੍ਰਬੰਧ ਤੋਂ ਪੈਦਾ ਹੋਈ ਸ਼ਾਂਤੀ ਅਤੇ ਉਸ ਦੀ ਸਰਬ ਧਰਮਾਂ ਪ੍ਰਤੀ ਸਤਿਕਾਰ ਦੀ ਨੀਤੀ ਨੇ ਲੋਕਾਂ ਵਿਚ ਆਪਸੀ ਮਿਲਵਰਤਨ ਤੇ ਵਿਸ਼ਵਾਸ ਨੂੰ ਵਧਾਇਆ। ਇਸ ਤਰ੍ਹਾਂ ਇਸ ਰਾਜ ਨਾਲ ਪੰਜਾਬ ਦੇ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੀ ਭਾਵਨਾਤਮਕ ਸਾਂਝ ਪੈਦਾ ਹੋਈ। ਇਸੇ ਲਈ ਇਸ ਰਾਜ ਦੇ ਖਤਮ ਹੋਣ ਉੱਤੇ ਪੰਜਾਬੀ ਸਾਹਿੱਤਕਾਰ ਦਰਦ

ਨਾਲ ਕੂਕ ਉੱਠੇ ਜਿਵੇਂ ਉਨ੍ਹਾਂ ਦੇ 'ਸੁੰਦਰੰ ਅਤੇ ਸ਼ਿਵੰ' ਦਾ ਤਿਲਸਮ ਟੁੱਟ ਗਿਆ ਹੋਵੇ।

ਮਹਾਰਾਜਾ ਰਣਜੀਤ ਸਿੰਘ ਇਕ ਮਹਾਨ ਰਾਜ ਦਾ ਉਸਰੱਈਆ ਸੀ, ਇਸ ਲਈ ਪੰਜਾਬੀ ਕਵੀਆਂ ਦੀ ਦ੍ਰਿਸ਼ਟੀ ਵਿਚ ਉਹ 'ਮਹਾਂਬਲੀ' ਸੀ। ਸ਼ੇਰਿ-ਪੰਜਾਬ ਪੰਜਾਬ ਦੇ ਇਤਿਹਾਸ ਵਿਚ ਸਭ ਤੋਂ ਪਿਆਰਾ ਮਹਾਰਾਜਾ ਸੀ। ਉਹ ਜਮਾਂਦਰੂ ਦਲੇਰ ਸਿਪਾਹੀ, ਯੋਗ-ਪ੍ਰਬੰਧਕ, ਵਕਤ ਦੀ ਨਜ਼ਾਕਤ ਨੂੰ ਸਮਝਣ ਵਾਲਾ ਤੇ ਨੀਤੀ ਨਿਪੁੰਨ ਸ਼ਾਸਕ ਸੀ। ਭਾਵੇਂ ਉਹ ਅਨਪੜ੍ਹ ਸੀ, ਪਰ ਰਾਜ ਦੇ ਕੰਮ ਨੂੰ ਬੜੀ ਹੁਸ਼ਿਆਰੀ ਨਾਲ ਚਲਾ ਸਕਦਾ ਸੀ। ਭਾਵੇਂ ਉਹ ਇਕ ਅਖੋਂ ਹੀਣਾ, ਮੂੰਹ ਤੇ ਸੀਤਲ ਦੇ ਦਾਗ਼ ਤੇ ਕਦ ਦਾ ਮਧਰਾ (5'—3") ਸੀ ਪਰ ਉਸ ਦੀ ਸ਼ਖ਼ਸੀਅਤ ਬੜੀ ਪ੍ਰਭਾਵਸ਼ਾਲੀ ਸੀ।[3] ਉਸ ਦੇ ਦਰਬਾਰ ਦਾ ਠਾਠ ਸ਼ਹਾਨਾ ਸੀ ਅਤੇ ਉਸ ਦਾ ਤੋਸ਼ਾਖਾਨਾ ਆਪਣੇ ਸਮੇਂ ਦਾ ਅਦੁੱਤੀ ਤੋਸ਼ਾਖਾਨਾ ਸੀ,[4] ਜਿਸ ਵਿਚ ਦੁਨੀਆ ਦਾ ਬੇਨਜ਼ੀਰ ਹੀਰਾ 'ਕੋਹਿਨੂਰ' ਸ਼ੁਭਾਏਮਾਨ ਸੀ। ਰਣਜੀਤ ਸਿੰਘ ਦੀ ਸਿਫ਼ਤ ਉਸ ਕਾਲ ਦੇ ਕਵੀਆਂ ਨੇ ਆਪਣੀ ਰੂਹ ਦੇ ਆਨੰਦ ਵਿਚ ਭਿੱਜ ਕੇ ਇਸ ਪ੍ਰਕਾਰ ਕੀਤੀ ਹੈ :

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ-ਕਸ਼ਮੀਰ ਪਸ਼ੌਰ ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ ਲੱਦਾਖ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ। 5।

(ਸ਼ਾਹ ਮੁਹੰਮਦ)

ਤੇਜਵਾਨ ਔ ਜਵਾਨ ਗਯਾਨਵਾਨ ਬੁੱਧਮਾਨ,
ਦਾਨ ਔ ਕ੍ਰਿਪਾਨ ਕੋ ਬਹਾਦਰ ਮਿਹਰਬਾਨ। 8।.....
ਮਹਾਰਾਜ ਰਾਜਨ ਕੇ ਬੀਰ ਰਣਜੀਤ ਸਿੰਘ,
ਪ੍ਰਥਮ ਪੰਜਾਬੀ ਔ ਪਹਾੜੀ ਜੀਤੇ ਸਹਾਰੇ।

('ਬਿਜੈ ਬਿਨੋਦ' ਗ੍ਵਾਲ ਭੱਟ)

ਦੁਸ਼ਟ ਬਿਡਾਰਨ ਕੋ ਲੀਨੋ ਅਵਤਾਰ ਆਪ,
ਕ੍ਰਿਸ਼ਨ ਸਰੂਪ ਹ੍ਵੈ ਕੈ ਅਨੇਕ ਦੈਤ ਘਾਏ ਹੈਂ।
ਤੈਸੇ ਰਣਜੀਤ ਸਿੰਘ ਤੁਰਕ ਸੰਘਾਰਨ ਕੋ,
ਕਾਲ ਕੇ ਪ੍ਰਮਾਨ ਜਾਨ ਆਪ ਰੂਪ ਆਏ ਹੈਂ।.....12।

('ਫ਼ਤਿਹਨਾਮਾ ਗੁਰੂ ਖ਼ਾਲਸਾ ਜੀ ਕਾ' ਗਣੇਸ਼ ਦਾਸ)

ਨਾ ਭੂਲੇਗਾ ਜਬ ਤਕ ਜ਼ਮੀਂ ਆਸਮਾਂ।
ਐਸਾ ਬਾਦਸ਼ਾਹ ਫੈਜ਼ ਬਖ਼ਸ਼ੇ ਜਹਾਂ। 66।
ਐਸਾ ਬਾਦਸ਼ਾਹ ਕਿਓਂ ਨਾ ਜੀਤਾ ਰਹਾ।
ਸਤਜੁਗ ਕਲੂ ਬੀਚ ਬੀਤਾ ਰਹਾ। 67।

('ਜੰਗਨਾਮਾ ਲਾਹੌਰ' ਕਾਨ੍ਹ ਸਿੰਘ ਬੰਗਾ)

ਇਨ੍ਹਾਂ ਸਭ ਕਵੀਆਂ ਦੀ ਦ੍ਰਿਸ਼ਟੀ ਵਿਚ ਸਿੱਖ ਰਾਜ ਦੀ ਅਧੋਗਤੀ ਤੇ ਪਤਨ ਵਿਚ ਰਣਜੀਤ ਸਿੰਘ ਦਾ ਕੋਈ ਦੋਸ਼ ਨਹੀਂ। ਉਹ ਉਸ ਦੀ ਕਿਸੇ ਪ੍ਰਕਾਰ ਦੀ ਕਮੀ ਜਾਂ ਨੁਕਸ ਵੱਲ ਇਸ਼ਾਰਾ ਨਹੀਂ ਕਰਦੇ। ਸਾਹਿੱਤਕਾਰਾਂ ਦੀਆਂ ਅੱਖਾਂ ਦੇ ਸਾਹਮਣੇ ਹੀ ਇਸ ਮਹਾਨ ਸਲਤਨਤ ਦਾ ਜਲੌਅ ਪਸਰਿਆ ਸੀ। ਮਹਿਲ ਦੀਆਂ ਬੁਨਿਆਦਾਂ

ਵਿਚ ਰਹੀਆਂ ਕੁਝ ਕਮਜ਼ੋਰੀਆਂ ਵੱਲ ਉਨ੍ਹਾਂ ਦਾ ਧਿਆਨ ਕਿਵੇਂ ਜਾਂਦਾ, ਉਹ ਤਾਂ ਮਹਿਲ ਦੀਆਂ ਉੱਚੀਆਂ ਮੀਮਟੀਆਂ ਦੀ ਸੁੰਦਰ ਸ਼ੋਭਾ ਨੂੰ ਦੇਖ ਕੇ ਅਸ਼-ਅਸ਼ ਕਰ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ 'ਗ੍ਰੰਥ' ਤੇ 'ਪੰਥ' ਨੂੰ ਗੁਰਿਆਈ ਬਖ਼ਸ਼ ਕੇ ਅਤੇ ਖ਼ਾਲਸੇ ਨੂੰ 'ਆਪਣਾ ਰੂਪ ਹੈ ਖ਼ਾਸ' ਦਸ ਕੇ ਸਿੱਖ ਧਰਮ ਵਿਚ ਬਹੁਤ ਉੱਚਾ ਸੰਕਲਪ ਪੇਸ਼ ਕੀਤਾ ਸੀ ਜੋ 'ਪੰਥ' ਭਾਵ ਸਾਂਝਾ ਭਾਈਚਾਰਾ ਕਾਇਮ ਕਰਨ ਲਈ ਆਧਾਰ ਬਣਿਆ। ਬਾਅਦ ਵਿਚ ਸਾਮੰਤੀ ਸਿੱਖ ਹਾਕਮ ਇਸ ਉਚੇਰੀ ਅਵਸਥਾ ਨੂੰ ਪੂਰੀ ਤਰ੍ਹਾਂ ਕਾਇਮ ਨਾ ਰਖ ਸਕੇ।[5] ਪੰਜਾਬ ਦੀ ਕ੍ਰਿਸਾਨੀ ਤੇ ਕਿਰਤੀ ਸ਼੍ਰੇਣੀ ਬੰਦਾ ਬਹਾਦਰ ਦੀ ਅਗਵਾਈ ਵਿਚ ਲੜੀ ਅਤੇ ਇਨ੍ਹਾਂ ਸ਼੍ਰੇਣੀਆਂ ਵਿਚ ਰਾਜ ਪ੍ਰਬੰਧ ਨੂੰ ਆਪਣੇ ਅਧਿਕਾਰ ਹੇਠ ਕਰ ਲੈਣ ਦਾ ਉਤਸ਼ਾਹ ਪੈਦਾ ਹੋਇਆ। 'ਸੰਗਤ' ਤੇ 'ਪੰਥ' ਤੇ ਸੰਕਲਪ ਸਾਮੰਤੀ ਕੀਮਤਾਂ ਪਿਤਾ ਪੁਰਖੀ ਏਕੋ-ਅਧਿਕਾਰ ਦਾ ਖੰਡਨ ਕਰਦਾ ਹੈ। ਬੰਦਾ ਬਹਾਦਰ ਸਾਮੰਤੀ ਯੁਗ ਵਾਂਗ ਸਿੱਖਾਂ ਦਾ ਬਾਦਸ਼ਾਹ ਨਹੀਂ, ਸਗੋਂ ਮੁਖੀ ਸੀ। ਆਰੰਭ ਵਿਚ ਮਿਸਲਾਂ ਦਾ ਆਚਰਣ ਵੀ ਸਾਮੰਤੀ ਨਹੀਂ ਸੀ। ਵੱਖ-ਵੱਖ ਇਲਾਕਿਆਂ ਉੱਤੇ ਸਰਦਾਰਾਂ ਦੇ ਪੱਕੇ ਅਧਿਕਾਰ ਹੋਣ ਨਾਲ ਸਾਂਝੀਵਾਲਤਾ ਦੀ ਭਾਵਨਾ ਪਿੱਛੇ ਪੈ ਗਈ ਅਤੇ 'ਸਰਦਾਰੀਆਂ' ਮੌਰੂਸੀ ਹੋ ਗਈਆਂ। ਇਨ੍ਹਾਂ ਨੀਮ ਸਾਮੰਤੀ ਸਰਦਾਰਾਂ ਨੂੰ ਖ਼ਤਮ ਕਰਕੇ ਬਾਦਸ਼ਾਹਤ ਕਾਇਮ ਕਰਨ ਵਾਲਾ ਰਣਜੀਤ ਸਿੰਘ ਸ਼ੇਰਾਂ ਵਿਚੋਂ ਇਕ ਬਾਦਸ਼ਾਹ ਬਣ ਕੇ ਪ੍ਰਗਟ ਹੋਇਆ।[6] 'ਗੁਰਮਤਾ' ਦੀ ਪਰੰਪਰਾ ਵਿਚ ਪਹਿਲਾਂ ਜਿੰਨਾਂ ਬਲ ਨਾ ਰਿਹਾ। ਲਾਹੌਰ ਦਰਬਾਰ ਵਿਚ ਡੋਗਰਾ ਪਰਿਵਾਰ ਪੂਰੀ ਤਰ੍ਹਾਂ ਛਾਇਆ ਹੋਇਆ ਸੀ। ਰਾਜਾ ਧਿਆਨ ਸਿੰਘ ਮਹਾਰਾਜੇ ਦੀ ਵਿਸ਼ੇਸ਼ ਕਿਰਪਾ ਦਾ ਪਾਤਰ ਸੀ। ਧਿਆਨ ਸਿੰਘ ਜੋ 1810 ਈ. ਵਿਚ ਮਾਮੂਲੀ ਘੋੜ ਸਵਾਰ ਵਜੋਂ ਮਹਾਰਾਜੇ ਅੱਗੇ ਹਾਜ਼ਿਰ ਹੋਇਆ ਸੀ, ਮਹਾਰਾਜੇ ਨੇ ਉਸ ਨੂੰ 'ਨਾਇਬ-ਉਲ-ਸਲਤਨਤ', 'ਮੁਖਤਾਰ-ਉਲ-ਮੁਲਕ', 'ਵਜ਼ੀਰੇ-ਆਜ਼ਿਮ', 'ਮੁਖਤਾਰਿ ਕੁਲ', 'ਰਾਜਾਇ ਰਾਜਗਾਨ', 'ਰਾਜਾ ਬਹਾਦਰ' ਆਦਿ ਖ਼ਿਤਾਬਾਂ ਨਾਲ ਸ਼ਿੰਗਾਰਿਆ ਸੀ। ਸ਼ਾਹੀ ਜ਼ਨਾਨਖ਼ਾਨੇ ਵਿਚ ਵੀ ਧਿਆਨ ਸਿੰਘ ਬਿਨਾ ਰੋਕ ਟੋਕ ਜਾ ਸਕਦਾ ਸੀ।[7] ਦੁਸਹਿਰੇ ਦੇ ਤਿਉਹਾਰ ਸਮੇਂ ਧਿਆਨ ਸਿੰਘ ਨੇ ਹੀ ਮਹਾਰਾਜੇ ਦੇ ਅਧਰੰਗ ਹੋਣ ਉੱਤੇ ਚਾਂਦੇ ਦੇ ਬੰਗਲੇ ਵਿਚ ਦਰਬਾਰ ਸਜਾ ਕੇ ਨਜ਼ਰਾਨਾ ਲਿਆ ਸੀ।[8] ਮਹਾਰਾਜਾ ਰਣਜੀਤ ਸਿੰਘ ਨੇ ਧਿਆਨ ਸਿੰਘ ਦੇ ਪਰਿਵਾਰ ਦੇ ਚਾਰ ਹੋਰ ਬੰਦਿਆਂ ਨੂੰ ਵੀ 'ਰਾਜਾ' ਦਾ ਖ਼ਿਤਾਬ ਦਿੱਤਾ ਸੀ। ਉਹ ਸਨ–ਧਿਆਨ ਸਿੰਘ ਦਾ ਬਾਪ-ਮੀਆਂ ਕਿਸ਼ੋਰ ਸਿੰਘ, ਪੁਤਰ–ਹੀਰਾ ਸਿੰਘ, ਭਰਾ–ਗੁਲਾਬ ਸਿੰਘ ਤੇ ਸੁਚੇਤ ਸਿੰਘ। ਜਦੋਂ ਕਿ ਕਿਸੇ ਵੀ ਸਿੱਖ ਸਰਦਾਰ ਨੂੰ 'ਰਾਜਾ' ਦਾ ਖ਼ਿਤਾਬ ਨਹੀਂ ਸੀ ਦਿੱਤਾ ਗਿਆ। ਹੀਰਾ ਸਿੰਘ ਇਕੋ ਬੰਦਾ ਸੀ ਜੋ ਮਹਾਰਾਜੇ ਨਾਲ ਭਰੇ ਦਰਬਾਰ ਵਿਚ ਸਵਾਲ ਜਵਾਬ ਕਰਨ ਤੋਂ ਨਹੀਂ ਸੀ ਟਲਦਾ।[9] ਮਹਾਰਾਜਾ ਸਾਹਿਬ ਦੀਆਂ ਕ੍ਰਿਪਾਵਾਂ ਦੇ ਫਲਸਰੂਪ ਆਰਥਿਕ ਪੱਖ ਤੋਂ ਇਹ ਡੋਗਰੇ ਰਾਜੇ ਇੰਨੇ ਬਲਵਾਨ ਹੋ ਗਏ ਸਨ ਕਿ ਕੰਵਰ ਨੌਨਿਹਾਲ ਸਿੰਘ ਦੇ ਵਿਆਹ ਵਿਚ ਇਕੱਲੇ ਧਿਆਨ ਸਿੰਘ ਨੇ 1,25,00 ਰੁਪਏ ਨਿਉਂਦਾ ਪਾਇਆ ਸੀ।[10] ਲਾਹੌਰ ਦਰਬਾਰ ਵਿਚ ਸਿੱਖ ਸਰਦਾਰਾਂ ਨਾਲੋਂ ਗ਼ੈਰ ਪੰਜਾਬੀ ਤੇ ਗ਼ੈਰ ਭਾਰਤੀਆਂ ਦੀ ਸ਼ਕਤੀ ਕਿਤੇ ਵੱਧ ਸੀ। ਇਥੋਂ ਤਕ ਕਿ ਰੈਗੂਲਰ ਫ਼ੌਜ ਦੀ ਕਮਾਨ ਕਦੇ ਵੀ ਸਿੱਖ ਸਰਦਾਰ ਨੂੰ ਨਹੀਂ ਸੀ ਦਿੱਤੀ ਗਈ,[11] ਭਾਵੇਂ ਉਹ ਸਰਦਾਰ ਹਰੀ ਸਿੰਘ ਨਲਵਾ ਵੀ ਕਿਉਂ ਨਾ ਹੋਵੇ। ਖ਼ਾਲਸਾ ਫ਼ੌਜ ਨੇ ਪੰਥ ਦੀ ਸਰਕਾਰ ਕਾਇਮ ਕਰਨ ਦੀ ਭਾਵਨਾ ਨਾਲ ਯੁੱਧ ਜਿੱਤੇ ਸਨ, ਪਰ ਸਿੱਖ ਰਾਜ ਨੇ ਕਾਲਾਂਤਰ ਸ਼ਖਸੀ ਸਲਤਨਤ ਦਾ ਰੂਪ ਧਾਰ ਲਿਆ। ਮਹਾਰਾਜੇ ਨੇ ਆਪਣੇ ਰਾਜ ਦੇ ਮਹੱਲ ਦਾ ਕੇਂਦਰੀ ਥੰਮ ਡੋਗਰਿਆਂ ਨੂੰ ਬਣਾਇਆ ਕਿਉਂਕਿ ਉਹ ਉਸ ਦੀ ਸਾਮੰਤੀ ਰੁਚੀਆਂ ਨੂੰ ਤ੍ਰਿਪਤ ਕਰਦੇ ਸਨ ਪਰ ਇਹ ਕੇਂਦਰੀ ਥੰਮ ਫਰੇਬ ਦੀ ਲਾਖ ਦਾ ਬਣਿਆ ਹੋਇਆ ਸੀ ਜਿਸ ਨੇ ਮਹਾਰਾਜੇ ਦੀ ਚਿਤਾ ਦੀ ਅਗਨੀ ਨਾਲ ਹੀ ਧੁਖਣਾ ਆਰੰਭ ਕਰ ਦਿੱਤਾ। "ਮਹਾਰਾਜੇ ਦੇ ਫੁੱਲ ਅਜੇ ਗੰਗਾ ਵਿਚ ਨਹੀਂ ਸਨ ਪਏ ਕਿ ਸਲਤਨਤ ਦੇ ਸ਼ਾਹੀ ਗੁੰਬਦ ਦੀਆਂ ਬੁਨਿਆਦਾਂ ਵਿਚ ਤ੍ਰੇੜਾਂ ਆਉਣੀਆਂ ਸ਼ੁਰੂ ਹੋ ਗਈਆਂ ਜਿਸ ਨੂੰ ਉਸਾਰਨ ਤੇ ਮੁਰੰਮਤ ਕਰਨ ਦਾ ਢੰਗ ਕੇਵਲ ਇਕੋ ਇਕ ਆਦਮੀ-ਸਵਰਗਵਾਸੀ ਮਹਾਰਾਜਾ ਹੀ ਜਾਣਦਾ ਸੀ।"[12] ਰਣਜੀਤ ਸਿੰਘ ਦੇ ਉੱਤਰਾਧਿਕਾਰੀ, ਡੋਗਰਿਆਂ ਦੀ ਨੀਤੀ ਨੂੰ ਮਾਤ ਨਾ ਪਾ ਸਕੇ। ਡੋਗਰੇ ਰਾਜਿਆਂ ਨੂੰ ਖ਼ਾਲਸਾ ਰਾਜ ਨਾਲ ਕੋਈ ਮੁਹੱਬਤ ਨਹੀਂ ਸੀ।

ਪੰਜਾਬ ਵਿਚ ਵਿਕਸਿਤ ਹੋਈ ਇਸ ਸਥਾਨਕ ਸਾਮੰਤੀ ਪ੍ਰਵ੍ਰਿਤੀ ਦੇ ਉਥਾਨ ਵਿਚ ਪੰਜਾਬੀ ਕਵੀਆਂ ਨੂੰ

ਬਿਦੇਸ਼ੀ ਅਫ਼ਗਾਨ ਹਮਲਾਵਰਾਂ ਤੋਂ ਮੁਕਤੀ ਦਾ ਅਹਿਸਾਸ ਹੁੰਦਾ ਹੈ। ਇਹੀ ਅਹਿਸਾਸ ਪੰਜਾਬ ਦੀ ਸੁਤੰਤਰਤਾ ਦਾ ਅਹਿਸਾਸ ਬਣਦਾ ਹੈ। ਇਹੀ ਅਹਿਸਾਸ 'ਤੀਸਰੀ ਜਾਤ' (ਅੰਗਰੇਜ਼-ਗੋਰਿਆਂ) ਨੂੰ ਹਿੰਦੂ, ਮੁਸਲਮਾਨ ਤੇ ਸਿੱਖਾਂ ਦੇ ਸਿਰਾਂ ਉੱਤੇ ਆਈ 'ਵਡੀ ਆਫਤ' ਦੇ ਰੂਪ ਵਿਚ ਦੇਖਦਾ ਹੈ ਕਿਉਂਕਿ ਇਸ ਵਿਚ ਗ਼ੈਰ ਮਜ਼ਹਬ, ਗ਼ੈਰ ਕੌਮੀ ਤੇ ਗ਼ੈਰ ਏਸ਼ਿਆਈ ਹਾਕਮਾਂ ਦੀ ਪਰਾਧੀਨਤਾ ਦਾ ਭੈ ਲੁਕਿਆ ਹੋਇਆ ਹੈ ਅਤੇ ਉਹ ਇਸ ਪਰਾਧੀਨਤਾ ਨੂੰ ਪੂਰੇ ਦਿਲ ਨਾਲ ਨਫ਼ਰਤ ਕਰਦੇ ਹਨ। ਇਸੇ ਲਈ ਸ਼ਾਹ ਮੁਹੰਮਦ ਤੇ ਮਟਕ ਵਰਗੇ ਕਵੀਆਂ ਨੇ ਪੰਜਾਬੀਆਂ ਦੀ ਹਾਰ ਉੱਤੇ ਆਪਣੇ ਦਿਲ ਵਿਚ ਖੰਜਰ ਚੁਬਦੇ ਮਹਿਸੂਸ ਕੀਤੇ ਹਨ :

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਵੱਡੀ ਆਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਸੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ।

(ਸ਼ਾਹ ਮੁਹੰਮਦ)

... ...

ਦੂਰੋਂ ਨੰਦਣੋ ਚਲਿਆ ਫਰੰਗੀ ਕਰ ਕੇ ਮੰਦ ਬਹਾਨਾ।
ਮੰਜ਼ਲੀ ਮੰਜ਼ਲੀ ਆਣ ਕੇ ਉਨ੍ਹਾਂ ਮੱਲਿਆ ਲੁਦਿਆਣਾ।
ਦਰ ਦਰ ਉਸਦੀ ਚੌਕੀ ਬਹਿ ਗਈ, ਸ਼ਹਿਰੀ ਬਹਿ ਗਇਆ ਠਾਣਾ।
ਸਿੱਖਾਂ ਨੂੰ ਅੰਗਰੇਜ਼ਾਂ ਨੇ ਮਾਰ ਲਇਆ, ਹੋ ਗਿਆ ਰਬ ਦਾ ਭਾਣਾ।

(ਅਗਿਆਤ ਵਾਰਕਾਰ)[13]

ਇਸ ਤਰ੍ਹਾਂ ਇਨ੍ਹਾਂ ਕਵੀਆਂ ਨੂੰ ਸਿੱਖਾਂ ਦਾ ਰਾਜ ਹੀ ਖ਼ਤਮ ਹੁੰਦਾ ਦਿਖਾਈ ਨਹੀਂ ਦਿੰਦਾ, ਸਗੋਂ ਪੰਜਾਬ ਦੀ ਅਤੇ ਉਨ੍ਹਾਂ ਦੀ ਆਪਣੀ ਸੁਤੰਤਰਤਾ ਵੀ ਖ਼ਤਮ ਹੁੰਦੀ ਦਿਖਾਈ ਦਿੰਦੀ ਹੈ। ਤਦੇ ਹੀ ਉਨ੍ਹਾਂ ਦੀ ਰਚਨਾ ਵਿਚ ਇਕ ਹੂਕ, ਇਕ ਵੇਦਨਾ ਤੇ ਇਕ ਦਰਦ ਘੁਲਿਆ ਹੋਇਆ ਹੈ।

ਇਨ੍ਹਾਂ ਰਚਨਾਵਾਂ ਵਿਚ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਦਾ ਸੰਕਲਪ 'ਦੋ ਪਾਤਸ਼ਾਹੀਆਂ' ਦੀ ਆਪਸੀ ਟੱਕਰ ਦਾ ਹੈ।

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ।

(ਸ਼ਾਹ ਮੁਹੰਮਦ)

ਇਹ ਦੋਵੇਂ ਤਾਕਤਾਂ 'ਪਾਤਸ਼ਾਹੀਆਂ' ਤਾਂ ਜ਼ਰੂਰ ਹਨ ਪਰ ਸਮਾਜਿਕ, ਆਰਥਿਕ ਪ੍ਰਬੰਧ ਤੇ ਮਨੁੱਖੀ ਸਮਾਜ ਦੇ ਇਤਿਹਾਸਿਕ ਵਿਕਾਸ ਦੇ ਦੋ ਵੱਖੋ-ਵੱਖਰੇ ਨਿਜ਼ਾਮਾਂ ਦੀਆਂ ਪ੍ਰਤੀਨਿਧ ਹਨ। ਗੋਰੇ ਸਾਮਰਾਜੀ ਤਾਕਤ ਹੈ ਅਤੇ ਲੈਨਿਨ ਦੇ ਸ਼ਬਦਾਂ ਵਿਚ "ਸਾਮਰਾਜ ਪੂੰਜੀਵਾਦ ਦੀ ਉੱਚਤਮ ਅਵਸਥਾ ਦਾ ਨਾਂ ਹੈ।" ਉਨ੍ਹਾਂ ਕੋਲ ਆਧੁਨਿਕ ਟੈਕਨਾਲੋਜੀ ਦਾ ਗਿਆਨ ਸੀ। ਇੰਗਲੈਂਡ ਵਿਚ ਸਨਅਤੀ ਇਨਕਲਾਬ ਆ ਚੁੱਕਾ ਸੀ ਅਤੇ ਉਨ੍ਹਾਂ ਦੇ ਉਪਜਾਊ ਸਾਧਨ ਮਸ਼ੀਨਾਂ ਬਣ ਗਈਆਂ ਸਨ, ਪਰ ਪੰਜਾਬ ਵਿਚ ਉਪਜਾਊ ਸਾਧਨ ਹਲ ਦੀ ਜੋਗ ਸੀ। ਇੰਗਲੈਂਡ ਵਿਚ ਲੋਕਤੰਤਰੀ ਰਾਜ ਸੀ ਜਦੋਂ ਕਿ ਇਧਰ ਅੰਤਰ-ਵਿਰੋਧ ਕਾਰਨ ਖਸਤਾ ਹੋ ਚੁੱਕੀ ਰਾਜਾ-ਸ਼ਾਹੀ ਸੀ। ਖ਼ਾਲਸਾ ਫ਼ੌਜਾਂ ਦਲੇਰੀ ਨਾਲ ਲੜੀਆਂ, ਫ਼ੌਜਾਂ ਜਿੱਤੀਆਂ ਅਤੇ ਜਿੱਤ ਕੇ ਅੰਤ ਨੂੰ ਹਾਰੀਆਂ ਅਤੇ ਉਹ ਬਹੁਤ ਦਲੇਰੀ ਨਾਲ ਸ਼ਹੀਦ ਹੋਈਆਂ। ਜੇ ਖ਼ਾਲਸਾ ਫ਼ੌਜ ਦਿੱਲੀ ਨੂੰ ਮਾਰ ਵੀ ਲੈਂਦੀ ਤਾਂ ਉਹ ਦਿੱਲੀ ਉੱਤੇ ਕਬਜ਼ਾ ਨਹੀਂ ਸੀ ਰਖ ਸਕਦੀ, ਕਿਉਂਕਿ ਲਾਹੌਰ ਵਿਚ ਹੁਣ ਰਣਜੀਤ ਸਿੰਘ ਵਰਗੀ ਸ਼ਖ਼ਸੀਅਤ ਨਹੀਂ ਸੀ। ਤਦੇ ਹੀ ਰਣਜੀਤ ਸਿੰਘ ਨੇ ਹਿੰਦੁਸਤਾਨ ਦੇ ਨਕਸ਼ੇ ਨੂੰ ਦੇਖ ਕੇ ਕਿਹਾ ਸੀ, 'ਸਭ ਲਾਲ ਹੋ ਜਾਏਗਾ' ਕਿਉਂਕਿ ਨਕਸ਼ੇ ਵਿਚ ਅੰਗਰੇਜ਼ਾਂ ਦੇ ਇਲਾਕੇ ਦਾ ਰੰਗ ਲਾਲ ਦਿਖਾਇਆ ਹੋਇਆ ਸੀ। ਖ਼ਾਲਸੇ ਦੀ ਹਾਰ ਦਾ ਅਸਲ ਕਾਰਨ

ਇਤਿਹਾਸਿਕ ਤੌਰ ਉੱਤੇ ਸਾਮੰਤੀ ਰਾਜ ਦਾ ਸਾਮਰਾਜ ਨਾਲੋਂ ਕਮਜ਼ੋਰ ਹੋਣਾ ਹੈ। ਜੇ ਜਾਗੀਰਦਾਰੀ ਉਸ ਸਾਲ ਨਾ ਹਾਰਦੀ, ਕਿਸੇ ਹੋਰ ਮੌਕੇ ਚੰਦ ਸਾਲਾਂ ਮਗਰੋਂ ਹਾਰ ਜਾਂਦੀ।[14] ਪਰ ਸਾਡੇ ਕਵੀ ਖ਼ਾਲਸੇ ਦੀ ਹਾਰ ਦੇ ਫ਼ੌਰੀ ਕਾਰਨਾਂ ਨੂੰ ਹੀ ਅਸਲ ਕਾਰਨ ਸਮਝਦੇ ਹਨ। ਉਹ ਸਮਝਦੇ ਹਨ ਕਿ ਖ਼ਾਲਸਾ ਫ਼ੌਜ ਸਬੱਬੀ (ਸੰਯੋਗਵਸ) ਹੀ ਹਾਰ ਗਈ ਜੇ ਉਨ੍ਹਾਂ ਦੇ ਜਰਨੈਲ ਧੋਖਾ ਨਾ ਕਰਦੇ ਤਾਂ ਉਸ ਦੇ ਹਾਰਨ ਦਾ ਕੋਈ ਸਬੱਬ ਨਹੀਂ ਸੀ। ਵਾਸਤਵ ਵਿਚ, ਸਿੱਖ ਰਾਜ ਨਾ ਤਾਂ ਸਬੱਬੀਂ ਬਣਿਆ ਅਤੇ ਨਾ ਹੀ ਸਬੱਬੀਂ ਖ਼ਤਮ ਹੋਇਆ, ਸਗੋਂ ਇਸ ਦੇ ਪੈਦਾ ਹੋਣ ਅਤੇ ਖ਼ਤਮ ਹੋਣ ਦੇ ਇਤਿਹਾਸਿਕ ਸਬੱਬ ਹਨ। ਖ਼ਾਲਸੇ ਦੀ ਹਾਰ ਤੋਂ ਬਾਅਦ ਪੰਜਾਬ ਵੀ ਬਾਕੀ ਹਿੰਦੁਸਤਾਨ ਵਾਂਗ ਸਾਮਰਾਜ ਦੀ ਗ਼ੁਲਾਮ ਕਾਲੋਨੀ ਬਣ ਗਿਆ। ਪੰਜਾਬ ਸਾਮਰਾਜ ਦਾ ਅੰਗ ਨਹੀਂ ਬਣਿਆ ਸਗੋਂ ਦੁਬੇਲ ਬਣਿਆ। ਇਸ ਲਈ ਪੰਜਾਬੀ ਸਾਹਿੱਤਕਾਰਾਂ ਲਈ, ਖ਼ਾਲਸੇ ਦੀ ਹਾਰ ਸਦੀਵੀ ਹੂਕ ਦਾ ਕਾਰਨ ਬਣੀ ਹੋਈ ਹੈ ਅਤੇ ਇਹ ਵਿਸ਼ਾ ਅਜੇ ਵੀ ਅਨੇਕਾਂ ਸਾਹਿੱਤਕਾਰਾਂ ਦੀਆਂ ਰਚਨਾਤਮਿਕ ਕ੍ਰਿਤਾਂ ਦਾ ਪ੍ਰੇਰਨਾ ਸ੍ਰੋਤ ਬਣਿਆ ਹੋਇਆ ਹੈ।

ਸਿੱਖ-ਰਾਜ ਦੀ ਅਧੋਗਤੀ ਸੰਬੰਧੀ ਲਿਖਣ ਵਾਲੇ ਪੰਜਾਬੀ ਕਵੀਆਂ ਨੇ ਇਤਿਹਾਸਿਕ ਤੱਥਾਂ ਨੂੰ ਜਾਣ ਬੁਝ ਕੇ ਤੋੜਿਆ ਮਰੋੜਿਆ ਨਹੀਂ। ਉਨ੍ਹਾਂ ਨੇ ਬਿਨਾ ਸ਼ੱਕ ਕਈ ਥਾਵਾਂ ਉੱਤੇ ਇਤਿਹਾਸਿਕ ਤੱਥਾਂ ਨੂੰ ਸਮਝਣ ਵਿਚ ਟੱਪਲਾ ਵੀ ਖਾਧਾ ਹੈ, ਜਿਵੇਂ ਸ਼ਾਹ ਮੁਹੰਮਦ ਨੇ ਗ਼ਦਾਰੀ ਦਾ ਵੱਡਾ ਦੋਸ਼ ਮਹਾਰਾਣੀ ਜਿੰਦਾਂ ਉੱਤੇ ਲਗਾਇਆ ਹੈ ਅਤੇ ਉਸ ਦੀ ਰਜ ਕੇ ਨਿੰਦਿਆ ਕੀਤੀ ਹੈ। ਪਰ ਇਸ ਦਾ ਕਾਰਨ ਉਨ੍ਹਾਂ ਦੀ ਨੀਅਤ ਦੀ ਬੇਈਮਾਨੀ ਨਹੀਂ ਅਤੇ ਨਾ ਹੀ ਕਿਸੇ ਦੀ ਝੂਠੀ ਪ੍ਰਸ਼ੰਸਾ ਕਰਨ ਲਈ ਤੱਥਾਂ ਨੂੰ ਛੁਪਾਇਆ ਹੈ, ਜਿਵੇਂ ਬ੍ਰਜ ਦੇ ਕਵੀ ਗ੍ਵਾਲ ਭੱਟ ਨੇ ਰਾਜਾ ਹੀਰਾ ਸਿੰਘ ਨੂੰ ਖ਼ੁਸ਼ ਕਰਨ ਲਈ 'ਵਿਜਯ ਵਿਨੋਦ' ਵਿਚ ਲਾਹੌਰ ਦੀ ਖ਼ਾਨਾਜੰਗੀ ਦਾ ਵਰਣਨ ਕਰਦਿਆਂ ਡੋਗਰਿਆਂ ਨੂੰ ਮਹਾਨ ਨਾਇਕ ਦੇ ਰੂਪ ਵਿਚ ਚਿਤਰਿਆ ਹੈ ਅਤੇ ਸੰਧਾਵਾਲੀਏ ਸਰਦਾਰਾਂ ਨੂੰ ਖਲਨਾਇਕ ਵਜੋਂ ਪ੍ਰਸਤੁਤ ਕੀਤਾ ਹੈ। ਗ੍ਵਾਲ ਭੱਟ ਨੇ ਸੰਧਾਵਾਲੀਆਂ ਪ੍ਰਤੀ ਸੋਚ ਸਮਝ ਕੇ 'ਮਹਾਂ ਨੀਚ' ਵਰਗੇ ਅਪਸ਼ਬਦ ਵਰਤੇ ਹਨ, ਜਿਵੇਂ :

ਅਤਰ ਨੀਚਤਾ ਕੋ ਵਡੋ, ਅਤਰ ਸਿੰਘ ਦੁਖਦਾਇ..... । 254 ।

... ...

ਬੈਠਯੋ ਕੁਰੁਖੇਤ ਮਾਹਿ ਅਧਮ ਅਤਰ ਸਿੰਘ,
ਪਾਤਕੀ ਅਜੀਤ ਸਿੰਘ ਨੀਚੇ ਸਿਰ ਡਾਰੇ ਹੈ । 276 ।

... ...

ਪਾਛੇ ਹਾਥ ਰਾਖ ਕੈ ਅਜੀਤ ਸਿੰਘ ਮਹਾਂਨੀਚ..... । 329 ।

... ...

ਇਸੇ ਤਰ੍ਹਾਂ ਉਰਦੂ ਦੇ ਸ੍ਰੇਸ਼ਠਤਮ ਕਵੀ ਮਿਰਜ਼ਾ ਗ਼ਾਲਿਬ ਨੇ ਫ਼ਾਰਸੀ ਵਿਚ ਅੰਗਰੇਜ਼ਾਂ ਦੇ ਕਸੀਦੇ 'ਫ਼ਤਿਹਨਾਮਾ-ਇ-ਪੰਜਾਬ' ਵਿਚ ਅੰਗਰੇਜ਼ਾਂ ਦੀ ਸਿਫ਼ਤ ਕੀਤੀ ਹੈ, ਸਿੱਖਾਂ ਲਈ 'ਕਾਲੇ ਹਬਸ਼ੀ' 'ਕਾਲੇ ਦਿਲਾਂ ਵਾਲੇ', 'ਧਰਤੀ ਉੱਤੇ ਭਾਰ' ਆਦਿ ਅਤਿ ਕਠੋਰ ਸ਼ਬਦ ਵਰਤੇ ਹਨ। ਕਾਨ੍ਹ ਸਿੰਘ ਬੰਗਾ ਨੇ ਵੀ ਆਪਣੀ ਉਰਦੂ-ਨੁਮਾ ਲਿਖਤ 'ਜੰਗਨਾਮਾ ਲਾਹੌਰ' ਵੀ ਜਲੰਧਰ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਨੂੰ ਪ੍ਰਸੰਨ ਕਰਨ ਲਈ ਲਿਖੀ ਅਤੇ ਉਸ ਵਿਚ ਥਾਂ ਪਰ ਥਾਂ ਅੰਗਰੇਜ਼ਾਂ ਦੀ ਸਿਫ਼ਤ ਕਰਕੇ ਝੋਲੀ-ਚੁੱਕੀ ਕੀਤੀ। ਪਰ ਪੰਜਾਬੀ ਭਾਸ਼ੀ ਸਾਹਿੱਤਕਾਰਾਂ ਨੇ ਇਸ ਤਰ੍ਹਾਂ ਦੀ ਭਾਵਨਾ ਤੋਂ ਪ੍ਰਹੇਜ਼ ਕੀਤਾ ਹੈ ਜੋ ਉਨ੍ਹਾਂ ਦੀ ਬਹੁਤ ਵੱਡੀ ਪ੍ਰਾਪਤੀ ਹੈ।

ਆਮ ਕਰਕੇ ਪੰਜਾਬੀ ਕਵੀਆਂ ਨੇ ਖ਼ਾਲਸਾ ਫ਼ੌਜ ਦੀ ਬਹਾਦਰੀ ਦੇ ਸੋਹਲੇ ਗਾਏ ਅਤੇ ਸ਼ਹੀਦ ਸਿੰਘ ਸੂਰਮਿਆਂ ਦੀ ਕੀਰਤੀ ਦਾ ਵਰਣਨ ਕੀਤਾ ਹੈ। ਮੌਤ ਨੂੰ ਘਰ ਤੋਂ ਵਰ ਕੇ ਤੁਰਨ ਵਾਲੇ ਸ਼ਹੀਦ ਸ਼ਾਮ ਸਿੰਘ ਅਟਾਰੀ ਦੀ ਸਿਫ਼ਤ ਕਰਨ ਲਗਿਆਂ ਉਨ੍ਹਾਂ ਦੀ ਕਾਵਿ ਅਭਿਵਿਅੰਜਨਾ ਆਪਣੇ ਸਿੱਖਰ ਨੂੰ ਛੋਹਦੀ ਹੈ :

ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨਿ ਸ਼ਸਤ੍ਰੀਂ ਜੋੜ ਵਿਛੋੜ ਸੁੱਟੇ।

ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗੂ ਨਿੰਬੂਆਂ ਲਹੂ ਨਚੋੜ ਸੁੱਟੇ । 90 ।

(ਸ਼ਾਹ ਮੁਹੰਮਦ)

ਕਹਿਤ ਮਟਕ ਅਬ ਜੁੱਧ ਧਰਮ ਕਾ, ਸਿਆਮ ਸਿੰਘ ਰਣ ਚੜ੍ਹਿਆ,
ਖੰਡਾ ਫੜਿਆ । 28 ।
ਸ਼ਾਮ ਸਿੰਘ ਸਰਦਾਰ ਨੇ ਤੇਗ ਫੜੀ, ਅੰਗਰੇਜ਼ ਕੇ ਸੀਸ ਪੈ ਜਾਇ ਜੜੀ ਹੈ ।
ਮੁੰਡ ਕਾਟ ਕੇ ਜਾਟ ਨੇ ਝਾਟ ਕੀਓ, ਦਮਕੀਂ ਦਾਲਿ ਮੈਂ ਰਣਿ ਹੋਰੀ ਕਰੀ ਹੈ ।

(ਮਟਕ)

ਸ਼ਾਮ ਸਿੰਘ ਅਟਾਰੀ ਵਾਲੇ ਦੀ ਸ਼ਹੀਦੀ ਦਾ ਪ੍ਰਸੰਗ ਆਧੁਨਿਕ ਵਾਰਕਾਰਾਂ ਨੂੰ ਲਿਖਣ ਦੀ ਪ੍ਰੇਰਨਾ ਦਿੰਦਾ ਹੈ ਅਤੇ ਢਾਡੀ ਇਸ ਦੀਆਂ ਵਾਰਾਂ ਨੂੰ ਡੂੰਘੀ ਦਿਲਚਸਪੀ ਨਾਲ ਗਾਉਂਦੇ ਹਨ । ਸਿੰਘ ਸਿਪਾਹੀਆਂ ਨੇ ਇਸ ਯੁੱਧ ਵਿਚ ਜਾਨ ਦੀ ਬਾਜ਼ੀ ਅਤੇ ਅੰਗਰੇਜ਼ਾਂ ਨੂੰ ਖ਼ਾਲਸੇ ਦੀ ਤਲਵਾਰ ਦੇ ਜੌਹਰ ਵਿਖਾਏ ਹਨ । ਕਨਿੰਘਮ ਨੇ ਠੀਕ ਲਿਖਿਆ ਹੈ ਕਿ "ਸਿੰਘ ਸਿਪਾਹੀਆਂ ਨੇ ਸਭ ਕੁਝ ਕੀਤਾ ਪਰ ਇਨ੍ਹਾਂ ਦੇ ਜਰਨੈਲਾਂ ਕੁਝ ਵੀ ਨਾ ਕੀਤਾ ।" ਪੰਜਾਬੀ ਕਵੀਆਂ ਨੇ ਸ਼ਹੀਦ ਸਿੰਘ ਸਿਪਾਹੀਆਂ ਨੂੰ ਆਪਣੀ ਸ਼ਰਧਾ ਦੇ ਫੁੱਲ ਅਰਪਣ ਕੀਤੇ ਹਨ ।

ਪੰਜਾਬੀ ਕਵੀਆਂ ਨੇ ਜਿੱਥੇ ਸ਼ਹੀਦ ਸਿੰਘਾਂ ਦੀ ਉਪਮਾ ਕੀਤੀ ਹੈ ਉਥੇ ਉਨ੍ਹਾਂ ਨੇ ਦੇਸ਼ ਨਾਲ ਗ਼ਦਾਰੀ ਕਰਨ ਵਾਲਿਆਂ ਨੂੰ ਰੱਜ-ਰੱਜ ਕੇ ਕੋਸਿਆ ਹੈ । ਉਨ੍ਹਾਂ ਨੇ ਜਿਸ ਨੂੰ ਵੀ ਗ਼ਦਾਰ ਸਮਝਿਆ ਉਸ ਦੀ ਨਿੰਦਿਆ ਕੀਤੀ ਹੈ । ਬੇਸ਼ਕ ਦਰਬਾਰ ਦੀਆਂ ਪੇਚੀਦਾ ਅਤੇ ਕੋਝੀਆਂ ਰਾਜਨੀਤਿਕ ਚਾਲਾਂ ਦੀਆਂ ਸਭ ਬਾਰੀਕੀਆਂ ਉਸ ਸਮੇਂ ਉਨ੍ਹਾਂ ਤਕ ਨਹੀਂ ਸਨ ਅਪੜ ਸਕੀਆਂ । ਉਨ੍ਹਾਂ ਨੇ ਲੋਕ-ਸੂਝ ਦੀ ਸ਼ਕਤੀ ਨੂੰ ਆਪਣੀ ਰਚਨਾ ਦਾ ਵਧੇਰੇ ਆਧਾਰ ਬਣਾਇਆ ਹੈ । ਇਸੇ ਲਈ ਸ਼ਾਹ ਮੁਹੰਮਦ ਮਹਾਰਾਣੀ ਜਿੰਦਾਂ ਨੂੰ ਪੰਜਾਬ ਨੂੰ ਰੰਡੀ ਕਰਨ ਦਾ ਦੋਸ਼ੀ ਸਮਝਦਾ ਹੈ ਅਤੇ ਇਸ ਲਈ ਬੇਕਿਰਕ ਹੋ ਕੇ ਰੰਨ-ਭੰਡੀ ਕਰਦਾ ਹੈ । ਡੋਗਰੇ ਪਰਿਵਾਰ ਵੱਲੋਂ ਸਿੱਖ ਰਾਜ ਨੂੰ ਖ਼ਤਮ ਕਰਨ ਦੀਆਂ ਗੁੱਝੀਆਂ ਚਾਲਾਂ ਉਸ ਸਮੇਂ ਜਨ ਸਾਧਾਰਨ ਵਿਚ ਇਸ ਤਰ੍ਹਾਂ ਪ੍ਰਤੱਖ ਪ੍ਰਗਟ ਨਹੀਂ ਸਨ ਹੋਈਆਂ, ਫਿਰ ਵੀ ਮਟਕ ਆਦਿ ਕਵੀਆਂ ਨੇ ਤੇਜਾ ਸਿੰਘ ਤੇ ਲਾਲ ਸਿੰਘ ਆਦਿ ਦੀ ਗ਼ਦਾਰੀ, ਬੁਜ਼ਦਿਲੀ ਤੇ ਬੇਈਮਾਨੀ ਨੂੰ ਬਹੁਤ ਦੁਖਿਤ ਹਿਰਦੇ ਨਾਲ ਪ੍ਰਗਟ ਕੀਤਾ ਹੈ :

ਦੌੜਦਿਆਂ ਨੂੰ ਸ਼ਰਮ ਨਾ ਆਈ, ਕੀਤੀ ਜਾਨ ਪਿਆਰੀ,
ਇਹੁ ਵਿਚਾਰੀ ।
ਤੋਲ ਤਕੜੀ ਲੈਨਿ ਰੁਪਈਏ, ਅਸੀਂ ਬੰਦੂਕਚੀ ਭਾਰੀ,
ਪੰਜ ਹਜਾਰੀ ।
ਘਰ ਵਿਚ ਬੈਠ ਅਨਾਮ ਵਧਾਵਨ, ਰਣ ਵਿਚ ਪਿੱਠ ਦਿਖਾਰੀ,
ਲਾਜ ਬਿਸਾਰੀ । 21 ।
ਲਾਲੂ ਦੀ ਲਾਲੀ ਗਈ, ਤੇਜੂ ਦਾ ਗਿਆ ਤੇਜ ।
ਰਣ ਵਿਚ ਪਿਠ ਦਿਖਾਇ ਕੇ, ਮੋਢਾ ਆਏ ਫੇਰ ।

(ਮਟਕ)

ਪੰਜਾਬੀ ਕਵੀ ਜਾਨ ਦੀ ਬਾਜ਼ੀ ਲਾ ਕੇ ਭਰੇ ਦਰਬਾਰ ਵਿਚ ਸਾਕੇ ਕਰਨ ਵਾਲੇ ਸੂਰਬੀਰਾਂ ਦੀ ਬਹਾਦਰੀ ਉੱਤੇ ਅਸ਼-ਅਸ਼ ਕਰ ਉੱਠੇ ਹਨ । ਇਸ ਤਰ੍ਹਾਂ ਦੀ ਬਹਾਦਰੀ ਪੰਜਾਬੀ ਲੋਕ-ਮਾਨਸ ਦੀ ਚਿਤਵ੍ਰਿੱਤੀ ਨੂੰ ਬਹੁਤ ਟੁੰਬਦੀ ਹੈ । ਆਪਣੀ ਜਾਨ ਉੱਤੇ ਖੇਡ ਕੇ ਭਰੇ ਦਰਬਾਰ ਵਿਚ ਸਾਕੇ ਕਰਨਾ ਸਾਮੰਤੀ ਕਦਰਾਂ ਕੀਮਤਾਂ ਅਨੁਸਾਰ ਕਮਾਲ ਦਾ ਸੂਰਮਗਤੀ ਭਰਿਆ ਕਾਰਜ ਹੈ । ਇਹ ਮਰਦਾਨਗੀ ਦਾ ਪ੍ਰਤੀਕ ਹੈ । ਇਸੇ ਲਈ ਸ਼ਾਹ ਮੁਹੰਮਦ ਨੇ ਸੰਧਾਵਾਲੀਏ ਸਰਦਾਰਾਂ ਦੀ ਸਿਫ਼ਤ ਕੀਤੀ ਹੈ, ਉਨ੍ਹਾਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਆਪਣੇ

ਦੁਸ਼ਮਣਾਂ ਨੂੰ ਦਿਨ ਦਿਹਾੜੇ ਭਰੇ ਦਰਬਾਰ ਵਿਚ ਕਤਲ ਕਰਕੇ ਆਪਣਾ ਬਦਲਾ ਲਿਆ :

ਮੁੜਕੇ ਫੇਰ ਅਜੀਤ ਸਿੰਘ ਲਈ ਬਾਜੀ,
ਪੈਦਾ ਹੋਇਆ ਸੀ ਅਸਲ ਸਵਾਣੀਆਂ ਥੀਂ।
ਸ਼ਾਹ ਮੁਹੰਮਦਾ ਜੰਮਿਆ ਅਲੀ ਅਕਬਰ,
ਆਂਦਾ ਬਾਪ ਨੂੰ ਕਾਲਿਆਂ ਪਾਣੀਆਂ ਥੀਂ। 20।
ਦੁੱਲੇ ਭੱਟੀ ਨੂੰ ਗਾਂਵਦਾ ਜਗ ਸਾਰਾ,
ਜੈਮਲ ਫੱਤੇ ਦੀਆਂ ਵਾਰਾਂ ਸਾਰੀਆਂ ਨੀ।
ਮੀਰ ਦਾਦ ਚੁਹਾਨ ਦੇ ਸਤਰ ਅੰਦਰ,
ਮੋਈਆਂ ਰਾਣੀਆਂ ਮਾਰ ਕਟਾਰੀਆਂ ਨੀ।
ਸੰਧਾਵਾਲੀਆਂ ਜੇਹੀ ਨਾ ਕਿਸੇ ਕੀਤੀ,
ਤੇਗ਼ਾਂ ਵਿਚ ਦਰਬਾਰ ਦੇ ਮਾਰੀਆਂ ਨੀ।
ਸ਼ਾਹ ਮੁਹੰਮਦਾ ਮੋਏ ਨੀ ਬੀਰ ਬਣਕੇ,
ਜਾਨਾਂ ਕੀਤੀਆਂ ਨਹੀਂ ਪਿਆਰੀਆਂ ਨੀ। 29।

(ਸ਼ਾਹ ਮੁਹੰਮਦ)

ਤਦੇ ਹੀ ਇਕ ਵਾਰਕਾਰ ਨੇ 'ਸੰਧਾਵਲੀਆਂ ਦੀ ਵਾਰ' ਲਿਖੀ। ਰਾਜ ਸੁਚੇਤ ਸਿੰਘ ਡੋਗਰੇ ਦੀ ਬਹਾਦਰਾਨਾ ਮੌਤ ਵੀ ਇਸੇ ਲੜੀ ਦਾ ਇਕ ਹੋਰ ਮੋਤੀ ਹੈ।

ਪੰਜਾਬੀ ਲੋਕ ਮਾਨਸ ਸਾਧੂ ਦਾ ਬੜਾ ਸਤਿਕਾਰ ਕਰਦਾ ਹੈ। ਜੇ ਰਾਜਾ ਜਾਂ ਵਜ਼ੀਰ ਸਾਧੂ ਬਣ ਜਾਵੇ ਤਾਂ ਉਸ ਦੀ ਮਹਿਮਾ ਹੋਰ ਵੀ ਵੱਧ ਜਾਂਦੀ ਹੈ। ਸ਼ਾਹ ਮੁਹੰਮਦ ਵੀ ਇਸੇ ਭਾਵਨਾ ਨਾਲ ਸਰਦਾਰ ਲਹਿਣਾ ਸਿੰਘ ਮਜੀਠੀਆ ਦੀ ਉਸਤਤ ਕਰਦਾ ਹੈ ਅਤੇ ਉਸ ਨੂੰ 'ਮਹਾਂਬਲੀ ਸਰਦਾਰ' ਤੇ 'ਵਡਾ ਅਕਲ ਦਾ ਕੋਟ' ਆਖਦਾ ਹੈ ਜੋ ਰਾਜ ਦਰਬਾਰ ਦਾ ਤਿਆਗ ਕਰਕੇ ਤੀਰਥ ਨੂੰ ਤੁਰ ਗਿਆ।

ਦੁਸ਼ਮਣ ਦੀ ਬਹਾਦਰੀ ਦੀ ਪ੍ਰਸੰਸਾ ਕਰਨਾ ਇਨ੍ਹਾਂ ਕਵੀਆਂ ਦਾ ਇਕ ਹੋਰ ਖਾਸਾ ਹੈ। ਇਸ ਨਾਲ ਬਿਆਨ ਵਿਚ ਯਥਾਰਥਤਾ ਦਾ ਰੰਗ ਆ ਜਾਂਦਾ ਹੈ ਅਤੇ ਰਚਨਾ ਇਕ ਪਾਸੜ ਹੋਣ ਤੋਂ ਬਚ ਜਾਂਦੀ ਹੈ। ਸ਼ਾਹ ਮੁਹੰਮਦ ਗੋਰਿਆਂ ਨੂੰ ਤੋਪਾਂ ਦੇ ਧਨੀ ਆਖਦਾ ਹੈ :

(i) ਅਗੇ ਤੋਪਾਂ ਦੇ ਧਨੀਂ ਵੀ ਹੈਨ ਗੋਰੇ,
ਵੰਗਾਂ ਪਹਿਣ ਖਲੋਤੀਆਂ ਨਹੀਂ ਕੁੜੀਆਂ। (ਸ਼ਾਹ ਮੁਹੰਮਦ)

(ii) ਚੜ੍ਹੈ ਰਸਾਲੇ ਔਰ ਪੜਤਲਾਂ, ਗੋਰਾ ਮਰਦ ਨਗੀਨਾ,
ਕਿਰਚ ਫੜੀਨਾ।.....27

(ਮਟਕ)

ਇਹ ਕਵੀ ਦੁਨਿਆਵੀ ਪਾਤਿਸ਼ਾਹਾਂ ਨੂੰ ਸੱਚੇ ਪਾਤਸ਼ਾਹ (ਪਰਮਾਤਮਾ) ਦੇ ਹੱਥਾਂ ਵਿਚ ਮੋਹਰੇ ਖਿਆਲ ਕਰਦੇ ਹਨ। ਉਹ ਇਕ ਖੇਡ ਬੰਦ ਕਰਦਾ ਹੈ ਦੂਜੀ ਚਾਲੂ ਕਰਦਾ ਹੈ। ਇਸ ਨਾਸ਼ਮਾਨ ਜਗਤ ਵਿਚ ਪਾਤਸ਼ਾਹਾਂ ਦੇ ਵਾਜੇ ਅੰਤ ਵਿਚ ਕੂੜ ਦੇ ਵਾਜੇ ਹੀ ਬਣ ਕੇ ਰਹਿ ਜਾਂਦੇ ਹਨ। ਇਨ੍ਹਾਂ ਰਚਨਾਵਾਂ ਵਿਚ ਸਾਹਿਤਕਾਰਾਂ ਦੀ ਸੋਚ ਉਡਾਰੀ ਸਾਮੰਤੀ ਕਦਰਾਂ ਕੀਮਤਾਂ ਦੇ ਖੰਭਾਂ ਉੱਤੇ ਉਡਦੀ ਹੈ ਅਤੇ ਮੱਧਯੁਗ ਦੇ ਆਸਮਾਨ ਵਿਚ ਉੱਚੀਆਂ ਤਾਰੀਆਂ ਲਾਉਂਦੀ ਹੈ। ਉਕਤ ਚਰਚਾ ਤੋਂ ਅਸੀਂ ਨਿਮਨ-ਲਿਖਤ ਸਿੱਟਿਆ ਉੱਤੇ ਪੁੱਜਦੇ ਹਾਂ :

(ੳ) ਸਿੱਖ-ਰਾਜ ਦੀ ਅਧੋਗਤੀ ਸੰਬੰਧੀ ਰਚਿਤ ਪੰਜਾਬੀ ਕਾਵਿ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਆਦਰਸ਼ ਨਾਇਕ ਦੇ ਰੂਪ ਵਿਚ ਚਿਤਰਿਆ ਗਿਆ ਹੈ ਅਤੇ 'ਸਰਕਾਰ' ਦੀ ਨੀਤੀ ਨੂੰ ਪਰਿਪੂਰਨ ਸਮਝਿਆ ਗਿਆ ਹੈ।

(ਅ) ਸਿੱਖ ਰਾਜ ਤੋਂ ਉਨ੍ਹਾਂ ਨੂੰ ਪੰਜਾਬ ਦੀ ਸੁਤੰਤਰ ਸਲਤਨਤ ਦਾ ਅਹਿਸਾਸ ਹੁੰਦਾ ਹੈ ਜੋ ਬਿਦੇਸ਼ੀ ਹਮਲਾਵਰਾਂ ਤੋਂ ਮੁਕਤੀ ਦਿਵਾਉਂਦੀ ਹੈ ਅਤੇ ਤੀਸਰੀ ਕੌਮ ਗੋਰਿਆਂ ਦੀ ਗੁਲਾਮੀ ਦੇ ਦੁੱਖ ਨੂੰ ਪ੍ਰਗਟ ਕਰਦੀ ਹੈ, ਇਸ ਲਈ ਇਹ ਕਵੀ ਸਿੱਖ-ਰਾਜ ਦੀ ਬਰਬਾਦੀ ਉੱਤੇ ਰੱਤ ਦੇ ਹੰਝੂ ਡੋਲਦੇ ਹਨ।

(ਏ) ਇਹ ਕਵੀ ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਨੂੰ ਕੇਵਲ ਦੋ ਪਾਤਸ਼ਾਹੀਆਂ ਦੀ ਟੱਕਰ ਸਮਝਦੇ ਹਨ, ਪਰ ਦੋ ਮਨੁੱਖੀ ਇਤਿਹਾਸਿਕ ਕ੍ਰਮ ਵਿਚ ਉਭਰੇ ਨਿਜ਼ਾਮਾਂ ਦੀ ਟੱਕਰ ਦੇ ਰੂਪ ਵਿਚ ਨਹੀਂ ਦੇਖਦੇ, ਇਸੇ ਲਈ ਉਹ ਖ਼ਾਲਸੇ ਦੀ ਹਾਰ ਨੂੰ ਰੱਬ 'ਸਬੱਬੀ' ਖ਼ਿਆਲ ਕਰਦੇ ਹਨ।

(ਸ) ਇਨ੍ਹਾਂ ਕਵੀਆਂ ਨੇ ਇਤਿਹਾਸਿਕ ਤੱਥਾਂ ਨੂੰ ਗ੍ਹਾਲ ਕਵੀ ਰਚਿਤ 'ਵਿਜਯ ਵਿਨੋਦ' ਤੇ ਮਿਰਜ਼ਾ ਗ਼ਾਲਿਬ ਦੇ 'ਫ਼ਤਿਹਨਾਮਾ-ਇ-ਪੰਜਾਬ' ਵਾਂਗ ਜਾਣ ਬੁਝਕੇ ਤਰੋੜਿਆ ਮਰੋੜਿਆ ਨਹੀਂ ਭਾਵੇਂ ਉਨ੍ਹਾਂ ਨੇ ਤੱਥਾਂ ਸੰਬੰਧੀ ਕਈ ਭੁਲੇਖੇ ਖਾਧੇ ਹਨ।

(ਹ) ਇਨ੍ਹਾਂ ਕਵੀਆਂ ਨੇ ਸਿਰਲੱਥ ਸ਼ਹੀਦਾਂ ਦਾ ਜਸ ਗਾਇਆ ਹੈ ਅਤੇ ਗ਼ੱਦਾਰਾਂ ਨੂੰ ਫਿਟਕਾਰਾਂ ਪਾਈਆਂ ਹਨ।

(ਕ) ਇਨ੍ਹਾਂ ਨੇ ਉਨ੍ਹਾਂ ਬਹਾਦਰ ਸੂਰਮਿਆਂ ਦੀ ਉਸਤਤ ਕੀਤੀ ਹੈ ਜਿਨ੍ਹਾਂ ਨੇ ਭਰੇ ਦਰਬਾਰ ਵਿਚ ਸਾਕੇ ਕੀਤੇ ਅਤੇ ਰਾਜਨੀਤੀ ਛੱਡ ਕੇ ਸਾਧ ਹੋ ਤੀਰਥਾਂ ਨੂੰ ਚਲੇ ਗਏ।

(ਖ) ਇਨ੍ਹਾਂ ਨੇ ਦੁਸ਼ਮਣਾਂ ਦੀ ਬਹਾਦਰੀ ਦੀ ਵੀ ਪ੍ਰਸ਼ੰਸਾ ਕੀਤੀ ਹੈ।

ਪੈਰ-ਟਿੱਪਣੀਆਂ ਅਤੇ ਹਵਾਲੇ

1. ਸੋਹਨ ਲਾਲ ਸੂਰੀ, *ਉਮਦਾਤੁਤ-ਤਵਾਰੀਖ਼* ਅਤੇ ਸੀਤਾ ਰਾਮ ਕੋਹਲੀ, *ਮਹਾਰਾਜਾ ਰਣਜੀਤ ਸਿੰਘ*, ਆਤਮਾ ਰਾਮ ਐਂਡ ਸਨਜ਼, ਦਿੱਲੀ, 1953, ਪੰਨਾ 46
2. Ranjit Singh also possessed forty-five *Taaluqas in the sis Satluj Territory,* Chopra, G.L., *The Punjab as a Sovereign State,* Hoshiarpur, 1960, p.22.
3. Burnes, *Travels in Bokhara,* Vol. II, 1839, p. 28
4. Steinbach, *The Punjab,* Language Department, Punjab, pp. 16-17
5. Marx Karl, *Notes on Indian History,* Moscow, p. 170
6. Gordon, J.N. John (Sir), *The Sikhs,* 1970 (Reprint), p. 86
7. ਕਰਮ ਸਿੰਘ (ਹਿਸਟੋਰੀਅਨ), *ਧਿਆਨ ਸਿੰਘ*, ਅੰਮ੍ਰਿਤਸਰ, ਪੰਨਾ 30
8. ਕਨ੍ਹਈਆ ਲਾਲ, *ਤਾਰੀਖ-ਇ-ਪੰਜਾਬ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1960, ਪੰ. 38
9. Osbornes, *Court and Camp of Ranjit Singh.*
10. ਕਨ੍ਹਈਆ ਲਾਲ, *ਤਾਰੀਖ-ਇ-ਪੰਜਾਬ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1960, ਪੰ. 38
11. Chopra, G.L., *The Punjab as a Sovereign State,* 1960, p. 118
12. Thorbunn, S.S., *The Punjab in Peace and War,* p. 26
13. ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), *ਪ੍ਰਾਚੀਨ ਵਾਰਾਂ ਤੇ ਜੰਗਨਾਮੇ*, ਅੰਮ੍ਰਿਤਸਰ, 1971, ਪੰਨਾ 300
14. ਕ੍ਰਿਸ਼ਨ ਸਿੰਘ, *ਸਾਹਿਤ ਦੀ ਸਮਝ*, ਦਿੱਲੀ, 1947, ਪੰਨਾ 94

ਸ਼ਾਹ ਮੁਹੰਮਦ ਕ੍ਰਿਤ 'ਜੰਗਨਾਮਾ' ਦੀ ਇਤਿਹਾਸਿਕ ਮਹੱਤਾ

ਡਾ. ਜੁਗਿੰਦਰ ਸਿੰਘ

ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ ਸ਼ਾਹ ਮੁਹੰਮਦ' ਜਾਂ 'ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ' ਵਿਸ਼ੇਸ਼ ਗੌਰਵ ਦੀ ਧਾਰਨੀ ਹੈ। ਇਹ ਰਚਨਾ ਆਪਣੇ ਸਮੇਂ ਦੀ ਪ੍ਰਸਿੱਧ ਇਤਿਹਾਸਿਕ ਘਟਨਾ–ਪੰਜਾਬ ਦਾ ਅੰਗਰੇਜ਼ਾਂ ਦੇ ਅਧੀਨ ਹੋਣਾ, ਉੱਤੇ ਆਧਾਰਿਤ ਹੈ। ਅੰਗਰੇਜ਼ਾਂ ਨੇ ਜਿਸ ਕੁਟਿਲ ਨੀਤੀ ਤੇ ਚਾਲਬਾਜ਼ੀ ਤੋਂ ਕੰਮ ਲੈਂਦਿਆਂ ਪੰਜਾਬ ਦੀ ਸੁਤੰਤਰਤਾ ਨੂੰ ਭੰਗ ਕਰਕੇ, ਉਸ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ, ਉਹ ਇਕ ਅਤਿ ਦੁਖਦਾਈ ਸਾਕਾ ਹੈ। ਅੰਗਰੇਜ਼ਾ ਅਥਵਾ ਬਦੇਸ਼ੀਆਂ ਕੋਲੋਂ ਜ਼ੁਲਮ ਤੇ ਕਠੋਰਤਾ ਦੀ ਆਸ ਤਾਂ ਕੀਤੀ ਜਾ ਸਕਦੀ ਸੀ ਪਰ ਪੰਜਾਬ ਦੇ ਸਰਪ੍ਰੱਸਤਾਂ ਹਥੋਂ ਹੀ ਇਸ ਦਾ ਪਰਾਧੀਨ ਹੋ ਜਾਣਾ ਹਰ ਮਨੁੱਖੀ ਮਨ ਨੂੰ ਪੀੜਿਤ ਕਰਦਾ ਹੈ।

ਸਾਹਿੱਤ ਸਦੀਵੀ ਤਾਂ ਹੁੰਦਾ ਹੈ, ਜੇਕਰ ਉਹ ਕਿਸੇ ਦੇਸ਼ ਜਾਂ ਕੌਮ ਦੀਆਂ ਭਾਵਨਾਵਾਂ ਨੂੰ ਆਪਣੇ ਵਿਚ ਸਮੋਈ ਰਖੇ। ਸ਼ਾਹ ਮੁਹੰਮਦ ਦਾ ਇਹ ਜੰਗਨਾਮਾ ਪੰਜਾਬੀਆਂ ਦੇ ਇਕ ਵਿਸ਼ੇਸ਼ ਸਮੇਂ ਦਾ ਇਤਿਹਾਸ ਚਿਤਰਦਾ ਹੈ, ਜਿਸ ਨੂੰ ਪੰਜਾਬੀ ਕਦੇ ਵੀ ਭੁੱਲ ਨਹੀਂ ਸਕਦੇ। ਸ਼ਾਹ ਮੁਹੰਮਦ ਉਨ੍ਹਾਂ ਰੋਂਦੇ ਪੰਜਾਬੀਆਂ ਨਾਲ ਰਲ ਕੇ ਕੀਰਨੇ ਪਾਉਣ ਲੱਗ ਪਿਆ, ਉਨ੍ਹਾਂ ਨਾਲ ਇਕ ਸੁਰ ਹੋ ਕੇ ਵੈਣ ਪਾਉਂਦੀ ਕੌਮ ਦਾ ਮੋਢੀ ਹੋ ਨਿਬੜਿਆ, ਇਸ ਲਈ ਉਸ ਦੀ ਇਹ ਰਚਨਾ ਅਮਰ ਹੈ।

ਸ਼ਾਹ ਮੁਹੰਮਦ ਦਾ ਇਹ ਜੰਗਨਾਮਾ ਜਿਥੇ ਸਾਹਿੱਤਿਕ ਪੱਖ ਤੋਂ ਇਕ ਉੱਤਮ ਵਸਤੂ ਹੈ, ਉਥੇ ਇਤਿਹਾਸਿਕ ਪੱਖ ਤੋਂ ਵੀ ਇਹ ਇਕ ਵਿਸ਼ੇਸ਼ ਮਹੱਤਾ ਦਾ ਸੂਚਕ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮਿਰਤੂ ਤੋਂ ਪਿੱਛੋਂ ਲਾਹੌਰ ਦਰਬਾਰ ਵਿਚ ਜੋ ਖ਼ੂਨ ਦੀ ਹੋਲੀ ਖੇਡੀ ਗਈ, ਜੋ ਅਮੀਰਾਂ ਵਜ਼ੀਰਾਂ ਅਥਵਾ ਮਹਾਰਾਜਿਆਂ ਦਾ ਕਤਲ ਹੋਇਆ, ਉਸ ਦਾ ਪੂਰਾ ਬਿਆਨ ਕਵੀ ਨੇ ਕੀਤਾ ਹੈ। ਇਸ ਤੋਂ ਬਾਅਦ ਸਿੱਖਾਂ ਦੀਆਂ ਫ਼ਰੰਗੀਆਂ ਨਾਲ ਮੁਦਕੀ, ਫੇਰੂ ਸ਼ਹਿਰ, ਅਲੀਵਾਲ, ਬੱਦੋਵਾਲ ਅਤੇ ਸਭਰਾਵਾਂ ਵਿਖੇ ਹੋਈਆਂ ਲੜਾਈਆਂ ਦਾ ਪੂਰਾ ਵੇਰਵਾ ਦਿੱਤਾ ਗਿਆ ਹੈ। ਵਾਸਤਵ ਵਿਚ ਇਹ ਜੰਗਨਾਮਾ ਪੰਜਾਬ ਦੇ ਸੱਤ ਸਾਲਾਂ (27 ਜੂਨ, 1839 ਤੋਂ 11 ਮਾਰਚ, 1846) ਦੇ ਇਤਿਹਾਸ ਨੂੰ ਆਪਣੇ ਆਪ ਵਿਚ ਸਾਂਭੀ ਬੈਠਾ ਹੈ।

ਸ਼ਾਹ ਮੁਹੰਮਦ ਪੰਜਾਬ ਦਾ ਸ਼ਾਇਦ ਪਹਿਲਾ ਕੌਮੀ ਕਵੀ ਸੀ, ਜਿਸ ਨੇ ਨਿਰੋਲ ਦੇਸ਼ ਪਿਆਰ ਨੂੰ ਹੀ ਆਪਣੀ ਕਵਿਤਾ ਦਾ ਮਜ਼ਮੂਨ ਬਣਾਇਆ। ਜੰਗਨਾਮੇ ਨੂੰ ਪੜ੍ਹਨ ਉਪਰੰਤ ਪਤਾ ਲੱਗਦਾ ਹੈ ਕਿ ਕਵੀ ਦੀ ਇਤਿਹਾਸਿਕ ਸੂਝ ਬੜੀ ਵਿਸ਼ਾਲ ਤੇ ਠੀਕ ਹੈ ਅਤੇ ਆਧੁਨਿਕ ਖੋਜ ਉਸ ਨਾਲ ਕਾਫ਼ੀ ਹੱਦ ਤਕ ਸਹਿਮਤ ਹੈ। ਇਤਿਹਾਸਿਕ ਤੱਥਾਂ ਬਾਰੇ ਜੋ ਕੁਝ ਵੀ ਉਸ ਨੇ ਦੱਸਿਆ ਹੈ, ਉਹ ਸਭ ਪ੍ਰਮਾਣਿਕ ਮੰਨਿਆ ਜਾਂਦਾ ਹੈ। ਜੰਗਨਾਮੇ ਦੇ ਤੀਜੇ ਬੰਦ ਵਿਚ ਕਵੀ ਇਕ ਇਤਿਹਾਸਿਕ ਸਚਾਈ ਨੂੰ ਸਾਡੇ ਸਨਮੁਖ ਕਰਦਾ ਹੈ :

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉੱਤੇ ਅਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ। 3।

ਸਾਰੇ ਇਤਿਹਾਸਕਾਰ ਇਸ ਗੱਲ ਨੂੰ ਮੰਨਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਆਮ

ਲੋਕ ਆਰਥਿਕ, ਸਮਾਜਿਕ ਤੇ ਧਾਰਮਿਕ ਪੱਖਾਂ ਤੋਂ ਖ਼ੁਸ਼ਹਾਲ ਸਨ। ਕਿਸੇ ਜਾਤ-ਪਾਤ ਜਾਂ ਉਚ-ਨੀਚ ਦਾ ਭਿੰਨ ਭੇਦ ਨਹੀਂ ਸੀ। ਪਦਵੀ ਕੇਵਲ ਯੋਗਤਾ ਵਾਲੇ ਨੂੰ ਮਿਲਦੀ ਸੀ। ਸਾਰੀ ਪਰਜਾ ਕੀ ਹਿੰਦੂ ਤੇ ਕੀ ਮੁਸਲਮਾਨ, ਸਭ ਖ਼ੁਸ਼ ਸਨ। ਇਸੇ ਲਈ ਸ਼ਾਹ ਮੁਹੰਮਦ ਨੂੰ ਪੰਜਾਬ ਵਿਚ ਤੀਸਰੀ ਜ਼ਾਤ ਦੇ ਆਉਣ ਦਾ ਦੁਖ ਹੈ ਤੇ ਉਹ ਅੰਗਰੇਜ਼ਾਂ ਨੂੰ 'ਅਫ਼ਾਤ' ਦੱਸਦਾ ਹੈ।

ਪੰਜਵੇਂ ਬੰਦ ਵਿਚ ਕਵੀ ਮਹਾਰਾਜਾ ਰਣਜੀਤ ਸਿੰਘ ਨੂੰ 'ਮਹਾਂਬਲੀ' ਕਹਿ ਕੇ ਉਸ ਨੂੰ ਵਿਜਈ ਦੱਸ ਕੇ, ਉਸ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਨੂੰ ਉਘਾੜਦਾ ਹੈ ਅਤੇ ਇਕ ਸਰਵ-ਪ੍ਰਵਾਨਿਤ ਤੱਥ ਨੂੰ ਪੇਸ਼ ਕਰਦਾ ਹੈ :

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ,
ਜੰਮੂ, ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ਼ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰਜ ਕੇ ਰਾਜ ਕਮਾਇ ਗਿਆ। 5।

ਮਹਾਰਾਜਾ ਰਣਜੀਤ ਸਿੰਘ ਦੇ ਮਰਨ ਪਿੱਛੋਂ ਰਾਜ-ਗੱਦੀ ਪ੍ਰਾਪਤ ਕਰਨ ਲਈ ਤਲਵਾਰ ਦਾ ਦੌਰ ਚਲਿਆ, ਜਿਸ ਦਾ ਪਹਿਲਾ ਸ਼ਿਕਾਰ ਚੇਤ ਸਿੰਘ ਹੋਇਆ, ਜੋ ਕਿ ਮਹਾਰਾਜਾ ਖੜਕ ਸਿੰਘ ਦਾ ਮਿੱਤਰ ਸੀ। ਇਸ ਕਤਲ ਵਿਚ ਕੰਵਰ ਨੌਨਿਹਾਲ ਸਿੰਘ ਦਾ ਵੀ ਹੱਥ ਸਮਝਿਆ ਜਾਂਦਾ ਹੈ। ਕਵੀ ਨੇ ਛੇਵੇਂ ਬੰਦ ਵਿਚ ਇਸ ਕਤਲ ਦਾ ਅਤੇ ਚੇਤ ਸਿੰਘ ਨਾਲ ਮਹਾਰਾਜੇ ਦੀ ਗੂੜ੍ਹੀ ਮਿੱਤਰਤਾ ਦਾ ਵਰਣਨ ਕੀਤਾ ਹੈ :

ਜਦੋਂ ਹੋਏ ਸਰਕਾਰ ਦੇ ਸਵਾਸ ਪੂਰੇ,
ਜਮ੍ਹਾ ਹੋਏ ਨੀ ਸਭ ਸਰਦਾਰ ਮੀਆਂ।
ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
ਖੜਕ ਸਿੰਘ ਮਹਾਰਾਜ ਨੇ ਢਾਹ ਮਾਰੀ,
ਮੋਇਆਂ ਮੁੱਢ ਕਦੀਮ ਦਾ ਯਾਰ ਮੀਆਂ। 6।

ਚੇਤ ਸਿੰਘ ਦਾ ਕਤਲ 8 ਅਕਤੂਬਰ, 1839 ਈ. ਨੂੰ ਹੋਇਆ ਅਤੇ ਖੜਕ ਸਿੰਘ ਦੀ ਮਿਰਤੂ 5 ਨਵੰਬਰ, 1840 ਈ. ਨੂੰ ਹੋਈ। ਇਨ੍ਹਾਂ 13 ਮਹੀਨਿਆਂ ਤੋਂ ਕੁਝ ਘੱਟ ਸਮੇਂ ਨੂੰ ਕਵੀ ਅੱਠਵੇਂ ਬੰਦ ਵਿਚ ਇਕ ਬਰਸ ਦੱਸਦਾ ਹੈ। ਇਸ ਗੱਲ ਵੱਲ ਵੀ ਸੰਕੇਤ ਕਰਦਾ ਹੈ ਕਿ ਆਪਣੇ ਪਿਤਾ ਖੜਕ ਸਿੰਘ ਦੀ ਮੌਤ ਦੀ ਖ਼ਬਰ ਸੁਣ ਕੇ ਕੰਵਰ ਨੌਨਿਹਾਲ ਸਿੰਘ ਤੇ ਕੋਈ ਅਸਰ ਨਾ ਹੋਇਆ :

ਖੜਕ ਸਿੰਘ ਮਹਾਰਾਜ ਹੋਇਆ ਬਹੁਤ ਮਾਂਦਾ,
ਬਰਸ ਇਕ ਪਿੱਛੋਂ ਵੱਸ ਕਾਲ ਹੋਇਆ।
ਆਈ ਮੌਤ ਨਾ ਅਟਕਿਆ ਇਕ ਘੜੀ,
ਚੇਤ ਸਿੰਘ ਦੇ ਗ਼ਮ ਦੇ ਨਾਲ ਮੋਇਆ।
ਕੌਰ ਸਾਹਿਬ ਸ਼ਾਹਜ਼ਾਦੇ ਦੀ ਗੱਲ ਸੁਣ ਕੇ,
ਜ਼ਰਾ ਦਰਦ ਦੇ ਨਾਲ ਨਾ ਮੂਲ ਰੋਇਆ। 8।

ਜਦੋਂ ਮਹਾਰਾਜਾ ਖੜਕ ਸਿੰਘ ਦਾ ਅੰਤਿਮ ਸੰਸਕਾਰ ਕਰਕੇ ਵਾਪਸ ਆ ਰਹੇ ਸਨ ਤਾਂ ਰੌਸ਼ਨਾਈ ਦਰਵਾਜ਼ੇ ਦੀ ਡਾਟ ਡਿੱਗਣ ਨਾਲ ਕੰਵਰ ਦਾ ਜ਼ਖਮੀ ਹੋ ਜਾਣਾ ਤੇ ਊਧਮ ਸਿੰਘ (ਗੁਲਾਬ ਸਿੰਘ ਦਾ ਪੁੱਤਰ) ਜੋ

ਕਿ ਕੰਵਰ ਦਾ ਮਿੱਤਰ ਸੀ, ਦਾ ਥਾਏਂ ਮਰ ਜਾਣਾ; ਕੰਵਰ ਦੀ ਮੌਤ ਨੂੰ ਅੱਠ ਪਹਿਰ ਲੁਕਾਈ ਰਖਣਾ, ਰਾਣੀ ਚੰਦ ਕੌਰ ਦਾ ਇਨ੍ਹਾਂ ਮੌਤਾਂ ਸੰਬੰਧੀ ਸੁਣ ਕੇ ਪੇਕਿਓਂ ਆਉਣਾ, ਆਦਿ ਕਵੀ ਨੇ ਠੀਕ-ਠੀਕ ਬਿਆਨਿਆ ਹੈ। ਇਨ੍ਹਾਂ ਘਟਨਾਵਾਂ ਦਾ ਜ਼ਿਕਰ ਕ੍ਰਮਵਾਰ ਦਸਵੇਂ ਤੇ ਗਿਆਰਵੇਂ ਬੰਦਾਂ ਵਿਚ ਹੋਇਆ ਹੈ :

ਅੰਦਰ ਤਰਫ਼ ਹਵੇਲੀ ਦੇ ਤੁਰੇ ਜਾਂਦੇ,
ਛੱਜਾ ਢਾਹ ਦੋਹਾਂ ਉੱਤੇ ਪਾਇਆ ਈ।
ਸ਼ਾਹ ਮੁਹੰਮਦਾ ਊਧਮ ਸਿੰਘ ਥਾਉਂ ਮੋਇਆ,
ਕੌਰ ਸਾਹਿਬ ਭੀ ਸਹਿਕਦਾ ਆਇਆ ਈ। 10।
ਅੱਠ ਪਹਿਰ ਲੁਕਾਇ ਕੇ ਰਖਿਓ ਨੇ,
ਦੂਜੇ ਦਿਨ ਰਾਣੀ ਚੰਦ ਕੌਰ ਆਈ।
ਖੜਕ ਸਿੰਘ ਦਾ ਮੂਲ ਦਰੇਗ ਨਾਂਹੀ,
ਕੌਰ ਸਾਹਿਬ ਤਾਈਂ ਉਥੇ ਰੋਣ ਆਈ। 11।

ਇਹ ਇਤਿਹਾਸਿਕ ਸਚਾਈ ਹੈ ਕਿ ਕੰਵਰ ਨੌਨਿਹਾਲ ਸਿੰਘ ਦੀ ਮਿਰਤੂ 7 ਨਵੰਬਰ ਨੂੰ ਹੋਈ ਅਤੇ ਰਾਜਾ ਧਿਆਨ ਸਿੰਘ ਨੇ ਇਸ ਖ਼ਬਰ ਨੂੰ ਲੁਕਾਈ ਰਖਿਆ ਅਤੇ 9 ਨਵੰਬਰ ਨੂੰ ਪ੍ਰਗਟ ਕੀਤਾ।

ਕੰਵਰ ਸ਼ੇਰ ਸਿੰਘ ਨੂੰ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਦੀ ਖ਼ਬਰ ਪੁਚਾਉਣੀ ਜੋ ਉਸ ਵੇਲੇ ਲਾਹੌਰੋਂ 80 ਮੀਲ ਦੂਰ ਸੀ, ਸ਼ੇਰ ਸਿੰਘ ਦਾ ਫ਼ੌਜ ਲੈ ਕੇ ਜਾਣਾ, ਰਾਣੀ ਚੰਦ ਕੌਰ ਦਾ ਮੁਕਾਬਲੇ ਲਈ ਡਟ ਜਾਣਾ, ਰਾਜਾ ਧਿਆਨ ਸਿੰਘ ਦੇ ਕਹਿਣ ਉੱਤੇ ਸ਼ੇਰ ਸਿੰਘ ਦਾ ਵਾਪਸ ਮੁੜ ਜਾਣਾ ਅਤੇ ਮੁਕੇਰੀਆਂ ਜਾ ਡੇਰੇ ਲਾਉਣਾ ਤੇ ਪਿੱਛੋਂ ਰਾਣੀ ਚੰਦ ਕੌਰ ਦਾ ਤਖ਼ਤ ਉੱਤੇ ਬੈਠਣਾ, ਆਦਿ ਸਭ ਇਤਿਹਾਸਿਕ ਸਚਾਈਆਂ ਸਨ, ਜਿਨ੍ਹਾਂ ਦਾ ਵਰਣਨ ਸ਼ਾਹ ਮੁਹੰਮਦ ਨੇ ਬਾਰ੍ਹਵੇਂ ਅਤੇ ਚੌਦਵੇਂ ਬੰਦਾਂ ਵਿਚ ਕੀਤਾ ਹੈ।

ਰਾਜਾ ਧਿਆਨ ਸਿੰਘ ਨੇ ਫ਼ੌਜ ਨਾਲ ਮਿਲ ਕੇ ਸ਼ੇਰ ਸਿੰਘ ਨੂੰ ਮਹਾਰਾਜਾ ਸਥਾਪਿਤ ਕਰਨ ਦੀ ਸਕੀਮ ਬਣਾਉਣੀ, ਫ਼ੌਜ ਦੇ ਉਸ ਨੂੰ ਪੂਰੇ ਅਖਤਿਆਰ ਦੇਣੇ, ਧਿਆਨ ਸਿੰਘ ਦਾ ਮਿੱਥੀ ਹੋਈ ਸਕੀਮ ਅਨੁਸਾਰ ਇਕ ਮਹੀਨੇ ਦੀ ਛੁੱਟੀ ਲੈ ਕੇ ਜੰਮੂ ਚਲੇ ਜਾਣਾ ਅਤੇ ਫ਼ੌਜਾਂ ਨੂੰ ਸ਼ੇਰ ਸਿੰਘ ਦੀ ਸਹਾਇਤਾ ਕਰਨ ਤੇ ਇਨਾਮ ਦਾ ਲਾਲਚ ਦੇਣਾ, ਸ਼ੇਰ ਸਿੰਘ ਦਾ ਫ਼ੌਜਾਂ ਸਮੇਤ ਲਾਹੌਰ ਪਹੁੰਚਣਾ ਤੇ ਕਿਲ੍ਹੇ ਨੂੰ ਫ਼ਤਹਿ ਕਰਕੇ ਮਹਾਰਾਜਾ ਬਣਨਾ ਆਦਿ ਇਤਿਹਾਸਿਕ ਸਚਾਈਆਂ ਦਾ ਬਿਆਨ ਕਵੀ ਨੇ ਪੰਦਰ੍ਹਵੇਂ ਤੋਂ ਉਨ੍ਹੀਵੇਂ ਬੰਦਾਂ ਵਿਚ ਬਿਲਕੁਲ ਠੀਕ-ਠੀਕ ਕੀਤਾ ਹੈ। ਸ਼ੇਰ ਸਿੰਘ ਨੇ ਗੱਦੀ ਉੱਤੇ ਬੈਠਦਿਆਂ ਹੀ ਰਾਣੀ ਚੰਦ ਕੌਰ ਨੂੰ ਕੈਦ ਕਰਵਾ ਦਿੱਤਾ ਅਤੇ ਇਕ ਸਾਲ ਬਾਅਦ ਮਰਵਾ ਦਿੱਤਾ :

ਸ਼ੇਰ ਸਿੰਘ ਗੱਦੀ ਉੱਤੇ ਬੈਠ ਕੇ ਜੀ,
ਰਾਣੀ ਕੈਦ ਕਰਕੇ ਕਿਲ੍ਹੇ ਵਿਚ ਪਾਈ।
ਘਰ ਬੈਠਿਆਂ ਰੱਬ ਨੇ ਰਾਜ ਦਿੱਤਾ,
ਦੇਖੋ ਮੱਲ ਬੈਠਾ ਸਾਰੀ ਪਾਤਸ਼ਾਹੀ।
ਬਰਸ ਹੋਇਆ ਜਾਂ ਉਸ ਨੂੰ ਕੈਦ ਅੰਦਰ,
ਰਾਣੀ ਦਿਲ ਦੇ ਵਿਚ ਜੋ ਜਿੱਚ ਆਹੀ।
ਸ਼ਾਹ ਮੁਹੰਮਦਾ ਮਾਰ ਕੇ ਚੰਦ ਕੌਰਾਂ,
ਸ਼ੇਰ ਸਿੰਘ ਨੇ ਗਲੋਂ ਬਲਾ ਲਾਹੀ। 19।

ਅਜੀਤ ਸਿੰਘ ਸੰਧਾਵਾਲੀਏ ਦਾ ਲਾਹੌਰ ਪਰਤਣਾ, ਮਹਾਰਾਜਾ ਸ਼ੇਰ ਸਿੰਘ ਦਾ ਕਤਲ ਕਰਨਾ, ਲਹਿਣਾ ਸਿੰਘ ਅੱਗੇ ਕੰਵਰ ਪ੍ਰਤਾਪ ਸਿੰਘ ਦਾ ਵਾਸਤੇ ਪਾਉਣਾ ਤੇ 'ਬਾਬਾ ਜੀ' ਕਹਿ ਕੇ ਜਾਨ-ਬਖਸ਼ੀ ਲਈ ਅਰਜ਼ ਕਰਨਾ ਪਰ ਲਹਿਣਾ ਸਿੰਘ ਦਾ ਉਸ ਨੂੰ ਪਾਰ ਬੁਲਾਉਣਾ, ਰਾਜਾ ਧਿਆਨ ਸਿੰਘ ਨੂੰ ਕਿਲ੍ਹੇ ਵਿਚ ਮਾਰਨਾ, ਆਦਿ ਤਿੰਨੇ

ਕਤਲ਼ 15 ਸਤੰਬਰ, 1843 ਈ. ਨੂੰ ਹੋਏ। ਇਸ ਪਿੱਛੋਂ ਕਵੀ ਦੱਸਦਾ ਹੈ ਕਿ ਉਨ੍ਹਾਂ ਸਰਦਾਰਾਂ ਨੇ ਦਲੀਪ ਸਿੰਘ ਨੂੰ ਬੁਲਾ ਕੇ ਖ਼ੂਨ ਦਾ ਟਿੱਕਾ ਲਾਇਆ ਤੇ ਰਾਜੇ ਦੇ ਤਖ਼ਤ ਉੱਤੇ ਬੈਠਾਇਆ। ਇਹ ਸਾਰੇ ਇਤਿਹਾਸਿਕ ਤੱਥ ਹਨ ਜਿਨ੍ਹਾਂ ਦਾ ਵਰਣਨ 20ਵੇਂ ਤੋਂ 26ਵੇਂ ਬੰਦਾਂ ਵਿਚ ਹੋਇਆ ਹੈ :

ਪਹਿਲੇ ਰਾਜੇ ਦੇ ਖ਼ੂਨ ਦਾ ਲਾਇ ਟਿੱਕਾ,
ਪਿੱਛੋਂ ਦਿੱਤੀਆਂ ਚਾਰ ਪ੍ਰਦੱਖਣਾਂ ਈ।
ਤੇਰੇ ਵਾਸਤੇ ਹੋਏ ਨੇ ਸਭ ਕਾਰੇ,
ਅਗੇ ਸਾਹਿਬ ਸੱਚੇ ਤੈਨੂੰ ਰੱਖਣਾ ਈ।
ਸਾਨੂੰ ਘੜੀ ਦੀ ਕੁਝ ਉਮੈਦ ਨਾਹੀਂ,
ਅੱਜ ਰਾਤ ਪ੍ਰਸ਼ਾਦ ਕਿਨ ਚੱਖਣਾ ਈ।
ਤੇਰੇ ਵੱਲ ਜੋ ਕਰੇਗਾ ਨਜ਼ਰ ਮੰਦੀ,
ਸ਼ਾਹ ਮੁਹੰਮਦਾ ਕਰਾਂਗੇ ਸੱਖਣਾ ਈ। 26।

ਸ਼ਾਹ ਮੁਹੰਮਦ ਦਾ ਬਿਆਨ ਬੜਾ ਸੰਜਮਮਈ ਤੇ ਤ੍ਰਿੱਖਾ ਹੈ। ਉਹ ਵਸ ਲੱਗਦੇ ਕਹਾਣੀ ਦੀ ਚਾਲ ਵਿਚ ਕੋਈ ਰੁਕਾਵਟ ਨਹੀਂ ਆਉਣ ਦਿੰਦਾ, ਜਿਸ ਕਰਕੇ ਪੂਰੀ-ਪੂਰੀ ਇਤਿਹਾਸਿਕ ਸੂਝ ਰਖਣ ਵਾਲਾ ਪਾਠਕ ਹੀ ਉਸਦੀ ਰਚਨਾ ਦਾ ਆਨੰਦ ਮਾਣ ਸਕਦਾ ਹੈ। ਇਤਨਾ ਸੰਜਮ-ਮਈ ਹੁੰਦਿਆਂ ਹੋਇਆਂ ਵੀ ਕੋਈ ਅਜਿਹੀ ਮਹੱਤਵਪੂਰਨ ਘਟਨਾ ਨਹੀਂ, ਜਿਸ ਨੂੰ ਕਵੀ ਨਜ਼ਰੋਂ ਓਹਲੇ ਕਰ ਗਿਆ ਹੋਵੇ। ਕਵੀ ਘਟਨਾ ਨੂੰ ਨਾ ਕੇਵਲ ਬਿਆਨਦਾ ਹੀ ਹੈ, ਸਗੋਂ ਉਸ ਦਾ ਦ੍ਰਿਸ਼-ਚਿੱਤਰਣ ਵੀ ਕਰਦਾ ਹੈ।

ਰਾਜਾ ਧਿਆਨ ਸਿੰਘ ਦੇ ਕਤਲ ਦੀ ਖ਼ਬਰ ਸੁਣ ਕੇ ਉਸ ਦੇ ਲੜਕੇ ਹੀਰਾ ਸਿੰਘ ਦਾ ਖ਼ਾਲਸਾ ਫ਼ੌਜ ਨੂੰ ਭੜਕਾਉਣਾ, ਸੰਧਾਵਾਲੀਆਂ ਨਾਲ ਟੱਕਰ ਲੈਣੀ, ਅਜੀਤ ਸਿੰਘ ਤੇ ਲਹਿਣਾ ਸਿੰਘ ਸੰਧਾਵਾਲੀਏ ਸਰਦਾਰਾਂ ਦਾ ਮਾਰੇ ਜਾਣਾ, ਸੁਚੇਤ ਸਿੰਘ (ਹੀਰਾ ਸਿੰਘ ਦਾ ਚਾਚਾ) ਦਾ ਹੀਰਾ ਸਿੰਘ ਦੇ ਟਾਕਰੇ ਉੱਤੇ ਮਾਰੇ ਜਾਣਾ, ਜਲੇ ਪੰਡਿਤ ਤੇ ਹੀਰਾ ਸਿੰਘ ਦੀਆਂ ਕਰਤੂਤਾਂ ਵੇਖ ਕੇ ਸਰਦਾਰਾਂ ਦਾ ਸਾਜ਼ਿਸ਼ ਕਰਨਾ, ਉਨ੍ਹਾਂ ਦਾ ਜੰਮੂ ਭੱਜ ਜਾਣਾ ਤੇ ਫੜੇ ਜਾਣਾ ਤੇ ਮਾਰੇ ਜਾਣਾ, ਜਵਾਹਰ ਸਿੰਘ ਦਾ ਵਜ਼ੀਰ ਬਣਨਾ ਤੇ ਬਾਅਦ ਵਿਚ ਕਤਲ ਕੀਤੇ ਜਾਣਾ ਅਤੇ ਰਾਜ ਭਾਗ ਰਾਣੀ ਜਿੰਦਾਂ ਦੇ ਹੱਥ ਆ ਜਾਣਾ ਕਵੀ ਨੇ ਕ੍ਰਮਵਾਰ ਠੀਕ-ਠੀਕ ਬਿਆਨਿਆ ਹੈ। ਉਹ ਮਹਾਰਾਜਾ ਰਣਜੀਤ ਸਿੰਘ ਪਿੱਛੋਂ ਸਿੱਖ ਰਾਜ ਦੀ ਖ਼ਾਨਾਜੰਗੀ ਤੇ ਮਾਰੋ ਮਾਰ ਦਾ ਜ਼ਿਕਰ ਵੀ ਜੰਗਨਾਮੇ ਵਿਚ ਕਰਦਾ ਹੈ ਤੇ ਬੇ-ਲਗਾਮ ਫ਼ੌਜ ਨੂੰ ਭੂਤ-ਮੰਡਲੀ ਦੱਸਦਾ ਹੈ :

ਪਿੱਛੇ ਇਕ ਸਰਕਾਰ ਦੇ ਖੇਡ ਚਲੀ,
ਪਈ ਨਿਤ ਹੁੰਦੀ ਮਾਰੋ ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸਭੇ ਕਤਲ ਹੋਏ ਵਾਰੋ ਵਾਰ ਮੀਆਂ।
ਸਿਰ ਫ਼ੌਜ ਦੇ ਰਿਹਾ ਨਾ ਕੋਈ ਕੁੰਡਾ,
ਹੋਏ ਸ਼ੁੱਤਰ ਜਿਉਂ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,
ਭੂਤ ਮੰਡਲੀ ਹੋਈ ਤਿਆਰ ਮੀਆਂ। 41।

ਇਸ ਤੋਂ ਪਿੱਛੋਂ ਸ਼ਾਹ ਮੁਹੰਮਦ ਸਿੰਘਾਂ ਤੇ ਫਰੰਗੀਆਂ ਵਿਚਕਾਰ ਹੋਏ ਯੁੱਧਾਂ ਦਾ ਵਰਣਨ ਕਰਦਾ ਹੈ। ਕਵੀ ਲੜਾਈ ਦੀ ਪਹਿਲ ਕਰਨ ਦੀ ਜ਼ੁੰਮੇਵਾਰੀ ਅੰਗਰੇਜ਼ਾਂ ਉੱਤੇ ਹੀ ਸੁੱਟਦਾ ਹੈ :

ਸ਼ਾਹ ਮੁਹੰਮਦਾ ਗੋਰਿਆਂ ਛੇੜ ਛੇੜੀ,
ਮੁਲਕ ਪਾਰ ਦਾ ਮੱਲਿਆ ਆਣ ਮੀਆਂ। 50।

ਇਸ ਪਹਿਲ ਕਰਨ ਨੂੰ ਨਾ ਕੇਵਲ ਦੇਸ਼ੀ ਇਤਿਹਾਸਕਾਰ ਸਗੋਂ ਅੰਗਰੇਜ਼ ਇਤਿਹਾਸਕਾਰ ਵੀ ਮੰਨਦੇ ਹਨ। ਇਥੋਂ ਤਕ ਕਿ ਗਵਰਨਰ ਜਨਰਲ ਤੇ ਹੋਰ ਫ਼ੌਜੀ ਅਫ਼ਸਰਾਂ ਦੀਆਂ ਲਿਖਤਾਂ ਵੀ ਕਵੀ ਦੇ ਇਸ ਕਥਨ ਦੀ ਪ੍ਰੋੜ੍ਹਤਾ ਕਰਦੀਆਂ ਹਨ।[1] ਜਦੋਂ ਸਿੱਖਾਂ ਨੇ ਲੜਾਈ ਦਾ ਕੋਈ ਬਹਾਨਾ ਨਾ ਬਣਨ ਦਿੱਤਾ, ਉਸ ਸਮੇਂ ਮੇਜਰ ਬਰਾਡਫੁਟ ਨੇ ਇਹ ਐਲਾਨ ਕੀਤਾ ਕਿ ਮਹਾਰਾਜਾ ਦਲੀਪ ਸਿੰਘ ਦੀ ਮੌਤ ਹੋ ਜਾਣ ਜਾਂ ਗੱਦੀਓਂ ਲਹਿ ਜਾਣ ਤੇ ਇਹ ਰਾਜ ਅੰਗਰੇਜ਼ੀ ਸਰਕਾਰ ਦੇ ਕਬਜ਼ੇ ਵਿਚ ਚਲਾ ਜਾਵੇਗਾ।[2] ਇਹ ਐਲਾਨ ਸਿੱਖਾਂ ਨੂੰ ਉਕਸਾਉਣ ਦਾ ਚੰਗਾ ਢੰਗ ਸੀ।

ਜਦੋਂ ਸਿੱਖ ਫ਼ੌਜਾਂ ਸਤਲੁਜੋਂ ਪਾਰ ਪਹੁੰਚ ਗਈਆਂ ਤਾਂ ਪਹਿਲੀ ਲੜਾਈ ਮੁਦਕੀ ਦੀ ਸੀ, ਦੂਜੀ ਫੇਰੂ ਸ਼ਹਿਰ ਦੀ ਅਤੇ ਤੀਜੀ ਸੱਭਰਾਵਾਂ ਦੀ। ਫੇਰੂ ਸ਼ਹਿਰ ਤੇ ਸੱਭਰਾਵਾਂ ਦੀਆਂ ਲੜਾਈਆਂ ਵਿਚਕਾਰ ਸਿੱਖਾਂ ਨੇ ਲੌਡੂਵਾਲ ਤੇ ਇਰਦ ਗਿਰਦ ਦੇ ਇਲਾਕੇ ਵਿਚ ਕੁਝ ਹੋਰ ਜਿੱਤਾਂ ਪ੍ਰਾਪਤ ਕੀਤੀਆਂ ਸਨ। ਸ਼ਾਹ ਮੁਹੰਮਦ ਆਪਣੇ ਜੰਗਨਾਮੇ ਵਿਚ ਇਨ੍ਹਾਂ ਸਾਰੀਆਂ ਲੜਾਈਆਂ ਨੂੰ ਬਿਆਨ ਕਰਦਾ ਹੈ। ਮੁਦਕੀ ਦੀ ਲੜਾਈ ਸੰਬੰਧੀ ਕਹਿੰਦਾ ਹੈ :

ਸ਼ਾਹ ਮੁਹੰਮਦਾ ਪਿਛ੍ਹਾਂ ਨੂੰ ਉੱਠ ਨੱਠੇ,
ਤੋਪਾਂ ਸਭ ਆਏ ਉਥੇ ਛਡ ਮੀਆਂ। 68।

ਪਰੰਤੂ ਸਿੱਖਾਂ ਦੀ ਬਹਾਦਰੀ ਨੂੰ ਵੀ ਨਜ਼ਰੋਂ ਓਹਲੇ ਨਹੀਂ ਕਰਦਾ :

ਸਰਫਾ ਜਾਨ ਦਾ ਨਹੀਂ ਜੇ ਤਦੋਂ ਕਰਨਾ,
ਜਦੋਂ ਵਿਚ ਮੈਦਾਨ ਦੇ ਵੜਾਂਗੇ ਜੀ। 69।

ਕਵੀ ਦਾ ਸਾਰਾ ਬਿਆਨ ਬੜਾ ਨਿਰਪੱਖ ਹੈ। ਅੰਗਰੇਜ਼ਾਂ ਨੂੰ ਬਦੇਸ਼ੀ ਹੋਣ ਦੇ ਬਾਵਜੂਦ 'ਤੋਪਾਂ ਦੇ ਧਨੀ' ਦੱਸਦਾ ਹੈ।

ਫੇਰੂ ਸ਼ਹਿਰ ਦੀ ਲੜਾਈ ਬਾਰੇ ਦੱਸਦਾ ਹੈ ਕਿ ਇੱਥੇ ਸਿੱਖ ਜਿੱਤ ਗਏ :

ਸਿੰਘਾਂ ਮਾਰ ਕੇ ਕਟਕ ਮੁਕਾਇ ਦਿਤੇ,
ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ।
ਨੰਦਨ ਟਾਪੂਆਂ ਵਿਚ ਕੂਰਲਾਟ ਹੋਈ,
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ। 72।

ਜਦੋਂ ਅੰਗਰੇਜ਼ ਦੌੜੇ ਜਾ ਰਹੇ ਸਨ, ਤਾਂ ਉਹ ਜਾਂਦੇ-ਜਾਂਦੇ ਵਾਪਸ ਆ ਗਏ। ਜਿੱਥੋਂ ਸਿੱਖਾਂ ਦੀ ਸੂਰਮਗਤੀ ਦਰਸਾਈ ਹੈ, ਉਥੇ 'ਸਿੰਘ ਉਠ ਕੇ ਪੱਤਰਾ ਵਾਚ ਚੱਲੇ' ਅਤੇ 'ਓੜਕ ਲਿਆ ਮੈਦਾਨ ਫਰੰਗੀਆਂ ਨੇ' ਵਰਗੀਆਂ ਕੌੜੀਆਂ ਇਤਿਹਾਸਿਕ ਸੱਚਾਈਆਂ ਵੱਲ ਵੀ ਸਾਡਾ ਧਿਆਨ ਖਿੱਚਿਆ ਹੈ। ਪਹਾੜਾ ਸਿੰਘ ਦੇ ਅੰਗਰੇਜ਼ ਨਾਲ ਮਿਲਣ ਜਾਣ ਨੂੰ ਵੀ ਕਵੀ ਨੇ ਬਿਆਨਿਆ ਹੈ।

ਸੱਭਰਾਵਾਂ ਦੀ ਲੜਾਈ ਵਿਚ ਜਿਥੇ ਸ਼ਾਮ ਸਿੰਘ ਅਟਾਰੀ ਵਾਲਾ ਲੜਿਆ ਅਤੇ ਜੋ ਬਹਾਦਰੀ ਪੰਜਾਬ ਦੀਆਂ ਫ਼ੌਜਾਂ ਨੇ ਵਿਖਾਈ, ਉਸ ਦਾ ਵਰਣਨ ਵੀ ਕਰਦਾ ਹੈ :

ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁਟੇ। 90।

ਅਤੇ

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।

ਸਣੇ ਆਦਮੀ ਗੋਲੀਆਂ ਨਾਲ ਉੱਡਣਾ,
ਹਾਥੀ ਡਿਗਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ। 92।

ਸਪਸ਼ਟ ਹੈ ਕਿ ਸਿੰਘਾਂ ਦੀ ਹਾਰ ਕੇਵਲ ਯੋਗ ਨਾਇਕ/ਸਰਦਾਰ ਨਾ ਹੋਣ ਕਰਕੇ ਹੀ ਹੋਈ। ਬਦੇਸ਼ੀ ਇਤਿਹਾਸਕਾਰਾਂ ਦੀ ਵੀ ਇਸ ਸੰਬੰਧੀ ਇਹੋ ਰਾਇ ਹੈ। ਸ਼ਾਹ ਮੁਹੰਮਦ ਸਿੰਘਾਂ ਦੇ ਲੀਡਰ ਦੀ ਅਣਹੋਂਦ ਨੂੰ ਬੜੇ ਕਰੁਣਾਮਈ ਢੰਗ ਨਾਲ ਬਿਆਨ ਕਰਦਾ ਹੈ। ਇਹ ਭਾਵੁਕ ਕਥਨ ਬੇਸ਼ਕ ਹੋਵੇ, ਪਰੰਤੂ ਇਸ ਵਿਚਲੀ ਸਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਕਵੀ ਇਕ ਮਹਾਨ ਇਤਿਹਾਸਕਾਰ ਹੋਣ ਦਾ ਮਾਣ ਪ੍ਰਾਪਤ ਕਰਦਾ ਹੈ।

ਰਾਜਾ ਗੁਲਾਬ ਸਿੰਘ ਦਾ ਲਾਰਡ ਹਾਰਡਿੰਗ ਦੇ ਸੁਆਗਤ ਲਈ ਕਸੂਰ ਪਹੁੰਚਣਾ, ਮਾਲਵੇ ਦੁਆਬੇ ਦੇ ਸਿੰਘਾਂ ਨੂੰ ਫ਼ੌਜ ਵਿਚੋਂ ਕੱਢਣਾ, ਗੁਲਾਬ ਸਿੰਘ ਦਾ ਜੰਮੂ ਚਲੇ ਜਾਣਾ ਅਤੇ ਅੰਗਰੇਜ਼ ਰੈਜ਼ੀਡੈਂਟ ਤੇ ਅੰਗਰੇਜ਼ੀ ਫ਼ੌਜ ਦਾ ਲਾਹੌਰ ਵਿਚ ਰਹਿਣਾ ਆਦਿ ਪ੍ਰਮਾਣਿਕ ਇਤਿਹਾਸਿਕ ਤੱਥ ਹਨ, ਜਿਨ੍ਹਾਂ ਦਾ ਜ਼ਿਕਰ ਕਵੀ ਜੰਗਨਾਮੇ ਵਿਚ ਕਰਦਾ ਹੈ।

ਡਾ. ਗੰਡਾ ਸਿੰਘ ਤੇ ਪ੍ਰੋ. ਸੀਤਾ ਰਾਮ ਕੋਹਲੀ ਆਦਿ ਇਤਿਹਾਸਕਾਰਾਂ ਨੇ ਸ਼ਾਹ ਮੁਹੰਮਦ ਦੇ ਦਿੱਤੇ ਹਵਾਲਿਆਂ ਨੂੰ ਦਰਬਾਰੀ ਇਤਿਹਾਸਕਾਰ ਮੁਨਸ਼ੀ ਸੋਹਨ ਲਾਲ ਦੀ ਪੁਸਤਕ 'ਰੋਜ਼ਨਾਮਚਾ ਰਣਜੀਤ ਸਿੰਘ' ਨਾਲ ਮਿਲਾਇਆ ਹੈ ਤੇ ਕਵੀ ਦਾ ਬਿਆਨ ਪੂਰਾ ਠੀਕ ਨਿਕਲਿਆ ਹੈ। ਸਰ ਲੈਪਲ ਗ੍ਰਿਫ਼ਨ ਦੀ ਪੁਸਤਕ 'ਪੰਜਾਬ ਚੀਫ਼ਸ' ਨਾਲ ਵੀ ਸ਼ਾਹ ਮੁਹੰਮਦ ਦੇ ਦਿੱਤੇ ਤੱਥਾਂ ਨੂੰ ਮੇਲਿਆ ਗਿਆ ਹੈ ਪਰ ਕੋਈ ਵਿਸ਼ੇਸ਼ ਤਰੁੱਟੀ ਨਜ਼ਰ ਨਹੀਂ ਆਈ। ਇਥੋਂ ਸੰਦੇਹ ਹੁੰਦਾ ਹੈ ਕਿ ਸ਼ਾਇਦ ਕਵੀ ਨੇ ਇਨ੍ਹਾਂ ਘਟਨਾਵਾਂ ਨੂੰ ਅੱਖੀਂ ਵੇਖਿਆ ਹੋਵੇ। ਸ਼ਾਹ ਮੁਹੰਮਦ 81ਵੇਂ ਤੇ 104ਵੇਂ ਬੰਦਾਂ ਵਿਚ ਕਹਿੰਦਾ ਹੈ :

ਸ਼ਾਹ ਮੁਹੰਮਦਾ ਸਭ ਮਲੂਮ ਕੀਤੀ,
ਕੀਕੂੰ ਹੋਈ ਸੀ ਦੱਸ ਖਾਂ ਲੁਧਿਆਣੇ। 81।

ਅਤੇ

ਜਿਹੜੀ ਹੋਈ ਸੋ ਲਈ ਹੈ ਵੇਖ ਅੱਖੀਂ,
ਅੱਗੇ ਹੋਰ ਕੀ ਬਣਤ ਬਣਾਵਣੀ ਜੀ। 104।

ਸ਼ਾਇਦ ਇਸੇ ਕਰਕੇ ਕਵੀ ਦੇ ਬਿਆਨ ਵਿਚ ਇਤਿਹਾਸਿਕ ਊਣਤਾਈ ਦੀ ਘਾਟ ਹੈ। ਉਂਜ ਵੀ ਸ਼ਾਹ ਮੁਹੰਮਦ ਦਾ ਦੇਹਾਂਤ 1863 ਈ. ਵਿਚ ਹੋਇਆ ਦੱਸਿਆ ਜਾਂਦਾ ਹੈ। ਸੰਭਵ ਹੈ ਕਿ ਇਹ ਘਟਨਾਵਾਂ ਉਸ ਨੇ ਕੁਝ ਅੱਖੀਂ ਵੇਖੀਆਂ ਹੋਣ ਅਤੇ ਕੁਝ ਨੇੜੇ ਤੋਂ ਅਨੁਭਵ ਕੀਤੀਆਂ ਹੋਣ।

ਸ਼ਾਹ ਮੁਹੰਮਦ ਦਾ ਇਹ ਜੰਗਨਾਮਾ ਜਿੱਥੇ ਇਤਿਹਾਸਿਕ ਤੱਥਾਂ ਨਾਲ ਭਰਪੂਰ ਹੈ, ਉੱਥੇ ਇਸ ਵਿਚ ਕੁਝ ਕੁ ਇਤਿਹਾਸਿਕ ਤਰੁੱਟੀਆਂ ਵੀ ਵਿਦਮਾਨ ਹਨ ਜੋ ਕਿ ਕਵੀ ਦੀ ਇਤਿਹਾਸਿਕ ਸੂਝ ਉੱਤੇ ਧੱਬਾ ਪ੍ਰਤੀਤ ਹੁੰਦੀਆਂ ਹਨ।

ਪਹਿਲੀ ਤਰੁੱਟੀ ਰਾਣੀ ਜਿੰਦਾਂ ਸੰਬੰਧੀ ਹੈ। ਸ਼ਾਹ ਮੁਹੰਮਦ ਨੇ ਸਿੰਘਾਂ ਤੇ ਫ਼ਰੰਗੀਆਂ ਦੀ ਜੰਗ ਦਾ ਕਾਰਨ ਰਾਣੀ ਜਿੰਦਾਂ ਦਾ ਆਪਣੇ ਭਰਾ ਜਵਾਹਰ ਸਿੰਘ ਦੇ ਕਤਲ ਦਾ ਬਦਲਾ ਲੈਣਾ ਦੱਸਿਆ ਹੈ। ਉਦਾਹਰਣ ਵਜੋਂ ਵੇਖੋ ਇਹ ਸੱਤਰਾਂ :

ਜੱਟੀ ਹੋਵਾਂ ਤੇ ਕਰਾਂ ਪੰਜਾਬ ਰੰਡੀ,
ਸਾਰੇ ਦੇਸ ਦੇ ਵਿਚ ਚਾ ਤੁਰਨ ਵਾਰਾਂ।
ਛੱਡਾਂ ਨਹੀਂ ਲਾਹੌਰ ਵਿਚ ਵੜਨ ਜੋਗੇ,
ਸਣੇ ਵਡਿਆਂ ਅਫ਼ਸਰਾਂ ਜਮਾਦਾਰਾਂ।

ਪਏ ਰੁਲਣ ਇਹ ਵਿਚ ਪਰਦੇਸ ਮੁਰਦੇ,
ਸ਼ਾਹ ਮੁਹੰਮਦਾ ਮਾਰਨੀ ਏਸ ਮਾਰਾਂ। 45।

ਅਤੇ

ਜਿਨ੍ਹਾਂ ਮਾਰਿਆ ਕੋਹਿ ਕੇ ਵੀਰ ਮੇਰਾ,
ਮੈਂ ਤਾਂ ਖੁਹਊਂਗੀ ਉਨ੍ਹਾਂ ਦੀਆਂ ਜੁੰਡੀਆਂ ਨੀ।
ਧਾਕਾਂ ਜਾਣ ਵਲਾਇਤੀਂ ਦੇਸ ਸਾਰੇ,
ਪਾਵਾਂ ਬਕਰੇ ਵਾਂਗ ਚਾ ਵੰਡੀਆਂ ਨੀ।
ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ,
ਨੱਥ, ਚਕ ਤੇ ਵਾਲੀਆਂ ਡੰਡੀਆਂ ਨੀ।
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ,
ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀ। 46।

ਸ਼ਾਹ ਮੁਹੰਮਦ ਅਨੁਸਾਰ ਰਾਣੀ ਜਿੰਦਾਂ ਨੇ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਅੰਗਰੇਜ਼ਾਂ ਨੂੰ ਇਕ ਚਿੱਠੀ ਲਿਖੀ ਸੀ ਕਿ ਤੂੰ ਮੇਰੇ ਫ਼ੌਜੀਆਂ ਦੇ ਦੰਦ ਖੱਟੇ ਕਰ :

ਅਰਜ਼ੀ ਲਿਖੀ ਫਰੰਗੀ ਨੂੰ ਕੁੰਜ ਗੋਸ਼ੇ,
ਪਹਿਲੇ ਆਪਣਾ ਸੁਖ ਅਨੰਦ ਵਾਰੀ।
ਤੇਰੀ ਵੱਲ ਮੈਂ ਫੌਜ ਨੂੰ ਘਲਨੀ ਆਂ,
ਖੱਟੇ ਕਰੀਂ ਤੂੰ ਇਨ੍ਹਾਂ ਦੇ ਦੰਦ ਵਾਰੀ।
ਜਿਹੜਾ ਜ਼ੋਰ ਤੂੰ ਆਪਣਾ ਸਭ ਲਾਵੀਂ,
ਪਿਛੇ ਖ਼ਰਚ ਮੈਂ ਕਰਾਂਗੀ ਬੰਦਵਾਰੀ।
ਸ਼ਾਹ ਮੁਹੰਮਦਾ ਫੇਰ ਨਾ ਆਉਣ ਮੁੜ ਕੇ,
ਮੈਨੂੰ ਏਤਨੀ ਬਾਤ ਪਸੰਦ ਵਾਰੀ। 47।

ਸੱਭਰਾਵਾਂ ਦੀ ਲੜਾਈ ਖ਼ਤਮ ਹੋਣ ਤੋਂ ਪਿੱਛੋਂ ਰਾਣੀ ਦਾ ਇਕ ਹੋਰ ਪ੍ਰੋਗਰਾਮ ਅੰਗਰੇਜ਼ਾਂ ਨੂੰ ਮਿਲਦਾ ਹੈ, ਜਿਸ ਵਿਚ ਉਹ ਅੰਗਰੇਜ਼ਾਂ ਨੂੰ ਲਾਹੌਰ ਵਿਚ ਛਾਉਣੀ ਪਾਉਣ ਲਈ ਕਹਿੰਦੀ ਹੈ ਤੇ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਦੀ ਹੈ ਕਿ ਮੈਂ ਆਪਣਾ ਬਦਲਾ ਅੱਜ ਲੈ ਲਿਆ ਹੈ :

ਮੇਰੀ ਜਾਨ ਦੇ ਰੱਬ ਜਾਂ ਤੁਸੀਂ ਰਾਖੇ,
ਪਾਉ ਵਿਚ ਲਾਹੌਰ ਦੇ ਛਾਵਣੀ ਜੀ।
ਸ਼ਾਹ ਮੁਹੰਮਦਾ ਅੱਜ ਮੈਂ ਲਿਆ ਬਦਲਾ,
ਅੱਗੇ ਹੋਰ ਕੀ ਰੱਬ ਨੂੰ ਭਾਵਣੀ ਜੀ। 95।

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਰਾਣੀ ਜਿੰਦਾਂ ਦੀ ਉਪਰੋਕਤ ਚਿੱਠੀ ਕਿੱਥੇ ਹੈ? ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ ਬਾਰੇ ਨਿੱਕੇ-ਨਿੱਕੇ ਚਿੱਠੀ-ਪੱਤਰ ਛਪੇ ਹਨ। ਲਾਲ ਸਿੰਘ ਦੇ ਉਸ ਖ਼ਤ ਦਾ ਜ਼ਿਕਰ ਆਉਂਦਾ ਹੈ ਜੋ ਉਸ ਨੇ ਫ਼ਿਰੋਜ਼ਪੁਰ ਸਥਿਤ ਅੰਗਰੇਜ਼ ਰੈਜ਼ੀਡੈਂਟ ਅਫ਼ਸਰ ਮਿ. ਨਿਕਲਸਨ ਨੂੰ ਲਿਖਿਆ ਸੀ। ਤਾਂ ਕੀ ਰਾਣੀ ਜਿੰਦਾਂ ਦੇ ਖਤ ਦਾ ਜ਼ਿਕਰ ਅੰਗਰੇਜ਼ ਨਾ ਕਰਦੇ, ਜੇ ਉਸ ਨੇ ਸੱਚ ਹੀ ਲਿਖਿਆ ਹੁੰਦਾ? ਇਹੋ ਜੇਹੀ ਕਿਸੇ ਚਿੱਠੀ ਦਾ ਜ਼ਿਕਰ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਦੇ ਰਿਕਾਰਡ ਵਿਚ ਨਹੀਂ ਮਿਲਦਾ ਅਤੇ ਨਾ ਹੀ ਇਸ ਚਿੱਠੀ ਦਾ ਹਵਾਲਾ ਕਿਸੇ ਅੰਗਰੇਜ਼ ਅਫ਼ਸਰ ਦੀ ਡਾਇਰੀ ਤੋਂ ਹੀ ਮਿਲਿਆ ਹੈ।

ਅਸਲ ਗੱਲ ਤਾਂ ਇਹ ਹੈ ਕਿ ਰਾਣੀ ਜਿੰਦਾਂ ਨਾ ਜੰਗ ਸ਼ੁਰੂ ਕਰਾਉਣ ਅਤੇ ਨਾ ਹਰਾਉਣ ਅਥਵਾ ਪੰਜਾਬ ਨੂੰ ਪਰਾਧੀਨ ਬਣਾਉਣ ਦੀ ਜ਼ੁੰਮੇਵਾਰ ਹੈ। ਇਤਿਹਾਸ ਗਵਾਹ ਹੈ ਕਿ ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਦੇ

ਜੀਉਂਦਿਆਂ ਪੰਜਾਬ ਨੂੰ ਹੜਪ ਕਰਨ ਦੀਆਂ ਸਕੀਮਾਂ ਬਣਾ ਰਹੇ ਸਨ। ਡਾ. ਮੈਗ੍ਰੈਗਰ ਅਨੁਸਾਰ "ਰਣਜੀਤ ਸਿੰਘ ਦੀ ਜ਼ਿੰਦਗੀ ਡਾਵਾਂਡੋਲ ਹੈ ਅਤੇ ਅਧਰੰਗ ਦੇ ਨਵੇਂ ਬੁੱਲੇ ਨਾਲ ਕਿਸੇ ਵੇਲੇ ਵੀ ਬੁੱਝ ਸਕਦੀ ਹੈ। ਜਦ ਵੀ ਇਹ ਭਾਣਾ ਵਰਤਿਆ, ਅੰਗਰੇਜ਼ਾਂ ਦੇ ਲਾਹੌਰ ਪੁੱਜਣ ਤੋਂ ਪਹਿਲਾਂ-ਪਹਿਲਾਂ ਕਾਫ਼ੀ ਲਹੂ ਲੁਹਾਨ ਹੋਵੇਗਾ। ਇਸ ਤੋਂ ਬਚਣ ਵਾਸਤੇ ਇਹ ਚੰਗਾ ਭਾਸਦਾ ਹੈ ਕਿ ਉਸ ਰਾਜਧਾਨੀ (ਲਾਹੌਰ) ਦੇ ਜਿਤਨਾ ਲਾਗੇ ਹੋ ਸਕੇ ਤੇ ਇਕ ਤਗੜੀ ਫ਼ੌਜ ਜਮ੍ਹਾਂ ਕਰ ਲਈ ਜਾਵੇ।"[3]

4 ਮਾਰਚ, 1838 ਈ. ਨੂੰ ਕੰਵਰ ਨੌ ਨਿਹਾਲ ਸਿੰਘ ਦੀ ਸ਼ਾਦੀ ਉੱਤੇ ਬੁਲਾਏ ਅੰਗਰੇਜ਼ ਕਮਾਂਡਰ-ਇਨ-ਚੀਫ਼ ਸਰ ਹੈਨਰੀ ਫੇਨ ਨੇ ਲਾਹੌਰ, ਅੰਮ੍ਰਿਤਸਰ ਅਤੇ ਕਈ ਹੋਰ ਫ਼ੌਜੀ ਛਾਉਣੀਆਂ ਦੇ ਨਕਸ਼ੇ ਤਿਆਰ ਕਰ ਲਏ ਅਤੇ ਪੂਰਾ ਅਨੁਮਾਨ ਲਾਇਆ ਕਿ ਪੰਜਾਬ ਉੱਤੇ ਕਿੰਨੀ ਫ਼ੌਜ ਨਾਲ ਕਬਜ਼ਾ ਕੀਤਾ ਜਾ ਸਕਦਾ ਹੈ।[4] ਪ੍ਰਾਹੁਣਾਚਾਰੀ ਦੀ ਐਨੀ ਦੁਰਵਰਤੋਂ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਹੋਰ ਸ਼ਾਇਦ ਹੀ ਕਿਤੇ ਮਿਲਦੀ ਹੋਵੇ।

ਜੂਨ 1838 ਈ. ਵਿਚ ਗਵਰਨਰ ਜਨਰਲ ਦਾ ਮਿਲਟਰੀ ਸੈਕਟਰੀ ਸਰ ਵਿਲੀਅਮ ਓਸਬੋਰਨ ਲਾਹੌਰ ਦਰਬਾਰ ਵਿਚ ਕਈ ਦਿਨ ਰਿਹਾ। ਉਹ ਆਪਣੀ ਡਾਇਰੀ ਵਿਚ ਇਕ ਥਾਂ ਲਿਖਦਾ ਹੈ, "ਸਾਨੂੰ ਚਾਹੀਦਾ ਹੈ ਕਿ ਮਹਾਰਾਜੇ ਦੀ ਮੌਤ ਪਿੱਛੋਂ ਝੱਟ ਹੀ ਇਕ ਵੱਡਾ ਲਸ਼ਕਰ ਲੈ ਕੇ ਪੰਜਾਬ ਨੂੰ ਆਪਣੇ ਪੇਟੇ ਪਾ ਲਈਏ। ਸਾਡੀ ਸਰਕਾਰ ਸਾਹਮਣੇ ਜਿਸ ਨੇ ਊਠ ਵਰਗੀਆਂ ਲੰਮੀਆਂ ਤੇ ਉੱਚੀਆਂ ਕਈ ਰਿਆਸਤਾਂ ਹਜ਼ਮ ਕਰ ਲਈਆਂ ਹਨ, ਪੰਜਾਬ ਵਰਗੀ ਨਿੱਕੀ ਜਿਹੀ ਰਿਆਸਤ ਕੀ ਹਸਤੀ ਰਖਦੀ ਹੈ।"[5]

ਉਸ ਸਮੇਂ ਦੇ ਗਵਰਨਰ ਜਨਰਲ ਦੀ ਲਿਖਤ ਇਸ ਗੱਲ ਦੀ ਗਵਾਹ ਹੈ ਕਿ ਪੰਜਾਬ ਉੱਤੇ ਕਬਜ਼ਾ ਕਰਨ ਦੀ ਅੰਗਰੇਜ਼ਾਂ ਦੀ ਚਾਹ ਸਭ ਨਿਆਂ ਤੇ ਇਨਸਾਫ਼ ਦੀਆਂ ਹੱਦਾਂ ਟੱਪ ਚੁੱਕੀ ਸੀ। ਉਸ ਨੇ ਪੁੱਛ ਭੇਜਿਆ ਕਿ ਪੰਜਾਬ ਵਿਰੁੱਧ ਮੁਹਿੰਮ, ਕਿਨ੍ਹਾਂ ਨਿਯਮਾਂ ਉੱਤੇ ਤੋਰੀ ਜਾਣੀ ਚਾਹੀਦੀ ਹੈ? ਇਸੇ ਚਿੱਠੀ-ਪੱਤਰ ਦੇ ਉੱਤਰ ਵਿਚ ਹੀ ਡਿਊਕ ਆਫ਼ ਵਿਲਿੰਗਟਨ ਨੇ ਸਲਾਹ ਦਿੱਤੀ ਸੀ ਕਿ ਸੱਠ ਜਾਂ ਸੱਤਰ ਵਿਸ਼ੇਸ਼ ਕਿਸਮ ਦੀਆਂ ਕਿਸ਼ਤੀਆਂ ਤਿਆਰ ਕਰਵਾਈਆਂ ਜਾਣ, ਜੋ ਲੋੜ ਪੈਣ ਉੱਤੇ ਸਤਲੁਜ ਦਰਿਆ ਉੱਤੇ ਪੁਲ ਬੰਨ੍ਹ ਕੇ, ਫ਼ੌਜ ਨੂੰ ਪੰਜਾਬ ਵਿਚ ਦਾਖ਼ਲ ਹੋ ਜਾਣ ਵਿਚ ਸਹਾਈ ਹੋਣ।[6]

ਮੁੱਕਦੀ ਗੱਲ ਇਹ ਹੈ ਕਿ ਅੰਗਰੇਜ਼ਾਂ ਨੇ ਪੂਰੀ ਕੁਟਿਲ ਨੀਤੀ ਵਰਤ ਕੇ ਪੰਜਾਬ ਉੱਤੇ ਕਬਜ਼ਾ ਕਰਨ ਦੀ ਸਕੀਮ ਤਿਆਰ ਕਰ ਲਈ ਹੋਈ ਸੀ। ਇਸ ਦਾ ਜ਼ੁੰਮੇਵਾਰ ਰਾਣੀ ਜਿੰਦਾਂ ਨੂੰ ਠਹਿਰਾਉਣਾ ਉਸ ਨਾਲ ਅਨਿਆਂ ਹੈ। ਅੰਗਰੇਜ਼ਾਂ ਨੇ ਤਾਂ ਇਸ ਕੂਟ-ਨੀਤੀ ਅਧੀਨ ਹੀ ਰਾਜਾ ਗੁਲਾਬ ਸਿੰਘ ਤੇ ਧਿਆਨ ਸਿੰਘ ਆਦਿ ਨੂੰ ਆਪਣੇ ਨਾਲ ਰਲਾਇਆ ਹੋਇਆ ਸੀ। ਵਾਸਤਵ ਵਿਚ, ਅੰਗਰੇਜ਼ ਪੰਜਾਬ ਉੱਤੇ ਕਬਜ਼ਾ ਕਰਨ ਲਈ ਉਤਾਵਲੇ ਸਨ। ਉਨ੍ਹਾਂ ਦੀ ਪਹਿਲਾਂ ਹੀ ਤਿਆਰੀ ਸੀ। ਸਰਹੱਦ ਵੀ ਉਨ੍ਹਾਂ ਨੇ ਪਹਿਲਾਂ ਆਪ ਪਾਰ ਕੀਤੀ। ਸਿੱਖ ਫ਼ੌਜਾਂ, ਜੋ ਆਪਹੁਦਰੀਆਂ ਹੋ ਚੁੱਕੀਆਂ ਸਨ ਤੇ ਅੰਗਰੇਜ਼ਾਂ ਦਾ ਪੰਜਾਬ ਵਿਚ ਆਉਣਾ ਪਸੰਦ ਨਹੀਂ ਕਰਦੀਆਂ ਸਨ, ਅੰਗਰੇਜ਼ਾਂ ਦੀ ਪਹਿਲ ਵੇਖ ਕੇ ਫਿਰੋਜ਼ਪੁਰ ਵੱਲ ਚਲ ਪਈਆਂ, ਲੜੀਆਂ ਬਹਾਦਰੀ ਨਾਲ, ਪਰ ਈਮਾਨਦਾਰ ਤੇ ਕਾਬਲ ਸੈਨਾਪਤੀਆਂ ਦੀ ਅਣਹੋਂਦ ਕਾਰਨ ਹਾਰ ਗਈਆਂ।[7]

ਸ਼ਾਹ ਮੁਹੰਮਦ ਦੇ ਰਾਣੀ ਜਿੰਦਾਂ ਉੱਤੇ ਲਾਏ ਜੰਗ ਆਰੰਭ ਕਰਨ ਦੇ ਦੋਸ਼ ਨੂੰ ਉਸ ਦੇ ਜੰਗਨਾਮੇ ਵਿਚਲੀ ਗਵਾਹੀ ਦੇ ਆਧਾਰ ਉੱਤੇ ਵੀ ਕੱਟਿਆ ਜਾ ਸਕਦਾ ਹੈ। ਕਵੀ ਲਿਖਦਾ ਹੈ।

ਲੰਦਨ ਕੰਪਨੀ ਸਾਹਿਬ ਕਿਤਾਬ ਡਿੱਠੀ,
ਇਨ੍ਹਾਂ ਲਾਟਾਂ ਵਿਚੋਂ ਕੌਣ ਲੜੇਗਾ ਜੀ।
ਟੁੰਡੇ ਲਾਟ ਨੇ ਚੁਕਿਆ ਆਣ ਬੀੜਾ,
ਹਮ ਸੀਖ ਸਿਉਂ ਜਾਇ ਕੇ ਲੜੇਗਾ ਜੀ।
ਘੰਟੇ ਤੀਨ ਮੇਂ ਜਾ ਲਾਹੌਰ ਮਾਰਾਂ,
ਇਸ ਬਾਤ ਮੇਂ ਫ਼ਰਕ ਨਾ ਪੜੇਗਾ ਜੀ।

ਸ਼ਾਹ ਮੁਹੰਮਦਾ ਫੱਗਣੋਂ ਤੇਰ੍ਹਵੀਂ ਨੂੰ,
ਹਮ ਸ਼ਹਿਰ ਲਾਹੌਰ ਵਿਚ ਵੜੇਗਾ ਜੀ। 49।

ਇਥੋਂ ਸਪਸ਼ਟ ਹੈ ਕਿ ਲਾਰਡ ਹਾਰਡਿੰਗ (ਟੁੰਡਾ ਲਾਟ) ਨੂੰ ਲੰਡਨ ਤੋਂ ਤੋਰਿਆ ਹੀ ਇਸ ਲਈ ਗਿਆ ਸੀ ਕਿ ਉਹ ਸਿੰਘਾਂ ਨਾਲ ਜੰਗ ਕਰਕੇ ਪੰਜਾਬ ਉੱਤੇ ਕਬਜ਼ਾ ਕਰੇ। ਲਾਰਡ ਹਾਰਡਿੰਗ ਜੁਲਾਈ, 1844 ਈ. ਵਿਚ ਭਾਰਤ ਪਹੁੰਚਿਆ, ਪਰ ਜਵਾਹਰ ਸਿੰਘ ਦਾ ਕਤਲ 21 ਸਤੰਬਰ, 1845 ਈ. ਨੂੰ ਹੋਇਆ। ਭਾਵ ਜਵਾਹਰ ਸਿੰਘ ਦੇ ਕਤਲ ਤੋਂ ਲਗਭਗ ਸਵਾ ਸਾਲ ਪਹਿਲਾਂ ਲਾਰਡ ਹਾਰਡਿੰਗ ਨੂੰ ਪੰਜਾਬ ਨਾਲ ਟੱਕਰ ਲੈਣ ਲਈ ਭੇਜਿਆ ਗਿਆ ਸੀ। ਸੋ ਇਸ ਤਰ੍ਹਾਂ ਕਵੀ ਦੀ ਇਸ ਗੱਲ ਦਾ ਖੰਡਨ ਹੋ ਜਾਂਦਾ ਹੈ ਕਿ ਰਾਣੀ ਜਿੰਦਾਂ ਦੇ ਆਪਣੇ ਭਰਾ ਦਾ ਬਦਲਾ ਲੈਣ ਜਾਂ ਅੰਗਰੇਜ਼ਾਂ ਨੂੰ ਉਕਸਾਣ ਕਰਕੇ ਜੰਗ ਸ਼ੁਰੂ ਹੋਇਆ ਸੀ।

ਡਾ. ਗੰਡਾ ਸਿੰਘ ਅਨੁਸਾਰ ਸ਼ਾਹ ਮੁਹੰਮਦ ਨੇ ਰਾਣੀ ਜਿੰਦਾਂ ਨਾਲ ਪੂਰਾ ਨਿਆਂ ਨਹੀਂ ਕੀਤਾ ਅਤੇ ਕੇਵਲ ਸੁਣੇ ਸੁਣਾਏ ਉੱਤੇ ਉਸ ਸਮੇਂ ਦੇ ਵਿਸ਼ੇਸ਼ ਹਿੱਤਾਂ ਖ਼ਾਸ ਕਰਕੇ ਸੰਬੰਧਿਤ ਵਿਅਕਤੀਆਂ ਵੱਲੋਂ ਫੈਲਾਈਆਂ ਗਈਆਂ ਅਫਵਾਹਾਂ ਨੂੰ ਹੀ ਆਪਣਾ ਆਧਾਰ ਬਣਾਇਆ।[8] ਹੋ ਸਕਦਾ ਹੈ ਕਿ ਸ਼ਾਹ ਮੁਹੰਮਦ ਦੀ ਇਸ ਰਚਨਾ ਨੂੰ ਲਿਖਣ ਸਮੇਂ ਤਕ ਉਹ ਤੱਥ ਪੂਰੀ ਤਰ੍ਹਾਂ ਨਿੱਤਰ ਕੇ ਸਾਹਮਣੇ ਨਾ ਆਏ ਹੋਣ, ਜਿੰਨ੍ਹਾਂ ਦਾ ਉਲੇਖ ਡਾ. ਗੰਡਾ ਸਿੰਘ ਨੇ ਕੀਤਾ ਹੈ। ਇਹ ਵੀ ਸੰਭਵ ਹੈ ਕਿ ਪ੍ਰਧਾਨ ਮੰਤਰੀ ਲਾਲ ਸਿੰਘ ਤੇ ਕਮਾਂਡਰ-ਇਨ-ਚੀਫ਼ ਤੇਜਾ ਸਿੰਘ ਦੋਹਾਂ ਨੇ ਆਪਣੀ ਗ਼ਦਾਰੀ ਨੂੰ ਛੁਪਾਉਣ ਲਈ ਰਾਣੀ ਜਿੰਦਾਂ ਸਿਰ ਇਹ ਦੋਸ਼ ਥੱਪ ਦਿੱਤੇ ਹੋਣ ਤੇ ਸ਼ਾਹ ਮੁਹੰਮਦ ਨੇ ਉਹ ਇੰਨ-ਬਿੰਨ ਅਪਣਾ ਲਏ ਹੋਣ। ਪਰ ਸਾਨੂੰ ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਸ਼ਾਹ ਮੁਹੰਮਦ ਇਤਿਹਾਸਕਾਰ ਹੋਣ ਦੇ ਨਾਲ-ਨਾਲ ਇਕ ਕਵੀ ਵੀ ਸੀ। ਕਵੀ ਆਪਣੀ ਕਲਪਨਾ ਦੀ ਕੁਠਾਲੀ ਵਿਚ ਕਈ ਇਤਿਹਾਸਿਕ ਤੱਥਾਂ ਨੂੰ ਮੁੜ ਸਿਰਜਦਾ ਤੇ ਸੁਰਜੀਤ ਕਰਦਾ ਹੈ। ਉਸ ਦੀਆਂ ਰਾਣੀ ਜਿੰਦਾਂ ਬਾਰੇ ਕੁਝ ਟਿੱਪਣੀਆਂ ਵਿਅੰਗ-ਭਰਪੂਰ ਅਵੱਸ਼ ਹਨ। ਉਦਾਹਰਣ ਵਜੋਂ ਸਿੱਖ ਫ਼ੌਜਾਂ ਦੇ ਪੰਚਾਂ ਵੱਲੋਂ ਜਵਾਹਰ ਸਿੰਘ ਦੇ ਕਤਲ ਸਮੇਂ ਉਸ ਨੂੰ ਵਿਅੰਗ ਭਰੇ ਮਿਹਣੇ ਮਾਰੇ ਗਏ ਸਨ :

ਕਿਹੜੇ ਪਾਤਸ਼ਾਹ ਦਾ ਪੁੱਤ ਮੋਇਆ ਸਾਥੋਂ,
ਜਿਹੜੇ ਡੁੱਘੜੇ ਵੈਣ ਤੂੰ ਪਾਵਣੀ ਹੈਂ।
ਸ਼ਾਹ ਮੁਹੰਮਦਾ ਦੇ ਇਨਾਮ ਸਾਨੂੰ,
ਸਾਡੇ ਜ਼ੋਰ ਤੇ ਰਾਜ ਕਮਾਵਣੀ ਹੈਂ। 43।

ਦੂਜੀ ਇਤਿਹਾਸਿਕ ਤਰੁੱਟੀ, ਇਸ ਜੰਗਨਾਮੇ ਵਿਚ ਸਿੱਖ ਸਰਦਾਰਾਂ, ਵਿਸ਼ੇਸ਼ ਕਰਕੇ ਮਿਸਰ ਲਾਲ ਸਿੰਘ ਦੀ ਗ਼ਦਾਰੀ ਦੇ ਪੱਖ ਤੋਂ ਹੈ। ਇਤਿਹਾਸ ਸਾਖੀ ਹੈ ਕਿ ਲਾਲ ਸਿੰਘ ਤੇ ਤੇਜਾ ਸਿੰਘ ਦੀਆਂ ਗ਼ਦਾਰੀਆਂ ਕਰਕੇ ਹੀ ਸਿੱਖਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਜੇਕਰ ਇਹ ਗ਼ਦਾਰੀ ਨਾ ਕਰਦੇ ਤਾਂ ਅੰਗਰੇਜ਼ ਬਿਨਾ ਸ਼ਰਤ ਹਥਿਆਰ ਸੁੱਟ ਗਏ ਹੁੰਦੇ।

ਸਤਲੁਜ ਦਰਿਆ ਦੇ ਕੰਢੇ, ਫਿਰੋਜ਼ਪੁਰ ਉੱਤੇ ਹੱਲਾ ਕਰਨ ਲਈ ਸਿੱਖ ਫ਼ੌਜਾਂ ਦੀ ਕੁਲ ਗਿਣਤੀ 18440 ਅਤੇ 60 ਤੋਪਾਂ ਸੀ।[9] ਇਸ ਸਮੇਂ ਫਿਰੋਜ਼ਪੁਰ ਉੱਤੇ ਕਬਜ਼ਾ ਕਰਨਾ ਔਖਾ ਨਹੀਂ ਸੀ ਪਰ ਲਾਲ ਸਿੰਘ ਇਹ ਕਰਨ ਨੂੰ ਤਿਆਰ ਨਹੀਂ ਸੀ। ਉਸ ਨੇ ਕਪਤਾਨ ਨਿਕਲਸਨ ਨੂੰ ਅਖਵਾ ਭੇਜਿਆ ਸੀ ਕਿ ਸਾਡਾ ਮੰਤਵ ਖ਼ਾਲਸਾ ਫ਼ੌਜਾਂ ਨੂੰ ਨਸ਼ਟ ਕਰਨਾ ਹੈ, ਤੁਹਾਡੇ ਉਪਰ ਜਿੱਤ ਪ੍ਰਾਪਤ ਕਰਨਾ ਨਹੀਂ।[10] ਲਾਲ ਸਿੰਘ ਨੇ ਖ਼ਾਲਸਾ ਫ਼ੌਜ ਨੂੰ ਲਾਰੇ ਲਾਏ ਅਤੇ ਕੁਝ ਫ਼ੌਜ ਨੂੰ ਫਿਰੋਜ਼ਪੁਰ ਸ਼ਹਿਰ ਛੱਡ ਕੇ ਮੁਦਕੀ ਤੋਂ ਫ਼ਿਰੋਜ਼ਪੁਰ ਆ ਰਹੇ ਗਵਰਨਰ ਜਨਰਲ ਨੂੰ ਫੜਨ ਦਾ ਉਤਸ਼ਾਹ ਦਿੱਤਾ। ਖ਼ਾਲਸਾ ਫ਼ੌਜ, ਕਪਟੀ ਚਾਲਾਂ ਵਿਚ ਆ ਗਈ ਅਤੇ ਇਸ ਤਰ੍ਹਾਂ ਫ਼ੌਜ ਤਿੰਨ ਭਾਗਾਂ ਵਿਚ ਵੰਡੀ ਗਈ। ਇਹ ਸੀ ਪ੍ਰਧਾਨ ਮੰਤਰੀ ਲਾਲ ਸਿੰਘ ਦੀ ਕੁਟਿਲ ਨੀਤੀ ਜਿਸ ਨੇ ਪੰਜਾਬ ਨੂੰ ਗੁਲਾਮ ਬਣਾਉਣ ਵਿਚ ਇਕ ਅਹਿਮ ਰੋਲ ਅਦਾ ਕੀਤਾ।[11] ਇਸ ਗ਼ਦਾਰੀ ਨੇ ਅੰਗਰੇਜ਼ਾਂ ਨੂੰ ਇਕ ਯਕੀਨੀ ਹਾਰ ਤੋਂ ਬਚਾ ਲਿਆ।

ਫੇਰੂ ਸ਼ਹਿਰ ਦੀ ਲੜਾਈ ਭਾਰਤ ਵਿਚ ਅੰਗਰੇਜ਼ੀ ਰਾਜ ਦੇ ਇਤਿਹਾਸ ਵਿਚ ਪਹਿਲਾ ਮੌਕਾ ਸੀ ਜਦੋਂ

ਅੰਗਰੇਜ਼ਾਂ ਨੇ ਜੰਗ ਦੇ ਮੈਦਾਨ ਵਿਚ ਬਿਨਾ ਕਿਸੇ ਦਾ ਸਾਹਮਣਾ ਕੀਤੇ ਅਤੇ ਬਿਨਾ ਕਿਸੇ ਸ਼ਰਤ ਹਥਿਆਰ ਸੁੱਟ ਦੇਣ ਦੀ ਤਿਆਰੀ ਕੀਤੀ ਹੋਵੇ।[12] ਪਰ ਸਿੱਖ ਫ਼ੌਜ ਦੇ ਨਮਕ-ਹਰਾਮੀ ਨਾਇਕ, ਖ਼ਾਲਸਾ ਫ਼ੌਜ ਨੂੰ ਮਰਵਾਉਣ ਤੇ ਤੁਲੇ ਹੋਏ ਸਨ। ਮਿਸਰ ਲਾਲ ਸਿੰਘ ਲੜਾਈ ਸ਼ੁਰੂ ਹੁੰਦਿਆਂ ਹੀ ਪਹਿਲਾਂ ਤਾਂ ਦੋ ਘੰਟੇ ਖਾਈ ਵਿਚ ਲੁਕਿਆ ਰਿਹਾ ਅਤੇ ਹਨੇਰਾ ਹੋਣ ਸਮੇਂ ਉਥੋਂ ਨਠ ਗਿਆ।[13] ਅੰਗਰੇਜ਼ ਢੇਰੀ ਢਾਹ ਚੁੱਕੇ ਸਨ, ਇਥੋਂ ਤਕ ਕਿ 22 ਦਸੰਬਰ 1845 ਦੀ ਸਵੇਰ ਤਕ ਕਈ ਪਲਟਨਾਂ ਦਿਲ ਹਾਰ ਕੇ ਫ਼ਿਰੋਜ਼ਪੁਰ ਵੱਲ ਤੁਰ ਵੀ ਚੁੱਕੀਆਂ ਸਨ।[14] ਪਰ ਜਦ ਅੰਗਰੇਜ਼ਾਂ ਨੂੰ ਪਤਾ ਲੱਗਾ ਕਿ ਤੇਜਾ ਸਿੰਘ ਵੀ ਉਨ੍ਹਾਂ ਦਾ ਆਦਮੀ ਹੀ ਹੈ ਤਾਂ ਸਵੇਰ ਸਾਰ ਹੀ ਉਨ੍ਹਾਂ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਤੇਜਾ ਸਿੰਘ ਨੇ ਕੇਵਲ ਇਕ ਵਾਰ ਤੋਪ ਚਲਾਉਣ ਦਾ ਹੁਕਮ ਦਿੱਤਾ ਅਤੇ ਇਕ ਵਜੇ ਭੇਤ ਭਰੇ ਢੰਗ ਨਾਲ ਉਹ ਮੈਦਾਨ ਵਿਚੋਂ ਨੱਠ ਉਠਿਆ।[15] ਜੇ ਇਸ ਸਮੇਂ ਸਿੱਖ ਫ਼ੌਜ ਦੇ ਨਾਇਕ ਗ਼ਦਾਰੀ ਨਾ ਕਰਦੇ, ਤਾਂ ਜਿੱਤ ਨਿਰਸੰਦੇਹ ਖ਼ਾਲਸੇ ਦੀ ਹੁੰਦੀ।

ਸੱਭਰਾਵਾਂ ਦੀ ਲੜਾਈ ਸਮੇਂ ਸਿੰਘ ਮਰਨ-ਮਾਰਨ ਨੂੰ ਤਿਆਰ ਸਨ, ਜਦੋਂ ਉਨ੍ਹਾਂ ਦੇ ਕਮਾਨ ਅਫ਼ਸਰ ਲਾਲ ਸਿੰਘ ਨੇ ਆਪਣੀ ਫ਼ੌਜ ਦਾ ਨਕਸ਼ਾ ਪਹਿਲਾਂ ਹੀ ਅੰਗਰੇਜ਼ਾਂ ਪਾਸ ਪਹੁੰਚਾ ਦਿੱਤਾ।[16] 10 ਫਰਵਰੀ 1846 ਨੂੰ ਅੰਗਰੇਜ਼ਾਂ ਨੇ ਹੱਲਾ ਬੋਲ ਦਿੱਤਾ। ਜਦੋਂ ਘਮਸਾਨ ਦੀ ਲੜਾਈ ਹੋ ਰਹੀ ਸੀ ਤਾਂ ਤੇਜਾ ਸਿੰਘ ਤੇ ਲਾਲ ਸਿੰਘ ਮੈਦਾਨ ਵਿਚੋਂ ਭੱਜ ਨਿਕਲੇ। ਸ਼ਾਮ ਸਿੰਘ ਅਟਾਰੀ ਨੇ ਅੰਗਰੇਜ਼ਾਂ ਦੇ ਆਹੂ ਲਾਹ ਸੁੱਟੇ ਅਤੇ ਅੰਤ ਇਹ ਬਹਾਦਰ ਸਪੂਤ ਪੰਜਾਬ ਦੀ ਬਹਾਦਰੀ ਦੀ ਰੱਖਿਆ ਕਰਦਾ ਆਪਣੀ ਜਾਨ ਦੀ ਆਹੂਤੀ ਦੇ ਗਿਆ।[17] ਤੇਜਾ ਸਿੰਘ ਨੇ ਸਤਲੁਜ ਪਾਰ ਕਰਕੇ, ਤੋਪਾਂ ਸਿੰਘ ਵੱਲ ਗੱਡ ਕੇ ਕਿਸ਼ਤੀਆਂ ਦਾ ਪੁਲ ਤੁੜਵਾ ਦਿੱਤਾ ਤਾਂ ਜੋ ਇਕ ਵੀ ਸਿੰਘ ਬਚ ਕੇ ਵਾਪਸ ਨਾ ਆ ਜਾਵੇ। ਇਸ ਤਰ੍ਹਾਂ ਤੇਜਾ ਸਿੰਘ ਨੇ ਆਪਣੀ ਗ਼ਦਾਰੀ ਦਾ ਪਿਆਲਾ ਮੈਦਾਨ ਵਿਚੋਂ ਭੱਜ ਕੇ ਅਤੇ ਪੁਲ ਦੀ ਵਿਚਕਾਰਲੀ ਬੇੜੀ ਡੋਬ ਕੇ ਭਰ ਦਿੱਤਾ।[18] ਗ਼ਦਾਰੀ ਦੀ ਅਜਿਹੀ ਮਿਸਾਲ ਸੰਸਾਰ ਭਰ ਦੇ ਇਤਿਹਾਸ ਵਿਚ ਸ਼ਾਇਦ ਹੀ ਮਿਲਦੀ ਹੋਵੇ। ਪਰੰਤੂ ਸਿੰਘ ਸਿਪਾਹੀ ਫਿਰ ਵੀ ਜਾਨ ਹੂਲਕੇ ਲੜਦੇ ਰਹੇ। ਪਿਛਾਂਹ ਮੁੜਨ ਉੱਤੇ ਦਰਿਆ ਦੇ ਹਵਾਲੇ ਹੋ ਗਏ ਅਤੇ ਜ਼ਾਲਮ ਅੰਗਰੇਜ਼ ਨੇ ਡੁਬਦੇ ਵੈਰੀਆਂ ਉੱਤੇ ਵੀ ਤੋਪਾਂ ਚਲਾਣੋਂ ਘੱਟ ਨਾ ਕੀਤੀ। ਅੰਗਰੇਜ਼ ਫ਼ੌਜਾਂ ਦਾ ਕਮਾਂਡਰ-ਇਨ-ਚੀਫ਼ ਲਾਰਡ ਗੱਫ ਲਿਖਦਾ ਹੈ ਕਿ "ਜੇ ਇਸ ਮੌਕੇ ਤੇ ਮੈਨੂੰ ਸੱਚੇ ਦਿਲੋਂ ਇਹ ਵਿਸ਼ਵਾਸ ਨਾ ਹੁੰਦਾ ਜਾਂ ਮੇਰੇ ਅੰਦਰ ਇਹ ਵਲਵਲਾ ਨਾ ਹੁੰਦਾ ਕਿ ਮੇਰੀ ਕੌਮ ਅਤੇ ਮੇਰੇ ਦੇਸ਼ ਦੀ ਭਲਾਈ ਲਈ ਇਹ ਜ਼ਰੂਰੀ ਹੈ ਕਿ ਖ਼ਾਲਸਾ ਫ਼ੌਜ ਖ਼ਤਮ ਹੋ ਜਾਵੇ, ਮੈਂ ਸੱਚ ਕਹਿੰਦਾ ਹਾਂ ਕਿ ਇਸ ਪ੍ਰਕਾਰ ਦਾ ਜ਼ੁਲਮ ਭਰਪੂਰ ਅਤੇ ਨਿਰਦੈਤਾ ਭਰਿਆ ਕਤਲ ਜੋ ਡੁਬਦੇ ਹੋਏ ਸਿੱਖਾਂ ਦਾ ਕੀਤਾ ਗਿਆ, ਉਸ ਨੂੰ ਵੇਖ ਕੇ ਦਿਲ ਖੋਲ੍ਹ ਕੇ ਰੋਂਦਾ। ਮੇਰਾ ਅਹੁਦਾ ਅਤੇ ਮੇਰੀ ਪਦਵੀ ਇਸ ਗੱਲੋਂ ਵਰਜਦੇ ਹਨ ਕਿ ਮੈਂ ਸਿੱਖ ਫ਼ੌਜ ਦੀ ਉਸ ਸ਼ਾਨਦਾਰ ਬਹਾਦਰੀ, ਹੁਸ਼ਿਆਰੀ ਅਤੇ ਸ਼ਰਧਾ ਦਾ ਆਪਣੀਆਂ ਲਿਖਤਾਂ ਵਿਚ ਜ਼ਿਕਰ ਕਰਦਾ, ਜਿਸ ਨਾਲ ਉਨ੍ਹਾਂ ਨੇ ਸਾਡੀ ਫ਼ੌਜ ਦਾ ਮੁਕਾਬਲਾ ਕੀਤਾ ਜਾਂ ਉਨ੍ਹਾਂ ਦੀ ਸ਼ਖਸੀ ਬਹਾਦਰੀ ਨੂੰ ਵਰਣਨ ਕਰਦਾ ਜੋ ਉਨ੍ਹਾਂ ਦੇ ਕੁਝ ਕੁ ਸਿਪਾਹੀਆਂ ਅਤੇ ਸਰਦਾਰਾਂ ਨੇ ਇਨ੍ਹਾਂ ਮੌਕਿਆਂ ਉੱਤੇ ਵਿਖਾਈਆਂ ਸਨ। ਇਸ ਸਮੇਂ ਜੇ ਸਿੱਖਾਂ ਦੇ ਆਗੂ ਗ਼ਦਾਰ ਅਤੇ ਧੋਖੇਬਾਜ਼ ਸਾਬਤ ਨਾ ਹੁੰਦੇ ਤਾਂ ਮੈਨੂੰ ਵਿਸ਼ਵਾਸ ਹੈ ਕਿ ਪੰਜਾਬ ਦੇ ਜੰਗਾਂ ਦਾ ਸਿੱਟਾ ਕੁਝ ਹੋਰ ਹੀ ਹੁੰਦਾ।"[19]

ਇੰਨਾਂ ਕੁਝ ਹੋਣ ਦੇ ਬਾਵਜੂਦ ਵੀ ਸਾਡਾ ਕਵੀ ਸ਼ਾਹ ਮੁਹੰਮਦ ਮਿਸਰ ਲਾਲ ਸਿੰਘ ਦੀ ਗ਼ਦਾਰੀ ਬਾਰੇ ਚੁਪ ਹੈ। ਇਥੋਂ ਤਕ ਕਿ ਸਾਰੇ ਜੰਗਨਾਮੇ ਵਿਚ ਉਸ ਦਾ ਨਾਂ ਤਕ ਵੀ ਨਹੀਂ ਆਉਂਦਾ। ਸ਼ਾਹ ਮੁਹੰਮਦ ਦਾ ਸਮਕਾਲੀ ਕਵੀ ਮਟਕ ਇਨ੍ਹਾਂ ਦੋਹਾਂ ਨਾਇਕਾਂ ਦੀ ਆਪਣੇ ਕਿੱਸੇ ਵਿਚ ਚੰਗੀ ਭੰਡੀ ਕਰਦਾ ਹੈ।[20] ਤੇਜਾ ਸਿੰਘ ਦੀ ਗ਼ਦਾਰੀ ਸੰਬੰਧੀ ਸ਼ਾਹ ਮੁਹੰਮਦ ਨੇ ਕੁਝ ਸੰਕੇਤ ਦਿੱਤਾ ਹੈ :

ਤੇਜਾ ਸਿੰਘ ਸਰਦਾਰ ਪੁਲ ਵੱਢ ਦਿੱਤਾ,
ਘਰੀ ਨੱਸ ਨਾ ਜਾਇ ਇਹ ਫ਼ੌਜ ਸਾਰੀ।
ਸ਼ਾਹ ਮੁਹੰਮਦਾ ਮਰਨ ਸ਼ਹੀਦ ਹੋਕੇ,
ਅਤੇ ਜਾਨ ਨਾ ਕਰਨਗੇ ਫੇਰ ਪਿਆਰੀ। 91।

ਉਪਰੋਕਤ ਬੰਦ ਵਿਚ ਜਿਥੋਂ ਪਹਿਲੀਆਂ ਦੋ ਸੱਤਰਾਂ ਵਿਚ ਗ਼ਦਾਰੀ ਦਾ ਸੰਕੇਤ ਹੈ, ਉਥੇ ਅਗਲੀਆਂ ਦੋ ਸੱਤਰਾਂ ਵਿਚ ਦੇਸ਼ ਭਗਤੀ ਦਾ ਪ੍ਰਭਾਵ ਪਾਉਣ ਦਾ ਯਤਨ ਹੈ। ਭਾਵ ਕਵੀ ਨੇ ਖੁਲ੍ਹੀ ਲਾਹਨਤ ਪਾਉਣ ਤੋਂ ਪਤਾ ਨਹੀਂ ਕਿਉਂ ਸੰਕੋਚ ਕੀਤਾ ਹੈ? ਭਾਵੇਂ ਪਹਾੜਾ ਸਿੰਘ ਤੇ ਗੁਲਾਬ ਸਿੰਘ ਦੀ ਅੰਗਰੇਜ਼ਾਂ ਨਾਲ ਯਾਰੀ ਨੂੰ ਸ਼ਾਹ ਮੁਹੰਮਦ ਸੰਕੇਤਿਕ ਰੂਪ ਵਿਚ ਕ੍ਰਮਵਾਰ ਬੰਦ ਨੰ. 75 ਅਤੇ 97 ਵਿਚ ਬਿਆਨ ਕਰਦਾ ਹੈ ਪਰੰਤੂ ਦੇਸ਼ ਦੇ ਮਹਾਨ ਘਾਤਕ ਲਾਲ ਸਿੰਘ ਦਾ ਕਿਤੇ ਨਾਂ ਨਹੀਂ ਲੈਂਦਾ। ਇਸ ਵਿਚ ਕੀ ਰਾਜ ਸੀ?

ਕਈ ਵਿਦਵਾਨ ਦਾ ਵਿਚਾਰ ਹੈ ਕਿ ਸੰਭਵ ਹੈ, ਲਾਲ ਸਿੰਘ ਦੀ ਗ਼ਦਾਰੀ ਇਸ ਜੰਗਨਾਮੇ ਦੇ ਰਚਨਾ-ਕਾਲ ਵਿਚ ਛੁਪੀ ਰਹੀ ਹੋਵੇ ਪਰ ਇਹ ਗੱਲ ਵੀ ਠੀਕ ਨਹੀਂ ਪ੍ਰਤੀਤ ਹੁੰਦੀ। ਲਾਲ ਸਿੰਘ ਦੀ ਗ਼ਦਾਰੀ ਤਾਂ ਸੱਭਰਾਉਂ ਦੇ ਜੰਗ ਤੋਂ ਵੀ ਪਹਿਲਾਂ ਪ੍ਰਗਟ ਹੋ ਚੁੱਕੀ ਸੀ। ਦੂਜੀ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਸ਼ਾਇਦ ਸ਼ਾਹ ਮੁਹੰਮਦ ਡੋਗਰਿਆਂ ਦਾ ਪੱਖੀ ਹੀ ਹੋਵੇ। ਪ੍ਰੋ. ਸੀਤਾ ਰਾਮ ਕੋਹਲੀ ਦਾ ਵਿਚਾਰ ਹੈ ਕਿ ਕਵੀ, ਲਾਲ ਸਿੰਘ ਵਰਗੇ ਪਾਪੀ ਦਾ ਨਾਂ ਤਕ ਵੀ ਨਹੀਂ ਸੀ ਲੈਣਾ ਚਾਹੁੰਦਾ।[21] ਪਰੰਤੂ ਸਾਡਾ ਮਤ ਇਹ ਹੈ ਕਿ ਇਹ ਜੰਗਨਾਮਾ ਡੋਗਰੇ ਤੇ ਮਿਸਰ ਭਰਾਵਾਂ ਦੇ ਡਰ ਅਧੀਨ ਹੀ ਰਚਿਆ ਗਿਆ ਹੈ, ਨਹੀਂ ਤਾਂ ਇਤਨੀ ਵੱਡੀ ਭੁੱਲ ਕਵੀ ਕਰ ਨਹੀਂ ਸੀ ਸਕਦਾ। ਮਿਸਰ ਭਰਾ ਇਹ ਨਹੀਂ ਸੀ ਚਾਹੁੰਦੇ ਕਿ ਉਨ੍ਹਾਂ ਨੂੰ ਬਦਨਾਮ ਕੀਤਾ ਜਾਵੇ। ਇਸੇ ਕਰਕੇ ਉਹ ਰਾਣੀ ਜ਼ਿੰਦਾਂ ਦਾ ਨਾਂ ਬਦਨਾਮ ਕਰਦੇ ਰਹੇ ਅਤੇ ਆਪ ਪਾਸੇ ਹੋ ਗਏ।

ਕੁਝ ਵੀ ਹੋਵੇ, ਸ਼ਾਹ ਮੁਹੰਮਦ ਦੀਆਂ ਇਹ ਉਕਾਈਆਂ ਜਾਂ ਇਤਿਹਾਸਿਕ ਤਰੁੱਟੀਆਂ ਉਸ ਦੇ ਇਤਿਹਾਸ ਪ੍ਰਤੀ ਅਪਣਾਏ ਗਏ ਸਮੁੱਚੇ ਦ੍ਰਿਸ਼ਟੀਕੋਣ ਉੱਤੇ ਹਾਵੀ ਨਹੀਂ ਹੁੰਦੀਆਂ ਅਤੇ ਨਾ ਹੀ ਉਸ ਦੀ ਦੇਸ਼ ਭਗਤੀ ਦੀ ਭਾਵਨਾ ਉੱਤੇ ਕੋਈ ਖ਼ਾਸ ਸੱਟ ਮਾਰਦੀਆਂ ਹਨ। ਹਾਂ, ਜੰਗਨਾਮੇ ਦੀ ਮਹੱਤਾ ਨੂੰ ਘਟਾਉਂਦੀਆਂ ਜ਼ਰੂਰ ਹਨ। ਪਰੰਤੂ ਫਿਰ ਵੀ ਸ਼ਾਹ ਮੁਹੰਮਦ ਦਾ ਇਹ ਜੰਗਨਾਮਾ ਪੰਜਾਬ ਦੇ ਇਤਿਹਾਸ, ਵਿਸ਼ੇਸ਼ ਕਰਕੇ ਸਿੱਖਾਂ ਦੇ ਇਤਿਹਾਸ ਲਈ ਇਕ ਅਮੋਲਕ ਵਸਤੂ ਸਿੱਧ ਹੁੰਦਾ ਹੈ। ਕਵੀ ਦਾ ਸਮੁੱਚਾ ਵਰਣਨ ਇਤਿਹਾਸ ਦੇ ਵਾਸਤਵਿਕ ਚਿੱਤਰ ਨੂੰ ਪੇਸ਼ ਕਰਦਾ ਹੈ ਅਤੇ ਨਿੱਕੇ-ਨਿੱਕੇ ਵੇਰਵੇ ਦੇਣ ਵਿਚ ਉਹ ਇੰਨਾਂ ਨਿਪੁੰਨ ਹੈ ਕਿ ਇਕ ਇਤਿਹਾਸਿਕ ਕਵੀ ਹੋਣ ਦੇ ਨਾਤੇ ਉਸ ਦਾ ਗੌਰਵ ਸਦਾ ਸਥਿਰ ਹੈ, ਸਗੋਂ ਉਸ ਦੇ ਇਤਿਹਾਸਿਕ ਤੱਥਾਂ ਦੇ ਵਰਣਨ ਵਿਚ ਉਸ ਦੀ ਸ਼ੈਲੀ ਪ੍ਰਮਾਣਿਕ ਤੇ ਸੰਪੂਰਨ ਹੈ।

ਪੈਰ-ਟਿੱਪਣੀਆਂ

1. ਪ੍ਰੋ. ਸੀਤਾ ਰਾਮ ਕੋਹਲੀ, *ਵਾਰ ਸ਼ਾਹ ਮੁਹੰਮਦ*, ਪੰਨੇ 64-65
2. ampbell, *Memoirs*, p. 76
3. Dr. M'Groger, *History of the Sikhs*, Vol. I, p. 263
   . ਸੀਤਾ ਰਾਮ ਕੋਹਲੀ–*ਵਾਰ ਸ਼ਾਹ ਮੁਹੰਮਦ*, ਪੰਨਾ 64
   ਡਾ. ਗੰਡਾ ਸਿੰਘ, *ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ*, ਪੰਨਾ 36
   Cunningham–*A History of the Sikhs*, p. 227
5. ਹਵਾਲਾ, ਪ੍ਰੋ. ਸੀਤਾ ਰਾਮ ਕੋਹਲੀ, *ਵਾਰ ਸ਼ਾਹ ਮੁਹੰਮਦ*, ਪੰਨਾ 64
6. ਹਵਾਲਾ ਉਹੀ, ਪੰਨਾ 65
7. ਡਾ. ਗੰਡਾ ਸਿੰਘ, ਸ. ਸ਼ਾਮ ਸਿੰਘ ਅਟਾਰੀਵਾਲਾ; *William Osborne, Court and Camp of Ranjit Singh.*
8. *ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ*
9. ਖ਼ਾਲਸਾ ਦਰਬਾਰ ਰੀਕਾਰਡ, ਜਿਲਦ ਪਹਿਲੀ, ਪੰਨਾ 87 ਤੋਂ 91
10. *Punjab Chiefs*, p. 358
11. John Ludlow, *British India*, p. 142
12. ਡਾ. ਗੰਡਾ ਸਿੰਘ, *ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ*, ਪੰਨਾ 15-16

13. Griffin, *Punjab Chiefs,* p. 358-59
14. ਹਵਾਲਾ, ਪ੍ਰੋ.ਸੀਤਾ ਰਾਮ ਕੋਹਲੀ, *ਵਾਰ ਸ਼ਾਹ ਮੁਹੰਮਦ,* ਪੰਨਾ 76
    (ਅੰਗਰੇਜ਼ ਇਤਿਹਾਸਕਾਰ ਕੈਪਟਨ ਹੰਬਲੇ ਦਾ ਹਵਾਲਾ ਦਿੰਦਾ ਹੈ)
15. *ਉਹੀ*
16. Cunningham, *A History of the Sikhs,* p. 310-313
    Sir Lepel Griffin, *Punjab Chiefs,* p. 360
17. Adans, *Episodes of Anglo-Indian History,*
    ਹਵਾਲਾ–ਡਾ. ਗੰਡਾ ਸਿੰਘ, *ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ,* ਪੰਨਾ 127-28
18. ਵਿਸਤਾਰ ਲਈ ਵੇਖੋ–ਐਮ.ਐਲ. ਆਹਲੂਵਾਲੀਆ ਅਤੇ ਡਾ. ਕਿਰਪਾਲ ਸਿੰਘ, *ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀਏ,* ਪੰਨਾ 41 ਤੋਂ 46
19. ਕਮਾਂਡਰ-ਇਨ-ਚੀਫ ਲਾਰਡ ਗੱਫ ਵੱਲੋਂ ਲਿਖੀ ਗਈ ਚਿੱਠੀ ਵਿਚੋਂ, ਜੋ ਉਸ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਰਾਬਰਟ ਪੀਲ ਨੂੰ ਲਿਖੀ।
    ਹਵਾਲਾ : ਪ੍ਰੋ. ਸੀਤਾ ਰਾਮ ਕੋਹਲੀ : *ਵਾਰ ਸ਼ਾਹ ਮੁਹੰਮਦ,* ਪੰਨਾ 86
20. ਲਾਲੂ ਦੀ ਲਾਲੀ ਗਈ, ਤੇਜੂ ਦਾ ਗਿਆ ਤੇਜ,
    ਰਣਿ ਵਿਚ ਪਿਠ ਦਿਖਾਇ ਕੇ ਮੋਢਾ ਆਏ ਫੇਰ।
    'ਜੰਗ ਸਿੰਘਾਂ ਤੇ ਫਰੰਗੀਆਂ' ਕ੍ਰਿਤ ਮਟਕ, ਪੰਨਾ 290
    ਇਹੀ ਕਵੀ ਇਨ੍ਹਾਂ ਨੂੰ 'ਗੀਦੀ' ਤੇ 'ਮੂਜ਼ੀ' ਆਦਿ ਵਿਸ਼ਲੇਸ਼ਣਾਂ ਨਾਲ ਸੰਬੋਧਨ ਕਰਦਾ ਹੈ।
21. ਪ੍ਰੋ. ਸੀਤਾ ਰਾਮ ਕੋਹਲੀ, *ਵਾਰ ਸ਼ਾਹ ਮੁਹੰਮਦ,* ਪੰਨਾ 102

ਸ਼ਾਹ ਮੁਹੰਮਦ ਕ੍ਰਿਤ 'ਜੰਗਨਾਮਾ'

ਡਾ. ਪ੍ਰੀਤਮ ਸੈਨੀ

'ਜੰਗਨਾਮਾ ਸ਼ਾਹ ਮੁਹੰਮਦ' ਪੰਜਾਬੀ ਵੀਰ ਕਾਵਿ ਦਾ ਇਕ ਅਮੁੱਲਵਾਂ ਰਤਨ ਹੈ। ਚਾਰ-ਤੁਕੇ 105 ਬੰਦਾਂ ਵਿਚ ਰਚੀ ਗਈ ਇਸ ਲਘੂ-ਆਕਾਰੀ ਕਿਰਤ ਦਾ ਇਤਿਹਾਸਿਕ ਅਤੇ ਸਾਹਿੱਤਿਕ ਜਗਤ ਵਿਚ ਬੜਾ ਮਹੱਤਵ ਹੈ। ਫ਼ਾਰਸੀ ਵਿਚ ਇਤਿਹਾਸ ਨੂੰ 'ਆਈਨਾ-ਏ-ਮਾਜ਼ੀ-ਓ-ਦਰਸੇ-ਹਾਲ' (ਭੂਤਕਾਲ ਦਾ ਦਰਪਣ ਤੇ ਵਰਤਮਾਨ ਲਈ ਸਿੱਖਿਆ) ਆਖਿਆ ਜਾਂਦਾ ਹੈ। ਇਸ ਸ਼ਰਤ ਨੂੰ 'ਜੰਗਨਾਮਾ ਸ਼ਾਹ ਮੁਹੰਮਦ' ਸਹੀ ਤੌਰ ਉੱਤੇ ਪੂਰਾ ਕਰਦਾ ਹੈ। ਉਹ ਮਹਾਰਾਜਾ ਰਣਜੀਤ ਸਿੰਘ ਕਾਲ ਦੀਆਂ ਸਜੀਵ ਝਾਕੀਆਂ ਹੀ ਪੇਸ਼ ਨਹੀਂ ਕਰਦਾ ਸਗੋਂ ਉਨ੍ਹਾਂ ਗੱਲਾਂ (ਆਪਸੀ ਫੁੱਟ ਆਦਿ) ਉੱਤੇ ਚਾਨਣਾ ਵੀ ਪਾਉਂਦਾ ਹੈ, ਜਿਨ੍ਹਾਂ ਦੇ ਕਾਰਨ ਪੰਜਾਬ ਦੇ ਸਾਂਝੇ ਰਾਜ ਅਤੇ ਸਾਂਝੀ ਕੌਮੀਅਤ ਨੂੰ ਢਾਹ ਲੱਗੀ।

ਪੁਰਾਣੇ ਸਮਿਆਂ ਵਿਚ ਇਤਿਹਾਸ ਅਤੇ ਸਾਹਿੱਤ ਆਪੋ ਵਿਚ ਇਸ ਤਰ੍ਹਾਂ ਮਿਸ਼੍ਰਿਤ ਸਨ ਕਿ ਇਕ ਦੂਜੇ ਦਾ ਨਿਖੇੜ ਕਰਨਾ ਬੜਾ ਕਠਿਨ ਸੀ। ਕਲ੍ਹਣ ਦਾ 'ਰਾਜ ਤਰੰਗਣੀ', ਕਸ਼ਮੀਰ ਦਾ ਕਵਿਤਾ ਵਿਚ ਲਿਖਿਆ ਪੁਰਾਤਨ ਇਤਿਹਾਸ ਹੈ। ਇਸੇ ਤਰ੍ਹਾਂ ਹੋਮਰ ਦਾ 'ਈਲੀਅਡ' (Iliad), ਫ਼ਿਰਦੌਸੀ ਦਾ 'ਸ਼ਾਹਨਾਮਾ' ਅਤੇ ਸੰਸਕ੍ਰਿਤ ਦੇ 'ਮਹਾਭਾਰਤ' ਅਤੇ 'ਰਾਮਾਇਣ' ਆਦਿਕ ਗ੍ਰੰਥ ਸਾਹਿੱਤਿਕ ਵੀ ਹਨ ਤੇ ਇਤਿਹਾਸਿਕ ਵੀ। ਇਹ ਗ੍ਰੰਥ ਕ੍ਰਮਵਾਰ ਯੂਨਾਨ, ਈਰਾਨ ਤੇ ਭਾਰਤ ਦੇ ਇਤਿਹਾਸ ਦੇ ਪੁਰਾਤਨ ਪੜਾਵਾਂ ਨੂੰ ਚਿਤਰਦੇ ਹਨ। ਇਹ ਹੋਰ ਗੱਲ ਹੈ ਕਿ ਇਨ੍ਹਾਂ ਵਿਚ ਪਾਏ ਜਾਣ ਵਾਲੇ ਪਰਾਸ਼ਰੀਰਕ ਅੰਸ਼ਾਂ ਨੇ ਇਨ੍ਹਾਂ ਨੂੰ ਸ਼ੁੱਧ ਇਤਿਹਾਸਿਕ ਨਹੀਂ ਸ਼ਗੋਂ ਅਰਧ-ਇਤਿਹਾਸਿਕ ਬਣਾ ਦਿੱਤਾ ਹੈ। ਪਰੰਤੂ 'ਜੰਗਨਾਮਾ ਸ਼ਾਹ ਮੁਹੰਮਦ' ਵਿਚ ਪਰਾਸ਼ਰੀਰਕ ਅੰਸ਼ ਨਾਮ ਮਾਤਰ ਹੀ ਹੈ। ਇਸ ਲਈ ਇਹ ਕਿਰਤ ਇਤਿਹਾਸਿਕ ਪੱਖੋਂ ਬੜੀ ਭਰੋਸੇ-ਯੋਗ ਹੈ। ਇਹੀ ਕਾਰਨ ਹੈ ਕਿ ਡਾ. ਬਖ਼ਸ਼ੀਸ਼ ਸਿੰਘ ਨਿੱਜਰ ਹੋਰਾਂ ਨੇ ਆਪਣੀ ਅੰਗਰੇਜ਼ੀ ਪੁਸਤਕ 'Anglo-Sikh War' ਲਈ ਇਸ ਜੰਗਨਾਮੇ ਨੂੰ ਆਧਾਰ ਬਣਾਇਆ ਹੈ। ਸ਼ਾਹ ਮੁਹੰਮਦ ਨੇ ਕਿਤੇ-ਕਿਤੇ ਆਪਣੀ ਕਲਪਨਾ ਤੋਂ ਕੰਮ ਜ਼ਰੂਰ ਲਿਆ ਹੈ, ਪਰੰਤੂ ਅਜਿਹਾ ਕਰਨ ਨਾਲ ਉਸ ਨੇ ਆਪਣੀ ਕਿਰਤ ਨੂੰ ਅਜਿਹੇ ਸਾਹਿੱਤਿਕ ਰੂਪ ਵਿਚ ਪੇਸ਼ ਕੀਤਾ ਹੈ ਕਿ ਸੋਨੇ ਉੱਤੇ ਸੁਹਾਗੇ ਵਾਲੀ ਗੱਲ ਹੋ ਗਈ ਹੈ।

ਅਸਲ ਵਿਚ, ਸ਼ਾਹ ਮੁਹੰਮਦ ਨੇ ਕਿਸੇ ਇਤਿਹਾਸਿਕ ਸਾਮਗ੍ਰੀ ਦੀ ਵਰਤੋਂ ਨਹੀਂ ਕੀਤੀ। ਉਸਨੇ ਤਾਂ ਆਪਣੀ ਅੱਖੀਂ ਡਿੱਠੀਆਂ ਤੇ ਕੰਨੀਂ ਸੁਣੀਆਂ ਘਟਨਾਵਾਂ ਨੂੰ ਚਿਤਰਿਆ ਹੈ। ਪਰੰਤੂ ਅੱਜ ਇਕ ਸਦੀ ਤੋਂ ਵੱਧ ਸਮਾਂ ਬੀਤ ਜਾਣ ਕਾਰਨ ਉਹ ਘਟਨਾਵਾਂ ਇਤਿਹਾਸਿਕ ਅਖਵਾਉਂਦੀਆਂ ਹਨ। ਇਸ ਕਾਲ ਦੇ ਇਤਿਹਾਸ ਨੂੰ ਅੰਗਰੇਜ਼ੀ ਵਿਚ ਲਿਖਣ ਵਾਲੇ ਉੱਘੇ ਲਿਖਾਰੀ ਕਨਿੰਘਮ (Cunningham), ਗਾਰਡਨਰ (Gardner), ਸਮਿੱਥ (Smyth) ਹੋਏ ਹਨ। ਫ਼ਾਰਸੀ ਵਿਚ ਸੋਹਨ ਲਾਲ ਸੂਰੀ ਦਾ ਇਤਿਹਾਸ 'ਉਮਦਾਤੁਤ-ਤਵਾਰੀਖ਼' (ਦਫ਼ਤਰ ਚੌਥਾ) ਵੀ ਬੜਾ ਵਿਸਤਾਰਪੂਰਨ ਹੈ ਪਰੰਤੂ ਸ਼ਾਹ ਮੁਹੰਮਦ ਨੇ ਜੰਗਨਾਮੇ ਦੀਆਂ ਕੁੱਝ ਤੁਕਾਂ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਦਾ ਪਾਤਰ ਜਿਸ ਪ੍ਰਭਾਵਸ਼ਾਲੀ ਢੰਗ ਨਾਲ ਉਭਾਰਿਆ ਹੈ ਉਸ ਤਰ੍ਹਾਂ ਉਪਰੋਕਤ ਇਤਿਹਾਸ ਦੀਆਂ ਪੁਸਤਕਾਂ ਵਿਚ ਨਹੀਂ ਉਭਰਿਆ। ਸ਼ਾਹ ਮੁਹੰਮਦ ਦਾ ਮੁੱਖ ਮੰਤਵ ਅੰਗਰੇਜ਼ਾਂ ਤੇ ਸਿੰਘਾਂ ਦੀ ਪਹਿਲੀ ਲੜਾਈ ਨੂੰ ਪੇਸ਼ ਕਰਨਾ ਸੀ, ਨਾ ਕਿ ਮਹਾਰਾਜਾ ਰਣਜੀਤ ਸਿੰਘ ਦਾ ਪਾਤਰ ਉਲੀਕਣਾ। ਪਰੰਤੂ ਕਵੀ ਦੁਆਰਾ

ਸਰਸਰੀ ਤੌਰ ਉੱਤੇ ਲਿਖੀਆਂ ਗਈਆਂ ਕੁਝ ਤੁਕਾਂ ਕਾਫ਼ੀ ਹਰਮਨ-ਪਿਆਰੀਆਂ ਹੀ ਨਹੀਂ ਹੋਈਆਂ, ਸਗੋਂ ਉਹ ਸਾਰੇ ਸਮਕਾਲੀ ਘਟਨਾ-ਚੱਕਰ ਵਿਚ 'ਸ਼ੇਰੇ-ਪੰਜਾਬ' ਦੀ ਅਣਹੋਂਦ ਨੂੰ ਬੁਰੀ ਤਰ੍ਹਾਂ ਮਹਿਸੂਸ ਕਰਵਾਉਂਦੀਆਂ ਹਨ। ਜਿਸ ਪ੍ਰਕਾਰ ਸ਼ੈਕਸਪੀਅਰ ਦੇ ਨਾਟਕ 'Julius Caesar' ਦੇ ਨਾਇਕ ਸੀਜ਼ਰ ਦੇ ਮਰ ਜਾਣ ਮਗਰੋਂ ਵੀ ਉਸ ਦੀ ਆਤਮਾ ਆਪਣੇ ਉੱਤਰ-ਅਧਿਕਾਰੀਆਂ ਦੁਆਰਾ ਕੀਤੇ ਗਏ ਰਾਜ-ਸੱਤਾ ਦੀ ਪ੍ਰਾਪਤੀ ਦੇ ਘੋਲ ਸਮੇਂ ਹੋਈਆਂ ਘਟਨਾਵਾਂ ਉੱਤੇ ਛਾਈ ਹੋਈ ਹੈ, ਉਸੇ ਤਰ੍ਹਾਂ ਇਸ ਜੰਗਨਾਮੇ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਦੀ ਰੂਹ ਦੀ ਸਦੀਵੀ ਹੋਂਦ ਦੇ ਝਲਕਾਰੇ ਮਿਲਦੇ ਹਨ :

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ਼ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ। 5।

ਜਾਂ
ਜਦੋਂ ਹੋਏ ਸਰਕਾਰ ਦੇ ਸ੍ਵਾਸ ਪੂਰੇ,
ਜਮ੍ਹਾ ਹੋਏ ਨੀ ਸਭ ਸਰਦਾਰ ਮੀਆਂ। 6।

ਜਾਂ
ਪਿੱਛੇ ਇਕ ਸਰਕਾਰ ਦੇ ਖੇਡ ਚਲੀ,
ਪਈ ਨਿਤ ਹੁੰਦੀ ਮਾਰੋ ਮਾਰ ਮੀਆਂ। 41।

ਜਾਂ
ਮਹਾਰਾਜ ਦੇ ਨਾਲ ਸੀ ਨੇਮ ਸਾਡਾ,
ਤੁਸੀਂ ਸੁੱਤੀਆਂ ਕਲਾਂ ਜਗਾਂਵਦੇ ਹੋ। 64।

ਜਾਂ
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ। 92।

ਇਸ ਜੰਗਨਾਮੇ ਵਿਚ ਉਲੀਕੀਆਂ ਇਤਿਹਾਸਿਕ ਘਟਨਾਵਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ : (1) ਪੂਰਵਾਰਧ ਅਤੇ (2) ਉਤਰਾਰਧ।

ਪੂਰਵਾਰਧ ਵਿਚ ਕਤਲ ਖ਼ੂਨ ਦੀਆਂ ਉਹ ਘਟਨਾਵਾਂ ਸ਼ਾਮਿਲ ਹਨ ਜਿਹੜੀਆਂ ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਮਗਰੋਂ ਵਾਪਰੀਆਂ। ਉਤਰਾਰਧ ਵਿਚ ਅੰਗਰੇਜ਼ਾਂ ਤੇ ਸਿੰਘਾਂ ਦੀ ਪਹਿਲੀ ਲੜਾਈ ਦਾ ਵਰਣਨ ਹੈ। ਭਾਵੇਂ ਕਵੀ ਦਾ ਸਾਰਾ ਬਿਆਨ ਸੰਖਿਪਤ ਤੇ ਸੰਕੇਤ ਮਾਤਰ ਹੈ, ਫਿਰ ਵੀ ਉਸ ਨੇ ਕਿਸੇ ਇਤਿਹਾਸਿਕ ਘਟਨਾ ਨੂੰ ਤੋੜਿਆ ਮਰੋੜਿਆ ਨਹੀਂ ਅਤੇ ਨਾ ਹੀ ਘਟਨਾਵਲੀ ਦੀ ਤਰਤੀਬ ਉਲਟੀ ਹੈ।

ਚੇਤ ਸਿੰਘ ਦੇ ਕਤਲ ਪਿੱਛੋਂ ਆਮ ਕਤਲਾਂ ਦਾ ਬਾਜ਼ਾਰ ਗਰਮ ਹੋ ਜਾਂਦਾ ਹੈ। ਇਸ ਪਿੱਛੋਂ ਕੰਵਰ ਨੌਨਿਹਾਲ ਸਿੰਘ ਉੱਤੇ ਛੱਜੇ ਦੇ ਡਿਗਣ ਨਾਲ ਮਰਨ ਅਤੇ ਸ਼ੇਰ ਸਿੰਘ ਤੇ ਰਾਣੀ ਚੰਦ ਕੌਰ ਨਾਲ ਸੰਘਰਸ਼ ਦਾ

ਵੇਚਣਨ ਹੈ। ਸ਼ੇਰ ਸਿੰਘ ਨੇ ਰਾਜਾ ਧਿਆਨ ਸਿੰਘ ਨਾਲ ਮਿਲ ਕੇ ਚੰਦ ਕੌਰ ਨੂੰ ਆਪਣੇ ਰਸਤੇ ਤੋਂ ਹਟਾ ਦਿੱਤਾ, ਪਰੰਤੂ ਚੰਦ ਕੌਰ ਦੇ ਹਿਮਾਇਤੀ ਅਜੀਤ ਸਿੰਘ ਅਤੇ ਲਹਿਣਾ ਸਿੰਘ ਸੰਧਾਵਾਲੀਆਂ ਨੇ ਸ਼ੇਰ ਸਿੰਘ ਅਤੇ ਉਸ ਦੇ ਪੁੱਤਰ ਪ੍ਰਤਾਪ ਸਿੰਘ ਨੂੰ ਕਤਲ ਕਰ ਦਿੱਤਾ। ਫਿਰ ਲਾਹੌਰ ਦੇ ਕਿਲ੍ਹੇ ਵਿਚ ਰਾਜਾ ਧਿਆਨ ਸਿੰਘ ਨੂੰ ਕਤਲ ਕਰ ਕੇ ਉਸ ਦੇ ਖ਼ੂਨ ਦਾ ਟਿੱਕਾ ਨਾਬਾਲਗ ਦਲੀਪ ਸਿੰਘ ਨੂੰ ਲਗਾ ਕੇ ਤੇ ਉਸ ਨੂੰ ਮਹਾਰਾਜਾ ਥਾਪ ਕੇ ਅਜੀਤ ਸਿੰਘ ਖ਼ੁਦ ਪ੍ਰਧਾਨ ਮੰਤਰੀ ਬਣ ਗਿਆ। ਪਰੰਤੂ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੇ ਫ਼ੌਜ ਨਾਲ ਮਿਲ ਕੇ ਇਸ ਪ੍ਰਬੰਧ ਨੂੰ ਉਲਟਿਆ ਤੇ ਉਹ ਖ਼ੁਦ ਮਹਾਰਾਜਾ ਦਲੀਪ ਸਿੰਘ ਦਾ ਪ੍ਰਧਾਨ ਮੰਤਰੀ ਬਣਿਆ। ਫਿਰ ਉਸ ਦੇ ਸਾਥੀ ਪੰਡਿਤ ਜੱਲ੍ਹਾ ਦੀਆਂ ਵਧੀਕੀਆਂ ਕਾਰਨ ਫ਼ੌਜ ਹੀਰਾ ਸਿੰਘ ਤੋਂ ਆਕੀ ਹੋ ਗਈ। ਫ਼ੌਜ ਨੇ ਹੀਰਾ ਸਿੰਘ ਅਤੇ ਪੰਡਿਤ ਜੱਲ੍ਹਾ ਦੋਹਾਂ ਨੂੰ ਮੌਤ ਦੇ ਘਾਟ ਉਤਾਰ ਕੇ ਮਹਾਰਾਣੀ ਜਿੰਦਾਂ ਦੇ ਭਰਾ ਜਵਾਹਰ ਸਿੰਘ ਨੂੰ ਪ੍ਰਧਾਨ ਮੰਤਰੀ ਬਣਾ ਲਿਆ। ਇਸ ਤੋਂ ਬਾਅਦ ਜਵਾਹਰ ਸਿੰਘ ਨੂੰ ਵੀ ਉਸ ਦੀ ਭੈਣ ਅਤੇ ਭਾਣਜੇ ਸਾਮ੍ਹਣੇ ਕਤਲ ਕਰ ਦਿੱਤਾ ਗਿਆ। ਹੁਣ ਲਾਲ ਸਿੰਘ ਪ੍ਰਧਾਨ ਮੰਤਰੀ ਬਣ ਗਿਆ ਤੇ ਤੇਜਾ ਸਿੰਘ ਸੈਨਾਪਤੀ। (ਕਵੀ ਨੇ ਲਾਲ ਸਿੰਘ ਦਾ ਵਰਣਨ ਨਹੀਂ ਕੀਤਾ ਹੈ।)

ਉਤਰਾਰਧ ਵਿਚ ਅੰਗਰੇਜ਼ਾਂ ਅਤੇ ਸਿੰਘਾਂ ਦੇ ਪ੍ਰਥਮ ਯੁੱਧ ਦਾ ਬਿਆਨ ਹੈ ਕਿ ਕਿਸ ਪ੍ਰਕਾਰ ਫ਼ੌਜ ਤੋਂ ਬਦਲਾ ਲੈਣ ਲਈ ਮਹਾਰਾਣੀ ਜਿੰਦਾਂ ਫ਼ੌਜ ਨੂੰ ਮਰਵਾ ਕੇ ਉਸ ਦੀ ਸ਼ਕਤੀ ਨੂੰ ਘਟਾਉਣਾ ਚਾਹੁੰਦੀ ਸੀ। ਇਸ ਲਈ ਉਸ ਨੇ ਇਕ ਪਾਸੇ ਅੰਗਰੇਜ਼ਾਂ ਨੂੰ ਕਹਿ ਕੇ ਸਤਲੁਜੋਂ ਪਾਰ ਦੇ ਲਾਹੌਰ ਦਰਬਾਰ ਦੇ ਕੁੱਝ ਪਿੰਡਾਂ ਉੱਤੇ ਅੰਗਰੇਜ਼ ਦਾ ਕਬਜ਼ਾ ਕਰਵਾ ਦਿੱਤਾ ਤੇ ਦੂਜੇ ਪਾਸੇ ਸਿੱਖ ਫ਼ੌਜ ਨੂੰ ਅੰਗਰੇਜ਼ਾਂ ਨੂੰ ਮਜ਼ਾ ਚਖਾਉਣ ਲਈ ਉਕਸਾਇਆ। ਸਿੱਖ ਫ਼ੌਜਾਂ ਅੱਗੇ ਵਧੀਆਂ ਅਤੇ ਮੁਦਕੀ ਦੇ ਸਥਾਨ ਉੱਤੇ ਅੰਗਰੇਜ਼ਾਂ ਨਾਲ ਟੱਕਰ ਲਈ। ਇਸ ਤੋਂ ਪਿੱਛੋਂ ਫੇਰੂ ਸ਼ਹਿਰ ਦੇ ਨੇੜੇ ਯੁੱਧ ਹੋਇਆ। ਅੰਤਿਮ ਯੁੱਧ ਸੁਭਰਾਉਂ ਦੇ ਸਥਾਨ ਉੱਤੇ ਹੋਇਆ ਜਿਥੇ ਤੇਜ਼ ਸਿੰਘ ਨੇ ਦਰਿਆ ਦਾ ਪੁਲ ਵੱਢ ਕੇ ਘਿਰੀਆਂ ਹੋਈਆਂ ਸਿੱਖ ਫ਼ੌਜਾਂ ਦੇ ਘਾਣ ਲੁਹਾ ਦਿੱਤੇ। ਅੰਗਰੇਜ਼ਾਂ ਦੀ ਜਿੱਤ ਹੋਈ। ਰਾਜਾ ਗੁਲਾਬ ਸਿੰਘ ਅਤੇ ਦੂਜੇ ਅੰਗਰੇਜ਼-ਪੱਖੀ ਦਰਬਾਰੀਆਂ ਨੇ ਜੇਤੂ ਅੰਗਰੇਜ਼ਾਂ ਦਾ ਸੁਆਗਤ ਕੀਤਾ ਅਤੇ ਸਾਰੇ ਇਲਾਕਿਆਂ ਦੇ ਸਿੰਘਾਂ ਅਤੇ ਦੂਜੇ ਕਾਫ਼ੀ ਪੰਜਾਬੀ ਸੈਨਿਕਾਂ ਨੂੰ ਸ਼ਸਤਰਹੀਣ ਕਰ ਦਿੱਤਾ ਗਿਆ।

ਉਪਰੋਕਤ ਸਾਰਾ ਹੀ ਇਤਿਹਾਸਿਕ ਵਰਣਨ ਕਵੀ ਨੇ ਬੜੇ ਥੋੜ੍ਹੇ ਜੇਹੇ ਸ਼ਬਦਾਂ ਰਾਹੀਂ ਬੜਾ ਸਹੀ ਕੀਤਾ ਹੈ। ਉਹ ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ ਸਮੇਂ ਲੁਧਿਆਣੇ ਦੇ ਨੇੜੇ ਪ੍ਰਾਪਤ ਕੀਤੀ ਸਿੰਘਾਂ ਦੀ ਵਕਤੀ ਜਿੱਤ ਦਾ ਵਰਣਨ ਵੀ ਕਰਦਾ ਹੈ। ਉਹ ਫ਼ਰੀਦਕੋਟ ਦੇ ਰਾਜੇ ਮਹਾੜਾ ਸਿੰਘ ਦੀ ਗ਼ੱਦਾਰੀ ਅਤੇ ਸ਼ਾਮ ਸਿੰਘ ਅਟਾਰੀ ਵਾਲੇ ਦੀ ਸੂਰਬੀਰਤਾ ਨੂੰ ਵੀ ਉਭਾਰਦਾ ਹੈ।

ਫਿਰ ਵੀ ਕੁੱਝ ਗੱਲਾਂ ਇਸ ਜੰਗਨਾਮੇ ਦੀ ਇਤਿਹਾਸਿਕਤਾ ਉੱਤੇ ਸੱਟ ਮਾਰਦੀਆਂ ਹਨ :

(i) ਕੰਵਰ ਨੌਨਿਹਾਲ ਸਿੰਘ ਉੱਤੇ ਛੱਜੇ ਦੇ ਡਿਗਣ ਵਾਲੀ ਘਟਨਾ ਬਾਰੇ ਇਤਿਹਾਸਕਾਰਾਂ ਵਿਚ ਵਾਦ-ਵਿਵਾਦ ਹੈ। ਕੁਝ ਇਹ ਕਹਿੰਦੇ ਹਨ ਕਿ ਨੌਨਿਹਾਲ ਸਿੰਘ ਨੂੰ ਰਾਜਾ ਧਿਆਨ ਸਿੰਘ ਨੇ ਇਕ ਖੜ-ਯੰਤਰ ਕਰ ਕੇ ਉਸ ਉੱਤੇ ਛੱਜਾ ਡਿਗਵਾ ਕੇ ਉਸ ਨੂੰ ਮਰਵਾਇਆ ਸੀ। ਪਰੰਤੂ ਕੁਝ ਇਸ ਨੂੰ ਇਕ ਕੁਦਰਤੀ ਘਟਨਾ ਮੰਨਦੇ ਹਨ, ਨਹੀਂ ਤਾਂ ਰਾਜਾ ਧਿਆਨ ਸਿੰਘ ਦਾ ਭਤੀਜਾ ਊਧਮ ਸਿੰਘ ਇਸ ਘਟਨਾ ਦਾ ਸ਼ਿਕਾਰ ਕਿਉਂ ਹੁੰਦਾ। ਕਵੀ ਨੇ ਇਸ ਵਾਦ-ਵਿਵਾਦ ਤੋਂ ਬਚਣ ਲਈ ਤੀਜਾ ਰਸਤਾ ਅਪਣਾਇਆ ਹੈ। ਉਸ ਨੇ ਲਿਖਿਆ ਹੈ ਕਿ ਜਦ ਕੰਵਰ ਨੌਨਿਹਾਲ ਸਿੰਘ ਨੇ ਮਹਾਰਾਜਾ ਖੜਕ ਸਿੰਘ ਨੂੰ ਕਤਲ ਕੀਤਾ ਤਾਂ ਧਰਮ ਰਾਜ ਨੇ ਨਿਆਂ ਕਰਨ ਲਈ ਆਪਣੇ ਜਮਦੂਤ ਘੱਲੇ ਕਿ ਛੇਤੀ ਹੀ ਨੌਨਿਹਾਲ ਸਿੰਘ ਨੂੰ ਸੰਸਾਰ ਤੋਂ ਚੁੱਕ ਲਿਆਓ। ਧਰਮਰਾਜ ਦੀ ਆਗਿਆ ਅਨੁਸਾਰ ਉਨ੍ਹਾਂ ਜਮਦੂਤਾਂ ਨੇ ਆ ਕੇ ਕੰਵਰ ਨੌਨਿਹਾਲ ਸਿੰਘ ਉੱਤੇ ਛੱਜਾ ਡਿਗਾ ਦਿੱਤਾ ਜਿਸ ਕਾਰਨ ਉਹ ਮੌਤ ਦਾ ਸ਼ਿਕਾਰ ਹੋ ਗਿਆ :

ਧਰਮ ਰਾਜ ਨੂੰ ਜਦੋਂ ਇਹ ਖ਼ਬਰ ਹੋਈ,
ਕੰਵਰ ਮਾਰਨੇ ਨੂੰ ਉਸ ਦੂਤ ਘੱਲੇ। 9।

ਜਾਂ

ਅੰਦਰ ਤਰਫ਼ ਹਵੇਲੀ ਦੇ ਤੁਰੇ ਜਾਂਦੇ,
ਛੱਜਾ ਢਾਹ ਦੋਹਾਂ ਉੱਤੇ ਪਾਇਆ ਈ। 10।

(ii) ਸ਼ਾਹ ਮੁਹੰਮਦ ਇਸ ਜੰਗਨਾਮੇ ਵਿਚ ਪਰੰਪਰਾਵਾਦੀ ਕਿੱਸਾਕਾਰਾਂ ਵਾਂਗ ਨਾਰੀ ਨਿੰਦਿਆ ਵੀ ਕਰਦਾ ਹੈ। ਭਾਵੇਂ ਅੱਜ ਦੇ ਕੁੱਝ ਇਤਿਹਾਸਕਾਰ ਮਹਾਰਾਣੀ ਜਿੰਦਾਂ ਨੂੰ ਸਿੱਖ ਰਾਜ ਦੀ ਤਬਾਹੀ ਦਾ ਕਾਰਨ ਬਿਲਕੁਲ ਹੀ ਨਹੀਂ ਮੰਨਦੇ, ਫਿਰ ਵੀ ਜੇ ਮਹਾਰਾਣੀ ਜਿੰਦਾਂ ਨੇ ਦੇਸ਼ ਜਾਂ ਪੰਥ ਨਾਲ ਕੁੱਝ ਗ਼ਦਾਰੀ ਕੀਤੀ ਵੀ ਸੀ ਤਾਂ ਵੀ ਪੰਜਾਬ ਦੇ ਵਿਨਾਸ਼ ਦਾ ਕਾਰਨ ਕੇਵਲ ਉਸ ਦੀ ਦੁਰਨੀਤੀ ਹੀ ਨਹੀਂ ਹੋ ਸਕਦੀ। ਕਵੀ ਨੇ ਬਾਕੀ ਸਭ ਅਮੀਰਾਂ ਤੇ ਵਜ਼ੀਰਾਂ ਦੀ ਸ਼ਲਾਘਾ ਕੀਤੀ ਹੈ। ਕੇਵਲ ਮਹਾਰਾਣੀ ਜਿੰਦਾਂ ਨੂੰ ਹੀ ਆਪਣੀ ਨਿੰਦਿਆ ਦਾ ਨਿਸ਼ਾਨਾ ਬਣਾਇਆ ਹੈ :

ਕੀਤਾ ਅਕਲ ਦਾ ਪੇਚ ਰਾਣੀ ਜਿੰਦ ਕੌਰਾਂ,
ਮੱਥਾ ਦੋਹਾਂ ਪਾਤਸ਼ਾਹੀਆਂ ਦਾ ਜੋੜਿਆ ਈ।
ਗੁੱਝੀ ਰਮਜ਼ ਕਰ ਕੇ ਆਪ ਰਹੀ ਸੱਚੀ,
ਬਦਲਾ ਤੁਰਤ ਭਰਾਉ ਦਾ ਮੋੜਿਆ ਈ।
ਲਏ ਤੁਰਤ ਮੁਸਾਹਿਬ ਲਪੇਟ ਰਾਣੀ,
ਲਸ਼ਕਰ ਵਿਚ ਦਰਿਆ ਦੇ ਰੋੜ੍ਹਿਆ ਈ।
ਸ਼ਾਹ ਮੁਹੰਮਦਾ ਕਰੇ ਜਹਾਨ ਗੱਲਾਂ,
ਉਨ੍ਹਾਂ ਕੁਫ਼ਰ ਮੁਦਈ ਦਾ ਤੋੜਿਆ ਈ। 100।
ਪਿੱਛੋਂ ਬੈਠ ਕੇ ਸਿੰਘਾਂ ਨੂੰ ਅਕਲ ਆਈ,
ਕਿਹੀ ਚੜ੍ਹੀ ਹੈ ਜ਼ਹਿਰ ਦੀ ਸਾਣ ਮਾਈ।
ਕਿਨ੍ਹਾਂ ਖੁੰਦਰਾਂ ਵਿਚ ਫਸਾਇ ਕੇ ਜੀ,
ਸਾਡੇ ਲਾਹ ਸੁੱਟੇ ਤੂੰ ਤਾਂ ਘਾਣ ਮਾਈ।
ਹੱਥ ਧੋਇ ਕੇ ਮਗਰ ਕਿਉਂ ਪਈ ਸਾਡੇ,
ਘਰੀਂ ਅਜੇ ਨਾ ਦੇਨੀ ਹੈਂ ਜਾਣ ਮਾਈ।
ਸ਼ਾਹ ਮੁਹੰਮਦਾ ਖੋਹ ਹਥਿਆਰ ਬੈਠੇ,
ਨਾਲ ਕੁੜਤੀਆਂ ਲਏ ਪਛਾਣ ਮਾਈ। 101।
ਹੁੰਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ,
ਲੰਕਾ ਵਿਚ ਤਾਂ ਰਾਵਣ ਕੁਹਾਏ ਦਿੱਤਾ।
ਕੌਰਵਾਂ ਪਾਂਡਵਾਂ ਨਾਲ ਕੀ ਭਲਾ ਕੀਤਾ,
ਅਠਾਰਾਂ ਖੂਹਣੀਆਂ ਕਟਕ ਮੁਕਾਇ ਦਿੱਤਾ।
ਰਾਜ ਭੋਜ ਦੇ ਮੂੰਹ ਲਗਾਮ ਦਿੱਤੀ,
ਮਾਰ ਅੱਡੀਆਂ ਹੋਸ਼ ਭੁਲਾਇ ਦਿੱਤਾ।
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ
ਸਾਰੇ ਦੇਸ਼ ਦਾ ਫ਼ਰਸ਼ ਉਠਾਇ ਦਿੱਤਾ। 103।

ਕਵੀ ਨੇ ਇਨ੍ਹਾਂ ਇਕ ਦੋ ਭੁੱਲਾਂ ਨੂੰ ਛੱਡ ਕੇ ਆਪਣੇ ਜੰਗਨਾਮੇ ਵਿਚ ਇਤਿਹਾਸਿਕਤਾ ਅਤੇ ਨਿਰਪੱਖਤਾ ਦਾ ਪੂਰਾ-ਪੂਰਾ ਖ਼ਿਆਲ ਰਖਿਆ ਹੈ। ਨਾਲ ਹੀ ਅਮੀਰਾਂ ਵਜ਼ੀਰਾਂ ਦੀ ਫੁੱਟ ਨੂੰ ਦਰਸਾ ਕੇ ਆਪਸੀ ਫੁੱਟ ਦੇ ਵਿਨਾਸ਼ਕਾਰੀ ਸਿੱਟਿਆਂ ਪ੍ਰਤੀ ਆਪਣੇ ਦੇਸ਼ ਵਾਸੀਆਂ ਨੂੰ ਖ਼ਬਰਦਾਰ ਕੀਤਾ ਹੈ। ਅੱਜ ਤਕ ਸਾਰੇ ਇਤਿਹਾਸਕਾਰ

ਰਾਜਿਆਂ ਰਾਣਿਆਂ ਦੇ ਸੋਹਲੇ ਗਾਉਂਦੇ ਆਏ ਹਨ। 'ਜੰਗਨਾਮਾ ਸ਼ਾਹ ਮੁਹੰਮਦ' ਵਿਚ (ਮਹਾਰਾਜਾ ਰਣਜੀਤ ਸਿੰਘ ਨੂੰ ਛੱਡ ਕੇ) ਰਾਜਿਆਂ ਤੇ ਰਾਜਕੁਮਾਰਾਂ ਦੇ ਬੁਰੇ ਪੱਖਾਂ ਨੂੰ ਵੀ ਚਿਤਰਿਆ ਗਿਆ ਹੈ। ਇਸ ਤੋਂ ਇਲਾਵਾ ਸਿੱਖ ਫ਼ੌਜ ਨੂੰ ਇਕ ਬਲਵਾਨ ਪਾਤਰ ਦੇ ਰੂਪ ਵਿਚ ਪੇਸ਼ ਕਰਕੇ ਸਮਕਾਲੀ ਜਨਤਾ ਅਤੇ ਜਨਤਾ ਦੇ ਜਾਇਆਂ ਨੂੰ ਇਕ ਉੱਘੀ ਥਾਂ ਬਖ਼ਸ਼ੀ ਗਈ ਹੈ। ਅੱਜ ਦੇ ਸਮਾਜਵਾਦੀ ਇਤਿਹਾਸਕਾਰ ਰਾਜਿਆਂ ਮਹਾਰਾਜਿਆਂ ਦੀ ਥਾਂ ਉੱਤੇ ਲੋਕਾਂ ਦੇ ਕਾਰਨਾਮਿਆਂ ਨੂੰ ਵਧੇਰੇ ਮਹੱਤਵ ਦਿੰਦੇ ਹਨ। ਸ਼ਾਹ ਮੁਹੰਮਦ ਨੇ ਇਹ ਕੰਮ ਇਕ ਸਦੀ ਪਹਿਲਾਂ ਹੀ ਕਰ ਦਿੱਤਾ ਸੀ। ਉਹ ਦੱਸਦਾ ਹੈ ਕਿ ਉਸ ਸਮੇਂ ਦੇ ਰਾਜੇ ਮਹਾਰਾਜੇ ਫ਼ੌਜ ਦੇ ਹੱਕਾਂ ਦੀ ਕਠ-ਪੁਤਲੀ ਹੀ ਸਨ, ਬਾਅਦ ਵਿਚ ਫ਼ੌਜ ਨੂੰ ਸ਼ਸਤਰਹੀਣ ਕਰਕੇ ਘਰੋ-ਘਰੀਂ ਭੇਜ ਦੇਣਾ ਸਾਮਰਾਜੀਆਂ ਦਾ ਆਮ ਪੰਜਾਬੀ ਜਨਤਾ ਦੀ ਸ਼ਕਤੀ ਨੂੰ ਖ਼ਤਮ ਕਰਨ ਦਾ ਇਕ ਕਮੀਨਾ ਯਤਨ ਹੀ ਸੀ।

ਭਾਵੇਂ ਸ਼ਾਹ ਮੁਹੰਮਦ ਦਾ ਕਾਲ ਸਾਮੰਤਵਾਦ ਜਾਂ ਜਾਗੀਰਦਾਰੀ ਦੇ ਪਤਨ ਅਤੇ ਪੂੰਜੀਵਾਦ ਦੇ ਆਗਮਨ ਦਾ ਕਾਲ ਸੀ, ਫਿਰ ਵੀ ਇਸ ਵਿਚ ਦੇਸ਼ ਵਾਸੀਆਂ ਤੇ ਵਿਦੇਸ਼ੀਆਂ ਦੇ ਹਿੱਤਾਂ ਦਾ ਟਕਰਾਓ ਸੀ। ਜਿੱਥੇ ਮਿਰਜ਼ਾ ਗ਼ਾਲਿਬ ਵਰਗੇ ਕਵੀਆਂ ਨੇ ਵਿਦੇਸ਼ੀਆਂ ਦਾ ਸਾਥ ਦਿੱਤਾ ਤੇ ਸਿੱਖਾਂ ਦੀ ਨਿੰਦਿਆ ਕੀਤੀ ਹੈ (ਦੇਖੋ ਉਸ ਦਾ ਫ਼ਾਰਸੀ ਕਸੀਦਾ 'ਫ਼ਤਿਹਨਾਮਾ-ਏ-ਪੰਜਾਬ'), ਉਥੇ ਸ਼ਾਹ ਮੁਹੰਮਦ ਨੇ ਭਾਰਤ ਦਾ ਆਰਥਿਕ ਸ਼ੋਸ਼ਣ ਕਰਨ ਵਾਲੇ ਅੰਗਰੇਜ਼ਾਂ ਨੂੰ ਦੂਜਿਆਂ ਦੀ ਵਾਹੀ ਬੀਜੀ ਖਾਣ ਵਾਲੇ ਗੁਮਾਸ਼ਤੇ ਕਹਿ ਕਿ ਉਨ੍ਹਾਂ ਦੀ ਨਿੰਦਿਆ ਕੀਤੀ ਹੈ ਅਤੇ ਨਾਲ ਹੀ ਹਿੰਦੂ ਮੁਸਲਿਮ ਏਕਤਾ ਦਾ ਪ੍ਰਚਾਰ ਵੀ ਕੀਤਾ ਹੈ। ਉਹ ਸਿੰਘਾਂ ਦੀ ਹਾਰ ਪਿੱਛੋਂ ਵੀ ਬੜੇ ਆਸ਼ਾਵਾਦੀ ਸੁਰ ਵਿਚ ਕਹਿੰਦਾ ਹੈ :

ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ,
ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ
ਉਨ੍ਹਾਂ ਨਾਲ ਨਾ ਕਿਸੇ ਦਾ ਵਾਸਤਾ ਈ।
ਉਹਦੇ ਨਾਲ ਨਾ ਬੈਠ ਕੇ ਗੱਲ ਕਰਨੀ,
ਖ਼ੁਦੀ ਆਪਣੀ ਨਾਲ ਮਹਾਸਤਾ ਈ।
ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰਦਾ,
ਸ਼ਾਹੂਕਾਰਾਂ ਦਾ ਪੁੱਤ ਗੁਮਾਸ਼ਤਾ ਈ। 103।

ਇਸ ਤੋਂ ਸਿੱਧ ਹੁੰਦਾ ਹੈ ਕਿ ਸ਼ਾਹ ਮੁਹੰਮਦ ਨੇ ਇਹ ਜੰਗਨਾਮਾ ਲਿਖ ਕੇ ਇਕ ਨਿਰਪੱਖ ਹੀ ਨਹੀਂ ਸਗੋਂ ਸਮਾਜਿਕ ਚੇਤਨਤਾ ਰਖਣ ਵਾਲੇ ਚੰਗੇ ਇਤਿਹਾਸਕਾਰ ਦਾ ਰੋਲ ਵੀ ਅਦਾ ਕੀਤਾ ਹੈ।

ਨਾ ਕੇਵਲ ਇਤਿਹਾਸਿਕ ਸਗੋਂ ਸਾਹਿੱਤਿਕ ਪੱਖ ਤੋਂ ਵੀ ਇਹ ਜੰਗਨਾਮਾ ਬੜੀ ਮਹੱਤਵਸ਼ਾਲੀ ਕਿਰਤ ਹੈ। ਇਸ ਦੇ ਕੁਝ ਉੱਘੇ ਸਾਹਿੱਤਿਕ ਗੁਣ ਹਨ।

(1) ਇਹ ਜਨਤਾ ਲਈ ਜਨਤਾ ਦੀ ਭਾਸ਼ਾ ਕੇਂਦਰੀ ਪੰਜਾਬੀ ਵਿਚ ਲਿਖਿਆ ਗਿਆ ਹੈ। ਇਹ ਭਾਸ਼ਾ ਬੜੀ ਸਰਲ ਪਰੰਤੂ ਬਾਮੁਹਾਵਰਾ ਅਤੇ ਪ੍ਰਭਾਵਸ਼ਾਲੀ ਹੈ।

(2) ਇਸ ਵਿਚ ਵਾਰਿਸ ਸ਼ਾਹ ਵਾਲਾ ਬੈਂਤ ਛੰਦ ਵਰਤਿਆ ਗਿਆ ਹੈ। ਜਿਸ ਪ੍ਰਕਾਰ ਅੰਗਰੇਜ਼ੀ ਵਿਚ Pope ਨੇ Heroic Couplet ਨੂੰ ਪ੍ਰਗਟਾ ਨਿਪੁੰਨਤਾ ਬਖ਼ਸ਼ੀ ਸੀ, ਉਸੇ ਤਰ੍ਹਾਂ ਸ਼ਾਹ ਮੁਹੰਮਦ ਨੇ ਵੀ ਬੈਂਤ ਛੰਦ ਦੀ ਪ੍ਰਗਟਾ ਸ਼ਕਤੀ ਅਤੇ ਪ੍ਰਭਾਵ ਵਿਚ ਵਾਧੇ ਕੀਤੇ ਹਨ।

(3) ਸ਼ਾਹ ਮੁਹੰਮਦ ਦਾ ਬਿਆਨ ਬੜਾ ਸੰਜਮ ਭਰਪੂਰ ਹੈ। ਉਹ ਥੋੜ੍ਹੇ ਤੋਂ ਥੋੜ੍ਹੇ ਸ਼ਬਦਾਂ ਰਾਹੀਂ ਵੱਧ ਤੋਂ ਵੱਧ ਗੱਲ ਕਹਿ ਜਾਂਦਾ ਹੈ।

(4) ਇਸ ਨਿੱਕੀ ਜੇਹੀ ਕਿਰਤ ਵਿਚ ਕਵੀ ਨੇ ਯਥਾ ਸ਼ਕਤੀ ਹਰ ਪ੍ਰਕਾਰ ਦੇ ਅਲੰਕਾਰਾਂ ਨੂੰ ਵਰਤਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ।

ਉਪਮਾ-ਚੜੇ ਪੁੱਤ ਸਰਦਾਰਾਂ ਦੇ ਸ਼ੈਲ ਬਾਂਕੇ
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ। 58।
ਅਨੁਪ੍ਰਾਸ-ਜਦੋਂ ਹੋਏ ਸਰਕਾਰ ਦੇ ਸ੍ਵਾਸ ਪੂਰੇ,
ਜਮ੍ਹਾਂ ਹੋਏ ਨੀ ਸਭ ਸਰਦਾਰ ਮੀਆਂ। 6।
ਰੂਪਕ-ਕੂੰਜਾਂ ਨਜ਼ਰ ਆਈਆਂ ਬਾਜ਼ਾਂ ਭੁਖਿਆਂ ਨੂੰ,
ਚੋਟਾਂ ਕੈਸੀਆਂ ਦੇਖੋ ਚਲਾਂਵਦੇ ਨੀ। 70।
ਮਾਨਵੀਕਰਣ-ਧੂਪ ਦੇਇ ਕੇ ਤਖ਼ਤ ਬਹਾਲੀਆਂ ਨੀਂ। (60)

(5) ਮਹਾਰਾਜਾ ਰਣਜੀਤ ਸਿੰਘ ਕਾਲ ਵਿਖੇ ਸਿੱਖ ਫ਼ੌਜਾਂ ਵਿਚ ਕਈ ਯੂਰਪੀ ਅਫ਼ਸਰ ਸ਼ਾਮਿਲ ਸਨ। ਉਸ ਸਮੇਂ ਪੰਜਾਬ ਵਿਚ ਕਈ ਅੰਗਰੇਜ਼ੀ ਸ਼ਬਦ ਪ੍ਰਚਲਿਤ ਹੋ ਰਹੇ ਸਨ। ਸ਼ਾਹ ਮੁਹੰਮਦ ਨੇ ਪੰਜਾਬੀ ਵਿਚ ਸਭ ਤੋਂ ਪਹਿਲਾਂ ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ ਜਿਵੇਂ ਕਾਰਬੀਨ, ਪਲਟਨ, ਅਫ਼ਸਰ, ਕੌਂਸਲ, ਲਾਟ (ਲਾਰਡ), ਕਰਨੈਲ, ਮੈਗਜ਼ੀਨ, ਰਜਮੈਂਟ, ਕੰਪਨੀ ਆਦਿ।

(6) ਉਸ ਨੂੰ ਭਾਸ਼ਾ ਤੇ ਇਤਨਾ ਕਾਬੂ ਸੀ ਕਿ ਹਰ ਪ੍ਰਕਾਰ ਦੀ ਸ਼ਬਦਾਵਲੀ ਉਸ ਅੱਗੇ ਹੱਥ ਬੰਨ੍ਹ ਕੇ ਖੜੀ ਰਹਿੰਦੀ ਸੀ। ਉਹ ਨਵਿਓਂ ਨਵਾਂ ਸ਼ਬਦ ਵਰਤਦਾ ਸੀ ਅਤੇ ਕਦੀ ਆਪਣੇ ਆਪ ਨੂੰ ਦੁਹਰਾਉਂਦਾ ਨਹੀਂ ਸੀ। ਕੇਵਲ ਦੋ ਸਤਰਾਂ ਵਿਚ ਹੀ ਉਸ ਨੇ ਸ਼ਰਾਬ ਲਈ ਚਾਰ ਸ਼ਬਦ ਵਰਤੇ ਹਨ :

ਦਾਰੂ ਵੰਡਿਆ ਸੂਰਿਆਂ ਜੰਗੀਆਂ ਨੂੰ,
ਦੋ ਦੋ ਬੋਤਲਾਂ **ਕੈਫ਼, ਖ਼ਮਾਰ** ਮੀਆਂ।
ਸ਼ਾਹ ਮੁਹੰਮਦਾ ਪੀ **ਸ਼ਰਾਬ** ਗੋਰੇ,
ਹੋਏ ਜੰਗ ਨੂੰ ਤੁਰਤ ਤਿਆਰ ਮੀਆਂ। 67।

(7) ਆਪਣੇ ਬਿਆਨ ਨੂੰ ਵਧੇਰੇ ਅਸਲਵਾਦੀ ਬਣਾਉਣ ਲਈ ਕਵੀ ਨੇ ਟੁੰਡੇ ਲਾਟ (ਲਾਰਡ ਹਰਡਿੰਗ) ਜੇਹੇ ਅੰਗਰੇਜ਼ ਅਫ਼ਸਰ ਦੇ ਮੁਖੋਂ ਪੰਜਾਬੀ ਮਿਸ਼੍ਰਿਤ ਹਿੰਦੁਸਤਾਨੀ ਬੁਲਵਾਈ ਹੈ :

ਟੁੰਡੇ ਲਾਟ ਨੇ ਚੁੱਕਿਆ ਆਣ ਬੀੜਾ,
ਹਮ ਸੀਖ ਸਿਉਂ ਜਾਇ ਕੇ ਲੜੇਗਾ ਜੀ।
ਘੰਟੇ ਤੀਨ ਮੇਂ ਜਾ ਲਾਹੌਰ ਮਾਰਾਂ,
ਇਸ ਬਾਤ ਮੇਂ ਫ਼ਰਕ ਨਾ ਪੜੇਗਾ ਜੀ। 49।

ਗੱਲ ਕੀ ਸ਼ਾਹ ਮੁਹੰਮਦ ਨੇ ਆਪਣੇ ਨਿੱਕੇ ਜੇਹੇ ਕੈਨਵਸ ਉੱਤੇ ਸਮਕਾਲੀ ਸਮਾਜ ਦਾ ਬਹੁਤਾ ਵੱਡਾ ਤੇ ਬਹੁਪੱਖੀ ਚਿੱਤਰ ਪੇਸ਼ ਕੀਤਾ ਹੈ। ਅੰਗਰੇਜ਼ੀ ਸ਼ਬਦਾਵਲੀ ਦੀ ਸਭ ਤੋਂ ਪਹਿਲਾਂ ਵਰਤੋਂ ਕਰਨ, ਜਾਗੀਰਦਾਰੀ ਯੁਗ ਵਿਚ ਜਨਤਾ ਦੇ ਰੋਲ ਨੂੰ ਉਭਾਰਣ, ਕੌਮੀ ਏਕਤਾ ਦਾ ਪ੍ਰਚਾਰ ਕਰਨ ਅਤੇ ਇਤਿਹਾਸਿਕ ਸੂਝ ਦੇ ਨਾਲ-ਨਾਲ ਉੱਚੀ ਸਾਹਿੱਤਿਕ ਪੱਧਰ ਨੂੰ ਕਾਇਮ ਰੱਖਣ ਆਦਿ ਗੱਲਾਂ ਕਾਰਨ 'ਜੰਗਨਾਮਾ ਸ਼ਾਹ ਮੁਹੰਮਦ' ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਏ, ਘੱਟ ਹੈ। ਇਹ ਕਿਰਤ ਇਤਿਹਾਸਿਕ ਤੇ ਸਾਹਿੱਤਿਕ ਦੋਹਾਂ ਪੱਖਾਂ ਤੋਂ ਬੜੀ ਮਹਾਨਤਾ ਰਖਦੀ ਹੈ।

ਇਕ ਪਰੀ-ਕਹਾਣੀ ਦਾ ਚਿੰਨ੍ਹ-ਵਿਗਿਆਨਿਕ ਅਧਿਐਨ

ਡਾ. ਪਰਮਜੀਤ ਸਿੰਘ ਸਿੱਧੂ

'ਸ਼ਾਹ ਬਹਿਰਾਮ ਤੇ ਹੁਸਨ ਬਾਨੋ' ਮੀਆਂ ਇਮਾਮ ਬਖ਼ਸ਼ ਦੀਆਂ ਰਚਨਾਵਾਂ ਵਿਚੋਂ ਸਭ ਤੋਂ ਮਸ਼ਹੂਰ ਰਚਨਾ ਹੈ। ਉਸ ਦੀਆਂ ਬਾਕੀ ਰਚਨਾਵਾਂ ਵਿਚੋਂ 'ਮਲਕਜ਼ਾਦਾ ਸ਼ਾਹਪਰੀ', 'ਅਦਹਮ ਬਲਖੀ', 'ਲੈਲਾ ਮਜਨੂ' ਅਤੇ 'ਚੰਦਰ ਬਦਨ' ਖ਼ਾਸ ਵਰਣਨਯੋਗ ਹਨ। ਮੀਆਂ ਜੀ ਦੇ ਜੀਵਨ ਕਾਲ ਬਾਰੇ ਪੰਜਾਬੀ ਵਿਦਵਾਨਾਂ ਦੇ ਵੱਖੋ-ਵਖਰੇ ਵਿਚਾਰ ਹਨ। 'ਪੰਜਾਬ ਦੇ ਹੀਰੇ' ਦੇ ਕਰਤਾ ਮੀਆਂ ਮੌਲਾ ਬਖ਼ਸ਼ ਕੁਸ਼ਤਾ ਅਨੁਸਾਰ, ਇਸ ਸਾਹਿੱਤਕਾ ਦਾ ਜੀਵਨ ਕਾਲ 85 ਸਾਲਾਂ (1778-1863) ਦਾ ਸੀ। ਪਰੰਤੂ ਪ੍ਰੋ. ਪ੍ਰੀਤਮ ਸਿੰਘ ਦਾ ਵਿਚਾਰ ਹੈ ਕਿ ਮੀਆਂ ਅਮਾਮ ਬਖ਼ਸ਼ ਦਾ ਜਨਮ 1806 ਈ. ਵਿਚ ਹੋਇਆ ਅਤੇ 1863 ਈ. ਵਿਚ ਉਸ ਦਾ ਦੇਹਾਂਤ ਹੋ ਗਿਆ। ਉਸ ਦੇ ਜੀਵਨ-ਕਾਲ ਸੰਬੰਧੀ ਬਾਕੀ ਦੇ ਸਾਰੇ ਵੇਰਵੇ ਲਗਭਗ ਇਨ੍ਹਾਂ ਦੋਵਾਂ ਵਿਦਵਾਨਾਂ ਨਾਲ ਮਿਲਦੇ ਜੁਲਦੇ ਹਨ। ਇਨ੍ਹਾਂ ਤੋਂ ਇਹ ਗੱਲ ਸਪਸ਼ਟ ਹੈ ਕਿ ਮੀਆਂ ਇਮਾਮ ਬਖ਼ਸ਼ ਰਣਜੀਤ ਸਿੰਘ ਕਾਲ ਦਾ ਇਕ ਉਲੇਖਯੋਗ ਪੰਜਾਬੀ ਸਾਹਿੱਤਕਾਰ ਸੀ।

'ਸ਼ਾਹ ਬਹਿਰਾਮ ਤੇ ਹੁਸਨਬਾਨੋ' ਦੀ ਕਹਾਣੀ ਦੇ ਪਿਛੋਕੜ ਬਾਰੇ ਪੰਜਾਬੀ ਵਿਦਵਾਨਾਂ ਦੀ ਵੱਖ-ਵੱਖ ਰਾਇ ਹੈ। 'ਬੰਬੀਹਾ ਬੋਲ' ਦੇ ਕਰਤਾ ਬਾਵਾ ਬੁੱਧ ਸਿੰਘ ਅਨੁਸਾਰ ਇਸ ਰਚਨਾ ਦੀ ਕਹਾਣੀ ਫ਼ਾਰਸੀ ਦੀ ਮਸ਼ਹੂਰ ਕਿਤਾਬ 'ਸ਼ਾਹਨਾਮਾ' ਤੋਂ ਲਈ ਗਈ ਹੈ। ਪ੍ਰੋ. ਪ੍ਰੀਤਮ ਸਿੰਘ ਦਾ ਵੀ ਵਿਚਾਰ ਹੈ ਕਿ ਇਸ ਰਚਨਾ ਦੇ ਕਥਾਨਕ ਲਈ ਨਿਜ਼ਾਮੀ-ਖ਼ੁਸਰੋ ਵਰਗੇ ਮਹਾਨ ਕਵੀਆਂ ਦੀਆਂ ਰਚਨਾਵਾਂ ਤੋਂ ਸਹਾਇਤਾ ਲਈ ਗਈ ਹੈ, ਪਰੰਤੂ ਜੀ.ਐਲ. ਸ਼ਰਮਾ ਦੀ ਰਾਇ ਹੈ ਕਿ ਇਸ ਦਾ ਆਧਾਰ ਆਧੁਨਿਕ ਭਾਰਤੀ ਬਾਜ਼ੀਗਰਾਂ ਵਿਚ ਪ੍ਰਚਲਿਤ ਸੁਣੀ ਸੁਣਾਈ ਲੋਕ-ਕਥਾ ਹੈ। ਸਾਡੇ ਵਿਚਾਰ ਅਨੁਸਾਰ ਇਸ ਰਚਨਾ ਦਾ ਆਧਾਰ ਪੰਜਾਬ ਵਿਚ ਪ੍ਰਚਲਿਤ ਪਰੀ-ਕਹਾਣੀ ਹੈ, ਕਿਉਂਕਿ ਅਜਿਹੀਆਂ ਪਰੀ-ਕਹਾਣੀਆਂ ਪੰਜਾਬ ਦੀਆਂ ਲੋਕ ਕਹਾਣੀਆਂ ਦਾ ਹਿੱਸਾ ਹਨ। ਇਸ ਰਚਨਾ ਦੀ ਕਹਾਣੀ ਪੰਜਾਬ ਦੀਆਂ ਪਰੀ-ਕਹਾਣੀਆਂ ਨਾਲ ਮਿਲਦੀ ਜੁਲਦੀ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਮੀਆਂ ਇਮਾਮ ਬਖ਼ਸ਼ ਨੇ ਆਪਣੀ ਇਸ ਰਚਨਾ ਵਿਚ ਇਕ ਲੋਕ-ਕਹਾਣੀ ਨੂੰ ਸਾਹਿੱਤਿਕ ਬ੍ਰਿਤਾਂਤ (narrative) ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਸਾਹਿੱਤਿਕ ਬ੍ਰਿਤਾਂਤ ਦੀ ਲੋਕ-ਕਹਾਣੀ ਦੇ ਲੋਕ-ਯਾਨਿਕ ਅਧਿਐਨ ਰਾਹੀਂ ਅਸੀਂ ਮਨੁੱਖ ਦੇ ਸੰਕਲਪਾਂ ਨੂੰ ਸਮਝਣ ਦਾ ਯਤਨ ਕਰ ਸਕਦੇ ਹਾਂ। ਮਨੁੱਖ ਦੀ ਸਮਾਜਿਕ ਅਤੇ ਸਭਿਆਚਾਰਿਕ ਜ਼ਿੰਦਗੀ ਉਸ ਦੇ ਆਪੇ ਦਾ ਵਿਕਾਸ ਕਰਦੀ ਹੈ। ਜਿਸ ਤਰ੍ਹਾਂ ਦੀ ਜ਼ਿੰਦਗੀ ਮਨੁੱਖ ਨੂੰ ਪ੍ਰਾਪਤ ਹੁੰਦੀ ਹੈ, ਉਸ ਦੇ ਸੰਕਲਪ ਵੀ ਉਸੇ ਤਰ੍ਹਾਂ ਦੇ ਬਣ ਜਾਂਦੇ ਹਨ। ਇਨ੍ਹਾਂ ਸੰਕਲਪਾਂ ਨੂੰ ਕੁਲ ਮਿਲਾ ਕੇ ਜੋ ਕੁਝ ਸਾਡੇ ਸਾਹਮਣੇ ਆਉਂਦਾ ਹੈ, ਉਸ ਨੂੰ ਅਸੀਂ ਉਸ ਦਾ ਆਪਾ ਕਹਿੰਦੇ ਹਾਂ। ਮਨੁੱਖ ਆਪਣੇ ਆਪ ਨੂੰ ਸਭਿਆਚਾਰ ਵਿਚ ਲੋਕ-ਕ੍ਰਿਤਾਂ (folk-creations) ਰਾਹੀਂ ਪ੍ਰਗਟਾਉਂਦਾ ਹੈ। ਲੋਕ-ਕਹਾਣੀ ਮਨੁੱਖ ਦੇ ਪ੍ਰਗਟਾਵੇ ਦਾ ਇਕ ਰੂਪ ਹੈ। ਲੋਕ ਕਹਾਣੀਆਂ ਵਿਚੋਂ ਵੀ ਪਰੀ-ਕਹਾਣੀ ਸਾਨੂੰ ਲੋਕ-ਮਨ ਦੇ ਜ਼ਿਆਦਾ ਨੇੜੇ ਲੈ ਜਾਂਦੀ ਹੈ, ਕਿਉਂਕਿ ਇਸ ਰਾਹੀਂ ਅਸੀਂ ਮਨੁੱਖ ਦੇ ਪਿਆਰ-ਨਫ਼ਰਤ, ਹੁਸਨ-ਇਸ਼ਕ, ਦੋਸਤੀ ਦੁਸ਼ਮਣੀ, ਸਵਰਗ-ਨਰਕ, ਖ਼ੂਬਸੂਰਤ-ਬਦਸੂਰਤ ਆਦਿ ਸੂਖਮ ਸੰਕਲਪਾਂ ਤਕ ਪਹੁੰਚ ਸਕਦੇ ਹਾਂ।

ਭਾਵੇਂ ਕਈ ਵਾਰ, ਸ਼ਾਹ ਬਹਿਰਾਮ ਦੇ ਮੁਸਲਮਾਨ ਬਾਦਸ਼ਾਹ ਹੋਣ ਬਾਰੇ, ਇਤਿਹਾਸਿਕ ਤੱਥ ਪੇਸ਼ ਕੀਤੇ

ਜਾਂਦੇ ਹਨ, ਪਰੰਤੂ ਮੀਆਂ ਇਮਾਮ ਬਖ਼ਸ਼ ਦੀ ਰਚਨਾ ਵਿਚ ਉਹ ਇਕ ਪਰੀ-ਕਹਾਣੀ ਦਾ ਪਾਤਰ ਬਣ ਕੇ ਹੀ ਆਉਂਦਾ ਹੈ। ਰਚਨਹਾਰੇ ਨੇ ਆਪਣੀ ਕਹਾਣੀ ਨੂੰ ਪੰਜਾਬੀ ਮੁਸਲਮਾਨੀ ਸਭਿਆਚਾਰ ਰਾਹੀਂ ਪੇਸ਼ ਕੀਤਾ ਹੈ। ਇਸ ਤਰ੍ਹਾਂ ਇਹ ਕਹਾਣੀ ਰਣਜੀਤ ਸਿੰਘ ਕਾਲ ਦੇ ਸਾਂਝੇ ਸਭਿਆਚਾਰ ਦੀ ਨੁਮਾਇੰਦਗੀ ਪੇਸ਼ ਕਰਦੀ ਹੈ। 'ਸ਼ਾਹ ਬਹਿਰਾਮ ਅਤੇ ਹੁਸਨ ਬਾਨੋ' ਦੀ ਪਰੀ-ਕਹਾਣੀ ਵਿਚ ਲੋਕ-ਮਨ (folk mind) ਦੇ ਸੂਖਮ ਸੰਕਲਪਾਂ ਨੂੰ ਸਮਝਣ ਲਈ ਅਸੀਂ ਇਸ ਰਚਨਾ ਦਾ ਚਿੰਨ੍ਹ-ਵਿਗਿਆਨਿਕ ਅਧਿਐਨ ਪੇਸ਼ ਕਰਨ ਦਾ ਯਤਨ ਕਰਾਂਗੇ। ਹੱਥਲੇ ਖੋਜ-ਪੱਤਰ ਵਿਚ ਅਸੀਂ ਚਿੰਨ੍ਹ-ਵਿਗਿਆਨ (semiology) ਦੇ ਸਿਧਾਂਤਿਕ (theoretical) ਵਰਣਨ ਦੇ ਵਿਸਤਾਰ ਵਿਚ ਨਹੀਂ ਜਾਵਾਂਗੇ, ਸਗੋਂ 'ਸ਼ਾਹ ਬਹਿਰਾਮ ਅਤੇ ਹੁਸਨ ਬਾਨੋ' ਦੇ ਅਧਿਐਨ ਰਾਹੀਂ, ਇਸ ਸਿਧਾਂਤ ਨੂੰ ਵਿਹਾਰਿਕ (applied) ਰੂਪ ਵਿਚ ਪੇਸ਼ ਕਰਨ ਦਾ ਯਤਨ ਕਰਾਂਗੇ। ਚਿੰਨ੍ਹ-ਵਿਗਿਆਨ ਦੇ ਸੰਕਲਪ ਦੀ ਸਥਾਪਨਾ ਆਧੁਨਿਕ ਭਾਸ਼ਾ-ਵਿਗਿਆਨ ਦੇ ਜਨਮ-ਦਾਤਾ, ਫ਼ਰਦੀਨੈਂਦ-ਦ-ਸਾਸਿਊਰ (Ferdinand de Sassure, 1974) ਨੇ ਕੀਤੀ। ਬਾਅਦ ਵਿਚ ਮਾਨਵ-ਵਿਗਿਆਨੀਆਂ ਅਤੇ ਭਾਸ਼ਾ-ਵਿਗਿਆਨੀਆਂ ਦੇ ਸਾਂਝੇ ਯਤਨਾਂ ਸਦਕਾ ਇਸ ਨੇ ਵਿਕਾਸ ਕੀਤਾ। ਗ੍ਰੇਮਾਸ (A.J. Greimas, 1975) ਨੇ ਇਕ ਬ੍ਰਿਤਾਂਤ (narrative) ਦੇ ਚਿੰਨ੍ਹ-ਵਿਗਿਆਨਿਕ ਅਧਿਐਨ ਲਈ ਮਾਡਲ ਪੇਸ਼ ਕੀਤਾ, ਜਿਸ ਨੂੰ ਉਸ ਨੇ ਮਿਥਿਹਾਸਿਕ ਅਕਤਾਂਸ਼ੀਅਲ ਮਾਡਲ (mythical actantial model) ਦਾ ਨਾਂ ਦਿੱਤਾ। ਉਸ ਨੇ, ਭਾਸ਼ਾ ਦੀ ਵਾਕ ਜੁਗਤ (syntactic structure), ਪਰੋਪ (V. Propp) ਦੇ ਰੂਸੀ ਲੋਕ ਕਹਾਣੀ ਦੇ ਅਧਿਐਨ ਅਤੇ ਸੂਰੀਓ (E. Souriau) ਦੇ 200,000 ਨਾਟਕੀ ਸਥਿਤੀਆਂ ਦੇ ਤਿੰਨ ਅਧਿਐਨ ਨੂੰ ਆਧਾਰ ਬਣਾ ਕੇ, ਤਿੰਨ ਜੋੜੇ ਅਕਤਾਂਸ਼ੀਅਲ ਵਰਗਾਂ (actantial categories) ਦੀ ਸਥਾਪਨਾ ਕੀਤੀ ਜਿੰਨ੍ਹਾਂ ਨੂੰ ਉਸ ਨੇ ਹੇਠ ਲਿਖੇ ਨਾਂ ਦਿੱਤੇ :

(ੳ) ਕਰਤਾ ਬਨਾਮ ਵਸਤੂ (subject vs object)

(ਅ) ਦੇਣ ਵਾਲਾ ਬਨਾਮ ਪ੍ਰਾਪਤ ਕਰਨ ਵਾਲਾ (destinateur vs destinataire)

(ੲ) ਮੱਦਦਗਾਰ ਬਨਾਮ ਵਿਰੋਧੀ (adjutant vs opposing)

ਇਨ੍ਹਾਂ ਵਰਗਾਂ ਦੇ ਆਧਾਰ ਉੱਤੇ ਉਸ ਨੇ ਆਪਣੇ ਮਾਡਲ ਨੂੰ ਹੇਠ ਲਿਖੇ ਅਨੁਸਾਰ ਪੇਸ਼ ਕੀਤਾ :

ਦੇਣ ਵਾਲਾ → ਵਸਤੂ → ਪ੍ਰਾਪਤ ਕਰਨ ਵਾਲਾ

↑

ਮੱਦਦਗਾਰ → ਕਰਤਾ ← ਵਿਰੋਧੀ

ਇਸ ਮਾਡਲ ਅਨੁਸਾਰ ਇਕ ਬ੍ਰਿਤਾਂਤ ਦਾ 'ਕਰਤਾ', 'ਮੱਦਦਗਾਰ' ਅਤੇ 'ਵਿਰੋਧੀ' ਸ਼ਕਤੀਆਂ ਦੇ ਅਸਰਾਂ ਅਧੀਨ, ਉਸ ਬ੍ਰਿਤਾਂਤ ਦੀ ਇੱਛਿਤ ਵਸਤੂ ਨੂੰ 'ਦੇਣ ਵਾਲੇ' ਤੋਂ ਲੈ ਕੇ 'ਪ੍ਰਾਪਤ ਕਰਨ ਵਾਲੇ' ਨੂੰ ਦਿੰਦਾ ਹੈ। ਇਸ ਲਈ ਇਕ ਬ੍ਰਿਤਾਂਤ ਦੀ ਅਕਤਾਂਸ਼ੀਅਲ ਜੁਗਤ ਸਮਝਣ ਲਈ, ਸਭ ਤੋਂ ਪਹਿਲਾਂ, ਅਸੀਂ ਇੱਛਿਤ ਵਸਤੂ ਨੂੰ ਢੂੰਡਦੇ ਹਾਂ। ਫਿਰ ਇਹ ਵੀ ਵੇਖਦੇ ਹਾਂ ਕਿ ਇਸ ਨੂੰ ਕਿਸ ਨੇ, ਕਿਸ ਨੂੰ ਕਿਸ ਕੋਲੋਂ ਕਿਨ੍ਹਾਂ ਮੱਦਦਗਾਰ ਅਤੇ ਵਿਰੋਧੀ ਸ਼ਕਤੀਆਂ ਦੇ ਅਸਰਾਂ ਅਧੀਨ ਲੈ ਕੇ ਦੇਣਾ ਹੈ। ਜੋ ਲੈ ਕੇ ਦਿੰਦਾ ਹੈ ਉਸ ਨੂੰ 'ਕਰਤਾ', ਜਿਸ ਤੋਂ ਲੈ ਕੇ ਦਿੰਦਾ ਹੈ ਉਸ ਨੂੰ 'ਦੇਣ ਵਾਲਾ' ਅਤੇ ਜਿਸ ਨੂੰ ਲੈ ਕੇ ਦਿੰਦਾ ਹੈ ਉਸ ਨੂੰ 'ਪ੍ਰਾਪਤ ਕਰਨ ਵਾਲਾ' ਕਹਿੰਦੇ ਹਨ। ਮਾਡਲ ਵਿਚਲੇ ਮੱਦਦਗਾਰ ਅਤੇ ਵਿਰੋਧੀ ਤਾਂ ਸਪਸ਼ਟ ਹੀ ਹਨ।

ਮੰਗਲਾਚਰਣ ਮੱਧ ਯੁਗ ਦੀ ਪੰਜਾਬੀ ਕਵਿਤਾ ਦਾ ਮਹੱਤਵਪੂਰਨ ਹਿੱਸਾ ਹੈ। ਆਪਣੀ ਰਚਨਾ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਰਚਨਹਾਰਾ ਇਸ ਹਿੱਸੇ ਵਿਚ ਆਪਣੇ ਪਰਮਾਤਮਾ ਦੀ ਉਸਤਤ ਕਰਦਾ ਹੈ। ਇਸ ਦੇ ਨਾਲ ਕਵਿਤਾ ਦੇ ਇਸ ਹਿੱਸੇ ਵਿਚ ਉਹ ਆਪਣੀ ਰਚਨਾ ਦੇ ਵਿਸ਼ੇ ਦੇ ਮੁੱਢਲੇ ਵਿਰੋਧਾਂ (basic oppositions) ਨੂੰ ਪੇਸ਼ ਕਰ ਦਿੰਦਾ ਹੈ। ਮੰਗਲਾਚਰਣ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਹਥਲੀ ਰਚਨਾ ਵਿਚ ਕਿਹੜੇ ਵਿਰੋਧਾਂ ਨੂੰ ਆਧਾਰ ਬਣਾਇਆ ਗਿਆ ਹੈ। ਇਨ੍ਹਾਂ ਰਾਹੀਂ ਅਸੀਂ ਰਚਨਾ ਦੇ ਵਿਸ਼ੇ ਅਤੇ ਉਸ ਵਿਚ ਪੇਸ਼ ਕੀਤੇ ਸੰਕਲਪ ਦੀ ਜੁਗਤ (structure) ਤਕ ਬੜੀ ਆਸਾਨੀ ਨਾਲ ਪਹੁੰਚ ਜਾਂਦੇ ਹਾਂ। ਸ਼ਾਹ ਬਹਿਰਾਮ ਅਤੇ ਹੁਸਨ ਬਾਨੋ ਦੇ ਮੰਗਲਾਚਰਣ ਵਿਚ ਮੀਆਂ ਅਮਾਮ ਬਖ਼ਸ਼ ਲਿਖਦਾ ਹੈ :

ਯਾ ਰੱਬ ਤੇਰੀਆਂ ਸਿਫਤਾਂ ਤੋੜੀ ਕੋਈ ਨਾ ਪਹੁੰਚ ਸਕੇ ।
ਆਦਮ ਜਿੰਨ ਮਲਾਇਕ ਹਰ ਸੈਂ ਸਿਫਤਾਂ ਕਰ ਕਰ ਥਕੇ ।

... ...

ਨਰ ਨਾਰੀ ਤਾਂ ਪਹੁੰਚ ਨਾ ਸਕੇ ਕਰ ਕਰ ਰਹੇ ਚਲਾਕੀ ।
ਸਿਫਤ ਤੇਰੀ ਨੂੰ ਕਿਦਾਂ ਪਹੁੰਚੇ ਆਜਜ਼ ਬੰਦਾ ਖ਼ਾਕੀ ।

(ਸ਼ਾਹ ਬਹਿਰਾਮ ਅਤੇ ਹੁਸਨ ਬਾਨੋ, ਪੰ. 1)

ਤੇ ਪਰੀਆਂ ਦੇ ਆਪਸੀ ਵਿਰੋਧ ਨੂੰ ਪੇਸ਼ ਕਰ ਦਿੰਦਾ ਹੈ । ਉਹ ਖ਼ੁਦਾ ਦੀ ਅਰਾਧਨਾ ਕਰਦਾ ਹੋਇਆ, ਖ਼ਾਕੀ ਆਦਮੀ ਅਤੇ ਨਾਰੀ ਜਿੰਨਾਂ ਤੇ ਪਰੀਆਂ ਦੀ 'ਚਲਾਕੀ', ਆਦਮੀਆਂ ਦੀ ਖ਼ਾਕੀ ਹੋਣ ਦੀ ਮਜਬੂਰੀ ਅਤੇ ਦੋਵਾਂ ਦੇ ਆਪਸੀ ਸੰਬੰਧ ਨੂੰ ਇਸ ਕਹਾਣੀ ਦਾ ਮੁੱਖ ਵਿਸ਼ਾ ਬਣਾਇਆ ਗਿਆ ਹੈ । ਜਿੰਨਾਂ ਅਤੇ ਪਰੀਆਂ ਦੀ ਆਤਸ਼ੀ ਜਾਂ ਨਾਰੀ ਹੋਂਦ ਦੇ ਸਾਹਮਣੇ ਮਨੁੱਖ ਦਾ ਖ਼ਾਕੀ ਹੋਣਾ ਸਾਡੇ ਸਾਹਮਣੇ ਇਕ ਚਿੰਨ੍ਹ-ਵਿਗਿਆਨਿਕ ਜੁਗਤ (semiological structure) ਬਣਕੇ ਆਉਂਦਾ ਹੈ, ਭਾਵ ਇਹ ਕਿ ਜਿੰਨ ਤੇ ਪਰੀਆਂ ਖ਼ਾਕੀ ਮਨੁੱਖ ਦੀ ਸੋਚ ਨੂੰ ਪ੍ਰਗਟਾਉਂਦੇ ਹਨ । ਇਸ ਤਰ੍ਹਾਂ ਸ਼ਾਹ ਬਹਿਰਾਮ ਅਤੇ ਹੁਸਨ ਬਾਨੋ ਦਾ ਬ੍ਰਿਤਾਂਤ ਖ਼ਾਕੀ (ਮਨੁੱਖੀ) ਅਤੇ ਨਾਰੀ (ਪਰੀਆਂ ਦੀ) ਹੋਂਦਾਂ ਦੇ ਆਪਸੀ ਵਿਰੋਧ ਨੂੰ ਲੈ ਕੇ ਚਲਦਾ ਹੈ । ਇਨ੍ਹਾਂ ਹੋਂਦਾਂ ਦੀ ਆਪਣੀ-ਆਪਣੀ ਪ੍ਰਕ੍ਰਿਤੀ ਹੈ । ਇਹੋ ਪ੍ਰਕ੍ਰਿਤੀ ਇਨ੍ਹਾਂ ਦੇ ਵਿਰੋਧ ਨੂੰ ਸਥਾਪਿਤ ਕਰਦੀ ਹੈ । ਇਨ੍ਹਾਂ ਹੋਂਦਾਂ ਦੀ ਆਪਸੀ ਖਿੱਚ ਇਨ੍ਹਾਂ ਦੇ ਵਿਰੋਧ ਪਿੱਛੇ ਲੁਕੇ ਮੇਲ (co-relation) ਨੂੰ ਪ੍ਰਗਟਾਉਂਦੀ ਹੈ ।

'ਸ਼ਾਹ ਬਹਿਰਾਮ ਅਤੇ ਹੁਸਨ ਬਾਨੋ' ਦੇ ਬ੍ਰਿਤਾਂਤ ਨੂੰ ਗ੍ਰੇਮਾਸ ਦੇ ਮਾਡਲ ਰਾਹੀਂ ਅਸੀਂ ਹੇਠ ਲਿਖੇ ਅਨੁਸਾਰ ਪੇਸ਼ ਕਰ ਸਕਦੇ ਹਾਂ :

ਕਰਤਾ	:	ਸ਼ਾਹ ਬਹਿਰਾਮ
ਵਸਤੂ	:	ਹੁਸਨ ਬਾਨੋ
ਦੇਣ ਵਾਲਾ	:	ਨਰਗਸ ਬਾਨੋ ਅਤੇ ਸ਼ਾਹ ਪਰੀਆਂ ਦਾ
ਲੈਣ ਵਾਲਾ	:	ਸ਼ਾਹ ਬਹਿਰਾਮ
ਮੱਦਦਗਾਰ	:	ਦੇਵ ਸਫ਼ੈਦ, ਸਰਵਾਨ, ਸੁਰਖਾਸ, ਗੰਧਕ, ਗੰਧਾਲ, ਬੁੱਢਾ ਦੇਵ
ਵਿਰੋਧੀ	:	ਵਜ਼ੀਰ, ਜੀਕਰ ਦੇਵ

ਇਸ ਬ੍ਰਿਤਾਂਤ ਦੀ 'ਇੱਛਿਤ ਵਸਤੂ' (object of desire) ਹੁਸਨ ਬਾਨੋ ਹੈ ਅਤੇ ਇਸੇ ਆਧਾਰ ਉੱਤੇ ਅਸੀਂ ਇਸ ਬ੍ਰਿਤਾਂਤ ਨੂੰ ਉਪਰੋਕਤ ਮਾਡਲ ਰਾਹੀਂ ਪੇਸ਼ ਕੀਤਾ ਹੈ, ਜਿਸ ਦੀ ਵਿਆਖਿਆ ਇਸ ਤਰ੍ਹਾਂ ਹੈ :

ਕਰਤਾ ਬਨਾਮ ਵਸਤੂ : ਸ਼ਾਹ ਬਹਿਰਾਮ ਫ਼ਾਰਸ ਸ਼ਹਿਰ ਦਾ ਖ਼ੂਬਸੂਰਤ ਬਾਦਸ਼ਾਹ ਸੀ । ਉਸ ਦੇ ਸੁਹੱਪਣ ਉੱਤੇ ਮੋਹਿਤ ਹੋ ਕੇ, ਦੇਵਾਂ ਦਾ ਬਾਦਸ਼ਾਹ, ਦੇਵ ਸਫ਼ੈਦ ਉਸ ਨੂੰ ਆਪਣੀ ਦੁਨੀਆ ਵਿਚ ਲੈ ਜਾਂਦਾ ਹੈ । ਇਥੇ ਉਸ ਦੀ ਮੁਲਾਕਾਤ ਹੁਸਨ ਬਾਨੋ ਨਾਲ ਹੁੰਦੀ ਹੈ । ਦੋਵਾਂ ਦਾ ਇਸ਼ਕ ਹੁਸਨਬਾਨੋ ਨੂੰ ਸ਼ਾਹ ਬਹਿਰਾਮ ਦੀ ਇੱਛਿਤ ਵਸਤੂ ਬਣਾ ਦਿੰਦਾ ਹੈ । ਖ਼ਾਕੀ ਹੋਂਦ (ਸ਼ਾਹ ਬਹਿਰਾਮ) ਨਾਰੀ ਹੋਂਦ (ਹੁਸਨ ਬਾਨੋ) ਨੂੰ ਪ੍ਰਾਪਤ ਕਰਨ ਦੀ ਇੱਛਾ ਪੈਦਾ ਕਰ ਲੈਂਦੀ ਹੈ ਪਰੰਤੂ ਉਸ ਦੀ ਪ੍ਰਕ੍ਰਿਤੀ ਨਾਰੀ ਹੋਂਦ ਵਰਗੀ ਨਹੀਂ । ਸ਼ਾਹ ਬਹਿਰਾਮ ਹੁਸਨ ਬਾਨੋ ਵਾਂਗ ਦੋਹਾਂ ਹੋਂਦਾਂ (ਨੂਰੀ ਅਤੇ ਖ਼ਾਕੀ) ਦੇ ਸੰਸਾਰਾਂ ਵਿਚ ਨਹੀਂ ਘੁੰਮ ਸਕਦਾ । ਉਸ ਕੋਲ ਦੇਹ-ਪਰਿਵਰਤਨ (transformation) ਦੀ ਸ਼ਕਤੀ ਨਹੀਂ । ਉਹ ਹੁਸਨ ਬਾਨੋ ਵਾਂਗ ਪਰੀ ਤੋਂ ਕਬੂਤਰ ਵੀ ਨਹੀਂ ਬਣ ਸਕਦਾ । ਉਸ ਨੇ ਹੁਸਨ ਬਾਨੋ ਨੂੰ ਦੇਵ ਸਫ਼ੈਦ ਦੇ ਬਾਗ਼ ਵਿਚ ਕਬੂਤਰ ਦੇ ਰੂਪ ਵਿਚ ਵੇਖਿਆ ਸੀ, ਆਪਣਾ ਰਖਤ ਉਤਾਰਨ ਮਗਰੋਂ ਹੁਸਨ ਬਾਨੋ ਨੇ ਇਕ ਪਰੀ ਦਾ ਰੂਪ ਲੈ ਲਿਆ । ਸ਼ਾਹ ਬਹਿਰਾਮ ਦੁਆਰਾ ਉਸ ਦਾ ਰਖਤ ਚੋਰੀ ਕਰਨ ਕਰਕੇ ਉਹ ਉਸ ਦੇ ਸਾਹਮਣੇ ਆਈ ਅਤੇ ਉਸ ਨੂੰ ਵੇਖਣ ਸਾਰ ਪ੍ਰਭਾਵਿਤ ਹੋ ਗਈ । ਪਰੰਤੂ ਉਹ ਦੋਹਾਂ ਦੀਆਂ ਹੋਂਦਾਂ ਦੀ ਮਜਬੂਰੀ ਤੋਂ ਸੁਚੇਤ ਹੋ ਕੇ ਕਹਿੰਦੀ ਹੈ ਕਿ :

ਕਹਿੰਦੀ ਸੁਣ ਬਹਿਰਾਮ ਸ਼ਾਹਜ਼ਾਦੇ ਸਾਡੀ ਜ਼ਾਤ ਨਿਆਰੀ ।
ਅਸਲੀ ਜਿਸਮ ਤੁਸਾਂ ਦਾ ਖ਼ਾਕੀ ਸਾਡਾ ਜੁੱਸਾ ਨਾਰੀ ।
ਆਪਸ ਵਿਚ ਖ਼ਾਕੀ ਨਾਰੀ ਦਾ ਜ਼ਰਾ ਜਿਸਮ ਨਾ ਰਲਦਾ ।
ਮੇਰਾ ਤੇਰਾ ਕੀਕਰ ਹੋਵੇ ਪੈਵੰਦ ਵਸਲ ਦਾ ।

(*ਸ਼ਾਹ ਬਹਿਰਾਮ ਤੇ ਹੁਸਨ ਬਾਨੋ*, ਪੰ. 11)

ਹੁਸਨ ਬਾਨੋ ਅਨੁਸਾਰ ਇਕ ਤਾਂ ਖ਼ਾਕੀ ਅਤੇ ਨਾਰੀ ਦਾ ਜਿਸਮ ਨਹੀਂ ਰਲਦਾ ਅਤੇ ਦੂਜਾ ਨਾਰੀ ਸੰਸਾਰ ਵਿਚ ਖ਼ਾਕੀ ਸੰਸਾਰ ਦੀ ਬੇਵਫ਼ਾਈ ਕਾਫ਼ੀ ਮਸ਼ਹੂਰ ਹੈ । ਸ਼ਾਹ ਬਹਿਰਾਮ ਆਪਣੇ ਇਸ਼ਕ ਦੇ ਸਿਰ ਤੋਂ ਇਨ੍ਹਾਂ ਦੋਹਾਂ ਮੁਸ਼ਕਲਾਂ ਨੂੰ ਆਸਾਨ ਕਰ ਲੈਂਦਾ ਹੈ । ਉਹ ਹੁਸਨ ਬਾਨੋ ਦੀ ਮੁਹੱਬਤ ਪਾ ਲੈਂਦਾ ਹੈ, ਪਰੰਤੂ ਉਹ ਜਦੋਂ ਵੀ ਉਸ ਦੇ ਵਸਲ ਦੀ ਇੱਛਾ ਪ੍ਰਗਟ ਕਰਦਾ ਹੈ ਤਾਂ ਉਹ ਉਸ ਨੂੰ ਰੋਕ ਦਿੰਦੀ ਹੈ ਕਿ :

ਕਹਿੰਦੀ ਸ਼ਾਹ ਬਹਿਰਾਮਾਂ ਮੈਨੂੰ ਤੂੰ ਹਰਗਿਜ਼ ਅੰਗ ਨਾ ਲਾਈਂ ।
ਬਿਨਾ ਇਜਾਜ਼ਤ ਮਾਂ ਬਾਪ ਮੇਰੇ ਦੇ ਇਹ ਗੱਲ ਲਾਇਕ ਨਾਹੀਂ ।

(*ਸ਼ਾਹ ਬਹਿਰਾਮ ਤੇ ਹੁਸਨ ਬਾਨੋ*, ਪੰ. 16)

ਹੁਸਨ ਬਾਨੋ ਦੇ ਮਾਂ ਬਾਪ ਪਰੀਆਂ ਦੇ ਦੇਸ਼ ਸ਼ਹਿਰ ਸਬਜ਼ ਦੇ ਮਾਲਕ ਹਨ, ਜਿਥੇ ਪਰੀਆਂ ਤੋਂ ਬਿਨਾ ਹੋਰ ਕੋਈ ਨਹੀਂ ਪਹੁੰਚ ਸਕਦਾ । ਸ਼ਾਹ ਬਹਿਰਾਮ ਮੱਦਦਗਾਰਾਂ ਦੀ ਸਹਾਇਤਾ ਨਾਲ ਪਰੀਆਂ ਦੇ ਦੇਸ਼ ਪਹੁੰਚ ਜਾਂਦਾ ਹੈ ਅਤੇ ਨਾਰੀ ਹੋਂਦ ਦੀ ਪ੍ਰਕ੍ਰਿਤੀ ਦੇ ਗੁਣਾਂ ਦੀ ਨੁਮਾਇਸ਼ ਲਾ ਕੇ, ਹੁਸਨ ਬਾਨੋ ਦੇ ਮਾਂ-ਪਿਉ ਨੂੰ ਪ੍ਰਭਾਵਿਤ ਕਰ ਲੈਂਦਾ ਹੈ ।ਉਹ ਹੁਸਨ ਬਾਨੋ ਦਾ ਵਿਆਹ ਉਸ ਨਾਲ ਕਰ ਦਿੰਦੇ ਹਨ । ਉਸ ਨੂੰ ਲੈ ਕੇ ਉਹ ਆਪਣੇ ਸ਼ਹਿਰ ਫ਼ਾਰਸ ਆ ਜਾਂਦਾ ਹੈ । ਇਸ ਤਰ੍ਹਾਂ ਖ਼ਾਕੀ ਆਦਮੀ (ਸ਼ਾਹ ਬਹਿਰਾਮ) ਨਾਰੀ ਪਰੀ (ਹੁਸਨ ਬਾਨੋ) ਨੂੰ ਆਪਣੇ ਸੰਸਾਰ ਵਿਚ ਲਿਆਉਣ ਵਿਚ ਕਾਮਯਾਬ ਹੋ ਜਾਂਦਾ ਹੈ ।

ਦੇਣ ਵਾਲਾ ਬਨਾਮ ਲੈਣ ਵਾਲਾ : ਸ਼ਾਹ ਬਹਿਰਾਮ ਅਤੇ ਹੁਸਨ ਬਾਨੋ ਇਕ ਦੂਜੇ ਦਾ ਇਸ਼ਕ ਕਬੂਲ ਕਰ ਲੈਂਦੇ ਹਨ, ਪਰੰਤੂ ਦੋਹਾਂ ਦਾ ਮੇਲ ਤਾਂ ਹੀ ਸੰਭਵ ਹੈ ਜੇ ਹੁਸਨ ਬਾਨੋ ਦੇ ਮਾਂ-ਬਾਪ ਆਪਣੀ ਨਾਰੀ ਹੋਂਦ ਦੇ ਹੁੰਦੇ ਹੋਏ ਆਪਣੀ ਧੀ ਇਕ ਖ਼ਾਕੀ ਹੋਂਦ ਵਾਲੇ ਨਾਲ ਤੋਰਨਾ ਮੰਨ ਜਾਣ । ਸ਼ਾਹ ਬਹਿਰਾਮ ਤੋਂ ਰੁਖ਼ਸਤ ਹੋ ਕੇ ਹੁਸਨ ਬਾਨੋ ਆਪਣੇ ਦੇਸ਼ ਸ਼ਹਿਰ ਸਬਜ਼ ਪਹੁੰਚ ਜਾਂਦੀ ਹੈ । ਜਦੋਂ ਉਸ ਦੀ ਕੁੜਮਾਈ ਦੀ ਗੱਲ ਚਲਦੀ ਹੈ ਤਾਂ ਉਹ ਆਪਣੀ ਮਾਂ ਨਰਗਸ ਬਾਨੋ ਨੂੰ ਆਪਣੀ ਮੁਹੱਬਤ ਦਾ ਸਾਰਾ ਕਿੱਸਾ ਦੱਸ ਦਿੰਦੀ ਹੈ । ਇਸ ਕਿੱਸੇ ਨੂੰ ਸੁਣ ਕੇ ਉਸ ਦਾ ਪਿਉ, ਪਰੀਆਂ ਦਾ ਸ਼ਾਹ, ਉਸ ਨੂੰ ਕੈਦ ਕਰ ਦਿੰਦਾ ਹੈ । ਨਰਗਸ ਬਾਨੋ ਉਸ ਨੂੰ ਸਮਝਾਉਂਦੀ ਹੋਈ ਕਹਿੰਦੀ ਹੈ ਕਿ :

ਮਰਦ ਖ਼ਾਕੀ ਨਾਲ ਬਚੀ ਤੂੰ ਕਿਉਂ ਯਰਾਨਾ ਲਾਇਆ ।
ਆਪਣੀ ਕੌਮ ਵਿਚੋਂ ਵਰ ਤੈਨੂੰ ਨਾ ਕੋਈ ਹਥ ਆਯਾ ।

(*ਸ਼ਾਹ ਬਹਿਰਾਮ ਤੇ ਹੁਸਨ ਬਾਨੋ*, ਪੰ. 37)

ਸ਼ਾਹ ਬਹਿਰਾਮ ਦਾ ਸ਼ਹਿਰ ਸਬਜ਼ ਪਹੁੰਚਣਾ ਅਤੇ ਪਹੁੰਚ ਕੇ ਪਰੀਆਂ ਦੇ ਸ਼ਾਹ ਦੀ ਸੱਤਾਂ ਦਰਵਾਜ਼ਿਆਂ ਵਾਲੀ ਕੈਦ ਨੂੰ ਤੋੜ ਕੇ ਹੁਸਨ ਬਾਨੋ ਨੂੰ ਆਜ਼ਾਦ ਕਰਾ ਲੈਣਾ, ਨਰਗਸ ਬਾਨੋ ਅਤੇ ਪਰੀਆਂ ਦੇ ਸ਼ਾਹ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ । ਇਕ ਖ਼ਾਕੀ ਖ਼ੂਬਸੂਰਤ ਆਦਮੀ ਕੋਲ, ਨਾਰੀ ਪ੍ਰਕ੍ਰਿਤੀ ਵਾਲੀਆਂ ਪਰੀਆਂ ਨਾਲੋਂ ਜ਼ਿਆਦਾ ਸ਼ਕਤੀ ਵੇਖ ਕੇ, ਉਹ ਆਪਣੀ ਧੀ, ਹੁਸਨ ਬਾਨੋ ਨੂੰ ਸ਼ਾਹ ਬਹਿਰਾਮ ਨਾਲ ਤੋਰ ਦਿੰਦੇ ਹਨ ।

ਮੱਦਦਗਾਰ ਅਤੇ ਵਿਰੋਧੀ : ਸ਼ਾਹ ਬਹਿਰਾਮ ਹੁਸਨ ਬਾਨੋ ਨੂੰ ਪ੍ਰਾਪਤ ਕਰਨਾ ਚਾਹੁੰਦਾ ਸੀ । ਇਸ ਬ੍ਰਿਤਾਂਤ ਵਿਚ ਉਸ ਦੀ ਇਸ ਪ੍ਰਾਪਤੀ ਲਈ ਕੁਝ ਸ਼ਕਤੀਆਂ ਉਸ ਦੀ ਮੱਦਦ ਕਰਦੀਆਂ ਹਨ ਅਤੇ ਕੁਝ ਉਸ ਦਾ ਵਿਰੋਧ ਕਰਦੀਆਂ ਹਨ : ਇੱਛਿਤ ਵਸਤੂ ਦੀ ਪ੍ਰਾਪਤੀ ਲਈ ਮੱਦਦ ਤੇ ਵਿਰੋਧ, ਖ਼ਾਕੀ ਅਤੇ ਨਾਰੀ, ਦੋਹਾਂ ਸੰਸਾਰਾਂ ਵਿਚ ਹੀ ਹੁੰਦਾ ਹੈ । ਸਭ ਤੋਂ ਪਹਿਲਾਂ ਤਾਂ ਦੇਵ ਸਫ਼ੈਦ ਫ਼ਾਰਸ ਸ਼ਹਿਰ ਆਉਂਦਾ ਹੈ । ਉਹ ਸ਼ਾਹ ਬਹਿਰਾਮ ਦੇ ਸੁਹੱਪਣ ਤੋਂ ਪ੍ਰਭਾਵਿਤ ਹੋ ਕੇ, ਉਸ ਨੂੰ ਮੁਹੱਬਤ ਕਰਨ ਲੱਗ ਪੈਂਦਾ ਹੈ । ਇਕ ਦਿਨ ਉਹ ਘੋੜੇ ਦਾ ਰੂਪ ਧਾਰਨ

ਕਰਕੇ ਉਸ ਨੂੰ ਆਪਣੇ ਉੱਤੇ ਬੈਠਾ ਕੇ ਆਪਣੇ ਦੇਸ਼ ਲੈ ਜਾਂਦਾ ਹੈ। ਇਥੇ ਸ਼ਾਹ ਬਹਿਰਾਮ ਦੀ ਮੁਲਾਕਾਤ ਹੁਸਨ ਬਾਨੋ ਨਾਲ ਹੁੰਦੀ ਹੈ। ਸਿਰਫ਼ ਦੇਵ ਸਫ਼ੈਦ ਦੀ ਮੱਦਦ ਸਦਕਾ ਹੀ ਉਹ ਖ਼ਾਕੀ ਤੋਂ ਨਾਰੀ ਸੰਸਾਰ ਪਹੁੰਚ ਸਕਦਾ ਹੈ। ਦੇਵ ਸਫ਼ੈਦ ਸ਼ਾਹ ਬਹਿਰਾਮ ਨੂੰ ਵੀ ਪਿਆਰ ਕਰਦਾ ਹੈ ਅਤੇ ਹੁਸਨ ਬਾਨੋ ਨੂੰ ਵੀ। ਇਸ ਲਈ ਹੁਸਨ ਬਾਨੋ ਅਤੇ ਸ਼ਾਹ ਬਹਿਰਾਮ ਦੀ ਮੁਹੱਬਤ ਵੇਖ ਕੇ ਉਹ ਆਪਣੀ ਮੁਹੱਬਤ ਕੁਰਬਾਨ ਕਰ ਦਿੰਦਾ ਹੈ। ਇਸੇ ਤਰ੍ਹਾਂ ਜਦੋਂ ਸ਼ਾਹ ਬਹਿਰਾਮ ਆਪਣੇ ਸ਼ਹਿਰ ਜਾਂਦਾ ਹੈ ਤਾਂ ਉਹ ਉਸ ਨੂੰ ਸੁਲੇਮਾਨੀ ਸੁਰਮਾ ਅਤੇ ਆਪਣਾ ਇਕ ਵਾਲ ਦਿੰਦਾ ਹੈ ਜਿੰਨ੍ਹਾਂ ਦੀ ਮੱਦਦ ਨਾਲ ਉਹ ਦੇਵ ਸਫ਼ੈਦ ਨੂੰ ਬੁਲਾ ਕੇ ਆਪਣੇ ਖ਼ਾਕੀ ਵਿਰੋਧੀ, ਵਜ਼ੀਰ ਦਾ ਖ਼ਾਤਮਾ ਕਰਵਾ ਦਿੰਦਾ ਹੈ। ਫਿਰ ਜਦੋਂ ਸ਼ਾਹ ਬਹਿਰਾਮ ਪਰੀਆਂ ਦੇ ਸ਼ਹਿਰ ਸਬਜ਼ ਦਾ ਪਤਾ ਲਾਉਣਾ ਚਾਹੁੰਦਾ ਹੈ, ਉਹ ਉਸ ਨੂੰ ਆਪਣੇ ਭਰਾ ਸੁਰਖ਼ਾਸ ਕੋਲ ਕੋਹਕਾਫ਼ ਭੇਜ ਦਿੰਦਾ ਹੈ। ਉਹ ਭੀੜ ਪੈਣ ਉੱਤੇ ਸ਼ਾਹ ਬਹਿਰਾਮ ਦੇ ਨਾਰੀ ਵਿਰੋਧੀ, ਜੀਕਰ ਦੇਵ, ਨੂੰ ਖ਼ਤਮ ਕਰਨ ਵਿਚ ਵੀ ਮੱਦਦਗਾਰ ਹੁੰਦਾ ਹੈ।

ਦੇਵ ਸਫ਼ੈਦ ਦੇ ਦੇਸ਼ ਤੋਂ ਦੋ ਸ਼ਾਹ ਬਹਿਰਾਮ ਨੂੰ ਸੁਰਖ਼ਾਸ ਕੋਲ ਕੋਹਕਾਫ਼ ਲੈ ਆਉਂਦੇ ਹਨ, ਪਰੰਤੂ ਉਸ ਨੂੰ ਵੀ ਸ਼ਹਿਰ ਸਬਜ਼ ਦਾ ਪਤਾ ਨਹੀਂ ਹੁੰਦਾ। ਉਹ ਉਸ ਨੂੰ ਆਪਣੇ ਭਰਾ ਗੰਧਕ ਦੇਵ ਕੋਲ ਭੇਜ ਦਿੰਦਾ ਹੈ। ਉਹ ਤੋਹਫ਼ੇ ਵਜੋਂ ਉਸ ਨੂੰ ਇਕ ਸੁਲੇਮਾਨੀ ਟੋਪੀ ਅਤੇ ਆਪਣੇ ਸ਼ਰੀਰ ਦਾ ਵਾਲ ਦਿੰਦਾ ਹੈ। ਇਹ ਟੋਪੀ ਪਹਿਨ ਕੇ ਉਹ ਸਭ ਨੂੰ ਵੇਖ ਤਾਂ ਸਕੇਗਾ ਪਰੰਤੂ ਕਿਸੇ ਨੂੰ ਵਿਖਾਈ ਨਹੀਂ ਦੇਵੇਗਾ ਅਤੇ ਮੁਸੀਬਤ ਵੇਲੇ ਵਾਲ ਜਲਾਉਣ ਨਾਲ ਸੁਰਖ਼ਾਸ ਦੇਵ ਦੀ ਮੱਦਦ ਵੀ ਪ੍ਰਾਪਤ ਕਰ ਸਕੇਗਾ।

ਪਰੰਤੂ ਜਦੋਂ ਸ਼ਾਹ ਬਹਿਰਾਮ ਗੰਧਕ ਦੇਵ ਕੋਲ ਜਾਂਦਾ ਹੈ ਤਾਂ ਉਹ ਉਸ ਨੂੰ ਇਕ ਆਸਾ ਅਤੇ ਆਪਣੇ ਸ਼ਰੀਰ ਦਾ ਵਾਲ ਦੇ ਕੇ ਆਪਣੇ ਵੱਡਾ ਭਰਾ, ਗੰਧਾਲ ਦੇਵ ਕੋਲ ਭੇਜ ਦਿੰਦਾ ਹੈ। ਆਸਾ ਬੰਦ ਦਰਵਾਜ਼ੇ ਖੋਲ੍ਹ ਸਕਦਾ ਹੈ ਅਤੇ ਖਾਣ ਦੀਆਂ ਚੀਜ਼ਾਂ ਪੈਦਾ ਕਰ ਸਕਦਾ ਹੈ। ਗੰਧਾਲ ਦੇਵ ਆਪਣੇ ਇਕ ਬੁਢੇ ਪੁਰਾਣੇ ਦੇਵ ਨੂੰ ਸ਼ਾਹ ਬਹਿਰਾਮ ਨਾਲ ਭੇਜਦਾ ਹੈ ਜਿਸ ਨੂੰ ਸ਼ਹਿਰ ਸਬਜ਼ ਦਾ ਪਤਾ ਹੁੰਦਾ ਹੈ। ਉਹ ਉਸ ਨੂੰ ਇਕ ਸੁਲੇਮਾਨੀ ਜੋੜਾ ਅਤੇ ਆਪਣੇ ਸਰੀਰ ਦਾ ਇਕ ਵਾਲ ਦਿੰਦਾ ਹੈ। ਜੋੜਾ ਪਾਉਣ ਨਾਲ ਸੈਂਕੜੇ ਮੀਲ ਪੈਂਡਾ ਕਰਕੇ ਵੀ ਮਨੁੱਖ ਥੱਕਦਾ ਨਹੀਂ।

ਨਾਰੀ ਸੰਸਾਰ ਦੀਆਂ ਮੱਦਦਗਾਰ ਸ਼ਕਤੀਆਂ ਅਤੇ ਉਨ੍ਹਾਂ ਦੀ ਮੱਦਦ ਨੂੰ ਅਸੀਂ ਹੇਠ ਲਿਖੇ ਅਨੁਸਾਰ ਵਿਖਾ ਸਕਦੇ ਹਾਂ।

ਮੱਦਦਗਾਰ	ਮੱਦਦ	ਸ਼ਕਤੀ
ਦੇਵ ਸਫ਼ੈਦ	ਸੁਲੇਮਾਨੀ ਸੁਰਮਾ	ਹਨੇਰੇ ਵਿਚ ਵੇਖਣ ਦੀ ਸ਼ਕਤੀ
	ਸ਼ਰੀਰ ਦਾ ਵਾਲ	ਔਖੇ ਵੇਲੇ ਮੱਦਦ
ਸੁਰਖ਼ਾਸ	ਸੁਲੇਮਾਨੀ ਟੋਪੀ	ਪਹਿਨ ਕੇ ਅਲੋਪ ਹੋਣ ਦੀ ਸ਼ਕਤੀ
	ਸ਼ਰੀਰ ਦਾ ਵਾਲ	ਔਖੇ ਵੇਲੇ ਮੱਦਦ
ਗੰਧਕ	ਆਸਾ	ਭੋਜਨ ਪੈਦਾ ਕਰਨ ਦੀ ਸ਼ਕਤੀ
		ਬੰਦ ਦਰਵਾਜ਼ੇ ਖੋਲ੍ਹਣ ਦੀ ਸ਼ਕਤੀ
	ਸ਼ਰੀਰ ਦਾ ਵਾਲ	ਔਖੇ ਵੇਲੇ ਮੱਦਦ
ਗੰਧਾਲ	ਸੁਲੇਮਾਨੀ ਜੋੜਾ	ਸੈਂਕੜੇ ਮੀਲ ਬਿਨਾ ਥਕਾਵਟ ਤੋਂ ਸਫ਼ਰ
	ਸ਼ਰੀਰ ਦਾ ਵਾਲ	ਔਖੇ ਵੇਲੇ ਮੱਦਦ
	ਇਕ ਬੁੱਢਾ ਦੇਵ	ਸ਼ਹਿਰ ਸਬਜ਼ ਦਾ ਵਾਕਫ਼

ਸ਼ਾਹ ਬਹਿਰਾਮ ਬੁੱਢੇ ਦੇਵ ਦੀ ਮੱਦਦ ਨਾਲ ਸ਼ਹਿਰ ਸਬਜ਼ ਦੇ ਦਰਵਾਜ਼ੇ ਤਕ ਪਹੁੰਚ ਜਾਂਦਾ ਹੈ, ਉਹ ਬੁੱਢੇ ਦੇਵ ਨੂੰ ਵਾਪਸ ਭੇਜ ਕੇ ਆਪ ਦਰਵਾਜ਼ੇ ਅੰਦਰ ਸੁਨਹਿਰੀ ਡੂੰਘੀ ਖੁੰਦਰ ਵਿਚ ਉਤਰ ਜਾਂਦਾ ਹੈ। ਸਿਰ ਉੱਤੇ ਟੋਪੀ ਤੇ ਪੈਰੀ ਜੋੜਾ ਪਾ ਲੈਂਦਾ ਹੈ। ਹਨੇਰੇ ਵਿਚ ਵੇਖਣ ਲਈ ਉਹ ਸੁਲੇਮਾਨੀ ਸੁਰਮੇ ਦੀ ਵਰਤੋਂ ਕਰਦਾ। ਇਸ ਤਰ੍ਹਾਂ ਹਨੇਰੇ, ਡੂੰਘੇ ਤੇ ਲੰਮੇ ਰਾਹਾਂ ਨੂੰ ਆਸਾਨੀ ਨਾਲ ਪਾਰ ਕਰਕੇ ਪਰੀਆਂ ਦੇ ਦੇਸ਼ ਪਹੁੰਚ ਜਾਂਦਾ ਹੈ। ਸ਼ਹਿਰ ਸਬਜ਼ ਵਿਚ ਉਹ ਸਾਰਿਆਂ ਨੂੰ ਵੇਖ ਸਕਦਾ ਸੀ। ਪਰੰਤੂ ਉਸ ਨੂੰ ਕੋਈ ਨਹੀਂ ਸੀ ਵੇਖ ਸਕਦਾ। ਉਹ, ਤੁਰਿਆ ਫਿਰਦਾ; ਪਰੀਆਂ ਦੇ ਸ਼ਾਹ ਦੇ ਮਹੱਲਾਂ ਵਿਚ ਦਾਖ਼ਲ ਹੋ ਜਾਂਦਾ ਹੈ, ਜਿਥੋਂ ਉਸ ਨੂੰ ਹੁਸਨ ਬਾਨੋ ਦੀ ਸੱਤਾਂ ਦਰਵਾਜਿਆਂ ਵਾਲੀ ਕੈਦ ਦੇ ਰਾਹ ਦਾ ਪਤਾ ਲੱਗਦਾ ਹੈ। ਉਸ ਨੇ ਆਸੇ ਦੀ ਮੱਦਦ ਨਾਲ ਹੁਸਨ ਬਾਨੋ ਦੀਆਂ ਜ਼ੰਜੀਰਾਂ ਤੋੜੀਆਂ ਅਤੇ ਕੈਦ ਦੇ ਦਰਵਾਜ਼ੇ ਖੋਲੇ। ਜ਼ੰਜੀਰਾਂ ਅਤੇ ਕੈਦ ਦੇ ਦਰਵਾਜ਼ੇ ਆਪਣੇ ਆਪ ਖੁੱਲ੍ਹਣ ਨਾਲ ਪਰੀਆਂ ਦੀ ਸ਼ਾਹ ਨਰਗਸ ਬਾਨੋ ਨੂੰ ਬਹੁਤ ਹੈਰਾਨੀ ਹੋਈ। ਹੁਸਨ ਬਾਨੋ ਨੇ ਸ਼ਾਹ ਬਹਿਰਾਮ ਦੇ ਆਉਣ ਅਤੇ ਉਸ ਦੀ ਸ਼ਕਤੀ ਬਾਰੇ ਵੇਰਵਾ ਆਪਣੇ ਮਾਂ-ਬਾਪ ਨੂੰ ਦਿੱਤਾ ਜਿਸ ਨਾਲ ਉਹ ਸ਼ਕਤੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਹੁਸਨ ਬਾਨੋ ਦਾ ਵਿਆਹ, ਸ਼ਾਹ ਬਹਿਰਾਮ ਨਾਲ ਕਰਨਾ ਮੰਨ ਲਿਆ।

ਨਾਰੀ ਸੰਸਾਰ ਦੀ ਕੰਨਿਆ ਨੂੰ ਇਕ ਖ਼ਾਕੀ ਸੰਸਾਰੀ ਵਿਆਹ ਕੇ ਲੈ ਜਾਵੇ ਅਤੇ ਇਸ ਦਾ ਵਿਰੋਧ ਨਾ ਹੋਵੇ, ਇਹ ਨਹੀਂ ਹੋ ਸਕਦਾ। ਜਿਵੇਂ ਹੀ ਸ਼ਾਹ ਬਹਿਰਾਮ ਅਤੇ ਹੁਸਨ ਬਾਨੋ ਦੇ ਵਿਆਹ ਦੀ ਖ਼ਬਰ ਪਰੀਆਂ ਅਤੇ ਦੇਵਾਂ ਦੇ ਸੰਸਾਰ ਵਿਚ ਫੈਲੀ ਤਾਂ ਇਕ ਦੇਵ ਨੇ ਜਿਸ ਦਾ ਨਾਮ ਜੀਕ੍ਰ ਦੇਵ ਸੀ ਅਤੇ ਜੋ ਪਰੀਆਂ ਦੇ ਸ਼ਾਹ ਨਾਲੋਂ ਜ਼ਿਆਦਾ ਤਾਕਤਵਰ ਸੀ, ਸ਼ਹਿਰ ਸਬਜ਼ ਉੱਤੇ ਹਮਲਾ ਕਰ ਦਿੱਤਾ। ਸ਼ਾਹ ਬਹਿਰਾਮ ਨੇ ਜਦੋਂ ਸਾਰੇ ਦੇਵਾਂ ਦੇ ਵਾਲਾਂ ਨੂੰ ਅੱਗ ਲਾਈ ਤਾਂ ਵਾਲਾਂ ਦੇ ਸੜਨ ਤੇ ਉਹ ਆਪਣੀਆਂ-ਆਪਣੀਆਂ ਫ਼ੌਜਾਂ ਲੈ ਕੇ ਪਹੁੰਚ ਗਏ। ਉਨ੍ਹਾਂ ਜੀਕਰ ਦੇਵ ਨੂੰ ਹਰਾ ਦਿੱਤਾ।

ਆਪਣੇ ਸ਼ਹਿਰ ਫ਼ਾਰਸ (ਖ਼ਾਕੀ ਸੰਸਾਰ) ਵਿਚ ਵੀ ਸ਼ਾਹ ਬਹਿਰਾਮ ਨੂੰ ਮੱਦਦਗਾਰ ਅਤੇ ਵਿਰੋਧੀ ਸ਼ਕਤੀਆਂ ਦੇ ਵਿਚੋਂ ਗੁਜ਼ਰਨਾ ਪੈਂਦਾ ਹੈ। ਉਹ ਆਪਣੇ ਸ਼ਹਿਰ ਇਕ ਸੌਦਾਗਰ ਦੇ ਰੂਪ ਵਿਚ ਹੁਸਨ ਬਾਨੋ ਸਮੇਟ ਦਾਖ਼ਲ ਹੁੰਦਾ ਹੈ। ਇਕ ਸਰਵਾਨ ਉਸ ਨੂੰ ਆਪਣੇ ਘਰ ਰਖਦਾ ਹੈ ਅਤੇ ਦੱਸਦਾ ਹੈ ਕਿ ਇਸ ਸ਼ਹਿਰ ਦੇ ਬਾਦਸ਼ਾਹ ਸ਼ਾਹ ਬਹਿਰਾਮ ਤੋਂ ਪਿੱਛੋਂ ਉਸ ਦੇ ਵਜ਼ੀਰ ਨੇ ਗੱਦੀ ਸੰਭਾਲ ਲਈ ਅਤੇ ਉਸ ਦੀਆਂ ਸੱਤਾਂ ਵਿਚੋਂ ਛੇ ਰਾਣੀਆਂ ਨੂੰ ਆਪਣੀਆਂ ਰਾਣੀਆਂ ਬਣਾ ਲਿਆ। ਪਰੰਤੂ ਸੱਤਵੀਂ ਉਸ ਦੀ ਰਾਣੀ ਨਹੀਂ ਬਣੀ ਅਤੇ ਉਸ ਨੇ ਸ਼ਾਹ ਬਹਿਰਾਮ ਦੇ ਜਾਣ ਮਗਰੋਂ ਇਕ ਰਾਜਕੁਮਾਰ ਨੂੰ ਜਨਮ ਦਿੱਤਾ। ਰਾਜ ਕੁਮਾਰ ਅਤੇ ਸੱਤਵੀਂ ਰਾਣੀ ਵਜ਼ੀਰ ਦੀ ਕੈਦ ਵਿਚ ਹਨ। ਆਪਣੇ ਸ਼ਹਿਰ ਦਾ ਹਾਲ ਸੁਣਨ ਮਗਰੋਂ ਜਦੋਂ ਸ਼ਾਹ ਬਹਿਰਾਮ ਹੁਸਨ ਬਾਨੋ ਲਈ ਭੋਜਨ ਲੈਣ ਗਿਆ ਤਾਂ ਪਿੱਛੋਂ ਵਜ਼ੀਰ ਨੇ ਹੁਸਨ ਬਾਨੋ ਨੂੰ ਸ਼ਵਰਨ ਦੇ ਘਰ ਵੇਖ ਲਿਆ ਅਤੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਲੱਗਾ। ਪਰੰਤੂ ਉਹ ਕਬੂਤਰ ਬਣ ਕੇ ਆਪਣੇ ਸ਼ਹਿਰ ਸਬਜ਼ ਚਲੀ ਗਈ ਅਤੇ ਸ਼ਾਹ ਬਹਿਰਾਮ ਨੂੰ ਉਥੇ ਮਿਲਣ ਲਈ ਕਹਿ ਗਈ। ਸ਼ਾਹ ਬਹਿਰਾਮ ਨੇ ਦੇਵ ਸਫ਼ੈਦ ਦਾ ਵਾਲ ਜਲਾ ਕੇ ਉਸ ਨੂੰ ਬੁਲਾਇਆ ਅਤੇ ਵਜ਼ੀਰ ਤੇ ਉਸ ਦੀਆਂ ਰਾਣੀਆਂ ਨੂੰ ਮਰਵਾ ਦਿੱਤਾ। ਆਪਣੇ ਪੁੱਤਰ ਨੂੰ ਰਾਜ ਦੇ ਕੇ ਅਤੇ ਰਾਣੀ ਨੂੰ ਆਜ਼ਾਦ ਕਰਕੇ ਉਹ ਹੁਸਨ ਬਾਨੋ ਅਤੇ ਸ਼ਹਿਰ ਦੀ ਭਾਲ ਵਿਚ ਚਲ ਪਿਆ।

ਆਰਕੀ-ਅਕਤਾਂਸ਼ੀਅਲ ਜੁਗਤ (Archi-actantial structure) : ਗ੍ਰੇਮਾਸ ਦੇ ਮਾਡਲ ਰਾਹੀਂ ਅਸੀਂ ਸ਼ਾਹ ਬਹਿਰਾਮ ਅਤੇ ਹੁਸਨ ਬਾਨੋ ਦੇ ਬ੍ਰਿਤਾਂਤ ਦੀ ਅਕਤਾਂਸ਼ੀਅਲ ਪੇਸ਼ ਕੀਤੀ ਹੈ। ਇਸ ਜੁਗਤ ਦਾ ਆਧਾਰ ਖ਼ਾਕੀ ਅਤੇ ਨਾਰੀ ਹੋਂਦਾਂ ਦਾ ਆਪਸੀ ਸੰਬੰਧ ਹੈ। ਖ਼ਾਕੀ ਆਦਮੀ ਨਾਰੀ ਪਰੀ ਨੂੰ ਪ੍ਰਾਪਤ ਕਰਨ ਦੀ ਇੱਛਾ ਪੈਦਾ ਕਰਨ ਮਗਰੋਂ ਉਸ ਨੂੰ ਪਾ ਲੈਣ ਵਿਚ ਕਾਮਯਾਬ ਹੋ ਜਾਂਦਾ ਹੈ। ਇਸ ਬ੍ਰਿਤਾਂਤ ਵਿਚ 'ਕਰਤਾ' ਹੀ 'ਪ੍ਰਾਪਤ ਕਰਨ ਵਾਲਾ' ਹੈ, ਭਾਵ ਸ਼ਾਹ ਬਹਿਰਾਮ ਕਰਤਾ ਵੀ ਹੈ ਅਤੇ ਇੱਛਤ ਵਸਤੂ ਨੂੰ ਪ੍ਰਾਪਤ ਕਰਨ ਵਾਲਾ ਵੀ। ਗ੍ਰੇਮਾਸ ਅਨੁਸਾਰ ਸ਼ਾਹ ਬਹਿਰਾਮ ਇਸ ਬ੍ਰਿਤਾਂਤ ਦੀ ਅਕਤਾਂਸ਼ੀਅਲ ਜੁਗਤ ਦਾ ਆਰਕੀ-ਅਕਤਾਂ (archi-actant) ਹੈ ਭਾਵ ਇਹ ਕਿ ਉਹ ਦੋ ਅਕਤਾਂਵਾਂ (actants) 'ਕਰਤਾ' ਅਤੇ 'ਪ੍ਰਾਪਤ ਕਰਨ ਵਾਲੇ' ਦਾ ਕਾਰਜ ਕਰਦਾ ਹੈ। ਇਸ ਤਰ੍ਹਾਂ ਇਸ ਬ੍ਰਿਤਾਂਤ ਦੀ ਜੁਗਤ ਨੂੰ ਆਰਕੀ-ਅਕਤਾਂਸ਼ੀਅਲ ਕਹਾਂਗੇ।

ਇਸ ਅਕਤਾਂਸ਼ੀਅਲ ਜੁਗਤ ਤੋਂ ਇਕ ਗੱਲ ਹੋਰ ਸਪਸ਼ਟ ਹੁੰਦੀ ਹੈ ਕਿ ਖ਼ਾਕੀ ਆਦਮੀ ਨਾਰੀ ਨੂੰ ਪ੍ਰਾਪਤ ਕਰਨ ਲਈ ਆਪਣੀ ਖ਼ਾਕੀ ਪ੍ਰਕ੍ਰਿਤੀ ਤੋਂ ਕੋਈ ਫ਼ਾਇਦਾ ਨਹੀਂ ਉਠਾ ਸਕਦਾ। ਉਸ ਨੂੰ ਇੱਛਿਤ ਵਸਤੂ ਦੀ ਪ੍ਰਾਪਤੀ ਲਈ ਪੈਰ-ਪੈਰ ਤੇ ਨਾਰੀ ਮੱਦਦ ਦੀ ਲੋੜ ਪੈਂਦੀ ਹੈ। ਸਭ ਤੋਂ ਪਹਿਲਾਂ ਤਾਂ ਉਸ ਦਾ ਨਾਰੀ (ਪਰੀ) ਨਾਲ ਮੇਲ, ਨਾਰੀ ਪ੍ਰਕ੍ਰਿਤੀ ਵਾਲੀ ਹੋਂਦ (ਦੇਵ ਸਫ਼ੈਦ) ਰਾਹੀ ਹੀ ਹੁੰਦਾ ਹੈ। ਖ਼ਾਕੀ ਅਤੇ ਨਾਰੀ ਦੇ ਜੁੱਸੇ ਦੇ ਵਿਰੋਧ ਨੂੰ ਆਪਣੇ ਹੱਕ ਵਿਚ ਵਰਤਣ ਲਈ ਵੀ ਉਸ ਨੂੰ ਨਾਰੀ ਸ਼ਕਤੀਆਂ ਦੀ ਸਹਾਇਤਾ ਲੈਣੀ ਪੈਂਦੀ ਹੈ। ਦੇਵਾਂ ਦੇ ਦਿੱਤੇ ਸੁਲੇਮਾਨੀ ਸੁਰਮੇ, ਜੋੜੇ, ਆਸੇ ਅਤੇ ਟੋਪੀ ਦੀ ਸਹਾਇਤਾ ਨਾਲ ਉਹ ਇੱਛਿਤ ਨਾਰੀ ਪ੍ਰਕ੍ਰਿਤੀ ਵਾਲੀ ਹੋਂਦ ਤਕ ਪਹੁੰਚ ਸਕਦਾ ਹੈ। ਉਸ ਦੀ ਇਨ੍ਹਾਂ ਚੀਜ਼ਾਂ ਦੀ ਮਾਲਕੀ ਹੀ ਉਸ ਨੂੰ ਇੱਛਿਤ ਵਸਤੂ 'ਦੇਣ ਵਾਲੇ' ਦੀਆਂ ਨਜ਼ਰਾਂ ਵਿਚ ਸਹੀ 'ਪ੍ਰਾਪਤ ਕਰਨ ਵਾਲਾ' ਬਣਾਉਂਦੀ ਹੈ। ਫ਼ਿਰ ਨਾਰੀ ਸੰਸਾਰ ਦੀਆਂ ਵਿਰੋਧੀ ਤਾਕਤਾਂ ਨੂੰ ਵੀ ਉਹ ਨਾਰੀ ਮੱਦਦਗਾਰ ਸ਼ਕਤੀਆਂ ਨਾਲ ਹੀ ਜਿੱਤ ਸਕਦਾ ਹੈ। ਇਸ ਬ੍ਰਿਤਾਂਤ ਦਾ ਕਰਤਾ ਨਾਰੀ ਸੰਸਾਰ ਦੀਆਂ ਮੱਦਦਗਾਰ ਸ਼ਕਤੀਆਂ ਉੱਤੇ ਇਥੋਂ ਤਕ ਨਿਰਭਰ ਕਰਦਾ ਹੈ ਕਿ ਉਸ ਨੂੰ ਆਪਣੇ ਖ਼ਾਕੀ ਸੰਸਾਰ ਦੀਆਂ ਵਿਰੋਧੀ ਤਾਕਤਾਂ ਉੱਤੇ ਜਿੱਤ ਪ੍ਰਾਪਤ ਕਰਨ ਲਈ ਵੀ ਉਨ੍ਹਾਂ ਦੀ ਹੀ ਮੱਦਦ ਲੈਣੀ ਪੈਂਦੀ ਹੈ। ਆਪਣੇ ਵਜ਼ੀਰ ਕੋਲੋਂ ਆਪਣਾ ਰਾਜ ਵਾਪਸ ਲੈਣ, ਆਪਣੇ ਬੱਚੇ ਅਤੇ ਰਾਣੀ ਨੂੰ ਆਜ਼ਾਦ ਕਰਵਾਉਣ ਅਤੇ ਆਪਣੀਆਂ ਬੇਵਫ਼ਾ ਰਾਣੀਆਂ ਨੂੰ ਸਜ਼ਾ ਦੇਣ ਲਈ ਉਸ ਨੂੰ ਦੇਵ ਸਫ਼ੈਦ ਨੂੰ ਬੁਲਾਉਣਾ ਪੈਂਦਾ ਹੈ। ਇਸ ਤਰ੍ਹਾਂ ਇਸ ਬ੍ਰਿਤਾਂਤ ਦਾ ਕਰਤਾ ਇੱਛਿਤ ਵਸਤੂ ਦੀ ਪ੍ਰਾਪਤੀ ਲਈ ਖ਼ਾਕੀ ਸ਼ਕਤੀਆਂ ਦੀ ਬਜਾਏ ਨਾਰੀ ਸ਼ਕਤੀਆਂ ਦੇ ਸਹਾਰੇ ਕਾਰਜ ਕਰਦਾ ਹੈ। ਉਸ ਦੀ ਖ਼ਾਕੀ ਪ੍ਰਕ੍ਰਿਤੀ ਦਾ ਇਕੋ ਇਕ ਮਹੱਤਵਪੂਰਨ ਗੁਣ ਉਸ ਦਾ ਸੁਹੱਪਣ ਹੈ, ਜਿਸ ਤੋਂ ਪ੍ਰਭਾਵਿਤ ਹੋ ਕੇ ਨਾਰੀ ਸੰਸਾਰ ਦਾ ਬਾਦਸ਼ਾਹ ਦੇਵ ਸਫ਼ੈਦ ਉਸ ਉੱਤੇ ਆਸ਼ਕ ਹੋ ਜਾਂਦਾ ਹੈ ਅਤੇ ਸਾਰੀਆਂ ਨਾਰੀ ਸ਼ਕਤੀਆਂ ਨੂੰ ਕਰਤਾ ਵੀ ਸੇਵਾ ਵਿਚ ਹਾਜ਼ਰ ਕਰ ਦਿੰਦਾ ਹੈ। ਸ਼ਾਹ ਬਹਿਰਾਮ ਦੇ ਹੁਸਨ ਤੋਂ ਉਹ ਇੰਨਾ ਜ਼ਿਆਦਾ ਪ੍ਰਭਾਵਿਤ ਹੈ ਕਿ ਉਸ ਲਈ ਨਾ ਸਿਰਫ਼ ਹੁਸਨ ਬਾਨੋ ਨਾਲ ਆਪਣੀ ਮੁਹੱਬਤ ਦੀ ਹੀ ਕੁਰਬਾਨੀ ਕਰ ਦਿੰਦਾ ਹੈ, ਸਗੋਂ ਉਸ ਨੂੰ ਪ੍ਰਾਪਤ ਕਰਨ ਵਿਚ ਵੀ ਮੱਦਦਗਾਰ ਹੁੰਦਾ ਹੈ। ਇਸੇ ਤਰ੍ਹਾਂ ਨਾਰੀ ਹੁਸਨ (ਹੁਸਨ ਬਾਨੋ) ਵੀ ਉਸ ਦੇ ਇਸੇ ਸੁਹੱਪਣ ਤੋਂ ਹੀ ਪ੍ਰਭਾਵਿਤ ਹੋ ਕੇ ਉਸ ਨਾਲ ਮੁਹੱਬਤ ਕਰਨ ਲੱਗਦੀ ਹੈ।

ਚਿੰਨ੍ਹ ਤੇ ਮਹੱਤਵ : ਸ਼ਾਹ ਬਹਿਰਾਮ ਅਤੇ ਹੁਸਨ ਬਾਨੋ ਦੇ ਬ੍ਰਿਤਾਂਤ ਦੇ ਮੁੱਢਲੇ ਵਿਰੋਧ, ਖ਼ਾਕੀ/ਨਾਰੀ ਪਿੱਛੇ ਇਕ ਸੰਪੂਰਨ ਚਿੰਨ੍ਹ ਪ੍ਰਬੰਧ (sign system) ਕਾਰਜਸ਼ੀਲ ਹੈ ਜਿਸ ਤੋਂ ਅਸੀਂ ਇਸ ਕਹਾਣੀ ਦੇ ਸੰਕਲਪਾਂ ਨੂੰ ਸਮਝ ਸਕਦੇ ਹਾਂ। ਅਸਲੋਂ ਜੇ ਵੇਖਿਆ ਜਾਵੇ ਤਾਂ ਨਾਰੀ ਸੰਸਾਰ ਖ਼ਾਕੀ ਆਦਮੀ ਦੀ ਕਲਪਨਾ ਦੀ ਉਪਜ ਹੈ। ਆਪਣੀ ਕਲਪਨਾ ਦੀ ਦੁਨੀਆ ਨੂੰ ਉਹ ਆਪਣੇ ਸਮਾਜ ਵਿਚ ਪ੍ਰਚਲਿਤ ਚਿੰਨ੍ਹ ਪ੍ਰਬੰਧਾਂ ਰਾਹੀਂ ਪ੍ਰਗਟਾਉਂਦਾ ਹੈ। ਇਸ ਬ੍ਰਿਤਾਂਤ ਦੇ ਮਨੁੱਖ ਦੀ ਕਲਪਨਾ ਵਿਚ ਹੁਸਨ, ਇਸ਼ਕ, ਪਿਆਰ, ਐਸ਼, ਆਰਾਮ, ਸ਼ਕਤੀ ਆਦਿ ਦੇ ਸੰਕਲਪਾਂ ਨੂੰ ਇਸ ਪਰੀ-ਕਹਾਣੀ ਰਾਹੀਂ ਪੇਸ਼ ਕੀਤਾ ਗਿਆ ਹੈ।

ਹੁਸਨ : ਇਹ ਬ੍ਰਿਤਾਂਤ ਸ਼ਾਹ ਬਹਿਰਾਮ ਦੇ ਸੁਹੱਪਣ ਨਾਲ ਸ਼ੁਰੂ ਹੁੰਦਾ ਹੈ। ਉਸ ਨੂੰ ਬਹੁਤ ਹੀ ਸੋਹਣੀ ਸੂਰਤ ਵਾਲਾ ਸ਼ਹਿਜ਼ਾਦਾ ਕਿਹਾ ਗਿਆ ਹੈ ਜਿਸ ਉੱਤੇ ਸਾਰੀ ਖ਼ਲਕਤ ਮਰਦੀ ਹੈ, ਰੂਹਾਂ ਅਤੇ ਫ਼ਰਿਸ਼ਤੇ ਉਸ ਦੇ ਹੁਸਨ ਸਾਹਮਣੇ ਸ਼ਰਮਾਉਂਦੇ ਹਨ; ਆਦਮੀ, ਜਿੰਨ ਅਤੇ ਪੰਛੀ ਉਸ ਦੇ ਆਸ਼ਕ ਹਨ, ਸਾਰੇ ਜ਼ਮਾਨੇ ਵਿਚ ਉਸ ਦੇ ਬਰਾਬਰ ਦਾ ਕੋਈ ਵੀ ਖ਼ੂਬਸੂਰਤ ਆਦਮੀ ਨਹੀਂ। ਇਨ੍ਹਾਂ ਸਾਰਿਆਂ ਵਾਕਾਂ ਰਾਹੀਂ ਸ਼ਾਹ ਬਹਿਰਾਮ ਦੇ ਹੁਸਨ ਨੂੰ ਪ੍ਰਗਟਾਉਣ ਦਾ ਯਤਨ ਕੀਤਾ ਗਿਆ ਹੈ। ਇਸ ਖ਼ਾਕੀ ਆਦਮੀ ਦੇ ਸੁਹੱਪਣ ਦੇ ਮੁਕਾਬਲੇ ਨਾਰੀ-ਪਰੀ ਦੇ ਹੁਸਨ ਨੂੰ ਪ੍ਰਗਟਾਉਣ ਲਈ ਕਿਹਾ ਗਿਆ ਹੈ ਕਿ ਪਰੀਆਂ ਦੇ ਦੀਦਾਰ ਕਰਨ ਨਾਲ ਪੱਥਰ ਵੀ ਇਸ਼ਕ ਕਰਨ ਲੱਗ ਪਵੇ; ਉਨ੍ਹਾਂ ਦੇ ਚਿਹਰੇ ਸੂਰਜ ਵਾਂਗ ਚਮਕਦਾਰ ਹਨ ਤਾਰੇ ਉਨ੍ਹਾਂ ਦੇ ਹੁਸਨ ਸਾਹਮਣੇ ਸ਼ਰਮਾਉਂਦੇ ਹਨ; ਜਦੋਂ ਉਹ ਲਚਕ-ਲਚਕ ਕੇ ਚਲਦੀਆਂ ਹਨ, ਤਾਂ ਦੇਖਣ ਵਾਲੇ ਬੇਹੋਸ਼ ਹੋ ਕੇ ਡਿਗ ਪੈਂਦੇ ਹਨ; ਉਨ੍ਹਾਂ ਦੇ ਦਰਸ਼ਨ ਕਰਨ ਨਾਲ ਸੁੱਕੀਆਂ ਜੂਹਾਂ ਹਰੀਆਂ ਹੋ ਜਾਂਦੀਆਂ ਹਨ। ਪਰੀਆਂ ਦੇ ਹੁਸਨ ਬਾਰੇ ਸ਼ਾਹ ਬਹਿਰਾਮ ਦਾ ਵਿਚਾਰ ਹੈ ਕਿ ਉਸ ਨੇ ਆਦਮੀਆਂ ਵਿਚ ਇੰਨਾਂ ਸੁੰਦਰ ਰੂਪ ਕਦੇ ਨਹੀਂ ਵੇਖਿਆ। ਇਸ ਤਰ੍ਹਾਂ ਸਾਡੇ ਕੋਲ ਇਕ ਪਾਸੇ ਖ਼ਾਕੀ ਅਤੇ

ਦੂਜੇ ਪਾਸੇ ਨਾਰੀ ਹੁਸਨ ਹੈ। ਇਸ ਬ੍ਰਿਤਾਂਤ ਵਿਚ ਹੁਸਨ ਦੇ ਸੰਕਲਪ ਦਾ ਮਹੱਤਵਪੂਰਨ ਤੱਤ ਇਹ ਹੈ ਕਿ ਖ਼ਾਕੀ ਹੁਸਨ (ਸ਼ਾਹ ਬਹਿਰਾਮ) ਉੱਤੇ ਨਾਰੀ ਦੇਵ (ਦੇਵ ਸਫ਼ੈਦ) ਆਸ਼ਕ ਹੋ ਜਾਂਦਾ ਹੈ ਅਤੇ ਉਸ ਨੂੰ ਆਪਣੇ ਦੇਸ਼ ਲੈ ਜਾਂਦਾ ਹੈ ਅਤੇ ਉਸ ਨੂੰ ਆਪਣੇ ਦੇਸ਼ ਲੈ ਆਉਂਦਾ ਹੈ, ਭਾਵ ਇਹ ਕਿ ਖ਼ਾਕੀ ਹੁਸਨ ਤੋਂ ਨਾਰੀ ਦੇਵ ਅਤੇ ਨਾਰੀ ਹੁਸਨ ਤੋਂ ਖ਼ਾਕੀ ਆਦਮੀ ਪ੍ਰਭਾਵਿਤ ਹੁੰਦਾ ਹੈ।

ਇਸ਼ਕ : ਜਦੋਂ ਦੇਵ ਸਫ਼ੈਦ ਸ਼ਹਿਰ ਫ਼ਾਰਸ ਵਿਚ ਦਾਖ਼ਲ ਹੋਇਆ ਤਾਂ ਸ਼ਾਹ ਬਹਿਰਾਮ ਦੇ ਹੁਸਨ ਨੂੰ ਵੇਖਦਿਆਂ ਹੀ ਉਸ ਉੱਤੇ ਆਸ਼ਕ ਹੋ ਗਿਆ, ਉਸ ਦੇ ਹੋਸ਼ ਉਡ ਗਏ, ਉਸ ਨੂੰ ਆਪਣਾ ਵਤਨ ਅਤੇ ਬਾਦਸ਼ਾਹੀ ਭੁੱਲ ਗਈ, ਉਹ ਉਸ ਦੇ ਪਿਆਰ ਵਿਚ ਇਸ ਤਰ੍ਹਾਂ ਕੈਦੀ ਹੋਇਆ ਕਿ ਬਾਰਾਂ ਵਰ੍ਹਿਆਂ ਤਕ ਸ਼ਾਹ ਬਹਿਰਾਮ ਦੇ ਆਲੇ ਦੁਆਲੇ, ਇਕ ਛੋਟਾ ਜੇਹਾ ਜਾਨਵਰ ਬਣ ਕੇ ਘੁੰਮਦਾ ਰਿਹਾ। ਅੰਤ ਇਕ ਘੋੜੇ ਦਾ ਰੂਪ ਧਾਰਨ ਕਰਕੇ ਸ਼ਾਹ ਬਹਿਰਾਮ ਨੂੰ ਆਪਣੇ ਵਤਨ ਉਡਾ ਕੇ ਲੈ ਗਿਆ। ਇਸੇ ਤਰ੍ਹਾਂ ਜਦੋਂ ਸ਼ਾਹ ਬਹਿਰਾਮ ਨੇ ਨਾਰੀ ਹੁਸਨ ਦੇ ਦੀਦਾਰ ਕੀਤੇ ਤਾਂ ਉਹ ਹੁਸਨ ਬਾਨੋ ਨੂੰ ਇਸ਼ਕ ਕਰਨ ਲੱਗ ਪਿਆ; ਪਰੀ ਦੇ ਹੁਸਨ ਦਾ ਦੀਦਾਰ ਉਸ ਨੂੰ ਸ਼ਰਾਬ ਦੀ ਮਸਤੀ ਵਰਗਾ ਲਗਿਆ, ਉਹ ਇਸ ਸ਼ਰਾਬ ਨਾਲ ਮਸਤ ਤੇ ਬੇਹੋਸ਼ ਹੋ ਗਿਆ, ਉਸ ਦੇ ਨੈਣਾਂ ਦੇ ਤੀਰਾਂ ਨਾਲ ਉਹ ਤੜਫ ਉਠਿਆ, ਸੋਚਣ ਲੱਗ ਪਿਆ ਕਿ ਜੇ ਇਹ ਛੱਡ ਕੇ ਚਲੀ ਗਈ ਤਾਂ ਉਸ ਦੀ ਜਾਨ ਨਿਕਲ ਜਾਵੇਗੀ। ਹੁਸਨ ਬਾਨੋ ਜਦੋਂ ਉਸ ਨੂੰ ਵੇਖਦੀ ਹੈ ਤਾਂ ਉਸ ਦੀ ਸੁੰਦਰ ਸੂਰਤ ਵੇਖਦਿਆਂ ਹੀ ਉਸ ਉੱਤੇ ਆਸ਼ਕ ਹੋ ਜਾਂਦੀ ਹੈ, ਉਸ ਨੇ ਸ਼ਾਹ ਬਹਿਰਾਮ ਵਰਗਾ ਸੁੰਦਰ ਆਦਮੀ ਕਦੇ ਨਹੀਂ ਸੀ ਡਿੱਠਾ, ਉਸ ਦੀ ਹੋਸ਼ਾਂ ਦੀ ਪੂੰਜੀ ਸ਼ਹਿਜ਼ਾਦੇ ਦੇ ਹੁਸਨ ਨੇ ਲੁਟ ਲਈ ਜਿਸ ਦੀ ਭਾਵ ਅਭਿਵਿਅਕਤੀ ਕਵੀ ਨੇ ਇਸ ਤਰ੍ਹਾਂ ਕੀਤੀ ਹੈ :

ਕਹਿੰਦੀ ਐ ਬਹਿਰਾਮ, ਸ਼ਾਹਜ਼ਾਦੇ ਮੈਂ ਤੇਰੇ ਤੋਂ ਵਾਰੀ।
ਮੇਰਾ ਭੀ ਦਿਲ ਮੁੱਠਾ ਤੇਰੀ ਸੋਹਣੀ ਸੂਰਤ ਪਿਆਰੀ।

(ਸ਼ਾਹ ਬਹਿਰਾਮ ਅਤੇ ਹੁਸਨ ਬਾਨੋ, ਪੰ. 11)

ਇਸ ਬ੍ਰਿਤਾਂਤ ਦੇ ਇਸ਼ਕ ਦੇ ਸੰਕਲਪ ਵਿਚ ਮਹੱਤਵਪੂਰਨ ਤੱਤ ਪਹਿਲੀ ਨਜ਼ਰ ਦਾ ਪਿਆਰ (love at first sight) ਹੈ। ਖ਼ਾਕੀ ਅਤੇ ਨਾਰੀ ਇਸ਼ਕ ਪਹਿਲੀ ਨਜ਼ਰ ਹੀ ਹੋ ਜਾਂਦੇ ਹਨ ਅਤੇ ਦੋਹਾਂ ਦਾ ਹੁਸਨ ਉਨ੍ਹਾਂ ਦੇ ਇਸ਼ਕ ਨੂੰ ਜਨਮ ਦਿੰਦਾ ਹੈ। ਹੁਸਨ ਦਾ ਜਾਦੂ ਖ਼ਾਕੀ ਅਤੇ ਨਾਰੀ ਉੱਤੇ ਇਕੋ ਜੇਹਾ ਅਸਰ ਕਰਦਾ ਹੈ। ਫ਼ਰਕ ਸਿਰਫ਼ ਇਹ ਹੈ ਕਿ ਨਾਰੀ ਦੇਵ ਦਾ ਖ਼ਾਕੀ ਆਦਮੀ ਅਤੇ (ਸ਼ਾਹ ਬਹਿਰਾਮ) ਲਈ ਇਸ਼ਕ ਇਕ-ਪਾਸੜ (one-sided) ਰਹਿ ਜਾਂਦਾ ਹੈ, ਜਦੋਂ ਕਿ ਖ਼ਾਕੀ ਆਦਮੀ ਅਤੇ ਨਾਰੀ ਪਰੀ ਦਾ ਇਸ਼ਕ ਬਰਾਬਰ ਦੇ ਵੇਗ ਦਾ ਹੋ ਕੇ ਸਾਡੇ ਸਾਹਮਣੇ ਆਉਂਦਾ ਹੈ।

ਨਾਰੀ ਸੰਸਾਰ : ਖ਼ਾਕੀ ਆਦਮੀ ਦੀ ਕਲਪਨਾ ਵਿਚ ਨਾਰੀ ਸੰਸਾਰ ਦਾ ਚਿਤ੍ਰ ਬਹੁਤ ਮਜ਼ੇਦਾਰ ਹੈ। ਇਸ ਤੋਂ ਅਸੀਂ ਉਸ ਦੀ ਸੋਚ ਦਾ ਅੰਦਾਜ਼ਾ ਲੱਗਾ ਸਕਦੇ ਹਾਂ। ਦੇਵ ਸਫ਼ੈਦ ਸ਼ਾਹ ਬਹਿਰਾਮ ਨੂੰ ਆਪਣੇ ਵਤਨ (ਨਾਰੀ ਸੰਸਾਰ) ਲਿਜਾ ਕੇ ਬਗੀਚੇ ਵਿਚ ਬਿਠਾ ਦਿੰਦਾ ਹੈ। ਉਸ ਬਗੀਚੇ ਵਿਚ ਫ਼ਰਸ਼ਾਂ ਉੱਤੇ ਰੇਸ਼ਮੀ ਗ਼ਲੀਚੇ ਵਿਛੇ ਹੋਏ ਹਨ; ਠੰਡੇ ਪਾਣੀ ਦੀਆਂ ਨਹਿਰਾਂ ਵਗ ਰਹੀਆਂ ਹਨ; ਕਈ ਹਜ਼ਾਰ ਸੁਨਹਿਰੀ ਸੁਰਾਹੀਆਂ ਵਿਚ ਸ਼ਰਾਬ ਪਈ ਹੈ; ਇਨ੍ਹਾਂ ਕੋਲ ਕਈ ਬਲੌਰੀ ਪਿਆਲੇ ਪਏ ਹਨ, ਦੁਨੀਆ ਵਿਚ ਅਜਿਹਾ ਸੁੰਦਰ ਇਕ ਵੀ ਬਾਗ਼ ਨਹੀਂ। ਸ਼ਾਹ ਬਹਿਰਾਮ ਸ਼ਰਾਬ ਪੀਣ ਲੱਗ ਜਾਂਦਾ ਹੈ। ਰਾਗ ਰੰਗ ਸੁਣਦਾ, ਵਧੀਆ ਖਾਣੇ ਖਾਂਦਾ, ਸ਼ਰਾਬ ਪੀਂਦਾ ਅਤੇ ਪਰੀਆਂ ਦਾ ਵਸਲ ਕਰਦਾ ਹੋਇਆ ਸ਼ਾਹ ਬਹਿਰਾਮ ਬਹੁਤ ਦੇਰ ਤੱਕ ਐਸ਼ ਅਤੇ ਖ਼ੁਸ਼ੀ ਨਾਲ ਦੇਵ ਸਫ਼ੈਦ ਦੇ ਬਾਗ਼ ਵਿਚ ਰਹਿੰਦਾ ਹੈ। ਖ਼ਾਕੀ ਆਦਮੀ ਦੀ ਕਲਪਨਾ ਵਿਚ ਪਰੀਆਂ ਅਤੇ ਦੇਵਾਂ ਦੇ ਸ਼ਹਿਰ ਸੁੰਦਰ ਸਜਾਵਟ ਵਾਲੇ ਹਨ, ਜਿਥੇ ਸ਼ਰਾਬ, ਨਾਚ ਅਤੇ ਸੰਗੀਤ ਦਾ ਵਾਤਾਵਰਣ ਹਮੇਸ਼ਾ ਬਣਿਆ ਰਹਿੰਦਾ ਹੈ। ਇਨ੍ਹਾਂ ਚੀਜ਼ਾਂ ਦੇ ਨਾਲ-ਨਾਲ ਸਾਥ ਲਈ ਉਥੇ ਸੁੰਦਰ ਪਰੀਆਂ ਮਿਲ ਜਾਂਦੀਆਂ ਹਨ। ਸਪਸ਼ਟ ਹੈ ਕਿ ਇਸ ਤਰ੍ਹਾਂ ਦੇ ਸੰਸਾਰ ਦੀ ਕਲਪਨਾ ਕਰਨ ਵਾਲੇ ਮਨੁੱਖ ਦੀ ਜ਼ਿੰਦਗੀ ਵਿਚ ਇਨ੍ਹਾਂ ਚੀਜ਼ਾਂ ਦੀ ਅਣਹੋਂਦ ਹੋਵੇਗੀ। ਅਜਿਹੇ ਸੰਸਾਰ ਦੀ ਇੱਛਾ ਨੂੰ ਉਹ ਆਪਣੀ ਕਲਪਨਾ ਰਾਹੀਂ ਹੀ ਪੂਰਾ ਕਰਦਾ ਹੈ।

ਸ਼ਕਤੀ : ਖ਼ਾਕੀ ਆਦਮੀ ਆਪਣੀ ਕਮਜ਼ੋਰੀ ਨੂੰ ਨਾਰੀ ਪਰੀਆਂ ਅਤੇ ਦੇਵਾਂ ਦੀਆਂ ਸ਼ਕਤੀਆਂ ਦੀ ਕਲਪਨਾ ਵਿਚ ਬਦਲਣ ਦਾ ਯਤਨ ਕਰਦਾ ਹੈ। ਇਸ ਬ੍ਰਿਤਾਂਤ ਵਿਚ ਸੰਸਾਰ ਦੀਆਂ ਸ਼ਕਤੀਆਂ ਨੂੰ ਪ੍ਰਾਪਤ ਕਰਕੇ ਉਹ ਨਾ ਸਿਰਫ ਉਸ ਸੰਸਾਰ ਵਿਚ ਆਪਣੀਆਂ ਇੱਛਾਵਾਂ ਦੀ ਪੂਰਤੀ ਕਰਦਾ ਹੈ ਸਗੋਂ ਲੋੜ ਪੈਣ ਉੱਤੇ ਆਪਣੇ ਖ਼ਾਕੀ ਸੰਸਾਰ ਵਿਚ ਵੀ ਉਨ੍ਹਾਂ ਦੀ ਪੂਰਤੀ ਕਰਦਾ ਹੈ। ਦੇਵ ਸਫ਼ੈਦ ਦਾ ਪਹਾੜ ਜਿੱਡਾ ਆਕਾਰ ਅਤੇ ਉਸ ਦੇ ਲੱਕ ਦੁਆਲੇ ਲਪੇਟਿਆ ਹੋਇਆ ਪੰਜ ਸੌ ਮਣ ਦਾ ਸੰਗਲ ਉਸ ਦੀ ਸ਼ਰੀਰਕ ਸ਼ਕਤੀ ਦੇ ਪ੍ਰਤੀਕ ਹਨ। ਹਜ਼ਾਰਾਂ ਦੇਵ ਅਤੇ ਪਰੀਆਂ ਉਸ ਦੇ ਹੁਕਮ ਵਿਚ ਚਲਦੇ ਹਨ ਭਾਵ ਇਹ ਕਿ ਸ਼ਕਤੀ ਅਤੇ ਹੁਸਨ ਉਸ ਦੇ ਅਧੀਨ ਹਨ। ਨਾਰੀ ਸੰਸਾਰ ਕੋਲ ਇਕ ਹੋਰ ਸ਼ਕਤੀ ਹੈ ਜਿਸ ਨਾਲ ਉਹ ਦੇਹ ਪਰਿਵਰਤਨ ਕਰ ਲੈਂਦੇ ਹਨ। ਨਾਰੀ ਸੰਸਾਰ ਦੇ ਵਾਸੀ ਜਿੱਥੇ ਜਾਣਾ ਚਾਹੁਣ, ਚਲੇ ਜਾਂਦੇ ਹਨ, ਉਹ ਹਜ਼ਾਰਾਂ ਕੋਹਾਂ ਪੈਂਡਾ ਕਰਕੇ ਵੀ ਥਕਦੇ ਨਹੀਂ, ਉਹ ਸਾਰਿਆਂ ਨੂੰ ਵੇਖ ਸਕਦੇ ਹਨ, ਉਨ੍ਹਾਂ ਨੂੰ ਕੋਈ ਨਹੀਂ ਵੇਖ ਸਕਦਾ। ਸ਼ਾਹ ਬਹਿਰਾਮ ਨਾਰੀ ਸੰਸਾਰ ਵਿਚ ਜਾ ਕੇ ਇਹ ਸ਼ਕਤੀਆਂ ਪ੍ਰਾਪਤ ਕਰ ਲੈਂਦਾ ਹੈ।

ਖ਼ਾਕੀ ਬਨਾਮ ਨਾਰੀ : ਸ਼ਾਹ ਬਹਿਰਾਮ ਅਤੇ ਹੁਸਨ ਬਾਨੋ ਦਾ ਬ੍ਰਿਤਾਂਤ ਨਾਰੀ ਦੀ ਚਲਾਕੀ ਅਤੇ ਖ਼ਾਕੀ ਦੀ ਆਜਜ਼ੀ ਦੇ ਜ਼ਿਕਰ ਨਾਲ ਸ਼ੁਰੂ ਹੁੰਦਾ ਹੈ। ਇਨ੍ਹਾਂ ਦੇ ਇਸ ਵਿਰੋਧ ਨੂੰ ਸਾਰੀ ਕਹਾਣੀ ਵਿਚ ਵਿਸਤਾਰ ਨਾਲ ਪ੍ਰਗਟ ਕਰਨ ਦਾ ਯਤਨ ਕੀਤਾ ਗਿਆ ਹੈ। ਜਦੋਂ ਖ਼ਾਕੀ ਆਦਮੀ (ਸ਼ਾਹ ਬਹਿਰਾਮ) ਨਾਰੀ ਹੁਸਨ, ਨਾਰੀ ਸੰਸਾਰ ਦੇ ਪ੍ਰਬੰਧ ਅਤੇ ਨਾਰੀ ਸ਼ਕਤੀਆਂ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਉਸ ਨੂੰ ਆਪਣੇ ਸੰਸਾਰ ਵਿਚ ਇਨ੍ਹਾਂ ਦੀ ਅਣਹੋਂਦ ਮਹਿਸੂਸ ਹੁੰਦੀ ਹੈ। ਉਸ ਨੂੰ ਆਪਣੀ ਖ਼ਾਕੀ ਪ੍ਰਕਿਰਤੀ ਦੀ ਲਾਚਾਰੀ ਅਤੇ ਬੇਵਸੀ ਦਾ ਅਹਿਸਾਸ ਹੁੰਦਾ ਹੈ। ਦੇਵ ਸਫ਼ੈਦ ਦੇ ਬਾਗ਼ ਵਰਗਾ ਬਾਗ਼ ਉਸ ਦੇ ਸ਼ਹਿਰ ਫ਼ਾਰਸ ਵਿਚ ਨਹੀਂ, ਉਸ ਦੇ ਬਾਗ਼ ਦਾ ਸੰਗੀਤ, ਨਾਚ, ਸ਼ਰਾਬ ਅਤੇ ਪਰੀਆਂ ਦੇ ਵਸਲ ਵਾਲਾ ਐਸ਼ ਆਰਾਮ ਦਾ ਵਾਤਾਵਰਣ ਉਸ ਨੇ ਪਹਿਲੀ ਵਾਰ ਮਾਣਿਆ ਹੈ; ਪਰੀਆਂ ਦਾ ਕਬੂਤਰ ਬਣ ਜਾਣਾ, ਦੇਵ ਦਾ ਸ਼ਕਤੀਸ਼ਾਲੀ ਹੋਣਾ ਅਤੇ ਮਰਜ਼ੀ ਅਨੁਸਾਰ ਬਿਨਾ ਕਿਸੇ ਰੁਕਾਵਟ ਤੋਂ ਹਰੇਕ ਜਗ੍ਹਾ ਪਹੁੰਚ ਜਾਣਾ ਉਸ ਲਈ ਅਚੰਭੇ ਦੀ ਗੱਲ ਹੈ।

ਇਸ ਬ੍ਰਿਤਾਂਤ ਤੋਂ ਇਉਂ ਲੱਗਦਾ ਹੈ, ਕਿ ਖ਼ਾਕੀ ਮਨੁੱਖ ਦੀ ਸੋਚ ਵਿਚ ਐਸ਼-ਆਰਾਮ ਦੇ ਸੰਕਲਪ ਅਧੀਨ ਇਕ ਪਾਸੇ ਸੂਖਮ ਕਲਾਵਾਂ, ਨਾਚ ਅਤੇ ਸੰਗੀਤ ਨੂੰ ਮਾਨਣ ਦੀ ਇੱਛਾ ਅਤੇ ਦੂਜੇ ਪਾਸੇ ਸ਼ਰਾਬ ਅਤੇ ਸੁੰਦਰ ਇਸਤਰੀਆਂ ਦੇ ਸਾਥ ਵਿਚ ਵਕਤ ਗੁਜ਼ਾਰਨਾ ਆਉਂਦਾ ਹੈ। ਖ਼ਾਕੀ ਮਨੁੱਖ ਸੋਚਦਾ ਹੈ ਕਿ ਇਸ ਸਾਰੇ ਐਸ਼-ਆਰਾਮ ਲਈ ਉਸ ਨੂੰ ਕੋਈ ਯਤਨ ਨਾ ਕਰਨਾ ਪਵੇ, ਸਗੋਂ ਉਸ ਦੇ ਇਕ ਇਸ਼ਾਰੇ ਉੱਤੇ ਸੈਂਕੜੇ ਦੇਵ ਅਤੇ ਪਰੀਆਂ ਉਸ ਅੱਗੇ ਹੱਥ ਬੰਨ੍ਹੀ ਖੜੇ ਹੋਣ। ਇਸ ਤਰ੍ਹਾਂ ਦੇ ਐਸ਼-ਆਰਾਮ ਵਿਚ ਜਿਉਂ ਰਹੇ ਮਨੁੱਖ ਨੂੰ ਜੇ ਕਦੇ ਕੋਈ ਕਠਿਨਾਈ ਆ ਜਾਵੇ ਤਾਂ ਉਸ ਨੂੰ ਸਿਰਫ਼ ਇਕ ਵਾਲ ਨੂੰ ਅੱਗ ਲਾਉਣੀ ਪਵੇ, ਜਿਸ ਨਾਲ ਉਸ ਦੀ ਸਮੱਸਿਆ ਦਾ ਹੱਲ ਕਰਨ ਲਈ ਦਿਓ ਆ ਜਾਣ। ਉਸ ਨੂੰ ਖਾਣ ਪੀਣ ਲਈ ਵੀ ਕੋਈ ਖ਼ਾਸ ਕਸ਼ਟ ਨਾ ਕਰਨਾ ਪਵੇ ਸਗੋਂ ਇਕ ਅਜਿਹਾ ਆਸਾ ਹੋਵੇ ਜਿਸ ਨਾਲ ਹਰੇਕ ਤਰ੍ਹਾਂ ਦਾ ਭੋਜਨ ਪੈਦਾ ਹੋ ਸਕੇ। ਉਸ ਕੋਲ ਹਨੇਰੇ ਵਿਚ ਵੇਖਣ ਦੀ ਸ਼ਕਤੀ ਹੋਵੇ। ਉਹ ਸਾਰਿਆਂ ਨੂੰ ਵੇਖੇ, ਪਰ ਉਸ ਨੂੰ ਕੋਈ ਵੀ ਵੇਖ ਨਾ ਸਕੇ। ਇਸ ਤਰ੍ਹਾਂ ਦੀਆਂ ਸੋਚਾਂ ਵਾਲਾ ਮਨੁੱਖ, ਇਕ ਅਜਿਹੀ ਦੁਨੀਆ ਦੀ ਕਲਪਨਾ ਕਰ ਲੈਂਦਾ ਹੈ, ਜਿਸ ਵਿਚ ਉਸ ਦੀਆਂ ਇਨ੍ਹਾਂ ਸੋਚਾਂ ਦੀ ਪੂਰਤੀ ਹੁੰਦੀ ਹੋਵੇ। ਪਰੰਤੂ ਉਸ ਦੀ ਦੁਨੀਆ ਦੀਆਂ ਸਮੱਸਿਆਵਾਂ ਦਾ ਹੱਲ ਉਸ ਦੀਆਂ ਇਹ ਕਾਲਪਨਿਕ ਸੋਚਾਂ ਨਹੀਂ ਕਰ ਸਕਦੀਆਂ। ਉਸ ਲਈ ਉਸ ਨੂੰ ਕਲਪਨਾ ਵਿਚੋਂ ਨਿਕਲਕੇ ਯਥਾਰਥ ਦੀ ਦੁਨੀਆ ਵਿਚ ਆਉਣਾ ਪੈਂਦਾ ਹੈ। ਇਹ ਕਲਪਨਾ ਦਾ ਐਸ਼-ਆਰਾਮ, ਕਲਪਨਾ ਵਿਚ ਵੀ, ਉਸ ਨੂੰ ਇੱਛਿਤ ਖ਼ੁਸ਼ੀਆਂ ਅਤੇ ਸ਼ਾਂਤੀ ਨਹੀਂ ਦੇ ਸਕਦਾ; ਕਿਉਂਕਿ ਇਹ ਉਸ ਦੀ ਮਿਹਨਤ ਦਾ ਫਲ ਨਹੀਂ ਹੁੰਦਾ। ਮਿਹਨਤ ਨਾਲ ਪ੍ਰਾਪਤ ਕੀਤੀ ਖ਼ੁਸ਼ੀ ਸੰਤੁਸ਼ਟੀ ਦਿੰਦੀ ਹੈ। ਪਰੰਤੂ ਦੂਜੇ ਉੱਤੇ ਨਿਰਭਰ ਰਹਿ ਕੇ ਪ੍ਰਾਪਤ ਕੀਤੀ ਖ਼ੁਸ਼ੀ ਅਕੇਵਾਂ ਪੈਦਾ ਕਰ ਦਿੰਦੀ ਹੈ। ਇਹ ਤੱਥ ਇਸ ਬ੍ਰਿਤਾਂਤ ਤੋਂ ਵੀ ਸਪਸ਼ਟ ਹੋ ਜਾਂਦਾ ਹੈ। ਸ਼ਾਹ ਬਹਿਰਾਮ ਆਪਣੀ ਮਰਜ਼ੀ ਨਾਲ ਨਾਰੀ ਦੇਸ਼ ਨਹੀਂ ਜਾਂਦਾ, ਸਗੋਂ ਦੇਵ ਸਫ਼ੈਦ ਉਸ ਨੂੰ ਉਠਾ ਕੇ ਲੈ ਆਉਂਦਾ ਹੈ। ਆਪਣੀ ਹਰੇਕ ਇੱਛਾ ਲਈ ਉਸ ਨੂੰ ਦੇਵ ਸਫ਼ੈਦ ਉੱਤੇ ਨਿਰਭਰ

ਕਰਨਾ ਪੈਂਦਾ ਹੈ। ਇਸ ਲਈ, ਭਾਵੇਂ ਨਾਰੀ ਸੰਸਾਰ ਵਿਚ ਸ਼ਾਹ ਬਹਿਰਾਮ ਕੋਲ ਉਹ ਸਾਰਾ ਐਸ਼-ਆਰਾਮ ਹੈ, ਜਿਸ ਦੀ ਇਕ ਖ਼ਾਕੀ ਮਨੁੱਖ ਕਲਪਨਾ ਕਰ ਸਕਦਾ ਹੈ, ਪਰੰਤੂ ਫਿਰ ਵੀ ਇਹ ਸਭ ਕੁਝ ਉਸ ਨੂੰ ਸੰਤੁਸ਼ਟ ਨਹੀਂ ਕਰ ਸਕਦਾ। ਉਹ ਆਪਣੀ ਖ਼ਾਕੀ ਜ਼ਿੰਦਗੀ ਅਤੇ ਨਾਰੀ ਸੰਸਾਰ ਦੀ ਜ਼ਿੰਦਗੀ ਬਾਰੇ ਹੁਸਨ ਬਾਨੋ ਨੂੰ ਕਹਿੰਦਾ ਹੈ :

ਕਿਥੇ ਰਾਜ ਮੇਰਾ ਹੁਣ ਕਿਥੇ ਫ਼ੌਜਾਂ ਮੁਲਕ ਖ਼ਜ਼ਾਨੇ।
ਤਖ਼ਤੋਂ ਵਖਤ ਪਾਇਅ ਰੱਬ ਮੈਨੂੰ ਸੁਟਿਆ ਦੇਸ਼ ਬਿਗਾਨੇ।
ਚਾੜ੍ਹ ਹੁਸਨ ਦੀ ਧਾੜ ਮੇਰੇ ਉੱਤੇ ਤਨ ਮਨ ਮੇਰਾ ਮੁਠਾ।

(*ਸ਼ਾਹ ਬਹਿਰਾਮ ਤੇ ਹੁਸਨ ਬਾਨੋ*, ਪੰ. 10)

ਨਾਰੀ ਸੰਸਾਰ ਦੀਆਂ ਸਾਰੀਆਂ ਸ਼ਕਤੀਆਂ ਪ੍ਰਾਪਤ ਕਰਨ ਮਗਰੋਂ ਵੀ ਸ਼ਾਹ ਬਹਿਰਾਮ ਵਾਪਸ ਆਪਣੇ ਸ਼ਹਿਰ ਫ਼ਾਰਸ ਹੀ ਆਉਂਦਾ ਹੈ। ਇਨ੍ਹਾਂ ਸ਼ਕਤੀਆਂ ਨਾਲ ਉਹ ਹੁਸਨ ਬਾਨੋ ਦੇ ਮਾਂ-ਬਾਪ ਨੂੰ ਪ੍ਰਭਾਵਿਤ ਕਰ ਲੈਂਦਾ ਹੈ ਪਰ ਉਥੇ ਰਹਿਣ ਦਾ ਫ਼ੈਸਲਾ ਨਹੀਂ ਕਰਦਾ। ਇਸ ਤੋਂ ਸਪਸ਼ਟ ਹੈ ਕਿ ਖ਼ਾਕੀ ਸੰਸਾਰ ਦਾ ਯਥਾਰਥ ਨਾਰੀ ਸੰਸਾਰ ਦੀ ਕਲਪਨਾ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ।

ਨਾਰੀ ਸੰਸਾਰ ਦੇ ਮੁਕਾਬਲੇ ਖ਼ਾਕੀ ਸੰਸਾਰ ਦੀ ਮਹਾਨਤਾ ਅਤੇ ਉਤੱਮਤਾ ਹੁਸਨ ਦੇ ਸੰਕਲਪ ਤੋਂ ਵੀ ਸਪਸ਼ਟ ਹੋ ਜਾਂਦੀ ਹੈ। ਇਸ ਬ੍ਰਿਤਾਂਤ ਵਿਚ ਖ਼ਾਕੀ ਆਦਮੀ ਆਪਣੀ ਕਲਪਨਾ ਦੇ ਹੁਸਨ (ਪਰੀ) ਨੂੰ ਪ੍ਰਾਪਤ ਕਰਦਾ ਵਿਖਾਇਆ ਗਿਆ ਹੈ। ਪਰੰਤੂ ਦੇਵਾਂ ਅਤੇ ਪਰੀਆਂ ਦਾ ਖ਼ਾਕੀ ਆਦਮੀ ਦੇ ਹੁਸਨ ਸਾਹਮਣੇ, ਉਸ ਦੇ ਗ਼ੁਲਾਮ ਹੋ ਜਾਣਾ ਸਪਸ਼ਟ ਕਰਦਾ ਹੈ ਕਿ ਕਲਪਨਾ ਅਤੇ ਯਥਾਰਥ ਦੀ ਦੁਨੀਆ ਦਾ ਆਪਸੀ ਸੰਬੰਧ ਕੀ ਹੈ। ਕਲਪਨਾ ਦਾ ਹੁਸਨ ਬੇਹਦ ਖ਼ੂਬਸੂਰਤ ਹੋ ਸਕਦਾ ਹੈ, ਪਰੰਤੂ ਯਥਾਰਥ ਦੀ ਦੁਨੀਆ ਦਾ ਹੁਸਨ ਉਸ ਤੋਂ ਵੀ ਜ਼ਿਆਦਾ ਸੋਹਣਾ ਹੈ ਕਿਉਂਕਿ ਕਲਪਨਾ ਦੇ ਸੰਸਾਰ ਦੇ ਜੀਵ (ਪਰੀਆਂ ਤੇ ਦੇਵ) ਵੀ ਖ਼ਾਕੀ ਹੁਸਨ ਉੱਤੇ ਆਸ਼ਕ ਹੋ ਜਾਂਦੇ ਹਨ। ਇਸ ਲਈ ਭਾਵੇਂ ਕਲਪਨਾ ਵਿਚ ਮਨੁੱਖ ਅਤੀ ਸੁੰਦਰ ਆਕਾਰ ਦੀ ਸਿਰਜਣਾ ਸੋਚ ਸਕਦਾ ਹੈ ਪਰੰਤੂ ਉਸ ਨੂੰ ਹਮੇਸ਼ਾ ਅਸਲੀਅਤ ਦਾ ਹੀ ਸਾਹਮਣਾ ਕਰਨਾ ਪੈਂਦਾ ਹੈ, ਜਿਸ ਵਿਚ ਪ੍ਰਾਪਤ ਹੁਸਨ ਕਾਲਪਨਿਕ ਹੁਸਨ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੈ।

ਇਸ ਤਰ੍ਹਾਂ ਸ਼ਾਹ ਬਹਿਰਾਮ ਅਤੇ ਹੁਸਨ ਬਾਨੋ ਦੇ ਬ੍ਰਿਤਾਂਤ ਰਾਹੀਂ ਮੀਆਂ ਇਮਾਮ ਬਖ਼ਸ਼ ਨੇ ਖ਼ਾਕੀ ਅਤੇ ਨਾਰੀ ਦੇ ਵਿਰੋਧ ਨੂੰ ਪੇਸ਼ ਕਰਕੇ ਯਥਾਰਥ ਅਤੇ ਕਲਪਨਾ ਦੇ ਆਪਸੀ ਸੰਬੰਧ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਕਲਪਨਾ ਵਿਚ ਮਨੁੱਖ ਅਤਿ-ਉੱਤਮ ਗੁਣਾਂ ਨੂੰ ਸੋਚ ਸਕਦਾ ਹੈ, ਪਰੰਤੂ ਜੀਉਣ ਲਈ ਉਸ ਨੂੰ ਯਥਾਰਥ ਦੀ ਦੁਨੀਆ ਨੂੰ ਹੀ ਸਮਝਣਾ ਪੈਂਦਾ ਹੈ।

ਸਹਾਇਕ ਪੁਸਤਕ ਸੂਚੀ

1. Greimas, A.J. : *Structural Semantics; "Pakha Sanjam"*, Vol. VIII, Punjabi University, Patiala; 1975-76
2. Saussure, F-de; : *Course in General Linguistics;* Collins and Co, Glasgow; 1974
3. ਜੀ. ਐਲ. ਸ਼ਰਮਾ : ਇਮਾਮ ਬਖ਼ਸ਼ ਰਚਿਤ *ਕਿੱਸਾ ਸ਼ਾਹ ਬਹਿਰਾਮ;* ਰਵੀ ਸਾਹਿੱਤ ਪ੍ਰਕਾਸ਼ਨ, ਅੰਮ੍ਰਿਤਸਰ; 1978
4. ਪ੍ਰੀਤਮ ਸਿੰਘ (ਸੰਪਾ.) : *ਕਿੱਸਾ ਸ਼ਾਹ ਬਹਿਰਾਮ* (ਕ੍ਰਿਤ ਇਮਾਮ ਬਖ਼ਸ਼), ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ; 1960
5. ਮੀਆਂ ਇਮਾਮ ਬਖ਼ਸ਼ : *ਕਿੱਸਾ ਸ਼ਾਹ ਬਹਿਰਾਮ ਤੇ ਹੁਸਨ ਬਾਨੋ;* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ

'ਖੋਜ' : ਸਰੂਪ ਅਤੇ ਪ੍ਰਕ੍ਰਿਆ

ਡਾ. ਆਸ਼ਾ ਨੰਦ ਵੋਹਰਾ

'ਖੋਜ' ਦਾ ਅਰਥ : 'ਖੋਜ' ਸ਼ਬਦ ਅੰਗਰੇਜ਼ੀ ਦੇ ਰਿਸਰਚ (Research) ਸ਼ਬਦ ਦਾ ਪੰਜਾਬੀ ਸਮਾਨਵਾਚੀ ਸ਼ਬਦ ਹੈ ।[1] ਇਸ ਸ਼ਬਦ ਦੇ ਮੂਲ ਅਰਥ ਅਤੇ ਕਾਰਜ ਉੱਤੇ ਧਿਆਨ ਦਿੱਤਾ ਜਾਵੇ ਤਾਂ ਪੰਜਾਬੀ ਸ਼ਬਦ ਬਹੁਤ ਹੀ ਢੁੱਕਵਾਂ ਪ੍ਰਤੀਤ ਹੁੰਦਾ ਹੈ ਕਿਉਂਜੋ ਇਹ ਸ਼ਬਦ ਅਗਿਆਤ ਤੱਥਾਂ ਦੀ ਖੋਜ, ਵਿਸ਼ਲੇਸ਼ਣ, ਪ੍ਰਮਾਣੀਕਰਣ, ਸਿੱਟਿਆਂ ਦੀ ਪ੍ਰਾਪਤੀ ਆਦਿ ਇਸ ਦੇ ਕਾਰਜਾਂ ਨੂੰ ਪ੍ਰਗਟਾਉਣ ਵਿਚ ਪੂਰਨ ਰੂਪ ਵਿਚ ਸਮਰਥ ਜਾਪਦਾ ਹੈ । ਦੋਹਾਂ ਦੀ ਪ੍ਰਕ੍ਰਿਆ ਅਤੇ ਮੰਤਵ ਵੀ ਇਕੋ ਹੀ ਹੈ । ਕੁਝ ਵਿਦਵਾਨਾਂ ਨੇ ਹਿੰਦੀ ਸ਼ਬਦ 'ਸ਼ੋਧ'[2] ਨੂੰ ਪੰਜਾਬੀ ਵਿਚ ਪ੍ਰਚਲਿਤ ਕਰਨ ਦਾ ਉਦਮ ਵੀ ਕੀਤਾ ਹੈ, ਪਰ 'ਖੋਜ' ਸ਼ਬਦ ਆਪਣੇ ਪੰਜਾਬੀ ਰੂਪ ਦੀ ਠੇਠਤਾ ਨੂੰ ਵਧੇਰੇ ਉਜਾਗਰ ਕਰਦਾ ਹੈ । ਇਸ ਲਈ ਇਸ ਨਿਬੰਧ ਵਿਚ ਇਸੇ ਸ਼ਬਦ ਨੂੰ ਵਰਤੋਂ ਵਿਚ ਲਿਆਂਦਾ ਗਿਆ ਹੈ ।

'ਖੋਜ' ਦੀ ਮਹੱਤਾ ਅਤੇ ਮਨੁੱਖ ਦੀ ਜਿਗਿਆਸਾ-ਵ੍ਰਿੱਤੀ : ਸਾਹਿੱਤਿਕ ਜਗਤ ਵਿਚ ਹੀ ਨਹੀਂ ਸਗੋਂ ਮਨੁੱਖੀ ਜੀਵਨ ਨਾਲ ਸੰਬੰਧਿਤ ਹਰ ਖੇਤਰ ਵਿਚ ਹੀ 'ਖੋਜ' ਸ਼ਬਦ ਆਪਣੀ ਵਿਸ਼ੇਸ਼ ਮਹੱਤਾ ਰਖਦਾ ਹੈ । ਮਨੁੱਖ ਨਿਤ ਨਵੀਆਂ ਚੀਜ਼ਾਂ ਦਾ ਗਿਆਨ ਪ੍ਰਾਪਤ ਕਰਨ ਲਈ ਕੋਸ਼ਿਸ਼ ਕਰਦਾ ਹੈ । ਉਸ ਦੀ ਇਹ ਕੋਸ਼ਿਸ਼ ਅਤੇ ਇੱਛਾ ਹੀ ਅਨੇਕ ਕਾਂਡਾਂ ਨੂੰ ਜਨਮ ਦਿੰਦੀ ਹੈ । ਨਿਊਟਨ ਅਤੇ ਸਟੀਵੇਂਸਨ ਵਰਗੇ ਵਿਗਿਆਨਿਕਾਂ ਦੀਆਂ ਕਾਢਾਂ ਵਿਚ ਇਹੋ ਕੋਸ਼ਿਸ਼ ਆਪਣਾ ਕਮਾਲ ਵਿਖਾਉਂਦੀ ਹੈ । ਜਦ ਕਿਸੇ ਲੋੜ ਨੂੰ ਪੂਰਾ ਕਰਨ ਦਾ ਜਤਨ ਹੁੰਦਾ ਹੈ ਜਾਂ ਕਿਸੇ ਸਮੱਸਿਆ ਦਾ ਹੱਲ ਲੱਭਣ ਦੀ ਕੋਸ਼ਿਸ਼ ਹੁੰਦੀ ਹੈ ਤਾਂ ਕਈ ਵਾਰ ਨਵੀਂ ਕਾਢ ਆਪਣੇ ਆਪ ਹੋਂਦ ਵਿਚ ਆ ਜਾਂਦੀ ਹੈ । ਪਰ ਹਰ ਵੇਲੇ ਲੋੜ ਹੀ ਸਾਡੀ ਸਮੱਸਿਆ ਨਹੀਂ ਹੁੰਦੀ, ਸਗੋਂ ਕਿਸੇ ਚੀਜ਼ ਨੂੰ ਜਾਣਨ ਦੀ ਜਿਗਿਆਸਾ (ਇੱਛਾ) ਸੰਬੰਧੀ ਸੰਸਕਾਰ ਸਾਨੂੰ ਵਿਭਿੰਨ ਪ੍ਰਕਾਰ ਦੇ ਗਿਆਨ ਦੀ ਪ੍ਰਾਪਤੀ ਲਈ ਪ੍ਰੇਰਿਤ ਕਰਦੇ ਹਨ । ਇਸ ਗਿਆਨ ਪ੍ਰਾਪਤੀ ਨੂੰ ਹੀ 'ਖੋਜ' ਦਾ ਮੰਤਵ ਦੱਸਿਆ ਜਾਂਦਾ ਹੈ ।

ਮਨੁੱਖੀ ਜੀਵਨ ਦਾ ਹਰ ਖੇਤਰ ਜਿਗਿਆਸਾ ਦਾ ਖੇਤਰ ਕਿਹਾ ਜਾਂਦਾ ਹੈ । ਇਸ ਦਾ ਸੰਬੰਧ ਨਿਰਾ ਦਿਸਣ ਵਾਲੀਆਂ ਚੀਜ਼ਾਂ ਅਤੇ ਭੌਤਿਕ ਪਦਾਰਥਾਂ ਨਾਲ ਹੀ ਨਹੀਂ ਹੁੰਦਾ, ਸਗੋਂ ਇਹ ਅਦਿਸ ਵਸਤਾਂ ਅਤੇ ਅਧਿਆਤਮਿਕ ਅਨੁਭਵ ਕਰਨ ਵਾਲੀਆਂ ਚੀਜ਼ਾਂ ਨਾਲ ਵੀ ਆਪਣਾ ਸੰਬੰਧ ਰਖਦੀ ਹੈ । ਪਹਿਲੀ ਹਾਲਤ ਵਿਚ ਮਨੁੱਖ ਦੀ ਇਹ ਜਿਗਿਆਸਾ-ਵ੍ਰਿਤੀ ਵਿਗਿਆਨਿਕ ਖੋਜ ਦਾ ਕਾਰਨ ਬਣਦੀ ਹੈ ਅਤੇ ਦੂਜੀ ਹਾਲਤ ਵਿਚ ਦਾਰਸ਼ਨਿਕ, ਅਧਿਆਤਮਿਕ ਅਤੇ ਸਾਹਿੱਤਿਕ ਖੋਜ-ਕਾਰਜਾਂ ਦੀ । ਪਰ ਦੋਹਾਂ ਹਾਲਤਾਂ ਵਿਚ ਮੰਤਵ ਇਕੋ ਜੇਹਾ ਹੀ ਰਹਿੰਦਾ ਹੈ, ਯਥਾ ਇਸ ਖੋਜ ਸੰਬੰਧੀ ਇੱਛਾ ਦੀ ਪੂਰਤੀ ਦੇ ਨਾਲ-ਨਾਲ ਗਿਆਨ ਪ੍ਰਾਪਤ ਕਰਨਾ । ਗਿਆਨ ਦੇ ਅਮੁਕ ਭੰਡਾਰਾਂ ਨੂੰ ਵੇਖ ਕੇ ਮਨੁੱਖ ਕਈ ਵਾਰ ਸੋਚਦਾ ਹੈ ਕਿ ਕੀ ਮੈਂ ਇਸ ਉਮਰ ਵਿਚ ਇਸ ਸਾਰੇ ਗਿਆਨ ਨੂੰ ਪ੍ਰਾਪਤ ਕਰ ਸਕਾਂਗਾ? ਪਰ ਅਜੇ ਉਸ ਦੀ ਇਸ ਜਿਗਿਆਸਾ-ਵ੍ਰਿਤੀ ਦੀ ਤ੍ਰਿਪਤੀ ਵੀ ਨਹੀਂ ਹੋਈ ਹੁੰਦੀ ਕਿ ਕਾਲ-ਦੇਵਤਾ ਉਸ ਦੇ ਪ੍ਰਾਣਾਂ ਨੂੰ ਲੈਣ ਲਈ ਆ ਪੁੱਜਦਾ ਹੈ । ਕਈ ਵਾਰ ਉਸ ਦੇ ਸ਼ੁਰੂ ਕੀਤੇ ਹੋਏ ਕੰਮ, ਉਸ ਦੇ ਵੰਸ਼ ਦੇ ਹੋਰ ਲੋਕੀ ਨੇਪਰੇ ਚਾੜ੍ਹਨ ਦੀ ਕੋਸ਼ਿਸ਼ ਕਰਦੇ ਹਨ ਤੇ ਕਈ ਵਾਰ ਉਹ ਅਧੂਰੇ ਹੀ ਰਹਿ ਜਾਂਦੇ ਹਨ । ਪਰ ਇਸ ਖੋਜ ਦਾ ਕੰਮ ਨਾ ਕਦੀ ਰੁਕਦਾ ਹੈ ਅਤੇ ਨਾ ਹੀ ਕਦੀ ਖ਼ਤਮ ਹੁੰਦਾ ਹੈ । ਜੇ ਕੋਈ ਪੀ-ਐਚ.ਡੀ. ਕਰਨ ਵਾਲਾ ਖੋਜ-ਵਿਦਿਆਰਥੀ ਇਹ ਸੋਚਦਾ ਹੈ ਕਿ ਉਸ ਨੇ ਆਪਣਾ ਕੰਮ ਖ਼ਤਮ ਕਰ ਲਿਆ ਹੈ ਅਤੇ ਉਸ ਨੂੰ ਡਿਗਰੀ ਮਿਲ ਗਈ ਹੈ ਅਤੇ ਹੁਣ ਉਸ ਨੂੰ ਹੋਰ ਕੰਮ ਕਰਨ ਦੀ ਲੋੜ ਨਹੀਂ, ਤਾਂ ਅਸਲ ਵਿਚ ਉਸ ਨੇ ਖੋਜ ਦੇ ਅਰਥਾਂ ਨੂੰ ਚੰਗੀ

ਤਰ੍ਹਾਂ ਸਮਝਿਆ ਹੀ ਨਹੀਂ। ਡਿਗਰੀ ਮਿਲ ਜਾਣ ਨਾਲ ਕੰਮ ਖ਼ਤਮ ਨਹੀਂ ਹੋ ਜਾਂਦਾ, ਸਗੋਂ ਉਸ ਦੇ ਕੰਮ ਵਿਚੋਂ ਹੋਰ ਅਜਿਹੇ ਵਿਸ਼ੇ ਨਿਕਲ ਆਉਂਦੇ ਹਨ ਜਿਨ੍ਹਾਂ ਉੱਤੇ ਡਿਗਰੀ ਲੈਣ ਤੋਂ ਬਾਅਦ ਸੁਤੰਤਰ ਰੂਪ ਵਿਚ ਕੰਮ ਕਰਨ ਦੀ ਲੋੜ ਹੁੰਦੀ ਹੈ ਜਾਂ ਡਿਗਰੀ ਵਾਲਾ ਵਿਦਿਆਰਥੀ ਆਪਣੇ ਅਧੂਰੇ ਕੰਮ ਨੂੰ ਹੋਰ ਖੋਜ-ਵਿਦਿਆਰਥੀਆਂ ਦੀ ਸਹਾਇਤਾ ਜਾਂ ਸਹਿਯੋਗ ਰਾਹੀਂ ਪੂਰਾ ਕਰਨ ਦਾ ਜਤਨ ਕਰਦਾ ਹੈ। ਇਸ ਤਰ੍ਹਾਂ ਖੋਜ ਦਾ ਕੰਮ ਲਗਾਤਾਰ ਚਲਦਾ ਹੀ ਰਹਿੰਦਾ ਹੈ। ਇਕ ਜਗਿਆ ਦੀਵਾ ਦੂਜੇ ਨੂੰ ਰੌਸ਼ਨ ਕਰਦਾ ਹੀ ਰਹਿੰਦਾ ਹੈ। ਇਸੇ ਤਰ੍ਹਾਂ ਮਨੁੱਖ ਨਿੱਤ ਕਿਸੇ ਨਵੇਂ ਵਿਸ਼ੇ ਬਾਰੇ ਕੁਝ ਨਾ ਕੁਝ ਜਾਣਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ, ਅਤੇ ਉਸ ਦੀ ਗਿਆਨ-ਪ੍ਰਾਪਤੀ ਦੀ ਇੱਛਾ ਰੋਜ਼ ਹੀ ਕਈ ਨਵੇਂ ਖੋਜ-ਕਾਰਜਾਂ ਨੂੰ ਜਨਮ ਦਿੰਦੀ ਰਹਿੰਦੀ ਹੈ ਤੇ ਮਨੁੱਖ ਨੂੰ ਨਿੱਤ ਹੀ ਵਿਕਾਸ ਦੀਆਂ ਮੰਜ਼ਲਾਂ ਤਹਿ ਕਰਨ ਲਈ ਪ੍ਰੇਰਦੀ ਰਹਿੰਦੀ ਹੈ।

ਖੋਜ ਦਾ ਮੰਤਵ : 'ਖੋਜ' ਇਕ ਲਗਾਤਾਰ ਹੋਣ ਵਾਲੀ ਪ੍ਰਕ੍ਰਿਆ ਦਾ ਨਤੀਜਾ ਕਹੀ ਜਾਂਦੀ ਹੈ। ਗਿਆਨ ਦੇ ਅਗਿਆਤ ਅਤੇ ਅਣਛੋਹੇ ਖੇਤਰਾਂ ਦੀ ਜਾਣਕਾਰੀ ਦੇਣ ਤੇ ਉਨ੍ਹਾਂ ਨੂੰ ਗਿਆਨ ਦੀਆਂ ਹੱਦਾਂ ਵਿਚ ਲਿਆਉਣ ਦੇ ਕਾਰਜਾਂ ਨੂੰ 'ਖੋਜ' ਕਿਹਾ ਜਾਂਦਾ ਹੈ। ਪਰ ਜੋ ਕੁਝ ਮਨੁੱਖੀ ਗਿਆਨ ਦੀ ਹਦ ਵਿਚ ਪਹਿਲਾਂ ਹੀ ਆ ਚੁੱਕਿਆ ਹੈ, ਕੀ ਉਸ ਨੂੰ ਸ਼ੁੱਧ, ਸਪਸ਼ਟ ਅਤੇ ਮੂਰਤ ਰੂਪ ਦੇਣਾ 'ਖੋਜ' ਨਹੀਂ? ਕੀ ਪਹਿਲਾਂ ਜਾਣੇ ਵਿਸ਼ਿਆਂ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਕਰਨਾ 'ਖੋਜ' ਨਹੀਂ, ਇਹ ਵੀ ਅਸਲੋਂ ਖੋਜ ਹੀ ਹੈ। ਇਹ ਖੋਜ ਗਿਆਨ ਦੇ ਭਿੰਨ-ਭਿੰਨ ਖੇਤਰਾਂ ਨੂੰ ਉਜਾਗਰ ਕਰਦੀ ਹੈ। ਪਹਿਲੇ ਖੇਤਰ ਵਿਚ ਪੂਰੀ ਨਵੀਨਤਾ ਉਜਾਗਰ ਕੀਤੀ ਜਾਂਦੀ ਹੈ, ਨਵੇਂ ਪ੍ਰਮਾਣਾਂ ਰਾਹੀਂ ਨਵੇਂ ਤੱਥਾਂ ਨੂੰ ਨਵੇਂ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ ਜਿਸ ਵਿਚ ਤੱਥਾਂ ਨੂੰ ਤਰਤੀਬ ਦੇਣ ਅਤੇ ਉਨ੍ਹਾਂ ਨੂੰ ਵਿਸ਼ਲੇਸ਼ਣਾਤਮਕ ਰੂਪ ਵਿਚ ਪੇਸ਼ ਕਰਨ ਦੀ ਪ੍ਰਕ੍ਰਿਆ ਵਧੇਰੇ ਵਿਅਕਤ ਹੁੰਦੀ ਹੈ।

ਗਿਆਨ ਦੇ ਖੇਤਰਾਂ ਦੀ ਵਿਸ਼ਾਲਤਾ ਅਤੇ ਅਸੀਮਤਾ ਵਜੋਂ ਖੋਜ ਦਾ ਹਰ ਖੇਤਰ ਵਿਚ ਹੀ ਆਦਰ ਹੁੰਦਾ ਹੈ। ਵਿਗਿਆਨ, ਸਾਹਿੱਤ ਜਾਂ ਦਰਸ਼ਨ ਦੇ ਖੇਤਰ ਵਿਚ ਕਿਸੇ ਨਵੀਨ ਸਿਧਾਂਤ ਦੀ ਸਥਾਪਨਾ ਕਰਨਾ, ਨਵੇਂ ਵਿਚਾਰ ਨੂੰ ਵਿਅਕਤ ਕਰਨਾ, ਪਹਿਲੀ ਤਰ੍ਹਾਂ ਦੀ ਖੋਜ ਕਹੀ ਜਾ ਸਕਦੀ ਹੈ ਅਤੇ ਪਹਿਲਾਂ ਤੋਂ ਵਿਦਮਾਨ ਸਿਧਾਂਤਾਂ ਤੇ ਵਿਚਾਰਾਂ ਦੇ ਸੰਦਰਭ ਵਿਚ ਉਨ੍ਹਾਂ ਦੀ ਨਵੀਂ ਵਿਆਖਿਆ, ਨਵੇਂ ਯੁੱਗ ਵਿਚ ਉਨ੍ਹਾਂ ਦੀ ਮਹੱਤਾ ਦੀ ਸਥਾਪਨਾ ਜਾਂ ਉਨ੍ਹਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ ਪੇਸ਼ ਕਰਨਾ ਦੂਜੀ ਤਰ੍ਹਾਂ ਦੀ ਖੋਜ ਕਹੀ ਜਾ ਸਕਦੀ ਹੈ। ਇਨ੍ਹਾਂ ਦੋਹਾਂ ਹੀ ਕਿਸਮਾਂ ਦੀ ਖੋਜ ਵਿਚ ਮਿਆਰ (Standard) ਦਾ ਅੰਤਰ ਹੋ ਸਕਦਾ ਹੈ ਪਰ ਇਹ ਦੋਵੇਂ ਕਿਸਮਾਂ ਇਕ ਦੂਜੀ ਨੂੰ ਪੂਰਨਤਾ ਪ੍ਰਦਾਨ ਕਰਨ ਦੀ ਪ੍ਰਕ੍ਰਿਆ ਦੇ ਸਿੱਟੇ ਵਜੋਂ ਹਰ ਖੇਤਰ ਵਿਚ ਆਦਰਯੋਗ ਸਥਾਨ ਰਖਦੀਆਂ ਹਨ। ਅਗਿਆਤ ਜਾਂ ਅਛੂਤੇ ਵਿਸ਼ੇ ਨੂੰ ਜਾਣਨਾ ਜਾਂ ਉਸ ਨੂੰ introduce ਕਰਨਾ ਅਤੇ ਗਿਆਤ-ਗਿਆਨ ਨੂੰ ਨਵੀਂ ਤਰਤੀਬ ਦੇਣਾ ਦੋਵੇਂ ਹੀ ਖੋਜ ਦੇ ਮੰਤਵ ਕਹੇ ਜਾ ਸਕਦੇ ਹਨ। ਗਿਆਤ-ਗਿਆਨ ਨੂੰ ਪ੍ਰਮਾਣਿਕ ਰੂਪ ਪ੍ਰਦਾਨ ਕਰਨਾ ਜਾਂ ਕਿਸੇ ਤੱਥ ਦਾ ਯਥਾਰਥ ਵਿਸ਼ਲੇਸ਼ਣ ਕਰਨਾ ਵੀ ਖੋਜ ਦੀ ਸੀਮਾ ਵਿਚ ਹੀ ਮੰਨਿਆ ਜਾਂਦਾ ਹੈ।

ਖੋਜ ਦਾ ਖੇਤਰ : 'ਖੋਜ' ਕਿਸੇ ਵੀ ਖ਼ਾਸ ਵਿਸ਼ੇ ਨਾਲ ਸੰਬੰਧਿਤ ਹੋਣ ਵਜੋਂ ਹਰ ਕਿਸੇ ਵਿਸ਼ੇ ਨੂੰ ਆਪਣੇ ਹਦਬੰਨੇ ਵਿਚ ਲੈ ਆਉਂਦੀ ਹੈ। ਜਿਸ ਤੱਥ ਨੂੰ ਉਹ ਉਜਾਗਰ ਕਰਨਾ ਚਾਹੁੰਦੀ ਹੈ ਉਹ ਹੀ ਉਸ ਦਾ ਵਿਸ਼ਾ ਜਾਂ ਉਸ ਦਾ ਨਿੱਜੀ ਖੇਤਰ ਬਣ ਜਾਂਦਾ ਹੈ। ਵਿਸ਼ੇ ਦੇ ਆਧਾਰ ਉੱਤੇ ਖੋਜ ਨੂੰ ਦੋ ਪ੍ਰਧਾਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ :

(1) ਵਿਗਿਆਨਿਕ ਜਾਂ ਪਦਾਰਥਕ ਖੋਜ
(2) ਮਾਨਵਿਕੀ ਜਾਂ ਵਿਚਾਰਿਕ ਖੋਜ

ਵਿਗਿਆਨਿਕ ਖੋਜ ਨੇ ਮਨੁੱਖ ਨੂੰ ਆਪਣੀਆਂ ਨਵੀਨ ਕਾਢਾਂ ਰਾਹੀਂ ਭਾਂਤ-ਭਾਂਤ ਦੇ ਸੁਖ ਅਤੇ ਸਹੂਲਤਾਂ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਰਾਹੀਂ ਮਨੁੱਖ ਪੁਲਾੜ ਦੀ ਸੈਰ ਕਰਦਾ-ਕਰਦਾ ਚੰਦ੍-ਲੋਕ ਤਕ ਜਾ ਪੁੱਜਿਆ ਹੈ ਪਰ ਇਸ ਦੀਆਂ ਮਾਰੂ ਈਜਾਦਾਂ–'ਬੰਬਾਂ' ਨੇ ਹੀਰੋਸ਼ੀਮਾ ਤੇ ਨਾਗਾਸਾਕੀ ਦਾ ਹੀ ਵਿਨਾਸ਼ ਨਹੀਂ ਕੀਤਾ, ਸਗੋਂ ਮਨੁੱਖ ਜਾਤੀ ਲਈ ਮੌਤ ਦਾ ਇੰਨਾਂ ਡਰ ਪੈਦਾ ਕਰ ਦਿੱਤਾ ਹੈ ਕਿ ਉਸ ਨੂੰ ਜੀਉਣ ਦੀ ਚਾਹ ਬੇਰਸੀ ਜਾਪਣ ਲੱਗ

ਪਈ ਹੈ। ਕਹਿਣ ਤੋਂ ਭਾਵ ਇਹ ਹੈ ਕਿ ਇਹ ਖੋਜ ਪਦਾਰਥਕ ਅਤੇ ਭੌਤਿਕ ਵਿਕਾਸ ਵੱਲ ਲੈ ਜਾਂਦੀ ਹੈ ਅਤੇ ਵਸਤੂ-ਵਿਸ਼ੇਸ਼ ਉੱਤੇ ਨਿਰਭਰ ਹੁੰਦੀ ਹੈ। ਹਰ ਪਦਾਰਥ ਜਾਂ ਵਸਤੂ ਆਪਣੇ ਵਰਤਮਾਨ ਰੂਪ ਨੂੰ ਹੀ ਵਿਅਕਤ ਕਰਦੀ ਹੈ। ਇਸ ਲਈ ਇਹ ਖੋਜ ਵਰਤਮਾਨ ਦੀਆਂ ਹੱਦਾਂ ਨੂੰ ਟੱਪਣ ਦੀ ਕੋਸ਼ਿਸ਼ ਨਹੀਂ ਕਰਦੀ। ਪਰੰਤੂ ਵਿਚਾਰਿਕ ਖੋਜ ਦਾ ਆਧਾਰ ਵਿਚਾਰ ਹੁੰਦੇ ਹਨ ਅਤੇ ਵਿਚਾਰਾਂ ਨੂੰ ਸਮੇਂ ਅਤੇ ਯੁੱਗ ਦੀਆਂ ਹੱਦਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਇਨ੍ਹਾਂ ਵਿਚਾਰਾਂ ਦਾ ਤਿੰਨਾਂ ਹੀ ਕਾਲਾਂ (ਭੂਤ, ਭਵਿੱਖ ਅਤੇ ਵਰਤਮਾਨ) ਉੱਤੇ ਰਾਜ ਰਿਹਾ ਹੈ ਅਤੇ ਰਹੇਗਾ। ਸਾਹਿੱਤਿਕ ਅਤੇ ਦਾਰਸ਼ਨਿਕ ਖੋਜ ਵੀ ਇਸ ਵਿਚਾਰਿਕ-ਖੋਜ ਦਾ ਹੀ ਇਕ ਰੂਪ ਹੈ। ਇਸ ਦਾ ਵੀ ਉਕਤ ਤਿੰਨਾਂ ਕਾਲਾਂ ਨਾਲ ਸੰਬੰਧ ਮੰਨਿਆ ਜਾ ਸਕਦਾ ਹੈ। ਭੂਤ ਅਤੇ ਵਰਤਮਾਨ ਦੇ ਅਨੇਕ ਵਿਸ਼ੈ ਇਸ ਦੇ ਖੇਤਰ ਵਿਚ ਆ ਚੁੱਕੇ ਹਨ ਪਰ ਭਵਿੱਖ ਕਾਲ ਦੇ ਵਿਸ਼ਿਆਂ ਨੂੰ ਇਸ ਨੇ ਅਜੇ ਆਪਣੇ ਕਲਾਵੇ ਵਿਚ ਸਮੇਟਣ ਦਾ ਬਹੁਤਾ ਜਤਨ ਨਹੀਂ ਕੀਤਾ। ਅਜਿਹੀ ਸੰਭਾਵਨਾ ਹੋ ਸਕਦੀ ਹੈ ਕਿ ਵਰਤਮਾਨ ਕਾਲ ਦੀਆਂ ਕੁਝ ਸਾਹਿੱਤਿਕ ਪ੍ਰਵ੍ਰਿਤੀਆਂ ਕਿਸੇ ਖ਼ਾਸ ਸਾਹਿੱਤਿਕ ਪ੍ਰਵ੍ਰਿੱਤੀ ਨੂੰ ਆਉਣ ਵਾਲੇ ਸਮੇਂ ਵਿਚ ਸਾਹਿੱਤ-ਸਿਰਜਨ ਰਾਹੀਂ ਸਪਸ਼ਟ ਰੂਪ ਦੇਣ ਵਿਚ ਸਮਰਥ ਹੋ ਜਾਣ। ਸਾਹਿੱਤਿਕ ਖੇਤਰ ਵਿਚ ਜੀਵਿਤ ਸਾਹਿੱਤਕਾਰਾਂ ਅਤੇ ਕਵੀਆਂ ਉੱਤੇ ਵੀ ਖੋਜ-ਕਾਰਜ ਹੋ ਰਹੇ ਹਨ। ਇਨ੍ਹਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਾਹਿੱਤਿਕ-ਖੋਜ ਨਿਰਾ ਭੂਤਕਾਲ ਨੂੰ ਹੀ ਆਪਣਾ ਵਿਸ਼ਾ ਨਹੀਂ ਬਣਾਉਂਦੀ ਸਗੋਂ ਵਰਤਮਾਨ ਕਾਲ ਨਾਲ ਵੀ ਉਸ ਦਾ ਡੂੰਘਾ ਸੰਬੰਧ ਸਿੱਧ ਹੁੰਦਾ ਹੈ। ਅਜੋਕੀ ਸਾਹਿੱਤਿਕ ਰੁਚੀ ਸਾਹਿੱਤ ਦੇ ਕਿਸੇ ਰੂਪ, ਵਿਸ਼ੇਸ਼ ਤੱਥ ਜਾਂ ਵਿਸ਼ੇਸ਼ ਵਾਦ ਨੂੰ ਆਪਣਾ ਵਿਸ਼ਾ ਬਣਾ ਰਹੀ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਾਹਿੱਤ ਦੇ ਸਭ ਖੇਤਰ ਸਾਹਿੱਤਿਕ ਖੋਜ ਦੇ ਵਿਸ਼ੇ ਬਣ ਸਕਦੇ ਹਨ, ਅਤੇ ਤੁਲਨਾਤਮਕ ਅਧਿਐਨ ਪੇਸ਼ ਕੀਤੇ ਜਾ ਸਕਦੇ ਹਨ। ਸਾਹਿੱਤ ਤੋਂ ਇਲਾਵਾ ਹੋਰ ਮਾਨਵਿਕੀ ਸਮੱਸਿਆਵਾਂ ਅਤੇ ਵਿਸ਼ਿਆਂ ਉੱਤੇ ਵੀ ਖੋਜ ਕਾਰਜ ਹੋ ਰਹੇ ਹਨ। ਐਮ.ਫਿਲ. ਅਤੇ ਪੀ-ਐਚ.ਡੀ. ਕਰਨ ਲਈ ਖੋਜ-ਵਿਦਿਆਰਥੀਆਂ ਦਾ ਹੜ੍ਹ ਆ ਗਿਆ। ਇਸ ਲਈ ਨਵੀਨ ਵਿਸ਼ੇ ਸਾਹਮਣੇ ਆ ਰਹੇ ਹਨ।

ਵਿਗਿਆਨਿਕ ਅਤੇ ਸਾਹਿੱਤਿਕ ਖੋਜ ਦਾ ਅੰਤਰ : ਵਿਗਿਆਨਿਕ ਅਤੇ ਸਾਹਿਤਕ ਖੋਜ ਦੇ ਖੇਤਰਾਂ ਵਿਚ ਵਿਚਾਰਾਂ ਤੇ ਵਸਤੂ-ਸਾਮਗ੍ਰੀ ਦੀ ਲੋੜ ਪੈਂਦੀ ਹੈ। ਮੰਤਵ ਦੀ ਦ੍ਰਿਸ਼ਟੀ ਤੋਂ ਭਾਵੇਂ ਇਨ੍ਹਾਂ ਵਿਚ ਕੋਈ ਵਿਸ਼ੇਸ਼ ਅੰਤਰ ਨਾ ਭਾਸੇ ਪਰ ਦੋਹਾਂ ਦੇ ਖੇਤਰਾਂ ਵਿਚ ਵਿਚਾਰਾਂ ਤੇ ਵਸਤੂ ਸਾਮਗ੍ਰੀ ਦੀ ਵਰਤੋਂ ਅਤੇ ਪ੍ਰਕ੍ਰਿਆ ਵਜੋਂ ਕਾਫ਼ੀ ਅੰਤਰ ਸਪਸ਼ਟ ਦਿਸਦਾ ਹੈ। ਸਾਹਿੱਤਿਕ ਅਤੇ ਵਿਗਿਆਨਿਕ ਵਿਸ਼ਿਆਂ ਦੇ ਆਪਣੇ-ਆਪਣੇ ਨੇਮ-ਧਰਮ ਹੁੰਦੇ ਹਨ। ਜਦੋਂ ਖੋਜ ਕਿਸੇ ਖ਼ਾਸ ਵਿਸ਼ੇ ਨਾਲ ਸੰਬੰਧਿਤ ਹੁੰਦੀ ਹੈ ਤਾਂ ਉਸ ਵਿਸ਼ੇ ਦੇ ਅਨੁਕੂਲ ਨੇਮਾਂ ਨੂੰ ਅਪਣਾ ਕੇ ਉਹ ਅੱਗੇ ਵਧਦੀ ਹੈ। ਸਾਹਿੱਤਿਕ ਨੇਮਾਂ ਵਿਚ ਹੀ ਵਿਭਿੰਨਤਾ ਨਹੀਂ ਹੁੰਦੀ ਸਗੋਂ ਮਾਨਵਿਕੀ ਦੇ ਹੋਰ ਸ਼ਾਸਤਰਾਂ ਦੇ ਨੇਮਾਂ ਵਿਚ ਵੀ ਵਿਭਿੰਨਤਾ ਦਿਸਦੀ ਹੈ ਜਿਵੇਂ ਇਤਿਹਾਸ, ਦਰਸ਼ਨ, ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ ਆਦਿ ਦੇ ਵਿਸ਼ਿਆਂ ਨੂੰ ਵੀ ਵਿਭਿੰਨ ਨੇਮਾਂ ਦੀ ਪਾਲਨਾ ਕਰਨੀ ਪੈਂਦੀ ਹੈ। ਵਿਗਿਆਨਿਕ ਅਤੇ ਸਾਹਿੱਤਿਕ ਖੋਜ ਦੇ ਸਰੂਪ ਵਿਚ ਵੀ ਭਿੰਨਤਾ ਦਿਸਦੀ ਹੈ। ਵਿਗਿਆਨਿਕ ਖੋਜ, ਵਸਤੂ ਅਤੇ ਤੱਥ ਉੱਤੇ ਨਿਰਭਰ ਹੁੰਦੀ ਹੈ ਅਤੇ ਸਾਹਿੱਤਿਕ ਖੋਜ ਵਿਚਾਰ ਅਤੇ ਤੱਥ ਉੱਤੇ ਆਧਾਰਿਤ ਹੁੰਦੀ ਹੈ। ਇਕ ਸਾਇੰਸਦਾਨ ਆਪਣੀ ਯੋਜਨਾ ਅਨੁਕੂਲ ਸਾਮਗ੍ਰੀ ਇਕੱਠੀ ਕਰਕੇ ਉਸ ਨੂੰ ਵਿਭਿੰਨ ਪ੍ਰਯੋਗਾਂ ਰਾਹੀਂ ਵਰਤੋਂ ਵਿਚ ਲਿਆਉਂਦਾ ਹੈ ਪਰ ਇਹ ਨਿਸ਼ਚਿਤ ਰੂਪ ਵਿਚ ਨਹੀਂ ਕਿਹਾ ਜਾ ਸਕਦਾ ਕਿ ਉਹ ਆਪਣੇ ਪ੍ਰਯੋਗਾਂ ਵਿਚ ਜ਼ਰੂਰ ਹੀ ਸਫ਼ਲ ਹੋ ਜਾਵੇਗਾ, ਕਈ ਵਾਰ ਉਹ ਨਾਕਾਮਯਾਬ ਵੀ ਹੋ ਸਕਦਾ ਹੈ। ਉਸ ਦੀ ਇਹ ਅਸਫ਼ਲਤਾ ਕਿਸੇ ਅਗਿਆਤ ਤੱਥ ਦੇ ਨਾ ਲੱਭਣ ਵਜੋਂ ਵੀ ਹੋ ਸਕਦੀ ਹੈ। ਇਸ ਤੋਂ ਇਹ ਸਿੱਟਾ ਵੀ ਨਿਕਲ ਸਕਦਾ ਹੈ ਕਿ ਭਵਿੱਖ ਵਿਚ ਕੋਈ ਹੋਰ ਸਾਇੰਸਦਾਨ ਉਸ ਵਿਸ਼ੇ ਨੂੰ ਹੱਥ ਹੀ ਨਾ ਪਾਵੇ। ਇਸ ਕਾਰਨ ਨਿਸ਼ੇਧਾਤਮਕਤਾ ਵੀ ਇਸ ਖੋਜ ਦੀ ਦੇਣ ਹੋ ਸਕਦੀ ਹੈ। ਦੂਜੇ ਪਾਸੇ ਸਾਹਿੱਤਿਕ ਖੋਜ ਕਰਨ ਵਾਲਾ ਖੋਜ-ਵਿਦਿਆਰਥੀ ਵੀ ਆਪਣੇ ਵਿਸ਼ੇ ਅਨੁਕੂਲ ਵਿਚਾਰਾਂ ਅਤੇ ਤੱਥਾਂ ਨੂੰ ਇਕੱਠਿਆਂ ਕਰਕੇ ਆਪਣੀ ਖੋਜ ਦੀ ਰੂਪ-ਰੇਖਾ ਬਣਾਉਂਦਾ ਹੈ ਤੇ ਉਨ੍ਹਾਂ ਵਿਚਾਰਾਂ ਨੂੰ ਵਰਤੋਂ ਵਿਚ ਲਿਆਉਂਦਾ ਹੈ। ਇਹ ਵੀ ਮੁਮਕਿਨ ਹੋ ਸਕਦਾ ਹੈ ਕਿ ਉਹ ਕਿਸੇ ਨਵੇਂ ਵਿਚਾਰ ਜਾਂ ਸਿਧਾਂਤ ਦੀ ਸਥਾਪਨਾ ਕਰਨ ਵਿਚ ਅਸਫ਼ਲ ਹੋ ਜਾਵੇ ਪਰ ਉਸ ਦੀ

ਚਿੰਤਨ-ਪ੍ਰਕ੍ਰਿਆ ਵਿਚ ਜਦ ਉਹ ਨਵੇਂ ਤੱਥਾਂ ਦੀ ਵਿਆਖਿਆ ਕਰ ਰਿਹਾ ਹੁੰਦਾ ਹੈ ਤਾਂ ਉਹ ਕਈ ਤੱਥਾਂ ਦੀ ਨਵੀਂ ਵਿਆਖਿਆ ਹੀ ਨਹੀਂ ਪੇਸ਼ ਕਰ ਜਾਂਦਾ, ਸਗੋਂ ਉਨ੍ਹਾਂ ਉੱਤੇ ਨਵਾਂ ਚਾਨਣਾ ਪਾ ਕੇ ਉਨ੍ਹਾਂ ਨੂੰ ਹੋਰ ਵੀ ਉਜਾਗਰ ਕਰ ਦਿੰਦਾ ਹੈ ਤੇ ਵਿਗਿਆਨਿਕ ਰੂਪ ਦੇ ਦਿੰਦਾ ਹੈ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਉਸ ਦੀ ਦੇਣ ਕੋਈ ਘੱਟ ਮਹੱਤਾ ਵਾਲੀ ਨਹੀਂ ਹੁੰਦੀ। ਇਸ ਕਰਕੇ ਉਸ ਦੀ ਖੋਜ ਨੂੰ ਨਿਸ਼ੇਧਾਤਮਕ ਨਹੀਂ ਕਿਹਾ ਜਾ ਸਕਦਾ। ਇਸ ਲਈ ਸਾਹਿੱਤ ਦਾ ਖੋਜ-ਵਿਦਿਆਰਥੀ ਆਪਣੇ ਵਿਚਾਰਿਕ-ਖੇਤਰ ਵਿਚ ਕਦੇ ਵੀ ਅਸਫਲ ਨਹੀਂ ਹੁੰਦਾ। ਸਾਹਿੱਤ ਅਤੇ ਵਿਗਿਆਨ ਦੋਹਾਂ ਦੀਆਂ ਪ੍ਰਾਪਤੀਆਂ ਤੋਂ ਸਾਹਿੱਤਕਾਰ ਅਤੇ ਸਾਇੰਸਦਾਨ ਲੋੜ ਅਨੁਸਾਰ ਲਾਭ ਉਠਾਉਂਦੇ ਹਨ ਅਤੇ ਗਿਆਨ ਦੇ ਖੇਤਰ ਨੂੰ ਵਿਸ਼ਾਲ ਬਣਾ ਕੇ ਮਨੁੱਖੀ ਜੀਵਨ ਨੂੰ ਵਿਕਾਸ ਵੱਲ ਲੈ ਜਾਂਦੇ ਹਨ। ਵਸਤੂ ਜਗਤ ਵਿਚ ਹਰ ਨਵੀਂ ਈਜਾਦ ਨਾਲ ਸਾਇੰਸਦਾਨ ਛੇਤੀ ਹੀ ਪ੍ਰਸਿੱਧੀ ਪ੍ਰਾਪਤ ਕਰ ਲੈਂਦਾ ਹੈ ਪਰ ਵਿਚਾਰ-ਜਗਤ ਵਿਚ ਸਾਹਿੱਤਕਾਰ ਕਿਸੇ ਨਵੇਂ ਸਿੱਧਾਂਤ ਦੀ ਸਥਾਪਨਾ ਨਾਲ ਉਨੀ ਛੇਤੀ ਪ੍ਰਸਿੱਧੀ ਪ੍ਰਾਪਤ ਨਹੀਂ ਕਰਦਾ ਜਿੰਨੀ ਛੇਤੀ ਇਕ ਸਾਇੰਸਦਾਨ ਨੂੰ ਪ੍ਰਸਿੱਧੀ ਮਿਲਦੀ ਹੈ। ਇਸ ਕਾਰਨ ਸਾਹਿੱਤਿਕ ਖੋਜ ਨੂੰ ਵਿਗਿਆਨਿਕ ਖੋਜ ਨਾਲੋਂ ਵੀ ਕਠਿਨ ਕਿਹਾ ਜਾਂਦਾ ਹੈ।

ਸਾਹਿੱਤਿਕ ਖੋਜ-ਸਰੂਪ ਅਤੇ ਪ੍ਰਕ੍ਰਿਆ : 'ਸਾਹਿੱਤਿਕ ਖੋਜ' ਖੋਜ ਦੇ ਇਕ ਖ਼ਾਸ ਖੇਤਰ 'ਸਾਹਿੱਤ' ਨਾਲ ਸੰਬੰਧਿਤ ਹੈ। ਆਪਣੇ ਆਮ ਅਰਥ ਵਿਚ ਸਾਹਿੱਤ ਸਾਰੇ ਚਮਤਕਾਰਿਕ ਸ਼ਬਦ ਅਤੇ ਸੁੰਦਰ ਅਰਥ ਨੂੰ ਪ੍ਰਗਟਾਉਣ ਵਾਲੇ ਸਾਹਿੱਤ ਦਾ ਗਿਆਨ ਕਰਾਉਂਦਾ ਹੈ, ਪਰ ਖ਼ਾਸ ਅਰਥਾਂ ਵਿਚ ਇਹ ਨਿਰੇ ਕੋਮਲ-ਹੁਨਰੀ ਸਾਹਿੱਤ ਨੂੰ ਹੀ ਉਜਾਗਰ ਕਰਦਾ ਹੈ। ਇਸ ਕੋਮਲ-ਹੁਨਰੀ ਸਾਹਿੱਤ ਦਾ ਇਕ ਖ਼ਾਸ ਗੁਣ ਇਸ ਦੀ ਅਨੁਭੂਤੀ-ਪਰਕਤਾ ਹੈ, ਇਸ ਲਈ ਅਨੁਭੂਤੀ ਨਾਲ ਸੰਬੰਧ ਰਖਣ ਵਾਲੇ ਸਾਹਿੱਤ ਦੀ ਖੋਜ ਹੀ ਆਪਣੇ ਅਸਲੀ ਅਰਥਾਂ ਵਿਚ ਸਾਹਿੱਤਿਕ ਖੋਜ ਹੈ। ਕੋਮਲ-ਹੁਨਰੀ ਸਾਹਿੱਤ ਦੀਆਂ ਵੀ ਅਨੇਕ ਰੂਪ-ਵਿਧਾਵਾਂ ਹਨ, ਹਰ ਇਕ ਰੂਪ-ਵਿਧਾ ਦੇ ਭਿੰਨ-ਭਿੰਨ ਤੱਤ ਹਨ; ਇਸ ਲਈ ਵਿਸ਼ੇ ਦੇ ਆਧਾਰ ਉੱਤੇ ਕੀਤੀ ਗਈ ਸਾਹਿੱਤਿਕ ਖੋਜ ਦਾ ਵਰਗੀਕਰਣ ਸਥੂਲ ਹੀ ਹੋਵੇਗਾ। ਜਦ ਸਾਹਿੱਤਿਕ ਖੋਜ ਨੂੰ ਸਾਹਿੱਤ ਤੋਂ ਇਲਾਵਾ ਗਿਆਨ-ਸੰਬੰਧੀ ਹੋਰ ਖੇਤਰਾਂ ਨਾਲ ਜੋੜ ਦਿੱਤਾ ਜਾਂਦਾ ਹੈ, ਤਦ ਤਾਂ ਵਿਸ਼ਿਆਂ ਦੇ ਆਧਾਰ ਉੱਤੇ ਇਸ ਸਾਹਿੱਤਿਕ ਖੋਜ ਦਾ ਕੋਈ ਸਥੂਲ ਵਰਗੀਕਰਣ ਵੀ ਮੁਸ਼ਕਿਲ ਹੋ ਜਾਂਦਾ ਹੈ; ਇਸ ਲਈ ਖੇਤਰ, ਪ੍ਰਵ੍ਰਿਤੀ ਅਤੇ ਖੋਜ-ਦ੍ਰਿਸ਼ਟੀ ਦੇ ਆਧਾਰ ਉੱਤੇ ਹੀ ਸਾਹਿੱਤਿਕ-ਖੋਜ ਦਾ ਸਰੂਪ ਸਪਸ਼ਟ ਕੀਤਾ ਜਾ ਸਕਦਾ ਹੈ।

ਜਦੋਂ ਤਕ ਖੋਜ ਦਾ ਖੇਤਰ ਅਤੇ ਖੋਜ-ਵ੍ਰਿਤੀ ਸਾਹਿੱਤ ਦੇ ਖੇਤਰ ਨੂੰ ਤਿਆਗਦੇ ਨਹੀਂ, ਤਦ ਤਕ ਖੋਜ ਦਾ ਸਰੂਪ ਬਿਲਕੁਲ ਸ਼ੁੱਧ ਸਾਹਿੱਤਿਕ ਖੋਜ ਹੀ ਰਹਿੰਦਾ ਹੈ, ਜਿਵੇਂ 'ਰਾਣਾ ਸੂਰਤ ਸਿੰਘ' (ਮਹਾਕਾਵਿ) ਵਿਚ 'ਕਲਪਨਾ ਤੱਤ' ਦੀ ਖੋਜ। ਇਥੇ ਖੇਤਰ ਵੀ ਸਾਹਿੱਤਿਕ ਹੈ ਅਤੇ ਖੋਜ ਲਈ ਚੁਣਿਆ ਗਿਆ ਵਿਸ਼ਾ ਅਤੇ ਉਸ ਦਾ ਮੰਤਵ ਵੀ ਸਾਹਿੱਤਿਕ ਤੱਤ ਦਾ ਸਪਸ਼ਟੀਕਰਣ ਹੀ ਹੈ। 'ਕਲਪਨਾ' ਦੇ ਸਰੂਪ ਨੂੰ ਸਪਸ਼ਟ ਕਰਨ ਲੱਗਿਆਂ ਸਾਹਿੱਤ ਤੋਂ ਇਲਾਵਾ ਮਨੋਵਿਗਿਆਨ ਆਦਿਕ ਵਿਸ਼ਿਆਂ ਦਾ ਉਪਯੋਗ ਕਰਨ ਤੇ ਵੀ ਖੋਜ-ਵ੍ਰਿਤੀ ਪ੍ਰਭਾਵਿਤ ਨਹੀਂ ਹੁੰਦੀ। ਪਰ ਜੇ 'ਰਾਣਾ ਸੂਰਤ ਸਿੰਘ ਵਿਚ ਗੁਰਮਤਿ ਦਰਸ਼ਨ ਦੀ ਅਭਿਵਿਅਕਤੀ' ਵਿਸ਼ੇ ਨੂੰ ਖੋਜ ਦਾ ਵਿਸ਼ਾ ਬਣਾਇਆ ਜਾਵੇ ਤਾਂ ਖੋਜ-ਖੇਤਰ ਤਾਂ ਸਾਹਿੱਤਿਕ ਹੀ ਰਹੇਗਾ, ਪਰ ਉਸ ਖੋਜ ਦਾ ਮੰਤਵ ਸਾਹਿੱਤ ਦੀ ਥਾਂ ਉੱਤੇ ਦਰਸ਼ਨ ਨਾਲ ਸੰਬੰਧਿਤ ਹੋ ਜਾਵੇਗਾ। ਜੇ ਭਵਿੱਖ ਵਿਚ ਪੰਜਾਬੀ ਸਾਹਿੱਤ ਦੇ ਵਿਭਿੰਨ ਰੂਪਾਂ ਦੇ ਸਮਾਜਿਕ, ਮਨੋਵਿਗਿਆਨਿਕ ਅਤੇ ਦਾਰਸ਼ਨਿਕ ਆਦਿਕ ਅਧਿਐਨ ਹੋਣ ਲੱਗ ਪੈਣ ਤਾਂ ਉਹ ਖੋਜ ਸ਼ੁੱਧ ਸਾਹਿੱਤਿਕ ਨਾ ਹੋ ਕੇ ਦੁਮੁਖੀ ਖੋਜ ਕਹੀ ਜਾਵੇਗੀ। ਇਕ ਪਾਸੇ ਤਾਂ ਉਹ ਸਾਹਿੱਤ ਤੋਂ ਭਿੰਨ ਗਿਆਨ ਦੇ ਖੇਤਰਾਂ ਨਾਲ ਆਪਣਾ ਤਾਲਮੇਲ ਰਖੇਗੀ ਅਤੇ ਦੂਜੇ ਪਾਸੇ ਮੁੜ ਸਾਹਿੱਤਿਕ ਖੇਤਰ ਵਿਚ ਆ ਦਾਖ਼ਲ ਹੋਵੇਗੀ। ਸਾਹਿੱਤਿਕ ਖੋਜ ਲਈ ਸਾਮਗ੍ਰੀ ਦੀ ਚੋਣ ਗਿਆਨ ਦੇ ਕਿਸੇ ਵੀ ਖੇਤਰ ਤੋਂ ਕੀਤੀ ਜਾ ਸਕਦੀ ਹੈ ਪਰ ਸਾਹਿੱਤ ਤੋਂ ਭਿੰਨ ਗਿਆਨ ਦੇ ਹੋਰ ਖੇਤਰਾਂ ਵਿਚੋਂ ਚੁਣੀ ਗਈ ਸਾਮਗ੍ਰੀ ਦੇ ਸੰਕਲਨ ਦੇ ਆਧਾਰ ਉੱਤੇ ਕੀਤੀ ਗਈ ਖੋਜ ਉਕਤ ਦੁਮੁਖੀ ਪ੍ਰਵ੍ਰਿਤੀ ਦੀ ਲਖਾਇਕ ਹੀ ਕਹੀ ਜਾਵੇਗੀ।

ਉਕਤ ਖੋਜ ਭਾਵੇਂ ਕਿਸੇ ਵੀ ਕਿਸਮ ਦੀ ਹੋਵੇ, ਉਸ ਦੇ ਦੋ ਰੂਪ ਸਪਸ਼ਟ ਉਜਾਗਰ ਹੁੰਦੇ ਹਨ–ਉਹ ਜਾਂ ਤਾਂ ਸਮੱਸਿਆਮੂਲਕ ਹੋਵੇਗੀ ਜਾਂ ਉਹ ਪ੍ਰਤਿਗਿਆ ਮੂਲਕ। ਸਮੱਸਿਆਮੂਲਕ ਖੋਜ ਵਿਚ ਨਿਰੀ ਦਿਸ਼ਾ ਸਪਸ਼ਟ ਹੁੰਦੀ ਹੈ–ਜਿਵੇਂ 'ਗੁਰੂ ਨਾਨਕ ਦੇਵ ਜੀ ਦੇ ਦਾਰਸ਼ਨਿਕ ਵਿਚਾਰਾਂ ਦਾ ਅਧਿਐਨ।' ਇਸ ਵਿਸ਼ੇ ਉੱਤੇ ਲਿਖੇ ਗਏ ਖੋਜ-ਪ੍ਰਬੰਧ ਵਿਚ ਗੁਰੂ ਨਾਨਕ ਦੇਵ ਦੇ ਸਭ ਤਰ੍ਹਾਂ ਦੇ ਦਾਰਸ਼ਨਿਕ ਵਿਚਾਰਾਂ ਦਾ ਸੰਕਲਨ ਹੋਵੇਗਾ, ਉਨ੍ਹਾਂ ਨੂੰ ਵਿਸ਼ਲੇਸ਼ਣ ਅਤੇ ਸ਼ਾਸਤ੍ਰੀ ਕਸਵਟੀ ਉੱਤੇ ਪਰਖਿਆ ਜਾਵੇਗਾ। ਜਿਹੜੇ ਵੀ ਸਿੱਟੇ ਨਿਕਲਣਗੇ ਉਨ੍ਹਾਂ ਨੂੰ ਖੋਜ-ਵਿਦਿਆਰਥੀ ਨੇ ਪੜ੍ਹਿਆ ਨਹੀਂ ਹੋਵੇਗਾ। ਜੇ ਕੋਈ ਖੋਜ-ਵਿਦਿਆਰਥੀ 'ਗੁਰੂ ਨਾਨਕ ਦੇਵ ਦੇ ਵੇਦਾਂਤਿਕ ਵਿਚਾਰਾਂ ਦਾ ਅਧਿਐਨ' ਵਿਸ਼ਾ ਚੁਣੇ ਤਾਂ ਉਸ ਦੀ ਖੋਜ ਪ੍ਰਤਿਗਿਆਮੂਲਕ ਹੋਵੇਗੀ, ਕਿਉਂ ਜੋ ਅਜਿਹੇ ਵਿਦਿਆਰਥੀ ਲਈ ਹੋਰ ਦਾਰਸ਼ਨਿਕ ਵਿਚਾਰ ਬਹੁਤੇ ਮਹੱਤਵਸ਼ਾਲੀ ਨਹੀਂ ਰਹਿਣਗੇ। ਉਸ ਦੀ ਮੂਲ ਵਿਚਾਰਿਕ ਦ੍ਰਿਸ਼ਟੀ ਵੈਦਾਂਤਿਕ ਵਿਚਾਰਾਂ ਦੇ ਸੰਕਲਨ ਅਤੇ ਆਪਣੇ ਪੱਖ ਦੇ ਪੋਸ਼ਣ ਤਕ ਸੀਮਿਤ ਹੋ ਜਾਵੇਗੀ। ਅਜਿਹੀ ਪ੍ਰਤਿਗਿਆਮੂਲਕ ਖੋਜ ਕਰਨ ਵਾਲਾ ਵਿਦਿਆਰਥੀ ਅਜਿਹੇ ਵਿਸ਼ੇ ਦੇ ਸਰੂਪ ਨੂੰ ਸਪਸ਼ਟ ਕਰਨ ਲੱਗਿਆਂ ਪਹਿਲਾਂ ਹੀ ਸਰਵੇਖਣ ਰਾਹੀਂ ਇਹ ਪ੍ਰਤਿਗਿਆ ਪੂਰੀ ਕਰ ਵਿਖਾਉਂਦਾ ਹੈ ਕਿ ਅਜਿਹੇ ਵਿਸ਼ੇ ਲਈ ਕਾਫ਼ੀ ਸਾਮਗ੍ਰੀ ਮਿਲ ਜਾਵੇਗੀ। ਅਜਿਹੀ ਪ੍ਰਤਿਗਿਆਮੂਲਕ ਖੋਜ ਦੇ ਵਿਸ਼ੇ ਨੂੰ ਅਪਣਾਉਣ ਵਿਚ ਉਸ ਦੀ ਪਹਿਲਾਂ ਮਿਥੀ ਹੋਈ ਵਿਚਾਰਧਾਰਾ ਕੰਮ ਕਰਦੀ ਹੈ, ਪਰ ਸਮੱਸਿਆਮੂਲਕ ਖੋਜ ਦੇ ਮੂਲ ਵਿਚ ਅਜਿਹੀ ਕਿਸੇ ਤਰ੍ਹਾਂ ਦੀ ਵਿਚਾਰਧਾਰਾ ਨੂੰ ਉਘੜਨ ਦਾ ਮੌਕਾ ਨਹੀਂ ਮਿਲਦਾ।

ਸਾਹਿੱਤਿਕ ਖੋਜ ਵਿਚ ਕਿਸੇ ਪੁਰਾਣੀ ਰਚਨਾ ਦਾ ਸਮਾਂ ਨਿਸ਼ਚਿਤ ਕਰਨਾ, ਹੱਥ-ਲਿਖਤ ਦੀ ਪਰਖ, ਕਾਗ਼ਜ਼, ਸਿਆਹੀ ਆਦਿ ਦੀ ਪਰੀਖਿਆ ਬਾਹਰਮੁਖੀ ਖੋਜ ਕਹੀ ਜਾਵੇਗੀ ਪਰ ਜਦ ਕਿਸੇ ਪ੍ਰਮਾਣਿਕ ਸਾਹਿੱਤਿਕ ਰਚਨਾ ਦੇ ਤੱਤਾਂ ਜਾਂ ਉਸ ਦੇ ਸੰਰਚਨਾਤਮਕ ਸਰੂਪ ਦੀ ਖੋਜ ਕੀਤੀ ਜਾਵੇਗੀ ਜਾਂ ਉਸ ਦਾ ਸ਼ੈਲੀ-ਵਿਗਿਆਨਿਕ ਅਧਿਐਨ ਪੇਸ਼ ਕੀਤਾ ਜਾਵੇਗਾ, ਤਦ ਅਜਿਹੀ ਖੋਜ ਦੀ ਵ੍ਰਿਤੀ ਨੂੰ ਅੰਤਰਮੁਖੀ ਖੋਜ ਕਿਹਾ ਜਾਵੇਗਾ। ਪਰਿਭਾਸ਼ਿਕ ਸ਼ਬਦ, ਸਾਹਿੱਤਿਕ ਰੂਪ-ਵਿਧਾ ਜਾਂ ਸਾਹਿੱਤਿਕ ਪ੍ਰਵ੍ਰਿਤੀਆਂ ਦੇ ਅਧਿਐਨ ਲਈ ਇਤਿਹਾਸਿਕ-ਦ੍ਰਿਸ਼ਟੀ ਦੀ ਲੋੜ ਪੈਂਦੀ ਹੈ। ਕਈ ਵਾਰ ਖੋਜ ਦਾ ਵਿਸ਼ਾ ਅਜਿਹਾ ਵੀ ਹੋ ਸਕਦਾ ਹੈ ਜਿਸ ਵਿਚ ਇਤਿਹਾਸਿਕ ਦ੍ਰਿਸ਼ਟੀ ਦੀ ਲੋੜ ਹੀ ਨਾ ਪਵੇ। ਪਰ ਕਿਸੇ ਇਤਿਹਾਸਿਕ ਨਾਟਕ (ਜਿਵੇਂ ਕਿਰਪਾ ਸਾਗਰ ਰਚਿਤ 'ਮਹਾਰਾਜਾ ਰਣਜੀਤ ਸਿੰਘ') ਜਾਂ ਕਿਸੇ ਨਾਵਲ (ਜਿਵੇਂ ਹਰਨਾਮ ਦਾਸ ਸਹਿਰਾਈ ਰਚਿਤ 'ਲੋਹਗੜ੍ਹ') ਜਾਂ ਕਿਸੇ ਪ੍ਰਬੰਧ-ਕਾਵਿ ਦੀ ਪ੍ਰਖਿਆਤ (ਪ੍ਰਸਿੱਧ) ਜਾਂ ਮਿਸ੍ਰ (ਮਿਲੀ-ਜੁਲੀ) ਕਥਾ ਦੇ ਸ੍ਰੋਤਾਂ ਦੀ ਖੋਜ ਲਈ ਇਤਿਹਾਸਿਕ ਦ੍ਰਿਸ਼ਟੀ ਜ਼ਰੂਰੀ ਹੈ। ਪ੍ਰਬੰਧ-ਕਾਵਿ ਦੇ ਪ੍ਰਸੰਗ ਵਿਚ ਮਹਾਕਵੀ ਸੰਤੋਖ ਸਿੰਘ ਰਚਿਤ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਅਤੇ 'ਗੁਰੂ ਪ੍ਰਤਾਪ ਸੂਰਜ' ਦੇ ਅਧਿਐਨ ਲਈ ਅਜਿਹੀ ਇਤਿਹਾਸਿਕ ਦ੍ਰਿਸ਼ਟੀ ਜ਼ਰੂਰੀ ਹੈ ਪਰ ਕਲਪਿਤ ਕਥਾ ਉੱਤੇ ਆਧਾਰਿਤ ਰਾਣਾ ਸੁਰਤ ਸਿੰਘ (ਕਾਵਿ) ਦੇ ਅਧਿਐਨ ਲਈ ਅਜਿਹੀ ਦ੍ਰਿਸ਼ਟੀ ਦੀ ਲੋੜ ਨਹੀਂ ਪਵੇਗੀ। ਖੋਜ-ਕਰਤਾ ਦੀ ਦ੍ਰਿਸ਼ਟੀ ਅਨੁਸਾਰ ਸਾਹਿੱਤਿਕ ਖੋਜ ਦਾ ਖੇਤਰ ਸੀਮਿਤ ਵੀ ਹੋ ਸਕਦਾ ਹੈ ਤੇ ਵਿਸਤ੍ਰਿਤ ਵੀ, ਜਿਵੇਂ ਇਕ-ਇਕ ਕਵੀ ਦੀ ਇਕ-ਇਕ ਰਚਨਾ ਉੱਤੇ ਕੀਤੀ ਗਈ ਖੋਜ ਸੀਮਿਤ ਖੇਤਰ ਵਾਲੀ ਖੋਜ ਕਹੀ ਜਾਵੇਗੀ। ਪਰ ਜੇ ਇਕੋ ਕਵੀ ਦੀਆਂ ਸਾਰੀਆਂ ਰਚਨਾਵਾਂ ਨੂੰ ਖੋਜ ਦਾ ਵਿਸ਼ਾ ਬਣਾਇਆ ਜਾਵੇਗਾ, ਤਾਂ ਉਹ ਖੋਜ ਵਿਸਤ੍ਰਿਤ ਖੇਤਰ ਵਾਲੀ ਕਹੀ ਜਾਵੇਗੀ। ਸਾਹਿੱਤਿਕ ਖੋਜ ਇਕਨਿਸ਼ਠ ਵੀ ਹੋ ਸਕਦੀ ਹੈ ਅਤੇ ਤੁਲਨਾਤਮਕ ਵੀ। ਇਕ ਕਵੀ ਇਕ ਰਚਨਾ, ਇਕ ਪ੍ਰਵ੍ਰਿਤੀ ਅਤੇ ਇਕ ਸਾਹਿੱਤਿਕ ਰੂਪ ਉੱਤੇ ਕੀਤੀ ਜਾਣ ਵਾਲੀ ਖੋਜ ਇਕਨਿਸ਼ਠ ਖੋਜ ਕਹੀ ਜਾਂਦੀ ਹੈ, ਜਦ ਕਿ ਇਕ ਤੋਂ ਵੱਧ ਕਵੀਆਂ ਅਤੇ ਰਚਨਾਵਾਂ ਦੀ ਤੁਲਨਾਤਮਕ ਖੋਜ ਵੀ ਹੋ ਸਕਦੀ ਹੈ। ਤੁਲਨਾਤਮਕ ਖੋਜ ਵਿਚ ਵਿਭਿੰਨ ਭਾਸ਼ਾਵਾਂ ਦੇ ਕਵੀਆਂ ਦੀ ਜਾਂ ਵਿਭਿੰਨ ਭਾਸ਼ਾਵਾਂ ਦੇ ਇਕ-ਇਕ ਸਾਹਿੱਤਿਕ ਰੂਪ ਦੀ ਤੁਲਨਾਤਮਕ ਖੋਜ ਕੀਤੀ ਜਾ ਸਕਦੀ ਹੈ। ਪੰਜਾਬੀ ਕਵੀ ਮੋਹਨ ਸਿੰਘ ਦੀ ਤੁਲਨਾ ਹਿੰਦੀ ਕਵੀ ਸੁਮਿਤ੍ਰਾਨੰਦਨ ਪੰਤ ਨਾਲ, ਪੂਰਨ ਸਿੰਘ ਦੀ ਤੁਲਨਾ ਹਿੰਦੀ ਕਵੀ ਸੂਰਯਕਾਂਤ ਤ੍ਰਿਪਾਠੀ ਨਿਰਾਲਾ ਨਾਲ, ਨਾਨਕ ਸਿੰਘ ਦੀ ਤੁਲਨਾ ਮੁਨਸ਼ੀ ਪ੍ਰੇਮ ਚੰਦ (ਨਾਵਲਕਾਰ) ਨਾਲ ਕੀਤੀ ਜਾ ਸਕਦੀ ਹੈ। ਸਾਹਿੱਤਿਕ ਰੂਪ-ਵਿਧਾ ਦੇ ਅੰਤਰਗਤ ਹਿੰਦੀ ਅਤੇ ਪੰਜਾਬੀ ਨਾਵਲ

ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ ਜਾ ਸਕਦਾ ਹੈ। ਅਜਿਹੇ ਤੁਲਨਾਤਮਕ ਅਧਿਐਨ ਪੇਸ਼ ਕਰਨ ਵਾਲੇ ਖੋਜ ਵਿਦਿਆਰਥੀ ਲਈ ਦੋਹਾਂ ਭਾਸ਼ਾਵਾਂ ਤੇ ਸਮਾਨ ਅਧਿਕਾਰ ਦੀ ਲੋੜ ਪੈਂਦੀ ਹੈ।

ਖੋਜ-ਪ੍ਰਬੰਧ ਦੀ ਸ੍ਰਿਜਨ-ਪ੍ਰਕ੍ਰਿਆ : ਖੋਜ ਦੇ ਸਰੂਪ ਨੂੰ ਖੋਜ-ਪ੍ਰਬੰਧ ਰਾਹੀਂ ਪ੍ਰਗਟਾਇਆ ਜਾ ਸਕਦਾ ਹੈ। ਖੋਜ-ਪ੍ਰਬੰਧ ਵਿਚ ਖੋਜ ਦੀਆਂ ਕੁਝ ਪ੍ਰਕ੍ਰਿਆਵਾਂ ਪ੍ਰਗਟ ਰੂਪ ਵਿਚ ਦਿਸਦੀਆਂ ਹਨ ਅਤੇ ਕੁਝ ਲੁਕਵੀਆਂ ਰਹਿੰਦੀਆਂ ਹਨ। ਮਿਸਾਲ ਲਈ ਖੋਜ-ਪ੍ਰਬੰਧ ਦੇ ਵਿਸ਼ੇ ਦੀ ਚੋਣ ਤੋਂ ਪਹਿਲਾਂ ਦਾ ਸਰਵੇਖਣ ਅਤੇ ਉਸ ਦੀ ਪ੍ਰਕ੍ਰਿਆ। ਸੰਦਰਭ ਗ੍ਰੰਥਾਂ ਦੀ ਚੋਣ ਅਤੇ ਉਨ੍ਹਾਂ ਦੀ ਮੁੱਢਲੀ ਸੂਚੀ, ਸ਼ੁਰੂ ਦੀ ਰੂਪ-ਰੇਖਾ, ਇਨ੍ਹਾਂ ਦੀ ਪ੍ਰਕ੍ਰਿਆ ਨੂੰ ਖੋਜ-ਪ੍ਰਬੰਧ ਨੂੰ ਵੇਖਣ ਸਾਰ ਨਹੀਂ ਜਾਣਿਆ ਜਾ ਸਕਦਾ ਕਿ ਖੋਜ ਵਿਦਿਆਰਥੀ ਨੇ ਇਨ੍ਹਾਂ ਨੂੰ ਕਿਵੇਂ ਬਣਾਇਆ ਅਤੇ ਉਹ ਕਿਥੇ-ਕਿਥੇ ਇਨ੍ਹਾਂ ਕੰਮਾਂ ਲਈ ਭਟਕਿਆ ਹੈ। ਖੋਜ ਦੀ ਪ੍ਰਕ੍ਰਿਆ ਸਥੂਲ ਤੋਂ ਸੂਖਮ ਵੱਲ, ਗਿਆਤ ਤੋਂ ਅਗਿਆਤ ਵੱਲ ਅਤੇ ਅਪੂਰਨ ਤੋਂ ਪੂਰਨ ਵੱਲ ਵਧਣ ਦੀ ਪ੍ਰਕ੍ਰਿਆ ਕਹੀ ਜਾਂਦੀ ਹੈ। ਇਸ ਲਈ ਖੋਜ ਦੇ ਸਮੁੱਚੇ ਸਰੂਪ ਨੂੰ ਉਜਾਗਰ ਕਰਨ ਲਈ ਉਸ ਦੀ ਪ੍ਰਕ੍ਰਿਆ ਨੂੰ ਸਪਸ਼ਟ ਕਰਨਾ ਬਹੁਤ ਜ਼ਰੂਰੀ ਜਾਪਦਾ ਹੈ। ਖੋਜ-ਪ੍ਰਕ੍ਰਿਆ ਖੋਜ ਦੇ ਵਿਸ਼ੇ ਦੀ ਚੋਣ ਤੋਂ ਸ਼ੁਰੂ ਹੁੰਦੀ ਹੈ। ਇਸ ਵਿਚ ਖੋਜ-ਵਿਦਿਆਰਥੀ ਦੀ ਆਪਣੀ ਰੁਚੀ ਅਤੇ ਵਿਦਵਾਨ ਖੋਜੀਆਂ ਦੀ ਸਲਾਹ ਲੋੜੀਂਦੀ ਕਹੀ ਜਾਂਦੀ ਹੈ। ਖੋਜ ਦਾ ਕੰਮ ਕਿਸੇ ਵਿਸ਼ੇ ਸੰਬੰਧੀ ਹੁਣ ਤਕ ਨਾ ਜਵਾਬ ਦਿੱਤੇ ਗਏ ਪ੍ਰਸ਼ਨਾਂ ਦੇ ਜਵਾਬ ਦੇਣ ਤੋਂ ਸ਼ੁਰੂ ਹੁੰਦਾ ਹੈ। ਪਰ ਕਈ ਅਜਿਹੇ ਪ੍ਰਸ਼ਨ ਵੀ ਹੁੰਦੇ ਹਨ ਜਿਨ੍ਹਾਂ ਨੂੰ ਹੁਣ ਤਕ ਕਿਸੇ ਪੁੱਛਿਆ ਹੀ ਨਹੀਂ ਹੁੰਦਾ ਜਾਂ ਉਹ ਅਣਛੋਹੇ ਹੁੰਦੇ ਹਨ। ਅਜਿਹੀ ਹਾਲਤ ਵਿਚ ਖੋਜ ਦਾ ਵਿਸ਼ਾ ਬਿਲਕੁਲ ਮੌਲਿਕ ਕਿਹਾ ਜਾਵੇਗਾ। ਵਿਸ਼ੇ ਚੋਣ ਦੇ ਬਾਅਦ ਉਸ ਦੇ ਸਿਰਲੇਖ ਦਾ ਢੁੱਕਵਾਂ ਹੋਣਾ ਬਹੁਤ ਹੀ ਜ਼ਰੂਰੀ ਹੈ। ਇਸ ਸਿਰਲੇਖ ਤੋਂ ਸੰਪੂਰਨ ਖੋਜ ਦਾ ਗਿਆਨ ਹੋਣਾ ਅਤੇ ਉਸ ਦੇ ਖੇਤਰ ਦੀ ਜਾਣਕਾਰੀ ਹੋਣੀ ਬਹੁਤ ਹੀ ਜ਼ਰੂਰੀ ਹੈ। ਇਹ ਸੰਖਿਪਤ, ਸੰਕੇਤਿਕ ਅਤੇ ਲਕਸ਼ ਬੋਧਕ ਹੋਣਾ ਚਾਹੀਦਾ ਹੈ। ਇਹ ਅਤਿ ਵਿਆਪਤੀ, ਅਵਿਆਪਤੀ ਅਤੇ ਅਸੰਭਵ ਆਦਿ ਦੋਸ਼ਾਂ ਤੋਂ ਮੁਕਤ ਹੋਣਾ ਚਾਹੀਦਾ ਹੈ। ਸਿਰਲੇਖ ਦੀ ਚੋਣ ਤੋਂ ਬਾਅਦ ਉਸ ਵਿਸ਼ੇ ਨਾਲ ਸੰਬੰਧ ਰਖਣ ਵਾਲੇ ਭਿੰਨ-ਭਿੰਨ ਅਧਿਆਇ ਨਿਸ਼ਚਿਤ ਕੀਤੇ ਜਾਂਦੇ ਹਨ, ਇਨ੍ਹਾਂ ਦੇ ਵੀ ਢੁੱਕਵੇਂ ਸਿਰਲੇਖ ਦਿੱਤੇ ਜਾਂਦੇ ਹਨ ਜੋ ਮੂਲ ਸਿਰਲੇਖ ਨਾਲ ਸੰਬੰਧਿਤ ਹੁੰਦੇ ਹਨ। ਖੋਜ-ਪ੍ਰਬੰਧ ਦੇ ਅੰਗ ਰੂਪ ਵਿਚ ਇਹ ਅਧਿਆਇ ਪਰਸਪਰ ਸੰਬੰਧਿਤ ਵੀ ਹੋਣੇ ਚਾਹੀਦੇ ਹਨ ਅਤੇ ਇਨ੍ਹਾਂ ਦਾ ਕ੍ਰਮ ਵੀ ਸੁਚੱਜਾ ਅਤੇ ਢੁੱਕਵਾਂ ਹੋਣਾ ਚਾਹੀਦਾ ਹੈ। ਅਧਿਆਇ ਜਦ ਬਣਦੇ ਹਨ ਤਦ ਨਾਲ ਹੀ ਉਨ੍ਹਾਂ ਲਈ ਤੱਥਾਂ ਦਾ ਸੰਕਲਨ ਵੀ ਸ਼ੁਰੂ ਹੋ ਜਾਂਦਾ ਹੈ, ਪਰ ਉਨ੍ਹਾਂ ਦੀ ਰੂਪ-ਰੇਖਾ ਤਦ ਤਕ ਨਿਖਰ ਕੇ ਸਾਹਮਣੇ ਨਹੀਂ ਆਉਂਦੀ, ਜਦੋਂ ਤਕ ਤੱਥਾਂ ਦੇ ਸੰਕਲਨ ਦਾ ਕੰਮ ਪੂਰਾ ਨਹੀਂ ਹੋ ਜਾਂਦਾ। ਸੰਕਲਿਤ ਤੱਥਾਂ ਦਾ ਲੋੜ ਅਨੁਸਾਰ ਵਰਗੀਕਰਣ ਵੀ ਕੀਤਾ ਜਾਂਦਾ ਹੈ ਜਿਸ ਵਿਚ ਖੋਜ-ਵਿਦਿਆਰਥੀ ਦੀ ਤਰਕ-ਸੰਗਤ ਚਿੰਤਨ ਪ੍ਰਕ੍ਰਿਆ ਵਧੇਰੇ ਕਾਰਜਸ਼ੀਲ ਦਿਸਦੀ ਹੈ।

ਸਾਮਗ੍ਰੀ ਦੇ ਇਕੱਠੇ ਹੋ ਜਾਣ ਅਤੇ ਵਰਗੀਕਰਣ ਦੇ ਹੋ ਜਾਣ ਦੇ ਬਾਅਦ ਇਕ-ਇਕ ਅਧਿਆਇ ਉੱਤੇ ਕੰਮ ਕੀਤਾ ਜਾਂਦਾ ਹੈ। ਇਹ ਕੰਮ ਖੋਜ-ਪ੍ਰਬੰਧ ਦਾ ਪਹਿਲਾ 'ਰਫ਼ ਡਰਾਫ਼ਟ' ਕਿਹਾ ਜਾ ਸਕਦਾ ਹੈ। ਇਸ ਵਿਚ ਤੱਥਾਂ ਨੂੰ ਕ੍ਰਮ ਦਿੱਤਾ ਜਾਂਦਾ ਹੈ। ਕਾਂਟ ਛਾਂਟ ਦਾ ਵਧੇਰਾ ਕੰਮ ਇਥੇ ਹੀ ਹੁੰਦਾ ਹੈ। ਤੱਥਾਂ ਦਾ ਨਿਰਾ ਸੰਕਲਨ ਹੀ ਖੋਜ-ਪ੍ਰਬੰਧ ਦੀ ਰਚਨਾ ਨਹੀਂ ਕਰਦਾ, ਸਗੋਂ ਪਹਿਲਾ ਖਰੜਾ ਤਿਆਰ ਕਰਨ ਦੇ ਦੌਰਾਨ ਹੀ ਖੋਜ ਵਿਦਿਆਰਥੀ ਦੀ ਪ੍ਰਤਿਭਾ ਉਘੜਨ ਲੱਗ ਪੈਂਦੀ ਹੈ। ਉਸ ਦੀ ਚੇਤਨਾ ਨਵੀਨ ਰੂਪਾਂ ਨੂੰ ਸਾਹਮਣੇ ਲਿਆਉਂਦੀ ਹੈ। ਉਸ ਦੀ ਚਿੰਤਨ-ਪ੍ਰਕ੍ਰਿਆ ਨਵੇਂ ਤੱਥਾਂ ਨੂੰ ਉਜਾਗਰ ਕਰਦੀ ਹੈ। ਉਸ ਦੀ ਵਿਸ਼ਲੇਸ਼ਣ ਸ਼ਕਤੀ ਨਵੀਨਤਾ ਅਤੇ ਮੌਲਿਕਤਾ ਨੂੰ ਸਪਸ਼ਟ ਕਰਦੀ ਹੈ। ਜੇ ਉਸ ਖੋਜ ਵਿਦਿਆਰਥੀ ਦੀ ਇਹ ਸ਼ਕਤੀ ਪਹਿਲੀ ਲਿਖਾਈ ਦੇ ਦੌਰਾਨ ਨਵੇਂ ਸਿੱਟਿਆਂ ਨੂੰ ਪੇਸ਼ ਕਰਨ ਵਿਚ ਅਸਮਰਥ ਜਾਪੇ ਜਾਂ ਆਪਣੇ ਮੰਤਵ ਤਕ ਨਾ ਪੁੱਜ ਸਕੇ ਤਾਂ ਉਹ ਇਸ ਪ੍ਰਕ੍ਰਿਆ ਵਿਚ ਤਬਦੀਲੀ ਲਿਆ ਕੇ ਨਵੀਨ ਕ੍ਰਮ-ਸੰਯੋਜਨ ਰਾਹੀਂ ਨਵੀਨ ਸਿੱਟਿਆਂ ਨੂੰ ਪੇਸ਼ ਕਰਨ ਲਈ ਪ੍ਰਯਤਨਸ਼ੀਲ ਹੋ ਜਾਂਦਾ ਹੈ। ਸਾਰੇ ਅਧਿਆਇ ਲਿਖਣ ਦੇ ਬਾਅਦ ਅਤੇ ਉਨ੍ਹਾਂ ਰਾਹੀਂ ਪੇਸ਼ ਕੀਤੇ ਸਿੱਟੇ ਮੁੜ ਚਿੰਤਨ ਦਾ ਵਿਸ਼ੇ ਬਣਦੇ ਹਨ ਅਤੇ ਉਨ੍ਹਾਂ ਦੇ ਆਧਾਰ ਉੱਤੇ ਉਪਸੰਹਾਰ ਵਿਚ ਉਨ੍ਹਾਂ ਸਭ ਦਾ ਸਮੁੱਚਾ ਸਿੱਟਾ ਪੇਸ਼ ਕੀਤਾ ਜਾਂਦਾ ਹੈ ਅਤੇ

ਖੋਜ-ਪ੍ਰਬੰਧ ਦੇ ਵਿਸ਼ੇ-ਖੇਤਰ ਵਿਚ ਦਿੱਤੀ ਗਈ ਵਿਸ਼ੇਸ਼ ਦੇਣ ਨੂੰ ਉਜਾਗਰ ਕੀਤਾ ਜਾਂਦਾ ਹੈ।

ਕਈ ਵਾਰੀ ਖੋਜ-ਪ੍ਰਬੰਧ ਨਾਲ ਸੰਬੰਧਿਤ ਸਹਾਇਕ ਸਾਮਗ੍ਰੀ ਮੂਲ ਖੋਜ-ਪ੍ਰਬੰਧ ਵਿਚ ਸਥਾਨ ਨਹੀਂ ਪਾ ਸਕਦੀ, ਅਜਿਹੀ ਹਾਲਤ ਵਿਚ ਉਸ ਸਾਮਗ੍ਰੀ ਨੂੰ ਪਰਿਸ਼ਿਸ਼ਟ ਰੂਪ ਵਿਚ ਖੋਜ-ਪ੍ਰਬੰਧ ਦੇ ਅੰਤ ਵਿਚ ਦੇ ਦਿੱਤਾ ਜਾਂਦਾ ਹੈ। ਸੰਦਰਭ ਗ੍ਰੰਥਾਂ ਦੀ ਅੰਤਿਮ ਸੂਚੀ ਅਤੇ ਲੇਖਕਾਂ ਤੇ ਗ੍ਰੰਥਾਂ ਦੀਆਂ ਨਾਮ-ਅਨੁਕ੍ਰਮਣਿਕਾਵਾਂ ਵੀ ਪਰਿਸ਼ਿਸ਼ਟ ਵਿਚ ਸ਼ਾਮਲ ਕੀਤੀਆਂ ਜਾਂਦੀਆਂ ਹਨ। ਇਸ ਦੇ ਬਾਅਦ ਖੋਜ-ਪ੍ਰਬੰਧ ਦੀ ਵਿਸ਼ੇ-ਸੂਚੀ ਅਤੇ ਭੂਮਿਕਾ ਦੀ ਤਿਆਰੀ ਹੁੰਦੀ ਹੈ। ਜੇ ਖੋਜ-ਵਿਦਿਆਰਥੀ ਨੇ ਆਪਣੇ ਖੋਜ-ਪ੍ਰਬੰਧ ਵਿਚ ਥਾਂ-ਥਾਂ ਉੱਤੇ ਪੂਰੇ ਸੰਦਰਭ ਨਾ ਦਿੱਤੇ ਹੋਣ ਜਾਂ ਦੇਣੇ ਮੁਨਾਸਿਬ ਨਾ ਸਮਝੇ ਹੋਣ, ਤਾਂ ਉਨ੍ਹਾਂ ਸੰਦਰਭਾਂ ਦੇ ਸੰਕੇਤ ਭੂਮਿਕਾ ਅਤੇ ਵਿਸ਼ੇ-ਸੂਚੀ ਦੇ ਵਿਚਕਾਰ ਦੇ ਦੇਣੇ ਚਾਹੀਦੇ ਹਨ। ਇਨ੍ਹਾਂ ਦੇ ਅਧਿਐਨ ਰਾਹੀਂ ਖੋਜ-ਵਿਦਿਆਰਥੀ ਜਾਂ ਪਾਠਕ ਸੌਖ ਮਹਿਸੂਸ ਕਰਨਗੇ।

ਖੋਜ-ਪ੍ਰਬੰਧ ਦੇ ਲਿਖਣ ਸਮੇਂ ਖੋਜ-ਵਿਦਿਆਰਥੀ ਨੂੰ ਆਪਣੀ ਭਾਸ਼ਾ ਅਤੇ ਸ਼ੈਲੀ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਭਾਸ਼ਾ ਵਿਚ ਠੇਠਤਾ ਅਤੇ ਵਿਸ਼ਲੇਸ਼ਣ-ਸੰਸ਼ਲੇਸ਼ਣ ਦੀ ਸ਼ੈਲੀ ਵਿਚ ਪਰਸਪਰ ਵਿਰੋਧੀ ਕਥਨਾਂ ਤੋਂ ਬਚਣਾ ਚਾਹੀਦਾ ਹੈ। ਭੂਮਿਕਾ ਵਿਚ ਵਿਸ਼ੇ ਚੋਣ ਦਾ ਕਾਰਨ, ਉਸ ਦੀ ਮੌਲਿਕਤਾ ਜਾਂ ਮਹੱਤਾ ਅਤੇ ਆਪਣੀਆਂ ਉਪਲਬਧੀਆਂ ਦਾ ਨਿਰੂਪਣ ਵੀ ਜ਼ਰੂਰੀ ਹੋਣਾ ਚਾਹੀਦਾ ਹੈ।

ਉਕਤ ਪ੍ਰਕ੍ਰਿਆ ਰਾਹੀਂ ਖੋਜ-ਕਾਰਜ ਕਰਨ ਵਾਲਾ ਖੋਜ-ਵਿਦਿਆਰਥੀ ਸਹਿਜੇ ਹੀ ਆਪਣੇ ਕੰਮ ਨੂੰ ਸੁਚੱਜੇ ਢੰਗ ਨਾਲ ਪੂਰਾ ਕਰ ਸਕਦਾ ਹੈ। ਇਹ ਪ੍ਰਕ੍ਰਿਆ ਇਕ ਸਾਧਨ ਹੈ। ਇਸ ਸਾਧਨ ਦੀ ਵਰਤੋਂ ਖੋਜ-ਵਿਦਿਆਰਥੀ ਦੀ ਨਿੱਜੀ ਪ੍ਰਤਿਭਾ ਅਤੇ ਵਿਸ਼ਲੇਸ਼ਣ ਸ਼ਕਤੀ ਉੱਤੇ ਨਿਰਭਰ ਕਰਦੀ ਹੈ। ਖੋਜ ਦੇ ਆਪਣੇ ਕੁਝ ਨੇਮ ਹਨ ਜਿਨ੍ਹਾਂ ਵਿਚੋਂ ਕੁਝ ਦਾ ਉਪਰ ਸੰਕੇਤ ਕੀਤਾ ਹੈ। ਇਨ੍ਹਾਂ ਦਾ ਨਾ ਪਾਲਨ ਕਰਨ ਤੇ ਖੋਜ-ਪ੍ਰਬੰਧ ਵਿਚ ਦੋਸ਼ਾਂ ਦਾ ਰਹਿ ਜਾਣਾ ਸੁਭਾਵਿਕ ਹੀ ਹੁੰਦਾ ਹੈ।

ਪੈਰ-ਟਿੱਪਣੀਆਂ

1. (i) ਕਾਮਿਲ ਬੁਲਕੇ : *ਅੰਗਰੇਜ਼ੀ ਹਿੰਦੀ ਕੋਸ਼*, ਪੰਨਾ 542
   (ii) Teja Singh : *English-Punjabi Dictionary*
2. (i) ਆਪਟੇ : *ਸੰਸਕ੍ਰਿਤ ਹਿੰਦੀ ਕੋਸ਼*, ਪੰਨਾ 43
   (ii) ਮੋਨਿਅਰ ਵਿਲਿਅਮ : *ਏ ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ*, ਪੰਨਾ 1091

ਚੜ੍ਹੇ ਸ਼ਹਿਰ ਲਾਹੌਰ ਥੀਂ ਮਾਰ ਧੌਂਸਾ,
ਸਭੇ ਗਰਬ ਹੰਕਾਰ ਦੇ ਨਾਲ ਤੁਰਦੇ।
ਤੁਰੇ ਦੋਹਾਂ ਦਰਿਆਵਾਂ ਤੇ ਨਹੀਂ ਅਟਕੇ,
ਪੱਤਣ ਲੰਘੇ ਨੀ ਜਾਇ ਪਰੋਜ਼ ਪੁਰ ਦੇ।
ਅੱਗੇ ਛੇੜਨਾ ਨਹੀਂ ਫ਼ਿਰੰਗੀਆਂ ਨੂੰ
ਦੁਹਾਂ ਧਿਰਾਂ ਦੇ ਰੁਲਣਗੇ ਬਹੁਤ ਮੁਰਦੇ।
ਸ਼ਾਹ ਮੁਹੰਮਦਾ ਭੱਜਣਾ ਰਣੋਂ ਭਾਰੀ,
ਜੁੱਟੇ ਸੂਰਮੇ ਆਖ ਤੂੰ ਕਦੋਂ ਮੁੜਦੇ।

ਲੱਗੀ ਧਮਕ ਭਾਰੀ ਹਿੰਦੁਸਤਾਨ ਅੰਦਰ,
ਦਿੱਲੀ ਆਗਰੇ ਹਾਂਸੀ ਹਿਸਾਬ ਮੀਆਂ।
ਬੀਕਾਨੇਰ ਗੁਲਨੇਰ ਭਟਨੇਰ ਜੈ ਪੁਰ,
ਪਈਆਂ ਭਾਜੜਾਂ ਜਮਨਾ ਥੋਂ ਪਾਰ ਮੀਆਂ।
ਚੜ੍ਹੀ ਸਭ ਪੰਜਾਬ ਦੀ ਬਾਦਸ਼ਾਹੀ,
ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ।
ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈਂ,
ਸਿੰਘ ਲੈਣਗੇ ਦਿੱਲੀ ਨੂੰ ਮਾਰ ਮੀਆਂ।

-ਸ਼ਾਹ ਮੁਹੰਮਦ

ਰਸ ਸੰਪ੍ਰਦਾਇ—ਇਕ ਵਿਵੇਚਨ

ਡਾ. ਚਰਨ ਦਾਸ ਸ਼ਰਮਾ

ਰਸ, ਸੌਂਦਰਯ ਸ਼ਾਸਤਰ ਦਾ ਇਕ ਮਹੱਤਵਪੂਰਨ ਤੱਤਵ ਹੈ ਜਿਵੇਂ ਕਿ ਪ੍ਰਸਿੱਧ ਵਿਦਵਾਨ ਲੂਈ ਰੈਨੂੰ ਨੇ ਕਿਹਾ ਹੈ, ''ਭਾਰਤ ਦੀ ਪ੍ਰਤਿਭਾ ਤੋਂ ਗਿਆਨ ਦੀਆਂ ਜਿਤਨੀਆਂ ਵੀ ਸ਼ਾਖਾਵਾਂ ਉਤਪੰਨ ਹੋਈਆਂ ਉਨ੍ਹਾਂ ਵਿਚ ਸੌਂਦਰਯ ਸ਼ਾਸਤਰ ਜਿਤਨੇ ਗੰਭੀਰ ਰੂਪ ਵਿਚ ਭਾਰਤੀ ਹੈ, ਉਤਨਾ ਹੋਰ ਕੋਈ ਨਹੀਂ।''[1] ਭਾਰਤ ਦੇ ਸੌਂਦਰਯ ਸ਼ਾਸਤਰ ਦਾ ਸਭ ਤੋਂ ਅਧਿਕ ਪ੍ਰਬਲ ਪ੍ਰਮਾਣ ਹੈ–'ਰਸ ਸਿਧਾਂਤ'।

ਵੇਦਾਂ ਵਿਚ ਸ਼ਹਿਦ, ਦੁੱਧ ਆਦਿ ਲਈ ਰਸ ਸ਼ਬਦ ਦਾ ਪ੍ਰਯੋਗ ਸਿੱਧ ਕਰਦਾ ਹੈ ਕਿ ਰਸ ਪਦਾਰਥ-ਸਾਰ ਦਾ ਹੀ ਨਾਂ ਹੈ। ਉਪਨਿਸ਼ਦਾਂ ਵਿਚ ਇਸ ਨੂੰ ਅਧਿਆਤਮਿਕ ਰੰਗ ਦਿੱਤਾ ਗਿਆ ਅਤੇ 'ਪ੍ਰਾਣੋ ਅੰਗਾਨਾਂ ਰਸਃ' ਅਰਥਾਤ ਅੰਗਾਂ ਦਾ ਪ੍ਰਾਣ ਰਸ ਹੈ, ਕਹਿਕੇ ਰਸ ਨੂੰ ਸਾਰਭੂਤ ਤੱਤਵ ਦੇ ਰੂਪ ਵਿਚ ਮੰਨਿਆ ਗਿਆ ਹੈ। 'ਤੈਤਰੀਯ' ਉਪਨਿਸ਼ਦ ਵਿਚ ਤਾਂ ਬ੍ਰਹਮ ਨੂੰ ਹੀ ਰਸ ਰੂਪ ਮੰਨਿਆ ਗਿਆ ਹੈ।[2] 'ਛਾਂਦੋਗ੍ਯ' ਉਪਨਿਸ਼ਦ ਵਿਚ, ''ਇਨ੍ਹਾਂ ਭੂਤਾਂ ਦਾ ਰਸ ਪ੍ਰਿਥਵੀ ਹੈ, ਪ੍ਰਿਥਵੀ ਦਾ ਰਸ ਜਲ ਹੈ ਤੇ ਜਲ ਦਾ ਰਸ ਉਸ ਉੱਤੇ ਨਿਰਭਰ ਕਰਨ ਵਾਲੀਆਂ ਔਸ਼ਧੀਆਂ ਹਨ, ਔਸ਼ਧੀਆਂ ਦਾ ਰਸ ਪੁਰਸ਼ ਹੈ, ਪੁਰਸ਼ ਦਾ ਰਸ ਬਾਣੀ ਹੈ, ਬਾਣੀ ਦਾ ਰਸ ਰਿਚਾ ਹੈ, ਰਿਚਾ ਦਾ ਰਸ ਸਾਮ ਹੈ ਅਤੇ ਸਾਮ ਦਾ ਰਸ ਉਦਗੀਥ ਹੈ।''[3] ਦਾ ਉਲੇਖ ਸਥੂਲ ਤੋਂ ਸੂਖਮ ਵੱਲ ਵਧਣ ਦੀ ਪ੍ਰਕ੍ਰਿਆ ਹੈ। ਉਪਨਿਸ਼ਦਾਂ ਤੋਂ ਪਿੱਛੋਂ ਸਾਂਖ੍ਯ ਦਰਸ਼ਨ ਵਿਚ ਪੰਜ ਮਹਾਂਭੂਤਾਂ ਦੀ ਪ੍ਰਕ੍ਰਿਤੀ ਉੱਤੇ ਵਿਚਾਰ ਕਰਦਿਆਂ ਹੋਇਆਂ ਰਸ ਦਾ ਵਿਵੇਚਨ ਹੋਇਆ ਹੈ। ਵਾਤਾਸਾਯਨ ਦੇ ਕਾਮ-ਸੂਤ੍ਰ ਵਿਚ ਰਸ ਨੂੰ ਰਤੀ, ਪ੍ਰੇਮ ਅਤੇ ਵੇਗ ਦਾ ਸਮਾਰਥਕ ਮੰਨਿਆ ਹੈ।[4] ਇਸ ਤਰ੍ਹਾਂ ਕਾਵ੍ਯ-ਸ਼ਾਸਤਰ ਵਿਚ ਇਕ ਮਹੱਤਵਪੂਰਨ ਤੱਤਵ ਦੇ ਰੂਪ ਵਿਚ ਮੰਨੇ ਜਾਣ ਤੋਂ ਪਹਿਲਾਂ 'ਰਸ' ਸ਼ਬਦ ਪਦਾਰਥ ਵਿਗਿਆਨਿਕ, ਅਧਿਆਤਮਿਕ, ਦਾਰਸ਼ਨਿਕ ਅਤੇ ਕਾਮ-ਸ਼ਾਸਤਰੀ ਪਰੰਪਰਾਵਾਂ ਦੇ ਰੂਪ ਵਿਚ ਪ੍ਰਚਲਿਤ ਸੀ। ਭਰਤਮੁਨੀ ਨੇ ਇਨ੍ਹਾਂ ਖੇਤਰਾਂ ਵਿਚ ਪ੍ਰਚਲਿਤ ਇਸ ਹੀ ਰਸ ਨੂੰ ਕਾਵ੍ਯ ਸ਼ਾਸਤਰ ਵਿਚ 'ਰਸ' ਨਾਮ ਦਾ ਪਦਾਰਥ ਕੀ ਹੈ[5] ਕਹਿ ਕੇ ਪ੍ਰਯੋਗ ਕੀਤਾ।

ਭਰਤ ਮੁਨੀ ਨੇ 'ਨਾਟ੍ਯ-ਸ਼ਾਸਤਰ' ਨਾਮਕ ਪੁਸਤਕ ਵਿਚ ਰਸ ਦਾ ਵਿਵੇਚਨ ਕਰਦਿਆਂ ਹੋਇਆਂ ਰਸ ਨੂੰ ਅਥਰਵ ਵੇਦ ਤੋਂ ਲਿਆ ਗਿਆ ਮੰਨਿਆ ਹੈ।[6] ਭਰਤ ਤੋਂ ਪਹਿਲਾਂ ਰਸ ਨਾਲ ਸੰਬੰਧਿਤ ਦੋ ਪਰੰਪਰਾਵਾਂ ਪ੍ਰਚਲਿਤ ਸਨ–(1) ਦਰੁਹਿਨ ਪਰੰਪਰਾ–(ਜਿਸ ਵਿਚ ਰਸਾਂ ਦੀ ਗਿਣਤੀ ਅੱਠ ਮੰਨੀ ਗਈ ਹੈ) ਅਤੇ (2) ਵਾਸੁਕੀ ਪਰੰਪਰਾ (ਇਸ ਵਿਚ ਸ਼ਾਂਤ ਨੂੰ ਰਸ ਮੰਨਦਿਆਂ ਹੋਇਆਂ ਰਸਾਂ ਦੀ ਸੰਖਿਆ ਨੌਂ ਮੰਨੀ ਹੈ।) ਭਰਤ ਮੁਨੀ ਨੇ ਆਪਣੇ ਕਾਵ੍ਯ-ਸ਼ਾਸਤਰ ਵਿਚ ਇਨ੍ਹਾਂ ਦੋਹਾਂ ਦਾ ਉਲੇਖ ਕੀਤਾ ਹੈ। ਭਰਤ ਨੇ ਰਸ, ਭਾਵ, ਅਭਿਨਯ ਅਤੇ ਬ੍ਰਿਤੀਆਂ ਆਦਿ ਨੂੰ ਇਕੱਠਾ ਕਰਕੇ ਨਾਟ੍ਯ-ਸੰਗ੍ਰਹਿ ਦਾ ਨਾਂ ਦਿੱਤਾ ਹੈ, ਪਰੰਤੂ ਇਨ੍ਹਾਂ ਸਾਰਿਆਂ ਵਿਚੋਂ ਰਸ ਨੂੰ ਹੀ ਬਹੁਤੀ ਮਹੱਤਾ ਦਿੱਤੀ ਹੈ। ਉਨ੍ਹਾਂ ਸਪਸ਼ਟ ਕਿਹਾ ਹੈ ਕਿ ਰਸ ਤੋਂ ਬਿਨਾ ਕਿਸੇ ਭੀ ਅਰਥ ਦਾ ਪ੍ਰਯੋਗ ਨਹੀਂ ਹੋ ਸਕਦਾ।[7]

ਭਰਤ ਮੁਨੀ ਦੇ ਰਸ-ਵਿਵੇਚਨ ਦਾ ਮੂਲ ਆਧਾਰ ਦੋ ਤਰ੍ਹਾਂ ਦਾ ਹੈ–(1) ਨਾਟ੍ਯ ਵਿਚ ਰਸ ਦੀ ਨਿਸ਼ਪੱਤੀ ਅਤੇ (2) ਨਾਟ੍ਯ-ਰਸ ਦਾ ਦਰਸ਼ਕ ਰਾਹੀਂ ਸੁਆਦ। ਇਨ੍ਹਾਂ ਦੋਹਾਂ ਨਾਲ ਸੰਬੰਧਿਤ ਦੋ ਪ੍ਰਸ਼ਨ ਹਨ–(1) ਰਸ ਕਿਹੜਾ ਪਦਾਰਥ ਹੈ ਅਤੇ (2) ਰਸ ਦਾ ਸੁਆਦ ਕੀ ਹੈ? ਪਹਿਲੇ ਪ੍ਰਸ਼ਨ ਦਾ ਉੱਤਰ ਦਿੰਦਿਆਂ ਭਰਤ ਮੁਨੀ ਨੇ ਕਿਹਾ ਹੈ, ''ਜਿਸ ਤਰ੍ਹਾਂ ਅਨੇਕਾਂ ਪ੍ਰਕਾਰ ਦੇ ਵਿਅੰਜਨਾਂ, ਔਸ਼ਧੀਆਂ ਅਤੇ ਪਦਾਰਥਾਂ ਦੇ ਮੇਲ ਨਾਲ ਰਸ ਪੈਦਾ ਹੁੰਦਾ ਹੈ ਉਸ ਤਰ੍ਹਾਂ ਹੀ ਕਵੀ ਦੇ ਹਿਰਦੇ ਦਾ ਸਥਾਈ ਭਾਵ ਅਨੇਕ ਪ੍ਰਕਾਰ ਦੇ ਭਾਵਾਂ ਦੇ ਰੂਪ ਨੂੰ ਪ੍ਰਾਪਤ ਕਰਕੇ ਰਸ

ਬਣਦਾ ਹੈ।'' ਦੂਜੇ ਪ੍ਰਸ਼ਨ ਦਾ ਉੱਤਰ ਦਿੰਦਿਆਂ ਉਨ੍ਹਾਂ ਕਿਹਾ ਹੈ-''ਜਿਸ ਤਰ੍ਹਾਂ ਅਨੇਕਾਂ ਪ੍ਰਕਾਰ ਦੇ ਪਦਾਰਥਾਂ ਤੋਂ ਬਣੇ ਭਸਜਨ ਨੂੰ ਖਾ ਕੇ ਸੁਹਿਰਦ ਮਨੁੱਖ ਰਸ ਦਾ ਸੁਆਦ ਲੈਂਦੇ ਹਨ ਅਤੇ ਖੁਸ਼ ਹੁੰਦੇ ਹਨ, ਉਸ ਤਰ੍ਹਾਂ ਹੀ ਪਹਿਲਾਂ ਦੱਸੇ ਸਥਾਈ ਭਾਵ ਦਾ ਸੁਹਿਰਦ ਦਰਸ਼ਕ ਸੁਆਦ ਲੈਂਦੇ ਹਨ ਅਤੇ ਖੁਸ਼ੀ ਵੱਲ ਵਧਦੇ ਹਨ।'' ਇਸ ਤੋਂ ਸਿੱਧ ਹੁੰਦਾ ਹੈ ਕਿ ਸੁਆਦ ਅਤੇ ਸੁਆਦ ਵਾਲੀ ਵਸਤੂ, ਇਨ੍ਹਾਂ ਦੋਹਾਂ ਪੱਖਾਂ ਤੋਂ ਮਿਲੇ ਜੁਲੇ ਪਦਾਰਥ ਨੂੰ ਨਾਟ੍ਯ-ਰਸ ਕਿਹਾ ਗਿਆ ਹੈ। ਸੰਖੇਪ ਰੂਪ ਵਿਚ ਭਰਤ ਮੁਨੀ ਦੇ ਰਸ-ਵਿਵੇਚਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ-(1) ਰਸ ਨਾਟ੍ਯ ਦਾ ਜ਼ਰੂਰੀ ਅਤੇ ਮੂਲ-ਆਧਾਰ ਤੱਤਵ ਹੈ। (2) ਨਾਟ੍ਯ-ਰਸ ਦਾ ਆਧਾਰ ਪਾਕ-ਰਸ ਦੀ ਤਰ੍ਹਾਂ ਭੌਤਿਕ ਹੈ। ਵਾਸਤਵ ਵਿਚ ਉਹ ਇਕ ਪਦਾਰਥ ਹੈ। (3) ਰਸ ਦੇ ਦੋ ਪੱਖ ਹਨ-(ੳ) ਸੁਆਦ ਅਤੇ (ਅ) ਸੁਆਦਯੋਗ ਵਸਤੂ। (4) ਰਸ ਦੇ ਸੁਆਦ ਦਾ ਅਧਿਕਾਰੀ ਸੁਹਿਰਦ ਦਰਸ਼ਕ ਹੁੰਦਾ ਹੈ। (5) ਨਾਟ੍ਯ ਰਸ ਤੋਂ ਪ੍ਰਸੰਨਤਾ ਆਦਿ ਦੀ ਪ੍ਰਾਪਤੀ ਹੁੰਦੀ ਹੈ। ਭਰਤ ਮੁਨੀ ਦੇ ਇਸ ਵਿਵੇਚਨ ਤੋਂ ਸਥਾਈ ਭਾਵ ਅਤੇ ਰਸਾਂ ਦਾ ਵਿਵੇਚਨ ਅਧਿਕ ਹੋਇਆ ਹੈ ਜਦੋਂ ਕਿ ਸੁਆਦ ਦੀ ਪ੍ਰਕ੍ਰਿਆ ਦਾ ਵਿਵੇਚਨ ਘੱਟ ਹੋਇਆ ਹੈ। ਇਸ ਲਈ ਕੁਝ ਵਿਦਵਾਨਾਂ ਨੇ ਭਰਤ ਦੇ ਰਸ-ਵਿਵੇਚਨ ਨੂੰ ਰੰਗ-ਮੰਚ ਨਾਲ ਹੀ ਸੰਬੰਧਿਤ ਮੰਨਿਆ ਹੈ।

ਭਰਤਮੁਨੀ ਤੋਂ ਪਿੱਛੋਂ ਭਾਮਹ (ਸੱਤਵੀਂ ਸਦੀ) ਤਕ ਰਸ ਚਰਚਾ ਸੰਬੰਧੀ ਕਿਸੇ ਪਰੰਪਰਾ ਦਾ ਕੋਈ ਸਪਸ਼ਟ ਸਬੂਤ ਤਾਂ ਨਹੀਂ ਮਿਲਦਾ, ਪਰੰਤੂ ਭਾਮਹ ਦੇ 'ਕਾਵ੍ਯ ਅਲੰਕਾਰ' ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਨਾਟ੍ਯ-ਚਰਚਾ ਦੇ ਨਾਲ-ਨਾਲ ਕਾਵ੍ਯ ਚਰਚਾ ਸੁਤੰਤਰ ਰੂਪ ਵਿਚ ਚਲ ਪਈ ਸੀ ਅਤੇ ਉਸ ਵਿਚ ਕਾਵ੍ਯ ਵਿਚ ਅਲੰਕਾਰਾਂ ਦੇ ਮਹੱਤਵ ਉੱਤੇ ਵਿਚਾਰ ਹੋ ਰਿਹਾ ਸੀ। ਦੰਡੀ, ਵਾਮਨ, ਅਤੇ ਰੁਦ੍ਰਟ ਇਸ ਹੀ ਪਰੰਪਰਾ ਦੇ ਆਚਾਰੀਆ ਹਨ। ਵਾਮਨ ਨੇ ਅਲੰਕਾਰਾਂ ਤੋਂ ਗੁਣਾਂ ਨੂੰ ਵਧੇਰੇ ਮਹੱਤਾ ਦੇ ਕੇ ਰੀਤਿ ਦੀ ਸਥਾਪਨਾ ਕੀਤੀ। ਮੂਲ ਰੂਪ ਵਿਚ ਇਹ ਆਚਾਰੀਆ ਰਸ ਵਿਰੋਧੀ ਨਹੀਂ ਸਨ ਅਤੇ ਇਨ੍ਹਾਂ ਦੇ ਸਾਹਮਣੇ ਮੁੱਖ ਸਮੱਸਿਆ ਇਹ ਸੀ ਕਿ ਕਾਵਯ ਦੇ ਸ਼ਬਦ ਅਤੇ ਅਰਥ ਕਿਵੇਂ ਰਸ ਦੀ ਸਥਿਤੀ ਨੂੰ ਪ੍ਰਾਪਤ ਕਰਦੇ ਹਨ? ਇਸ ਸਮੱਸਿਆ ਦੇ ਹੱਲ ਲਈ ਹੀ ਇਨ੍ਹਾਂ ਆਚਾਰੀਆਂ ਨੇ ਅਲੰਕਾਰ, ਗੁਣ ਅਤੇ ਰੀਤਿ ਦਾ ਵਿਵੇਚਨ ਕਰਕੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਇਨ੍ਹਾਂ ਸਾਧਨਾਂ ਨਾਲ ਸ਼ਬਦਾਰਥ ਵਿਚ ਇਹੋ ਜੇਹਾ ਸੌਂਦਰਯ ਪੈਦਾ ਹੁੰਦਾ ਹੈ, ਜਿਹੜਾ ਕਿ ਅੰਤ ਵਿਚ ਜਾ ਕੇ ਰਸ ਰੂਪ ਬਣ ਜਾਂਦਾ ਹੈ।

ਰਸ ਦੇ ਸੰਬੰਧ ਵਿਚ ਭਰਤ ਮੁਨੀ ਦਾ ਪ੍ਰਸਿੱਧ ਸੂਤਰ ਹੈ-ਤਤ੍ਰਵਿਭਾਵਾਨੁਭਾਵ ਸੰਚਾਰੀ ਸੰਯੋਗਾਦ੍ਰਸਨਿਸ਼ਪਤ੍ਤਿ : ਇਸ ਦੀ ਵਿਆਖਿਆ ਕਰਦਿਆਂ ਹੋਇਆਂ ਭਰਤ ਮੁਨੀ ਨੇ ਕਿਹਾ ਹੈ ਕਿ ਅਨੇਕਾਂ ਭਾਵਾਂ ਤੋਂ ਸੰਯੁਕਤ ਹੋ ਕੇ ਸਥਾਈ ਭਾਵ ਰਸ ਬਣ ਜਾਂਦੇ ਹਨ। ਇਸ ਸੂਤਰ ਵਿਚ ਤਤ੍ (ਤਤ੍ਰ) ਦਾ ਅਰਥ ਹੈ ਰੰਗ-ਮੰਚ ਅਰਥਾਤ ਨਟ ਅਭਿਨਯ ਰਾਹੀਂ ਅਮੂਰਤ ਸਥਾਈ ਭਾਵ ਨੂੰ ਮੂਰਤ ਜਾਂ ਵਸਤੂ-ਨਿਸ਼ਠ ਬਣਾਉਂਦਾ ਹੈ। ਸਮਾਜਿਕ (ਦਰਸ਼ਕ) *ਇਸ ਮੂਰਤ ਰਸ ਦਾ ਸੁਆਦ ਲੈਂਦਾ ਹੈ ਅਤੇ ਫਲਸਰੂਪ ਪ੍ਰਸੰਨਤਾ ਆਦਿ ਵੀ ਪ੍ਰਾਪਤ ਕਰਦਾ ਹੈ, ਨਾ ਕਿ ਰਸ ਨੂੰ। ਰਸ ਤਾਂ ਰੰਗ-ਮੰਚ ਉੱਤੇ ਮੂਰਤ ਹੁੰਦਾ ਹੈ, ਅਤੇ ਉਹ ਨਟ ਉੱਤੇ ਨਿਰਭਰ ਹੈ ਨਾ ਕਿ ਸੁਹਿਰਦ* ਵਿਅਕਤੀ ਉਤੇ। ਨਾਟ੍ਯ ਹੀ ਰਸ ਹੈ, ਉਹ ਸੁਆਦ ਹੈ ਨਾ ਕਿ ਸੁਆਦਯੋਗ ਵਸਤੂ।

ਭਰਤ ਮੁਨੀ ਦੇ ਇਸ ਸੂਤਰ ਵਿਚ ਵਰਣਨ ਕੀਤੇ ਗਏ ਵਿਭਾਵ ਆਦਿ ਦਾ ਗਿਆਂਨ ਰਸ ਵਿਵੇਚਨ ਲਈ ਜ਼ਰੂਰੀ ਹੈ। ਵਿਭਾਵ ਉਨ੍ਹਾਂ ਨੂੰ ਕਹਿੰਦੇ ਹਨ ਜੋ ਸਮਾਜਿਕ ਦੇ ਰਤਿ ਆਦਿ ਸਥਾਈ ਭਾਵਾਂ ਨੂੰ ਸੁਆਦਯੋਗ ਬਣਾਉਣ ਦੀ ਸਮਰਥਾ ਰਖਦੇ ਹਨ। ਇਹ ਦੋ ਪ੍ਰਕਾਰ ਦੇ ਹਨ :

(1) ਆਲੰਬਨ (2) ਉੱਦੀਪਨ। ਬਾਹਰ ਦੀ ਵਸਤੂ, ਦ੍ਰਿਸ਼, ਜਾਂ ਪਰਿਸਥਿਤੀ ਆਦਿ ਤੋਂ ਮਨੁੱਖ ਦੇ ਹਿਰਦੇ ਵਿਚ ਭਾਵਨਾਵਾਂ ਪੈਦਾ ਹੁੰਦੀਆਂ ਹਨ। ਇਸ ਲਈ ਹੀ ਇਨ੍ਹਾਂ ਨੂੰ ਆਲੰਬਨ ਕਹਿੰਦੇ ਹਨ ਜਿਵੇਂ ਕਿ ਨਾਇਕ, ਨਾਇਕਾ ਨੂੰ ਵੇਖ ਕੇ ਖੁਸ਼ ਹੁੰਦਾ ਹੈ ਅਤੇ ਸ਼ੇਰ ਨੂੰ ਦੇਖ ਕੇ ਡਰ ਜਾਂਦਾ ਹੈ। ਇਥੇ ਨਾਇਕਾ ਅਤੇ ਸ਼ੇਰ ਆਲੰਬਨ ਹਨ। ਜਿਨ੍ਹਾਂ ਦੇ ਮਾਧਿਅਮ ਤੋਂ ਭਾਵ ਉੱਦੀਪਨ ਹੋਣ, ਉਨ੍ਹਾਂ ਨੂੰ ਉੱਦੀਪਨ ਵਿਭਾਗ ਕਹਿੰਦੇ ਹਨ, ਜਿਵੇਂ ਗਾਉਣਾ ਵਜਾਉਣਾ, ਪ੍ਰਕ੍ਰਿਤੀ ਦੀ ਸੁੰਦਰਤਾ, ਸੁੰਦਰ ਵਾਤਾਵਰਣ ਆਦਿ। ਭਾਵ ਇਹ ਕਿ ਜੇ ਕਰ ਆਲੰਬਨ

ਅੱਗ ਦਾ ਅੰਗਾਰਾ ਹੈ ਤਾਂ ਉੱਦੀਪਨ ਉਸ ਨੂੰ ਵੀ ਭੜਕਾਉਣ ਵਾਲੀ ਨੁਕੂਲ ਹਵਾ ਹੈ। ਜਿਸ ਮਨੁੱਖ ਦੇ ਹਿਰਦੇ ਵਿਚ ਆਲੰਬਨ ਅਤੇ ਉੱਦੀਪਨ ਦੇ ਪ੍ਰਭਾਵ ਨਾਲ ਭਾਵ ਦੀ ਉਤਪੱਤੀ ਹੋਵੇ ਉਸ ਨੂੰ ਆਸ਼੍ਰਯ ਕਹਿੰਦੇ ਹਨ। ਆਸ਼੍ਰਯ ਦੀਆਂ ਸ਼ਰੀਰਕ ਅਤੇ ਮਾਨਸਿਕ ਚੇਸ਼ਟਾਵਾਂ ਨੂੰ ਅਨੁਭਾਵ ਕਹਿੰਦੇ ਹਨ ਅਤੇ ਆਲੰਬਨ ਦੀਆਂ ਚੇਸ਼ਟਾਵਾਂ ਨੂੰ ਹਾਵ ਭਾਵ। ਕਿਸੇ ਇਕ ਹੀ ਸਥਾਈ ਭਾਵ ਵਿਚ ਜਿਹੜੇ ਹੋਰ ਭਾਵ ਪੈਦਾ ਹੋ ਕੇ ਉਸ ਨੂੰ ਬਲਵਾਨ ਬਣਾਉਂਦੇ ਹਨ ਅਤੇ ਮਿਟ ਜਾਂਦੇ ਹਨ, ਉਨ੍ਹਾਂ ਨੂੰ ਸੰਚਾਰੀ ਭਾਵ ਕਹਿੰਦੇ ਹਨ, ਉਨ੍ਹਾਂ ਦੀ ਸੰਖਿਆ ਕਾਵ੍ਯ ਸ਼ਾਸਤਰ ਵਿਚ ੩੩ ਹੈ। ਰਸ ਦੀ ਪ੍ਰਕ੍ਰਿਆ ਵਿਚ ਸਥਾਈ ਭਾਵ ਦੀ ਖ਼ਾਸ ਮਹੱਤਾ ਹੈ। ਸਥਾਈ ਭਾਵ ਉਹ ਭਾਵ ਹਨ ਜਿਹੜੇ ਮਨੁੱਖ ਦੇ ਮਨ ਵਿਚ ਉਸ ਦੇ ਅਨੁਭਵ ਤੋਂ ਇਕੱਠੇ ਹੋਏ ਸੰਸਕਾਰ ਰੂਪ ਵਿਚ ਟਿਕੇ ਰਹਿੰਦੇ ਹਨ ਜਿਹੜੇ ਮਨੁੱਖ ਦੇ ਮਨ ਵਿਚ ਉਸ ਦੇ ਅਨੁਭਵ ਤੋਂ ਇਕੱਠੇ ਹੋਏ ਸੰਸਕਾਰ ਰੂਪ ਵਿਚ ਟਿਕੇ ਰਹਿੰਦੇ ਹਨ ਅਤੇ ਕਿਸੇ ਸੁੰਦਰ ਅਭਿਨਯ ਰਾਹੀਂ ਜਾਂ ਕਿਸੇ ਖ਼ਾਸ ਘਟਨਾ ਰਾਹੀਂ ਅਵਚੇਤਨ ਮਨ ਤੋਂ ਚੇਤਨ ਮਨ ਵਿਚ ਜਾ ਕੇ ਰਸ ਰੂਪ ਵਿਚ ਬਦਲ ਜਾਂਦੇ ਹਨ। ਰਤੀ, ਸ਼ੋਕ, ਭੈ, ਕਰੋਧ, ਵਿਸਮਯ, ਘ੍ਰਿਣਾ, ਹਾਸ, ਉਤਸਾਹ, ਸ਼ਮ ਅਤੇ ਸੰਤਾਨ-ਪ੍ਰੇਮ ਸਥਾਈ ਭਾਵ ਹਨ। ਇਨ੍ਹਾਂ ਸਾਰਿਆਂ ਦੇ ਸੰਯੋਗ ਤੋਂ ਹੀ ਰਸ-ਨਿਸ਼ਪੱਤੀ ਮੰਨੀ ਜਾਂਦੀ ਹੈ।

ਨੌਵੀਂ ਸਦੀ ਤਕ ਰਸ ਦੇ ਸੰਬੰਧ ਵਿਚ ਬੜਾ ਗੰਭੀਰ ਵਿਚਾਰ ਹੋਣਾ ਸ਼ੁਰੂ ਹੋ ਗਿਆ ਸੀ। ਅਲੰਕਾਰਵਾਦੀਆਂ ਦੇ ਸਮੇਂ ਵਿਚ ਹੀ ਭੱਟ ਲੋਲਟ ਅਤੇ ਸ਼ੰਕੁਕ ਆਦਿ ਆਚਾਰੀਆਂ ਨੇ ਵਿਵੇਚਨ ਕਰਦਿਆਂ ਹੋਇਆਂ ਰਸ ਨੂੰ ਸਰਲ ਤੇ ਸਿਧੀ ਮਾਨਤਾ ਤੋਂ ਉੱਚਾ ਚੁੱਕ ਕੇ ਦਰਸ਼ਨ ਦੀ ਇਕ ਜਟਿਲ ਸਮੱਸਿਆ ਬਣਾ ਦਿੱਤਾ। ਇਨ੍ਹਾਂ ਦੋਹਾਂ ਨੇ ਰਸ ਨੂੰ ਕਾਵ੍ਯ-ਰਸ ਦੇ ਰੂਪ ਵਿਚ ਨਾ ਮੰਨ ਕੇ ਰਸ ਦੇ ਰੂਪ ਵਿਚ ਹੀ ਮੰਨਿਆ। ਇਨ੍ਹਾਂ ਦੋਹਾਂ ਦੇ ਮਤਾਂ ਦਾ ਖੰਡਨ ਕਰਦਿਆਂ ਹੋਇਆਂ ਰਸ ਨੂੰ ਅਧਿਕ ਵਿਵਹਾਰਿਕ ਬਣਾਉਣ ਵਾਲੇ ਆਚਾਰੀਆ ਹਨ ਭਟ-ਨਾਇਕ। ਲੋਲਟ ਤੇ ਸ਼ੰਕੁਕ ਨੇ ਭਰਤ ਵਾਂਗ ਹੀ ਰਸ ਦੀ ਸਥਿਤੀ ਨੂੰ ਵਸਤੂ-ਨਿਸ਼ਠ ਮੰਨਿਆ ਸੀ ਜਦੋਂ ਕਿ ਅਭਿਨਵ ਗੁਪਤ ਨੇ ਉਸ ਨੂੰ ਆਤਮ-ਨਿਸ਼ਠ ਮੰਨਿਆ ਸੀ। ਭਟ ਨਾਇਕ ਉਸ ਨੂੰ ਵਸਤੂਨਿਸ਼ਠ ਅਤੇ ਆਤਮਨਿਸ਼ਠ ਦੋਹਾਂ ਦੇ ਵਿਚਕਾਰ ਸ੍ਵੀਕਾਰਦੇ ਹਨ। ਭਟਨਾਇਕ ਨੇ ਸਾਧਾਰਣੀਕਰਣ ਦੀ ਕਲਪਨਾ ਨਾਲ ਇਹ ਵੀ ਸਿੱਧ ਕਰ ਦਿੱਤਾ ਕਿ ਕਾਵ੍ਯ ਦੀ ਅਨੁਭੂਤੀ ਸਮਾਜਿਕ (ਦਰਸ਼ਕ) ਵਿਚ ਹੁੰਦੀ ਹੈ ਅਤੇ ਰਸ ਦਾ ਸੰਬੰਧ ਉਸ ਨਾਲ ਹੀ ਹੈ। ਅਭਿਨਵ-ਗੁਪਤ ਦਰਅਸਲ ਧ੍ਵਨੀਵਾਦੀ ਅਚਾਰੀਆ ਸਨ, ਜਿਨ੍ਹਾਂ ਰਸ ਅਤੇ ਧ੍ਵਨੀ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ ਮੰਨਿਆ ਸੀ। ਉਨ੍ਹਾਂ ਨੇ ਆਚਾਰੀਆਂ ਦੇ ਮਤਾਂ ਦਾ ਖੰਡਨ ਕਰਦਿਆਂ ਹੋਇਆਂ ਆਪਣੇ ਮਤ ਦੀ ਸਥਾਪਨਾ ਕੀਤੀ, ਜਿਸ ਵਿਚ ਉਨ੍ਹਾਂ ਰਸ ਨੂੰ ਅਨੁਕਾਰਯ (ਮੂਲਪਾਤਰ) ਅਤੇ ਨਟ ਵਿਚ ਨਾ ਮੰਨ ਕੇ ਸੁਹਿਰਦ ਦਰਸ਼ਨ ਵਿਚ ਹੀ ਮੰਨਿਆ। ਇਸ ਤਰ੍ਹਾਂ ਉਨ੍ਹਾਂ ਰਸ ਨੂੰ ਸੁਆਦ ਵਾਲੀ ਵਸਤੂ ਨਾ ਮੰਨ ਕੇ ਸੁਆਦ-ਸਰੂਪ ਹੀ ਮੰਨਿਆ। ਇਨ੍ਹਾਂ ਤੋਂ ਇਲਾਵਾ ਧਨੰਜਯ, ਆਨੰਦ ਵਰਧਨ, ਕਸ਼ੇਮਿੰਦਰ, ਮੰਮਟ, ਵਿਸ਼ਵਨਾਥ ਅਤੇ ਪੰਡਿਤ ਰਾਜ ਜਗਨ ਨਾਥ ਨੇ ਵੀ ਰਸ ਦੀ ਮਹੱਤਾ ਨੂੰ ਸ੍ਵੀਕਾਰ ਕੀਤਾ। ਦਸ਼ਰੂਪਕ ਦੇ ਲਿਖਣ ਵਾਲੇ ਧਨੰਜਯ ਰਸਵਾਦੀ ਸਨ। ਉਨ੍ਹਾਂ ਰਸ-ਨਿਸ਼ਪੱਤੀ ਵਿਚ ਸਾਤਵਿਕ ਭਾਵਾਂ ਦੀ ਮਹੱਤਾ ਦੱਸੀ। ਇਸ ਤਰ੍ਹਾਂ ਹੀ ਆਨੰਦ ਵਰਧਨ ਦੀ ਰਸ ਧ੍ਵਨੀ ਅਤੇ ਕਸ਼ੇਮਿੰਦਰ ਦੇ 'ਰਸੋਚਿਤ' ਵਿਚ ਰਸ ਦੀ ਹੀ ਮਹੱਤਾ ਦੱਸੀ ਗਈ ਹੈ। ਆਚਾਰੀਆ ਵਿਸ਼ਵਨਾਥ ਦੀ ਰਸ ਕਲਪਨਾ ਅਤੇ ਜਗਨ ਨਾਥ ਦੀ ਰਮਣੀਕ ਅਰਥ ਵਾਲੀ ਕਲਪਨਾ ਵਿਚ ਰਸ ਹੀ ਪ੍ਰਤੱਖ ਹੋਇਆ ਹੈ। ਸੋਲ੍ਹਵੀਂ ਸਦੀ ਵਿਚ ਰੂਪ-ਗੋਸਵਾਮੀ ਅਤੇ ਜੀਵ ਗੋਸਵਾਮੀ ਨੇ ਨਵੇਂ ਢੰਗ ਨਾਲ ਰਸ ਵਿਵੇਚਨ ਕੀਤਾ ਹੈ। ਉਨ੍ਹਾਂ ਦਾ ਮੂਲ ਭਾਵ ਪ੍ਰਭੂ ਦੀ ਭਗਤੀ ਹੈ ਅਤੇ ਉਸ ਦਾ ਉੱਚਤਮ ਸ਼ਿਖਰ ਮਾਧੁਰਯ ਭਾਵ ਵਿਚ ਹੁੰਦਾ ਹੈ। ਉਨ੍ਹਾਂ ਇਸ ਨੂੰ ਉਜਵਲ ਰਸ ਮੰਨਿਆ ਹੈ। ਇਸ ਤਰ੍ਹਾਂ ਭਰਤ ਮੁਨੀ ਤੋਂ ਲੈ ਕੇ ਮੱਧ ਕਾਲ ਦੇ ਆਚਾਰੀਆਂ ਤਕ ਰਸ ਦਾ ਵਿਵੇਚਨ ਬਹੁਤ ਗੰਭੀਰਤਾ ਨਾਲ ਹੁੰਦਾ ਆਇਆ। ਅੱਜ ਦੇ ਵਿਦਵਾਨਾਂ ਨੇ ਵੀ ਰਸ ਦੇ ਸੰਬੰਧ ਵਿਚ ਮਹੱਤਵਪੂਰਨ ਸਥਾਪਨਾਵਾਂ ਕੀਤੀਆਂ ਹਨ। ਭਰਤ ਮੁਨੀ ਦੇ ਰਸ ਸੰਬੰਧੀ ਸੂਤਰ ਤੇ ਜਿਨ੍ਹਾਂ ਚਾਰ ਆਚਾਰੀਆਂ ਨੇ ਵਿਆਖਿਆ ਲਿਖੀ, ਉਨ੍ਹਾਂ ਦਾ ਯੋਗਦਾਨ ਵਧੇਰੇ ਮਹੱਤਵਪੂਰਨ ਹੈ। ਰਸ-ਨਿਸ਼ਪੱਤੀ ਦੇ ਸੰਬੰਧ ਵਿਚ ਉਨ੍ਹਾਂ ਦੇ ਵਿਚਾਰਾਂ ਦਾ ਗਿਆਨ ਬਹੁਤ ਜ਼ਰੂਰੀ ਹੈ, ਜਿਹੜਾ ਕਿ ਹੇਠ ਲਿਖੇ ਅਨੁਸਾਰ ਦਿੱਤਾ ਜਾ ਰਿਹਾ ਹੈ।

(1) **ਭੱਟ ਲੋਲਟ ਦਾ ਉਤਪੱਤੀਵਾਦ** : ਭਰਤ ਮੁਨੀ ਦੇ ਪ੍ਰਸਿੱਧ ਰਸਸੂਤਰ ਦੇ ਸਭ ਤੋਂ ਪਹਿਲੇ ਵਿਆਖਿਆਕਾਰ ਭੱਟ ਲੋਲਟ ਹਨ। ਉਨ੍ਹਾਂ ਨੇ ਸੰਯੋਗਾਤ (ਸੰਯੋਗਾਤ੍) ਅਤੇ ਨਿਸ਼ਪੱਤੀ (ਨਿਸ਼ਪਤ੍ਤਿ) ਸ਼ਬਦਾਂ ਦੇ ਅਰਥ ਨੂੰ ਲੈ ਕੇ ਆਪਣੀ ਵਿਆਖਿਆ ਕੀਤੀ ਹੈ। ਭੱਟ ਲੋਲਟ ਨੇ ਸੰਯੋਗ ਦਾ ਅਰਥ ਉਤਪਾਦਨ-ਉਤਪਾਦ੍ਯ, ਅਨੁਮਾਪਕ-ਅਨੁਮਾਪ੍ਯ ਅਤੇ ਪੋਸ਼ਕ-ਪੋਸ਼੍ਯ ਸੰਬੰਧ ਮੰਨਿਆ ਹੈ ਅਤੇ ਨਿਸ਼ਪੱਤੀ ਦਾ ਅਰਥ ਉਤਪੱਤੀ ਮੰਨਿਆ ਹੈ। ਅਰਥਾਤ ਸਥਾਈ ਭਾਵ ਵਿਭਾਵਾਂ ਕਾਰਨ ਉਤਪੰਨ ਹੁੰਦਾ ਹੈ, ਇਸ ਲਈ ਵਿਭਾਵ ਉਤਪਾਦਕ ਹੋਇਆ ਅਤੇ ਸਥਾਈ ਭਾਵ ਉਤਪਾਦ੍ਯ। ਉਹ ਅਨੁਭਾਵਾਂ ਰਾਹੀਂ ਅਨੁਮਾਪ੍ਯ (ਜਿਸ ਦਾ ਅਨੁਮਾਨ ਲਗਾਇਆ ਜਾਵੇ) ਬਣਦਾ ਹੈ; ਇਸ ਲਈ ਅਨੁਭਾਵ ਅਨੁਮਾਪਕ ਹੋਏ ਅਤੇ ਸਥਾਈ ਭਾਵ ਅਨੁਮਾਪ੍ਯ। ਇਸ ਤਰ੍ਹਾਂ ਉਹ ਭਾਵ ਸੰਚਾਰੀ ਭਾਵਾਂ ਰਾਹੀਂ ਪੁਸ਼ਟ ਹੁੰਦਾ ਹੈ। ਇਸ ਲਈ ਸੰਚਾਰੀ ਭਾਵ-ਪੋਸ਼ਕ ਹੋਏ ਅਤੇ ਸਥਾਈ ਪੁਸ਼੍ਟ੍ਯ (ਜਿਹੜਾ ਪੁਸ਼ਟ ਹੋਇਆ)। ਇਸ ਤਰ੍ਹਾਂ ਨਾਲ ਪੈਦਾ ਹੋਇਆ, ਅਨੁਭਾਵਾਂ ਰਾਹੀਂ ਅਨੁਮਾਪ੍ਯ ਬਣਿਆ ਅਤੇ ਸੰਚਾਰੀ ਭਾਵਾਂ ਰਾਹੀਂ ਪੁਸ਼ਟ ਹੋਇਆ ਸਥਾਈ-ਭਾਵ ਰਸ ਬਣਦਾ ਹੈ। ਮੂਲ ਵਿਭਾਵ ਆਦਿ ਦਾ ਨਟ ਨਟੀ ਉੱਤੇ ਆਰੋਪ ਕੀਤਾ ਜਾਂਦਾ ਹੈ, ਇਸ ਲਈ ਇਸ ਮਤ ਨੂੰ ਆਰੋਪਵਾਦ ਵੀ ਕਹਿੰਦੇ ਹਨ।

ਭੱਟ ਲੋਲਟ ਦੇ ਅਨੁਸਾਰ ਰਸ ਦੀ ਮੂਲ ਰੂਪ ਵਿਚ ਸਥਿਤੀ ਮੁੱਢਲੇ ਵਿਭਾਵ ਆਦਿ ਵਿਚ ਹੁੰਦੀ ਹੈ ਅਤੇ ਅਭਿਨਯ ਦੀ ਕੁਸ਼ਲਤਾ ਨਾਲ ਨਟ ਆਦਿ ਵਿਚ ਉਸ ਦੀ ਪ੍ਰਤੀਤੀ ਹੁੰਦੀ ਹੈ। ਸਮਾਜਿਕ ਦਰਸ਼ਨ ਵਾਸਤਵ ਵਿਚ ਤਟਸਥ ਰਹਿੰਦਾ ਹੈ, ਅਰਥਾਤ ਉਸ ਤੇ ਰਸ ਦਾ ਕੋਈ ਅਸਰ ਨਹੀਂ ਹੁੰਦਾ। ਭੱਟ ਲੋਲਟ ਦੇ ਇਸ ਮਤ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ–

(1) ਸਥਾਈ ਭਾਵ ਦਾ ਆਸ਼੍ਰਯ (ਜਿਸ ਵਿਚ ਸਥਾਈ ਭਾਵ ਹੁੰਦਾ ਹੈ)। ਅਨੁਕਾਰਯ (ਜਿਸ ਦਾ ਅਨੁਕਰਣ ਕੀਤਾ ਜਾਵੇ ਅਰਥਾਤ ਮੂਲ-ਪਾਤਰ) ਹੁੰਦਾ ਹੈ।

(2) ਸਥਾਈ ਭਾਵ ਦੀ ਉਤਪੱਤੀ ਉਸ ਅਨੁਕਾਰਯ ਦੇ ਹਿਰਦੇ ਵਿਚ ਹੀ ਹੁੰਦੀ ਹੈ।

(3) ਵਿਭਚਾਰੀ ਭਾਵ ਸਥਾਈ ਭਾਵ ਦੇ ਸਹਿਭਾਵ ਹੁੰਦੇ ਹਨ। ਸਥਾਈ ਭਾਵ ਵਾਸਨਾ ਰੂਪ ਵਿਚ ਸਥਿਤ ਰਹਿੰਦਾ ਹੈ ਅਤੇ ਵਿਭਚਾਰੀ ਭਾਵ ਉਤਪੰਨ ਹੋਣ ਵਾਲੇ ਭਾਵ ਦੇ ਰੂਪ ਵਿਚ।

(4) ਰਸ ਮੂਲ ਰੂਪ ਵਿਚ ਅਨੁਕਾਰਯ ਵਿਚ ਹੀ ਹੁੰਦਾ ਹੈ ਅਤੇ ਗੌਣ ਰੂਪ ਵਿਚ ਉਹ ਅਭਿਨਯ ਦੀ ਕੁਸ਼ਲਤਾ ਨਾਲ ਨਟ ਵਿਚ ਵੀ ਦਿਖਾਈ ਦਿੰਦਾ ਹੈ। ਸੁਹਿਰਦ ਨੂੰ ਇਸ ਤੋਂ ਪ੍ਰਾਪਤ ਹੋਣ ਵਾਲਾ ਆਨੰਦ ਉਸ ਦੇ ਆਪਣੇ ਸਥਾਈ ਭਾਵ ਦਾ ਆਨੰਦ ਨਹੀਂ ਹੁੰਦਾ।

ਭੱਟ ਲੋਲਟ ਦੇ ਇਸ ਉਤਪੱਤੀਵਾਦ ਦਾ ਵਿਰੋਧ ਆਚਰਯ ਸ਼ੰਕੁਕ ਨੇ ਕੀਤਾ ਅਤੇ ਹੇਠ ਲਿਖੇ ਦੋਸ਼ ਲਗਾਏ :

(1) ਭੱਟ ਲੋਲਟ ਨੇ ਰਸ ਦੀ ਸੱਤਾ, ਸਮਾਜਿਕ (ਦਰਸ਼ਕ) ਵਿਚ ਨਹੀਂ ਮੰਨੀ। ਜੇਕਰ ਇਸ ਤਰ੍ਹਾਂ ਹੀ ਹੋਵੇ ਤਾਂ ਨਾਟਕਾਂ ਲਈ ਦਰਸ਼ਕਾਂ ਦੀ ਖਿੱਚ-ਬੇਬੁਨਿਆਦ ਹੈ।

(2) ਕਾਰਨ-ਕਾਰਯ ਸੰਬੰਧ ਨਾਲ ਰਸ ਦੀ ਉਤਪੱਤੀ ਮੰਨਦਿਆਂ ਹੋਇਆਂ ਭੱਟ ਲੋਲਟ ਰਸ ਨੂੰ ਮੂਲ ਅਨੁਕਾਰਯ ਵਿਚ ਹੀ ਮੰਨਦੇ ਹਨ। ਜੇਕਰ ਕਿਸ ਤਰ੍ਹਾਂ ਹੈ ਤਾਂ ਵਿਭਾਵਾਂ ਦੇ ਖ਼ਤਮ ਹੋ ਜਾਣ ਤੋਂ ਪਿੱਛੋਂ ਰਸ ਨੂੰ ਵੀ ਸਮਾਪਤ ਹੋ ਜਾਣਾ ਚਾਹੀਦਾ ਹੈ। ਸਦੀਆਂ ਉਨ੍ਹਾਂ ਦੀਆਂ ਚੇਸ਼ਟਾਵਾਂ ਨਟ ਕਿਵੇਂ ਕਰ ਸਕੇਗਾ? ਦੂਜਾ ਜੇਕਰ ਰਸ ਨੂੰ ਕਾਰਜ ਮੰਨਿਆ ਜਾਵੇ ਤਾਂ ਵਿਭਾਗ ਕਾਰਨ ਤੋਂ ਪਿੱਛੋਂ ਕਾਰਯ ਦਾ ਬਣੇ ਰਹਿਣਾ ਜ਼ਰੂਰੀ ਹੈ। ਪਰ ਦੇਖਣ ਵਿਚ ਆਇਆ ਹੈ ਕਿ ਨਟ ਦੇ ਅਭਿਨਯ ਤੋਂ ਪਿੱਛੋਂ ਰਸ ਨਹੀਂ ਰਹਿੰਦਾ।

(3) ਇਹ ਕਹਿਣਾ ਕਿ ਸਮਾਜਿਕ (ਦਰਸ਼ਕ) ਨਾਇਕ, ਨਾਇਕਾ ਨਾਹੀਂ ਅਨੁਭਵ ਕੀਤੇ ਗਏ ਰਸ ਦਾ ਸਵਾਦ ਨਟ ਨਟੀ ਦੇ ਰਾਹੀਂ ਲੈਂਦਾ ਹੈ, ਉੱਚਿਤ ਨਹੀਂ ਕਿਉਂਕਿ ਰਸ ਤਾਂ ਉਸ ਵਿਚ ਹੀ ਉਤਪੰਨ ਹੋਵੇਗਾ ਜਿਸ ਵਿਚ ਸਥਾਈ ਭਾਵ-ਵਿਦਮਾਨ ਹੋਵੇ। ਇਸ ਤਰ੍ਹਾਂ ਸ਼ੰਕੁਕ ਨੇ ਆਲੋਚਨਾ

ਕਰਦਿਆਂ ਹੋਇਆਂ ਆਪਣੇ ਵਿਚਾਰ ਇਸ ਸੂਤਰ ਦੇ ਸੰਬੰਧ ਵਿਚ ਦੱਸੇ, ਜਿਨ੍ਹਾਂ ਨੂੰ ਅਨੁਮਿਤੀਵਾਦ ਨਾਂ ਦਿੱਤਾ ਗਿਆ।

(2) **ਸ਼ੰਕੁਕ ਦਾ ਅਨੁਮਿਤੀਵਾਦ** : ਸ਼ੰਕੁਕ ਨਿਆਇ-ਸ਼ਾਸਤਰ ਦੇ ਸਮਰਥਕ ਸਨ। ਉਨ੍ਹਾਂ ਨੇ ਪ੍ਰਤੱਖ ਅਤੇ ਅਨੁਮਾਨ, ਇਨ੍ਹਾਂ ਦੋਹਾਂ ਪ੍ਰਮਾਣਾਂ ਦੇ ਆਧਾਰ ਉੱਤੇ ਰਸ ਨੂੰ ਵਿਵੇਚਿਤ ਕੀਤਾ। ਉਨ੍ਹਾਂ ਅਨੁਸਾਰ ਸੰਯੋਗ ਦਾ ਅਰਥ ਹੈ ਅਨੁਮਾਪਕ-ਅਨੁਮਾਪ੍ਯ ਸੰਬੰਧ ਅਤੇ ਨਿਸ਼ਪੱਤੀ ਦਾ ਅਰਥ ਹੈ ਅਨੁਮਿਤੀ। ਜਿਸ ਤਰ੍ਹਾਂ ਕਿ ਧੂੰਏ ਨੂੰ ਨਿਕਲਦਿਆਂ ਦੇਖ ਕੇ ਅਗਨੀ ਦਾ ਅਨੁਮਾਨ ਲਗਾਇਆ ਜਾਂਦਾ ਹੈ; ਉਸੇ ਤਰ੍ਹਾਂ ਹੀ ਵਿਭਾਵ ਆਦਿ ਦੇ ਨਟ ਦੁਆਰਾ ਅਨੁਕਰਣ ਰਾਹੀਂ ਰਸ ਦਾ ਅਨੁਮਾਨ ਲੱਗ ਜਾਂਦਾ ਹੈ। ਨਟ ਲਈ ਰਸ ਅਨੁਕਰਣ ਵਸਤੂ ਹੈ। ਇਥੇ ਇਹ ਪ੍ਰਸ਼ਨ ਉਠਦਾ ਹੈ ਕਿ ਅਨੁਮਾਨ ਤਾਂ ਬੁੱਧੀ ਦੀ ਪ੍ਰਕ੍ਰਿਆ ਹੈ ਜਦੋਂ ਕਿ ਰਸ ਦਾ ਸੰਬੰਧ ਭਾਵਨਾਵਾਂ ਨਾਲ ਹੈ; ਇਸ ਲਈ ਅਨੁਮਾਨ ਰਾਹੀਂ ਰਸ ਤੀ ਅਨੁਭੂਤੀ ਕਿਵੇਂ ਸੰਭਵ ਹੋਵੇਗੀ? ਇਸ ਪ੍ਰਸ਼ਨ ਦੀ ਪੁਸ਼ਟੀ ਕਰਦਿਆਂ ਹੋਇਆਂ ਸ਼ੰਕੁਕ ਨੇ ਦੱਸਿਆ ਕਿ ਗਿਆਨ ਚਾਰ ਪ੍ਰਕਾਰ ਦਾ ਹੁੰਦਾ ਹੈ। (1) ਸਮਯਕ ਗਿਆਨ (ਅਸਲੀ ਗਿਆਨ), (2) ਮਿਥਿਆ ਗਿਆਨ, (3) ਸਾ ਦ੍ਰਿਸ਼ਯ ਗਿਆਨ (ਮਿਲਦਾ ਜੁਲਦਾ), (4) ਸੰਸ਼ਯ ਗਿਆਨ (ਸ਼ੰਕਾ ਵਾਲਾ), ਪਰੰਤੂ ਰਸ ਸੰਬੰਧੀ ਗਿਆਨ ਇਨ੍ਹਾਂ ਚੌਹਾਂ ਤੋਂ ਭਿੰਨ ਹੈ। ਜਿਸ ਵੇਲੇ ਪਾਤਰ ਮੰਚ ਉੱਤੇ ਆਉਂਦੇ ਹਨ, ਉਸ ਵੇਲੇ ਦਰਸ਼ਕ 'ਚਿੱਤਰ-ਤਰੰਗ-ਨਿਆਇ' ਦੇ ਅਨੁਸਾਰ ਅਨੁਕਰਣ ਕਰਨ ਵਾਲੇ ਨਟ ਆਦਿ ਨੂੰ ਦੇਖ ਕੇ ਅਨੁਕਾਰਯ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ। ਇਹ ਗਿਆਨ ਨਾ ਸੱਚਾ ਹੈ, ਨਾ ਝੂਠਾ, ਸ਼ੱਕ ਵਾਲਾ ਵੀ ਨਹੀਂ ਅਤੇ ਨਾ ਹੀ ਸਾਦ੍ਰਿਸ਼ਯ ਗਿਆਨ ਹੈ ਅਤੇ ਇਨ੍ਹਾਂ ਸਾਰਿਆਂ ਤੋਂ ਭਿੰਨ ਹੈ; ਜਿਸ ਰਾਹੀਂ ਨਟ ਨਟੀ ਮੂਲ ਪਾਤਰ ਸਮਝ ਲਏ ਜਾਂਦੇ ਅਤੇ ਰਸ ਦੇ ਸੁਆਦ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਸ਼ੰਕੁਕ ਦੇ ਮਤ ਦਾ ਸੰਖੇਪ ਇਸ ਪ੍ਰਕਾਰ ਹੈ[8] :

(1) ਸਥਾਈ ਭਾਵ ਦੀ ਸਥਿਤੀ ਅਨੁਕਾਰਯ (ਮੂਲ ਵਿਭਾਵ) ਵਿਚ ਹੁੰਦੀ ਹੈ। ਨਟ ਦੇ ਕੁਸ਼ਲ ਅਭਿਨਯ ਰਾਹੀਂ ਸਥਾਈ ਭਾਵ ਦੇ ਅਨੁਭਵ ਦਾ ਭਰਮ ਹੁੰਦਾ ਹੈ। ਸਥਾਈ ਭਾਵ ਦਾ ਇਹ ਨਾਟਕੀਯ ਅਨੁਕਰਣ ਹੀ ਰਸ ਹੈ। (2) ਪਹਿਲਾਂ ਲਿਖੇ ਸਥਾਈ ਭਾਵ ਨੂੰ ਕੇਵਲ ਅਭਿਨਯ ਰਾਹੀਂ ਹੀ ਪ੍ਰਸਤੁਤ ਕੀਤਾ ਜਾਣਾ ਸੰਭਵ ਹੈ। ਇਸ ਲਈ ਨਟ ਦੁਆਰਾ ਅਨੁਕ੍ਰਿਤ ਰਾਮ ਆਦਿ ਮੂਲ ਪਾਤਰਾਂ ਦੇ ਸਥਾਈ ਭਾਵ ਦਾ ਸਮਾਜਿਕ (ਦਰਸ਼ਕ) ਕੇਵਲ ਅਨੁਮਾਨ ਹੀ ਕਰਦਾ ਹੈ। (3) ਅਨੁਕਰਣ ਦੀ ਪ੍ਰਕ੍ਰਿਆ–(ਓ) ਵਿਭਾਵ ਆਦਿ ਦੇ ਅਨੁਕਰਣ ਦਾ ਆਧਾਰ ਕਾਵ੍ਯ ਵਿਚ ਕਵੀ ਰਾਹੀਂ ਚਿਤਰਿਤ ਉਨ੍ਹਾਂ ਦਾ ਸਰੂਪ ਹੈ ਅਤੇ (ਅ) ਅਨੁਭਾਵਾਂ ਦਾ ਅਨੁਕਰਣ ਅਭਿਨਯ ਦੀ ਕਲਾ ਰਾਹੀਂ ਹੀ ਸੰਭਵ ਹੈ। ਵਿਭਚਾਰੀ ਭਾਵਾਂ ਦਾ ਅਨੁਕਰਣ ਨਟ ਬਨਾਵਟੀ ਅਨੁਭਾਵਾਂ ਦੇ ਆਧਾਰ ਉੱਤੇ ਅਤੇ ਆਪਣੇ ਦੁਨਿਆਵੀ ਅਨੁਭਵ ਦੇ ਆਧਾਰ ਉੱਤੇ ਕਰ ਲੈਂਦਾ ਹੈ। ਇਸ ਤਰ੍ਹਾਂ ਉਸ ਦਾ ਅਭਿਨਯ ਬਨਾਵਟੀ ਹੁੰਦਾ ਹੋਇਆ ਵੀ ਸੁਭਾਵਿਕ ਪ੍ਰਤੀਤ ਹੋਣ ਲੱਗ ਜਾਂਦਾ ਹੈ। (4) ਨਟ ਵਿਚ ਵਰਤਮਾਨ ਇਸ ਬਨਾਵਟੀ ਸਥਾਈ ਭਾਵ ਤੋਂ ਦਰਸ਼ਕ ਨੂੰ ਰਸ ਦਾ ਸੁਆਦ ਚਿੱਤਰ-ਤਰੰਗ ਨਿਆਇ ਦੇ ਆਧਾਰ ਉੱਤੇ ਪ੍ਰਾਪਤ ਹੁੰਦਾ ਹੈ।

ਸ਼ੰਕੁਕ ਦੇ ਇਸ ਮਤ ਦਾ ਮਹੱਤਵਪੂਰਨ ਪੱਖ ਇਹ ਹੈ–(1) ਉਸ ਨੇ ਰਸ ਅਨੁਭੂਤਿ ਲਈ ਅਭਿਨਯ ਦੀ ਮਹੱਤਾ ਨੂੰ ਸਥਾਪਿਤ ਕੀਤਾ। (2) ਅਨੁਕਾਰਯ ਰੂਪ ਇਤਿਹਾਸਿਕ ਪਾਤਰਾਂ ਅਤੇ ਕਵੀ ਰਾਹੀਂ ਵਰਣਿਤ ਪਾਤਰਾਂ ਦੇ ਅੰਤਰ ਨੂੰ ਸਪਸ਼ਟ ਕੀਤਾ ਅਤੇ ਇਸ ਤਰ੍ਹਾਂ ਜੀਵਨ ਦੇ ਪ੍ਰਤੱਖ ਅਨੁਭਵ ਤੋਂ ਨਾਟ੍ਯ ਵਾਲੇ ਅਨੁਭਵ ਨੂੰ ਅਲਗ ਦੱਸਦੇ ਹੋਇਆਂ ਉਸ ਨੂੰ ਪ੍ਰਤੱਖ ਭਾਵ ਦੀ ਕਲਾਤਮਕ ਅਨੁਭੂਤੀ ਘੋਸ਼ਿਤ ਕੀਤਾ।

ਡਾ. ਨਗੇਂਦਰ ਨੇ ਸ਼ੰਕੁਕ ਦੇ ਮਹੱਤਵ ਨੂੰ ਮੰਨਦਿਆਂ ਹੋਇਆਂ ਕਿਹਾ–"ਰਸ ਦੀ ਘਟਨਾ ਵਿਚ ਸ਼ੰਕੁਕ ਦਾ ਦਰਸ਼ਕ ਲੋਲਟ ਦੇ ਦਰਸ਼ਕ ਨਾਲੋਂ ਵਧੇਰੇ ਕ੍ਰਿਆਸ਼ੀਲ ਰੂਪ ਵਿਚ ਭਾਗ ਲੈਂਦਾ ਹੈ, ਉਹ ਨਾਟ੍ਯ ਵਿਚ ਉਪਸਥਿਤ ਵਿਭਾਵ ਆਦਿ ਦੇ ਚਿੰਨ੍ਹਾਂ ਰਾਹੀਂ ਨਟ ਦੁਆਰਾ ਅਨੁਕਰਣ ਕੀਤੇ ਗਏ ਸਥਾਈ ਭਾਵ ਤੋਂ ਰਸ ਅਨੁਮਾਨ ਕਰਦਾ ਹੈ।"[9]

ਸ਼ੰਕੁਕ ਦਾ ਮਤ ਵੀ ਦੋਸ਼ਹੀਨ ਨਹੀਂ ਮੰਨਿਆ ਗਿਆ। ਇਸ ਦੀਆਂ ਤਰੁਟੀਆਂ ਨੂੰ ਪਿੱਛੋਂ ਹੋਣ ਵਾਲੇ

ਆਚਾਰੀਆਂ ਨੇ ਵਿਸਤਾਰਪੂਰਵਕ ਦੱਸਿਆ ਹੈ। ਸੰਖੇਪ ਨਾਲ ਉਹ ਇਸ ਪ੍ਰਕਾਰ ਹਨ–"ਅਜਨਬੀ ਅਤੇ ਅਣਦੇਖੇ ਪਾਤਰ ਦਾ ਅਨੁਮਾਨ ਨਹੀਂ ਲਗਾਇਆ ਜਾ ਸਕਦਾ ਅਤੇ ਅਨੁਕਾਰਯ ਵਿਚ ਜੇਕਰ ਭਾਵ ਵੀ ਮੰਨਿਆ ਜਾਵੇ ਤਾਂ ਉਨ੍ਹਾਂ ਦੇ ਪ੍ਰਤੀ ਪੂਜਯ ਭਾਵ ਹੋਣ ਕਾਰਨ ਅਨੁਚਿੱਤ ਹੋ ਸਕਦਾ ਹੈ, ਅਰਥਾਤ ਅਨੁਮਾਨ ਦੀ ਪ੍ਰਕ੍ਰਿਆ ਦੁਆਰਾ ਨਾ ਤਾਂ ਰਾਮ ਅਤੇ ਸੀਤਾ ਅਤੇ ਨਾ ਹੀ ਉਨ੍ਹਾਂ ਦੇ ਆਪਸੀ ਉੱਦੀਪਨ ਵਿਹਾਰ ਸਾਡੇ ਵਿਭਾਵ ਬਣ ਸਕਦੇ ਹਨ। ਇਨ੍ਹਾਂ ਪਾਤਰਾਂ ਲਈ ਸਾਡਾ ਸੰਸਕਾਰੀ ਸ਼ਰਧਾ-ਭਾਵ ਰਸ ਦੀ ਪ੍ਰਾਪਤੀ ਵਿਚ ਹਮੇਸ਼ਾ ਬਾਧਕ ਸਿੱਧ ਹੋਵੇਗਾ। ਤੀਸਰਾ ਦੋਸ਼ ਇਹ ਹੈ ਕਿ ਸ਼ੋਕ ਨਾਮ ਦੇ ਸਥਾਈ ਭਾਵ ਤੋਂ ਉਤਪੰਨ ਹੋਣ ਵਾਲਾ ਕਰੁਣ-ਰਸ ਆਨੰਦ ਦੇਣ ਵਾਲਾ ਨਾ ਹੋ ਕੇ ਦੁੱਖ ਦੇਣ ਵਾਲਾ ਹੋਣਾ ਚਾਹੀਦਾ ਹੈ, ਪਰੰਤੂ ਰਸ ਤਾਂ ਸਦੀਵੀ ਆਨੰਦ ਦੇਣ ਵਾਲਾ ਮੰਨਿਆ ਗਿਆ।"

ਸ਼ੰਕੁਕ ਦਾ ਮੱਤ ਵੀ ਅਧਿਕ ਰੂਪ ਵਿਚ ਰੰਗ ਮੰਚ ਨਾਲ ਹੀ ਸੰਬੰਧਿਤ ਹੈ। ਕਾਵ੍ਯ-ਤੱਤ ਨਾਲ ਉਸ ਦਾ ਸੰਬੰਧ ਨਹੀਂ ਹੈ। ਇਸ ਲਈ ਇਹ ਇਕਾਂਗੀ ਹੈ। ਚਿੱਤਰ-ਤਰੰਗ-ਨਿਆਇ ਦੀ ਕਲਪਨਾ ਇਕ ਭੁਲਾਵਾ (fallacy) ਹੈ, ਜਿਸ ਨਾਲ ਸੁਹਿਰਦ ਦਰਸ਼ਨ ਇਕ ਅਬੋਧ ਬਾਲਕ ਦੀ ਸਥਿਤੀ ਵਿਚ ਪੈ ਜਾਂਦਾ ਹੈ। ਸ਼ੰਕੁਕ ਦੀਆਂ ਇਨ੍ਹਾਂ ਤਰੁਟੀਆਂ ਨੂੰ ਦੱਸਣ ਉਪਰੰਤ ਭਟਨਾਇਕ ਨੇ ਭਰਤਮੁਨੀ ਦੇ ਰਸ-ਸੂਤਰ ਦੀ ਆਪਣੇ ਤੌਰ ਉੱਤੇ ਵਿਆਖਿਆ ਕੀਤੀ। ਉਨ੍ਹਾਂ ਦੇ ਮਤ ਨੂੰ ਭੁਕਤੀਵਾਦ ਨਾਂ ਤੋਂ ਜਾਣਿਆ ਜਾਂਦਾ ਹੈ, ਜਿਸ ਦਾ ਉਲੇਖ ਹੇਠ ਕੀਤਾ ਗਿਆ ਹੈ।

(3) **ਭਟਨਾਇਕ ਦਾ ਭੁਕਤੀਵਾਦ :** ਸ਼ੰਕੁਕ ਤੋਂ ਪਿੱਛੋਂ ਆਨੰਦ ਵਰਧਨ ਨੇ ਧ੍ਵਨੀ ਦਾ ਨਿਰੂਪਨ ਕਰਦਿਆਂ ਹੋਇਆਂ ਰਸ ਦੀ ਮਹੱਤਾ ਨੂੰ ਹੀ ਸਥਾਪਿਤ ਕੀਤਾ।[10] ਪਰੰਤੂ ਇਸ ਸੂਤਰ ਤੇ ਵਿਆਖਿਆ ਲਿਖਣ ਵਾਲੇ ਤੀਸਰੇ ਆਚਾਰੀਆ ਭਟਨਾਇਕ ਹੀ ਹਨ। ਉਹ ਸਾਂਖ੍ਯ ਦਰਸ਼ਨ ਮੰਨਣ ਵਾਲੇ ਸਨ। ਉਨ੍ਹਾਂ ਰਸ-ਅਨੁਭੂਤੀ ਦੀ ਸਮੱਸਿਆ ਨੂੰ ਇਕ ਨਵਾਂ ਮੋੜ ਦਿੱਤਾ। ਭਟਨਾਇਕ ਨੇ ਰਸ ਦਾ ਪ੍ਰਤੀਤ ਹੋਣਾ, ਉਸ ਦਾ ਉਤਪੰਨ ਹੋਣਾ ਅਤੇ ਉਸ ਦਾ ਪ੍ਰਗਟ ਹੋਣਾ, ਇਨ੍ਹਾਂ ਸਾਰਿਆਂ ਮੱਤਾਂ ਦਾ ਵਿਰੋਧ ਕੀਤਾ ਅਤੇ ਸੰਯੋਗ ਦਾ ਅਰਥ ਭੋਜਨ-ਭੋਜ੍ਯ ਸੰਬੰਧ ਅਤੇ ਨਿਸ਼ਪੱਤੀ ਦਾ ਅਰਥ ਭੁਕਤੀ ਦੱਸਿਆ।[11] ਉਨ੍ਹਾਂ ਅਨੁਸਾਰ ਰਸ ਸੂਤਰ ਦਾ ਅਰਥ ਇਸ ਪ੍ਰਕਾਰ ਹੈ : ਵਿਭਾਵ, ਅਨੁਭਾਵ ਅਤੇ ਵਿਭਚਾਰੀ ਭਾਵ ਦੇ ਭੋਜਨ-ਭੋਜ੍ਯ ਸੰਬੰਧ ਰਾਹੀਂ ਰਸ ਦੀ 'ਭੁਤਿ' ਅਰਥਾਤ ਭੋਗ ਹੁੰਦਾ ਹੈ। ਭਟਨਾਇਕ ਨੇ (1) ਅਭਿਧਾ, (2) ਭਾਵਕਤ੍ਵ (3) ਭੋਜਨਤ੍ਵ ਨਾਮਕ ਤਿੰਨਾ ਵਿਉਪਾਰਾਂ ਦੀ ਕਲਪਨਾ ਕੀਤੀ। ਉਹ ਕਹਿੰਦੇ ਹਨ ਅਭਿਧਾ ਰਾਹੀਂ ਨਾਟ੍ਯ ਦੇ ਅਰਥ ਦਾ ਬੋਧ ਹੁੰਦਾ ਹੈ। ਭਾਵਕਤ੍ਵ ਰਾਹੀਂ ਇਕ ਪਾਸੇ ਹਿਰਦੇ ਅੰਦਰ ਭਾਵ ਜਾਗਦੇ ਹਨ ਅਤੇ ਦੂਜੇ ਪਾਸੇ ਪਾਤਰਾਂ, ਘਟਨਾਵਾਂ ਅਤੇ ਵਸਤੂਆਂ ਦਾ ਸਾਧਾਰਣੀਕਰਣ ਹੁੰਦਾ ਹੈ। ਇਸ ਪ੍ਰਕ੍ਰਿਆ ਵਿਚ ਦਰਸ਼ਕ ਜਾਂ ਸੁਹਿਰਦ ਸਮਾਜਿਕ ਆਪਣੇ ਵਿਸ਼ੇਸ਼ ਵਿਅਕਤਿੱਤਵ ਨੂੰ ਛੱਡ ਕੇ ਸਮਾਨ ਰੂਪ ਵਿਚ ਦਿਖਾਈ ਦੇਣ ਲੱਗਦੇ ਹਨ। ਜਿਵੇਂ ਦੁਸ਼ਯੰਤ ਅਤੇ ਸ਼ਕੁੰਤਲਾ ਦੇ ਆਪਸੀ ਪ੍ਰੇਮ-ਵਿਵਹਾਰ ਨੂੰ ਰੰਗ ਮੰਚ ਤੇ ਅਭਿਨਯ ਰਾਹੀਂ ਦੇਖ ਕੇ ਜਾਂ ਕਾਵ੍ਯ ਵਿਚ ਪੜ੍ਹ ਕੇ ਸਮਾਜਿਕ (ਦਰਸ਼ਕ) ਨੂੰ ਇਹ ਗਿਆਨ ਨਹੀਂ ਰਹਿੰਦਾ ਕਿ ਉਹ ਵਿਵਹਾਰ ਇਤਿਹਾਸਿਕ ਦੁਸ਼ਅੰਤ-ਸ਼ਕੁੰਤਲਾ ਦਾ ਹੈ ਜਾਂ ਨਟ-ਨਟੀ ਦਾ ਹੈ ਜਾਂ ਉਸ ਦਾ ਆਪਣਾ ਅਤੇ ਉਸ ਦੀ ਪ੍ਰੇਮਿਕਾ ਦਾ ਹੈ ਜਾਂ ਕਿਸੇ ਹੋਰ ਪ੍ਰੇਮੀ-ਪ੍ਰੇਮਿਕਾ ਦਾ ਅਰਥਾਤ ਭਾਵਕਤ੍ਵ ਵਿਉਪਾਰ ਕਾਵ੍ਯ ਅਤੇ ਨਾਟਕ ਦੇ ਉਸ ਵਿਵਹਾਰ ਨੂੰ ਸਰਵਕਾਲਕ ਅਤੇ ਸਰਵਦੇਸ਼ਿਕ ਪ੍ਰੇਮੀ ਪ੍ਰੇਮਕਾਵਾਂ ਦੇ ਰਤੀ ਵਿਵਹਾਰ ਦਾ ਸਾਧਾਰਨ ਰੂਪ ਦੇ ਦਿੰਦਾ ਹੈ। ਇਸ ਸਥਿਤੀ ਵਿਚ ਸਮਾਜਿਕ (ਦਰਸ਼ਕ) ਦੇ ਚਿੱਤ ਵਿਚ ਰਹਿਣ ਵਾਲਾ ਰਸ ਸੁਆਦ ਯੋਗ ਬਣ ਜਾਂਦਾ ਹੈ, ਤਾਂ ਉਸ ਵੇਲੇ ਰਸ ਦਾ ਸੁਆਦ ਕਰਾਉਣ ਲਈ ਭੋਜਕਤ੍ਵ ਨਾਮ ਦਾ ਵਿਉਪਾਰ ਲਾਗੂ ਹੁੰਦਾ ਹੈ। ਭੋਗ-ਕ੍ਰਿਆ ਦੇ ਕਾਰਨ ਹੀ ਇਸ ਮਤ ਦਾ ਨਾਂ ਭੁਕਤੀਵਾਦ ਪ੍ਰਸਿੱਧ ਹੋਇਆ।

ਭਟਨਾਇਕ ਦਾ ਮਤ, ਖ਼ਾਸ ਤੌਰ ਉੱਤੇ ਸਾਧਾਰਣੀਕਰਣ ਦੀ ਕਲਪਨਾ, ਬਹੁਤ ਮਹੱਤਵਪੂਰਨ ਹੈ। ਇਸ ਨਾਲ ਰਸ ਨਾਲ ਸੰਬੰਧਿਤ ਅਨੇਕ ਸਮੱਸਿਆਵਾਂ ਦੂਰ ਹੋਈਆਂ। ਭਟਨਾਇਕ ਦੀ ਵਿਆਖਿਆ ਆਧੁਨਿਕ ਮਨੋਵਿਗਿਆਨੀ ਰਿਚਰਡਜ਼ ਦੇ ਮਤ ਨਾਲ ਮਿਲਦੀ ਜੁਲਦੀ ਹੈ। ਰਿਚਰਡਜ਼ ਦਾ ਦ੍ਰਿਸ਼ਟੀਗਤ ਬਿੰਬ-ਵਿਧਾਨ (Visual Imagery) ਅਤੇ ਮਾਨਸਿਕ ਬਿੰਬ-ਵਿਧਾਨ (Tied Imagery) ਭਟਨਾਇਕ ਦੇ ਅਵਿਧਾ ਵਿਉਪਾਰ ਤੋਂ

ਭਿੰਨ ਨਹੀਂ ਅਤੇ ਮੁਕਤ-ਬਿੰਬ ਵਿਧਾਨ (Free Imagery) ਭਾਵਕਤ੍ਵ ਦੀ ਹੀ ਸਥਿਤੀ ਹੈ। ਰਿਚਰਡਜ਼ ਦਾ ਲਕਸ਼ (Attitude) ਰਸ ਹੀ ਹੈ, ਜਿਸ ਦੇ ਆਧਾਰ ਉੱਤੇ ਪਾਠਕ ਕਾਵ੍ਯ ਦਾ ਭੋਗ ਕਰਦਾ ਹੈ।

ਬੇਸ਼ਕ ਭਟਨਾਇਕ ਦੀ ਵਿਆਖਿਆ ਬਹੁਤ ਮਹੱਤਵਪੂਰਨ ਸੀ ਪਰ ਉਨ੍ਹਾਂ ਦੇ ਭਾਵਕਤ੍ਵ ਅਤੇ ਭੋਜਕਤ੍ਵ ਵਿਉਪਾਰਾਂ ਦਾ ਸ਼ਾਸਤਰੀ ਆਧਾਰ ਨਾ ਹੋਣ ਕਰਕੇ ਅਤੇ ਭੋਗ ਅਤੇ ਰਸ ਦੀ ਪ੍ਰਤੀਤੀ ਵਿਚ ਵਿਰੋਧ ਨੂੰ ਬੇਬੁਨਿਆਦੀ ਮੰਨਿਆ ਗਿਆ। ਅਭਿਨਵ ਗੁਪਤ ਨੇ ਭਟਨਾਇਕ ਦੇ ਮਤ ਦੀ ਆਲੋਚਨਾ ਕੀਤੀ ਅਤੇ ਆਪਣਾ ਮਤ ਸਥਾਪਿਤ ਕੀਤਾ। ਉਨ੍ਹਾਂ ਦੇ ਮਤ ਨੂੰ ਅਭਿਵਿਅਕਤੀਵਾਦ ਦੇ ਨਾਂ ਤੋਂ ਜਾਣਿਆ ਜਾਂਦਾ ਹੈ।

ਅਭਿਨਵ ਗੁਪਤ ਦਾ ਅਭਿਵਿਅਕਤੀਵਾਦ–ਅਭਿਨਵ ਗੁਪਤ ਵੇਦਾਂਤੀ ਸਨ। ਉਨ੍ਹਾਂ ਸੰਯੋਗ ਦਾ ਅਰਥ ਵਿਅੰਜਕ-ਵਿਅੰਗ ਸੰਬੰਧ ਮੰਨਿਆ ਅਤੇ ਨਿਸ਼ਪੱਤੀ ਦਾ ਅਭਿਵਿਅਕਤੀ। ਉਨ੍ਹਾਂ ਅਨੁਸਾਰ ਰਸ ਸੂਤਰ ਦਾ ਪੂਰਾ ਅਰਥ ਇਸ ਤਰ੍ਹਾਂ ਹੋਇਆ, "ਵਿਭਾਵ, ਅਨੁਭਾਵ ਅਤੇ ਵਿਭਚਾਰੀ ਭਾਵਾਂ ਦੇ ਵਿਅੰਜਕ–ਵਿਅੰਗ ਸੰਬੰਧ ਰਾਹੀਂ ਰਸ ਦੀ ਅਭਿਵਿਅਕਤੀ ਹੁੰਦੀ ਹੈ।" ਉਨ੍ਹਾਂ ਰਸ ਨੂੰ ਵਿਅੰਜਨਾ ਸ਼ਕਤੀ ਉੱਤੇ ਨਿਰਭਰ ਮੰਨਿਆ। ਸੰਖੇਪ ਵਿਚ ਉਨ੍ਹਾਂ ਦੇ ਵਿਵੇਚਨ ਦਾ ਸਾਰ ਇਸ ਪ੍ਰਕਾਰ ਹੈ :

(1) ਰਸ ਦੀ ਪ੍ਰਤੀਤੀ ਸੁਆਦ ਰੂਪ ਵਿਚ ਹੁੰਦੀ ਹੈ। ਵਾਚਕ ਅਤੇ ਵਾਚ੍ਯ ਦਾ ਇਹ ਵਿਉਪਾਰ ਅਭਿਧਾ ਤੋਂ ਵੱਖਰਾ ਵਿਅੰਜਨਾ ਦੇ ਵਿਉਪਾਰ ਦੇ ਰੂਪ ਵਿਚ ਹੀ ਹੁੰਦਾ ਹੈ।[12]

(2) ਭਟਨਾਇਕ ਦਾ ਭੋਗ ਵਿਉਪਾਰ ਰਸ ਨਾਲ ਸੰਬੰਧਿਤ ਸੰਕੇਤਾਤਮਕਤਾ (ਧ੍ਵਨ੍ਯਾਤ੍ਮਕਤਾ) ਤੋਂ ਇਲਾਵਾ ਹੋਰ ਕੁਝ ਨਹੀਂ ਅਤੇ ਭਾਵਨਕਤ੍ਵ ਵਿਉਪਾਰ ਦਾ ਭਾਵ ਗੁਣ ਅਤੇ ਅਲੰਕਾਰ ਵਾਲਾ ਵਿਉਪਾਰ ਹੀ ਹੈ।[13]

(3) ਭੋਗ ਰਸ ਤੋਂ ਉਤਪੰਨ ਚਮਤਕਾਰ ਤੋਂ ਇਲਾਵਾ ਹੋਰ ਕੁਝ ਨਹੀਂ ਹੁੰਦਾ, ਇਸ ਲਈ ਭਾਵਕਤ੍ਵ ਅਤੇ ਭੋਜਕਤ੍ਵ ਵਿਉਪਾਰਾਂ ਦੀ ਕਲਪਨਾ ਉਚਿਤ ਨਹੀਂ।[14]

(4) ਸੁਆਦ ਦੀ ਗਣਨਾ ਸਤ੍ਵ ਆਦਿ ਦੇ ਰੂਪ ਵਿਚ ਉਚਿਤ ਨਹੀਂ।[15]

(5) ਰਸ ਦਾ ਇਹ ਸੁਆਦ ਬ੍ਰਹਮਾਨੰਦ ਦੇ ਸਮਾਨ ਹੀ ਹੁੰਦਾ ਹੈ।[16]

(6) ਰਸ ਪ੍ਰਗਟ ਹੀ ਹੁੰਦਾ ਹੈ ਅਤੇ ਪ੍ਰਤੀਤੀ ਰਾਹੀਂ ਹੀ ਉਸ ਦਾ ਸੁਆਦ ਮਿਲਦਾ ਹੈ।[17]

ਅਭਿਨਵ ਗੁਪਤ ਦੇ ਇਸ ਵਿਵੇਚਨ ਦਾ ਸਭ ਤੋਂ ਉੱਤਮ ਪੱਖ ਇਹ ਹੈ ਕਿ ਉਸ ਨੇ ਰਸ ਦਾ ਸਿੱਧਾ ਸੰਬੰਧ ਸਮਾਜਿਕ (ਦਰਸ਼ਕ) ਨਾਲ ਮੰਨਿਆ, ਉਸ ਦੇ ਅਨੁਸਾਰ ਸੁਹਿਰਦ ਦੇ ਅੰਤਹਕਰਣ ਵਿਚ ਰਤੀ ਆਦਿ ਸਥਾਈ ਭਾਵ ਉਸ ਤਰ੍ਹਾਂ ਹੀ ਵਿਦਮਾਨ ਰਹਿੰਦੇ ਹਨ, ਜਿਸ ਤਰ੍ਹਾਂ ਧਰਤੀ ਵਿਚ ਗੰਧ ਪਹਿਲਾਂ ਹੀ ਵਿਦਮਾਨ ਰਹਿੰਦੀ ਹੈ। ਅਤੇ ਉਹ ਜਿਸ ਤਰ੍ਹਾਂ ਪਾਣੀ ਦੇ ਛਿੱਟੇ ਪੈਣ ਤੇ ਪ੍ਰਗਟ ਹੁੰਦੀ ਹੈ ਉਸ ਤਰ੍ਹਾਂ ਹੀ ਸਥਾਈ ਭਾਵ ਦੇ ਨਾਲ ਵਿਭਾਵ ਆਦਿ ਦਾ ਸੰਯੋਗ ਹੋਣ ਤੇ ਰਸ ਰੂਪੀ ਨਵਾਂ ਤੱਤ ਪ੍ਰਗਟ ਹੁੰਦਾ ਹੈ। ਜਿਸ ਤਰ੍ਹਾਂ ਗੰਧ ਦੀ ਹੋਂਦ ਨਾ ਸਿਰਫ਼ ਧਰਤੀ ਵਿਚ ਹੈ, ਨਾ ਸਿਰਫ ਪਾਣੀ ਵਿਚ, ਸਗੋਂ ਧਰਤੀ ਅਤੇ ਪਾਣੀ ਦੇ ਯੋਗ ਵਿਚ ਹੈ; ਠੀਕ ਉਸ ਤਰ੍ਹਾਂ ਹੀ ਰਸ ਨਾ ਕੇਵਲ ਸਥਾਈ ਭਾਵ ਵਿਚ ਹੀ ਹੈ ਅਤੇ ਨਾ ਵਿਭਾਵ ਆਦਿ ਵਿਚ, ਵੱਖਰੇ ਰੂਪ ਵਿਚ ਉਸ ਦੀ ਹੋਂਦ ਮੰਨੀ ਜਾ ਸਕਦੀ ਹੈ, ਉਹ ਤਾਂ ਦੋਹਾਂ ਦੇ ਸੰਯੋਗ ਵਿਚ ਹੀ ਹੁੰਦਾ ਹੈ।

ਅਭਿਨਵ ਗੁਪਤ ਦਾ ਰਸ ਚਿੰਤਨ ਇਸ ਪੱਖ ਤੋਂ ਵਧੇਰੇ ਮਹੱਤਵਪੂਰਨ ਹੈ। ਉਨ੍ਹਾਂ ਭਰਤ ਮੁਨੀ ਦੇ ਨਾਟ੍ਯ ਸ਼ਾਸਤਰ ਅਤੇ ਆਨੰਦ ਵਰਧਨ ਦੇ ਧ੍ਵਨ੍ਯਾਲੋਕ ਉੱਤੇ ਟੀਕੇ ਲਿਖ ਕੇ ਨਾਟ੍ਯ-ਰਸ ਅਤੇ ਕਾਵ੍ਯ-ਰਸ ਦੋਹਾਂ ਖੇਤਰਾਂ ਵਿਚ ਰਸ ਦੀ ਵਿਆਪਕਤਾ ਨੂੰ ਸਿੱਧ ਕੀਤਾ। ਉਨ੍ਹਾਂ ਕਾਵ੍ਯ ਰਚਨਾ ਤੋਂ ਲੈ ਕੇ ਕਾਵ੍ਯ ਤੋਂ ਪ੍ਰਾਪਤ ਹੋਣ ਵਾਲੇ ਸੁਆਦ ਤਕ ਅਖੰਡ ਰਸ ਅਨੁਭੂਤੀ ਨੂੰ ਪ੍ਰਮਾਣਿਕ ਰੂਪ ਦੇ ਕੇ ਰਸ ਸਿਧਾਂਤ ਨੂੰ ਆਪਣੇ ਆਪ ਵਿਚ ਸੰਪੂਰਨ ਕਾਵਯ ਸਿਧਾਂਤ ਰੂਪ ਵਿਚ ਸਥਾਪਿਤ ਕੀਤਾ।

ਬੇਸ਼ਕ ਅਭਿਨਵ ਗੁਪਤ ਦਾ ਰਸ ਚਿੰਤਨ ਆਪਣੇ ਅੰਤਿਮ ਸਿਖਰ ਉੱਤੇ ਪਹੁੰਚ ਗਿਆ ਸੀ। ਉਨ੍ਹਾਂ ਹੀ ਦਿਨਾਂ (ਗਿਆਰ੍ਹਵੀਂ ਸਦੀ ਪੂਰਵਾਰਧ) ਧਾਰਾਨਗਰੀ ਦੇ ਰਾਜਾ ਭੋਜ ਨੇ, 'ਸ਼ਿੰਗਾਰ ਹੀ ਇਕ ਮਾਤਰ ਰਸ ਹੈ'

ਕਹਿਕੇ ਵਿਦਵਾਨਾਂ ਦਾ ਧਿਆਨ ਆਪਣੇ ਵੱਲ ਖਿਚਿਆ । ਭੋਜ ਨੇ ਅਹੰਕਾਰ, ਅਭਿਮਾਨ, ਸ਼ਿੰਗਾਰ ਅਤੇ ਰਸ ਨੂੰ ਇਕੋ ਅਰਥ ਦੇ ਸੂਚਕ ਮੰਨਦਿਆਂ ਹੋਇਆਂ ਇਕ ਨਵੀਂ ਵਿਚਾਰਧਾਰਾ ਦਿੱਤੀ ਜਿਹੜੀ ਫ਼ਰਾਇਡ ਦੀ ਲਿਬਡੋ ਸੰਬੰਧੀ ਮਨੋਵਿਸ਼ਲੇਸ਼ਣਵਾਦੀ ਮਾਨਤਾਂ ਤੋਂ ਪਿੱਛੋਂ ਆਧੁਨਿਕ ਯੁਗ ਦੇ ਵਿਚਾਰਕਾਂ ਲਈ ਖਿੱਚ ਦਾ ਕੇਂਦਰ ਬਣੀ ਹੋਈ ਹੈ ।

ਆਧੁਨਿਕ ਯੁਗ ਵਿਚ ਰਸ ਚਿੰਤਨ

ਆਧੁਨਿਕ ਯੁਗ ਵਿਚ ਰਸ ਦੇ ਖੇਤਰ ਵਿਚ ਵਿਚਾਰ ਕਰਨ ਵਾਲੇ ਆਚਾਰੀਆ ਹਨ–ਰਾਮ ਚੰਦਰ ਸ਼ੁਕਲ ਅਤੇ ਜੈ ਸ਼ੰਕਰ ਪ੍ਰਸਾਦਿ । ਸ਼ੁਕਲ ਦੀ ਧਾਰਣਾ ਮਨੋਵਿਗਿਆਨਿਕ ਅਤੇ ਲੋਕ-ਮੰਗਲ ਉੱਤੇ ਆਧਾਰਿਤ ਹੈ ਕਿਉਂਕਿ ਉਨ੍ਹਾਂ ਦੇ ਸਾਹਮਣੇ ਵਿਚਾਰ ਦਾ ਵਿਸ਼ਾ ਛਾਇਆਵਾਦੀ ਅਤੇ ਭਗਤੀ ਸਾਹਿੱਤ ਸੀ । ਇਸ ਲਈ ਉਨ੍ਹਾਂ ਰਾਗਾਤਮਕਤਾ ਦੇ ਮੂਲ ਵਿਚ ਮਨੋਵਿਗਿਆਨ ਅਤੇ ਲੋਕ ਮੰਗਲ ਦੇ ਮੂਲ ਵਿਚ ਲੋਕ ਚੇਤਨਾ ਨੂੰ ਮੰਨਦਿਆਂ ਹੋਇਆਂ ਰਸ ਸੰਬੰਧੀ ਵਿਚਾਰ ਦੱਸੇ । ਆਚਾਰੀਆ ਸ਼ੁਕਲ ਭਾਵ ਨੂੰ ਅਨੁਭੂਤੀ ਅਤੇ ਪ੍ਰਵ੍ਰਿਤੀ ਦੋਹਾਂ ਦਾ ਮਿਲਿਆ ਜੁਲਿਆ ਰੂਪ ਮੰਨਦੇ ਹਨ । ਉਨ੍ਹਾਂ ਨੇ ਆਨੰਦ ਦਾ ਅਰਥ ਕੀਤਾ ਹੈ, ''ਦਿਲ ਦਾ ਵਿਅਕਤੀਬਧ ਦਸ਼ਾ ਤੋਂ ਮੁਕਤ ਹੋ ਕੇ ਅਤੇ ਹਲਕਾ ਹੋ ਕੇ ਆਪਣੀ ਕ੍ਰਿਆ ਵਿਚ ਲੱਗ ਜਾਣਾ'' । ਆਚਾਰੀਆ ਸ਼ੁਕਲ ਨੇ ਸੌਂਦਰਯ ਅਨੁਭੂਤੀ ਅਤੇ ਰਸ-ਅਨੁਭੂਤੀ ਦੋਹਾਂ ਨੂੰ ਇਕ ਮੰਨਿਆ ਹੈ ਅਤੇ ਸਾਧਾਰਣੀਕਰਣ ਵਿਭਾਵਾਂ ਦਾ ਹੁੰਦਾ ਹੈ; ਇਹ ਸ੍ਵੀਕਾਰ ਕੀਤਾ ਹੈ ।

ਜੈ ਸ਼ੰਕਰ ਪ੍ਰਸਾਦ ਸ਼ਿਵ-ਦਰਸ਼ਨ ਨੂੰ ਮੰਨਣ ਵਾਲੇ ਸਨ । ਇਸ ਲਈ ਉਨ੍ਹਾਂ ਜੀਵਨ-ਦਰਸ਼ਨ ਅਤੇ ਕਾਵ੍ਯ ਦੋਹਾਂ ਵਿਚ ਸਮਰਸਤਾ ਦੇ ਸਿਧਾਂਤ ਨੂੰ ਮੰਨਿਆ ਹੈ । ਉਨ੍ਹਾਂ ਰਸ ਚਿੰਤਨ ਦੀਆਂ ਦੋ ਧਾਰਾਵਾਂ ਮੰਨੀਆਂ ਹਨ–(1) ਬੁੱਧੀਵਾਦੀ ਅਤੇ (2) ਆਤਮਵਾਦੀ । ਬੁੱਧੀਵਾਦੀ ਰਸ ਧਾਰਾ ਰਸ ਨੂੰ ਸੁਖਦੁਖਾਤਮਕ ਮੰਨਦੀ ਹੈ ਅਤੇ ਆਤਮਵਾਦੀ ਰਸ ਧਾਰਾ ਉਸ ਨੂੰ ਆਨੰਦ ਦਾ ਪੋਸ਼ਕ । ਪ੍ਰਸਾਦ ਦੂਸਰੀ ਧਾਰਾ ਦੇ ਸਮਰਥਕ ਸਨ । ਇਸ ਲਈ ਹੀ ਸ਼ੁਕਲ ਨੇ ਜਿਥੇ ਰਸ ਦੀਆਂ ਦੋ ਅਵਸਥਾਵਾਂ ਮੰਨੀਆਂ ਹਨ, ਉਥੇ ਜੈ ਸ਼ੰਕਰ ਪ੍ਰਸਾਦ ਰਸ ਨੂੰ ਅਖੰਡ ਰੂਪ ਮੰਨਦੇ ਹਨ ।

ਅੱਜ ਦੇ ਯੁੱਗ ਦੇ ਪ੍ਰਸਿੱਧ ਵਿਦਵਾਨ ਡਾ. ਨਗੇਂਦਰ ਨੇ ਵੀ 'ਰਸ-ਸਿਧਾਂਤ' ਨਾਮਕ ਪੁਸਤਕ ਲਿਖ ਕੇ ਰਸ ਦੇ ਸੰਬੰਧ ਵਿਚ ਬਹੁਤ ਮਹੱਤਵਪੂਰਨ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ । ਇਨ੍ਹਾਂ ਦੇ ਇਸ ਵਿਸ਼ਲੇਸ਼ਣ ਵਿਚ ਪਹਿਲਾਂ ਹੋਏ ਸਾਰੇ ਆਚਾਰੀਆਂ ਦੇ ਵਿਚਾਰਾਂ ਦਾ ਮੇਲ ਦਿਖਾਈ ਦਿੰਦਾ ਹੈ । ਪ੍ਰਸਾਦ ਨੇ ਰਸ ਦੀ ਜਿਹੜੀ ਵਿਆਖਿਆ ਦਰਸ਼ਨ ਦੇ ਆਧਾਰ ਉੱਤੇ ਕੀਤੀ ਸੀ, ਡਾਕਟਰ ਨਗੇਂਦਰ ਨੇ ਉਸ ਵਿਆਖਿਆ ਨੂੰ ਮਨੋਵਿਗਿਆਨਿਕ ਪੱਧਰ ਉੱਤੇ ਕੀਤਾ । ਇਸ ਤਰ੍ਹਾਂ ਉਨ੍ਹਾਂ ਸ਼ੁਕਲ ਦੇ ਬੁਨਿਆਦੀ ਆਧਾਰ ਅਤੇ ਪ੍ਰਸਾਦ ਦੀ ਵਿਆਖਿਆ ਨੂੰ ਮਿਲਾ ਕੇ ਰਸ-ਚਿੰਤਨ ਨੂੰ ਵਧੇਰੇ ਵਿਆਪਕ ਬਣਾ ਦਿੱਤਾ । ਨਗੇਂਦਰ ਦਾ ਮਹੱਤਵ ਇਸ ਵਿਚ ਹੈ ਕਿ ਉਨ੍ਹਾਂ ਰਸ ਦੇ ਸੁਆਦ ਨੂੰ ਸੁਖਦੁਖਵਾਦੀ ਵਿਆਖਿਆ ਤੋਂ ਉਪਰ ਉਠਾ ਕੇ ਦੋਬਾਰਾ ਅਭਿਨਵ ਗੁਪਤ ਵਾਲੀ ਆਨੰਦ ਭੂਮੀ ਉੱਤੇ ਸਥਾਪਿਤ ਕਰ ਦਿੱਤਾ ਅਤੇ ਰਸ ਦੀ ਵਿਸ਼ਯੀਗਤ (Subjective) ਵਿਆਖਿਆ ਕੀਤੀ ਜਿਸ ਅਨੁਸਾਰ ਰਚਨਾ ਪੱਖ ਤੋਂ ਕਾਵ੍ਯ ਆਤਮਾ ਦੀ ਅਭਿਵਿਅਕਤੀ ਹੈ ਅਤੇ ਗ੍ਰਹਿਣ ਪੱਖ ਤੋਂ ਸੁਹਿਰਦ ਦੀ ਆਤਮਾ ਦਾ ਸੁਆਦ ਹੈ । ਡਾ. ਨਗੇਂਦਰ ਨੇ ਰਸ ਸਿਧਾਂਤ ਦੀ ਵਿਆਖਿਆ ਕਰਦਿਆਂ ਹੋਇਆਂ ਇਹ ਗੱਲ ਸਿੱਧ ਕੀਤੀ ਕਿ ਰਸ ਸਿਧਾਂਤ ਦੇ ਮੁਲਾਂਕਣ ਵਿਚ ਸਮਰਥਾਵਾਨ ਸਰਵਕਾਲਕ ਅਤੇ ਸਰਵੇਦਸ਼ਕ ਮਾਨਦੰਡ ਹੈ ।

ਸਾਰਾਂਸ਼ : ਇਸ ਵਿਵੇਚਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਵਿਚ ਰਸ ਚਿੰਤਨ ਦੀ ਪਰੰਪਰਾ ਅਟੁੱਟ ਰੂਪ ਵਿਚ ਵਿਕਸਿਤ ਹੁੰਦੀ ਗਈ । ਭਰਤਮੁਨੀ ਦਾ ਨਾਟ੍ਯ ਰਸ ਕਾਵ੍ਯ ਰਸ ਦੇ ਰੂਪ ਵਿਚ ਅਤੇ ਕਾਵ੍ਯਾਂ ਵਿਚ ਵੀ ਪ੍ਰਬੰਧ ਕਾਵਿ ਤੋਂ ਮੁਕਤ ਕਾਵਿ ਦੇ ਵਿਚ ਵਧੇਰੇ ਰੂਪ ਵਿਚ ਹੋਣ ਵਾਲੀ ਪਰੰਪਰਾ ਦੇ ਰੂਪ ਵਿਚ ਵਿਕਸਿਤ ਹੋਇਆ । ਜਿਥੋਂ ਤਕ ਕਾਵ੍ਯ-ਰਸ ਦਾ ਸੰਬੰਧ ਹੈ, ਉਹ ਕਾਵ੍ਯ ਦੀ ਰਚਨਾ ਤੋਂ ਲੈ ਕੇ ਕਾਵ੍ਯ ਦੇ ਸੁਆਦ ਤਕ

ਇਕ ਪੂਰੀ ਪ੍ਰਕ੍ਰਿਆ ਦੇ ਰੂਪ ਵਿਚ ਵਿਕਸਿਤ ਹੋਇਆ। ਸ਼ੁਰੂ ਵਿਚ ਰਸ ਪ੍ਰਧਾਨ ਰੂਪ ਵਿਚ ਵਿਸ਼ਯਗਤ (Objective) ਸੀ। ਪਰੰਤੂ ਪਿੱਛੋਂ ਇਹ ਵਿਸ਼ਯੀਗਤ (Subjective) ਰੂਪ ਵਿਚ ਬਦਲ ਗਿਆ। ਭਰਤ ਦਾ ਨਾਟ੍ਯ-ਰਸ ਅਭਿਨਵ ਗੁਪਤ ਤਕ ਆ ਕੇ ਸੁਹਿਰਦ ਰਸ ਦੇ ਰੂਪ ਵਿਚ ਬਦਲ ਗਿਆ। ਮਨੋਵਿਗਿਆਨਿਕ ਪੱਧਰ ਉੱਤੇ ਜਿਸ ਰਸ ਦਾ ਸ਼ੁਰੂ ਵਿਚ ਲੌਕਿਕ ਸੁਖਦੁਖਾਤਮਕ ਭਾਵਾਂ ਦੇ ਰੂਪ ਵਿਚ ਨਿਰੂਪਣ ਹੋਇਆ ਸੀ, ਉਹ ਦਾਰਸ਼ਨਿਕ ਪੱਧਰ ਉੱਤੇ ਆਤਮਾ ਦੇ ਸੁਆਦ ਦੇ ਰੂਪ ਵਿਚ ਬਦਲ ਗਿਆ। ਆਧੁਨਿਕ ਯੁਗ ਵਿਚ ਯੁਗ ਦੀਆਂ ਲੋੜਾਂ ਅਨੁਸਾਰ ਉਸ ਹੀ ਰਸ ਦਾ ਮਨੋਵਿਗਿਆਨਿਕ ਅਤੇ ਦਾਰਸ਼ਨਿਕ ਦੋਹਾਂ ਰੂਪਾਂ ਵਿਚ ਵਿਵੇਚਨ ਇਸ ਮਹੱਤਵਪੂਰਨ ਰਸ ਤੱਤਵ ਦੀ ਮਹੱਤਾ ਦਾ ਹੀ ਸਬੂਤ ਹੈ। ਇਸ ਤਰ੍ਹਾਂ ਲਗਾਤਾਰ ਵਿਕਾਸ ਅਤੇ ਸੰਸ਼ੋਧਨ ਰਾਹੀਂ ਰਸ ਸਿਧਾਂਤ ਇਕ ਸਰਬੰਗੀ, ਸਰਬਦੇਸ਼ਨਕ, ਸੌਂਦਰਯ ਸ਼ਾਸਤਰੀ ਸਿਧਾਂਤ ਦੇ ਰੂਪ ਵਿਚ ਮੰਨਿਆ ਗਿਆ ਹੈ।

ਪੈਰ ਟਿੱਪਣੀਆਂ

1. Of all the branches of learning which stem from the genius of India, few are as profoundly Indian as Aesthetics. Diogenes No. 1, pp. 129-30.
2. रसो वै सः। तैत्तिरीयोपनिषद्, २१७
3. एषां भूतानां पृथिवी रसः। पृथिव्या आपो रसः। अपामोषधयो रसः। ओषधीनां पुरुषो रसः। पुरुषस्यवाग् रसः। वाचः ऋग् रसः। ऋचः साम रसः। साम्न उद्गीथो रसः। छान्दोग्योपनिषद् १–१–२.३.
4. रसो रतिः प्रीतिर्भावो रागो वेगः समाप्तिरिति रति पर्यायः। कामसूत्र–१।७।६५
5. "रस इति कः पदार्थ?" नाटयशास्त्र, भाग १, पृष्ठ २८८.
6. रसानाथर्वणा दपि। नाटयशास्त्र, १।१७
7. न हि रसादृते कश्चिवदर्थः प्रवर्तते। नाटयशास्त्र पृष्ठ २७३
8. रस सिद्धान्त, डॉ॰ नगेन्द्र, पृष्ठ १५०–५२
9. *वही*, पृष्ठ २५६
10. "रसादि रूपव्यंग्य तात्पर्यमेवैषां युक्तमिति यत्नोऽस्माभिराख्योन ध्वनि प्रतिपादन मात्राभिनिवेशेन" ध्वन्यालोक, पृष्ठ ३६६–४००
11. "रसो न प्रतीयते। नोत्पाद्यते। नाभिव्यज्यते। अभिनवभारती, पृष्ठ २७६"
12. सा च रसना रूपा प्रीतिरुत्पद्यते। ध्वन्यालोक पृष्ठ १६८–६६
13. भोगीकरण व्यापारश्रव काव्यस्य रस विषयो ध्वननात्मैव नान्यक्रिण्चित्। *वही*, पृष्ठ १६६
14. रस्यमानतोदित चमत्कारानतिरिक्तत्वाद् भोगस्यैव। पृष्ठ २००
15. सत्वादीनां चांगांगिभाव वैचित्र्यस्यानान्त्याद् द्रुत्यादित्वेनास्वाद्गणना न युक्ता। *वही*, पृष्ठ २००
16. परब्रह्मास्वाद सब्रह्मचारित्वं चास्वस्य रसास्वादस्य। *वही*
17. तस्यात्स्थितमे तत–अभिव्यज्यन्ते रसाः प्रतीत्यैव च रस्यन्त इति। *वही*, पृष्ठ २००

ਅਟਾਰੀ ਕਾ ਸਰਦਾਰ ਜੰਗੀ ਜਵਾਂ।
ਮਹਾਰਾਜ ਕਾ ਥਾ ਮੁਸਾਹਬ ਨਿਸ਼ਾਂ।
ਦੇਖਾ ਸ਼ਾਮ ਸਿੰਘ ਬੀਰ ਚਾਰੋਂ ਤਰਫ।
ਫਟੀ ਫ਼ੌਜ ਜਾਤੀ ਹੈ ਹਰ ਯਕ ਤਰਫ।
ਚੁਤਰਫੈਂ ਨਿਸ਼ਾਂ ਕਰ ਖੜਾ ਹੋ ਗਯਾ।
ਨਿਮਕ ਕੀ ਸ਼ਰਤ ਪਰ ਕੜਾ ਹੋ ਗਯਾ।
ਦੋਊ ਬਾਪ ਬੇਟਾ ਜੁੜੇ ਹੋ ਗਏ।
ਕਿਤੇ ਸਾਥ ਉਨ ਕੇ ਖੜੇ ਹੋ ਗਏ।
ਹਕਾਰਾ ਦੀਆਂ ਖ਼ਾਲਸਾ ਕੋ ਤਬੈ।
ਕਹਾਂ ਜਾਤ ਹੋਂ ਬੀਰ ਦੱਰੀਆ ਲਬੈ।
ਤਬੈ ਸਿੰਘ ਕੇਤੇ ਜਮ੍ਹਾ ਹੋ ਗਏ।
ਵਹੁ ਫਾਨੂਸ ਕੀ ਹੀ ਸ਼ਮ੍ਹਾ ਹੋ ਗਏ।
ਲਈ ਸ਼ਾਮ ਸਿੰਘ ਹਾਥ ਸ਼ਮਸ਼ੇਰ ਹੈ।
ਜਿਸੈ ਸਿਰ ਪੈ ਲਾਵੈ ਨ ਦਮ ਦੇਰ ਹੈ।
ਚਲੇ ਆਤ ਗੋਰਾ ਅਮਲ ਕੀ ਲਟਕ।
ਲਗੈ ਜਿਸ ਕੇ ਤੇਗਾ ਮਰੈ ਸਿਰ ਪਟਕ।
ਕਟਾ ਸੀਸ ਗੋਰਾ ਕਾ ਥੋਰਾ ਨਹੀਂ।
ਥਕਾ ਹਾਥ ਜਬ ਤਲਕ ਜ਼ੋਰਾ ਨਹੀਂ।
ਕਟੀ ਫ਼ੌਜ ਦੁਸ਼ਮਨ ਨ ਕਰਤਾ ਸਬਰ।
ਗਈ ਬੀਚ ਨੰਦਨ ਕੇ ਉਸ ਕੀ ਖਬਰ।
ਕੀਆ ਉਸਨੇ ਨੰਦਨ ਕੋ ਖਾਲੀ ਬਿਸ਼ੱਕ।
ਨਹੀਂ ਬਾਤ ਇਸ ਮੇਂ ਰਹੀ ਕੁਛਕੁ ਸ਼ੱਕ।
ਮੂਆ ਹੋ ਬਹਾਦਰ ਜਵਾਂ ਜੰਗ ਮੈਂ।
ਮਿਲਾ ਉਹ ਸ਼ਹੀਦਨ ਉਸੀ ਰੰਗ ਮੈਂ।

–ਕਾਨ੍ਹ ਸਿੰਘ ਬੰਗਾ

ਮੂਲ-ਮੰਤਰ ਦਾ ਅਮਲੀ ਅਤੇ ਸਮਾਜਿਕ ਪੱਖ

ਡਾ. ਜਗਜੀਤ ਸਿੰਘ ਸਲੂਜਾ

ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

1. ਆਦਿ-ਗ੍ਰੰਥ ਦੀ ਸਮੁੱਚੀ ਬਾਣੀ ਇਕ ਅਜਿਹੇ ਆਦਰਸ਼ ਮਨੁੱਖ ਅਤੇ ਸਮਾਜ ਦਾ ਸੰਕਲਪ ਪੇਸ਼ ਕਰਦੀ ਹੈ ਜਿਸ ਦੇ ਵਿਸ਼ਵਾਸਾਂ ਅਤੇ ਅਮਲਾਂ ਦਾ ਮੂਲ ਆਧਾਰ 'ਇਕ ਪਰਮਾਤਮਾ' ਵਿਚ ਨਿਸ਼ਚਾ ਹੈ ਜਿਸ ਨੂੰ 'ਮੂਲ-ਮੰਤਰ' ਵਿਚ ਅਤਿ ਅਨੁਕੂਲ ਸ਼ਬਦਾਂ ਵਿਚ ਵਿਅਕਤ ਕੀਤਾ ਗਿਆ ਹੈ। ਮੂਲ-ਮੰਤਰ ਵਿਚ ਨਾ ਕੇਵਲ ਗੁਰੂ ਨਾਨਕ ਦੇਵ ਦੀ ਬ੍ਰਹਮ, ਜੀਵ ਅਤੇ ਜਗਤ ਸੰਬੰਧੀ ਵਿਚਾਰਧਾਰਾ ਸੰਕੁਚਿਤ ਰੂਪ ਵਿਚ ਵਿਦਮਾਨ ਹੈ, ਸਗੋਂ ਇਨ੍ਹਾਂ ਦੇ ਆਪਸੀ ਸੰਬੰਧ ਨਿਸ਼ਚਿਤ ਕਰਕੇ ਪ੍ਰਾਪਤੀ ਦੀ ਸੰਭਾਵਨਾ ਅਤੇ ਸਾਧਨ ਵੀ ਦੱਸ ਦਿੱਤਾ ਗਿਆ ਹੈ। ਮੂਲ-ਮੰਤਰ ਦੀ ਵਿਚਾਰਧਾਰਾ ਸਾਰੇ ਆਦਿ-ਗ੍ਰੰਥ ਵਿਚ ਵਿਸਤ੍ਰਿਤ ਹੈ ਪਰ ਕਈ ਸ਼ਬਦਾਂ ਵਿਚ ਮੂਲ-ਮੰਤਰ ਦੇ ਪੂਰੇ ਭਾਵ ਵਿਅਕਤ ਹੋ ਰਹੇ ਹਨ, ਜਿਵੇਂ ਨਿਮਨ ਸ਼ਬਦ ਤੋਂ ਪ੍ਰਤੱਖ ਹੈ :

ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ **ਕਾਲ** ਨ ਕਰਮਾ। (ਅਕਾਲ ਮੂਰਤਿ)
ਜਾਤਿ ਅਜਾਤਿ **ਅਜੋਨੀ** ਸੰਭਉ ਨਾ ਤਿਸੁ ਭਾਉ ਨ ਭਰਮਾ। ੧।
ਸਾਚੇ ਸਚਿਆਰ ਵਿਟਹੁ ਕੁਰਬਾਣੁ।
ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ। ੧।ਰਹਾਉ।
ਨਾ ਤਿਸੁ ਮਾਤ ਪਿਤਾ ਸੁਤ ਬੰਧਪ, ਨਾ ਤਿਸੁ ਕਾਮ ਨਾ ਨਾਰੀ।
ਅਕੁਲ ਨਿਰੰਜਨ ਅਪਰ ਪਰੰਪਰੁ ਸੰਗਲੀ ਜੋਤਿ ਤੁਮਾਰੀ। ੨।
ਘਟ ਘਟ ਅੰਤਰਿ ਬ੍ਰਹਮ ਲੁਕਾਇਆ, ਘਟਿ ਘਟਿ ਜੋਤਿ ਸਬਾਈ।
ਬਜਰ ਕਪਾਟ ਮੁਕਤੇ ਗੁਰਮਤੀ **ਨਿਰਭੈ** ਤਾੜੀ ਲਾਈ। ੩।
ਜੰਤ ਉਪਾਇ **ਕਾਲੁ** ਸਿਰਿ ਜੰਤਾ **ਵਸਗਤਿ ਜੁਗਤਿ ਸਬਾਈ।**
ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ। ੪।
ਸੂਚੈ ਭਾਂਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ।
ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ। ੫।[1]

ਉਪਰੋਕਤ ਸ਼ਬਦ ਵਿਚ 'ਤੰਤੈ ਕਉ ਪਰਮ ਤੰਤੁ ਮਿਲਾਇਆ' ਇਸ ਤੱਥ ਦਾ ਸੰਕੇਤ ਹੈ ਕਿ ਮਨੁੱਖ ਕੇਵਲ ਸ਼ਰੀਰ ਨਹੀਂ, ਨਾ ਹੀ ਕਰਮ ਇੰਦ੍ਰਿਆਂ ਦੀ ਖੇਡ ਹੈ, ਸਗੋਂ ਉਸ ਦੀ ਹੋਂਦ ਦਾ ਮੂਲ ਆਧਾਰ ਆਤਮਿਕ ਹੈ ਅਤੇ ਆਤਮਿਕ ਹੋਂਦ ਕਾਰਨ ਹੀ ਉਹ ਪਰਮ-ਆਤਮਾ ਨਾਲ ਸੰਬੰਧਿਤ ਹੈ। ਗੁਰੂ ਨਾਨਕ ਦੇਵ ਨੂੰ ਪਾਰਬ੍ਰਹਮ ਦੇ ਪ੍ਰਤੱਖ ਦਰਸ਼ਨ ਪ੍ਰਾਪਤ ਸਨ। ਮੂਲ-ਮੰਤਰ ਇਨ੍ਹਾਂ ਪਰਤੱਖ ਦਰਸ਼ਨਾਂ ਦੀ ਕਿਰਤ ਹੈ। ਇਸ ਲਈ ਇਹ ਸਾਧਕ ਨੂੰ ਪਰਮ ਚੇਤਨਤਾ ਨਾਲ ਜੋੜ ਦੇਣ ਦੇ ਸਮਰੱਥ ਹੈ। ਇਹ ਸੰਸਾਰ ਇਕ ਅਖਾੜਾ ਹੈ ਜਿਸ ਵਿਚ ਆਦਰਸ਼ ਮਨੁੱਖ ਨੇ ਮੰਦ ਵਾਸ਼ਨਾਵਾਂ ਉੱਤੇ ਜਿੱਤ ਪ੍ਰਾਪਤ ਕਰਕੇ ਸਵੱਸਥ ਸਮਾਜ ਦੀ ਸਥਾਪਨਾ ਕਰਨੀ ਹੈ। ਮੂਲ-ਮੰਤਰ ਦੀ ਸਮਾਜਿਕ ਮਹੱਤਾ ਦਾ ਸਹੀ ਮੁਲਾਂਕਣ ਕਰਨ ਲਈ ਉਸ ਸਮੇਂ ਦੀ ਰਾਜਸੀ, ਸਮਾਜਿਕ ਅਤੇ ਧਾਰਮਿਕ ਅਵਸਥਾਵਾਂ ਦਾ ਸੰਖੇਪ ਸਰਵੇਖਣ ਜ਼ਰੂਰੀ ਹੈ। ਉਪਰੰਤ ਉਨ੍ਹਾਂ ਅਮਲਾਂ ਦਾ ਜ਼ਿਕਰ ਵੀ ਜ਼ਰੂਰੀ ਹੈ ਜੋ ਮੂਲ-ਮੰਤਰ ਦੇ ਅਸਰ ਹੇਠ ਸਿੱਖ ਸਮਾਜ ਵਿਚ ਵਿਸ਼ੇਸ਼ ਕਰਕੇ ਵਿਕਸਿਤ ਹੋਏ।

2. ਭਾਰਤ ਦਾ ਮੱਧਕਾਲੀਨ ਸਭਿਆਚਾਰਿਕ ਇਤਿਹਾਸ ਸਿਧਾਂ, ਨਾਥਾਂ, ਸ਼ੈਵਾਂ, ਸ਼ਾਕਤਾਂ, ਵੈਸ਼ਨਵਾਂ, ਵੇਦਾਂਤੀ-ਗਿਆਨ-ਮਾਰਗੀਆਂ ਅਤੇ ਕਰਮ-ਕਾਂਡੀਆਂ ਆਦਿ ਦੇ ਰਗੜਿਆਂ ਝਗੜਿਆਂ ਦਾ ਇਤਿਹਾਸ ਹੈ। ਅਨੇਕਾਂ ਮਤ-ਮਤਾਂਤਰਾਂ ਦੇ ਆਪਸੀ ਸੰਘਰਸ਼ ਕਾਰਨ ਹਿੰਦੂ ਧਰਮ ਬਿਲਕੁਲ ਸਾਹ ਸੱਤਹੀਣ ਹੋ ਚੁੱਕਾ ਸੀ। ਦੂਜੇ ਪਾਸੇ ਵਿਜਈ ਮੁਸਲਮਾਨ ਧਾਰਮਿਕ ਜੋਸ਼ ਵਿਚ ਅੰਨ੍ਹੇ ਹੋਏ ਹਿੰਦੂਆਂ ਦੇ ਧਰਮ-ਅਸਥਾਨਾਂ, ਮੰਦਰਾਂ, ਠਾਕੁਰਦੁਆਰਿਆਂ ਨੂੰ ਢਾਹ ਢੇਰੀ ਕਰ ਰਹੇ ਸਨ ਅਤੇ ਬੁੱਤਾਂ ਤੇ ਮੂਰਤੀਆਂ ਨੂੰ ਤਹਸ ਨਹਸ ਕਰੀ ਜਾ ਰਹੇ ਸਨ।''[1ਓ] ਉਸ ਸਮੇਂ ਦੀ ਰਾਜਸੀ, ਧਾਰਮਿਕ ਅਤੇ ਸਮਾਜਿਕ ਅਧੋਗਤੀ ਦੇ ਕਈ ਪ੍ਰਸੰਗ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਪ੍ਰਾਪਤ ਹਨ। ਗੁਰੂ ਜੀ ਅਨੁਸਾਰ ਉਸ ਸਮੇਂ ਸਮਾਜਿਕ ਚਲਣ ਵਿਚ ਲਾਲਚ, ਪਾਪ, ਕੂੜ, ਕਾਮ ਅਤੇ ਅਗਿਆਨਤਾ ਪ੍ਰਧਾਨ ਸੀ ਅਤੇ ਆਮਲੋਕ 'ਮੁਰਦਾਰ' ਜੀਵਨ ਜੀਉ ਰਹੇ ਸੀ।[2] ਬਦੇਸ਼ੀ ਰਾਜੇ ਕਸਾਈ ਬਣ ਚੁੱਕੇ ਸਨ ਅਤੇ ਧਰਮ, ਸੱਚ, ਨਿਆਂ ਖੰਭ ਲਾ ਕੇ ਉੱਡ ਗਿਆ ਹੀ।[3] ਧਰਮ ਅਤੇ ਸਮਾਜ ਦੇ ਤਿੰਨ ਆਗੂ ਸਨ ਕਾਜ਼ੀ, ਬ੍ਰਾਹਮਣ ਅਤੇ ਯੋਗੀ ਅਤੇ ਤਿੰਨੇ ਹੀ ਸਮਾਜ ਨੂੰ ਨਰੋਈਆਂ ਕੀਮਤਾਂ ਦੇਣ ਦੀ ਥਾਂ ਕੂੜ, ਕੁਸੱਤ ਅਤੇ ਕੁਕਰਮਾਂ ਰਾਹੀਂ ਇਸ ਦੀ ਬਰਬਾਦੀ ਉੱਤੇ ਤੁਲੇ ਹੋਏ ਸਨ।[4] ਆਰਥਿਕ ਤੌਰ ਉੱਤੇ ਵੀ ਰਾਜੇ ਅਤੇ ਅਹਿਲਕਾਰ ਸ਼ਿਕਾਰੀ ਕੁੱਤਿਆਂ ਦੀ ਤਰ੍ਹਾਂ ਗਰੀਬ ਜਨਤਾ ਦਾ ਸ਼ਿਕਾਰ ਕਰ ਰਹੇ ਸਨ।[5] ਹਿੰਦੂ ਸੈਂਕੜੇ ਸਾਲਾਂ ਦੀ ਗ਼ੁਲਾਮੀ ਕਾਰਨ ਅਸਤਿਤਵਹੀਣ ਹੋ ਚੁੱਕੇ ਸਨ। ਭਾਰਤੀ ਦਰਸ਼ਨ ਨੇ ਪਰਲੋਕ ਅਤੇ ਸੁਰਗ ਦੀਆਂ ਵਿਅਰਥ ਕਲਪਨਾਵਾਂ ਉੱਤੇ ਵਧੇਰੇ ਬਲ ਦੇ ਕੇ ਲੌਕਿਕ ਜੀਵਨ ਵਿਚ ਵੈਸੇ ਹੀ ਨਿਰਾਸਤਾ ਲੈ ਆਂਦੀ ਸੀ। ਸ਼ੰਕਰ ਨੇ ਸੰਸਾਰ ਦੀ ਹੋਂਦ ਨੂੰ ਅਗਿਆਨਤਾ ਦੀ ਉੱਪਜ ਕਹਿ ਕੇ ਸਮਾਜਿਕ ਕਦਰਾਂ-ਕੀਮਤਾਂ ਦੇ ਨਵਨਿਰਮਾਣ ਤੋਂ ਪੱਲਾ ਛੁਡਾ ਲਿਆ। ਰਾਮਾਨੁਜ ਆਚਾਰਯ ਨੇ ਵਿਸ਼ਿਸ਼ਟ–ਅਦ੍ਵੈਤ ਦੀ ਭਾਵਨਾ ਰਾਹੀਂ ਹਿੰਦੂ ਸਮਾਜ ਦੇ ਕਲਿਆਣ ਦਾ ਉਪਰਾਲਾ ਕੀਤਾ ਪਰ ਇਸਲਾਮ ਅਤੇ ਸਾਰੀ ਮਨੁੱਖਤਾ ਦੇ ਮਿਲਵਰਤਨ ਅਤੇ ਪਰਸਪਰ ਪਿਆਰ ਦੀ ਯੋਜਨਾ ਉਸ ਦੇ ਸੰਕਲਪ ਵਿਚ ਵੀ ਨਹੀਂ ਸੀ। ਰਾਮਾਨੰਦ ਦੀ ਉਦਾਰ ਭਗਤੀ ਦਾ ਪ੍ਰਚਾਰ ਕਬੀਰ ਨੇ ਵੀ ਕੀਤਾ ਪਰ ਉਹ ਸਮਾਜਿਕ ਅਤੇ ਅਧਿਆਤਮਿਕ ਜੀਵਨ ਦੀ ਨਵੀਂ ਨਰੋਈ ਨੁਹਾਰ ਨਹੀਂ ਥਾਪ ਸਕੇ।[6] ਭਗਤੀ ਮਾਰਗ ਦੇ ਸੰਤ ਆਪਣੇ ਵਿਚਾਰ, ਚਰਚਾ, ਵਿਵਾਦ ਕਥਾ ਕੀਰਤਨ ਤੋਂ ਅੱਗੇ ਸਮਾਜ ਜਾਂ ਰਾਸ਼ਟਰ ਦੇ ਜੀਵਨ ਵਿਚ ਨਹੀਂ ਸਨ ਉਤਾਰ ਸਕੇ। ਜੋਗੀਆਂ ਦੀ ਉਦੰਡਤਾ, ਕਬੀਰ ਪੰਥੀਆਂ ਦੀ ਖਿੱਝ ਅਤੇ ਇਸਲਾਮੀ ਕਟੜਤਾ ਤੇ ਕਠੋਰਤਾ ਵਿਚ ਸਮਾਜਿਕ ਜੀਵਨ ਵਿਚ ਅਕੇਵਾਂ ਅਤੇ ਥਕੇਵਾਂ ਅੰਕਿਤ ਦਿਸਦਾ ਸੀ।[7] ਬਹੁਤ ਸਾਰੇ ਵੈਸ਼ਨਵ ਭਗਤ ਇਕ ਪਰਮਾਤਮਾ ਦੀ ਭਗਤੀ ਨਾਲੋਂ ਰਾਮ ਜਾਂ ਕ੍ਰਿਸ਼ਨ ਦੀਆਂ ਮੂਰਤੀਆਂ ਦੀ ਭਗਤੀ ਨੂੰ ਚੰਗੇਰਾ ਸਮਝਦੇ ਸਨ ਜਿਸ ਕਾਰਨ ਉਹ ਮੁਸਲਮਾਨ ਜਨਤਾ ਨਾਲ ਧਾਰਮਿਕ ਭਾਵਾਂ ਦੀ ਸਾਂਝ ਨਾ ਪਾ ਸਕੇ। ਬ੍ਰਾਹਮਣਾਂ, ਸ਼ੂਦਰਾਂ, ਹਿੰਦੂਆਂ, ਮੁਸਲਮਾਨਾਂ ਦੇ ਆਪਸੀ ਵਿਤਕਰੇ ਅਤੇ ਵਾਦ-ਵਿਵਾਦ ਨੂੰ ਮੇਟ ਕੇ ਮਾਨਵਵਾਦੀ ਮਨੁੱਖ ਅਤੇ ਸਮਾਜ ਦੀ ਸਥਾਪਨਾ ਕੋਈ ਸਹਿਲਾ ਕੰਮ ਨਹੀਂ ਸੀ, ਜਿਸ ਦਾ ਬੀੜਾ ਗੁਰੂ ਨਾਨਕ ਦੇਵ ਨੇ ਚੁੱਕਿਆ।

3. ਭਾਰਤੀ ਜੀਵਨ ਦੇ ਅਜਿਹੇ ਸੰਕਟ-ਕਾਲ ਵਿਚ ਗੁਰੂ ਨਾਨਕ ਦੇਵ ਨੇ 'ਇਕ ਪਰਮਾਤਮਾ' (ੴ) ਦਾ ਅਜਿਹਾ ਸੰਕਲਪ ਦਿੱਤਾ ਜੋ ਸਰਬ-ਮਨੁੱਖਤਾ ਦਾ ਸਾਂਝਾ, ਸਭ ਨੂੰ ਪਿਆਰ ਕਰਨ ਵਾਲਾ, ਨਿਰਭਉ ਨਿਰਵੈਰ ਰੱਬ ਸੀ। ਜ਼ਾਤਾਂ, ਵਰਣਾਂ, ਮਜ਼ਬੀ ਵਿਤਕਰਿਆਂ ਅਤੇ ਦੇਸ਼ਾਂ, ਭੇਸਾਂ ਦੇ ਵੈਰਾਂ ਵਿਚ ਵੰਡੀ ਮਨੁੱਖਤਾ ਨੂੰ ਪਿਆਰ-ਭਾਵਨਾ ਵਿਚ ਇਕ ਥਾਂ ਇਕੱਠਾ ਕਰਨ ਲਈ ਪਰਮਾਤਮਾ ਦੇ ਅਜਿਹੇ ਸੰਕਲਪ ਦੀ ਲੋੜ ਸੀ ਜੋ ਸਭ ਦਾ ਸਾਂਝਾ ਹੋਵੇ ਅਤੇ ਜਿਸ ਤੋਂ ਮਨੁੱਖ ਨੂੰ ਏਕਤਾ, ਸਮਾਨਤਾ, ਸ਼ਾਂਤੀ, ਪ੍ਰੇਮ ਅਤੇ ਢਾਰਸ ਮਿਲ ਸਕਦੀ ਹੋਵੇ। ਮੂਲ-ਮੰਤਰ ਦੀ ਵਿਚਾਰਧਾਰਾ ਨੇ ਇਸ ਮੂਲ-ਲੋੜ ਨੂੰ ਪੂਰਾ ਕੀਤਾ। ਮੂਲ-ਮੰਤਰ ਦੀ ਵਿਚਾਰਧਾਰਾ ਵਿਚ ਇਕ *ਐਸੇ ਆਦਰਸ਼ ਮਨੁੱਖ ਦਾ ਸੰਕਲਪ ਵਿਦਮਾਨ ਹੈ ਜੋ ਆਪਣੇ ਇਸ਼ਟ ਸਰੂਪ ਵਿਚ ਘੜਿਆ ਜਾਂਦਾ ਹੈ।* ਉਸ ਦੀਆਂ ਸ਼ਰੀਰਕ, ਮਾਨਸਿਕ ਅਤੇ ਆਤਮਿਕ ਕ੍ਰਿਆਵਾਂ ਵਿਚ ਸੰਤੁਲਨ ਹੁੰਦਾ ਹੈ। ਇਕ ਪਾਸੇ ਅਜਿਹਾ ਮਨੁੱਖ ਉੱਤਮ ਭਾਈਚਾਰੇ ਦਾ ਨਰੋਆ ਅੰਗ ਹੈ, ਦੂਜੇ ਪਾਸੇ ਉਹ ਆਤਮਿਕ ਪਉੜੀਆਂ ਚੜ੍ਹਦਾ 'ਇਕੀਸ' ਹੋਣ ਲਈ ਕ੍ਰਿਆਸ਼ੀਲ ਰਹਿੰਦਾ ਹੈ।

ਆਦਿ-ਗ੍ਰੰਥ ਵਿਚ ਅਜਿਹੇ ਆਦਰਸ਼ ਮਨੁੱਖ ਨੂੰ ਸਚਿਆਰਾ, ਪੰਚ, ਭਗਤ, ਜਨ, ਦਾਸ, ਗੁਰਮੁਖਿ, ਗਿਆਨੀ, ਬ੍ਰਹਮ ਗਿਆਨੀ, ਨਰ, ਮੁਕਤ, ਜੀਵਨ-ਮੁਕਤ, ਸੱਚਾ ਸਾਧੂ, ਸੱਚਾ ਯੋਗੀ ਆਦਿ ਕਈ-ਕਈ ਸੰਕੇਤਾਂ ਨਾਲ ਸੰਬੋਧਨ ਕੀਤਾ ਗਿਆ ਹੈ ਅਤੇ ਹਰ ਸੰਕੇਤ ਵਿਚ ਵਿਅਕਤ ਸ਼ਖ਼ਸੀਅਤ ਦਾ ਆਧਾਰ ਮੂਲ-ਮੰਤਰ ਦੀ ਵਿਚਾਰਧਾਰਾ ਹੈ। ਅਧਿਆਤਮਿਕ-ਖੇਤਰ ਵਿਚ 'ੴ' ਦੀ ਪ੍ਰਾਪਤੀ ਦਾ ਸਫ਼ਰ 'ਸਤਿ' ਦੀ ਪਹਿਚਾਣ ਤੋਂ ਆਰੰਭ ਹੁੰਦਾ ਹੈ ਅਤੇ 'ਗੁਰਪ੍ਰਸਾਦਿ' ਉਸਦੀ ਮੰਜ਼ਿਲ ਹੈ। 'ਸਤਿ' ਦੀ ਪਹਿਚਾਣ ਅਤੇ ਪ੍ਰਾਪਤੀ ਰਾਹੀਂ 'ਸਚਿਆਰਾ' ਬਣਨ ਦਾ ਜਪੁਜੀ ਦਾ ਮੂਲ ਤੇ ਪ੍ਰਧਾਨ ਸੰਕਲਪ ਹੈ ਜਿਸ ਨੂੰ ਜਪੁਜੀ ਦੀ ਪਹਿਲੀ ਪਉੜੀ ਵਿਚ ਪੇਸ਼ ਕੀਤਾ ਗਿਆ ਹੈ। ਪਰ ਮੰਜ਼ਿਲ ਦੀ ਪ੍ਰਾਪਤੀ ਇਥੇ ਵੀ 'ਗੁਰਪ੍ਰਸਾਦਿ' ਅਰਥਾਤ 'ਨਦਰੀ ਨਦਰ ਨਿਹਾਲ' ਰਾਹੀਂ ਦੱਸੀ ਹੈ। ਗੁਰੂ ਨਾਨਕ ਦੇਵ ਦਾ ਆਦਰਸ਼-ਮਨੁੱਖ 'ਸਚਿਆਰਾ' ਹੈ ਜੋ ਸੱਚੇ ਸੰਕਲਪਾਂ ਅਤੇ ਸੱਚੇ ਅਮਲਾਂ ਦਾ ਧਾਰਨੀ, ਧਰਮੀ, ਸੰਤੋਖੀ, ਸੰਜਮੀ, ਪਵਿੱਤਰ, ਰਜ਼ਾ ਵਿਚ ਰਹਿਣ ਵਾਲਾ, ਹਉਮੈ-ਰਹਿਤ, ਵਿਚਾਰਵਾਨ, ਹੁਕਮੀ ਬੰਦਾ ਹੈ ਜਿਸ ਦਾ ਕਿਰਦਾਰ ਸੱਚੀ-ਘਾੜਤ ਵਿਚ ਘੜਿਆ ਜਾਂਦਾ ਹੈ। ਜਪੁਜੀ ਦੀ ਅੰਤਲੀ ਪਉੜੀ ਅਨੁਸਾਰ ਜਤ, ਧੀਰਜ, ਸ੍ਰੇਸ਼ਠ-ਬੁੱਧੀ, ਗਿਆਨ, ਭਉ, ਭਾਉ ਅਤੇ ਨਾਮ-ਅੰਮ੍ਰਿਤ ਇਸ ਘਾੜਤ ਦੇ ਮੁੱਖ ਅੰਗ ਹਨ।

ਗੁਰੂ ਨਾਨਕ ਦੇਵ ਦਾ 'ਸਚਿਆਰਾ' ਅਤੇ 'ਪੰਚ' ਗੁਰੂ ਅੰਗਦ ਦੇਵ ਦੀ ਬਾਣੀ ਵਿਚ ਸੱਚਾ ਆਸ਼ਕ, ਗੁਰੂ ਅਰਜਨ ਦੇਵ ਦੀ ਸੁਖਮਨੀ ਵਿਚ ਬ੍ਰਹਮ ਗਿਆਨੀ ਅਤੇ ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਅਜਿਹਾ 'ਨਰ' ਹੈ ਜੋ ਦੁਖ-ਸੁਖ, ਉਸਤਤਿ-ਨਿੰਦਾ, ਮਾਨ-ਅਪਮਾਨ, ਹਰਖ-ਸੋਗ ਆਦਿ ਦਵੰਦਾਂ ਤੋਂ ਮੁਕਤ ਹੈ ਅਤੇ ਸਮਾਜ ਅਤੇ ਰਾਜ ਵਿਚ 'ਨਿਰਭਉ' ਅਤੇ 'ਨਿਰਵੈਰ' ਹੋ ਕੇ ਵਿਚਰਦਾ ਹੈ।[8] ਗੁਰੂ ਗੋਬਿੰਦ ਸਿੰਘ ਕਾਲ ਵਿਚ 'ਸਚਿਆਰਾ' ਖ਼ਾਲਸੇ ਦਾ ਰੂਪ ਧਾਰਨ ਕਰਦਾ ਹੈ ਜੋ 'ਜਾਗਤਿ-ਜੋਤਿ' ਦਾ ਉਪਾਸ਼ਕ ਹੈ ਅਤੇ ਜਤਿ, ਜੋਗ, ਨੇਮ, ਗਿਆਨ, ਸ਼ੀਲ-ਸੰਤੋਖ ਦਾ ਧਾਰਨੀ ਹੈ।[9] ਖ਼ਾਲਸੇ ਦੀ ਸਿਰਜਨਾ ਦਾ ਆਰੰਭ ਗੁਰੂ ਨਾਨਕ ਦੇਵ ਦੇ ਮੂਲ-ਸਿਧਾਂਤ ਮੂਲ-ਮੰਤਰ ਤੋਂ ਹੋਇਆ ਜਿਸ ਵਿਚ ਇਸ਼ਟ ਦੇ ਸਰੂਪ ਵਿਚ ਇਕ ਆਦਰਸ਼ ਮਨੁੱਖ ਦੀ ਕਲਪਨਾ ਕੀਤੀ ਗਈ ਹੈ। ਇਸ ਆਸ਼ੇ ਤੋਂ ਗੋਕਲ ਚੰਦ ਨਾਰੰਗ ਦੇ ਇਸ ਵਿਚਾਰ ਵਿਚ ਸਾਰਥਕਤਾ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਕਿਰਪਾਨ ਲਈ ਫ਼ੌਲਾਦ ਗੁਰੂ ਨਾਨਕ ਦੇਵ ਨੇ ਤਿਆਰ ਕੀਤਾ ਸੀ।[10] ਸਿੱਖਾਂ ਵਿਚ ਰਾਜਸੀ ਜਾਗ੍ਰਿਤੀ ਦਾ ਆਧਾਰ ਮੂਲ-ਮੰਤਰ ਦਾ ਸੰਕਲਪ ਹੈ। ਸ. ਕਪੂਰ ਸਿੰਘ ਨੇ ਇਸ ਤੱਥ ਬਾਰੇ ਵਿਸ਼ੇਸ਼ ਚਰਚਾ ਕੀਤੀ ਹੈ ਕਿ ਗੁਰੂ ਨਾਨਕ ਦੇਵ ਦੇ ਸੰਦੇਸ਼ਾਂ ਤੋਂ ਪੈਦਾ ਹੋਏ ਮਨੁੱਖ ਦੀ ਪੂਰਨਤਾ ਖ਼ਾਲਸੇ ਦੀ ਸਥਾਪਨਾ ਵਿਚ ਹੋਈ।[11] ਇਸ ਵਿਚਾਰਧਾਰਾ ਦੇ ਕੁਝ ਅੰਗ ਵਿਚਾਰ ਲੈਣੇ ਜ਼ਰੂਰੀ ਹਨ ਤਾਂ ਕਿ ਮੂਲ ਮੰਤਰ ਦਾ ਅਮਲੀ ਪੱਖ ਸਪਸ਼ਟ ਹੋ ਜਾਵੇ।

4. 'ੴ' ਦੇ ਸੰਕਲਪ ਤੋਂ ਅਨੇਕ ਦੇਵੀ ਦੇਵਤਿਆਂ ਦੀ ਥਾਵੇਂ ਇਕ ਪਰਮਾਤਮਾ ਵਿਚ ਵਿਸ਼ਵਾਸ ਦੀ ਵਿਚਾਰਧਾਰਾ ਸਥਾਪਿਤ ਹੋਈ। ਆਦਰਸ਼ ਮਨੁੱਖ ਕੇਵਲ ਇਕ-ਪਰਮਾਤਮਾ ਨੂੰ ਮੰਨਦਾ ਹੈ, ਇਸ ਤੋਂ ਬਿਨਾ ਕਿਸੇ ਹੋਰ ਸ਼ਕਤੀ ਵਿਚ ਵਿਸ਼ਵਾਸ ਨਹੀਂ ਰਖਦਾ। ਇਕ ਪਰਮਾਤਮਾ ਦਾ ਭਾਵ ਬਹੁਤ ਸਾਰੀਆਂ ਸ਼ਕਤੀਆਂ ਦਾ ਕੁਲ ਜੋੜ ਨਹੀਂ ਸਗੋਂ ਇਸ ਦਾ ਭਾਵ ਇਹ ਹੈ ਕਿ ਸਰਬ-ਸਮਰੱਥ ਪਾਰਬ੍ਰਹਮ ਇਕ ਹੈ ਜਿਸ ਕਾਰਨ ਸਾਰੀਆਂ ਸ਼ਕਤੀਆਂ ਦੀ ਹੋਂਦ ਅਤੇ ਪ੍ਰਗਟਾਵਾ ਸੰਭਵ ਹੈ। ਇਕ ਪਰਮਾਤਮਾ ਦਾ ਇਹ ਵੀ ਭਾਵ ਹੈ ਕਿ ਹਿੰਦੂਆਂ ਦਾ ਈਸ਼ਵਰ ਵੱਖਰਾ ਨਹੀਂ, ਨਾ ਹੀ ਮੁਸਲਮਾਨਾਂ ਦਾ ਖ਼ੁਦਾ ਹੋਰ ਹੈ, ਸਗੋਂ ਸਰਬ ਰਚਨਾ, ਸਾਰੇ ਮਨੁੱਖਾਂ, ਸਰਬੱਤ-ਧਰਮਾਂ ਦਾ ਉਹ ਹੀ ਇਕੋ ਰੱਬ ਹੈ। ਉਹ ਇਕੋ ਹੀ ਸਭ ਦਾ ਕਰਤਾ ਹੋਣ ਕਾਰਨ ਸਰਬ-ਜੀਆਂ ਨੂੰ ਪਿਆਰ ਕਰਦਾ ਹੈ, ਅਤੇ ਕਿਸੇ ਨੂੰ ਨਫ਼ਰਤ ਜਾਂ ਵੈਰ ਨਹੀਂ ਕਰਦਾ। ਜਾਤ, ਜਨਮ, ਨਸਲ, ਦੇਸ਼, ਧਰਮ, ਕੌਮ ਰੰਗ ਅਤੇ ਧੰਨ ਦੇ ਆਧਾਰ ਉੱਤੇ ਪਾਈਆਂ ਵੰਡਾਂ ਇਕੀਸ਼ਵਰਵਾਦੀ ਧਾਰਾ ਦੇ ਵਿਰੁੱਧ ਹਨ। ਸਾਰੇ ਮਨੁੱਖ ਇਕ ਪਰਮੇਸ਼ਵਰ ਪਿਤਾ ਦੀ ਸੰਤਾਨ ਹੋਣ ਨਾਤੇ ਭਰਾ-ਭਰਾ ਹਨ। ਦੇਸ਼ ਕਾਲ ਦੀਆਂ ਪਰਿਸਥਿਤੀਆਂ ਕਾਰਨ ਕੋਈ ਉਦਾਸੀ, ਸੰਨਿਆਸੀ, ਯੋਗੀ, ਹਿੰਦੂ, ਤੁਰਕ, ਜਤੀ, ਰਾਫਜੀ, ਸੂਫ਼ੀ, ਸੰਨਿਆਸੀ ਹੋ ਸਕਦਾ ਹੈ ਪਰ ਮੂਲ ਰੂਪ ਵਿਚ ਸਭ ਇਕ ਹਨ।[12] ਪਰਮਾਤਮਾ ਦੀ ਏਕਤਾ ਦੇ ਸੰਕਲਪ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਲੇ ਕੱਟੜ ਵਿਰੋਧ ਨੂੰ ਘੱਟ ਕੀਤਾ। ਉਨ੍ਹਾਂ ਦੇ ਵਿਪਰੀਤ ਧਾਰਮਿਕ ਅਕੀਦਿਆਂ ਦੀਆਂ ਡੂੰਘਾਈਆਂ ਵਿਚੋਂ ਇਕਸੁਰਤਾ ਅਤੇ ਇਕਸਾਰਤਾ ਦੀ ਭਾਲ ਇਕ

ਸ੍ਰੇਸ਼ਠ ਆਤਮਿਕ ਜਿੱਤ ਸੀ ਜਿਸ ਦਾ ਮਾਣ ਸਿੱਖ ਧਰਮ ਦੇ ਮੁੱਢਲੇ ਸਿਧਾਂਤਾਂ ਨੂੰ ਪ੍ਰਾਪਤ ਹੈ।[13] ਗੁਰੂ ਨਾਨਕ ਦੇਵ ਨੇ 'ੴ' ਵਿਚ ਦਰਸਾਈ ਪਰਮਾਤਮਾ ਦੀ ਏਕਤਾ ਤੋਂ ਸਰਬ-ਮਨੁੱਖਤਾ ਦੀ ਏਕਤਾ ਅਤੇ ਬਰਾਬਰੀ ਦਾ ਸੰਦੇਸ਼ ਦਿੱਤਾ ਜਿਸ ਵਿਚ ਜਾਤ-ਪਾਤ, ਉਚ-ਨੀਚ, ਵਰਣ-ਆਸ਼ਰਮ ਦੇ ਆਧਾਰ ਉੱਤੇ ਕੋਈ ਵੱਡਾ ਨਹੀਂ। ਨਾ ਹੀ ਇਸਤਰੀ ਜਾਤੀ ਗ਼ੁਲਾਮ ਤੇ ਨੀਵੀਂ ਕੁਲ ਦੀ ਹੈ, ਨਾ ਹੀ ਸ਼ੂਦਰ ਤ੍ਰਿਸਕਾਰ ਦਾ ਪਾਤਰ ਹੈ। ਸਗੋਂ ਸਾਰੀ ਮਨੁੱਖਤਾ ਪੂਰਨ ਸਵੈਮਾਨ ਅਤੇ ਸਤਿਕਾਰ ਦੀ ਹੱਕਦਾਰ ਹੈ, ਕਿਉਂਕਿ ਸਭ ਦਾ ਕਰਤਾ ਇਕੋ ਪਰਮਾਤਮਾ ਹੈ :

ਸਭਨਾ ਜੀਆਂ ਕਾ ਇਕ ਦਾਤਾ
ਸੋ ਮੈਂ ਵਿਸਰਿ ਨ ਜਾਈ। (ਜਪੁਜੀ 5)

ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰੀ ਸ਼ੂਦਰ ਅਤੇ ਇਸਤਰੀ ਨੂੰ ਬਰਾਬਰੀ ਦਾ ਰੁਤਬਾ ਪ੍ਰਾਪਤ ਹੋਇਆ। ਮਨੁੱਖਤਾ ਦੀ ਜਾਤਾਂ ਅਤੇ ਵਰਣਾਂ ਵਿਚ ਵੰਡ ਦਾ ਖੰਡਨ ਹੋਇਆ। ਸਾਰੇ ਮਨੁੱਖ ਜਨਮ ਤੋਂ ਬਰਾਬਰ ਹਨ। ਮਨੁੱਖ ਦੇ ਚੰਗੇ ਜਾਂ ਮਾੜੇ ਅਮਲ ਉਸ ਦੀ ਸਮਾਜਿਕ ਸਥਿਤੀ ਦਾ ਆਧਾਰ ਹੋ ਸਕਦੇ ਹਨ। ਚਾਰ ਜਾਤਾਂ ਰਿਗਵੈਦਿਕ ਪੁਰਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਨਹੀਂ ਪੈਦਾ ਹੋਈਆਂ, ਸਗੋਂ ਇਕੋ ਪਰਮਾਤਮਾ ਦੀਆਂ ਕਿਰਤ ਹਨ, ਸਭ ਵਿਚ ਉਸ ਦੀ ਜੋਤਿ ਹੈ।

ਸਰਬ-ਮਨੁੱਖਤਾ ਨੂੰ ਇਹੋ ਸੰਦੇਸ਼ ਦਿੱਤਾ। ਗੁਰੂ ਨਾਨਕ ਦੇਵ ਨੇ ਆਪਣੀਆਂ ਉਦਾਸੀਆਂ ਵਿਚ ਅਤੇ ਵਿਸ਼ੇਸ਼ ਤੌਰ ਉੱਤੇ ਕਰਤਾਰਪੁਰ ਦੀ ਧਰਤੀ ਉੱਤੇ ਇਸ ਸੰਕਲਪ ਨੂੰ ਅਮਲੀ ਰੂਪ ਵਿਚ ਢਾਲਿਆ ਜਿਥੇ ਨਾਮ, ਕੀਰਤਨ, ਕਿਰਤ, ਲੰਗਰ, ਸੰਗਤ, ਪੰਗਤ, ਸੇਵਾ, ਸਾਰੇ ਕਰਮਾਂ ਵਿਚ ਸਭ ਦੀ ਸਾਂਝ ਸੀ। ਕਰਤਾਰਪੁਰ ਦੀ ਧਰਤੀ ਕਥਨੀ ਅਤੇ ਕਰਨੀ, ਸਿਧਾਂਤ ਅਤੇ ਕਰਮ, ਸਮਾਜਿਕਤਾ ਅਤੇ ਅਧਿਆਤਮਿਕਤਾ ਦੇ ਸੁੰਦਰ ਸੁਮੇਲ ਦੀ ਪ੍ਰਯੋਗਸ਼ਾਲਾ ਸੀ। ਇਸ ਪ੍ਰਯੋਗਸ਼ਾਲਾ ਵਿਚ ਹਰ ਫ਼ਿਰਕੇ ਅਤੇ ਆਸ਼ਰਮ ਦੇ ਮਨੁੱਖਾਂ ਨੇ ਭਾਗ ਲਿਆ। ਹਿੰਦੂ ਧਰਮ ਮੂਲ-ਰੂਪ ਵਿਚ ਵਰਣਾਸ਼ਰਮ ਧਰਮ ਹੈ, ਜਿਸ ਦਾ 'ੴ' ਦੀ ਵਿਚਾਰਧਾਰਾ ਨੇ ਖੰਡਨ ਕੀਤਾ। ਵਰਣਾਸ਼ਰਮ ਧਰਮ ਅਨੁਸਾਰ ਖਤਰੀਆਂ, ਬ੍ਰਾਹਮਣਾਂ, ਵੈਸ਼ਾਂ ਅਤੇ ਸ਼ੂਦਰਾਂ ਦਾ ਵੱਖ-ਵੱਖ ਧੰਦਾ ਹੀ ਉਨ੍ਹਾਂ ਦਾ ਧਰਮ ਹੈ ਪਰ ਗੁਰਮਤਿ ਧਾਰਾ ਵਿਚ ਮਨੁੱਖ ਕਿਰਤ ਲਈ ਕੋਈ ਵੀ ਕੰਮ ਕਰ ਸਕਦਾ ਹੈ, ਹਰੇਕ ਮਨੁੱਖ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਸਭ ਕੁਝ ਹੈ, ਅਤੇ ਹਰੇਕ ਮਨੁੱਖ ਦਾ ਇਕ–ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਹੀ ਉਸ ਦਾ ਅਸਲੀ ਧਰਮ ਹੈ।[14] ਗੁਰੂ ਨਾਨਕ ਦੇਵ ਅਤੇ ਸਿੱਖ ਗੁਰੂ ਸਾਹਿਬਾਨ ਨੇ ਸਾਰੀਆਂ ਸਿੱਖ ਪਰੰਪਰਾਵਾਂ ਵਿਚ 'ਏਕ ਪਿਤਾ ਏਕਸ ਕੇ ਹਮ ਬਾਰਕ' ਦਾ ਆਦਰਸ਼ ਸਾਹਮਣੇ ਰਖਿਆ। ਸੰਗਤ ਅਤੇ ਪੰਗਤ ਵਿਚ ਲੰਗਰ ਦੀ ਸੇਵਾ, ਜੋੜੇ ਝਾੜਨੇ, ਪੱਖਾ, ਪਾਣੀ, ਝਾੜੂ ਦੀ ਸੇਵਾ, ਇਸਤਰੀਆਂ, ਮਰਦ, ਅਮੀਰ ਗ਼ਰੀਬ, ਗ੍ਰੰਥੀ, ਭਾਈ ਸਭ ਮਿਲ ਕੇ ਕਰਦੇ ਹਨ। ਪੂਜਾ, ਪਾਠ, ਕੀਰਤਨ, ਅਰਦਾਸ ਸਭ ਲਈ ਸਾਂਝੀ ਹੈ ਅਤੇ ਕੋਈ ਵੀ ਕਰ ਸਕਦਾ ਹੈ। ਜ਼ਾਤ, ਪਾਤ, ਵਰਣ ਦੇ ਵਿਤਕਰੇ ਸਿੱਖ ਸਿਧਾਂਤਾਂ ਦੇ ਵਿਰੁੱਧ ਹਨ। ਗੁਰੂ ਗੋਬਿੰਦ ਸਿੰਘ ਨੇ ਇਨ੍ਹਾਂ ਸਿਧਾਂਤਾਂ ਦੇ ਆਧਾਰ ਉੱਤੇ ਹੀ ਖ਼ਾਲਸਾ ਪੰਥ ਦੀ ਨੀਂਹ ਰੱਖੀ। ਖ਼ਾਲਸਾ ਇਕ ਅਕਾਲ ਪੁਰਖ ਦਾ ਉਪਾਸ਼ਕ ਹੈ। ਇਕ ਤੋਂ ਬਿਨਾ ਹੋਰ ਦੇਵੀ, ਦੇਵਤਿਆਂ, ਅਵਤਾਰਾਂ, ਮੜ੍ਹੀਆਂ ਕਬਰਾਂ ਨੂੰ ਨਹੀਂ ਪੂਜਦਾ। ਮੂਲ-ਮੰਤਰ ਵਿਚਲੇ ਬਹੁਤ ਸਾਰੇ ਪਰਮਾਤਮ-ਗੁਣਾਂ ਦਾ ਸੰਚਾਰ ਖ਼ਾਲਸੇ ਵਿਚ ਕੀਤਾ ਗਿਆ। ਖ਼ਾਲਸਾ 'ਅਕਾਲ ਪੁਰਖ' ਦੀ ਫ਼ੌਜ ਹੈ। 'ਅਕਾਲ' ਅਤੇ 'ਪੁਰਖ' ਦੋਵੇਂ ਮੂਲ-ਮੰਤਰ ਦੇ ਸੰਕਲਪ ਹਨ। ਖ਼ਾਲਸੇ ਦੀ ਫ਼ਤਹਿ, 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਵਿਚ ਖ਼ਾਲਸੇ ਨੂੰ ਇਕ ਵਾਹਿਗੁਰੂ ਨਾਲ ਸੰਬੰਧਿਤ ਕੀਤਾ ਗਿਆ ਹੈ। ਪਰਮਾਤਮਾ ਨੂੰ 'ਗੁਰੂ' (ਵਾਹਿਗੁਰੂ) ਰੂਪ ਵਿਚ ਸੰਬੋਧਨ ਮੂਲ-ਮੰਤਰ ਦੇ 'ਗੁਰਪ੍ਰਸਾਦਿ' ਤੋਂ ਵਿਕਸਿਤ ਹੋਇਆ। ਖ਼ਾਲਸੇ ਦੇ ਜੈਕਾਰੇ 'ਸਤਿ ਸ੍ਰੀ ਅਕਾਲ' ਵਿਚ 'ਸਤਿ' ਅਤੇ 'ਅਕਾਲ' ਦੋਵੇਂ ਸ਼ਬਦ ਮੂਲ-ਮੰਤਰ ਵਿਚੋਂ ਲਏ ਗਏ ਹਨ। ਖ਼ਾਲਸੇ ਦੇ ਸ਼ਸਤਰਾਂ ਉੱਤੇ ਮੂਲ-ਮੰਤਰ ਦੇ ਪਾਠ ਲਿਖੇ ਹੁੰਦੇ ਸੀ। ਅੰਮ੍ਰਿਤਪਾਨ ਸਮੇਂ ਲਗਾਤਾਰ ਮੂਲ-ਮੰਤਰ ਦੇ ਪਾਠ ਉਚਾਰੇ ਜਾਂਦੇ ਹਨ ਅਤੇ ਬਿਨਾ ਕਿਸੇ ਜ਼ਾਤ, ਜਨਮ ਦੇ ਵਿਤਕਰੇ ਤੋਂ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ ਜਾਂਦਾ ਹੈ। ਅੰਮ੍ਰਿਤ ਛੱਕ ਕੇ ਸਿੱਖ ਨਿਰਭਉ, ਨਿਰਵੈਰ, ਸੰਤ-ਸਿਪਾਹੀ ਬਣ ਜਾਂਦਾ ਹੈ।

5.1 ਗੁਰੂ ਨਾਨਕ ਦੇਵ ਦਾ ਪਰਮਾਤਮਾ ਯੋਗੀਆਂ ਦਾ ਸ਼ੂਨ੍ਯ ਜਾਂ ਅਣਹੋਂਦ ਨਹੀਂ, ਸਗੋਂ ਗੁਣੀ-ਨਿਧਾਨ ਹੈ,[15] ਜੋ ਸਾਰੇ ਜੀਆਂ ਨੂੰ ਆਪਣੇ ਖ਼ਜ਼ਾਨੇ ਵਿਚੋਂ ਗੁਣਾਂ ਦੀ ਬਖ਼ਸ਼ਿਸ਼ ਕਰਦਾ ਹੈ।[16] ਉਸ ਦੇ ਗੁਣ ਅਮੁੱਲ, ਅਪਾਰ ਅਤੇ ਬੇਅੰਤ ਹਨ। ਜਿਵੇਂ-ਜਿਵੇਂ ਮਨੁੱਖ ਰੱਬੀ ਗੁਣਾਂ ਨੂੰ ਧਾਰਨ ਕਰਦਾ ਹੈ ਤਿਵੇਂ-ਤਿਵੇਂ ਉਹ ਪਰਮਾਤਮਾ ਦੇ ਨੇੜੇ ਹੁੰਦਾ ਜਾਂਦਾ ਹੈ। ਗੁਰੂ ਇਨ੍ਹਾਂ ਗੁਣਾਂ ਦੀ ਸੋਝੀ ਬਖ਼ਸ਼ਦਾ ਹੈ।[17] ਇਨ੍ਹਾਂ ਗੁਣਾਂ ਬਿਨਾ ਭਗਤੀ ਹੋ ਨਹੀਂ ਸਕਦੀ।[18] ਸੱਚੀ ਭਗਤੀ ਪਰਮਾਤਮ-ਗੁਣਾਂ ਦਾ ਗ੍ਰਹਿਣ ਕਰਨਾ ਹੈ। ਨਿਰਸੰਦੇਹ ਇਨ੍ਹਾਂ ਗੁਣਾਂ ਵਿਚੋਂ ਸਰਵੋਤਮ ਪਰਮਾਤਮ-ਗੁਣ 'ਸਤਿ' ਹੈ। ਸਤਿ ਸੱਚੀ ਹੋਂਦ ਹੈ। ਸੰਸਾਰ ਭਾਵੇਂ ਥਿਰ ਨਹੀਂ, ਪਰ ਉਸ ਦੀ ਹੋਂਦ ਕਾਰਨ ਸੱਤ ਹੈ। ਜੀਵ ਦਾ ਸਰੀਰ ਨਾਸ਼ਮਾਨ ਹੈ, ਪਰ ਉਸ ਵਿਚਲੀ ਆਤਮਾ 'ਸਤਿ' ਹੈ। ਇਸ ਸੱਚ ਦੀ ਪਹਿਚਾਣ ਹੀ ਮਨੁੱਖ ਦਾ ਲਕਸ਼ ਹੈ। ਜਪੁਜੀ ਦੀ ਮੂਲ ਸਮੱਸਿਆ ਵੀ ਇਹ ਹੈ ਕਿ ਮਨੁੱਖ ਨੇ ਸਚਿਆਰਾ ਕਿਵੇਂ ਬਣਨਾ ਹੈ? 'ਆਸਾ ਦੀ ਵਾਰ' ਵਿਚ ਸੱਚ ਦੀ ਪ੍ਰਾਪਤੀ ਦਾ ਸਵਿਸਥਾਰ ਉੱਲੇਖ ਹੈ। ਗੁਰੂ ਨਾਨਕ ਵਿਧਾਨ ਵਿਚ ਸੱਚ ਦੇ ਸੰਕਲਪ ਨਾਲੋਂ ਵੀ ਸੱਚਾ ਅਮਲੀ ਜੀਵਨ ਆਚਾਰ ਉੱਚਾ ਮੰਨਿਆ ਗਿਆ ਹੈ। ਗੁਰੂ ਨਾਨਕ ਦੇਵ ਅਨੁਸਾਰ ਧਾਰਮਿਕ ਵਾਦ-ਵਿਵਾਦਾਂ ਨਾਲ ਪ੍ਰਾਪਤੀ ਨਹੀਂ ਹੁੰਦੀ, ਪ੍ਰਾਪਤੀ ਸੱਚ ਦੀ ਕਮਾਈ ਰਾਹੀਂ ਸੰਭਵ ਹੈ।[19]

5.2. 'ਇਕ' ਅਤੇ 'ਸਤਿ' ਦੀ ਪ੍ਰਾਪਤੀ ਦਾ ਮਾਰਗ ਵੀ ਇਕੋ ਨਾਮ-ਮਾਰਗ ਹੈ। ਨਾਮ-ਮਾਰਗ ਹੀ ਸਰਬ-ਮਨੁੱਖਤਾ ਦਾ ਸ੍ਰੇਸ਼ਠ ਧਰਮ ਹੋ ਸਕਦਾ ਹੈ।[20] ਨਾਮ ਪਰਮਾਤਮਾ ਦੇ ਅਨੇਕ ਗੁਣਾਂ ਦਾ ਪ੍ਰਗਟਾਵਾ ਹੈ। ਆਦਰਸ਼ ਮਨੁੱਖ ਪਰਮਾਤਮਾ ਦੇ ਸਰਬੱਤ ਨਾਵਾਂ ਤੋਂ ਬਲਿਹਾਰ ਜਾਂਦਾ ਹੈ। ਨਾਮ ਪਰਮਾਤਮਾ ਦੇ ਹੁਕਮ ਦੀ ਸੂਝ ਅਤੇ ਅਨੁਸਾਰਤਾ ਹੈ। ਆਦਰਸ਼ ਮਨੁੱਖ 'ਹੁਕਮ' ਅਨੁਸਾਰ ਜੀਵਨ ਨੂੰ ਢਾਲਦਾ ਹੈ, ਆਪਣੀ 'ਹਉਮੈ' ਤੋਂ ਅਗਵਾਈ ਨਹੀਂ ਲੈਂਦਾ। ਨਾਮ ਅਤੇ ਹਉਮੈ ਵਿਪਰੀਤ ਸੰਕਲਪ ਹਨ। 'ਹਉਮੈ' ਤੋਂ ਹੀ ਸਾਰੀਆਂ ਵੰਡਾਂ, ਵਖੇਵੇਂ, ਵਿਤਕਰੇ ਪੈਦਾ ਹੁੰਦੇ ਹਨ। ਇਸੇ ਲਈ ਨਾਮ-ਮਾਰਗ ਸਾਰੇ ਬਾਹਰੀ ਰਸਮੀ ਕਰਮ-ਕਾਂਡਾਂ, ਭੇਖਾਂ, ਤੀਰਥ-ਇਸ਼ਨਾਨਾਂ ਇਤਿਆਦਿ ਦਾ ਖੰਡਨ ਕਰਦਾ ਹੈ। ਗੁਰੂ ਨਾਨਕ ਦੇਵ ਨੇ ਜੋ ਗੁਰਮਤਿ ਦਾ ਰਾਹ ਦੱਸਿਆ, ਮਨਮਤ ਅਤੇ ਮਾਇਆ ਦੇ ਅੰਧਕਾਰ ਵਿਚ ਜੋ ਜੋਤਿ-ਰੂਪੀ ਪ੍ਰਕਾਸ਼ ਕੀਤਾ, ਜੋ ਆਤਮਿਕ ਬਲ ਮੁਰਦਾ ਹੋ ਚੁੱਕੀਆਂ ਰੂਹਾਂ ਵਿਚ ਭਰਿਆ, ਉਹ ਨਾਮ ਦਾ ਸਦਕਾ ਸੀ।[21] ਗੁਰੂ ਨਾਨਕ ਦੇਵ ਅਨੁਸਾਰ ਉਹ ਗੁਰਮੁਖਿ ਹੀ ਸ੍ਰੇਸ਼ਠ ਅਤੇ ਪ੍ਰਧਾਨ ਪੁਰਖ ਹੈ ਜੋ ਸੱਚ ਦਾ ਵਰਤ ਰਖਦਾ ਹੈ, ਸੰਤੋਖ ਨੂੰ ਤੀਰਥ ਮੰਨਦਾ ਹੈ, ਗਿਆਨ ਦਾ ਇਸ਼ਨਾਨ ਕਰਦਾ ਹੈ, ਦਇਆ ਨੂੰ ਦੇਵਤਾ ਮੰਨਦਾ ਹੈ ਅਤੇ ਖਿਮਾ ਦੀ ਮਾਲਾ ਫੇਰਦਾ ਹੈ।[22] ਅਜਿਹਾ ਮਨੁੱਖ ਜਾਤ, ਵਰਨ, ਮਾਇਆ ਦੇ ਲੋਭ ਅਤੇ ਹਉਮੈ ਦੀ ਮੈਲ ਤੋਂ ਰਹਿਤ ਹੁੰਦਾ ਹੈ।[23] ਅਤੇ ਸਰ-ਅਪਸਰ ਅਤੇ ਪਰਵਿਰਤਿ-ਨਿਰਵਿਰਤਿ ਦੀ ਪਛਾਣ ਕਰਕੇ ਸਹਜ ਮਾਰਗ ਉੱਤੇ ਚਲਦਾ ਹੈ।[24] ਅਜਿਹਾ ਮਨੁੱਖ ਹੀ ਸਿਦਕੀ, ਪ੍ਰਧਾਨ ਅਤੇ ਸਚਿਆਰਾ ਆਦਰਸ਼ ਮਨੁੱਖ ਹੈ।

5.3. 'ਸਤਿ' ਅਤੇ 'ਨਾਮ' ਦਾ ਅਮਲ ਕੇਵਲ ਪਰਾਭੌਤਿਕ ਕਲਿਆਣ ਅਤੇ ਸਦਾਚਾਰਿਕ ਕੀਮਤਾਂ ਤੱਕ ਹੀ ਸੀਮਤ ਨਹੀਂ, ਸਗੋਂ ਸਮੁੱਚੇ ਜੀਵਨ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਸੱਚ ਦਾ ਧਾਰਨੀ ਸਚਿਆਰ ਜਾਂ ਗੁਰਮੁਖਿ ਸੱਚ ਦੀ ਕਸਵੱਟੀ ਨੂੰ ਜੀਵਨ ਦੇ ਹਰੇਕ ਖੇਤਰ ਵਿਚ ਵਰਤਦਾ ਹੈ। ਲੋਕ-ਮਨਾਂ ਵਿਚੋਂ ਰਾਜਸੀ ਭੈ ਨੂੰ ਖ਼ਤਮ ਕਰਨ ਲਈ ਗੁਰੂ ਨਾਨਕ ਦੇਵ ਨੇ ਦੁਨਿਆਵੀ ਪਾਤਸ਼ਾਹ ਨੂੰ ਝੂਠੇ ਪਾਤਸ਼ਾਹ ਅਤੇ ਚਾਰ ਦਿਨਾਂ ਦੇ ਪ੍ਰਾਹੁਣੇ ਦੱਸਿਆ। ਕੇਵਲ ਪਰਮਾਤਮਾ ਹੀ ਸੱਚਾ ਪਾਤਸ਼ਾਹ ਹੈ ਅਤੇ ਸੱਚੇ-ਨਾਮ ਦੀ ਸਿਫ਼ਤ-ਸਲਾਹ ਵਿਚ ਲੱਗਾ ਮਨੁੱਖ ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ। ਸੱਚੀ ਪਾਤਸ਼ਾਹੀ, ਵੱਡਾ ਸਾਹਿਬ, ਊਚਾ ਥਾਉਂ, ਸੱਚੀ ਦਰਗਾਹ, ਸੱਚਾ ਤਖ਼ਤ, ਸੱਚਾ ਮਹਿਲ, ਊਚਾ ਦਰਬਾਰ, ਸੱਚਾ ਹੁਕਮ, ਅਮੁੱਲ ਫ਼ੁਰਮਾਣ, ਅਮੁੱਲ ਬਖ਼ਸ਼ੀਸ਼, ਸੱਚਾ ਖ਼ਜ਼ਾਨਾ, ਸੱਚੀ ਘਾੜਤ, ਅਤੇ ਸੱਚੀ ਟਕਸਾਲ ਆਦਿ ਸੰਕੇਤ ਸੱਚੀ-ਪਾਤਸ਼ਾਹੀ ਲਈ ਵਰਤੇ ਗਏ ਹਨ ਜਿਨ੍ਹਾਂ ਦੇ ਟਾਕਰੇ ਉੱਤੇ ਦੁਨਿਆਵੀ ਪਾਤਸ਼ਾਹਾਂ ਨੂੰ ਝੂਠਾ, ਅਭਿਮਾਨੀ ਅਤੇ ਤ੍ਰਿਸ਼ਨਾਵਸ ਦੱਸਿਆ ਗਿਆ ਤਾਂ ਕਿ ਲੋਕ-ਮਨਾਂ ਵਿਚੋਂ ਸਦੀਆਂ ਦੀ ਗ਼ੁਲਾਮੀ ਕਾਰਨ ਜੋ ਰਾਜ-ਦਰਬਾਰ ਦਾ ਦਬ-ਦਬਾ ਬੈਠਿਆ ਹੋਇਆ ਸੀ, ਉਸ ਨੂੰ ਘਟਾ ਕੇ ਸਵੈ-ਮਾਨ ਵਿਚ ਜੀਉਣ ਦੀ ਪਿਰਤ ਪਾਈ ਜਾਵੇ। ਗੁਰੂ ਜੀ ਨੇ ਦੱਸਿਆ ਕਿ ਕੇਵਲ ਪਾਰਬ੍ਰਹਮ ਹੀ ਸਰਬ-ਸਮਰਥ

ਅਤੇ ਸਰਬ-ਸ਼ਕਤੀਮਾਨ ਹੈ, ਬਾਕੀ ਸਾਰਾ ਸੰਸਾਰ, ਸ਼ਕਤਵਰ ਰਾਜੇ ਸਰਦਾਰ ਉਸਦੇ ਹੁਕਮ ਵਿਚ ਬੱਝੇ ਹੋਏ ਹਨ।[25] ਕੇਵਲ ਸੱਚੇ ਪਾਤਸ਼ਾਹ ਦੀ ਸਿਫ਼ਤ ਸੱਚੀ ਹੈ, ਦੁਨਿਆਵੀ ਹੁਕਮਰਾਨਾਂ ਦੀ ਸਿਫ਼ਤ ਦਾ ਆਧਾਰ ਲਾਲਚ, ਖ਼ੁਦਗਰਜ਼ੀ ਜਾਂ ਡਰ ਉੱਤੇ ਆਧਾਰਿਤ ਹੈ।[26] ਕੇਵਲ ਸੱਚੇ ਪਾਤਸ਼ਾਹ ਦੀ ਚਾਕਰੀ ਤੇ ਸੇਵਾ ਸੱਚੀ ਸੇਵਾ ਹੈ, ਕੇਵਲ ਉਹ ਹੀ ਸਾਡੀਆਂ ਅਰਜ਼ਾਂ ਅਰਦਾਸਾਂ ਸੁਣ ਕੇ ਸਹੀ ਬਖ਼ਸ਼ਿਸ਼ ਕਰਦਾ ਹੈ, ਦੁਨਿਆਵੀ ਝੂਠੇ ਹੁਕਮਰਾਨਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਇਨ੍ਹਾਂ ਦੀ ਗ਼ੁਲਾਮੀ 'ਅਬੀਤਬੀ ਕੀ ਚਾਕਰੀ' ਹੈ, ਜਿਹੜੀ ਸੱਚੀ ਦਰਗਾਹ ਵਿਚ ਪ੍ਰਵਾਨ ਨਹੀਂ ਚੜ੍ਹਦੀ।[27] ਇਹ ਪ੍ਰਸੰਗ ਕੇਵਲ ਅਲੰਕਾਰਿਕ ਨਹੀਂ, ਆਦਰਸ਼ ਮਨੁੱਖ ਦੀ ਸਿਰਜਨਾ ਵਿਚ ਇਸ ਵਿਚਾਰਧਾਰਾ ਦੇ ਬਹੁਤ ਡੂੰਘੇ ਅਰਥ ਹਨ। ਜੇ ਗੁਰੂ ਨਾਨਕ ਦੇਵ ਨੂੰ 'ਸੱਚੇ ਪਾਤਸ਼ਾਹ ਦੀ ਸੇਵਾ' ਅਤੇ 'ਦੁਨਿਆਵੀ ਰਾਜ-ਭਾਗ' ਵਿਚੋਂ ਇਕ ਚੀਜ਼ ਚੁਣਨੀ ਹੋਵੇ, ਤਾਂ ਉਹ ਅਵੱਸ਼ ਹੀ ਸੱਚੇ ਪਾਤਸ਼ਾਹ ਦੀ ਸੇਵਾ ਚੁਣਦੇ। ਇਹ ਭਾਵ ਉਨ੍ਹਾਂ ਦੀ ਬਾਣੀ ਵਿਚ ਪ੍ਰਗਟ ਹਨ।[28] ਇਸ ਲਈ ਆਦਰਸ਼ ਮਨੁੱਖ ਕੇਵਲ ਪਰਮਾਤਮਾ ਅੱਗੇ ਝੁਕਦਾ ਹੈ, ਦੁਨਿਆਵੀ ਸ਼ਕਤੀਆਂ ਦਾ ਪਾਣੀ ਨਹੀਂ ਭਰਦਾ।[29] ਦੁਨਿਆਵੀ ਰਾਜੇ ਰਾਣੇ ਸਰਦਾਰ, ਖ਼ਾਨ ਚੌਧਰੀ ਸਭ ਆਮ ਦੁਨੀਆ ਵਾਂਗ ਪਰਮਾਤਮਾ ਦੀ ਰਈਅਤ ਹਨ ਅਤੇ ਸਭ ਨੇ ਮਰ ਜਾਣਾ ਹੈ,[30] ਇਨ੍ਹਾਂ ਦੀ ਜੀ-ਹਜ਼ੂਰੀ ਦਾ ਸੱਚੀ-ਦਰਗਾਹ ਵਿਚ ਕੋਈ ਮੁੱਲ ਨਹੀਂ। ਗੁਰੂ ਨਾਨਕ ਦੇਵ ਨੇ ਹਾਕਮਾਂ ਦੀ ਸ਼ਾਨ ਸ਼ੌਕਤ, ਹੈਵਰ (ਘੋੜੇ), ਗੈਵਰ (ਹਾਥੀ), ਨੇਜੇ, ਵਾਜੇ, ਲਸ਼ਕਰ, ਖ਼ਾਨ ਮਲੂਕ, ਤਖ਼ਤ, ਸਲਾਮ ਸਭ ਨੂੰ ਵਧੀ ਹੋਈ ਤ੍ਰਿਸ਼ਨਾ ਅਤੇ ਕੂੜਾ ਆਖਿਆ ਅਤੇ ਮਨੁੱਖ ਅੰਦਰ ਵਿਆਪਕ ਪਰਮਾਤਮ-ਸਤਾ ਨੂੰ ਜਾਗ੍ਰਿਤ ਕੀਤਾ।[31] ਅਜਿਹੇ ਦ੍ਰਿਸ਼ਟੀਕੋਣ ਵਾਲਾ ਮਨੁੱਖ ਹੀ ਉੱਤਮ ਸਮਾਜ ਦੀ ਸਿਰਜਨਾ ਕਰ ਸਕਦਾ ਹੈ। ਸੱਚ ਦਾ ਅਜਿਹਾ ਦ੍ਰਿਸ਼ਟੀਕੋਣ ਮੂਲ-ਮੰਤਰ ਤੋਂ ਵਿਕਸਿਤ ਹੋਇਆ।

5.4. ਗੁਰੂ ਨਾਨਕ ਦੇਵ ਨੇ ਨਾਮ-ਵਿਧਾਨ ਨੂੰ 'ਕਿਰਤ' ਅਤੇ 'ਵੰਡ-ਛਕਣ' ਨਾਲ ਸੰਬੰਧਿਤ ਕੀਤਾ (ਨਾਮ ਜਪੋ, ਕਿਰਤ ਕਰੋ, ਵੰਡ ਛਕੋ)। ਇਸੇ ਲਈ ਗੁਰੂ ਨਾਨਕ ਵਿਧਾਨ ਵਿਚ ਮੰਗਣਾ, ਸਮਾਜਿਕ ਅਪਰਾਧ ਹੈ। ਉਨ੍ਹਾਂ ਨੇ ਸਰਬ-ਮਨੁੱਖਤਾ ਦੇ ਨਾਲ ਹੀ ਧਾਰਮਿਕ ਆਗੂਆਂ ਨੂੰ ਵੀ ਕਿਰਤ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਭਿੱਖਿਆ ਮੰਗਣ ਦਾ ਭਰਵਾਂ ਖੰਡਨ ਕੀਤਾ।[32] ਗੁਰੂ ਜੀ ਅਨੁਸਾਰ ਸੰਪਤੀ ਇਕੱਠੀ ਕਰਨ ਵਾਲੇ ਸਰਮਾਇਦਾਰ 'ਵਿਕਾਰੀ' ਲੋਕ ਹਨ ਜੋ ਅਨੇਕਾਂ ਪਾਪਾਂ ਰਾਹੀਂ ਪੈਸਾ ਇਕੱਠਾ ਕਰਦੇ ਹਨ।[33] ਆਦਰਸ਼ ਮਨੁੱਖ ਹੱਥੀਂ ਘਾਲ ਕਰਦਾ ਹੈ ਅਤੇ ਆਪਣੀ ਕਿਰਤ ਦੂਜਿਆਂ ਨਾਲ ਸਾਂਝੀ ਕਰਦਾ ਹੈ।[34] ਇਹ ਆਸਤਿਕ ਸਮਾਜਵਾਦ ਹੈ ਜੋ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਦੀ ਦੇਣ ਹੈ।

6. ਆਦਰਸ਼ ਮਨੁੱਖ ਇਕ ਪਰਮਾਤਮਾ ਨੂੰ ਹੀ 'ਕਰਤਾ ਪੁਰਖ' ਮੰਨਦਾ ਹੈ। ਕਰਤਾ ਸ੍ਰਿਸ਼ਟੀ ਵਿਚ ਵਿਆਪਕ ਹੈ, ਉਸ ਵਿਚ ਹੀ ਸਾਡਾ ਜੀਵਨ, ਗਤੀ ਅਤੇ ਹੋਂਦ ਹੈ ਪਰ ਕਰਤਾ ਅਤੇ ਕਿਰਤ (ਰਚਨਾ) ਇਕ ਨਹੀਂ ਅਰਥਾਤ ਰਚਨਾ ਹੀ ਕਰਤਾ ਨਹੀਂ। ਉਸ ਤੋਂ ਬਿੰਨਾ ਕਿਰਤ ਅਸੰਭਵ ਹੈ ਪਰ 'ਕਿਰਤ' ਤੋਂ ਬਿਨਾ ਵੀ ਉਸ ਦੀ ਹੋਂਦ ਹੈ। ਕਰਤਾ ਭਰਤਾ ਹਰਤਾ ਇਕੋ ਸ਼ਕਤੀ ਹੈ, ਭਿੰਨ ਨਹੀਂ ਅਤੇ 'ਕੁਦਰਤਿ ਦਿਸੈ, ਕੁਦਰਤਿ ਸੁਣੀਐ' ਵਿਚ ਕਰਤਾ ਆਪਣੀ ਸ਼ਖ਼ਸੀਅਤ ਪ੍ਰਗਟ ਕਰ ਰਿਹਾ ਹੈ। ਕੁਦਰਤ ਦੇ ਪ੍ਰਗਟਾ ਵਿਚ ਦੈਵੀ-ਹੁਕਮ ਵਿਦਮਾਨ ਹੈ। ਉਹ ਆਪਣੀ ਨਦਰ, ਕਿਰਪਾ, ਮਿਹਰ ਰਾਹੀਂ ਮਨੁੱਖ ਨੂੰ ਹਮੇਸ਼ਾ ਰਸਤਾ ਦੱਸਦਾ ਰਹਿੰਦਾ ਹੈ। ਉਹ ਸਰਬ-ਜੀਆਂ ਦਾ ਦਾਤਾ, ਰਾਖਾ, ਪ੍ਰਤਿਪਾਲਕ ਅਤੇ ਪਰਵਰਦਗਾਰ ਹੈ।[35] ਉਸ ਦਾ ਨਿਵਾਸ ਅਸਥਾਨ ਮਨੁੱਖੀ ਹਿਰਦਾ ਹੈ।[36] ਮਨੁੱਖੀ ਹਿਰਦੇ ਵਿਚੋਂ ਹੀ ਉਸ ਦੀ ਭਾਲ ਅਤੇ ਪਹਿਚਾਣ ਕਰਨੀ ਹੈ। ਇਸੇ ਲਈ ਸਾਰੀ ਰਚਨਾ ਵਿਚੋਂ ਮਨੁੱਖ ਨੂੰ ਸਰਦਾਰੀ ਪ੍ਰਾਪਤ ਹੈ, ਉਸ ਪਾਸ ਬੁੱਧੀ, ਵਿਚਾਰ-ਸ਼ਕਤੀ ਅਤੇ ਕੰਮ ਕਰਨ ਦਾ ਅਥਾਹ ਬਲ ਹੈ ਜਿਸ ਨਾਲ ਉਹ ਨਵਾਂ ਨਰੋਆ ਸਮਾਜ ਸਿਰਜ ਸਕਦਾ ਹੈ।

ਕਰਤਾ ਪੁਰਖ ਦੀ ਰਚਨਾ ਅਨਿਯਮਿਤ ਅਤੇ ਮੰਤਵਹੀਣ ਨਹੀਂ। ਧਰਤੀ ਧਰਮ ਕਮਾਉਣ ਦੀ ਧਰਮਸ਼ਾਲ ਹੈ,[37] ਸੇਵਾ ਵਰਗੇ ਮਹਾਨ ਅਮਲ ਇਥੇ ਹੀ ਸੰਭਵ ਹਨ।[38] ਰਚਨਾ ਅਜਾਈਂ ਨਹੀਂ, ਇਹ ਕਰਤਾ ਪੁਰਖ ਦੀ ਵਡਿਆਈ ਦਾ ਅਮਲ ਹੈ।[39] ਇਹ ਰਚਨਾ ਵਿਸਮਾਦੀ ਹੈ, ਇਸ ਦੇ ਰੂਪ ਰੰਗ, ਛਬੀਆਂ, ਆਕਾਰ ਅਤੇ

ਗਤੀਸ਼ੀਲਤਾ ਸਭ ਵਿਸਮਾਦੀ ਕਿਰਤਾਂ ਹਨ।[40] ਕਰਤਾ ਪੁਰਖ ਮਹਾਨ ਕਲਾਕਾਰ ਹੈ ਜਿਸ ਨੂੰ ਆਪਣੀ ਕਿਰਤ ਤੋਂ ਅਨੰਦ ਮਿਲਦਾ ਹੈ। ਜਦੋਂ ਅਸੀਂ ਆਲੇ ਦੁਆਲੇ ਦੇ ਸੰਸਾਰ ਨੂੰ ਨਾਦਾਂ ਰੰਗਾਂ ਰੂਪਾਂ ਵਿਚ ਸਜਿਆ ਵੇਖਦੇ ਹਾਂ ਤਾਂ ਅਸੀਂ ਮਹਿਸੂਸ ਕਰਦੇ ਹਾਂ ਕਿ ਉਹ 'ਇਕ' ਇਨ੍ਹਾਂ ਸਾਰੀਆਂ ਵਸਤਾਂ ਰਾਹੀਂ ਕਹਿ ਰਿਹਾ ਹੈ, "ਮੈਨੂੰ ਮੇਰੀ ਰਚਨਾ ਤੋਂ ਆਨੰਦ ਮਿਲ ਰਿਹਾ ਹੈ।"[41] ਗੁਰੂ ਨਾਨਕ ਦੇਵ ਦਾ ਆਦਰਸ਼ ਮਨੁੱਖ ਕੁਦਰਤ ਤੋਂ ਮੂੰਹ ਨਹੀਂ ਮੋੜਦਾ, ਸਗੋਂ 'ਬਲਿਹਾਰੀ ਕੁਦਰਤਿ ਵਸਿਆ' ਦੀ ਭਾਵਨਾ ਅਧੀਨ ਕੁਦਰਤ ਦੇ ਵਿਸਮਾਦੀ ਰੰਗ ਰੂਪਾਂ, ਤੋਂ ਵਜਦ ਵਿਚ ਆ ਕੇ 'ਵਾਹੁ', 'ਵਾਹੁ', 'ਵਾਹੁਗੁਰੂ' ਦੇ ਭਾਵ ਪ੍ਰਗਟ ਕਰਦਾ ਹੈ। ਸੰਸਾਰ ਨੂੰ ਧੋਖਾ ਜਾਂ ਭਰਮ ਨਹੀਂ ਸਮਝਦਾ, ਸਗੋਂ ਸਚੇ ਦੀ ਕਿਰਤ ਸਮਝ ਕੇ ਮਨੁੱਖਤਾ ਦੀ ਸੇਵਾ ਕਰਨੀ ਆਪਣਾ ਕਰਤੱਵ ਸਮਝਦਾ ਹੈ।

7.1. ਸਿੱਖ ਕੌਮ ਵਿਸ਼ੇਸ਼ ਤੌਰ ਉੱਤੇ 'ਨਿਰਭਉ' ਅਤੇ 'ਨਿਰਵੈਰ' ਪਰਮਾਤਮਾ ਦੀ ਉਪਾਸਕ ਹੋਣ ਕਾਰਨ ਇਨ੍ਹਾਂ ਗੁਣਾਂ ਦੀ ਧਾਰਨੀ ਹੈ। ਗੁਰੂ ਨਾਨਕ ਦੇਵ ਨੇ ਜਦੋਂ ਨਿਰਭਉ ਨਿਰਵੈਰ ਦਾ ਸੰਕਲਪ ਦਿੱਤਾ, ਉਦੋਂ ਆਮ ਮਨੁੱਖਾਂ ਦਾ ਜੀਵਨ ਬਲਵਾਨ ਸ਼ਕਤੀਆਂ ਦੇ ਡਰਾਂ ਨਾਲ ਭੈ-ਭੀਤ ਸੀ। ਬ੍ਰਾਹਮਣਾਂ ਦਾ ਛੋਟੀਆਂ ਜਮਾਤਾਂ ਪ੍ਰਤੀ ਵੈਰ, ਘ੍ਰਿਣਾਂ, ਕਰੋਪੀ ਅਤੇ ਸਰਾਪਾਂ ਦਾ ਡਰ, ਦੇਵੀ ਦੇਵਤਿਆਂ ਅਤੇ ਨਰਕਾਂ ਦਾ ਡਰ, ਰਾਜਿਆਂ ਰਾਣਿਆਂ, ਬਿਸਵੇਦਾਰਾਂ, ਸਰਦਾਰਾਂ ਅਤੇ ਅਹਿਲਕਾਰਾਂ ਦਾ ਡਰ ਆਮ ਜੀਵਨ ਦਾ ਅੰਗ ਬਣ ਚੁੱਕਿਆ ਸੀ। ਮੂਲ-ਮੰਤਰ ਮਨੁੱਖ ਨੂੰ ਅਜਿਹੇ ਸਰਬ-ਸਮਰਥ ਨਿਰਭਉ-ਨਿਰਵੈਰ ਬ੍ਰਹਮ ਨਾਲ ਜੋੜਦਾ ਹੈ ਜਿਸ ਦੇ ਗੁਣਾਂ ਦਾ ਸੰਚਾਰ ਉਪਾਸਕ ਵਿਚ ਸੁੱਤੇ-ਸਿੱਧ ਹੁੰਦਾ ਰਹਿੰਦਾ ਹੈ। ਗੁਰੂ ਨਾਨਕ ਦੇਵ ਦਾ ਜੀਵਨ 'ਨਿਰਭਉ ਨਿਰਵੈਰ' ਜੀਵਨ ਦਾ ਉੱਤਮ ਉਦਾਹਰਣ ਹੈ। ਨਿਡਰ ਹੋ ਕੇ ਬਾਬਰ ਦਾ ਸਾਹਮਣਾ ਕਰਨਾ, ਹਾਕਮਾਂ ਨੂੰ ਸ਼ੀਂਹ ਅਤੇ ਅਹਿਲਕਾਰਾਂ ਨੂੰ ਜ਼ਾਲਮ ਕੁੱਤੇ ਕਹਿਣਾ, ਪੰਡਿਤਾਂ, ਬ੍ਰਾਹਮਣਾਂ, ਮੁਲਾਂ, ਕਾਜ਼ੀਆਂ ਦੀਆਂ ਨਿਖੇਧਾਤਮਕ ਰੁਚੀਆਂ ਦੀ ਖੁਲ੍ਹੀ ਆਲੋਚਨਾ ਉਨ੍ਹਾਂ ਦੀ 'ਨਿਰਭੈਤਾ' ਦੇ ਸੰਕੇਤ ਹਨ ਜਿਸ ਦਾ ਅਸਰ ਉਨ੍ਹਾਂ ਦੇ ਪੈਰੋਕਾਰਾਂ ਉੱਤੇ ਹੋਣਾ ਕੁਦਰਤੀ ਸੀ। ਗੁਰੂ ਅਰਜਨ ਦੇਵ ਜਹਾਂਗੀਰ ਦੇ ਸਾਹਮਣੇ ਅਤੇ ਗੁਰੂ ਤੇਗ ਬਹਾਦਰ ਔਰੰਗਜ਼ੇਬ ਦੀ ਸਲਤਨਤ ਮੂਹਰੇ ਨਿਰਭਉ ਹੋ ਕੇ ਵਿਚਰੇ। ਨਾ ਡਰਨਾ, ਨਾ ਡਰਾਣਾ ਗੁਰੂ ਤੇਗ ਬਹਾਦਰ ਅਨੁਸਾਰ ਚੰਗੇ ਮਨੁੱਖ ਦਾ ਆਦਰਸ਼ ਹੈ। ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ 'ਨਿਰਭਉ' ਖ਼ਾਲਸੇ ਨੇ ਮੁਗਲਾਂ ਦੀ ਧੌਂਸ ਨਾ ਮੰਨਦਿਆਂ ਸ਼ਸਤਰ, ਘੋੜੇ, ਕਿਲ੍ਹੇ, ਕਲਗੀ, ਬਾਜ਼, ਦਰਬਾਰ, ਫ਼ੌਜਾਂ, ਨਿਸ਼ਾਨ ਅਤੇ ਨਗਾਰਿਆਂ ਦਾ ਪ੍ਰਯੋਗ ਕੀਤਾ। ਪਰ ਨਿਰਵੈਰ ਭਾਵਨਾ ਸਦਾ ਕਾਇਮ ਰਖੀ। ਕੇਵਲ ਸਵੈਮਾਨ ਅਤੇ ਸਵੈ-ਰਖਿਆ ਲਈ ਅਜਿਹਾ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਦੀ ਮੂਲ ਸਿੱਖਿਆ ਵਿਚ ਦੇਹੁਰਾ ਅਤੇ ਮਸੀਤ, ਪੂਜਾ ਅਤੇ ਨਮਾਜ਼, ਪਰਾਨ ਅਤੇ ਕੁਰਾਨ ਸਭ ਇਕੋ ਪਰਮਾਤਮਾ ਦੀ ਉਪਾਸ਼ਨਾ ਦੇ ਪ੍ਰਗਟਾਵੇ ਹੋਣ ਕਾਰਨ ਇਕੋ ਹਨ।[42] ਗੁਰੂ ਗੋਬਿੰਦ ਸਿੰਘ ਨੇ ਸਾਰੇ ਯੁੱਧਾਂ ਵਿਚ 'ਨਿਰਭਉ' 'ਨਿਰਵੈਰ' ਦੇ ਮੂਲ-ਸਿਧਾਂਤਾਂ ਨੂੰ ਸਾਹਮਣੇ ਰਖਿਆ। ਕੋਈ ਯੁੱਧ ਜਰ, ਜੋਰੂ ਜਾਂ ਜ਼ਮੀਨ ਲਈ ਨਹੀਂ ਲੜਿਆ, ਕਦੀ ਕਿਸੇ ਨੂੰ ਪੱਕਾ ਵੈਰੀ ਨਹੀਂ ਸਮਝਿਆ, ਕਦੀ ਪਹਿਲਾਂ ਵਾਰ ਨਹੀਂ ਕੀਤਾ, ਵਿਰੋਧੀਆਂ ਦੀਆਂ ਧੀਆਂ ਭੈਣਾਂ ਦਾ ਪੂਰਾ ਸਨਮਾਨ ਕਰਨ ਦਾ ਹੁਕਮ ਕੀਤਾ, ਥੋੜ੍ਹੀ ਗਿਣਤੀ ਵਿਚ ਹੁੰਦਿਆਂ ਵੱਡੇ-ਵੱਡੇ ਲਸ਼ਕਰਾਂ ਦਾ 'ਨਿਰਭੈ' ਹੋ ਕੇ ਟਾਕਰਾ ਕੀਤਾ। ਉਪਰੰਤ ਸਾਰਾ ਸਿੱਖ ਇਤਿਹਾਸ ਖ਼ਾਲਸੇ ਦੇ 'ਨਿਰਭੈ' ਹੋ ਕੇ ਜੂਝਣ ਦੀ ਕਹਾਣੀ ਹੈ। ਆਰੇ ਦੇ ਚੀਰ, ਚਰਖੜੀਆਂ, ਗੋਲੀਆਂ, ਡਾਂਗਾਂ, ਜੇਲ੍ਹਾਂ ਦੇ ਤਸੀਹੇ ਇਨ੍ਹਾਂ ਨੂੰ ਡਰਾ ਨਾ ਸਕੇ। ਬੰਦ-ਬੰਦ ਕੱਟੇ ਗਏ, ਪਹੀਆਂ ਹੇਠ ਪਿੰਧੇ ਗਏ ਪਰ ਉਨ੍ਹਾਂ ਨੂੰ ਕੋਈ ਧਮਕਾ ਨਾ ਸਕਿਆ। ਏਨੇ ਅਤਿਆਚਾਰਾਂ ਤੋਂ ਬਾਅਦ ਜਦ ਹੱਥ ਵਿਚ ਸ਼ਕਤੀ ਆਈ ਤਾਂ 'ਨਿਰਵੈਰ' ਖ਼ਾਲਸੇ ਨੇ ਪੰਜਾਬ ਵਿਚ ਸਾਂਝਾ ਕੌਮੀ ਰਾਜ ਕਾਇਮ ਕੀਤਾ।

7.2. ਸਿੱਖ ਧਰਮ ਦੀ ਨਿਤਾ-ਪ੍ਰਤਿ ਅਰਦਾਸ ਦੇ ਅੰਤਲੇ ਵਾਕ–'ਨਾਨਕ ਨਾਮ, ਚੜ੍ਹਦੀ ਕਲਾ (ਨਿਰਭਉ), ਤੇਰੇ ਭਾਣੇ (ਗੁਰਪ੍ਰਸਾਦ), ਸਰਬੱਤ ਕਾ ਭਲਾ (ਨਿਰਵੈਰ) ਵਿਚ ਮੂਲ-ਮੰਤਰ ਦੇ ਚਾਰ ਸੰਕਲਪ ਵਿਦਮਾਨ ਹਨ। ਮਨੁੱਖੀ 'ਵੈਰ' ਭਾਵਨਾ ਧਰਮਾਂ ਦੇ ਗ੍ਰੰਥਾਂ ਨਾਲ ਵੀ ਜੋੜ ਦਿੱਤੀ ਜਾਂਦੀ ਹੈ। ਭਾਈ ਗੁਰਦਾਸ ਅਨੁਸਾਰ ਹਿੰਦੂਆਂ ਦੇ ਗ੍ਰੰਥ ਆਪਸ ਵਿਚ ਵੀ ਮੁਤਫ਼ਿਕ ਨਹੀਂ ਅਤੇ ਵਿਪਰੀਤ ਬੋਲੀ ਬੋਲਦੇ ਹਨ। ਸ਼ਾਸਤਰਾਂ, ਵੇਦਾਂ, ਪੁਰਾਣਾ ਅਤੇ ਛੇ ਦਰਸ਼ਨਾਂ ਨੂੰ ਮੰਨਣ ਵਾਲੇ ਇਕ ਦੂਜੇ ਦੇ ਵੈਰੀ ਬਣ ਜਾਂਦੇ ਹਨ।[43] ਇਸ ਵੈਰ-ਭਾਵ ਤੋਂ

ਮੁਕਤ ਹੋ ਪੈ ਆਦਿ ਗ੍ਰੰਥ ਦੀ ਸੰਪਾਦਨਾ ਕੀਤੀ ਗਈ ਜਿਸ ਵਿਚ ਸਿੱਖ ਗੁਰੂਆਂ ਦੇ ਨਾਲ-ਨਾਲ, ਹਿੰਦੂ ਭਗਤਾਂ ਅਤੇ ਮੁਸਲਮਾਨ ਫ਼ਕੀਰਾਂ ਦੀ ਬਾਣੀ ਵੀ ਦਰਜ ਹੈ ! ਸਿੱਖ ਗੁਰੂਆਂ ਦੇ ਨਾਲ ਹੀ ਵੈਸ਼ਨਵ ਤਰਲੋਚਨ, ਬ੍ਰਾਹਮਣ ਜੈ ਦੇਵ, ਸੂਫ਼ੀ ਭੀਖਣ, ਛੀਂਬਾ ਨਾਮਦੇਵ, ਚਮਾਰ ਰਵਿਦਾਸ, ਕਸਾਈ ਸਦਨਾ ਅਤੇ ਮੁਸਲਮਾਨ ਬਾਬਾ ਫ਼ਰੀਦ ਵੀ ਪੂਰਨ ਸਤਿਕਾਰ ਅਤੇ ਬਰਾਬਰੀ ਪ੍ਰਾਪਤ ਕਰ ਰਹੇ ਹਨ । ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਿਚ 'ਨਿਰਵੈਰ' ਨੂੰ ਹੀ ਅਮਲੀ ਰੂਪ ਦਿੱਤਾ ਗਿਆ ਹੈ । ਆਦਿ ਗ੍ਰੰਥ ਦਾ ਪ੍ਰਮੁਖ ਸਿਧਾਂਤ ਵੀ ਇਹੋ ਹੈ :

ਨਿਰਭਉ ਨਿਰੰਕਾਰ ਨਿਰਵੈਰੁ ਪੂਰਨ ਜੋਤਿ ਸਮਾਈ ।[44]

ਸਿੱਖ ਗੁਰਦਵਾਰੇ, ਬਉਲੀਆਂ, ਨਵੇਂ ਸਥਾਪਿਤ ਸ਼ਹਿਰ, ਕਸਬੇ, ਸਰਬ-ਮਨੁੱਖਤਾ ਦੀ ਭਲਾਈ ਲਈ ਸਨ । ਲੰਗਰ ਸੰਗਤ ਅਤੇ ਪੰਗਤ ਸਰਬ-ਏਕਤਾ, ਸਰਬ-ਸਮਾਨਤਾ ਅਤੇ ਸਰਬ-ਸਾਂਝੀਵਾਲਤਾ ਦੇ ਅਮਲੀ ਕਰਮ ਹਨ ।

8. ਆਦਰਸ਼ਕ ਮਨੁੱਖ ਕੇਵਲ 'ਅਕਾਲ' ਦਾ ਉਪਾਸਕ ਹੈ । **'ਅਕਾਲ ਮੂਰਤਿ'** ਦਾ ਵਿਧਾਨ ਪਰਮਾਤਮਾ ਦੀ ਬੁੱਤਾਂ ਅਤੇ ਮੂਰਤਾਂ ਵਿਚ ਵਿਦਮਾਨਤਾ ਦਾ ਖੰਡਨ ਕਰਦਾ ਹੈ । ਕੇਵਲ ਨਿਰਗੁਣ ਪਰਮਾਤਮਾ ਦੀ ਭਗਤੀ ਹੀ ਸਰਬ-ਮਨੁੱਖਤਾ ਨੂੰ ਜੋੜ ਸਕਦੀ ਹੈ । ਉਸ ਦੀ ਬੁੱਤਾਂ ਵਿਚ ਸਥਾਪਨਾ, ਉਸ ਨੂੰ ਵਿਸ਼ੇਸ਼ ਸ਼ਕਲ, ਆਕਾਰ ਵਿਚ ਨਿਸ਼ਚਿਤ ਕਰ ਦੇਣਾ, ਉਸ ਦੀ ਸਰਬ-ਵਿਆਪਕਤਾ ਨੂੰ ਸੀਮਿਤ ਕਰਨਾ ਹੈ । ਮੁਹੰਮਦ ਸਾਹਿਬ ਦੀ ਸਾਰੀ ਲੜਾਈ ਅਰਬ ਦੇ ਬੁੱਤ-ਪੂਜਨਾਂ ਵਿਰੁੱਧ ਸੀ । ਉਪਰੰਤ ਮੁਸਲਮਾਨਾਂ ਦਾ ਹਿੰਦੂਆਂ ਵਿਰੁੱਧ ਸਾਰਾ ਜ਼ੁਲਮ ਇਸ ਆਧਾਰ ਉੱਤੇ ਸੀ ਕਿ ਹਿੰਦੂ ਬੁੱਤ-ਪੂਜ ਹੈ, ਰੱਬ-ਪੂਜ ਨਹੀਂ, ਇਸ ਲਈ ਕਾਫ਼ਰ ਹੈ । ਸਹਿਨਸ਼ੀਲਤਾ ਦੀ ਭਾਵਨਾ ਅਤੇ ਉਦਾਰਤਾ ਚੰਗੇ ਗੁਣ ਹਨ ਪਰ ਜੇ ਰੱਬ ਨੂੰ ਬੁੱਤਾਂ ਵਿਚ ਵਿਦਮਾਨ ਨਾ ਕੀਤਾ ਜਾਵੇ ਅਤੇ ਉਸ ਦੀ ਰੱਬੀ ਕਲਾਮ ਰਾਹੀਂ, ਬਾਣੀ ਰਾਹੀਂ, ਸ਼ਬਦ ਰਾਹੀਂ, ਨਾਮ ਰਾਹੀਂ ਸਰਾਹਨਾ ਅਤੇ ਪੂਜਾ ਕੀਤੀ ਜਾਵੇ, ਤਾਂ ਸਰਬ ਮਨੁੱਖਤਾ ਨੂੰ ਇਕ-ਰੱਬ ਦੇ ਉਪਾਸਕਾਂ ਦੇ ਰੂਪ ਵਿਚ ਇਕੱਠਾ ਕੀਤਾ ਜਾ ਸਕਦਾ ਹੈ ।

ਸਿੱਖ ਧਰਮ ਨੇ **'ਅਕਾਲ ਮੂਰਤਿ'** ਸੰਕਲਪ ਅਧੀਨ ਬੁਤ-ਪੂਜਾ ਨੂੰ ਸ੍ਵੀਕਾਰ ਨਹੀਂ ਕੀਤਾ ।

9. ਆਦਰਸ਼ ਮਨੁੱਖ 'ਅਜੂਨੀ ਸੈਭੰ' ਦਾ ਉਪਾਸਕ ਹੈ । ਉਸ ਦਾ ਪਰਮਾਤਮਾ ਸਰਬ-ਸਮਰੱਥ ਹੈ, ਜੋ ਖਿਨ ਵਿਚ ਸ੍ਰਿਸ਼ਟੀ ਨੂੰ ਭੰਨਦਾ, ਘੜਦਾ, ਉਸਾਰਦਾ, ਢਾਹੁੰਦਾ ਅਤੇ ਮੁੜ ਉਸਾਰ ਲੈਂਦਾ ਹੈ । ਉਸ ਦੀ ਦੁਨੀਆ ਅਤੀ ਵਿਸ਼ਾਲ, ਅਸੀਮ ਅਤੇ ਅਨੰਤ ਹੈ । ਇਸ ਧਰਤੀ ਦੇ ਕਿਸੇ ਇਕ ਭਾਗ ਵਿਚ ਕਿਸੇ ਵਿਸ਼ੇਸ਼ ਵਧੀਕੀ ਦੇ ਅਮਲ ਨੂੰ ਰੋਕਣ ਲਈ ਉਸ ਨੂੰ ਮਨੁੱਖੀ-ਜੂਨ ਵਿਚ ਜਨਮ-ਧਾਰਨ ਦੀ ਲੋੜ ਨਹੀਂ ਪੈਂਦੀ । ਆਦਰਸ਼ ਮਨੁੱਖ ਅਵਤਾਰਾਂ ਵਿਚ ਨਹੀਂ; ਅਵਤਾਰਾਂ ਦੇ ਕਰਤੇ ਵਿਚ ਵਿਸ਼ਵਾਸ ਰਖਦਾ ਹੈ । ਅਵਤਾਰਵਾਦ ਕਾਰਨ ਮਨੁੱਖਤਾ ਵੰਡੀ ਜਾਂਦੀ ਹੈ । ਕਿਉਂਕਿ ਇਕ ਅਵਤਾਰ ਨੂੰ ਮੰਨਣ ਵਾਲਾ ਦੂਜੇ ਨੂੰ ਨਹੀਂ ਮੰਨਦਾ । ਇਹ ਵੰਡ ਵਿਤਕਰੇ ਕੇਵਲ ਅਵਤਾਰਾਂ ਤਕ ਹੀ ਸੀਮਤ ਨਹੀਂ ਰਹਿੰਦੇ । ਦੇਵੀਆਂ, ਦੇਵਤੇ, ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਵੀ ਆਪਸੀ ਵੈਰ ਵਿਰੋਧ ਰਖਦੇ ਹਨ । ਇਨ੍ਹਾਂ ਦੇ ਉਪਾਸਕ ਗਿਰਹੀ, ਉਦਾਸੀ, ਸੰਨਿਆਸੀ, ਮੋਨੀ, ਬ੍ਰਹਮਚਾਰੀ, ਨਾਂਗੇ ਕਈ ਧਿਰਾਂ ਵਿਚ ਵੰਡੇ ਹੋਏ ਹਨ । ਮੁਸਲਮਾਨਾਂ ਵਿਚ ਸ਼ੀਆ, ਸੁਨੀ, ਅਹਿਮਦੀਏ ਇਨ੍ਹਾਂ ਕਾਰਨਾਂ ਕਰਕੇ ਹੀ ਆਪਸੀ ਵੈਰ ਵਿਰੋਧ ਰਖਦੇ ਹਨ । 'ਅਜੂਨੀ ਦਾ ਸਿਧਾਂਤ' ਇਨ੍ਹਾਂ ਵੰਡਾਂ ਨੂੰ ਖ਼ਤਮ ਕਰਦਾ ਹੈ ਅਤੇ ਪਰਮਾਤਮਾ ਨੂੰ ਮਨੁੱਖੀ ਜਨਮ-ਜੂਨ ਤੋਂ ਰਹਿਤ ਦੱਸਦਾ ਹੈ । ਸਿੱਖ ਧਰਮ ਵਿਚ ਰੱਬ ਅਤੇ ਇਨਸਾਨ ਵਿਚਕਾਰ ਕੋਈ ਅਜਿਹੀ ਹਸਤੀ ਨਹੀਂ ਮੰਨੀ ਗਈ, ਜੇਹੋ ਜੇਹੀ ਹੋਰ ਮਜ਼ਹਬਾਂ ਵਿਚ ਮੰਨੀ ਜਾਂਦੀ ਹੈ । ਸਿੱਖ ਧਰਮ ਦਾ ਪਰਮਾਤਮਾ 'ਅਜੂਨੀ ਸੈਭੰ' ਹੈ ।

10.1. 'ਗੁਰਪ੍ਰਸਾਦਿ' ਵਿਚ ਵਿਅਕਤ 'ਗੁਰੂ' ਅਤੇ 'ਗੁਰੂ ਦੀ ਕਿਰਪਾ' ਦਾ ਸੰਕਲਪ ਸਿੱਖ ਪੰਥ ਵਿਚ ਵਿਸ਼ੇਸ਼ ਮਹਾਨਤਾ ਰੱਖਦਾ ਹੈ । ਸਿੱਖ ਧਰਮ ਦੀ ਗੁਰੂ ਪਰੰਪਰਾ ਨੂੰ ਬਾਕੀ ਧਰਮਾਂ ਦੇ ਰਸੂਲਾਂ, ਖ਼ਲੀਫ਼ਿਆਂ, ਰਖਿਅਕਾਂ, ਰਿਸ਼ੀਆਂ, ਅਵਤਾਰਾਂ ਜਾਂ ਸੰਤਾਂ, ਸਾਧੂਆਂ, ਮੁਕਤਾਂ, ਸੂਫ਼ੀਆਂ, ਬ੍ਰਹਮ-ਗਿਆਨੀਆਂ, ਦੇ ਤੁਲ ਨਹੀਂ ਕਿਹਾ ਜਾ ਸਕਦਾ । ਸਿੱਖ ਪਰੰਪਰਾ ਰੂਹਾਨੀ ਜੋਤਿ ਦੀ ਪਰੰਪਰਾ ਸੀ ਜਿਸ ਨੇ ਇਹ ਸਿੱਧ ਕੀਤਾ ਕਿ ਰੂਹਾਨੀ ਆਵਾਜ਼

ਅਤੇ ਹੁਕਮ ਅਨੁਸਾਰ ਆਦਰਸ਼ ਜੀਵਨ ਜੀਵਿਆ ਜਾ ਸਕਦਾ ਹੈ। ਸਿੱਖ ਗੁਰੂ ਪਰੰਪਰਾ 200 ਸਾਲ ਜਾਰੀ ਰਹੀ ਪਰ 'ਜੋਤਿ' ਉਹੋ ਰਹੀ, ਕੇਵਲ ਸਰੀਰ ਦੀ ਤਬਦੀਲੀ ਹੁੰਦੀ ਰਹੀ ਅਤੇ ਅੰਤ ਵਿਚ ਇਹ ਜੋਤਿ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਵਿਚ ਵਿਦਮਾਨ ਹੋ ਗਈ। ਬਾਣੀ ਪਹਿਲਾਂ ਹੀ ਗੁਰੂ ਦਾ ਅਸਲ ਸਰੂਪ ਸੀ ਪਰ ਜਿਸ ਮਾਧਿਅਮ ਰਾਹੀਂ ਬਾਣੀ ਪ੍ਰਗਟ ਹੋਈ, ਉਹ ਮਾਧਿਅਮ ਸਰੀਰ ਰੂਪ ਵਿਚ ਜੀਵਿਤ ਹੋਣ ਕਾਰਨ ਪੂਰਨ ਸਤਿਕਾਰ ਦਾ ਪਾਤਰ ਸੀ। ਗੁਰੂ ਗੋਬਿੰਦ ਸਿੰਘ ਨੇ 1708 ਈ. ਵਿਚ ਗੁਰੂ ਪਰੰਪਰਾ ਗੁਰੂ ਗ੍ਰੰਥ (ਗੁਰੂਆਂ ਰਾਹੀਂ ਪ੍ਰਗਟ ਹੋਈ ਪਰਮਾਤਮ ਆਵਾਜ਼) ਅਤੇ ਗੁਰੂ ਗ੍ਰੰਥ (ਗਿਆਨ ਤੇ ਸੋਝੀ ਵਾਲੀ ਕੌਮ) ਨੂੰ ਦੇ ਦਿੱਤੀ। ਇਹ ਗੁਰੂ-ਪਰੰਪਰਾ ਅਨੰਤ ਕਾਲ ਲਈ ਹੈ।

10.2. ਸ਼ਬਦ-ਗੁਰੂ ਅਤੇ 'ਪ੍ਰਸਾਦਿ' ਸਿਧਾਂਤ ਨੇ ਸਿੱਖ ਜਗਤ ਨੂੰ ਬ੍ਰਾਹਮਣੀ ਤਾਬਿਆਦਾਰੀ ਅਤੇ ਕਰਮ-ਸਿਧਾਂਤ ਦੇ ਅਮਿਟ ਚੱਕਰ ਤੋਂ ਮੁਕਤ ਕਰ ਦਿੱਤਾ। ਪਰਾ-ਗਿਆਨ ਅਤੇ ਗ੍ਰੰਥਾਂ ਦੀ ਪਾਠ-ਪੂਜਾ ਕੇਵਲ ਬ੍ਰਾਹਮਣ ਜਾਤੀ ਦਾ ਅਧਿਕਾਰ ਸੀ ਜਿਸ ਨੇ ਬ੍ਰਾਹਮਣ-ਹਉਮੈਵਾਦ ਨੂੰ ਜਨਮ ਦਿੱਤਾ। ਗੁਰੂ ਨਾਨਕ ਦੇਵ ਅਨੁਸਾਰ ਰਸਮੀ ਵੇਦ-ਪਾਠ ਅਸ਼ਾਂਤੀ ਦਾ ਘਰ ਹੈ ਅਤੇ ਵਾਦ-ਵਿਵਾਦ ਦਾ ਸੋਮਾਂ ਹੈ ਜਿਸ ਨਾਲ 'ਭੀਤਰ-ਵਸਦੀ-ਵਸਤ' ਦੀ ਪ੍ਰਾਪਤੀ ਨਹੀਂ ਹੁੰਦੀ ਹੈ।[45] ਪ੍ਰਭੂ-ਕਿਰਪਾ ਵੇਦ-ਪਾਠੀਆਂ ਅਤੇ ਬ੍ਰਾਹਮਣਾਂ ਦਾ ਵਿਰਸਾ ਨਹੀਂ, ਸਭ ਜੀਆਂ ਉੱਪਰ ਹਰ ਸਮੇਂ ਉਸ ਦੀ ਅਪਾਰ ਕਿਰਪਾ ਹੋ ਰਹੀ ਹੈ। ਸ਼ਬਦ ਅਤੇ ਨਾਮ ਸਾਰੇ ਵਰਣਾਂ, ਸਾਰੇ ਆਸ਼ਰਮਾਂ ਅਤੇ ਸਰਬ-ਮਨੁੱਖਤਾ ਲਈ ਹੈ। ਉਸ ਦਾ 'ਪ੍ਰਸਾਦਿ' ਜਾਂ ਕਿਰਪਾ ਸਭ ਉਪਰ ਹੈ। ਉਹ ਸਭ ਅੰਦਰ ਨਿਵਾਸ ਕਰਦਾ ਹੈ, ਸਭ ਨੂੰ ਚੰਗੇ ਮਾਰਗ ਦੀ ਸੇਧ ਬਖ਼ਸ਼ਦਾ ਹੈ ਅਤੇ ਗੁਰੂ ਰੂਪ ਹੋ ਕੇ ਸਭ ਦਾ ਪੱਥ-ਪ੍ਰਦਰਸ਼ਕ ਬਣਦਾ ਹੈ। ਸਾਰੀਆਂ ਨਿਆਮਤਾਂ, ਕੁਦਰਤ ਦੀ ਸਰਦਾਰੀ, ਮਤ, ਬੁੱਧ, ਗਿਆਨ, ਵਿਗਿਆਨ ਸਭ ਉਸ ਦੀ ਬਖ਼ਸ਼ਿਸ਼ ਹੈ। ਕਿਰਪਾਲੂ ਪਰਮਾਤਮਾ ਦਾਤਾ ਹੈ, ਬੇਅੰਤ ਦਾਤਾਂ ਦਿੰਦਾ ਹੈ, ਲੈਣ ਵਾਲੇ ਥੱਕ ਜਾਂਦੇ ਹਨ, ਦੇਣ ਵਾਲਾ ਨਹੀਂ ਥੱਕਦਾ। ਦਾਤਾਰ ਨਾਲ ਸਾਂਝ ਪਾਉਣ ਵਾਲਾ ਮਨੁੱਖ ਵੀ ਦਾਤਾਰ ਹੁੰਦਾ ਹੈ, ਮੰਗਤਾ ਨਹੀਂ ਬਣਦਾ। ਹੱਥੀਂ ਕਿਰਤ ਕਰਕੇ ਵੰਡ ਕੇ ਛਕਦਾ ਹੈ ਅਤੇ ਸਾਰੀ ਪ੍ਰਾਪਤੀ ਨੂੰ 'ਗੁਰੂ ਦਾ ਪ੍ਰਸਾਦਿ' ਮੰਨਦਾ ਹੈ। ਇਸ ਤਰ੍ਹਾਂ ਗੁਰਪ੍ਰਸਾਦਿ **'ਜਨ ਪ੍ਰਸਾਦਿ'** ਵਿਚ ਕ੍ਰਿਆਸ਼ੀਲ ਅਤੇ ਵਿਕਸਿਤ ਹੁੰਦਾ ਹੈ। ਮੂਲ-ਮੰਤਰ ਦੀ ਵਿਚਾਰਧਾਰਾ ਤੋਂ ਜਿਸ ਆਦਰਸ਼ ਮਨੁੱਖ ਦਾ ਸੰਕਲਪ ਉਤਪੰਨ ਹੁੰਦਾ ਹੈ, ਉਸ ਨੂੰ ਗੁਰਬਾਣੀ ਵਿਚ ਵਧੇਰੇ ਕਰਕੇ 'ਗੁਰਮੁਖਿ' ਕਿਹਾ ਗਿਆ ਹੈ। ਗੁਰੂ ਨਾਨਕ ਦੇਵ ਅਨੁਸਾਰ ਇਸ ਧਰਤੀ ਦੀ ਸਾਜਨਾ ਹੀ ਗੁਰਮੁਖਾਂ ਲਈ ਕੀਤੀ ਗਈ ਹੈ :

ਗੁਰਮੁਖਿ ਧਰਤੀ ਸਾਚੈ ਸਾਜੀ।[46]

ਭਾਈ ਗੁਰਦਾਸ ਨੇ ਗੁਰਮੁਖਿ ਦੀ ਨਿਮਨ ਸਿਫ਼ਤ ਦੱਸੀ ਹੈ :

ਗੁਰਮੁਖਿ ਪੰਡਿਤ ਹੋਇ ਜਗ ਪ੍ਰਬੋਧੀਐ।
ਗੁਰਮੁਖਿ ਆਪ ਗਵਾਇ ਅੰਦਰੁ ਸੋਧੀਐ।
ਗੁਰਮੁਖ ਸਤ ਸੰਤੋਖ ਨ ਕਾਮ ਕ੍ਰੋਧੀਐ।
ਗੁਰਮੁਖ ਹੈ ਨਿਰਵੈਰ ਨ ਵੈਰ ਵਿਰੋਧੀਐ।
ਚਹੁ ਵਰਨਾ ਉਪਦੇਸ ਸਹਿਜ ਸਮੋਧੀਐ।
ਧੰਨ ਜਣੇਦੀ ਮਾਉ ਜੋਧਾ ਜੋਧੀਐ।[47]

ਗੁਰਮੁਖਾਂ ਦੇ ਸਾਜੇ ਹੋਏ ਸਮਾਜ ਅਤੇ ਰਾਜਸੀ ਬਣਤਰ ਵਿਚ ਰਾਜੇ ਅਤੇ ਰਈਅਤ ਵਿਚਲੀ ਪਾੜ ਮਿਟ ਜਾਂਦੀ ਹੈ। ਇਹ 'ਹਲੇਮੀ' ਸਮਾਜ ਅਤੇ ਰਾਜ ਦੀ ਸਥਾਪਨਾ ਦਾ ਸੰਕਲਪ ਹੈ ਜਿਸ ਵਿਚ ਗੁਰੂ ਅਰਜਨ ਦੇਵ ਅਨੁਸਾਰ, ਕੋਈ ਸ਼ਕਤੀਵਰ ਮਾੜੇ ਨੂੰ ਲੁੱਟਦਾ ਨਹੀਂ, ਸਗੋਂ ਸਾਰਾ ਭਾਈਚਾਰਾ ਸੁਖੀ ਵਸਦਾ ਹੈ :

ਹੁਣਿ ਹੁਕਮੁ ਹੋਆ ਮਿਹਰਵਾਣ ਦਾ।
ਪੈ ਕੋਇ ਨ ਕਿਸੈ ਰਝਾਣਦਾ।
ਸਭ ਸੁਖਾਲੀ ਉਠੀਆ

ਇਹੁ ਹੋਆ ਹਲੇਮੀ ਰਾਜ ਜੀਉ ।[48]

ਇਸ ਤਰ੍ਹਾਂ ਮੂਲ-ਮੰਤਰ ਦੇ ਆਧਾਰ ਉੱਤੇ ਸਮੁੱਚੀ ਗੁਰਮਤਿ ਵਿਚਾਰਧਾਰਾ ਨੇ ਇਕ ਨਵੇਂ ਆਦਰਸ਼ ਮਨੁੱਖ, ਮਾਨਵਵਾਦੀ ਸਮਾਜ ਅਤੇ ਹਲੇਮੀ ਰਾਜ ਦਾ ਸੰਕਲਪ ਦਿੱਤਾ ।

ਪੈਰ-ਟਿਪਣੀਆਂ

1. ਆ. ਗ੍ਰੰ. ਪੰਨਾ ੫੯੭, ਸੋਰਠ ਮ. ੧
1(ੳ) ਡਾ. ਜੈ ਭਗਵਾਨ ਗੋਇਲ, ਭੂਮਿਕਾ, *ਗੁਰੂ ਪ੍ਰਤਾਪ ਸੂਰਜ*, ਪੰਜਾਬੀ ਯੂ. ਪਟਿਆਲਾ, 1972, ਪੰਨਾ 13
2. ਲਬੁ ਪਾਪੁ ਦੁਇ ਰਾਜਾ ਮਹਤਾ.....ਆ. ਗ੍ਰੰ. ਪੰਨਾ ੪੬੮-੬੯, ਆਸਾ ਮ. ੧
3. ਕਲਿ ਕਾਤੀ ਰਾਜੇ ਕਾਸਾਈ.....ਆ. ਗ੍ਰੰ. ਪੰਨਾ ੧੪੫, ਮਾਝ, ਮ. ੧
4. ਕਾਦੀ ਕੂੜੁ ਬੋਲਿ ਮਲਿ ਖਾਇ । ਬ੍ਰਾਹਮਣੁ ਨਾਵੈ ਜੀਆ ਘਾਇ ।
ਜੋਗੀ ਜੁਗਤਿ ਨਾ ਜਾਣੈ ਅੰਧੁ । ਤੀਨੈ ਉਜਾੜੇ ਕਾ ਬੰਧੁ ।-ਆ. ਗ੍ਰੰ. ਪੰਨਾ ੬੬੨, ਧਨਾਸਰੀ, ਮ. ੧
5. ਰਾਜੇ ਸੀਹ ਮੁਕਦਮ ਕੁਤੇ ।.....ਆਦਿ ਗ੍ਰੰ. ਪੰਨਾ ੧੨੮੮, ਮਲਾਰ, ਮ. ੧
6. Earnest Rhys, Foreword : *The Book of Ten Masters, Puran Singh,* p, xiii.
7. ਡਾ. ਸੀਤਾ ਰਾਮ ਬਾਹਰੀ, *ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ-ਕਲਾ*, ਪੰਨਾ 141
8. ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ।.....ਆ. ਗ੍ਰੰ. ਪੰਨਾ ੧੪੨੭, ਸਲੋਕ ਮ. ੯
9. ਜਾਗਤ ਜੋਤਿ ਜਪੈ ਨਿਸ ਬਾਸੁਰ ਪਾ. ੧੦, ਸਵੱਯੇ ੩੩.੧.੧.
10. *Transformation of Sikhism,* New Delhi, 1960, p. 17
11. *Parasharprasna,* p. 12
12. ਕੋਊ ਭਇਓ ਉਦਾਸੀ, ਮੁੰਡੀਆ ਸੰਨਿਆਸੀ ਕੋਊ,
ਮਾਨਸ ਕੀ ਜਾਤ ਸਭੈ ਏਕ ਹੀ ਪਹਿਚਾਨਬੋ । ਅਕਾਲ ਉ. ੮੫.੧
13. A.I. Toynbee, Foreword : *The Sacred Writings of the Sikhs,* p. 10
14. ਜੋਗ ਸ਼ਬਦੰ ਗਿਆਨ ਸ਼ਬਦੰ.....ਆ. ਗ੍ਰੰ. ਪੰਨਾ ੧੩੫੩, ਸਲੋਕ ਸਹਸਕ੍ਰਿਤੀ, ਮ. ੧
ਏਕੋ ਧਰਮ ਦ੍ਰਿੜੈ ਸਚੁ ਕੋਈ ਪੰਨਾ ੧੧੮੮, ਬਸੰਤ ਮ. ੧
15. *ਨਾਨਕ ਗਾਵੀਐ ਗੁਣੀ ਨਿਧਾਨ.....ਉਹੀ,* ਪੰਨਾ ੨, ਜਪੁਜੀ
16. *ਨਾਨਕ ਨਿਰਗੁਣਿ ਗੁਣੁ ਕਰੇ.....ਉਹੀ,* ਪੰਨਾ ੨ ਜਪੁਜੀ
17. *ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ । ਉਹੀ,* ਪੰਨਾ ੭੨੫, ਤਿਲੰਗ ਮ. ੪
18. *ਵਿਣੁ ਗੁਣ ਕੀਤਿ ਭਗਤਿ ਨ ਹੋਇ । ਉਹੀ,* ਪੰਨਾ ੪, ਜਪੁਜੀ
19. *ਗਲੀ ਭਿਸਤਿ ਨ ਜਾਈਐ, ਛੁਟੈ ਸਚੁ ਕਮਾਇ ।* ਆ. ਗ੍ਰੰ. ਪੰਨਾ ੧੪੧, ਮਾਝ ਮ. ੧
20. ਸਭ ਤੇ ਉੱਤਮ ਇਹ ਕਰਮੁ ।
ਸਗਲ ਧਰਮ ਮਹਿ ਸ੍ਰੇਸ਼ਟ ਧਰਮੁ ।
ਹਰਿ ਸਿਮਰਨਿ ਤੇਰਾ ਹੋਇ ਉਧਾਰੁ । ਉਹੀ, ਪੰਨਾ ੯੬੫, ਰਾਮਕਲੀ ਮ. ੫
21. ਡਾ. ਦੀਵਾਨ ਸਿੰਘ, *ਗੁਰੂ ਨਾਨਕ-ਜੀਵਨ, ਦਰਸ਼ਨ ਅਤੇ ਕਾਵਿ-ਕਲਾ*, ਪੰਨਾ 73
22. *ਸਚੁ ਵਰਤੁ ਸੰਤੋਖੁ ਤੀਰਥੁ.....*ਆ. ਗ੍ਰੰ. ਪੰਨਾ ੧੨੪੫, ਸਾਰੰਗ ਮ. ੧
23. ਆ. ਗ੍ਰੰਥ, ਪੰਨਾ ੧੩੪੫ ਪ੍ਰਭਾਤੀ ਮ. ੧
24. ਉਹੀ, ਪੰਨਾ ੯੪੧, ਰਾਮਕਲੀ, ਮ. ੧
25. *ਬੰਧਨਿ ਜਾ ਕੈ ਸਭੁ ਜਗੁ ਬਾਧਿਆ-*ਆ. ਗ੍ਰੰ. ਪੰਨਾ ੪੩੨, ਆਸਾ ਮ. ੧
26. *ਸੱਚੀ ਤੇਰੀ ਸਿਫਤਿ ਸੱਚੀ ਸਾਲਾਹ-*ਉਹੀ ਪੰਨਾ ੪੬੩, ਆਸਾ ਮ. ੧
27. *ਅਬੇ ਤਬੇ ਕੀ ਚਾਕਰੀ.....ਉਹੀ-*ਆਸਾ ਮ. ੧
28. *ਸੁਲਤਾਨੁ ਹੋਵਾ ਮੇਲਿ ਲਸਕਰ.....*ਆ. ਗ੍ਰੰ. ਪੰਨਾ ੧੪, ਸਿਰੀ ਰਾਗ ਮ. ੧
29. *ਜਾ ਕਉ ਮਹਲੁ ਹਜੂਰਿ ਦੂਜੈ ਨਿਵੇ ਕਿਸ । ਉਹੀ,* ਪੰਨਾ ੭੨੯, ਸੂਹੀ ਮ. ੧
30. *ਸੁਲਤਾਨ ਖਾਨ ਬਾਦਿਸਾਹ ਨਹੀਂ ਰਚਨਾ ।-*ਉਹੀ, ਪੰਨਾ ੨੨੭, ਗਉੜੀ ਮ. ੧

31. ਹੈਵਰ ਗੈਵਰ ਨੇਜੇ ਵਾਜੇ । ਲਸ਼ਕਰ ਨੇਬ ਖਵਾਸੀ ਪਾਜੇ ।
ਬਿਨੁ ਜਗਦੀਸ ਝੂਠੇ ਦਿਵਾਜੇ ।–*ਉਹੀ*, ਪੰਨਾ ੨੨੫, ਗਉੜੀ ਮ. ੧
32. ਗੁਰੂ ਪੀਰ ਸਦਾਇ ਮੰਗਣ ਜਾਇ ।
ਤਾਕੇ ਮੁਲਿ ਨ ਲਗੀਐ ਪਾਇ ।–*ਉਹੀ*, ਪੰਨਾ ੧੨੪੫, ਸਾਰੰਗ ਮ. ੧ (ਹੋਰ ਵੇਖੋ ਪੰ. ੯੦੩, ੯੫੩)
33. ਸੰਪਉ ਸੰਚੀ ਭਇ ਵਿਕਾਰ ।।–*ਉਹੀ* ਪੰਨਾ ੨੨੨, ਗਉੜੀ ਗਆਰੇਰੀ ਮ. ੧
ਪਾਪਾ ਬਾਝਹੁ ਹੋਵੇ ਨਾਹੀ ।–*ਉਹੀ*, ਪੰਨਾ ੪੧੭ ਆਸਾ ਮ. ੧
34. ਘਾਲ ਖਾਇ ਕਿਛੁ ਹਥਹੁ ਦੇਇ ।
ਨਾਨਕ ਰਾਹੁ ਪਛਾਣਹਿ ਸੇਇ ।–*ਉਹੀ*, ਪੰਨਾ ੧੨੪੫, ਸਾਰੰਗ ਮ. ੧
35. ਆ. ਗ੍ਰੰ. ਪੰਨਾ ੨, ਜਪੁਜੀ (੫)
ਉਹੀ, ਪੰਨਾ ੭੬੫, ਸੂਹੀ ਮ. ੧
ਉਹੀ, ਪੰਨਾ ੫੮੦, ਵਡਹੰਸ ਮ. ੧
36. *ਉਹੀ*, ਪੰਨਾ ੫੯੭-੯੮, ਸੋਰਠਿ ਮ. ੧
37. *ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ।–ਉਹੀ*, ਪੰਨਾ ੭, ਜਪੁਜੀ
38. *ਵਿਚਿ ਦੁਨੀਆ ਸੇਵ ਕਮਾਈਐ ।–ਉਹੀ*, ਪੰਨਾ ੨੬, ਸਿਰੀ ਰਾਗੁ ਮ. ੧
39. *ਸਭੁ ਖੇਲੁ ਤਮਾਸਾ ਤੇਰੀ ਵਡਿਆਈ ।–ਉਹੀ*, ਪੰਨਾ ੧੦੬੧, ਮਾਰੂ ਮ. ੩
40. *ਵੇਖਿ ਵਿਡਾਣ ਰਹਿਆ ਵਿਸਮਾਦ ।–ਉਹੀ*, ਪੰਨਾ ੪੬੪, ਆਸਾ, ਮ. ੧
41. Tagore, Crative Unity, p. 36
42. *ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ਼ ਓਈ ।* ਅਕਾਲ ਉ. ੮੬.੧.
43. *ਬ੍ਰਹਮਣ ਬਹੁ ਪਰਕਾਰ ਕਰ ਸਾਸਤ੍ਰ ਵੇਦ ਪੁਰਾਣ ਲੜਾਏ ।*–ਗੁਰਦਾਸ-੧੬.੧. ਸਿੱਖੀ ਸਿੱਖਿਆ, ਪੰਨਾ 33
44. ਆ. ਗ੍ਰੰ. ਪੰਨਾ ੫੬੬, ਸੋਰਠ ਮ. ੧
45. ਪੜਿ ਪੜਿ ਪੰਡਿਤ ਬਾਦੁ ਵਖਾਣੇ ।–ਆ. ਗ੍ਰੰ. ਪੰ. ੧੫੨, ਗਉੜੀ ਮ. ੧
ਪੜਿ ਪੜਿ ਦਝਹਿ ਸਾਤਿ ਨਾ ਆਈ ।–*ਉਹੀ*, ਪੰਨਾ ੧੦੨੬, ਮਾਰੂ ਮ. ੧
46. ਆ. ਗ੍ਰੰ. ਪੰਨਾ ੯੪੧, ਰਾਮਕਲੀ ਮ. ੧
47. ਵਾਰਾਂ ਭਾਈ ਗੁਰਦਾਸ, ੧੮/੧੬
48. ਆ. ਗ੍ਰੰ. ਪੰਨਾ ੭੪, ਸਿਰੀ ਰਾਗ ਮ. ੫

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਖ ਨਿਵਾਇ ਗਿਆ।
ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,
ਜੰਮੂ, ਕਾਂਗੜਾ, ਕੋਟ, ਛੁਡਾਇ ਗਿਆ।
ਤਿੱਬਤ ਦੇਸ ਲੱਦਾਖ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪੰਚਾਸ ਬਰਸਾਂ,
ਹੱਛਾ ਰੱਜ ਕੇ ਰਾਜ ਕਮਾਇ ਗਿਆ।

–ਸ਼ਾਹ ਮੁਹੰਮਦ

... ...

ਮਹਾਰਾਜਾ ਰਣਜੀਤ ਹੈ ਨਾਮ।
ਰਖੇ ਖ਼ੌਫ਼ ਖ਼ਲਕ ਕਾ ਦਿਲ ਮੈਂ ਤਮਾਮ।
ਹੂਈ ਦਿਨ ਬਦਿਨ ਜੀਤ ਸਰਕਾਰ ਕੀ।
ਜੋ ਦੁਸ਼ਮਨ ਕਰੈਂ ਸਿਫਤ ਦਰਬਾਰ ਕੀ।
ਗ਼ਰੀਬੁਲ ਪ੍ਰਸਤੀ ਗਨੀਮੁਲ ਗੁਦਾਜ਼।
ਸਭੀ ਕਾਮ ਮੇਂ ਉਹ ਰਹਾ ਚਾਰਾ ਬਾਜ਼।
ਕੜਾ ਔਰ ਕੰਠਾ ਇਨਾਯਤ ਕੀਏ।
ਹੀਰਾ ਔ ਜਵਾਹਰ ਦੁਸ਼ਾਲੇ ਦੀਏ।
ਇਨਾਯਤ ਕਰੋਰੈਂ ਖ਼ਜ਼ਾਨੇ ਕੀਏ।
ਕਿਤੇ ਗਾਉਂ ਸਿਰ ਕੀ ਖ਼ੈਰਾਯਤ ਦੀਏ।
ਸਦਾ ਉਸ ਕੇ ਦਿਲ ਮੇਂ ਯਹੀ ਚਾਵ ਥਾ।
ਅਜਬ ਉਹ ਸਖਾਵਤ ਕਾ ਦਬੀਆਵ ਥਾ।

–ਕਾਨ੍ਹ ਸਿੰਘ ਬੰਗਾ

ਕਿਆਨੀ ਸਰੂਪ ਸਿੰਘ ਕਰਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕਰਿਆਣਾ ਤਹਿ: ਫਿਲੌਰ (ਜਲੰਧਰ)

ਗਉੜੀ ਸੁਖਮਨੀ ਦਾ ਨਾਮ-ਰਸਾਤਮਕ ਅਧਿਐਨ

ਡਾ. ਮਹਿੰਦਰ ਕੌਰ ਗਿੱਲ

ਉਪਰ ਸੰਕੇਤਿਤ ਸਿਰਲੇਖ ਤੋਂ ਸਹਿਜੇ ਹੀ ਇਹ ਬੋਧ ਹੋ ਜਾਂਦਾ ਹੈ ਕਿ ਇਥੇ ਗਉੜੀ ਸੁਖਮਨੀ ਦਾ ਅਧਿਐਨ ਰਸ-ਦ੍ਰਿਸ਼ਟੀ ਤੋਂ ਕੀਤਾ ਜਾਣਾ ਚਾਹੀਦਾ ਹੈ। ਸਾਹਿੱਤ ਅਧਿਐਨ ਹੀ ਸਿਰਜਣਾਤਮਕ ਸਾਹਿੱਤ ਦੀ ਸਾਰਥਕਤਾ ਉਜਾਗਰ ਕਰਦਾ ਹੈ। ਸਾਹਿੱਤ ਦੀ ਸਾਹਿੱਤਿਕਤਾ ਨੂੰ ਜਾਣਨ-ਬੁਝਣ ਲਈ ਸਮੇਂ-ਸਮੇਂ ਸਾਹਿੱਤ ਅਧਿਐਨ ਦੀਆਂ ਪਹੁੰਚ-ਵਿਧੀਆਂ ਸਾਹਮਣੇ ਆਉਂਦੀਆਂ ਰਹੀਆਂ ਹਨ। ਭਾਰਤੀ ਕਾਵਿ-ਸ਼ਾਸਤਰੀ ਵੀ ਇਸ ਖੇਤਰ ਵਿਚ ਪਿੱਛੇ ਨਹੀਂ ਰਹੇ। ਸੰਸਕ੍ਰਿਤ ਸਾਹਿੱਤ ਤੇ ਸੰਸਕ੍ਰਿਤ ਸਮੀਖਿਆ-ਸ਼ਾਸਤਰ ਭਾਰਤੀ ਸਾਹਿੱਤ ਦਾ ਮੂਲ ਸਰਮਾਇਆ ਹੈ। ਸੰਸਕ੍ਰਿਤ ਸਮੀਖਿਆ-ਸ਼ਾਸਤਰ ਵਿਚ ਕਾਵਿ ਦੀ ਸਮੱਗਰਤਾ ਨੂੰ ਜਾਣਨ ਲਈ ਬਹੁਤ ਦੇਰ ਤਕ ਛੇ ਕਾਵਿ-ਪ੍ਰਣਾਲੀਆਂ ਛਾਈਆਂ ਰਹੀਆਂ ਹਨ। ਫ਼ਰਕ ਕੇਵਲ ਇਤਨਾ ਸੀ ਕਿ ਕਦੀ ਕਿਸੇ ਇਕ ਪਹੁੰਚ-ਵਿਧੀ ਉਪਰ ਬਲ ਦਿੱਤਾ ਜਾਂਦਾ ਰਿਹਾ ਹੈ ਤੇ ਕਦੀ ਦੂਸਰੀ ਉਪਰ। ਸ਼ੰਕਰ ਦੇਵ ਅਵਤਰੇ ਨੇ ਇਨ੍ਹਾਂ ਕਾਵਿ-ਪ੍ਰਣਾਲੀਆਂ ਨੂੰ ਦੋ ਵਰਗਾਂ ਵਿਚ ਵੰਡ ਕੇ ਵਿਚਾਰਿਆ ਹੈ। ਪਹਿਲੇ ਵਰਗ ਦਾ ਨਾਮ 'ਅਲੰਕਾਰਯ' ਹੈ ਅਥਵਾ ਜਿਸ ਨੂੰ ਅਲੰਕ੍ਰਿਤ ਕੀਤਾ ਜਾਏ। ਇਸ ਆਚਾਰੀਆ ਅਨੁਸਾਰ ਧ੍ਵਨੀ, ਰਸ ਅਤੇ ਔਚਿਤ੍ਯ ਉਹ ਤਿੰਨ ਅਧਿਐਨ-ਪਹੁੰਚਾਂ ਹਨ ਜਿਨ੍ਹਾਂ ਦਾ ਸੰਬੰਧ ਕਾਵਿ-ਆਤਮਾ ਨਾਲ ਹੈ ਅਥਵਾ ਜੋ ਕਾਵਿ ਦੇ ਅੰਤਰੰਗ ਪਹਿਲੂ ਨਾਲ ਸੰਬੰਧਿਤ ਹਨ। ਦੂਸਰੇ ਵਰਗ ਦਾ ਨਾਮ 'ਅਲੰਕਾਰ' ਹੈ। ਇਸ ਅਧੀਨ ਰੀਤੀ, ਅਲੰਕਾਰ ਤੇ ਵਕ੍ਰੋਕਤੀ ਤਿੰਨ ਪਹੁੰਚ-ਵਿਧੀਆਂ ਆਉਂਦੀਆਂ ਹਨ। ਇਨ੍ਹਾਂ ਦਾ ਸੰਬੰਧ ਕਾਵਿ-ਸ਼ਿਲਪ ਨਾਲ ਹੈ। ਇਸ ਤਰ੍ਹਾਂ ਪਹਿਲੀਆਂ ਤਿੰਨ ਪਹੁੰਚ-ਵਿਧੀਆਂ ਕਾਵਿ ਦੇ ਆਂਤਰਿਕ ਪ੍ਰਬੰਧ ਨੂੰ ਉਜਾਗਰ ਕਰਦੀਆਂ ਹਨ ਤੇ ਪਿਛਲੀਆਂ ਤਿੰਨ ਕਾਵਿ ਦੇ ਬਹਿਰੰਗ ਕੌਸ਼ਲ ਨੂੰ। ਭਾਵੇਂ ਸਾਡੇ ਆਧੁਨਿਕ ਸਮੀਖਿਆਕਾਰ ਵਸਤੂ ਅਤੇ ਰੂਪ ਦੇ ਦ੍ਵੈਤ ਨੂੰ ਨਹੀਂ ਸ੍ਵੀਕਾਰਦੇ, ਉਨ੍ਹਾਂ ਅਨੁਸਾਰ ਇਕ ਬਿਨਾ ਦੂਜੇ ਦੀ ਹੋਂਦ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਰੂਸੀ ਰੂਪਵਾਦੀ ਤੇ ਸੰਰਚਨਾਵਾਦੀ ਦੋਵੇਂ ਇਕ ਮੱਤ ਹਨ ਕਿ ਸਾਹਿੱਤ-ਕਿਰਤ ਦਾ ਅਧਿਐਨ ਉਸ ਦੀ ਸਗਲੀ-ਸਮੁੱਚ ਉਪਰ ਆਧਾਰਿਤ ਹੁੰਦਾ ਹੈ। ਇਸ ਦੇ ਅਪਵਾਦ ਦੀ ਹਾਲਤ ਵਿਚ ਅਧਿਐਨ ਆਂਸ਼ਿਕ ਬਣ ਕੇ ਰਹਿ ਜਾਂਦਾ ਹੈ। ਹਾਲ ਦੀ ਘੜੀ ਇਸ ਵਿਚ ਨਾ ਉਲਝ ਕੇ ਇਥੇ ਇਤਨਾ ਸੰਕੇਤ ਹੀ ਕਾਫ਼ੀ ਹੈ ਕਿ ਇਥੇ ਗਉੜੀ ਸੁਖਮਨੀ ਦਾ ਅਧਿਐਨ ਰਸ-ਦ੍ਰਿਸ਼ਟੀ ਤੋਂ ਪੇਸ਼ ਕੀਤਾ ਜਾ ਰਿਹਾ ਹੈ ਤੇ ਰਸ-ਸਿਧਾਂਤ ਦਾ ਬੁਨਿਆਦੀ ਸੰਬੰਧ ਕਾਵਿ-ਆਤਮਾ ਨਾਲ ਹੈ।

ਹਰ ਪਹੁੰਚ-ਵਿਧੀ ਆਪਣੇ ਨਾਲ ਕੁਝ ਤਕਨੀਕੀ ਪਦ (terms) ਲੈ ਕੇ ਆਉਂਦੀ ਹੈ। ਇਹੀ ਉਸ ਦੇ ਪਛਾਣ-ਚਿਹਨ ਵੀ ਹੁੰਦੇ ਹਨ। ਇਨ੍ਹਾਂ ਤੋਂ ਬਿਨਾ ਪਹੁੰਚ ਵਿਸ਼ੇਸ਼ ਅਧੂਰੀ ਹੀ ਨਹੀਂ ਅਪ੍ਰਮਾਣਿਕ ਵੀ ਹੋ ਜਾਂਦੀ ਹੈ, ਉਦਾਹਰਣ ਵਜੋਂ ਜੇ ਕਿਸੇ ਸਾਹਿੱਤ-ਕਿਰਤ ਦਾ ਅਧਿਐਨ ਸੰਰਚਨਾ-ਪਹੁੰਚ ਅਨੁਸਾਰ ਕਰਨਾ ਹੋਵੇ ਤਾਂ ਲੈਂਗ/ਪੈਰੋਲ, ਯੋਗਤਾ/ਨਿਭਾਉ, ਸਖਣੇ ਰੂਪ, ਥੀਮ ਅਤੇ ਮੋਟਿਫ ਆਦਿ ਤਕਨੀਕੀ ਸ਼ਬਦਾਂ ਦਾ ਪ੍ਰਯੋਗ ਲਾਜ਼ਮੀ ਹੈ। ਇਸੇ ਤਰ੍ਹਾਂ ਜਦੋਂ ਰਸ-ਪਹੁੰਚ ਦੀ ਗੱਲ ਤੁਰਦੀ ਹੈ ਤਾਂ ਰਸ-ਅੰਗਾਂ ਦੀ ਜਾਣਕਾਰੀ ਲਾਜ਼ਮੀ ਹੋ ਜਾਂਦੀ ਹੈ। ਰਸ-ਪਹੁੰਚ ਬਾਰੇ ਅੱਜ ਤਕ ਅਨੇਕਾਂ ਆਚਾਰੀਆਂ ਆਪਣੇ-ਆਪਣੇ ਵਿਚਾਰ ਦੇ ਚੁੱਕੇ ਹਨ ਪਰ ਰਸ-ਅੰਗਾਂ ਦੀ ਮੂਲ ਵਿਆਖਿਆ ਜੋ ਭਰਤ ਮੁਨੀ ਨੇ ਤੀਸਰੀ ਸਦੀ ਵਿਚ ਕੀਤੀ ਸੀ, ਉਸ ਨੂੰ ਕੋਈ ਵੀ ਰਦ ਨਹੀਂ ਕਰਦਾ। ਭਰਤ ਮੁਨੀ ਦਾ ਇਕ ਸੂਤਰ ਹੈ :

'ਵਿਭਾਵਾਨੁਭਾਵ ਵਯਭਚਾਰੀ ਸੰਯੋਗਾਤਰਸ ਨਿਸ਼ਪੱਤਿ' : ਇਸ ਸੂਤਰ ਦੀ ਵਿਆਖਿਆ ਭਰਤਮੁਨੀ

ਤੋਂ ਵਿਸ਼ਵਨਾਥ ਤਕ ਅਨੇਕ-ਕੋਣਾਂ ਤੋਂ ਹੋਈ ਹੈ। ਇਥੇ ਇਸ ਦੇ ਵਿਆਖਿਆ ਕੋਣਾਂ ਵਿਚ ਨਾ ਉਲਝ ਕੇ ਇਸ ਸੂਤਰ ਨੂੰ ਸਥਾਪਿਤ ਅਰਥਾਂ ਵਿਚ ਗ੍ਰਹਿਣ ਕਰਨਾ ਹੀ ਉਚਿਤ ਹੈ। ਇਸ ਸੂਤਰ ਦਾ ਮੋਟਾ ਜੇਹਾ ਅਰਥ ਹੈ : ਵਿਭਾਵ ਆਲੰਬਨ, ਅਨੁਭਾਵ ਤੇ ਵਿਭਚਾਰੀ ਭਾਵਾਂ ਦੇ ਸੰਜੋਗ ਨਾਲ ਰਸ ਪੈਦਾ ਹੁੰਦਾ ਹੈ। ਹੁਣ ਸੁਆਲ ਪੈਦਾ ਹੁੰਦਾ ਹੈ ਵਿਭਾਵ, ਅਨੁਭਾਵ ਤੇ ਵਿਭਚਾਰੀ ਭਾਵਾਂ ਦਾ ਇਸ ਸੰਦਰਭ ਵਿਚ ਕੀ ਅਰਥ ਹੈ?

ਵਿਭਾਵ (determinants) : ਵਿਭਾਵ ਕਾਰਨ, ਨਿਮਿਤ ਅਤੇ ਹੇਤੂ ਦਾ ਪ੍ਰਯਾਇ ਹੈ। ਇਹ ਉਸ ਵਸਤੂ, ਕਾਰਨ, ਘਟਨਾ ਜਾਂ ਮੌਕੇ ਦਾ ਬੋਧਕ ਹੈ ਜੋ ਮਨ ਵਿਚ ਇਕ ਖ਼ਾਸ ਤਰ੍ਹਾਂ ਦੇ ਭਾਵ ਨੂੰ ਪੈਦਾ ਕਰਦਾ ਹੈ। ਵਿਭਾਵ ਇਕ ਖ਼ਾਸ ਸਥਿਤੀ ਵਿਚ ਗਿਆਨ ਵਿਸ਼ੇਸ਼ ਤੋਂ ਜਾਣੂ ਕਰਵਾਉਂਦਾ ਹੈ। ਵਿਵਹਾਰ ਜਗਤ ਵਿਚ ਜਿਸ ਨੂੰ ਕਾਰਨ ਕਹਿੰਦੇ ਹਨ ਉਸੇ ਨੂੰ ਕਾਵਿ-ਜਗਤ ਵਿਚ ਵਿਭਾਵ ਕਿਹਾ ਜਾਂਦਾ ਹੈ। ਰਸ-ਸਿਧਾਂਤ ਅਨੁਸਾਰ ਇਹ ਦੋ ਪ੍ਰਕਾਰ ਦਾ ਹੁੰਦਾ ਹੈ। ਪਹਿਲਾ, ਆਲੰਬਨ ਵਿਭਾਵ ਹੈ ਅਤੇ ਦੂਜਾ ਉੱਦੀਪਨ ਵਿਭਾਵ। ਇਨ੍ਹਾਂ ਦੋਹਾਂ ਦਾ ਕਾਵਿ ਰਸਤ੍ਵ ਨੂੰ ਪ੍ਰਾਪਤ ਹੋਣ ਵਿਚ ਕੀ ਰੋਲ ਹੈ? ਉਹ ਸਮਝ ਲੈਣਾ ਉਚਿਤ ਹੈ।

ਆਲੰਬਨ ਵਿਭਾਵ : ਆਲੰਬਨ ਦਾ ਅਰਥ ਹੈ, ਆਸਰਾ ਜਾਂ ਸਹਾਰਾ। ਉਹ ਵਸਤੂ ਜਾਂ ਵਿਅਕਤੀ ਜਿਸ ਦੇ ਸਹਾਰੇ ਰਸ ਦੀ ਉਤਪੱਤੀ ਹੁੰਦੀ ਹੈ। ਦੂਸਰੇ ਸ਼ਬਦਾਂ ਵਿਚ ਜਿਸ ਦਾ ਆਸਰਾ ਲੈ ਕੇ ਮਨੋਭਾਵ ਪ੍ਰਗਟ ਹੁੰਦੇ ਹਨ, ਉਹੀ ਆਲੰਬਨ ਵਿਭਾਵ ਹੁੰਦਾ ਹੈ। ਉਦਾਹਰਣ ਵਜੋਂ ਨਾਇਕ ਜਾਂ ਨਾਇਕਾ ਦੈਵ ਜਾਂ ਮਨੁੱਖ, ਪਾਰਬ੍ਰਹਮ ਤੇ ਉਸ ਦੀ ਲੀਲ੍ਹਾ ਆਦਿ ਦੇ ਨਾਮ ਲਏ ਜਾ ਸਕਦੇ ਹਨ। ਅਥਵਾ ਕਿਸੇ ਵੀ ਤਰ੍ਹਾਂ ਦੀ ਛੋਟੀ ਤੋਂ ਛੋਟੀ ਤੇ ਵੱਡੀ ਤੋਂ ਵੱਡੀ ਵਸਤੂ ਕਾਵਿ ਦਾ ਆਲੰਬਨ ਹੋ ਸਕਦੀ ਹੈ।

ਉੱਦੀਪਨ ਵਿਭਾਵ : ਜਿਸ ਵਸਤੂ, ਹਾਲਤ ਜਾਂ ਸਥਿਤੀ ਨੂੰ ਵੇਖ ਕੇ ਸਥਾਈ ਭਾਵ ਹੋਰ ਜ਼ੋਰਦਾਰ ਜਾਂ ਤਿਖਾ ਹੋ ਜਾਵੇ ਉਹ ਉੱਦੀਪਨ ਵਿਭਾਵ ਹੁੰਦਾ ਹੈ। ਉੱਦੀਪਨ ਵਿਭਾਵ ਸਥਾਈ ਭਾਵ ਨੂੰ ਉੱਦੀਪਤ ਕਰਕੇ ਹੋਰ ਚਮਕਾ ਕੇ, ਮਾਣਨਜੋਗ ਬਣਾਉਂਦਾ ਹੈ।

ਅਨੁਭਾਵ (Consequents) : ਜੋ ਹਰਕਤਾਂ ਜਾਂ ਕਾਰਜ ਮਨੋਭਾਵਾਂ ਦਾ ਅਨੁਭਵ ਕਰਾਉਂਦੇ ਹਨ, ਉਹ ਅਨੁਭਾਵ ਹਨ। ਅਨੁਭਾਵ ਭਾਵਾਂ ਦੇ ਜਾਗਣ ਉਪਰੰਤ ਅੰਗ ਵਿਕਾਰਾਂ ਜਾਂ ਹਰਕਤਾਂ ਰਾਹੀਂ ਸਥਾਈ ਭਾਵਾਂ ਨੂੰ ਪ੍ਰਗਟ ਕਰਦੇ ਹਨ।

ਸੰਚਾਰੀ ਭਾਵ : ਜਿਹੜੇ ਭਾਵ ਵਿਸ਼ੇਸ਼ ਰੂਪ ਵਿਚ ਸਥਾਈ ਭਾਵ ਦੀ ਪੁਸ਼ਟੀ ਲਈ ਤੱਤਪਰ ਰਹਿੰਦੇ ਹਨ ਤੇ ਸਥਾਈ ਭਾਵ ਦੇ ਅਧੀਨ ਹੀ ਪੈਦਾ ਹੁੰਦੇ ਹਨ, ਉਹ ਸੰਚਾਰੀ ਭਾਵ ਹਨ। ਜਿਸ ਤਰ੍ਹਾਂ ਸਮੁੰਦਰ ਦੀਆਂ ਲਹਿਰਾਂ ਸਮੁੰਦਰ ਤੋਂ ਹੀ ਪੈਦਾ ਹੋ ਕੇ ਸਮੁੰਦਰ ਵਿਚ ਹੀ ਸਮਾ ਜਾਂਦੀਆਂ ਹਨ ਤੇ ਲਹਿਰਾਂ ਦੇ ਉਠਣ ਤੇ ਡਿਗਣ ਨਾਲ ਸਮੁੰਦਰ ਦਾ ਸਹਿਜ ਪ੍ਰਕ੍ਰਿਤਿਕ ਰੂਪ ਹੋਰ ਵੀ ਪੁਸ਼ਟ ਹੁੰਦਾ ਹੈ। ਠੀਕ, ਇਸੇ ਤਰ੍ਹਾਂ ਸੰਚਾਰੀ ਭਾਵ ਸਥਾਈ ਭਾਵ ਦੇ ਪੋਸ਼ਕ ਹੁੰਦੇ ਹਨ। ਇਥੇ ਸਥਾਈ ਅਤੇ ਸੰਚਾਰੀ ਵਿਚ ਫ਼ਰਕ ਕਰ ਲੈਣਾ ਉਚਿਤ ਪ੍ਰਤੀਤ ਹੁੰਦਾ ਹੈ। ਸਥਾਈ ਸਥਿਰ ਭਾਵ ਹਨ ਤੇ ਸੰਚਾਰੀ ਸੰਚਰਣਸ਼ੀਲ ਜਾਂ ਅਸਥਿਰ। ਮੰਨ ਲਓ ਸਾਡੇ ਸਾਹਮਣੇ ਇਕ ਹਾਦਸਾ ਵਾਪਰਿਆ ਹੈ ਤੇ ਦੋ ਵਿਅਕਤੀਆਂ ਦੀ ਸਾਡੇ ਸਾਹਮਣੇ ਮੌਤ ਹੋ ਗਈ ਹੈ। ਇਸ ਸਾਰੇ ਦ੍ਰਿਸ਼ ਨੇ ਸਾਡੇ ਮਨ ਵਿਚ ਸ਼ੋਕ ਦਾ ਭਾਵ ਜਗਾਇਆ ਹੈ। ਪਰ ਇਸ ਦੇ ਨਾਲ ਹੀ ਜਦੋਂ ਉਹ ਵਿਅਕਤੀ ਖ਼ੂਨ ਵਿਚ ਲਥਪਥ ਹੱਥ ਪੈਰ ਮਾਰ ਰਹੇ ਸਨ ਤਾਂ ਦੇਖਣ ਵਾਲਿਆਂ ਦੇ ਮਨ ਵਿਚ ਗਿਲਾਨੀ ਦਾ ਭਾਵ ਵੀ ਪੈਦਾ ਹੋ ਰਿਹਾ ਸੀ। ਪਰ ਜਿਵੇਂ ਹੀ ਇਨ੍ਹਾਂ ਸੰਕਟ-ਗ੍ਰਸਤ ਵਿਅਕਤੀਆਂ ਦੇ ਸੰਬੰਧੀਆਂ ਦਾ ਖ਼ਿਆਲ ਆਇਆ ਤਾਂ ਸਾਡੇ ਮਨ ਵਿਚ ਮੋਹ ਦੀ ਭਾਵਨਾ ਵੀ ਜਾਗ ਪਈ। ਜਦੋਂ ਉਹ ਇਨ੍ਹਾਂ ਬਾਰੇ ਸੁਣਨਗੇ-ਕੀ ਹੋਏਗਾ? ਦਾ ਖ਼ਿਆਲ ਆਉਂਦਿਆਂ ਹੀ ਸਾਡੇ ਵਿਚ ਵਿਸ਼ਾਦ ਦਾ ਭਾਵ ਵੀ ਜਾਗ ਪੈਂਦਾ ਹੈ। ਜ਼ਾਹਿਰ ਹੈ, ਗਿਲਾਨੀ, ਮੋਹ ਤੇ ਵਿਸ਼ਾਦ ਤਿੰਨੇ ਹੀ ਭਾਵ ਪਲ ਭਰ ਲਈ ਜਾਗੇ ਤੇ ਸੌਂ ਗਏ ਪਰ ਅਚੇਤ ਹੀ ਸਾਡੇ ਅੰਦਰ ਜਾਗੇ 'ਸ਼ੋਕ' ਸਥਾਈ ਭਾਵ ਨੂੰ ਹੋਰ ਪੁਸ਼ਟ ਵੀ ਕਰ ਗਏ।

ਕੁਝ ਆਚਾਰੀਆਂ ਨੇ ਸੰਚਾਰੀ ਭਾਵ ਨੂੰ ਵਿਭਚਾਰੀ ਭਾਵ ਵੀ ਕਿਹਾ ਹੈ। ਇਸ ਦਾ ਸਿਰਫ਼ ਇਤਨਾ ਹੀ ਅਰਥ ਹੈ. ਸੰਚਾਰੀ ਭਾਵ ਆਪਣੇ ਆਪ ਨੂੰ ਵੱਖ ਸਥਾਈ ਭਾਵਾਂ ਦੇ ਅਨੁਕੂਲ ਬਣਾ ਲੈਂਦੇ ਹਨ ਜਾਂ ਰਸ ਵਿਸ਼ੇਸ਼

ਅਨੁਸਾਰ ਬਦਲ ਜਾਂਦੇ ਹਨ ਅਥਵਾ ਇਕ ਤੋਂ ਵਧੀਕ ਰਸਾਂ ਦੇ ਪੋਸ਼ਕ ਹੋਣ ਕਰਕੇ ਹੀ ਇਨ੍ਹਾਂ ਨੂੰ ਵਿਭਚਾਰੀ ਭਾਵ ਵੀ ਕਿਹਾ ਜਾਂਦਾ ਹੈ। ਇਸ ਤੱਥ ਦੀ ਸਪਸ਼ਟਤਾ ਲਈ ਇਕ ਉਦਾਹਰਣ ਹਾਜ਼ਰ ਹੈ। ਇਕ ਆਦਮੀ ਗੰਦਗੀ ਦੇ ਢੇਰ ਕੋਲੋਂ ਬਚ ਬਚਾ ਕੇ ਲੰਘਦਿਆਂ ਹੋਇਆਂ ਡਿਗ ਪੈਂਦਾ ਹੈ। ਉਹ ਡਿਗਦਿਆਂ-ਡਿਗਦਿਆਂ ਅਜਿਹੀਆਂ ਹਰਕਤਾਂ ਕਰਦਾ ਹੈ ਕਿ ਉਸ ਨੂੰ ਵੇਖ ਕੇ ਸਾਡੇ ਮਨ ਵਿਚ ਸਥਾਈ ਭਾਵ 'ਹਾਸ' ਜਾਗਦਾ ਹੈ। ਪਰ ਤਤਕਾਲ ਹੀ ਉਹ ਗੰਦ ਨਾਲ ਲਿਬੜੇ ਹੱਥ ਪੈਰ ਛੰਡਦਾ ਹੈ ਤਾਂ ਸਾਡੇ ਮਨ ਵਿਚ ਗਿਲਾਨੀ ਵੀ ਪੈਦਾ ਹੁੰਦੀ ਹੈ ਤੇ ਹਲਕੀ ਜੇਹੀ ਪੁਛਾਂ ਭਰੀ ਹੈਰਾਨੀ ਵੀ। ਇਹ ਡਿਗ ਕਿਵੇਂ ਪਿਆ? ਗਿਲਾਨੀ ਸਾਡੇ ਵਿਚ ਉਦੋਂ ਵੀ ਪੈਦਾ ਹੋਈ ਜਦੋਂ ਇਸ ਤੋਂ ਪਹਿਲੇ ਉਦਾਹਰਣ ਵਾਲਾ ਐਕਸੀਡੈਂਟ-ਗ੍ਰਸਤ ਮਨੁੱਖ ਖ਼ੂਨ ਨਾਲ ਲਥਪਥ ਹੱਥ ਮਾਰ ਰਿਹਾ ਸੀ ਤੇ ਹੁਣ ਵੀ ਜਦੋਂ ਉਹ ਗੰਦ ਨਾਲ ਲਿਬੜਿਆ ਹੱਥ ਪੈਰ ਛੰਡਦਾ ਹੈ। ਸਪਸ਼ਟ ਹੈ, ਗਿਲਾਨੀ ਸੰਚਾਰੀ ਜਾਂ ਵਿਭਚਾਰੀ ਭਾਵ ਦੋਹਾਂ ਉਦਾਹਰਣਾਂ ਵਿਚ ਵੱਖੋ ਵੱਖਰੇ ਸੰਦਰਭ ਵਿਚ ਆਪਣੇ ਆਪ ਨੂੰ ਦੋਹਾਂ ਦੇ ਅਨੁਕੂਲ ਵੀ ਬਣਾ ਲੈਂਦਾ ਹੈ ਤੇ ਦੋਹਾਂ ਨੂੰ ਪੁਸ਼ਟ ਵੀ ਕਰਦਾ ਹੈ। ਇਕ ਸਥਾਈ ਭਾਵ ਨਾਲ ਨਾ ਬਝਣ ਕਰਕੇ ਹੀ ਇਹ ਵਿਭਚਾਰੀ ਹੈ ਤੇ, ਇਹੀ ਹਾਲ ਬਾਕੀ ਦੇ ਵਿਭਚਾਰੀ ਜਾਂ ਸੰਚਾਰੀ ਭਾਵਾਂ ਦਾ ਹੈ। ਕੁਝ ਆਚਾਰੀਆਂ ਨੇ ਇਨ੍ਹਾਂ ਨੂੰ ਸਹਿਕਾਰੀ ਭਾਵ ਵੀ ਕਿਹਾ ਹੈ। ਇਸ ਲਈ ਕਿਉਂਕਿ ਇਹ ਸਥਾਈ ਭਾਵ ਨੂੰ ਪੁਸ਼ਟ ਕਰਨ ਵਿਚ ਸਹਾਇਤਾ ਜੁ ਦਿੰਦੇ ਹਨ। ਅਸਲ ਵਿਚ, ਸੰਚਾਰੀ, ਵਿਭਚਾਰੀ ਤੇ ਸਹਿਕਾਰੀ ਤਿੰਨਾਂ ਵਿਚੋਂ 'ਸਹਿਕਾਰੀ' ਸ਼ਬਦ ਵਧੇਰੇ ਸਪਸ਼ਟ ਅਰਥ ਦਿੰਦਾ ਹੈ ਪਰ ਰਸ-ਸਿਧਾਂਤ ਵਿਚ ਵਧੇਰੇ ਪ੍ਰਚਲਿਤ ਸ਼ਬਦ ਸੰਚਾਰੀ ਹੀ ਹੈ। ਭਰਤਮੁਨੀ ਨੇ ਸੰਚਾਰੀ ਭਾਵਾਂ ਦੀ ਗਿਣਤੀ ਤੇਤੀ ਲਿਖੀ ਹੈ।

ਸਥਾਈ ਭਾਵ : ਉਹ ਭਾਵ ਜੋ ਸਾਡੇ ਵਿਚ, ਚਿਰਕਾਲ ਤਕ ਸਥਿਰ ਰਹਿੰਦੇ ਹਨ। ਬਲਕਿ ਇਨ੍ਹਾਂ ਨੂੰ ਚਿੱਤ ਦੀਆਂ ਸਥਿਰ ਵ੍ਰਿਤੀਆਂ (sentiments) ਕਹਿਣਾ ਵਧੇਰੇ ਉਚਿਤ ਹੈ। ਇਹ ਸਾਡੇ ਮਨ ਦੇ ਅਰਧ ਚੇਤਨ ਜਾਂ ਅਵਚੇਤਨ ਵਿਚ ਲੁਕੇ ਰਹਿੰਦੇ ਹਨ। ਜਦੋਂ ਜੀਵਨ ਵਿਚ ਵਾਪਰਦੇ ਵੱਖੋ-ਵੱਖ ਹਾਦਸੇ ਇਨ੍ਹਾਂ ਭਾਵਾਂ ਦਾ ਅਹਿਸਾਸ ਕਰਵਾਉਂਦੇ ਹਨ ਜਾਂ ਅਸੀਂ ਇਨ੍ਹਾਂ ਦਾ ਵਰਣਨ ਪੜ੍ਹਦੇ, ਸੁਣਦੇ ਜਾਂ ਦੇਖਦੇ ਹਾਂ ਤਾਂ ਸਾਡੇ ਮਨ ਦੇ ਲੁਕੇ ਅਵਚੇਤਨ ਭਾਵ ਚੇਤਨ ਮਨ ਦੀਆਂ ਤਰੰਗਾਂ ਵਿਚ ਆ ਪ੍ਰਗਟ ਹੁੰਦੇ ਹਨ। ਸਾਧਾਰਨ ਜਾਂ ਸੰਚਾਰੀ ਭਾਵ ਮਨ ਵਿਚ ਆਉਂਦੇ ਜਾਂਦੇ ਰਹਿੰਦੇ ਹਨ। ਪਰੰਤੂ ਅਵਚੇਤਨ ਦੇ ਭਾਵ ਸਦਾ ਟਿਕੇ ਰਹਿੰਦੇ ਹਨ। ਇਸੇ ਲਈ ਇਹ ਸਥਾਈ ਹਨ। ਸਥਾਈ ਭਾਵ ਦੀ ਵਿਸ਼ੇਸ਼ਤਾ ਇਹ ਹੈ, ਇਹ ਆਪਣੇ ਆਪ ਵਿਚ ਹੋਰ ਭਾਵਾਂ ਨੂੰ ਵੀ ਲੀਨ ਕਰ ਲੈਂਦਾ ਹੈ। ਦੂਜਾ, ਸਜਾਤੀ ਤਥਾ ਵਿਜਾਤੀ ਭਾਵਾਂ ਨਾਲ ਨਸ਼ਟ ਨਹੀਂ ਹੁੰਦਾ। ਤੀਜਾ, ਕਾਵਿ-ਰਸ ਨੂੰ ਮਾਣਨ-ਜੋਗ ਹੋ ਨਿਬੜਦਾ ਹੈ। ਚੌਥਾ, ਵਿਭਾਵ, ਅਨੁਭਾਵ ਤੇ ਸੰਚਾਰੀ ਭਾਵਾਂ ਨਾਲ ਪੁਸ਼ਟ ਹੋ ਕੇ ਰਸ-ਰੂਪ ਵਿਚ ਬਦਲ ਜਾਂਦਾ ਹੈ।

ਆਚਾਰੀਆ ਇਨ੍ਹਾਂ ਦੀ ਗਿਣਤੀ ਪ੍ਰਤੀ ਇਕ ਮਤ ਨਹੀਂ। ਲੰਮੀ ਬਹਿਸ ਵਿਚ ਨਾ ਪੈਂਦੇ ਹੋਏ ਇਤਨਾ ਤਾਂ ਸਪਸ਼ਟ ਹੀ ਹੈ ਕਿ ਰਸ ਵਿਸ਼ੇਸ਼ ਦਾ ਸਥਾਈ ਵਿਸ਼ੇਸ਼ ਜ਼ਰੂਰ ਹੁੰਦਾ ਹੈ। ਜਿਤਨੀ ਕਾਵਿ-ਰਸਾਂ ਦੀ ਗਿਣਤੀ ਹੈ ਉਨੇ ਹੀ ਸਥਾਈ ਭਾਵ ਵੀ ਹਨ। ਪਹਿਲਾਂ ਪਹਿਲ ਨੌਂ ਰਸ ਮੰਨੇ ਜਾਂਦੇ ਹਨ, ਹੁਣ ਇਨ੍ਹਾਂ ਦੀ ਗਿਣਤੀ ਵੱਧ ਗਈ ਹੈ। ਵਾਤਸਲ ਰਸ, ਦੇਸ਼ ਭਗਤੀ ਰਸ ਤੇ ਭਗਤੀ ਰਸ ਨੂੰ ਹੁਣ ਸੁਤੰਤਰ ਰਸ ਮੰਨਿਆ ਜਾ ਰਿਹਾ ਹੈ।

ਉਪਰ ਸੰਕੇਤ ਕੀਤਾ ਗਿਆ ਹੈ ਕਿ ਕਾਵਿ-ਆਚਾਰੀਆ ਭਗਤੀ ਨੂੰ ਪਹਿਲੇ ਪਹਿਲ ਭਾਵ ਮੰਨਦੇ ਸਨ, ਰਸ ਨਹੀਂ। ਇਸ ਬੁਨਿਆਦੀ ਅਪਵਾਦ ਉਪਰ ਵਿਚਾਰ ਕਰ ਲੈਣਾ ਉਚਿਤ ਹੈ। ਕਾਵਿ ਆਚਾਰੀਆ ਭਗਤੀ ਨੂੰ ਦੇਵਾਦਿ ਸੰਬੰਧੀ ਰਤਿ ਮੰਨ ਕੇ ਇਸ ਦੀ ਗਣਨਾ ਭਾਵਾਂ ਦੇ ਅੰਤਰਗਤ ਕਰਦੇ ਰਹੇ ਹਨ। ਉਨ੍ਹਾਂ ਦੇ ਵਿਚਾਰ ਵਿਚ ਭਗਤੀ ਦਾ ਆਧਾਰ ਭੂਤ ਸਥਾਈ ਭਾਵ ਮੌਲਿਕ ਨਹੀਂ ਸਗੋਂ ਸਨੇਹ ਦਾ ਰੂਪਾਂਤਰ ਮਾਤਰ ਹੈ। ਭਗਤੀ ਆਚਾਰੀਆ ਕਾਵਿ ਆਚਾਰੀਆ ਦੇ ਮਤ ਨਾਲ ਸਹਿਮਤ ਨਹੀਂ। ਇਨ੍ਹਾਂ ਦਾ ਕਹਿਣਾ ਹੈ, ਭਾਵ ਤੋਂ ਬਿਨਾ ਤਾਂ ਰਸ ਪੈਦਾ ਹੀ ਨਹੀਂ ਹੋ ਸਕਦਾ। ਜੇ ਭਗਤੀ ਨੂੰ ਭਾਵ ਮੰਨ ਲਿਆ ਜਾਏ ਤਾਂ ਇਸ ਦਾ ਅਰਥ ਇਹ ਹੋਇਆ ਕਿ ਭਗਤੀ ਭਾਵ ਦਾ ਮਿਸ਼ਰਣ ਤਾਂ ਸਾਰੇ ਹੀ ਰਸਾਂ ਵਿਚ ਮੌਜੂਦ ਹੈ। ਜੋ ਸਭ ਰਸਾਂ ਦਾ ਮੂਲ ਹੈ, ਉਹ ਖ਼ੁਦ ਆਪ ਕਿਉਂ ਰਸਤ੍ਵ ਨੂੰ ਪ੍ਰਾਪਤ ਨਹੀਂ ਹੋ ਸਕਦਾ? ਨਿਰਣੈ ਵਜੋਂ, ਭਗਤੀ ਆਚਾਰੀਆ ਭਗਤੀ ਨੂੰ 'ਰਸ' ਵਜੋਂ ਸ੍ਵੀਕਾਰ ਕਰਦੇ ਹਨ।

ਹੁਣ ਰਸ ਅਤੇ ਭਾਵ ਦਾ ਅੰਤਰ ਨਿਬੇੜਾ ਕਰਨਾ ਉਚਿਤ ਮਾਲੂਮ ਹੁੰਦਾ ਹੈ। ਭਾਵ ਚਿੱਤ-ਬਿਰਤੀ ਰੂਪ ਹੈ। ਭਾਵ-ਰੂਪ ਚਿੱਤ-ਬਿਰਤੀ ਆਪ ਹੀ ਚਿੱਤ ਵਿਚ ਪੈਂਦੀ ਹੈ ਤੇ ਜਿਸ ਵੀ ਤਰ੍ਹਾਂ ਦਾ ਉੱਦੇਸ਼ ਸਾਹਮਣੇ ਹੋਵੇ ਉਸ ਨੂੰ ਪ੍ਰਾਪਤ ਹੋ ਕੇ ਉਸੇ ਦਾ ਰੂਪ ਜਾਂ ਤਦਾਕਾਰ ਹੋ ਜਾਂਦੀ ਹੈ। ਸ਼ਰੀਰ ਅਤੇ ਇੰਦ੍ਰੀ ਵਰਗ ਦੇ ਵਿਕਾਰਾਂ ਨੂੰ ਪੈਦਾ ਕਰਨ ਵਾਲੀ ਚਿੱਤ-ਬਿਰਤੀ ਭਾਵ ਕਹਾਉਂਦੀ ਹੈ। ਭਾਵ ਸੁਭਾਵਿਕ ਵੀ ਹੁੰਦੇ ਹਨ ਤੇ ਅਤਿਥੀ ਵੀ। ਸੁਭਾਵਿਕ ਭਾਵ ਆਉਂਦੇ ਜਾਂਦੇ ਰਹਿੰਦੇ ਹਨ। ਅਤਿਥੀ ਭਾਵ ਵਿਸ਼ੇਸ਼ ਕਾਰਨਾਂ ਕਰਕੇ ਪੈਦਾ ਹੁੰਦੇ ਹਨ। ਇਨ੍ਹਾਂ ਦੇ ਸਹਾਰੇ ਮੌਲਦੇ ਤੇ ਸਮਾਪਤ ਹੋ ਜਾਂਦੇ ਹਨ। ਭਾਵ ਦਾ ਸੰਬੰਧ ਚਿੱਤ ਨਾਲ ਹੈ ਤੇ ਚਿੱਤ ਦਾ ਮਾਣਨਹਾਰ ਨਾਲ। ਜਿਸ ਤਰ੍ਹਾਂ ਦਾ ਆਲੰਬਨ ਹੋਵੇਗਾ ਉਸੇ ਨਾਲ ਸੰਬੰਧਿਤ ਸਥਾਈ ਭਾਵ ਆਪਣੇ ਸਹਿਕਾਰੀ ਭਾਵਾਂ ਨਾਲ ਪੁਸ਼ਟ ਹੋ ਕੇ ਰਸਤ੍ਵ ਨੂੰ ਪ੍ਰਾਪਤ ਹੋਵੇਗਾ। ਇਹੀ ਪ੍ਰਕ੍ਰਿਆ ਭਾਵ ਨੂੰ ਰਸ ਵਿਚ ਤਬਦੀਲ ਕਰਦੀ ਹੈ। ਜ਼ਾਹਿਰ ਹੈ, ਰਸ ਕਾਵਿ ਵਿਚੋਂ ਪ੍ਰਾਪਤ ਹੋਣ ਵਾਲਾ ਆਨੰਦ ਹੈ ਤੇ ਭਾਵ ਉਸ ਨੂੰ ਜਗਾਣ ਵਾਲਾ, ਪੁਸ਼ਟ ਕਰਨ ਵਾਲਾ ਇਕ ਸਾਧਨ ਮਾਤਰ। ਭਗਤੀ ਆਚਾਰੀਆ ਦੀ ਇਕ ਹੋਰ ਵੀ ਸਥਾਪਨਾ ਹੈ। ਉਹ ਰਸਤਵ ਪ੍ਰਾਪਤ ਕਰਨ ਲਈ ਚਿੱਤ-ਦ੍ਰੁੱਤੀ ਦੀ ਪ੍ਰਕ੍ਰਿਆ ਨੂੰ ਲਾਜ਼ਮੀ ਮੰਨਦੇ ਹਨ। ਉਨ੍ਹਾਂ ਦੇ ਵਿਚਾਰ ਵਿਚ ਚਿੱਤ-ਦ੍ਰਵਣ ਰਸਾਸਵਾਦਨ ਦੀ ਪਹਿਲੀ ਸਟੇਜ ਹੈ। ਇਸ ਤੋਂ ਬਿਨਾ ਤਾਂ ਰਸਤ੍ਵ ਨੂੰ ਪ੍ਰਾਪਤ ਹੋਇਆ ਹੀ ਨਹੀਂ ਜਾ ਸਕਦਾ। ਰਸ ਆਚਾਰੀਆ ਨੇ ਰਸ-ਅੰਗਾਂ ਵਿਚ ਚਿੱਤ-ਬਿਰਤੀ ਤੇ ਚਿੱਤ-ਦ੍ਰੁੱਤੀ ਦਾ ਵਿਸ਼ੇਸ਼ ਸੰਕੇਤ ਨਹੀਂ ਦਿੱਤਾ ਪਰ ਭਗਤੀ ਰਸ-ਸ਼ਾਸਤਰ ਵਿਚ ਇਨ੍ਹਾਂ ਦੋਹਾਂ ਨੂੰ ਕੇਂਦਰੀ ਸ਼ਥਾਨ ਪ੍ਰਾਪਤ ਹੈ।

ਭਗਤੀ ਰਸ-ਸ਼ਾਸਤਰ ਦੀ ਆਧਾਰ-ਸ਼ਿਲਾ ਕਾਵਿ-ਸ਼ਾਸਤਰ ਉਪਰ ਹੀ ਰਖੀ ਗਈ ਹੈ। ਸਾਮਾਨਯ ਰਸ ਦਾ ਨਿਪਟਾਰਾ ਸਥਾਈ ਭਾਵ ਉਪਰ ਕੀਤਾ ਜਾਂਦਾ ਹੈ ਤੇ ਭਗਤੀ ਰਸ ਦਾ ਵੀ। ਕਾਵਿ ਰਸ ਵਿਚ ਵਿਭਾਵ, ਅਨੁਭਾਵ, ਸੰਚਾਰੀ ਭਾਵ ਦਾ ਯੋਗਦਾਨ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਇਨ੍ਹਾਂ ਦਾ ਯੋਗਦਾਨ ਭਗਤੀ ਰਸ ਵਿਚ ਵੀ ਹੈ। ਕਾਵਿ-ਰਸ ਦੇ ਸਥਾਈ ਤ੍ਰਿਗੁਣਾਤਮਕ ਪ੍ਰਕ੍ਰਿਤੀ ਨਾਲ ਸੰਬੰਧਿਤ ਹਨ ਤੇ ਭਗਤੀ ਬ੍ਰਹਮ ਨਾਲ। ਪ੍ਰਕ੍ਰਿਤੀ ਵਿਚ ਜੋ ਸੁਖ ਹੈ, ਉਹ ਸਤੋਗੁਣ ਹੈ। ਸਤੋਗੁਣ ਦਾ ਸੰਬੰਧ ਸ਼ਿੰਗਾਰ, ਅਦਭੁਤ ਤੇ ਸ਼ਾਂਤ ਰਸ ਨਾਲ ਹੈ। ਪ੍ਰਕ੍ਰਿਤੀ ਵਿਚ ਜੋ ਦੁਖ ਹੈ, ਉਹ ਰਜੋਗੁਣ ਹੈ। ਰਜੋਗੁਣ ਨਾਲ ਹਾਸ, ਬੀਰ ਤੇ ਬੀਭਤਸ ਰਸ ਸੰਬੰਧਿਤ ਹਨ। ਪ੍ਰਕ੍ਰਿਤੀ ਵਿਚ ਜੋ ਮੋਹ ਹੈ, ਉਹ ਤਮੋਗੁਣ ਹੈ। ਤਮੋਗੁਣ ਦਾ ਸੰਬੰਧ ਕਰੁਣ, ਰੌਦ੍ ਅਤੇ ਭਿਆਨਕ ਰਸ ਨਾਲ ਹੈ।

ਭਗਤੀ ਭਗਵਦਾਕਾਰਤਾ ਨਾਲ ਸੰਬੰਧਿਤ ਹੈ। ਇਹ ਮੂਲ ਮਨੋਮਈ ਸੰਸਕਾਰ ਹੈ। ਭਗਵਦਾਕਾਰਤਾ ਮੂਲ ਰੂਪ ਵਿਚ ਪ੍ਰਕ੍ਰਿਤੀ ਹੀ ਨਹੀਂ ਸਗੋਂ ਚਿੱਤ ਦਾ ਸਹਿਜ ਗੁਣ ਹੈ। ਭਗਵਦਾਕਾਰਤਾ ਨੂੰ ਪ੍ਰਾਪਤ ਹੋਇਆ ਚਿੱਤ ਸਦਾ ਦ੍ਰਵਿੱਤ ਹੀ ਰਹਿੰਦਾ ਹੈ। ਬ੍ਰਹਮਾਕਾਰ ਚਿੱਤ-ਦ੍ਰੁੱਤੀ ਹੀ ਪੂਰਨ ਚਿੱਤ-ਦ੍ਰੁੱਤੀ ਹੈ। ਬਲਕਿ ਲੌਕਿਕ ਵਸਤਾਂ ਵਿਚੋਂ ਪੈਦਾ ਹੋਏ ਚਿੱਤ-ਦ੍ਰਵਣ ਦਾ ਮੂਲ ਪ੍ਰੇਰਣਾ-ਸ੍ਰੋਤ ਵੀ ਬ੍ਰਹਮਾਕਾਰ ਹੀ ਹੈ। ਰਸ-ਅਨੁਭੂਤੀ ਲਈ ਆਚਾਰੀਆਂ ਨੇ ਦੋ ਤੱਤ ਸ੍ਵੀਕਾਰ ਕੀਤੇ ਹਨ। ਪਹਿਲਾ ਚਿੱਤ, ਦੂਸਰਾ ਚੇਤੰਨ। ਚਿੱਤ ਦਾ ਸੰਬੰਧ ਚਿੱਤ-ਬਿਰਤੀਆਂ ਅਥਵਾ ਮਾਇਆ ਜਾਂ ਪ੍ਰਕ੍ਰਿਤੀ ਨਾਲ ਹੈ। ਇਸ ਦਾ ਸੰਬੰਧ ਵਸਤੂ ਸੰਸਾਰ ਦੀ ਰੂਪਕਤਾ ਨਾਲ ਹੈ। ਜਾਂ ਇਉਂ ਕਹੋ ਵਸਤੂ ਦੀ ਲੌਕਿਕਤਾ ਨਾਲ। ਇਸੇ ਦਾ ਸੰਬੰਧ ਕਾਵਿ-ਰਸਾਂ ਨਾਲ ਹੈ ਜੋ ਪ੍ਰਤੀਤੀ ਵਿਸ਼ੇਸ਼ ਦੇ ਲਖਾਇਕ ਹਨ। ਚੇਤੰਨ ਦਾ ਸੰਬੰਧ ਭਗਤੀ ਰਸ ਨਾਲ ਹੈ ਜੋ ਗਿਆਨ ਵਿਸ਼ੇਸ਼ ਦੀ ਅਨੁਭੂਤੀ ਨੂੰ ਜਣਾਉਂਦਾ ਹੈ। ਇਸ ਦਾ ਮੁੱਖ ਪਛਾਣ-ਚਿਹਨ ਇਹ ਹੈ, ਇਹ ਅਰੂਪ ਅਲੌਕਿਕ ਨਾਲ ਵਿਸ਼ੇਸ਼ ਕਰਕੇ ਸੰਬੰਧਿਤ ਹੈ। ਕਾਵਿ-ਰਸ ਸੰਸਾਰਿਕਤਾ ਨਾਲ ਸੰਬੰਧਿਤ ਹੋਣ ਕਰਕੇ ਜੀਵਨੀ-ਪਰਕ ਹੁੰਦੇ ਹਨ ਪਰ ਭਗਤੀ ਰਸ ਅਰੂਪ ਬ੍ਰਹਮ ਦੀ ਬ੍ਰਹਿਮੰਡੀ ਲੀਲ੍ਹਾ ਨਾਲ ਸੰਬੰਧਿਤ ਹੋਣ ਕਰਕੇ ਆਤਮ-ਪਰਕ ਹੋ ਜਾਂਦਾ ਹੈ। ਵਸਤੂ ਦੀ ਦ੍ਰਿਸ਼ਟੀ ਤੋਂ ਰਸ ਦਾ ਨਿਪਟਾਰਾ ਮਾਣਨਹਾਰ ਦੀ ਯੋਗਤਾ ਉਪਰ ਕੀਤਾ ਜਾਣਾ ਚਾਹੀਦਾ ਹੈ। ਕਾਵਿ ਦਾ ਮਾਣਨਹਾਰ ਸੁਹਿਰਦ ਹੈ। ਕਾਵਿ-ਜਗਤ ਵਿਚ ਪ੍ਰਤੀਤੀ ਵਿਸ਼ੇਸ਼ ਦਾ ਸਾਧਾਰਣੀਕਰਨ ਹੋ ਸਕਦਾ ਹੈ। ਭਗਤੀ ਰਸ ਦਾ ਮਾਣਨਹਾਰ ਭਗਤ ਹੈ ਜੋ ਗਿਆਨ ਵਿਸ਼ੇਸ਼ ਦੀ ਅਨੁਭੂਤੀ ਨੂੰ ਮਾਣਦਾ ਹੈ। ਇਸ ਦਾ ਸਾਧਾਰਣੀਕਰਨ ਨਹੀਂ ਹੋ ਸਕਦਾ। ਇਸ ਦਾ ਮੁੱਖ ਸੰਬੰਧ ਭਗਤ ਮੰਡਲੀ ਨਾਲ ਹੈ। ਕਵੀ ਰਸਾ ਸਵਾਦਨ ਕਰਕੇ ਰਸ-ਰੂਪ ਨਹੀਂ ਹੋ ਜਾਂਦਾ ਜਦ ਕਿ ਭਗਤ ਆਨੰਦ-ਰੂਪ ਪਰਮਾਤਮਾ ਦੀ ਤਦਰੂਪਤਾ

ਨੂੰ ਪ੍ਰਾਪਤ ਹੋ ਜਾਂਦਾ ਹੈ। ਇਹੀ ਇਨ੍ਹਾਂ ਦੋਹਾਂ ਦਾ ਤਾਤਵਿਕ ਭੇਦ ਵੀ ਹੈ। ਕਵੀ ਲੌਕਿਕ ਆਨੰਦ ਦੀ ਪ੍ਰਾਪਤੀ ਤੋਂ ਬਾਅਦ ਅਲੌਕਿਕ ਆਨੰਦ ਵੱਲ ਮੁੜਦਾ ਹੈ ਤੇ ਭਗਤ ਆਨੰਦ-ਪ੍ਰਾਪਤੀ ਤੋਂ ਬਾਅਦ ਲੋਕ ਉਨਮੁਖ ਹੁੰਦਾ ਹੈ। ਕਵੀ-ਰਸਾਸਵਾਦਨ ਕਰਦਾ ਹੈ, ਭਗਤ ਰਸਾਸਵਾਦਨ ਦਾ ਪ੍ਰਗਟਾਵਾ। ਕਵੀ ਕਾਵਿ ਆਨੰਦ ਨੂੰ ਪ੍ਰਾਪਤ ਹੁੰਦਾ ਹੈ ਤੇ ਭਗਤ ਪਰਮਾਨੰਦ ਨੂੰ।

ਕਾਵਿ-ਰਸਾਂ ਦੇ ਸਥਾਈ ਭਾਵ ਚਿੱਤ-ਬਿਰਤੀ ਜਾਂ ਉਪਹਰਣ ਕਰਕੇ ਬਦਲਦੇ ਰਹਿੰਦੇ ਹਨ ਪਰ ਭਗਤੀ ਰਸ ਦਾ ਸਥਾਈ ਭਾਵ ਭਗਵਦ-ਅਨੁਰਾਗ ਮੂਲ ਮਨੋਮਈ ਸੰਸਕਾਰ ਹੈ। ਇਹ ਬਦਲਦਾ ਨਹੀਂ ਸਗੋਂ ਸਥਾਈ ਰੂਪ ਵਿਚ ਟਿਕਿਆ ਰਹਿੰਦਾ ਹੈ। ਕਾਵਿ-ਰਸ ਦਾ ਪ੍ਰਯੋਜਨ ਕਾਵਿ-ਆਨੰਦ ਨੂੰ ਪ੍ਰਾਪਤ ਕਰਨਾ ਹੈ ਪਰ ਭਗਤੀ ਰਸ ਪਰਮਾਨੰਦ ਨੂੰ ਪ੍ਰਾਪਤ ਹੁੰਦਾ ਹੈ। ਇਕ ਚਾਉ ਭਰੀ ਇਕਾਗ੍ਰਤਾ, ਇਕ ਸੁਖਾਤਮਕ ਟਿਕਾਉ ਚਿੱਤ ਦਾ ਸਹਿਜ-ਗੁਣ ਬਣ ਜਾਂਦਾ ਹੈ। ਭਗਤ ਨੂੰ ਬ੍ਰਹਮ ਹਰ ਥਾਂ, ਹਰ ਰੂਪ ਤੇ ਹਰ ਰੰਗ ਵਿਚ ਵਿਆਪਕ ਲੱਗਦਾ ਹੈ। ਬ੍ਰਹਮ ਨੂੰ ਅਨੁਭਵ ਸਿੱਧ ਕਰਨਾ ਇਕ ਪਾਸੇ ਧਰਮ ਸੰਸਾਰ ਦੀ ਮੁੱਖ ਪ੍ਰਾਪਤੀ ਹੈ, ਦੂਜੇ ਪਾਸੇ, ਪ੍ਰਮੁੱਖ ਪਛਾਣ-ਚਿਹਨ।

ਹੁਣ ਭਗਤੀ ਤੇ ਨਾਮ ਰਸ ਵਿਚਲੇ ਅੰਤਰ ਨੂੰ ਸਪਸ਼ਟ ਕਰਨਾ ਵੀ ਉਚਿਤ ਹੋਵੇਗਾ। ਭਗਤੀ ਤੇ ਨਾਮ-ਰਸ ਦੇ ਰਸ-ਅੰਗ ਜਾਂ ਉਪਕਰਣ ਇਕੋ ਹੀ ਹਨ। ਦੂਜੇ ਸ਼ਬਦਾਂ ਵਿਚ ਇਨ੍ਹਾਂ ਦੋਹਾਂ ਦੇ ਸਥਾਈ ਭਾਵ, ਉੱਦੀਪਨ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵ ਇਕ ਹੀ ਹਨ। ਅੰਤਰ ਹੈ ਤਾਂ ਕੇਵਲ ਆਲੰਬਨ ਵਿਭਾਵ ਵਿਚ। ਭਗਤੀ ਰਸ ਵਿਚ ਰੂਪ ਵਿਸ਼ੇਸ਼ ਦੀ ਪੂਜਾ ਜਾਂ ਮਹਿਮਾ ਹੁੰਦੀ ਹੈ ਜੇਹਾ ਕਿ ਰਾਮ, ਕ੍ਰਿਸ਼ਣ ਆਦਿ। ਪਰ ਨਾਮ ਰਸ ਵਿਚ ਬ੍ਰਹਮ ਦੀਆਂ ਰੂਪ-ਅਰੂਪ ਦੋਹਾਂ ਮਿਸ਼੍ਰਿਤ ਅਵਸਥਾਵਾਂ ਦਾ ਮਹਿਮਾਮਈ ਗੁਣਗਾਨ ਹੁੰਦਾ ਹੈ। ਸੰਖੇਪ ਵਿਚ, ਨਾਮ ਰਸ ਦੀ ਰੂਪ ਰੇਖਾ ਇਸ ਪ੍ਰਕਾਰ ਹੈ :

ਸਥਾਈ ਭਾਵ : ਭਗਵਦ-ਅਨੁਰਾਗ

ਆਲੰਬਨ ਵਿਭਾਵ : ਨਿਰਗੁਣ ਬ੍ਰਹਮ ਦੀ ਅਨੰਤਤਾ ਦੀ ਮਹਿਮਾ, ਸਗੁਣ ਬ੍ਰਹਮ ਦਾ ਗੁਣਗਾਨ ਤੇ ਦੋਹਾਂ ਦੇ ਮਿਸ਼੍ਰਿਤ ਰੂਪ ਦੀ ਵਡਿਆਈ।

ਉੱਦੀਪਨ ਵਿਭਾਵ : ਸਤਿ-ਸੰਗਤ ਦਾ ਸੰਗ, ਕਥਾ ਕੀਰਤਨ, ਪ੍ਰਭੂ ਦੇ ਅਦਭੁਤ ਕਾਰਜ, ਅਨੂਪਮ ਗੁਣਾਵਲੀ, ਲੋਕ-ਪਰਲੋਕ ਦੇ ਸੁਖਾਂ ਦਾ ਪ੍ਰਲੋਭਨ ਅਤੇ ਆਕਰਸ਼ਣ।

ਅਨੁਭਾਵ : ਵੈਰਾਗ ਭਰੇ ਨੈਣ, ਸਹਜ ਸੁਖ, ਹੰਝੂ ਰੋਮਾਂਚ, ਨੇਤ੍ਰ ਵਿਕਾਸ, ਟਿਕਾਉ, ਗਦ ਗਦ ਬਚਨ, ਹੱਥ ਜੋੜਨਾ, ਮੱਥਾ ਟੇਕਣਾ, ਝੂੰਮਣਾ ਆਦਿ।

ਸੰਚਾਰੀ ਭਾਵ : ਸੁਖ, ਮਸਤੀ, ਚਿੰਤਾ, ਦੀਨਤਾ, ਧੀਰਜ, ਸ਼ਿਮਰਤੀ, ਬੁਧੀ, ਨਿਮ੍ਰਤਾ ਆਦਿ।

ਗਉੜੀ ਸੁਖਮਨੀ ਦਾ ਰਸ–ਆਂਗਿਕ ਅਧਿਐਨ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਉਚਿਤ ਹੈ ਕਿ ਰਸ-ਅੰਗ ਰਚਨਾ ਵਿਸ਼ੇਸ਼ ਤੋਂ ਬਾਹਰ ਨਹੀਂ ਹੁੰਦੇ ਸਗੋਂ ਰਚਨਾ ਵਿਚ ਓਤਪੋਤ ਹੁੰਦੇ ਹਨ। ਇਸ ਤੋਂ ਛੁੱਟ ਇਹ ਰਚਨਾ-ਵਿਸ਼ੇਸ਼ ਦੇ ਗੁਣ-ਲੱਛਣਾਂ ਨੂੰ ਨਿਰਧਾਰਿਤ ਕਰਨ ਵਿਚ ਵੀ ਸੀਰ ਪਾਉਂਦੇ ਹਨ। ਉਂਝ ਤਾਂ ਸਾਹਿੱਤ-ਕਿਰਤ ਦਾ ਪਾਠ ਵਿਸ਼ੇਸ਼ ਹੀ ਖ਼ੁਦ ਆਪ ਆਪਣੀ ਰਸ ਵੰਨਗੀ ਦਾ ਐਲਾਨ ਕਰਦਾ ਹੈ ਪਰ ਰਸ-ਵੰਨਗੀ ਉਪਰ ਪ੍ਰਮਾਣਿਕਤਾ ਦੀ ਮੋਹਰ ਸਥਾਪਿਤ ਰਸ-ਅੰਗ ਹੀ ਲਾਉਂਦੇ ਹਨ। ਰਸ ਆਪਣੇ ਆਪ ਵਿਚ ਵੰਨਗੀ ਦੀ ਕਲਾ ਹੈ। ਰਚਨਾ-ਪਾਠ ਤੋਂ ਬਿਨਾ ਹੋਰ ਕੋਈ ਅਜਿਹੀ ਵਸਤੂ ਨਹੀਂ ਜੋ ਰਸ-ਵੰਨਗੀ ਦੀ ਪ੍ਰਕ੍ਰਿਤੀ ਬਾਰੇ ਨਿਰਣੈ ਦੇ ਸਕੇ। ਜੇਹੀ-ਜੇਹੀ ਵਸਤੂ-ਸਾਮਗ੍ਰੀ ਹੋਵੇਗੀ ਉਸੇ ਅਨੁਸਾਰ ਉਸ ਦਾ ਆਲੰਬਨ ਉੱਦੀਪਨ, ਸੰਚਾਰੀ ਤੇ ਅਨੁਭਾਵ ਹੋਣਗੇ।

ਗਉੜੀ ਸੁਖਮਨੀ ਦਾ ਆਲੰਬਨ ਵਿਭਾਵ ਨਿਰਗੁਣ ਬ੍ਰਹਮ ਦੀ ਅਨੰਤ ਮਹਿਮਾ ਹੈ। ਇਹ ਆਲੰਬਨ ਪਹਿਲੀਆਂ ਛੇ ਅਸ਼ਟਪਦੀਆਂ ਵਿਚ ਵਿਆਪਕ ਹੈ। ਗਉੜੀ ਸੁਖਮਨੀ ਦੇ ਆਲੰਬਨ ਦੀ ਦੂਸਰੀ ਤਹਿ ਨਿਰਗੁਣ ਤੇ ਸਰਗੁਣ ਬ੍ਰਹਮ ਦੇ ਮਿਸ਼੍ਰਿਤ ਰੂਪ ਨਾਲ ਸੰਬੰਧਿਤ ਹੈ। ਇਸ ਦਾ ਦੀਦਾਰ ਸੱਤਵੀਂ, ਅੱਠਵੀਂ ਤੇ ਨੌਵੀਂ ਅਸ਼ਟਪਦੀ ਵਿਚ ਕੀਤਾ ਜਾ ਸਕਦਾ ਹੈ। ਬ੍ਰਹਮ ਦੀ ਅਨੰਤ ਅਪਾਰ ਵਿਰਾਟਤਾ ਜਿਸ ਵਿਚ ਬ੍ਰਹਿਮੰਡੀ ਵੰਨ ਸੁਵੰਨਤਾ

(ਦਸਵੀਂ), ਧਰਮਾਚਾਰ ਦੀ ਵੰਨਸੁਵੰਨਤਾ (ਗਿਆਰ੍ਹਵੀਂ), ਮਨੁੱਖੀ ਸ਼ਕਤੀ ਤੇ ਬ੍ਰਹਮੀ ਸ਼ਕਤੀ ਦੀ ਅਨੇਕਤਾ ਦਾ ਭਰਪੂਰ ਚਿੱਤਰਣ ਵੀ ਮਹਿਮਾਮਈ ਸ਼ੈਲੀ ਰਾਹੀਂ ਬਾਰ੍ਹਵੀਂ ਅਸ਼ਟਪਦੀ ਵਿਚ ਪੇਸ਼ ਹੋਇਆ ਹੈ। ਮਨੁੱਖੀ ਪਰਾ-ਹੋਂਦ ਦੇ ਸਾਹਮਣੇ ਅਤੀ ਨਿਗੂਣੀ ਜੇਹੀ ਸ਼ੈਅ ਹੈ। ਤੇਰ੍ਹਵੀਂ ਅਸ਼ਟਪਦੀ ਵਿਚ ਜਦੋਂ ਉਹ ਹਉਮੈ ਨੂੰ ਧਾਰਨ ਕਰਕੇ ਆਪਣੀ ਹੋਂਦ ਦਾ ਪ੍ਰਗਟਾਵਾ ਕਰਦਾ ਹੈ ਤਾਂ ਸੰਤ ਕਾ ਦੋਖੀ ਬਣ ਜਾਂਦਾ ਹੈ। ਗਉੜੀ ਸੁਖਮਨੀ ਦੀਆਂ ਚੌਦਾਂ ਤੇ ਵੀਹ ਅਸ਼ਟਪਦੀਆਂ ਇਕ ਪਾਸੇ ਪ੍ਰਭੂ-ਮਹਿਮਾ ਨਾਲ ਭਰਪੂਰ ਹਨ। ਦੂਜੇ ਪਾਸੇ ਮਨੁੱਖੀ ਟੇਕ ਦੀ ਆਸਰਤਾ ਨੂੰ ਪੇਸ਼ ਕਰਦੀਆਂ ਹਨ। ਤੀਜੇ ਪਾਸੇ, ਮਨੁੱਖ ਜੋ ਠਾਕੁਰ ਦਾ ਸੇਵਕ ਬਣ ਜਾਂਦਾ ਹੈ ਸਤਿਗੁਰੂ ਦਾ ਸਿੱਖ ਬਣ ਜਾਂਦਾ ਹੈ ਉਹ ਸਰਬ ਸੁਖਾਂ ਨੂੰ ਪ੍ਰਾਪਤ ਹੁੰਦਾ ਹੈ। ਇਸ ਰਚਨਾ ਦੀਆਂ ਇਕੀ ਤੋਂ ਚੌਵੀ ਅਸ਼ਟਪਦੀਆਂ ਨਿਰਗੁਣ ਸਰਗੁਣ ਦੀ ਅਭੇਦਤਾ ਤੇ ਕਰਤੇ ਦੀ ਮਹਿਮਾ, ਪ੍ਰਭੂ ਦੀ ਵਿਆਪਕਤਾ, ਪ੍ਰਭੂ ਦੇ ਗੁਣਾਨੁਵਾਦ ਤੇ ਸੁਖਮਨੀ ਦੇ ਮਹਾਤਮ ਨਾਲ ਸੰਬੰਧਿਤ ਹਨ। ਸਾਰੀ ਰਚਨਾ ਵਿਚ ਇਕੋ ਇਕ ਅਜਿਹੀ ਅਸ਼ਟਪਦੀ ਤੇਰ੍ਹਾਂ ਹੈ ਜੋ ਸੰਤ ਕੇ ਦੋਖੀ ਦਾ ਸੁਰ ਉੱਚਾਰਨ ਕਰਨ ਨਾਲ ਪ੍ਰਭਾਵ ਦੀ ਇਕਸੁਰਤਾ ਨੂੰ ਭੰਗ ਕਰਦੀ ਜਾਪਦੀ ਹੈ ਪਰ ਇਸ ਦਾ ਅੰਦਰਲਾ ਪ੍ਰਬੰਧ 'ਸੰਤ ਕਾ ਨਿੰਦਕ' ਦੀ ਭਰਪੂਰ ਚਰਚਾ ਕਰਨ ਦੇ ਨਾਲ-ਨਾਲ ਸੂਤ੍ਰਿਤ ਰੂਪ ਵਿਚ ਨਾਮ ਦੀ ਹੀ ਪ੍ਰੋੜ੍ਹਤਾ ਕਰਦਾ ਹੈ। ਇਥੇ ਇਹ ਧਿਆਨ ਰਹੇ, ਗਉੜੀ ਸੁਖਮਨੀ ਵਿਚ ਪੇਸ਼ ਹੋਏ ਚੌਵੀ ਸ਼ਲੋਕ ਥੀਮ ਦੇ ਪੱਖੋਂ ਅਲੱਗ ਨਹੀਂ, ਸਗੋਂ ਹਰ ਇਕ ਸ਼ਲੋਕ ਪਰਵਰਤੀ ਅਸ਼ਟਪਦੀ ਦੀ ਭੂਮਿਕਾ ਨੂੰ ਪੇਸ਼ ਕਰਦਾ ਹੈ।

ਇਸ ਤਰ੍ਹਾਂ ਇਕ ਪਾਸੇ ਆਲੰਬਨ ਵਿਭਾਵ ਸਥਾਈ ਭਾਵ-ਭਗਵਦ-ਅਨੁਰਾਗ ਨੂੰ ਜਾਗ੍ਰਿਤ ਕਰਦਾ ਹੈ। ਵਿਰਾਟ ਬ੍ਰਹਿਮੰਡੀ ਵੰਨਸੁਵੰਨਤਾ ਇਕ ਸੂਤਰ ਵਿਚ ਪ੍ਰੋਏ ਹੋਏ ਵਾਂਗ ਆਪ ਸਾਹਮਣਿਉਂ ਲੰਘਦੀ ਹੋਈ, ਇਕ ਸੰਪੂਰਨ ਸਿਸਟਮ ਨੂੰ ਪੇਸ਼ ਕਰਦੀ ਹੋਈ ਭਗਵਦ-ਅਨੁਰਾਗ ਨੂੰ ਉੱਦੀਪਤ ਕਰਦੀ ਹੈ। ਅਸ਼ਟਪਦੀ ਸਤਾਰਾਂ ਵਿਚ ਠਾਕਰ ਸੇਵਕ ਸੰਬੰਧ ਤੇ ਸਤਿਗੁਰੂ ਸਿੱਖ ਸੰਬੰਧ (ਅਠਾਰ੍ਹਾਂ) ਵਿਚੋਂ ਪੈਦਾ ਹੋਇਆ ਲੋਕ ਸੁਖਾਂ ਦਾ ਆਕਰਸ਼ਣ ਤੇ ਪ੍ਰਲੋਕ-ਸੁਖ ਦਾ ਪ੍ਰਲੋਭਨ ਭਗਵਦ ਅਨੁਰਾਗ ਨੂੰ ਹੋਰ ਤਿਖਿਆਂ ਕਰਦਾ ਹੈ। ਸੁਖ, ਮਸਤੀ, ਧੀਰਜ, ਦੀਨਤਾ ਆਦਿ ਸੰਚਾਰੀ ਜਗਦੇ ਬੁਝਦੇ ਸਥਾਈ ਭਾਵ ਭਗਵਦ-ਅਨੁਰਾਗ ਨੂੰ ਹੋਰ ਪੁਸ਼ਟ ਕਰਦੇ ਹਨ। ਮਾਣਨਹਾਰ ਵੈਰਾਗ ਭਰੇ ਨੈਣਾਂ ਰਾਹੀਂ ਸਹਿਜ-ਸੁਖ ਦਾ ਪ੍ਰਦਰਸ਼ਨ ਕਰਦਾ ਹੈ। ਗਦਗਦ ਹੋ ਕੇ ਪਾਠ ਕਰਦਾ ਹੈ। ਮਸਤੀ ਵਿਚ ਹੁਲਾਰੇ ਲੈਂਦਾ ਹੈ। ਕਦੀ ਹੱਥ ਜੋੜ ਕੇ ਮਥਾ ਟੇਕਦਾ ਹੈ ਤੇ ਕਦੀ ਨੇਤ੍ਰ ਖੋਲ੍ਹ-ਖੋਲ੍ਹ ਕੇ ਵੇਖਦਾ ਹੈ। ਇਹ ਅਨੁਭਾਵ ਮਾਣਨਹਾਰ ਦੀ ਮਾਨਸਿਕ ਅਵਸਥਾ ਦਾ ਬੋਧ ਕਰਾਉਂਦੇ ਹਨ। ਚਿੱਤ-ਦ੍ਰੁੱਤੀ ਕਿਸੇ ਅਜਿਹੇ ਸੁਲੱਖਣੇ ਪਲ ਹੀ ਆਪਣਾ ਚਮਤਕਾਰ ਵਿਖਾਉਂਦੀ ਹੈ। ਰਸ ਵਿਆਪਕਤਾ ਦਾ ਮੁੱਖ ਪਛਾਣ ਚਿਹਨ ਇਹ ਹੁੰਦਾ ਹੈ ਕਿ ਉਹ ਸਾਰੀ ਰਚਨਾ ਵਿਚ ਰਖਿਆ ਹੁੰਦਾ ਹੈ। ਗਉੜੀ ਸੁਖਮਨੀ ਦਾ ਆਰੰਭਿਕ ਸਲੋਕ 'ਆਦਿ ਗੁਰਏ ਨਮਹ' ਹੈ ਤੇ ਅਸ਼ਟਪਦੀ 'ਸਿਮਰਉ ਸਿਮਰਿ ਸਿਮਰਿ ਸੁਖ ਪਾਵਉ, ਕਾਲ ਕਲੇਸ ਤਨਿ ਮਾਹਿ ਮਿਟਾਵਹੁ' ਦੀ ਪੰਕਤੀ ਨਾਲ ਆਰੰਭ ਹੁੰਦੀ ਹੈ। ਇਸੇ ਤਰ੍ਹਾਂ ਸੁਖਮਨੀ ਦੀਆਂ ਅੰਤਿਮ ਪੰਕਤੀਆਂ 'ਜਿਸ ਮਨ ਬਸੇ ਸੁਨੈ ਲਾਇ ਪ੍ਰੀਤ, ਤਿਸ ਜਨ ਆਵੈ ਹਰਿ ਪ੍ਰਭਿ ਚੀਤ। ਜਨਮ ਮਰਣ ਤਾਕਾ ਦੂਖ ਨਿਵਾਰੈ, ਦੁਰਲਭ ਦੇਹੈ ਤਤਕਾਲ ਉਧਾਰੈ' ਦੀਆਂ ਹਨ। ਇਹ ਵੀ ਪ੍ਰਭੂ ਪ੍ਰੀਤ ਦੇ ਨਾਲ-ਨਾਲ ਪ੍ਰਭੂ ਪ੍ਰੀਤ ਕਰਨ ਵਾਲੇ ਦੀ ਮਹਿਮਾ, ਪ੍ਰੀਤ ਦਾ ਫਲਾਦੇਸ਼ ਤੇ ਸ਼ਰੀਰਕ ਉਧਾਰ ਦਾ ਵਰਣਨ ਕਰਕੇ ਭਗਵਦ-ਅਨੁਰਾਗ ਨੂੰ ਉੱਦੀਪਤ ਕਰਦੀਆਂ ਹਨ।

ਕੁਲ ਮਿਲਾ ਕੇ, ਪਾਰਬ੍ਰਹਮ ਦੀ ਸਗਲ ਪਾਸਾਰੀ ਵੰਨਸੁਵੰਨ ਮਹਿਮਾ ਦਾ ਆਲੰਬਨ ਵਿਭਾਵ, ਨਾਮ ਸਿਮਰਨ ਦੇ ਫਲਾਦੇਸ਼ ਦਾ ਆਕਰਸ਼ਣ ਤੇ ਪ੍ਰਲੋਭਨ ਆਦਿ ਦਾ ਉੱਦੀਪਨ ਵਿਭਾਵ, ਡਰ, ਧੀਰਜ ਤੇ ਸੁਖ, ਮਸਤੀ ਆਦਿ ਸੰਚਾਰੀ ਭਾਵ ਆਪਣੇ ਸਥਾਈ ਭਾਵ-ਅਨੁਰਾਗ ਨੂੰ ਪੁਸ਼ਟ ਕਰਦੇ ਹੋਏ ਨਾਮ ਰਸਤ੍ਵ ਨੂੰ ਪ੍ਰਾਪਤ ਹੁੰਦੇ ਹਨ :

ਸਭ ਤੇ ਊਚ ਤਾ ਕੀ ਸੋਭਾ ਬਨੀ।
ਨਾਨਕ ਇਹ ਗੁਣ ਨਾਮ ਸੁਖਮਨੀ।

ਗੁਰੂ ਗੋਬਿੰਦ ਸਿੰਘ ਰਚਿਤ ਬਾਣੀ ਵਿਚ ਸਵੈ-ਅਭਿਵਿਅਕਤੀ

ਪ੍ਰੋ. ਹਿੰਮਤ ਸਿੰਘ ਸੋਢੀ

ਨਿਘਰੀ ਹੋਈ ਸਮਾਜਿਕ ਅਵਸਥਾ ਦੇ ਸ਼ਿਕਾਰ ਹੋਏ ਲੋਕਾਂ ਵਿਚ ਆਤਮਿਕ-ਬਲ ਦਾ ਸੰਚਾਰ ਕਰਨ ਲਈ ਸਿੱਖ ਗੁਰੂਆਂ ਦੀ ਗਤੀ-ਵਿਧੀ ਤੇ ਉਨ੍ਹਾਂ ਦੀ ਬਾਣੀ ਦੋ ਸੌ ਸਾਲ ਤੋਂ ਹੀ ਨਾਲੋ-ਨਾਲ ਕਰਮ ਅਤੇ ਸਿਧਾਂਤ ਦੇ ਖੇਤਰਾਂ ਵਿਚ ਸੰਲਗਨਸ਼ੀਲ ਸੀ। ਸਮਾਜਿਕ ਕਰਮ-ਭੂਮੀ ਵਿਚ ਜਿਸ ਬੀਜ-ਮੰਤਰ ਦਾ ਆਰੋਪਨ ਗੁਰੂ ਨਾਨਕ ਦੇਵ ਜੀ ਦੁਆਰਾ ਹੋਇਆ ਸੀ ਉਹ ਇਕ ਬੂਟਾ ਬਣ ਚੁੱਕਾ ਸੀ ਅਤੇ ਇਸ ਉੱਤੇ ਕਿਸੇ ਫੁੱਲ ਜਾਂ ਫਲ ਦੀ ਆਮਦ ਸੀ। ਯੂਨਾਨੀ ਮਿਥਿਹਾਸ ਵਿਚ ਅਜਿਹਾ ਅਵਸਰ 'ਕਾਇਰੋਸ' ਅਖਵਾਉਂਦਾ ਹੈ।

ਯੂਨਾਨੀ ਪੁਰਾਣ ਅਨੁਸਾਰ ਕਾਇਰੋਸ (Kairos) ਤੁਰੇ ਆਉਂਦੇ ਸਮੇਂ ਦਾ ਬਿੰਬ ਹੈ, ਇਕ ਮੌਕਾ ਹੈ, ਸਮੇਂ ਦਾ ਇਕ ਅਜਿਹਾ ਮੁਕਾਮ ਜਿਸ ਨੂੰ ਫੜ ਲਉ ਤਾਂ ਸੰਭਾਵਨਾਵਾਂ ਸਾਕਾਰ ਹੋ ਸਕਦੀਆਂ ਹਨ। ਈਸਾਈ ਧਰਮ-ਸ਼ਾਸਤਰ ਪਾਲ ਟਿਲਿਸ਼ ਅਨੁਸਾਰ ਹਜ਼ਰਤ ਈਸਾ ਦਾ ਇਸ ਦੁਨੀਆ ਵਿਚ ਆਉਣਾ ਇਕ 'ਕਾਇਰੋਸ' ਸੀ। ਉਸ ਦਾ ਕਥਨ ਹੈ : "ਕਾਇਰੋਸ ਪ੍ਰਾਪਤੀ ਨੂੰ ਆਪਣੇ ਸਮੇਂ ਦਾ ਨਾਮ ਹੈ.....ਇਕੋ ਇਕ ਅਸਲ ਕਾਇਰੋਸ ਉਹ ਹੈ ਜਦ ਇਤਿਹਾਸ ਵਿਚ ਤਿਆਰੀ ਦਾ ਜੁਗ ਸਮਾਪਤ ਹੁੰਦਾ ਹੈ.....ਕਿਉਂ ਜੋ ਉਹ ਜਿਸ ਲਈ ਇਹ ਤਿਆਰੀ ਹੋ ਰਹੀ ਹੁੰਦੀ ਹੈ, ਇਕ ਇਤਿਹਾਸਿਕ ਹਕੀਕਤ ਬਣ ਜਾਂਦਾ ਹੈ। ਇਤਿਹਾਸ ਆਪਣੇ ਹੀ ਦਾਇਰੇ ਵਿਚ ਰਹਿੰਦਿਆਂ ਕਦੇ ਪੂਰਨਤਾ ਨੂੰ ਨਹੀਂ ਪਹੁੰਚ ਸਕਦਾ। ਇਸ ਲਈ ਅਕਾਲ ਨੂੰ ਕਾਲ ਵਿਚ ਪ੍ਰਵੇਸ਼ ਕਰਨਾ ਪੈਂਦਾ ਹੈ। ਜਦੋਂ ਵੀ ਅਜਿਹਾ ਵਾਪਰਦਾ ਹੈ, ਇਕ ਕਾਇਰੋਸ ਆਉਂਦਾ ਹੈ।"[1]

ਗੁਰੂ ਗੋਬਿੰਦ ਸਿੰਘ 'ਬਚਿਤ੍ਰ ਨਾਟਕ' (ਆਪਨੀ ਕਥਾ) ਵਿਚ ਆਪਣੇ ਪੂਰਬਲੇ ਜਨਮ ਦੀ ਵਿਥਿਆ ਦੱਸਦਿਆਂ ਕਹਿੰਦੇ ਹਨ ਕਿ "ਜਦੋਂ ਪ੍ਰਭੂ ਵੱਲੋਂ ਉਨ੍ਹਾਂ ਨੂੰ ਇਸ ਦੁਨੀਆ ਵਿਚ ਆਉਣ ਦਾ ਆਦੇਸ਼ ਹੋਇਆ, ਉਦੋਂ ਉਹ ਮਹਾਕਾਲ-ਕਾਲਿਕਾ ਦੀ ਅਰਾਧਨਾ ਕਰ ਰਹੇ ਸਨ। ਇਹ ਗੱਲ ਬੜੀ ਹੀ ਮਹੱਤਵਪੂਰਨ ਹੈ ਕਿ ਉਹ ਅਜਿਹਾ ਮਿਸ਼੍ਰਿਤ ਇਸ਼ਟ-ਦੇਵ ਦੀ ਅਰਾਧਨਾ ਵਿਚ ਲੱਗੇ ਹੋਏ ਸਨ ਜੋ ਇਕੋ ਵਕਤ ਮਹਾਕਾਲ ਵੀ ਸੀ ਤੇ ਕਾਲਿਕਾ ਵੀ। ਮਹਾਕਾਲ ਤੋਂ ਭਾਵ ਕਾਲ ਦਾ ਅਨੰਤ ਰੂਪ, ਸਦੀਵਤਾ ਹੈ–ਇਹ ਉਹੋ ਰੂਪ ਹੈ ਜਿਸ ਨੂੰ ਭਗਵਾਨ ਕ੍ਰਿਸ਼ਨ ਗੀਤਾ ਵਿਚ 'ਅਕਸ਼ੈ ਕਾਲ' ਕਹਿੰਦੇ ਹਨ ਤੇ ਕਾਲਿਕਾ ਤੋਂ ਭਾਵ ਕਾਲ ਦਾ ਨਿੱਕਾ, ਗਤੀਸ਼ੀਲ ਛਿਣਕ ਰੂਪ 'ਅਵਸਰ' ਹੈ।"[2]

"ਜਾਪਦਾ ਹੈ ਮਹਾਕਾਲ-ਕਾਲਿਕਾ ਦਾ ਅਰਾਧਕ ਭਵਿੱਖ ਦੇ ਕਿਸੇ ਮਹਾਨ ਕਾਰਜ ਦੀ ਤਿਆਰੀ ਵਿਚ ਸੀ,–ਉਹ ਕਾਰਜ ਜਿਸਦੀ ਪੂਰਤੀ ਲਈ ਪ੍ਰਭੂ ਨੇ ਉਸ ਨੂੰ ਚੁਣਿਆ ਤੇ ਫਿਰ ਤੋਂ ਸੰਸਾਰ ਵਿਚ ਆਉਣ ਦਾ ਆਦੇਸ਼ ਦਿੱਤਾ। ਇਸ ਆਦੇਸ਼ ਸਦਕਾ ਕਾਲ ਤੋਂ ਮੁਕਤ ਹੋਈ ਗੁਰੂ ਦੀ ਮਹਾਨ ਆਤਮਾ ਨੇ ਮੁੜ ਕਾਲ ਦੇ ਮੰਡਲ ਵਿਚ ਵਿਚਰਨਾ ਪ੍ਰਵਾਨ ਕੀਤਾ। ਇਹ ਇਕ 'ਅਵਸਰ' ਸੀ–ਪ੍ਰਭੂ ਲਈ ਆਪਣਾ 'ਬਿਰਦ' ਪਾਲਣ ਦਾ, ਗੁਰੂ ਲਈ ਇਕ ਨਵੇਂ ਪੰਥ ਦੇ ਨਿਰਮਾਣ ਦਾ, ਅਤੇ ਲੋਕਾਈ ਲਈ ਨਿਜਾਤ ਦੇ ਇਕ ਨਵੇਂ ਰਾਹ ਦਾ। ਇਸ ਆਤਮਿਕ ਅਵਸਰ ਵਿਚੋਂ ਕਿਸੇ ਕ੍ਰਿਆਤਮਕ ਅਵਸਰ ਦਾ ਜਨਮ ਹੋਣਾ ਅਵੱਸ਼ ਸੀ।"[3]

ਇਸ ਤਰ੍ਹਾਂ ਦਸਵੇਂ ਗੁਰੂ ਦਾ ਜੀਵਨ-ਵਿਚਰਨ ਇਕ ਇਤਿਹਾਸਿਕ ਅਵਸਰ ਸੀ ਜਿਸ ਦਾ ਉਦਘਾਟਨ ਇਕ ਵਿਚਿਤ੍ਰ ਨਾਟਕੀ ਘਟਨਾ ਵਾਂਗ ਹੋਇਆ। ਇਸ ਦਾ ਪਤਾ ਗੁਰੂ ਜੀ ਦੁਆਰਾ ਰਚਿਤ ਉਨ੍ਹਾਂ ਦੀ ਸਵੈ-ਜੀਵਨੀ (ਬਚਿਤ੍ਰ ਨਾਟਕ) ਤੇ 'ਬੇਨਤੀ ਚੌਪਈ' ਤੋਂ ਮਿਲਦਾ ਹੈ।

ਗੁਰੂ ਗੋਬਿੰਦ ਸਿੰਘ ਦਾ ਪ੍ਰਭੂ 'ਮਹਾਕਾਲ', 'ਦੁਸ਼ਟ ਦਮਨ', 'ਖੜਗ ਕੇਤੁ', 'ਦੁਸ਼ਟਨ ਦਾਹ', 'ਮਹਾ ਲੋਹ', 'ਸ੍ਰੀ ਅਸਪਾਨ', 'ਸ੍ਰੀ ਅਸਕੇਤ', 'ਅਸਿਧੁਜ' ਆਦਿ ਨਾਵਾਂ ਨਾਲ ਸੰਬੋਧਿਤ ਹੋਇਆ ਹੈ। ਬਾਜ਼ਾਂ ਨਾਲ ਚਿੜੀਆਂ ਨੂੰ ਲੜਾਉਣ ਅਤੇ ਗਿੱਦੜਾਂ ਨੂੰ ਸ਼ੇਰ ਬਣਾਉਣ ਲਈ ਪਹਿਲਾਂ ਆਪ ਨੂੰ ਇਕ ਸ਼ਕਤੀਸ਼ਾਲੀ ਇਸ਼ਟ ਦੀ ਕਲਪਨਾ ਕਰਨੀ ਪਈ, ਕਿਉਂਕਿ ਜਿੰਨਾਂ ਸ਼ਕਤੀਸ਼ਾਲੀ ਇਸ਼ਟ ਹੋਵੇਗਾ ਉਤਨੀ ਹੀ ਵਧੇਰੇ ਬਲਵਾਨ ਆਸਥਾ ਸਾਧਕ ਦੇ ਮਨ ਵਿਚ ਪੈਦਾ ਹੋਵੇਗੀ ਤੇ ਗੁਰੂ ਜੀ ਨੇ ਅਜਿਹੇ ਸ਼ਕਤੀ-ਪੁੰਜ ਇਸ਼ਟ ਦੇ ਪ੍ਰਤੀ ਕੇਵਲ ਆਸਥਾ ਹੀ ਪੈਦਾ ਨਹੀਂ ਕੀਤੀ, ਸਗੋਂ ਉਸ ਸ਼ਕਤੀ ਨੂੰ ਪ੍ਰੇਰਨਾ-ਸ੍ਰੋਤ ਦੇ ਤੌਰ ਉੱਤੇ ਸਨਮੁਖ ਰਖਦੇ ਹੋਏ ਲੋਕਾਂ ਨੂੰ ਜੱਥੇਬੰਦ ਵੀ ਕੀਤਾ।

ਗੁਰੂ ਜੀ ਦਾ ਅਕਾਲ ਉਹ ਸ਼ਕਤੀ ਹੈ ਜਿਸ ਦੇ ਹੱਥ ਵਿਚ ਇਨਸਾਫ਼ ਦੀ ਤਲਵਾਰ ਹੈ। ਉਹ 'ਮਹਾ-ਦਾੜ੍ਹ' ਹੇਠ ਦਰੜਨ ਵਾਲਾ ਹੈ।[4] ਸਭ ਪਾਸੇ ਉਸ ਦਾ ਡੌਰੂ ਵਜ ਰਿਹਾ ਹੈ। ਉਸ ਨੇ ਸਭ ਦੇਵਤਿਆਂ ਦਾ ਨਵਾਂ ਤੇ ਵੀਰਾਂ ਨੂੰ ਪੈਦਾ ਕਰ ਕੇ ਸਭ ਦੇ ਮਥੇ ਉੱਤੇ ਲੋਹ-ਲੇਖਣੀ (ਅਮਿਟ ਹੁਕਮ) ਦਾ ਭਾਗ ਲਿਖ ਕੇ ਉਨ੍ਹਾਂ ਨੂੰ ਬਲਵਾਨ ਕਾਲ ਦੇ ਅਧੀਨ ਕਰ ਰਖਿਆ ਹੈ।[5] ਕੋਈ ਵੀ ਉਸ ਦੀ ਕ੍ਰਿਆ ਨੂੰ ਨਹੀਂ ਜਾਣ ਸਕਿਆ, ਕਿਉਂਕਿ :

ਜਿਤੇ ਅਉਲੀਆ ਅੰਬੀਆ ਹੋਇ ਬੀਤੇ।
ਤਿਤੋ ਕਾਲ ਜੀਤਾ ਨ ਤੇ ਕਾਲ ਜੀਤੇ।
ਜਿਤੇ ਰਾਮ ਸੇ ਕ੍ਰਿਸਨ ਹੋਇ ਬਿਸਨ ਆਏ।
ਤਿਤੋ ਕਾਲ ਖਾਪਯੋ ਨ ਤੇ ਕਾਲ ਘਾਏ। 28।
ਜਿਤੇ ਇੰਦ੍ਰ ਸੇ ਚੰਦ੍ਰ ਸੇ ਹੋਤ ਆਏ।
ਤਿਤੋ ਕਾਲ ਖਾਪਾ ਨ ਤੇ ਘਾਏ।
ਜਿਤੇ ਅਉਲੀਆ ਅੰਬੀਆ ਗਉਸ ਹ੍ਵੈ ਹੈਂ।
ਸਭੈ ਕਾਲ ਕੇ ਅੰਤ ਦਾੜਾ ਤਲੇ ਹੈਂ। 29।

(ਬਚਿਤ੍ਰ ਨਾਟਕ, ਅਧਿ. ਪਹਿਲਾ)

ਗੁਰੂ ਜੀ ਦਾ ਕਥਨ ਹੈ ਕਿ ਸਭ ਦੇ ਸਿਰ ਉੱਤੇ ਕਾਲ ਦੀ ਤਲਵਾਰ ਨਚ ਰਹੀ ਹੈ। ਕਾਲ-ਪ੍ਰਭੂ ਤੋਂ ਬਚਣ ਲਈ ਭਾਵੇਂ ਕੋਈ ਕਿੰਨੇ ਵੀ ਕਿਲ੍ਹੇ ਬਣਾ ਲਵੇ, ਉਸ ਦੀ ਚੋਟ ਤੋਂ ਨਹੀਂ ਬਚ ਸਕੇਗਾ।[6] ਕਈ ਜੰਤਰ-ਮੰਤਰ ਕਰਦੇ ਥਕ ਗਏ। ਕਈ ਬ੍ਰਹਮਚਾਰੀ ਤੇ ਨਾਸਾਂ ਬੰਦ ਕਰਕੇ ਬੈਠਣ ਵਾਲੇ ਜੋਗੀ, ਮਧੁਕੈਟਭ ਜੇਹੇ ਰਾਖਸ਼ ਤੋਂ ਮਾਨਧਾਤਾ ਜੇਹੇ ਬਲਵਾਨ ਰਾਜੇ ਹੋ ਗਏ ਤੇ ਉਹ ਸਮਰਾਟ ਜਿਨ੍ਹਾਂ ਨੇ ਕਰੋੜਾਂ ਜੁਗ ਪਾਤਸ਼ਾਹੀ ਕੀਤੀ, ਅਖ਼ੀਰ ਇਸ ਸੰਸਾਰ ਤੋਂ ਨੰਗੇ ਪੈਰ ਹੀ ਤੁਰ ਗਏ।[7] ਇਹ ਸਭ ਕਾਲ ਦੇ ਅਧੀਨ ਸਨ, ਕਿਉਂਕਿ "ਏਕਹਿ ਕਾਲ ਅਕਾਲ ਸਦਾ ਹੈ।"[8]

ਜ਼ੋਰ-ਜਬਰ ਦੇ ਅਜਿਹੇ ਸਮੇਂ ਦਸਵੇਂ ਗੁਰੂ ਕਿਰਪਾਨ ਰੂਪੀ ਅਕਾਲ ਦੀ ਸ਼ਰਨ ਆਉਂਦੇ ਹਨ ਤੇ ਬੜੀ ਨਿਮਰਤਾ ਨਾਲ ਕਹਿੰਦੇ ਹਨ ਕਿ ਤੂੰ ਮੈਨੂੰ, ਇਕ ਘਾਹ ਦੇ ਤ੍ਰਿਣ ਮਾਤਰ ਨੂੰ, ਸੁਮੇਰ ਪਰਬਤ ਬਣਾ ਸਕਦਾ ਹੈ :

ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ ਗ਼ਰੀਬ ਨਵਾਜ ਨ ਦੂਸਰ ਤੋ ਸੋ।.....
ਯਾ ਕਲਿ ਮੈਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੇ ਭਾਰੀ ਭਰੋਸੋ। 92।

ਉਹ ਕਹਿੰਦੇ ਹਨ ਕਿ ਅਜਿਹੇ ਸਾਹਿਬ ਦਾ ਆਸਰਾ ਜਿਸ ਨੂੰ ਮਿਲ ਜਾਵੇ ਉਸ ਨੂੰ ਹੋਰ ਕੀ ਚਾਹੀਦਾ ਹੈ?[9] ਉਹ ਇਕ ਮਹਾ-ਸ਼ਕਤੀ ਹੈ। ਕੇਵਲ ਸ਼ਕਤੀ ਹੀ ਨਹੀਂ, ਸਗੋਂ ਇਕ ਚੇਤੰਨ ਸ਼ਕਤੀ ਹੈ। ਅਜਿਹੇ ਅਕਾਲ ਨੂੰ ਇਕ ਵਾਰ ਧਿਆਉਣ ਵਾਲੇ ਨੇ ਫਿਰ ਮੌਤ ਤੋਂ ਕੀ ਡਰਨਾ ਸੀ :

ਜੋ ਕਲਿ ਕੌ ਇਕ ਬਾਰ ਧਿਐ ਹੈਂ।
ਤਾ ਕੇ ਕਾਲ ਨਿਕਟ ਨਹਿ ਐ ਹੈਂ।

ਗੁਰਮਤਿ ਵਿਚ ਪਾਰਬ੍ਰਹਮ ਨੂੰ ਸਮੇਂ ਤੇ ਸਥਾਨ ਤੋਂ ਮੁਕਤ ਮੰਨਿਆ ਗਿਆ ਹੈ। ਉਸ ਦਾ ਸਥਾਨ-ਮੁਕਤ ਹੋਣਾ ਦੋ ਪ੍ਰਕਾਰ ਦੇ ਰੂਪਕਾਂ ਰਾਹੀਂ ਨਿਰੂਪਿਆ ਗਿਆ ਹੈ। ਪਹਿਲੀ ਤਰ੍ਹਾਂ ਦਾ ਰੂਪਕ ਉਸ ਦੀ ਵਿਸ਼ਾਲਤਾ ਦਰਸਾ

ਕੇ ਉਸ ਦਾ ਨਿਰੂਪਣ ਕਰਦਾ ਹੈ, ਜਿਵੇਂ ਉਸ ਨੂੰ 'ਚਤ੍ ਚਕ੍ ਵਰਤੀ', 'ਸਰਬਤ੍ ਦੇਸੈ' ਜਾਂ 'ਸਮਸਤਸਤ ਧਾਮੰ' ਆਖ ਕੇ ਜਾਂ ਪਰੇ ਤੋਂ ਪਰੇ ਮੰਨ ਕੇ; ਦੂਜੀ ਤਰ੍ਹਾਂ ਦਾ ਰੂਪਕ ਉਸ ਦੀ ਸਥਾਨ-ਮੁਕਤੀ ਦੇ ਸੰਕਲਪ ਦਾ ਪ੍ਰਗਟਾਉ ਉਸ ਨੂੰ ਅਤਿਅੰਤ ਨੇੜੇ ਦਰਸਾ ਕੇ[10], ਉਸ ਨੂੰ 'ਸਭ ਤੇ ਦੂਰਿ ਸਭਨ ਤੇ ਨੇਰਾ' ਕਹਿ ਕੇ।[11] ਦਸਵੇਂ ਗੁਰੂ ਨੇ ਇਕੋ ਸਮੇਂ 'ਨਮੋ ਸਰਬ ਕਾਲੇ'[12] ਵੀ ਕਿਹਾ ਹੈ ਤੇ 'ਨਮਸਤੰ ਅਕਾਲੇ' ਵੀ।[13]

ਅਜਿਹੇ ਅਕਾਲ ਪ੍ਰਭੂ ਤੋਂ ਗੁਰੂ ਜੀ ਨੇ 'ਬੇਨਤੀ ਚੌਪਈ' ਵਿਚ ਵਰਦਾਨ ਮੰਗਿਆ ਹੈ। ਉਹ ਕਹਿੰਦੇ ਹਨ : ਆਪ ਹੱਥ ਦੇ ਕੇ ਮੇਰੀ ਰਾਖੀ ਕਰੋ, ਤਾਂ ਜੋ ਚਿਤ ਦੀ ਇੱਛਾ ਪੂਰੀ ਹੋ ਜਾਵੇ।[14] ਆਪਣਾ ਦਾਸ ਜਾਣ ਕੇ ਸਾਡੀ ਪਾਲਣਾ ਕਰੋ। ਸਾਡੇ ਸਾਰੇ ਵੈਰੀ ਮਾਰ ਦਿਉ ਤੇ ਆਪ ਹੱਥ ਦੇ ਕੇ ਸਾਨੂੰ ਬਚਾਉ। ਮੇਰਾ ਪਰਿਵਾਰ ਸੁਖੀ ਵਸੇ ਤੇ ਨਾਲੇ ਮੇਰੇ ਸਿੱਖ ਸੇਵਕ ਸੁਖੀ ਵੱਸਣ।[15]

'ਰਹਿਰਾਸ' ਦੇ ਪਾਠ ਦੀਆਂ ਦੋਵੇਂ ਚੌਪਈਆਂ ਜਿਨ੍ਹਾਂ ਦਾ ਭਾਵ ਮਿਲਦਾ ਜੁਲਦਾ ਹੈ, ਖ਼ਾਲਸੇ ਦੀ ਸਿਰਜਨਾ (1699) ਤੋਂ ਦੋ ਤਿੰਨ ਸਾਲ ਪਹਿਲਾਂ ਦੇ ਸਮੇਂ ਵਿਚ ਉਚਾਰੀਆਂ ਗਈਆਂ।[16] ਗੁਰੂ ਜੀ ਇਕ ਮਹਾਨ ਸਮਾਜਿਕ-ਇਤਿਹਾਸਿਕ ਨਿਰਨਾ ਕਰਨ ਤੋਂ ਪਹਿਲਾਂ ਕਈ ਸਾਲਾਂ ਤਕ ਆਪਣੇ ਇਸ਼ਟ ਨੂੰ ਮੁੱਖ ਰਖ ਕੇ ਇਸ ਨਿਰਨੇ ਬਾਰੇ ਮਨਨ ਕਰਦੇ ਰਹੇ ਹੋਣਗੇ। 'ਬੇਨਤੀ ਚੌਪਈ' ਰੂਪੀ ਅਰਦਾਸ ਜਿਸ ਸਰਲਤਾ, ਸਪਸ਼ਟਤਾ, ਤਤਪਰਤਾ ਨਾਲ ਆਪਣੇ ਮੁੱਖ ਲਕਸ਼ ਨੂੰ ਬਿਆਨ ਕਰਦੀ ਹੈ ਉਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਕਿਸ ਤੀਬਰਤਾ ਨਾਲ ਇਸ ਦਾ ਅਨੁਭਵ ਕਰਦੇ ਹੋਣਗੇ ਤੇ ਇਸ ਪਾਠ ਤੋਂ ਉਨ੍ਹਾਂ ਦੇ ਸਿੱਖ-ਸੇਵਕ ਵੀ ਅਜਿਹਾ ਹੀ ਮਾਨਸਿਕ ਪ੍ਰਭਾਵ ਗ੍ਰਹਿਣ ਕਰਦੇ ਹੋਣਗੇ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਸਿੱਖਾਂ ਨੂੰ ਉਤਸਾਹਿਤ ਕਰਨ ਲਈ ਗੁਰੂ ਜੀ ਨੇ ਇਕ ਸੈਨਿਕ ਨੇਤਾ ਦੇ ਤੌਰ ਉੱਤੇ ਕਿਹੜੇ-ਕਿਹੜੇ ਮਨੋਵਿਗਿਆਨਿਕ ਵਿਸ਼ਿਆਂ ਦਾ ਪ੍ਰਯੋਗ ਕੀਤਾ ਹੈ। ਜਨਤਾ ਵਿਚ ਯੁੱਧ ਦਾ ਉਤਸਾਹ ਜਾਗਰਿਤ ਰਖਣ ਲਈ, ਉੱਚ-ਆਦਰਸ਼ਾਂ ਦੀ ਰਾਖੀ ਲਈ ਉਹ ਕਿਸ ਹੱਦ ਤਕ ਸਫ਼ਲ ਹੋਏ, ਉਨ੍ਹਾਂ ਦੇ ਵਿਅਕਤਿੱਤਵ ਦੇ ਇਸ ਪੱਖ ਦਾ ਅਧਿਐਨ ਇਤਿਹਾਸਕਾਰਾਂ ਵੱਲੋਂ ਅਜੇ ਤਕ ਘੱਟ ਮਾਤਰਾ ਵਿਚ ਹੋਇਆ ਹੈ।[17]

ਸੰਸਾਰ ਵਿਚ ਜਿਸ ਮਹਾਂ-ਪੁਰਖ ਨੇ ਵੀ ਨਵਾਂ ਪੰਥ (ਮਾਰਗ) ਚਲਾਇਆ ਹੈ ਉਸ ਨੇ ਆਪਣੇ ਨਿਸ਼ਚੇ ਦੀ ਪੁਖ਼ਤਾ ਲਈ 'ਇਲਹਾਮ' (Revelation) ਜਾਂ ਰੱਬੀ ਗਿਆਨ ਦੀ ਗੱਲ ਕੀਤੀ ਹੈ। ਅਜਿਹਾ ਰੱਬੀ ਗਿਆਨ ਸਿਧਾਰਥ ਨੂੰ ਗਯਾ ਵਿਖੇ ਬੋਹ੍ਰ ਹੇਠ ਹੋਇਆ। ਹਜ਼ਰਤ ਮੂਸਾ ਨੂੰ ਤੂਰ ਦੇ ਪਹਾੜ ਉਤੇ, ਹਜ਼ਰਤ ਈਸਾ ਨੂੰ ਜੋਰਡਨ ਨਦੀ ਉਤੇ, ਹਜ਼ਰਤ ਮੁਹੰਮਦ ਨੂੰ ਮੱਕੇ ਦੇ ਨੇੜੇ ਇਕ ਪਹਾੜ ਦੀ ਗੁਫਾ ਵਿਚ। ਕਿਹਾ ਜਾਂਦਾ ਹੈ ਕਿ ਇਨ੍ਹਾਂ ਮਹਾਂ-ਪੁਰਖਾਂ ਉੱਤੇ ਕੋਈ 'ਰੱਬੀ ਰੋਸ਼ਨੀ' ਨਾਜ਼ਲ ਹੋਈ, ਜਾਂ ਕਿਸੇ ਪਵਿੱਤਰ ਆਤਮਾ ਨੇ ਉਨ੍ਹਾਂ ਨੂੰ ਦਰਸ਼ਨ ਦੇ ਕੇ ਸੰਬੋਧਨ ਕੀਤਾ। ਅਜਿਹਾ ਸੰਬੋਧਨ ਹਜ਼ਰਤ ਮੂਸਾ ਨੂੰ ਕਿਸੇ ਗ਼ੈਬੀ ਰੌਸ਼ਨੀ ਨੇ ਤੂਰ ਦੇ ਪਹਾੜ ਉੱਤੇ ਕੀਤਾ ਸੀ। ਈਸਾ ਉੱਤੇ ਪਵਿੱਤਰ ਆਤਮਾ (Holy Spirit) ਨਾਜ਼ਲ ਹੋਈ, ਜਦ ਜੋਰਡਨ ਨਦੀ ਉੱਤੇ ਉਹ ਬਪਤਿਸਮਾ ਲਈ ਗਿਆ ਸੀ।[18] ਹਜ਼ਰਤ ਮੁਹੰਮਦ ਨੂੰ ਜਬਰਾਈਲ ਫਰਿਸ਼ਤੇ ਨੇ ਦਿਖਾਈ ਦਿੱਤੀ ਤੇ ਕਿਹਾ ਸੀ ਕਿ ਤੂੰ ਅੱਲਾ ਦਾ ਰਸੂਲ ਹੈ।

ਮਹਾਤਮਾ ਬੁੱਧ, ਹਜ਼ਰਤ ਮੁਹੰਮਦ ਤੇ ਦਸਵੇਂ ਗੁਰੂ ਸਭ ਨੇ 'ਇਲਹਾਮ' ਤੋਂ ਪਹਿਲਾਂ ਕਠਿਨ ਤਪਸਿਆ ਸਾਧੀ ਸੀ। ਹਜ਼ਰਤ ਮੁਹੰਮਦ ਤੇ ਦਸਵੇਂ ਗੁਰੂ ਦੀ ਤਪਸਿਆ ਤੇ ਉਨ੍ਹਾਂ ਨੂੰ ਰੱਬੀ ਗਿਆਨ ਹੋਣ ਦਾ ਵੇਰਵਾ ਕੁਝ ਵਧੇਰੇ ਮਿਲਦਾ ਜੁਲਦਾ ਹੈ। ਇਲਹਾਮ ਹੋਣ ਤੋਂ ਪਹਿਲਾਂ ਹਰ ਸਾਲ ਰਮਜ਼ਾਨ ਦੇ ਮਹੀਨੇ ਮੱਕੇ ਤੋਂ ਬਾਹਰ ਇਕ ਪਹਾੜੀ ਦੀ ਗੁਫਾ ਵਿਚ ਹਜ਼ਰਤ ਮੁਹੰਮਦ ਤਪ-ਸਾਧਨਾ ਕਰਦੇ ਸਨ। ਇਸੇ ਤਰ੍ਹਾਂ ਦਸਵੇਂ ਗੁਰੂ ਨੇ ਪੂਰਵ-ਜਨਮ ਵਿਚ ਹੇਮਕੁੰਟ ਪਰਬਤ ਵਿਖੇ 'ਅਧਿਕ ਤਪਸਿਆ ਸਾਧੀ'। ਜਿਸ ਤਰ੍ਹਾਂ ਹਜ਼ਰਤ ਮੁਹੰਮਦ ਨੂੰ ਫ਼ਰਿਸ਼ਤੇ ਨੇ ਮੁੜ-ਮੁੜ ਕਿਹਾ ਕਿ ਉਹ ਰੱਬੀ ਗਕਲਮਾ ਪੜ੍ਹੇ ਅਤੇ ਇਹ ਸੁਨੇਹਾ ਲੋਕਾਂ ਨੂੰ ਦੇਏ ਕਿਉਂਕਿ ਉਹ ਅੱਲਾ ਦਾ ਰਸੂਲ ਹੈ, ਦਸਵੇਂ ਗੁਰੂ ਦਾ ਮਨ ਵੀ ਪਹਿਲਾਂ ਪਹਿਲ ਜਗਤ ਉੱਤੇ ਆਉਣ ਨੂੰ ਨਹੀਂ ਸੀ ਕਰਦਾ, ਪਰ ਪ੍ਰਭੂ ਦੇ ਕਹਿਣ ਉੱਤੇ ਉਹ ਇਥੇ ਆਏ :

ਪ੍ਰਭੂ ਜਿਉ ਜਿਉ ਹਮ ਕੋ ਸਮਝਾਯੋ ।
ਇਮ ਕਹਿ ਕੈ ਇਹ ਲੋਕ ਪਾਠਾਯੋ ।

(ਬਚਿਤ੍ਰ ਨਾਟਕ 6.5)

ਤੇ ਜਿਵੇਂ ਹਜ਼ਰਤ ਮੁਹੰਮਦ ਨੇ ਰੱਬ ਦਾ ਸੁਨੇਹਾ ਲੋਕਾਂ ਨੂੰ ਦਿੱਤਾ ਜੋ ਕੁਰਾਨ ਵਿਚ ਦਰਜ ਹੈ, ਦਸਵੇਂ ਗੁਰੂ ਨੇ ਵੀ 'ਬਚਿਤ੍ਰ ਨਾਟਕ' ਵਿਚ ਦੱਸਿਆ ਹੈ ਕਿ ਪ੍ਰਭੂ ਨੇ ਉਨ੍ਹਾਂ ਨੂੰ ਕੀ ਸੁਨੇਹਾ ਦਿੱਤਾ । ਜੇ ਦਸਵੇਂ ਗੁਰੂ ਨੇ ਦੁਸ਼ਟਾਂ ਨੂੰ ਸੋਧਨ ਦੀ ਗੱਲ ਕੀਤੀ ਹੈ, ਤਾਂ ਹਜ਼ਰਤ ਮੁਹੰਮਦ ਨੂੰ ਵੀ ਕਾਫ਼ਰਾਂ ਨੂੰ ਖ਼ਤਮ ਕਰਨ ਤੇ ਧਰਮ ਚਲਾਉਣ ਦਾ ਪੈਗ਼ਾਮ ਮਿਲਿਆ ਸੀ ।[19] ਇਸ ਤੋਂ ਪਤਾ ਲੱਗਦਾ ਹੈ ਕਿ ਜੋ 'ਪਰਥਾਇ ਸਾਖੀ ਮਹਾਂ ਪੁਰਖ ਬੋਲਦੇ ਸਾਂਝੀ ਸਗਲ ਜਹਾਨੈ ।' ਆਪਣੇ ਸੁਨੇਹੇ ਨੂੰ ਵਧੇਰੇ ਸਾਰਥਕ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਮਹਾ-ਪੁਰਖਾਂ ਨੇ ਜਾਂ ਉਨ੍ਹਾਂ ਦੇ ਪ੍ਰਮੁਖ ਸੇਵਕਾਂ ਨੇ ਜੋ ਪਰਥਾਇ-ਸਾਖੀ ਵਰਤੀ ਹੈ ਤੇ ਇਸ ਦੀ ਵਰਤੋਂ ਲਈ ਜੋ ਸਾਹਿੱਤਿਕ-ਮਨੋ-ਵਿਗਿਆਨਿਕ ਤਰਕ ਵਰਤੇ ਹਨ ਉਹ ਸਾਰੇ ਜਗ ਵਿਚ ਸਮਾਨ ਰੂਪ ਵਿਚ ਮਿਲਦੇ ਹਨ ।[20]

ਨਵਾਂ ਰਾਹ ਚਲਾਉਣ ਵਾਲਿਆਂ ਨੂੰ ਪੁਰਾਣੇ ਰਾਹੋ-ਰਸਮ ਦੀ ਬਹੁਤ ਨਿਖੇਧੀ ਕਰਨੀ ਪਈ, ਕਿਉਂਕਿ ਪੁਰਾਣੇ ਅੰਧ-ਵਿਸ਼ਵਾਸ ਤੇ ਰੂੜ੍ਹੀਆਂ, ਭਰਮ-ਭੁਲੇਖੇ, ਜੰਤਰ-ਮੰਤਰ ਕਰਮ-ਕਾਂਡ ਅਗਾਂਹ ਜਾਣ ਦਾ ਰਾਹ ਰੋਕੀ ਖੜੇ ਸਨ ।

ਇਹ ਗੱਲ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਕਿਉਂ ਨਵੇਂ ਰਾਹਬਰਾਂ ਨੇ ਪ੍ਰਚਲਿਤ ਕਰਮ-ਕਾਂਡ ਤੇ ਧਾਰਮਿਕ ਮਰਯਾਦਾ ਦੀ ਨਿਖੇਧੀ ਕੀਤੀ । ਈਸਾਈ ਮਤ ਤੇ ਇਸਲਾਮ ਅਨੁਸਾਰ ਇਨ੍ਹਾਂ ਦੇ ਆਗਮਨ ਤੋਂ ਪਹਿਲਾਂ ਦਾ ਸਮਾਂ 'ਕੁਫ਼ਰ' ਦਾ ਸਮਾਂ ਸੀ । ਮਹਾਤਮਾ ਬੁੱਧ ਨੇ ਵੀ ਵੇਦਾਂ ਦੇ ਦੈਵੀ ਸਰੂਪ ਨੂੰ ਨਹੀਂ ਮੰਨਿਆ । ਦਸਵੇਂ ਗੁਰੂ ਨੇ ਵੀ 'ਕਿਸ਼ਨ ਬਿਸ਼ਨ ਕਬਹੂੰ ਨ ਧਿਆਉਂ' ਅਤੇ 'ਬੇਦ ਕਤੇਬ ਬਿਖੈਹਰਿ ਨਾਂਹਿ'[21] ਕਹਿਕੇ ਹਿੰਦੂ ਧਰਮ ਤੇ ਇਸਲਾਮ ਦੀ ਉਸ ਧਾਰਮਿਕ ਮਰਯਾਦਾ ਦਾ ਖੰਡਨ ਕੀਤਾ ਜਿਸ ਅਨੁਸਾਰ ਸਵਾਰਥੀ ਲੋਕਾਂ ਨੇ ਨਬੀਆਂ ਤੇ ਅਵਤਾਰਾਂ ਨੂੰ ਪ੍ਰਭੂ ਥਾਪ ਕੇ ਉਨ੍ਹਾਂ ਦੀ ਪੂਜਾ ਸ਼ੁਰੂ ਕਰ ਰਖੀ ਸੀ ਤੇ ਉਨ੍ਹਾਂ ਦੇ ਨਾਮ ਉੱਤੇ ਕਈ ਕੁਕਰਮ ਪ੍ਰਚਲਿਤ ਸਨ । ਇਸੇ ਲਈ ਉਨ੍ਹਾਂ ਨੇ ਤਾੜਨਾ ਕੀਤੀ ਕਿ ਮੈਨੂੰ ਪ੍ਰਭੂ ਨਾ ਕਿਹਾ ਜਾਵੇ (ਬਚਿਤ੍ਰ ਨਾਟਕ 6.32) ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਜੋ ਵੀ ਨਵਾਂ ਰਾਹ ਜਾਂ ਪੰਥ ਸ਼ੁਰੂ ਹੋਇਆ ਉਹ ਇਕ ਵਿਸ਼ੇਸ਼-ਵਿਲੱਖਣਤਾ, ਇਕ-ਮਾਤਰ ਤੇ ਅਨੰਨ (All exclusive) ਰੂਪ ਵਿਚ ਸਾਹਮਣੇ ਆਇਆ । ਹਰੇਕ ਦੇ ਰੱਬ ਦਾ ਆਪਣਾ-ਆਪਣਾ ਸੰਕਲਪ, ਆਪਣਾ 'ਰੱਬੀ ਗਿਆਨ' ਆਪਣਾ 'ਰੱਬੀ ਸੁਨੇਹਾ' ਸੀ । ਨਵੇਂ ਰਾਹ ਦਾ ਹਰੇਕ ਪਥ-ਪ੍ਰਦਰਸ਼ਕ ਰੱਬ ਦਾ ਵਿਸ਼ੇਸ਼ ਪੈਗ਼ਾਮ ਲੈ ਕੇ (ਪੈਗੰਬਰ ਬਣ ਕੇ) ਜਾਂ ਉਸ ਦਾ ਅਵਤਾਰ ਜਾਂ ਪੁੱਤਰ ਬਣ ਕੇ ਜਗਤ ਉੱਤੇ ਆਇਆ ।

ਇਸਲਾਮ ਵਿਚ 'ਨਬੱਵਤ' ਹਜ਼ਰਤ ਮੁਹੰਮਦ ਉੱਤੇ ਖ਼ਤਮ ਹੈ ਤੇ ਹਜ਼ਰਤ ਮੁਹੰਮਦ ਦੀ ਤਾਰੀਫ਼ ਵਿਚ ਕਿਹਾ ਜਾਂਦਾ ਹੈ 'ਨਬੀਉਂ ਦੇ ਸਰਦਾਰ ਮੁਹੰਮਦ ।' ਇਸੇ ਤਰ੍ਹਾਂ ਈਸਾਈ ਮਤ ਅਨੁਸਾਰ ਕੇਵਲ ਯਸੂਹ ਹੀ ਭਗਵਾਨ ਹੈ ।[22] ਸਿੱਖਾਂ ਵਿਚ 'ਨਾਨਕ ਗੁਰੂ ਗੋਬਿੰਦ ਸਿੰਘ ਪੂਰਨ ਗੁਰ-ਅਵਤਾਰ' ਵਾਲੀ ਤੁਕ ਪ੍ਰਚਲਿਤ ਹੈ । ਅਜਿਹੀਆਂ ਗੱਲਾਂ ਭਾਵੇਂ ਆਪਣੇ ਜੱਥੇਬੰਦ ਧਰਮ ਦੀ ਪਰਪੱਕਤਾ ਨੂੰ ਸਿਧਾਂਤਿਕ ਤੌਰ ਉੱਤੇ ਸਦੀਵੀ ਬਣਾਉਣ ਲਈ ਇਨ੍ਹਾਂ ਮਹਾਨ ਪੁਰਖਾਂ ਦੇ ਪੈਰੋਕਾਰਾਂ ਨੇ ਹੀ ਕਹੀਆਂ ਹੋਣ, ਪਰ ਇਤਨੀ ਗੱਲ ਜ਼ਰੂਰ ਹੈ ਕਿ ਨਵੀਆਂ ਗੱਲਾਂ ਕਹਿਣ ਤੇ ਕਰਨ ਵਾਲਿਆਂ ਦਾ ਵਿਰੋਧ ਉਸ ਸਮੇਂ ਦੇ ਪ੍ਰਚਲਿਤ ਪੁਰਾਤਨ ਵਿਚਾਰ ਵਾਲਿਆਂ ਤੇ ਹਾਕਮ ਸ਼੍ਰੇਣੀ ਵੱਲੋਂ ਡਟ ਕੇ ਹੋਇਆ ਤੇ ਇਨ੍ਹਾਂ ਨੇ ਵੀ ਪੁਰਾਤਨ-ਸਨਾਤਨ ਮਰਯਾਦਾ ਦੇ ਸਮੁਚੇ ਖੋਖਲੇਪਣ ਦੀਆਂ ਧੱਜੀਆਂ ਉਡਾਈਆਂ ਹਨ ।[23] ਗੁਰਬਾਣੀ ਦਾ ਇਹ ਪੱਖ 'ਖੰਡਨ' ਅਖਵਾਉਂਦਾ ਹੈ ਅਤੇ 'ਬਚਿਤ੍ਰ ਨਾਟਕ' ਵਿਚ (ਖ਼ਾਸ ਕਰਕੇ ਪਹਿਲੇ ਅਤੇ ਛੇਵੇਂ ਅਧਿਆਇ ਵਿਚ) ਇਸ ਦਾ ਵਧੇਰੇ ਬਿਆਨ ਮਿਲਦਾ ਹੈ । ਗੁਰੂ ਜੀ ਨੇ ਦੱਸਿਆ ਹੈ ਕਿ ਇਹ 'ਬਾਦ' (struggle) ਤਾਂ ਸਦੀਵੀ ਹੈ, ਚਿਰ-ਕਾਲ ਤੋਂ ਹੈ ਤੇ ਇਸ ਦਾ ਹੋਰ ਕੋਈ ਇਲਾਜ ਨਹੀਂ ।[24]

ਸੋ ਹਰ ਨਵੇਂ ਰਾਹਬਰ ਨੇ ਰੱਬੀ ਸੁਨੇਹੇ ਦੀ ਗੱਲ ਕੀਤੀ ਤੇ ਭਟਕੀ ਹੋਈ ਲੁਕਾਈ ਦੀਆਂ ਪ੍ਰਚਲਿਤ

ਮਾਨਤਾਵਾਂ ਦਾ ਭਰਪੂਰ ਖੰਡਨ ਕੀਤਾ, ਉਨ੍ਹਾਂ ਦੇ ਵਿਰੁੱਧ ਸੰਘਰਸ਼ ਕੀਤਾ। ਇਸ ਗੱਲ ਨਾਲ ਕੋਈ ਵਧੇਰੇ ਫ਼ਰਕ ਨਹੀਂ ਪੈਂਦਾ ਕਿ ਕਿਸੇ ਗੁਰੂ ਜਾਂ ਪੀਰ ਨੇ ਆਪਣੇ ਆਪ ਨੂੰ ਰੱਬ ਦਾ ਰਸੂਲ ਜਾਂ ਅਵਤਾਰ ਕਿਹਾ ਹੈ ਜਾਂ ਉਸ ਦੇ ਚੇਲਿਆਂ ਨੇ ਉਸ ਬਾਰੇ ਅਜਿਹਾ ਕਿਹਾ ਹੈ। ਗੁਰੂ ਨਾਨਕ ਬਾਰੇ ਭਾਈ ਗੁਰਦਾਸ ਨੇ ਕਿਹਾ ਸੀ, 'ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਯਾ', ਜਦ ਕਿ ਦਸਵੇਂ ਗੁਰੂ ਨੇ ਆਪ ਕਿਹਾ ਹੈ ਕਿ ਪ੍ਰਭੂ ਨੇ ਉਨ੍ਹਾਂ ਨੂੰ ਕਿਹਾ, 'ਮੈਂ ਅਪਨਾ ਸੁਤ ਤੋਹਿ ਨਿਵਾਜਾ, ਪੰਥ ਪ੍ਰਚੁਰ ਕਰਬੇ ਕਉ ਸਾਜਾ' (6.29)। ਹਜ਼ਰਤ ਯਸੂਹ ਤੇ ਹਜ਼ਰਤ ਮੁਹੰਮਦ ਦੇ ਰੱਬ ਦਾ ਪੁੱਤਰ ਜਾਂ ਰੱਬ ਦਾ ਰਸੂਲ ਹੋਣ ਦੀਆਂ ਗਵਾਹੀਆਂ ਕ੍ਰਮਵਾਰ ਬਾਈਬਲ ਤੇ ਕੁਰਾਨ ਵਿਚ ਮਿਲਦੀਆਂ ਹਨ।[25] ਮਹਾਤਮਾ ਬੁੱਧ ਦੇ ਚੇਲਿਆਂ ਨੇ ਕਿਹਾ ਹੈ ਕਿ ਬੁੱਧ ਆਪ ਭਗਵਾਨ ਸੀ, ਜਿਵੇਂ ਕਿ ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਬਾਰੇ ਵੀ ਕਿਹਾ ਜਾਂਦਾ ਹੈ।

ਇਉਂ ਲੱਗਦਾ ਹੈ ਕਿ ਕੋਈ ਮਹਾਨ ਆਤਮਾ ਜਦ ਵਿਸ਼ੇਸ਼ ਸੁਨੇਹਾ ਦੇਣ ਲਈ ਦ੍ਰਿੜ੍ਹ-ਸੰਕਲਪ ਹੁੰਦੀ ਹੈ, ਤਾਂ ਆਪਣੇ ਨਿਸ਼ਚੇ ਨੂੰ ਅਧਿਆਤਮਿਕ ਤੌਰ ਉੱਤੇ ਬਲਵਾਨ ਬਣਾਉਣ ਲਈ ਅਤੇ ਇਸ ਦੀ ਵਧੇਰੇ ਪੁਸ਼ਟੀ ਲਈ ਭਗਵਾਨ ਨੂੰ ਵੀ ਸਾਖੀ ਰਖਦੀ ਹੈ। ਇਸ ਤਰ੍ਹਾਂ ਭਗਵਾਨ ਨੂੰ ਸਾਖੀ ਰਖਣ ਨਾਲ ਨਾ ਕੇਵਲ ਉਸ ਦੇ ਆਪਣੇ ਇਸ਼ਟ ਉੱਤੇ ਰੱਬੀ ਪ੍ਰਵਾਨਗੀ ਦੀ ਮੁਹਰ ਲੱਗਦੀ ਹੈ, ਸਗੋਂ ਉਨ੍ਹਾਂ ਦੇ ਮੁਰੀਦਾਂ ਦਾ ਮਨੋਬਲ ਵੀ ਕਈ ਗੁਣਾਂ ਵੱਧ ਜਾਂਦਾ ਹੈ। ਅਜਿਹਾ ਆਤਮਿਕ ਬਲ ਪ੍ਰਾਪਤ ਕਰਕੇ ਹੀ 'ਚਿੜੀਆਂ ਤੋਂ ਬਾਜ ਤੁੜਾਉਣ' ਅਤੇ 'ਮਾਨਸ ਤੇ ਦੇਵਤੇ ਕੀਏ' ਦੀ ਸੰਭਾਵਨਾ ਪੈਦਾ ਹੁੰਦੀ ਹੈ।

ਮਨੁੱਖ ਅਤੇ ਰੱਬੀ-ਪ੍ਰਵਾਨਗੀ ਵਿਚਲੇ ਸੰਬੰਧਾਂ ਬਾਰੇ ਵਿਵੇਕਸ਼ੀਲ ਪੜਚੋਲ ਕੋਈ ਸਾਧਾਰਨ ਕੰਮ ਨਹੀਂ ਹੈ। ਇਹ ਮਨੋਵਿਗਿਆਨ (Psychology) ਅਤੇ ਪੈਰਾ-ਮਨੋਵਿਗਿਆਨ (Parapsychology) ਦਾ ਵਿਸ਼ਾ ਵੀ ਹੈ।[26] ਗੁਰੂ ਗੋਬਿੰਦ ਸਿੰਘ ਨੂੰ ਸਿੱਖ ਲਹਿਰ ਦੇ ਅੰਦਰੂਨੀ ਮਸਲਿਆਂ ਤੇ ਬਾਹਰ ਤੋਂ ਵਾਪਰੇ ਖ਼ਤਰਿਆਂ ਦਾ ਜਿਵੇਂ ਸਾਹਮਣਾ ਕਰਨਾ ਪਿਆ, ਉਸ ਪ੍ਰਸੰਗ ਵਿਚ ਆਪਣੇ ਇਸ਼ਟ ਲਈ ਰੱਬੀ ਪ੍ਰਵਾਨਗੀ ਲੈਣੀ ਤੇ ਇਸ ਲਈ ਵੱਡੀ ਘਾਲਣਾ ਘਾਲਣੀ ਬੜੀ ਜ਼ਰੂਰੀ ਸੀ।[27]

ਦਸਵੇਂ ਗੁਰ ਜਦ 'ਅਰਦਾਸ' ਕਰਦੇ ਹਨ (ਬੇਨਤੀ ਚੌਪਈ) ਤਾਂ ਯੁੱਧ ਵਿਚ ਜਿੱਤਣ ਲਈ ਵਰਦਾਨ ਮੰਗਦੇ ਹਨ। ਜਦ ਆਪਣੇ ਪੂਰਵਜਾਂ ਨੂੰ ਯਾਦ ਕਰਦੇ ਹਨ ਤਾਂ ਪਹਿਲਾਂ ਭਗਉਤੀ ਨੂੰ ਸਿਮਰਦੇ ਹਨ।[28] ਜਦ ਸੰਸਾਰ ਦੀ ਉਤਪੱਤੀ ਦੀ ਗੱਲ ਕਰਦੇ ਹਨ ਤਾਂ ਦੱਸਦੇ ਹਨ ਕਿ ਪਹਿਲਾਂ ਖੰਡੇ ਦੀ ਸਿਰਜਨਾ ਹੋਈ ਤੇ ਫਿਰ ਸਾਰਾ ਸੰਸਾਰ ਬਣਾਇਆ ਗਿਆ।[29] 'ਬਾਦ' (ਵੈਰ-ਵਿਰੋਧ) ਨੂੰ ਵੀ ਉਹ ਅਕਾਲ-ਪ੍ਰਭੂ ਦੀ ਅਦਭੁਤ ਰਚਨਾ ਮੰਨਦੇ ਹਨ, ਜੋ ਸਦੀਵੀ ਹੈ ਤੇ ਜਿਸ ਦਾ ਹੋਰ ਕੋਈ ਇਲਾਜ ਨਹੀਂ ਹੈ।[30] ਜਦ ਉਹ ਕਿਸੇ ਗ੍ਰੰਥ ਦੀ ਰਚਨਾ ਸ਼ੁਰੂ ਕਰਦੇ ਹਨ ਤਾਂ ਵੀ ਪਹਿਲਾਂ ਸ੍ਰੀ ਖੜਗ ਨੂੰ ਨਮਸਕਾਰ ਕਰਦੇ ਹਨ ਤੇ ਅਰਦਾਸ ਕਰਦੇ ਹਨ ਕਿ ਉਸ ਗ੍ਰੰਥ ਨੂੰ ਪੂਰਾ ਕਰਨ ਲਈ ਸ੍ਰੀ ਖੜਗ ਉਨ੍ਹਾਂ ਦੀ ਸਹਾਇਤਾ ਕਰੇ।[31] ਤਲਵਾਰ ਨੂੰ ਉਹ ਵਿਨਾਸ਼-ਰਹਿਤ, ਦੁਸ਼ਟਾਂ ਦੇ ਦਲਾਂ ਨੂੰ ਖ਼ਤਮ ਕਰਨ ਵਾਲੀ ਤੇ ਵਰਦਾਨ ਦੇਣ ਵਾਲੀ ਕਹਿੰਦੇ ਹਨ।[32] ਉਹ ਤਲਵਾਰ ਦੀ ਜੈ (ਜੈ ਤੇਗੰ) ਦਾ ਹੀ ਨਾਅਰਾ ਲਗਾਉਂਦੇ ਤੇ ਸ਼ਤਰੂਆਂ ਨੂੰ ਮਾਰਨ ਵਾਲੇ ਜਿੰਨੇ ਵੀ ਸ਼ਸਤਰ, ਤੀਰ-ਤਲਵਾਰ-ਤੋਪਾਂ, ਹਨ ਉਨ੍ਹਾਂ ਨੂੰ ਬਾਰ-ਬਾਰ ਨਮਸਕਾਰ ਕਰਦੇ ਹਨ।[33] ਆਪਣੇ ਸਿੱਖਾਂ ਦੇ ਮਨ ਵਿਚ ਉਹ ਇਸ ਤੱਥ ਨੂੰ ਚੰਗੀ ਤਰ੍ਹਾਂ ਬੈਠਾ ਦੇਣਾ ਚਾਹੁੰਦੇ ਹਨ ਕਿ ਹੁਣ ਕੇਵਲ 'ਲੁਹ-ਰੱਛ' ਦੁਆਰਾ ਹੀ ਰਖਿਆ ਦੀ ਆਸ ਹੈ[34], ਕਿਉਂਕਿ ਜਦ ਹੋਰ ਸਭ ਹੀਲੇ ਖ਼ਤਮ ਹੋ ਜਾਂਦੇ ਹਨ ਤਾਂ ਤਲਵਾਰ ਦਾ ਆਸਰਾ ਹੀ ਉਚਿਤ ਹੈ।

ਗੁਰੂ ਜੀ ਨੇ ਸੋਚ-ਸਮਝ ਕੇ ਹੀ ਆਪਣਾ ਪੱਖ ਚੁਣਿਆ ਸੀ ਤੇ ਇਸ ਉੱਤੇ ਉਨ੍ਹਾਂ ਨੇ ਦ੍ਰਿੜ੍ਹਤਾ-ਪੂਰਵਕ ਪਹਿਰਾ ਦਿੱਤਾ। ਉਨ੍ਹਾਂ ਦਾ ਪੱਖ ਵੀ ਤੇ ਇਸ਼ਟ ਵੀ ਤਲਵਾਰ ਸੀ। ਆਪਣੇ ਸਿਧਾਂਤ ਉੱਤੇ ਪਹਿਰਾ ਦਿੰਦੇ ਹੋਏ ਉਹ ਕਿਸੇ ਤਰ੍ਹਾਂ ਵੀ ਝੁਕਣਾ ਜਾਂ ਸਮਝੌਤਾ ਕਰਨਾ ਨਹੀਂ ਸਨ ਜਾਣਦੇ। ਇਸੇ ਕਰਕੇ ਜਦ ਉਹ ਭੰਗਾਣੀ ਦੇ ਯੁੱਧ ਦੇ ਬਾਅਦ ਵਾਪਸ ਆਨੰਦਪੁਰ ਆਏ ਤਾਂ ਜਿਨ੍ਹਾਂ ਨੇ ਉਨ੍ਹਾਂ ਦਾ ਸਾਥ ਨਹੀਂ ਸੀ ਦਿੱਤਾ, ਉਨ੍ਹਾਂ ਨੂੰ ਆਨੰਦਪੁਰੋਂ ਕੱਢ ਦਿੱਤਾ ਗਿਆ। ਉਨ੍ਹਾਂ ਨਾਲ ਕੋਈ ਨਰਮੀ ਨਹੀਂ ਵਰਤੀ ਗਈ।[35]

ਪਰ ਇਸ ਦਾ ਮਤਲਬ ਇਹ ਨਹੀਂ ਕਿ ਆਪ ਦੀ ਨੀਤੀ ਵਿਚ ਕੋਈ ਲਚਕ ਨਹੀਂ ਸੀ, ਹੁਸੈਨੀ ਯੁੱਧ ਵਿਚ ਅਤੇ ਫਿਰ ਮੁਅਜ਼ਮ ਦੇ ਆਨੰਦਪੁਰ ਵੱਲ ਆਉਣ ਸਮੇਂ ਆਪ ਨੇ ਬੜੀ ਦੂਰ-ਦਰਸ਼ਤਾ ਤੋਂ ਕੰਮ ਲਿਆ ਤੇ ਆਪਣੇ ਆਪ ਨੂੰ ਸਿਧੀ ਟੱਕਰ ਤੋਂ ਬਚਾ ਕੇ ਰਖਿਆ, ਕਿਉਂਕਿ ਅਜੇ ਸਿਧੀ ਟੱਕਰ ਲੈਣ ਦਾ ਸਮਾਂ ਨਹੀਂ ਸੀ। ਫਿਰ, ਜ਼ਫਰਨਾਮੇ ਦੀ ਸ਼ਕਲ ਵਿਚ ਜੋ ਚਿੱਠੀ ਔਰੰਗਜ਼ੇਬ ਨੂੰ ਲਿਖੀ ਗਈ, ਉਹ ਵੀ ਇਕ ਸੂਝਵਾਨ ਨੀਤੀ ਦੀ ਪਰਿਚਾਇਕ ਹੈ। ਹੇਠਲੇ ਸੂਬੇਦਾਰ ਬਾਦਸ਼ਾਹ ਤਕ ਸਹੀ ਗੱਲ ਨਹੀਂ ਸਨ ਪੁੱਜਣ ਦਿੰਦੇ, ਸਗੋਂ ਹਕੀਕਤ ਨੂੰ ਮਨ-ਮਰਜ਼ੀ ਦਾ ਰੰਗ ਦੇ ਕੇ ਪੇਸ਼ ਕਰਦੇ ਸਨ। ਇਸ ਚਿੱਠੀ ਵਿਚ ਗੁਰੂ ਜੀ ਨੇ ਆਪਣਾ ਪੱਖ ਸਪਸ਼ਟ ਤੌਰ ਉੱਤੇ ਪੇਸ਼ ਕੀਤਾ ਹੈ, ਸੂਬੇਦਾਰਾਂ ਤੇ ਉਨ੍ਹਾਂ ਦੇ ਸਰਪ੍ਰਸਤ ਬਾਦਸ਼ਾਹ ਨੂੰ ਲੜਾਈਆਂ ਵਿਚ ਹੋਣ ਵਾਲੀ ਤਬਾਹੀ ਲਈ ਜ਼ਿੰਮੇਵਾਰ ਠਹਿਰਾਇਆ ਅਤੇ ਯੁੱਧ-ਅਲਸੇਟ ਦੇ ਬਾਵਜੂਦ ਆਪਣੀ ਨੈਤਿਕ ਜਿੱਤ ਦਾ ਪ੍ਰਦਰਸ਼ਨ ਕੀਤਾ ਹੈ, ਕਿਉਂਕਿ ਸਰਬੰਸ ਲੁਟਾ ਕੇ ਵੀ ਗੁਰੂ ਜੀ ਨੇ ਸਚਾਈ ਨੂੰ ਹੱਥੋਂ ਨਹੀਂ ਸੀ ਛਡਿਆ।

ਗੁਰੂ ਜੀ ਨੇ ਕਿਉਂਕਿ ਇਸ ਧਰਤੀ ਉੱਤੇ ਆਪਣੇ ਆਉਣ ਤੇ ਵਿਚਰਨ ਨੂੰ ਦੈਵ-ਨੇਤ ਦੇ ਅਧੀਨ ਦੱਸਿਆ ਹੈ, ਇਸ ਲਈ ਉਨ੍ਹਾਂ ਨੇ ਕਿਤੇ ਵੀ ਆਪਣੀ ਵਡਿਆਈ ਦੇ ਜਾਂ ਜਿੱਤ ਨੂੰ ਆਪਣੀ ਨਿੱਜੀ ਜਿੱਤ ਦੱਸਣ ਦੇ ਦਮਗਜੇ ਨਹੀਂ ਮਾਰੇ। ਸਗੋਂ ਇਸ ਜਿੱਤ ਨੂੰ ਅਕਾਲ ਦੀ ਜਿੱਤ ਹੀ ਦੱਸਿਆ ਹੈ।[36] ਜੇ ਤੀਰ ਚਲਾਉਣ ਲਈ ਮਜਬੂਰ ਹੋਏ ਹਨ ਤਾਂ ਆਪਣੀ ਕੋਈ ਵਡਿਆਈ ਨਹੀਂ ਦੱਸੀ, ਆਪਣੇ ਆਪ ਨੂੰ 'ਕੀਟ' ਕਿਹਾ ਹੈ।[37] ਜੇ ਕਿਤੇ ਦੁਸ਼ਮਣ ਦੇ ਹੱਥੋਂ ਬਚੇ ਹਨ ਤਾਂ ਵੀ ਆਪਣੀ ਹੁਸ਼ਿਆਰੀ ਦੇ ਕਾਰਨ ਨਹੀਂ, ਸਗੋਂ ਅਕਾਲ ਦੀ ਕਿਰਪਾ ਦੇ ਨਾਲ।[38] ਜਦ ਕੁਝ ਰਾਜਸੀ ਸੱਤਾ ਦੇ ਨਾਲ ਉਸਾਰੂ ਕੰਮ ਵੀ ਕੀਤੇ ਹਨ ਤਾਂ ਆਪਣੀ ਵਡਿਆਈ ਕਰਦੇ ਹੋਏ, ਉਸ ਨੂੰ ਬਹੁਤਾ ਕੁਝ ਨਹੀਂ ਦੱਸਿਆ। ਜੋ ਕੁਝ ਵੀ ਕੀਤਾ ਉਸ ਨੂੰ 'ਵਿੱਤ-ਅਨੁਸਾਰ' ਹੀ ਦੱਸਿਆ।[39] ਜੇ ਉਨ੍ਹਾਂ ਸ਼ਿਵ, ਬ੍ਰਹਮਾ, ਵਿਸ਼ਨੂੰ, ਰਾਮ, ਕ੍ਰਿਸ਼ਨ, ਗੋਰਖ, ਰਾਮਾਨੰਦ, ਮੁਹੰਮਦ ਨੂੰ ਅਕਾਲ ਦੇ ਸਾਹਮਣੇ ਤੁਛ ਕਿਹਾ ਹੈ, ਤਾਂ ਆਪਣੇ ਆਪ ਨੂੰ ਵੀ ਤੁਛ ਹੀ ਦਰਸਾਇਆ।[40] ਜਦ ਵੀ ਅਕਾਲ ਦੀ ਕਿਰਪਾ ਦਾ ਪਾਤਰ ਬਣਨ ਦੀ ਗੱਲ ਕੀਤੀ ਹੈ ਤਾਂ ਹੋਰ ਨਿਮਰਤਾ ਦਰਸਾਈ ਹੈ ਤੇ ਕਿਹਾ ਹੈ ਕਿ ਉਸ ਦੀ ਕਿਰਪਾ ਦਾ ਪਾਤਰ ਬਣ ਕੇ ਮੈਂ ਢੀਠ ਹੋ ਗਿਆ ਹਾਂ, ਇਸੇ ਕਰਕੇ ਆਕੜਿਆ ਫਿਰਦਾ ਹਾਂ, ਜਿਵੇਂ ਰਾਜਾ ਬਣ ਗਿਆ ਹੋਵਾਂ।[41]

ਗੁਰੂ ਯੋਧੇ ਦੀ ਕਦਰ ਕਰਦੇ ਹਨ, ਯੋਧਾ ਭਾਵੇਂ ਆਪਣਾ ਸਾਥੀ ਹੋਵੇ ਜਾਂ ਸ਼ਤਰੂ ਦੀਆਂ ਸਫ਼ਾਂ ਵਿਚ ਖੜਾ ਆਪਣੇ ਹੀ ਵਿਰੁੱਧ ਲੜ ਰਿਹਾ ਹੋਵੇ। ਜੰਗ ਵਿਚ ਜਦ ਗੁਰੂ ਦੇ ਕਿਸੇ ਸਾਥੀ ਦੇ ਹਥੋਂ ਦੁਸ਼ਮਣ ਦੀ ਮੌਤ ਹੁੰਦੀ ਹੈ ਤਾਂ ਉਸ ਨੂੰ 'ਜਹੰਨਮ ਰਸੀਦ' ਜਾਂ 'ਨਰਕ ਵਾਸੀ' ਨਹੀਂ ਬਣਾਇਆ ਜਾਂਦਾ, ਸਗੋਂ ਉਸ ਨੂੰ ਸਵਰਗ ਜਾਂ ਬਹਿਸ਼ਤ ਵਿਚ ਪਹੁੰਚਾਇਆ ਜਾਂਦਾ ਹੈ।[42]

ਇਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਸਜਣਾਂ ਤੇ ਮਿਤਰਾਂ ਸਭ ਨੂੰ ਅਸੂਲ ਦੀ ਕਸੌਟੀ ਉੱਤੇ ਪਰਖਦੇ ਸਨ ਅਤੇ ਸਿਧਾਂਤ ਦੇ ਸਵਾਲ ਉੱਤੇ ਕੋਈ ਸਮਝੌਤਾ ਨਹੀਂ ਸਨ ਕਰਦੇ। ਉਨ੍ਹਾਂ ਨੂੰ ਕੇਵਲ ਆਪਣਾ ਇਸ਼ਟ ਹੀ ਪਿਆਰਾ ਸੀ। ਇਸੇ ਲਈ ਉਨ੍ਹਾਂ ਕਿਹਾ ਹੈ ਕਿ ਜੋ ਮੈਨੂੰ ਪਰਮੇਸ਼ਰ ਕਹਿਣਗੇ ਉਹ ਨਰਕ-ਕੁੰਡ ਵਿਚ ਪੈਣਗੇ। ਇਸੇ ਇਸ਼ਟ ਦੇ ਅਧੀਨ ਉਨ੍ਹਾਂ ਨੇ ਵਤਨ ਤੇ ਕੌਮ ਲਈ ਆਪਣਾ ਜੀਵਨ ਅਰਪਨ ਕੀਤਾ ਤੇ ਕਸ਼ਟ ਸਹਾਰੇ।[43] ਉਨ੍ਹਾਂ ਦਾ ਕਥਨ ਹੈ ਕਿ ਜਿਹੜੇ ਲੋਕ ਆਪਣੇ ਪ੍ਰਭੂ (ਇਸ਼ਟ) ਦਾ ਸੰਗ ਨਹੀਂ ਛੱਡਦੇ ਕੇਵਲ ਉਹੀ ਮੁਕਤੀ ਪ੍ਰਾਪਤ ਕਰਦੇ ਹਨ। ਪ੍ਰਭੂ ਅਤੇ ਇਨ੍ਹਾਂ ਪ੍ਰਭੂ-ਭਗਤਾਂ ਵਿਚ ਕੋਈ ਫ਼ਰਕ ਨਹੀਂ। (*ਬਚਿਤ੍ਰ ਨਾਟਕ* 6.21)

ਆਪਣੀ ਰਚੀ ਬਾਣੀ ਵਿਚ ਦਸਵੇਂ ਗੁਰੂ ਨੇ ਆਪਣੇ ਇਸ਼ਟ ਦਾ ਸੰਕਲਪ ਪੇਸ਼ ਕੀਤਾ ਹੈ। ਇਸੇ ਇਸ਼ਟ ਦੀ ਥਾਪਣਾ ਲੈ ਕੇ ਉਹ ਜੀਵਨ ਵਿਚ ਵਿਚਰੇ। 'ਦੁਸ਼ਟਾਂ' ਨੂੰ ਸੋਧਣ ਅਤੇ 'ਸੰਤਾਂ' ਤੇ 'ਦੀਨਾਂ' ਦਾ ਸਾਥ ਦੇਣ ਦਾ ਬੀੜਾ ਉਨ੍ਹਾਂ ਚੁੱਕਿਆ। 'ਦੁਸ਼ਟ', 'ਸੰਤ' ਅਤੇ 'ਦੀਨ' ਸੰਕੇਤਿਕ ਸ਼ਬਦ ਹਨ ਜੋ ਉਸ ਸਮੇਂ ਦੇ ਸਮਾਜਿਕ ਜੀਵਨ ਦੇ ਪਾਤਰ ਸਨ। 'ਦੁਸ਼ਟ' ਸਮਾਜਿਕ-ਜੀਵਨ ਦੇ ਧਰੋਹੀ-ਪਾਤਰ ਸਨ ਜਿਨ੍ਹਾਂ ਦੀ ਪਿਠ ਪਿੱਛੇ ਸਮੇਂ ਦੇ ਹਾਕਮ, ਦੰਭੀ ਤੇ ਸਵਾਰਥੀ ਬੰਦੇ ਸਨ। 'ਸੰਤ' ਉਸ ਪਰੰਪਰਾ ਦੇ ਉਪਾਸਕ ਸਨ ਜੋ ਪਹਿਲੇ ਗੁਰੂ ਦੁਆਰਾ ਸ਼ੁਰੂ ਹੋਈ ਸੀ ਅਤੇ ਜੋ ਦੋ ਸਾਲ ਵਿਚ ਇਸ ਯੋਗ ਹੋ ਗਈ ਸੀ ਕਿ ਦੁਸ਼ਟਾਂ ਨਾਲ ਲੋਹਾ ਲੈ ਸਕੇ। 'ਦੀਨ' ਉਹ

ਜਨ-ਸਾਧਾਰਨ ਸਨ ਜਿਨ੍ਹਾਂ ਨੂੰ ਦੁਸ਼ਟਾਂ (ਬਾਜ਼ਾਂ) ਨਾਲ ਲੜਨ ਦੇ ਯੋਗ ਬਣਾਉਣਾ, 'ਗਿੱਦੜਾਂ ਤੋਂ ਸ਼ੇਰ' ਬਣਾਉਣਾ ਸੀ। ਗਿੱਦੜਾਂ ਨੂੰ ਸ਼ੇਰ ਬਨਾਉਣ ਦਾ, ਚਿੜੀਆਂ ਤੋਂ ਬਾਜ਼ ਤੁੜਾਉਣ ਦਾ, ਦੀਨਾਂ ਨੂੰ ਦੁਸ਼ਟਾਂ ਦੇ ਵਿਰੁੱਧ ਲਾਮ-ਬੰਦ ਕਰਨ ਦਾ 'ਅਵਸਰ' ਆ ਚੁੱਕਾ ਸੀ। ਭੰਗਾਣੀ ਦੇ ਯੁੱਧ ਤੋਂ ਲੈ ਕੇ 'ਫਤਹਿ-ਨਾਮਾ' ਲਿਖਣ ਤਕ ਦਾ ਕਾਲ ਇਹ ਅਵਸਰ ਸੀ।

ਆਪਣੇ ਜੀਵਨ-ਉੱਦੇਸ਼ ਦੀ ਵਿਆਖਿਆ ਗੁਰੂ ਜੀ ਨੇ 'ਚੰਡੀ ਦੀ ਵਾਰ' ਦੇ ਕਥਾ-ਕਾਵਿ ਰਾਹੀਂ ਵੀ ਕੀਤੀ ਹੈ। ਇਥੇ ਰਾਖਸ਼ 'ਦੁਸ਼ਟ' ਹਨ, ਦੇਵਤੇ 'ਦੀਨ' ਹਨ ਜੋ ਰਾਖਸ਼ਾਂ ਦੀ ਕਰੋਧੀ ਦਾ ਸ਼ਿਕਾਰ ਹੋਏ ਮਹਾ-ਮਾਈ ਦੁਰਗਾ ਦੀ ਸ਼ਰਨ ਆਏ ਹਨ। ਮਹਾ ਮਾਈ ਦੁਰਗਾ ਹੀ 'ਚੰਡੀ' ਤੇ 'ਭਵਾਨੀ' ਦਾ ਰੂਪ ਹੈ ਜਿਸ ਦਾ ਪ੍ਰਗਟ ਹੋਣਾ ਇਕ ਅਜਿਹਾ 'ਅਵਸਰ' ਹੈ, ਜਦ ਸ਼ਕਤੀ ਦਾ ਸੰਤੁਲਨ (Balance) ਦੁਸ਼ਟਾਂ ਦੀ ਥਾਂ ਦੀਨਾਂ ਦੇ ਪੱਖ ਵਿਚ ਬਦਲਣਾ ਸ਼ੁਰੂ ਹੁੰਦਾ ਹੈ। ਇਹੀ ਚੰਡੀ, ਤਲਵਾਰ, ਖੜਗ ਜਾਂ ਸ਼ਕਤੀ ਦਾ ਰੂਪ ਹੈ। ਇਹੀ ਕਾਲਿਕਾ ਹੈ, ਮਹਾ-ਕਾਲ ਦੀ ਅਰਧੰਗਣੀ ਜਾਂ ਉਸ ਦਾ ਇਕ ਰੂਪ ਹੈ।

'ਚੰਡੀ ਦੀ ਵਾਰ' ਦੇ ਸੰਕੇਤਿਕ ਸ਼ਬਦਾਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਦੇ ਸਮੇਂ ਦੀ ਹਾਕਮ ਸ਼੍ਰੇਣੀ ਹੀ 'ਰਾਕਸ਼' ਸੀ। ਦੇਵਤੇ ਗੁਰੂ ਜੀ ਦੇ ਸਾਥੀ 'ਸੰਤ' ਸਨ।[44] ਕੀ ਹੋਇਆ ਜੇ ਦੇਵਤਿਆਂ ਨੂੰ ਆਪਣਾ ਗੜ੍ਹ (ਅਮਰਾਵਤੀ) ਛੱਡਣਾ ਪਿਆ, ਜਿਵੇਂ ਗੁਰੂ ਜੀ ਤੇ ਸਾਥੀਆਂ ਨੂੰ ਆਨੰਦਪੁਰ ਛੱਡਣਾ ਪਿਆ ਸੀ? 'ਚੰਡੀ' ਜਾਂ 'ਸ੍ਰੀ ਖੜਗ' ਦੀ ਸਹਾਇਤਾ ਨਾਲ ਉਨ੍ਹਾਂ ਦੇ ਮੁੜ ਜਿੱਤਣ ਦੀ ਸੰਭਾਵਨਾ ਸੀ ਤੇ ਇਹ ਸੰਭਾਵਨਾ ਇਕ ਹਕੀਕਤ ਬਣ ਗਈ, ਜਦ ਗੁਰੂ ਜੀ ਤੋਂ ਬਾਅਦ ਪੰਜ ਸਾਲ ਦੇ ਅੰਦਰ ਹੀ ਉਨ੍ਹਾਂ ਦੇ ਇਕ ਸੇਵਕ ਨੇ ਪੰਜਾਬ ਵਿਚ ਮੁਗਲਸ਼ਾਹੀ ਨੂੰ ਹਿਲਾ ਕੇ ਰਖ ਦਿੱਤਾ ਅਤੇ ਜਾਗੀ ਹੋਈ ਕੌਮ ਨੇ ਹੋਰ ਪੰਜਾਹ ਸਾਲ ਦੇ ਅੰਦਰ ਮੁਗਲਸ਼ਾਹੀ ਤੇ ਉਸ ਦੇ ਸੰਗੀ-ਸਾਥੀਆਂ ਨੂੰ ਸਦਾ ਲਈ ਖ਼ਤਮ ਕਰ ਦਿੱਤਾ।

ਪੈਰ-ਟਿੱਪਣੀਆਂ

1. Paul Tillich; *A Hand-book of Christian Theology* ਦਾ ਹਵਾਲਾ ਡਾ. ਜਸਵੰਤ ਸਿੰਘ ਨੇਕੀ ਦੁਆਰਾ ਰਚਿਤ *'ਗੁਰਮਤਿ ਵਿਚ ਕਾਲ ਦੇ ਅਉਸਰ ਦਾ ਸੰਕਲਪ'* (ਗੁਰੂ ਨਾਨ ਦੇਵ ਯੂ. ਅੰਮ੍ਰਿਤਸਰ) ਪੰ. 23-24 ਉਤੇ।
2. ਜਸਵੰਤ ਸਿੰਘ ਨੇਕੀ, *ਉਹੀ*, ਪੰਨਾ 24
3. *ਉਹੀ*, ਪੰਨਾ 25
4. ਬ. ਨਾਟਕ 1.18
5. *ਉਹੀ*, 1.25
6. *ਉਹੀ*, 1.61
7. *ਉਹੀ*, 1.64-69
8. *ਉਹੀ*, 1.84
9. *ਉਹੀ*, 1.93
10. ਜਾਪੁ 198, 114, 61, 176
11. ਅਕਾਲ ਉਸਤਤਿ : 4
12. ਜਾਪੁ : 19
13. *ਉਹੀ* : 2
14. ਬੇ : ਚੌਪਈ : 3
15. *ਉਹੀ*, 4
16. ਜਿਵੇਂ ਕਿ ਇਨ੍ਹਾਂ ਚੌਪਈਆਂ ਦੇ ਅੰਤ ਵਿਚ ਉਲੇਖ ਹੈ ਪਹਿਲੀ ਚੌਪਈ ਸੰਮਤ 1753 (ਸੰਨ 1696) ਅਤੇ ਦੂਜੀ ਸੰਮਤ 1755 (ਸੰਨ 1698) ਦੀ ਲਿਖਿਤ ਹੈ।
17. ਪ੍ਰੋ. ਰਾਮ ਸਿੰਘ; *'ਬੇਨਤੀ ਚੌਪਈ ਵਿਚ ਚੜ੍ਹਦੀ ਕਲਾ ਦਾ ਸੰਕਲਪ'*, ਪੰਜਾਬੀ ਦੁਨੀਆ, ਅਗਸਤ 1975

18. ਪਵਿੱਤਰ ਆਤਮਾ (Holy Spirit) ਇਕ ਘੁਗੀ ਦੇ ਰੂਪ ਵਿਚ ਉਸ ਉੱਤੇ ਆ ਕੇ ਬੈਠ ਗਈ ਅਤੇ ਗ਼ੈਬ ਤੋਂ ਆਵਾਜ਼ ਆਈ, 'ਤੂੰ ਮੇਰਾ ਪਿਆਰਾ ਪੁਤਰ ਹੈਂ।' (The Bible : 3, 21-22)
19. ਕੁਰਾਨ : 8.39
20. ਚੌਦ੍ਹਵੀਂ ਤੋਂ ਸੋਲ੍ਹਵੀਂ ਸਦੀ ਦੇ ਯੂਰਪ ਵਿਚ (ਖ਼ਾਸ ਕਰਕੇ ਜਰਮਨੀ, ਫ੍ਰਾਂਸ ਤੇ ਇੰਗਲੈਂਡ ਵਿਚ) ਜਦ ਜਾਗੀਰਦਾਰੀ ਦੇ ਵਿਰੁੱਧ ਇਕ ਨਵੀਂ ਸ਼੍ਰੇਣੀ ਨੇ ਘੋਲ ਸ਼ੁਰੂ ਕੀਤਾ ਤਾਂ ਧਰਮ ਤੇ ਈਸ਼ਵਰ ਦੇ ਝੰਡੇ ਹੇਠ ਹੀ ਹੁਕਮਰਾਨ ਜਮਾਤ ਵਿਰੁੱਧ ਧਰਮ-ਯੁੱਧ ਲੜੇ ਗਏ। ਪ੍ਰੋਟੈਸਟੈਂਟਵਾਦ ਦੀ ਸਭ ਤੋਂ ਪ੍ਰਮੁਖ ਵੀਰਾਂਗਣਾਂ ਜੋਨ-ਆਫ਼-ਆਰਕ ਨੂੰ ਵੀ 'ਅੰਤਰ-ਆਤਮਾ ਦੀ ਆਵਾਜ਼ਾਂ' ਨੇ ਹਥਿਆਰ-ਬੰਦ ਬਗਾਵਤ ਕਰਨ ਲਈ ਪ੍ਰੇਰਨਾ ਦਿੱਤੀ ਸੀ।
21. ਬ. ਨਾਟਕ 6, 61
22. 'ਬਾਈਬਲ' ਦਾ ਆਰੰਭ ਹੀ ਇਉਂ ਹੁੰਦਾ ਹੈ : "Before anything eles existed, there was Christ with God. He has always been alive and is Himself God."
23. ਮਜ਼ਦੂਰ ਲਹਿਰ ਦੇ ਸ਼ੁਰੂ ਹੋਣ ਦੀ ਤੁਲਨਾ ਈਸਾਈ ਲਹਿਰ ਦੇ ਸ਼ੁਰੂ ਹੋਣ ਨਾਲ ਕਰਦੇ ਹੋਏ ਏਂਗਲਜ਼ ਦਾ ਕਥਨ ਹੈ: "The new religious philosophy reverses the previous order, seeks its disciples among the poor, the miserable, the slaves and the rejected and despises the rich, the powerful and the privileged.....(Page 175) The history of early Christianity has notable points of resemblance with the modern working-class movement. Like the later, Christianity was originally a movement of the oppressed people..... Both are persecuted and baited, their adherents are despised and made the objects of exclusive laws, the former as enemies of the human race, the later as enemies of the state, enemies of religion, the family, social order. And in spite of all persecution, any even spurred on by it, they forge victoriously, irresistibly ahead." (p. 281) (Karl Marx & F. Engles : On Religion, Moscow, 1972 ed.).
24. ਰਚਾ ਬੈਰ ਬਾਦੰ ਬਿਧਾਤੇ ਅਪਾਰੰ।
ਜਿਸੈ ਸਾਧਿ ਸਾਕਿਊ ਨ ਕੋਊ ਸੁਧਾਰੰ।
ਬਲੀ ਕਾਮਰਾਯੰ ਮਹਾ ਲੋਭ ਮੋਹੰ।
ਗਯੋ ਕਉਨ ਬੀਰੰ ਸੁ ਯਾ ਤੇ ਅਲੋਹੰ। (ਬ. ਨਾਟਕ 3.1)
25. 'ਬਾਈਬਲ' ਅਤੇ 'ਕੁਰਾਨ' ਯਸੂਹ ਅਤੇ ਮੁਹੰਮਦ ਦੇ ਚਲਾਣੇ ਬਾਅਦ ਸੰਕਲਿਤ ਹੋਏ ਸਨ।
26. ਐਡਲਸ ਹਕਸਲੇ ਦਾ ਕਥਨ ਹੈ ਕਿ ਹਰੇਕ ਧਰਮ-ਸ਼ਾਸਤਰ ਅਨੁਸਾਰ ਜੋ ਵੀ ਮਨੁੱਖ ਅਤੇ 'ਰੱਬੀ ਰੌਸ਼ਨੀ' ਦੇ ਵਿਚਾਲੇ ਇਕ ਵਿਚੋਲੇ ਦਾ ਕੰਮ ਕਰਦੇ ਹਨ ਉਨ੍ਹਾਂ ਦਾ ਮਨੋਵਿਗਿਆਨਿਕ ਆਧਾਰ ਦੇਖਣ ਦੀ ਲੋੜ ਹੈ।
27. "If we go to the writings of Guru Gobind Singh, we find him preoccupied with the nature of religious missions in general and of his own mission in particular, under the trying circumstances of internal stress in the Panth and external interference by the contemporary rulers, both Rajput and Mughal." (Dr. J. S. Grewal : *'Essays in Sikh History'* G. N. D. Uni. Amritsar, 1972, p. 55)
ਏਂਗਲਜ਼ ਨੇ ਈਸਾਈ ਮਤ ਦੇ ਉਥਾਨ ਬਾਰੇ ਲਿਖਦੇ ਹੋਇਆਂ ਕਿਹਾ ਹੈ :
"We have the whole of Christianity in its basic features L the incarnation of the 'word' becomes man in a definite person and his sacrifice on the cross for the redemption of sinful mankind." ('On Religion'. Moscow, 1972, p. 175)
28. ਪ੍ਰਥਮ ਭਗਉਤੀ ਸਿਮਰਿਕੈ ਗੁਰੂ ਨਾਨਕ ਲਈ ਧਿਆਇ।
29. ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੰਸਾਰ ਉਪਾਇਆ।
30. ਬ. ਨਾਟਕ 3.1
31. *ਉਹੀ* ਦਾ ਆਰੰਭ 1.1
32. *ਉਹੀ* 1.2

33. *ਉਹੀ* 1.90-91
34. *ਉਹੀ* 14.8
35. *ਉਹੀ* 8.37
36. ਭਈ ਜੀਤ ਮੇਰੀ। ਕ੍ਰਿਪਾ ਕਾਲ ਕੇਰੀ। (ਬ. ਨਾਟਕ 8.34)
37. ਤਵੈ ਕੀਟ ਬਾਨੰ ਕਮਾਨੰ ਸੰਭਾਰਨ। (ਬ. ਨਾਟਕ 8.26)
38. ਆਪ ਹਾਥ ਦੇ ਨਾਥ ਬਚਾਯੋ।
39. ਰਾਜ ਸਾਜ ਹਮ ਪਰ ਜ਼ਬ ਆਯੋ। ਜਥਾ ਸਕਤ ਤਬ ਧਰਮ ਚਲਾਯੋ। (8.11)
40. ਅਕਾਲ ਪੁਰਖ ਉਵਾਚ ਇਸ ਕੀਟ ਪ੍ਰਤੀ (6.6)
41. ਢੀਠ ਭਯੋ ਤਵ ਕ੍ਰਿਪਾ ਲਖਾਈ। ਐਡੋ ਫਿਰੋ ਸਭਨ ਭਯੋ ਰਾਈ। (ਬ. ਨਾਟਕ 14.9)
42. ਬਚਿਤ੍ਰ ਨਾਟਕ (8.26) ਅਤੇ ਫਿਰ ਹੁਸੈਨੀ ਯੁੱਧ ਵਿਚ ਹੁਸੈਨੀ ਖ਼ਾਂ ਦਾ ਅੰਤ :
"ਗਿਰੇ ਭਿਸਤ ਕਉ ਖਾਂ ਹੁਸੈਨੀ ਸਿਧਾਰੇ।" (11.52)
43. ਮੋ ਕੌ ਦਾਸ ਤਵਨ ਕਾ ਜਾਨੋ। ਯਾ ਮੈ ਭੇਦ ਨਾ ਰੰਚ ਪਛਾਨੋ। (6.32)
44. ਹੂਰਾਂ ਇਕ ਰਾਕਸ਼ ਨੂੰ ਘੇਰ ਕੇ ਖੜੀਆਂ ਹੁੰਦੀਆਂ ਹਨ ("ਹੂਰਾਂਸ੍ਰਣਵਤ-ਬੀਜ ਨੋ ਘਤਿ ਘੇਰ ਖਲੋਈਆਂ")। ਫਿਰ ਇਕ ਰਾਕਸ਼ ਨੂੰ ਸੁਹਣਾ 'ਖਾਣ' ਕਿਹਾ ਗਿਆ ਹੈ, (ਸਾਬਾਸ ਸਲੋਨੇ ਖਾਣ ਕਉ) 'ਹੂਰਾਂ' ਤੇ 'ਖਾਣ', 'ਹਾਜੀ', 'ਨਿਵਾਜੀ (ਨਿਮਾਜ਼ੀ)', 'ਸਦ ਰਹਿਮਤ', 'ਕਾਜੀ' ਜੇਹੇ ਸ਼ਬਦ ਉਸ ਸਮੇਂ ਦੀ ਹਾਕਮ-ਜਮਾਤ ਦੀ ਸਮਾਜਿਕ ਰਹਿਣੀ ਦੇ ਪ੍ਰਤੀਕ ਹਨ। (ਦੇਖੋ ਚੰਡੀ ਦੀ ਵਾਰ, ਪਉੜੀ 45 ਤੋਂ 50)

ਦੱਲੇ ਭੱਟੀ ਨੂੰ ਗਾਂਵਦਾ ਜਗ ਸਾਰਾ,
ਜੈਮਲ ਫੱਤੇ ਦੀਆਂ ਵਾਰਾਂ ਸਾਰੀਆਂ ਨੇ।
ਮੀਰ ਦਾਦ ਚੌਹਾਨ ਦੇ ਸਤਰ ਅੰਦਰ,
ਮੋਈਆਂ ਰਾਣੀਆਂ ਖਾਇ ਕਟਾਰੀਆਂ ਨੀ।
ਸੰਧਾਵਾਲੀਆਂ ਜੇਹੀ ਨਾ ਕਿਸੇ ਕੀਤੀ,
ਤੇਗਾਂ ਵਿਚ ਦਰਬਾਰ ਦੇ ਮਾਰੀਆਂ ਨੀ।
ਸ਼ਾਹ ਮੁਹੰਮਦਾ ਮੁਏ ਨੀ ਬੀਰ ਬਣ ਕੇ,
ਜਾਨਾਂ ਕੀਤੀਆਂ ਨਹੀਂ ਪਿਆਰੀਆਂ ਨੀ।

... ...

ਪਿੱਛੋਂ ਆਣ ਕੇ ਸਭਨਾਂ ਨੂੰ ਫ਼ਿਕਰ ਹੋਇਆ,
ਸੋਚੀਂ ਪਏ ਨੀ ਸਭ ਸਿਰਦਾਰ ਮੀਆਂ।
ਅੱਗੇ ਰਾਜ ਆਇਆ ਹੱਥ ਬੁਰਛਿਆਂ ਦੇ,
ਪਈ ਖੜਕਦੀ ਨਿੱਤ ਤਲਵਾਰ ਮੀਆਂ।
ਗੱਦੀ ਵਾਲਿਆਂ ਨੂੰ ਨਹੀਂ ਬਹਿਣ ਦੇਂਦੇ,
ਹੋਰ ਕੌਣ ਕਿਸ ਦੇ ਪਾਣੀਹਾਰ ਮੀਆਂ।
ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ,
ਖ਼ਾਲੀ ਨਹੀਂ ਜਾਣਾ ਕੋਈ ਵਾਰ ਮੀਆਂ।

-ਸ਼ਾਹ ਮੁਹੰਮਦ

'ਚੰਡੀ ਦੀ ਵਾਰ' ਦੀ ਭਾਸ਼ਾ

ਡਾ. ਜਗਜੀਤ ਸਿੰਘ

'ਚੰਡੀ ਦੀ ਵਾਰ' ਸਤਾਰ੍ਹਵੀਂ ਸਦੀ ਦੇ ਅੰਤਲੇ ਸਮੇਂ ਵਿਚ ਰਚੀ ਗਈ ਉਹ ਵਾਰ ਹੈ ਜਿਸ ਦੇ ਰਚਣਹਾਰ ਗੁਰੂ ਗੋਬਿੰਦ ਸਿੰਘ ਨਾ ਕੇਵਲ ਇਕ ਮਹਾਨ ਕਵੀ ਹੀ ਸਨ, ਸਗੋਂ ਤਲਵਾਰ ਦੇ ਧਨੀ ਵੀ ਸਨ। ਜਿਥੇ ਪੰਜਾਬੀ ਸਾਹਿੱਤ ਵਿਚ ਵਾਰਾਂ ਰਚਣ ਵਾਲੇ ਜੋ ਆਮ ਤੌਰ ਉੱਤੇ ਢਾਡੀ ਹੁੰਦੇ ਸਨ, ਕਿਸੇ ਯੋਧੇ ਜਾਂ ਮਹਾਪੁਰਸ਼ ਦੀ ਕੀਰਤੀ ਗਾ ਕੇ ਜਾਂ ਉਸਤਤ ਕਰ ਕੇ ਇਨਾਮ ਹਾਸਿਲ ਕਰਦੇ ਤੇ ਆਪਣਾ ਪੇਟ ਪਾਲਦੇ ਸਨ, ਉਥੇ ਗੁਰੂ ਗੋਬਿੰਦ ਸਿੰਘ ਆਪਣੀ ਰਚਨਾ ਦਾ ਮਨੋਰਥ ਇਉਂ ਦੱਸਦੇ ਹਨ :

ਦਸਮ ਕਥਾ ਭਗਉਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾਹਿ ਪ੍ਰਭੂ ਧਰਮ ਜੁਧ ਕਾਚਾਇ ॥[1]

ਭਾਵੇਂ ਉਪਰੋਕਤ ਕਥਨ ਭਾਗਵਤ ਪੁਰਾਣ (ਦਸਮ ਸਕੰਧ) ਦੇ ਭਾਖਾ ਅਨੁਵਾਦ ਦੇ ਪ੍ਰਸੰਗ ਵਿਚ ਉਚਾਰਣ ਹੋਇਆ ਹੈ, ਪਰ 'ਚੰਡੀ ਦੀ ਵਾਰ' ਜਿਸ ਦੀ ਕਥਾ-ਵਸਤੂ 'ਮਾਰਕੰਡੇ ਪੁਰਾਣ' ਵਿਚੋਂ ਲਈ ਗਈ ਹੈ, ਦੇ ਰਚੇ ਜਾਣ ਸਮੇਂ ਵੀ ਗੁਰੂ ਸਾਹਿਬ ਸਾਹਮਣੇ ਇਹੀ ਆਦਰਸ਼ ਸੀ। ਇਸ ਵਾਰ ਦਾ ਜਿਹੜਾ ਨਾਂ ਆਪ ਨੇ ਰਖਿਆ, ਉਹ ਸੀ–'ਵਾਰ ਸ੍ਰੀ ਭਗਉਤੀ ਜੀ ਕੀ।'

ਇਸ ਵਾਰ ਦੇ ਰਚਣ ਤੋਂ ਪੂਰਬ ਗੁਰੂ ਸਾਹਿਬ ਨੇ 'ਚੰਡੀ ਚਰਿਤ੍ਰ' ਤੇ 'ਚੰਡੀ ਚਰਿਤ੍ਰ ਉਕਤਿ ਬਿਲਾਸ' ਸਿਰਲੇਖਾਂ ਅਧੀਨ ਪੌਰਾਣਿਕ ਕਥਾ ਦੇ ਭਾਖਾ ਵਿਚ ਅਨੁਵਾਦ ਕਰਵਾਏ ਸਨ। ਇਸ ਤਰ੍ਹਾਂ ਪੌਰਾਣਿਕ ਕਥਾ ਸੰਸਕ੍ਰਿਤ ਤੋਂ ਭਾਖਾ ਵਿਚ ਉਲਥਾਈ ਜਾ ਚੁੱਕੀ ਸੀ ਤੇ ਉਸ ਵਿਚ ਆਏ ਨਾਂ ਤੇ ਥਾਂ ਲੋਕਾਂ ਲਈ ਜਾਣੇ ਪਛਾਣੇ ਬਣ ਚੁੱਕੇ ਸਨ।

ਜਿਥੋਂ ਤਕ ਇਸ ਵਾਰ ਵੀ ਭਾਸ਼ਾ ਦਾ ਸੰਬੰਧ ਹੈ, ਇਸ ਉੱਤੇ ਚਰਚਾ ਬੜੀ ਰੋਚਕ ਅਤੇ ਗਿਆਨਵਰਧਕ ਹੈ। ਗੁਰੂ ਸਾਹਿਬ ਦੀ ਪ੍ਰਤਿਭਾ ਇੰਨੀ ਦੀਰਘ ਤੇ ਵਿਸ਼ਾਲ ਸੀ ਕਿ ਉਨ੍ਹਾਂ ਨੇ ਪੌਰਾਣਿਕ ਸ਼ਬਦਾਵਲੀ ਨੂੰ ਆਪਣੇ ਦਾਰਸ਼ਨਿਕ ਵਿਚਾਰਾਂ ਦੇ ਨਿਰੂਪਣ ਲਈ ਵਰਤ ਕੇ ਇਸ ਨੂੰ ਨਾ ਕੇਵਲ ਤਤਕਾਲੀਨ ਪ੍ਰਸੰਗ ਵਿਚ ਹੀ ਲਾਭਕਾਰੀ ਬਣਾਇਆ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਅਮਰ ਸਾਹਿੱਤ ਦੀ ਸਿਰਜਣਾ ਕੀਤੀ।

ਇਸ ਤੋਂ ਪਹਿਲਾਂ ਕਿ ਅਸੀਂ ਇਸ ਵਾਰ ਦੀ ਭਾਸ਼ਾ ਉੱਤੇ ਵਿਸਤਾਰ ਸਹਿਤ ਚਰਚਾ ਕਰੀਏ, ਅਸੀਂ ਇਸ ਦੇ ਸਿਰਲੇਖ ਵਿਚ ਆਏ 'ਭਗਉਤੀ' ਸ਼ਬਦ ਉੱਤੇ ਵਿਚਾਰ ਕਰਨਾ ਉਚਿਤ ਸਮਝਾਂਗੇ। ਵਾਰ ਦੇ ਸਿਰਲੇਖ ਵਿਚ ਸ਼ਬਦ ਦੇ ਪੂਰਬ 'ਸ੍ਰੀ' ਪਦ ਦਰਜ ਹੈ ਜਿਸ ਤੋਂ ਪਾਠਕ ਨੂੰ ਇਹ ਸਮਝਣ ਵਿਚ ਕੋਈ ਔਖਿਆਈ ਨਹੀਂ ਹੁੰਦੀ ਕਿ 'ਭਗਉਤੀ' ਪਦ ਨਾਂਵ ਰੂਪ ਹੈ ਤੇ 'ਸ੍ਰੀ' ਉਸ ਦੇ ਅੱਗੇ ਵਿਸ਼ੇਸ਼ਣ ਲੱਗਾ ਹੈ। 'ਭਗਉਤੀ' (ਭਗਵਤੀ) 'ਮਾਰਕੰਡੇ ਪੁਰਾਣ' ਵਿਚ 'ਦੁਰਗਾ' ਪਦ ਨਾਲ ਵਿਸ਼ੇਸ਼ਣ ਰੂਪ ਵਿਚ ਅੰਕਿਤ ਹੈ। 'ਬਚਿਤ੍ਰ ਨਾਟਕ' ਦੇ ਆਰੰਭ ਵਿਚ 'ਸ੍ਰੀ ਕਾਲ ਜੀ ਦੀ ਉਸਤਤਿ' ਸਿਰਲੇਖ ਹੈ। ਇਸ ਸਿਰਲੇਖ ਵਿਚ ਵੀ 'ਕਾਲ' ਪਦ ਅੱਗੋਂ 'ਸ੍ਰੀ' ਵਿਸ਼ੇਸ਼ਣ ਲੱਗਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਭਗਉਤੀ, ਕਾਲ ਆਦਿ ਪਦਾਂ ਨੂੰ ਜੋ ਪ੍ਰਾਚੀਨ ਕਾਲ ਤੋਂ ਭਾਰਤੀ ਗ੍ਰੰਥਾਂ ਵਿਚ ਵਰਤੀਂਦੇ ਆ ਰਹੇ ਸਨ, ਨਵੇਂ ਅਰਥਾਂ ਵਿਚ ਵਰਤ ਰਹੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵੀ ਠਾਕੁਰ, ਗੋਪਾਲ, ਬੀਠੁਲਾ ਆਦਿ ਪਦ ਜਿਹੜੇ ਹਿੰਦੂ ਧਰਮ ਵਿਚ ਠਾਕਰ ਪੂਜਾ ਤੇ ਕ੍ਰਿਸ਼ਨ ਪੂਜਾ ਦੇ ਸੰਬੰਧ ਵਿਚ ਵਰਤੇ ਜਾਂਦੇ ਹਨ, ਪਰਮਾਤਮਾ ਦੇ ਅਰਥਾਂ ਵਿਚ ਵਰਤੇ ਗਏ ਹਨ।

'ਭਗਉਤੀ' ਪਦ ਵਾਰ ਦੇ ਸਿਰਲੇਖ ਵਿਚ ਹੈ, ਬੰਦਨਾ ਵਾਲੇ ਸ਼ਬਦ ਸਮੂਹ-ਸ੍ਰੀ ਭਗਉਤੀ ਜੀ ਸਹਾਇ-ਵਿਚ ਹੈ ਅਤੇ ਵਾਰ 53ਵੀਂ ਪਉੜੀ ਵਿਚ ਵੀ ਹੈ। ਇਸ ਤੋਂ ਛੁਟ ਵਾਰ ਵਿਚ ਇਸ ਦੀ ਹੋਰ ਕਿਤੇ ਵਰਤੋਂ ਨਹੀਂ ਹੈ। ਸਿਰਲੇਖ ਅਤੇ ਬੰਦਨਾ ਵਾਲੇ 'ਭਗਉਤੀ' ਸ਼ਬਦ ਦਾ ਅਰਥ 'ਪਰਮਾਤਮਾ' ਹੈ ਅਤੇ 53ਵੀਂ ਪਉੜੀ ਵਿਚ ਇਸ ਦਾ ਅਰਥ 'ਦੁਧਾਰੀ ਬਰਛੀ' ਹੈ ਜਿਸ ਦੀ ਸਹਾਇਤਾ ਨਾਲ ਦੁਰਗਾ ਨੇ ਸੁੰਭ ਰਾਖਸ਼ ਨੂੰ ਮਾਰਿਆ।

ਸੰਸਕ੍ਰਿਤ ਵਿਦਵਾਨਾਂ ਨੇ ਸ਼ਬਦ ਦੀਆਂ ਤਿੰਨ ਸ਼ਕਤੀਆਂ ਮੰਨੀਆਂ ਹਨ ਅਭਿਧਾ, ਲੱਛਣਾ ਅਤੇ ਵਿਅੰਜਨਾ। ਇਨ੍ਹਾਂ ਸ਼ਕਤੀਆਂ ਅਨੁਸਾਰ ਸ਼ਬਦਾਂ ਦੇ ਸ਼ਬਦੀ ਅਰਥ, ਲੱਛਣ ਅਰਥ (ਕਿਆਸ ਕੀਤੇ) ਅਤੇ ਵਿਅੰਗ ਅਰਥ ਹੁੰਦੇ ਹਨ। ਭਗਉਤੀ ਪਦ ਦੇ ਲੱਛਣ ਅਰਥ ਹੋਰ ਹਨ ਤੇ ਅਭਿਧਾ ਦੇ ਹੋਰ। ਅਭਿਧਾ ਸ਼ਕਤੀ ਅਨੁਸਾਰ ਤਾਂ ਭਗਉਤੀ (ਭਗਵਤੀ), ਭਗਉਤ (ਭਗਵਤ) ਦਾ ਇਸਤਰੀ-ਲਿੰਗ ਪਦ ਹੈ। ਇਸ ਅਰਥ ਅਨੁਸਾਰ ਭਗਉਤੀ ਭਗਵਤ ਦੀ ਅਰਧਾਂਗਨੀ ਹੈ, ਪਰ ਲੱਛਣਾ ਅਰਥ ਅਨੁਸਾਰ ਉਹ ਅਜਿਹੀ ਸਰਬ-ਵਿਆਪਕ, ਸਰਬ-ਸ਼ਕਤੀਮਾਨ ਸ਼ਕਤੀ ਹੈ ਜਿਸ ਬਾਰੇ ਗੁਰੂ ਗੋਬਿੰਦ ਸਿੰਘ ਇਕ ਥਾਂ ਇਉਂ ਕਥਨ ਕਰਦੇ ਹਨ :

ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨ ਕਾਲ ॥[2]

ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਦਾ 'ਭਗਉਤੀ' ਪਦ ਪਰਮਾਤਮਾ ਦਾ ਹੀ ਵਾਚਕ ਹੈ।

ਇਸ ਵਾਰ ਵਿਚ ਪੌਰਾਣਿਕ ਸ਼ਬਦਾਂ ਦੀ ਵਰਤੋਂ ਹੋਣੀ ਕੁਦਰਤੀ ਸੀ। ਇਸ ਲਈ ਗੁਰੂ ਸਾਹਿਬ ਨੇ ਦੁਰਗਾ, ਚੰਡੀ, ਭਵਾਨੀ, ਮਹਾਮਾਈ, ਜਗਮਾਤਾ, ਦੁਰਗਸਾਹ ਆਦਿ ਪਦ ਦੇਵੀ ਲਈ ਪ੍ਰਯੁਕਤ ਕੀਤੇ ਹਨ। 'ਮਹਾਮਾਈ' ਪੌਰਾਣਿਕ 'ਮਹਾਮਾਯਾ' ਦਾ ਪੰਜਾਬੀ ਰੂਪ ਹੈ ਤੇ 'ਦੁਰਗਸਾਹ' 'ਦੁਰਗੇਸ਼' ਦਾ। ਕਾਲੀ ਦੇਵੀ ਲਈ 'ਕਾਲੀ', 'ਕਾਲਿਕਾ' ਪਦਾਂ ਦਾ ਪ੍ਰਯੋਗ ਕੀਤਾ ਹੈ। ਇੰਦਰ ਲਈ 'ਸੁਰਪਤ' ਭਾਵ ਸੁਰਾਂ ਦਾ ਪਤੀ ਸ਼ਬਦ ਆਇਆ ਹੈ। ਇਹ ਪਾਤਰ ਤਾਂ ਵਾਰ ਵਿਚ ਅੰਕਿਤ ਯੁੱਧ ਦੇ ਪ੍ਰਸੰਗ ਵਿਚ ਆਉਂਦੇ ਹਨ ਪਰ ਮੰਗਲਾਚਰਣ ਤੇ ਭੂਮਿਕਾ ਵਿਚ ਬ੍ਰਹਮਾ, ਬਿਸਨ (ਵਿਸ਼ਨੂੰ) ਤੇ ਮਹੇਸ਼ (ਸ਼ਿਵ) ਤਿੰਨ ਮੁਖੀ ਦੇਵਤਿਆਂ ਦਾ ਜ਼ਿਕਰ ਕੀਤਾ ਗਿਆ ਹੈ, ਹਿੰਦੂ ਪਰੰਪਰਾ ਵਿਚੋਂ ਰਾਮ, ਕ੍ਰਿਸ਼ਨ, ਦਹਸਰ (ਰਾਵਣ) ਕੰਸ ਦਾ ਉਲੇਖ ਹੈ। ਅਸੁਰ ਪਾਤਰਾਂ ਵਿਚ ਜਿਨ੍ਹਾਂ ਦੇ ਨਾਂ ਵਾਰ ਵਿਚ ਦਰਜ ਹਨ, ਇਸ ਪ੍ਰਕਾਰ ਹਨ-ਮਹਿਖਾਸੁਰ (ਮਹਿਸ਼ਾਸੁਰ), ਚੰਡ, ਮੁੰਡ, ਧੂਮ੍ਰ ਲੋਚਨ, ਸ਼ੁਣਵਤਬੀਜ (ਰਕਤਬੀਜ), ਨਿਸੰਭ ਤੇ ਸੁੰਭ। ਮਹਿਖਾਸੁਰ ਨੂੰ ਮਹਿਖਾ ਦੈਂਤ ਵੀ ਆਖਿਆ ਗਿਆ ਹੈ ਅਤੇ ਧੂਮ੍ਰ ਲੋਚਨ ਨੂੰ ਧੂਮ੍ਰ ਨੈਣ ਵੀ ਕਿਹਾ ਗਿਆ ਹੈ। ਨਿਸੁੰਭ ਨੂੰ 'ਸੁਭੰਨ' ਕਰ ਕੇ ਵੀ ਅੰਕਿਤ ਕੀਤਾ ਗਿਆ ਹੈ।

ਪੌਰਾਣਿਕ ਕਹਾਣੀ ਹੋਣ ਕਰਕੇ ਹੋਰ ਜਿਹੜੇ ਸ਼ਬਦ ਇਸ ਵਾਰ ਵਿਚ ਆਏ ਹਨ, ਉਹ ਹਨ-ਸਤਿਜੁਗ, ਤ੍ਰੇਤਾ, ਕਲ, ਨਾਰਦ, ਜਮਪੁਰੀ, ਹਰਨਾਖਸ਼, ਅਮਰਾਵਤੀ, ਸਰਸਵਤੀ, ਜੋਗਣੀਆਂ, ਮੇਦਨੀ, ਧਉਲ, ਕਰਮ, ਧੂਮਕੇਤ ਆਦਿ।

ਮੰਗਲਾਚਰਣ ਵਿਚ ਪਹਿਲੇ ਨੌਂ ਗੁਰੂ ਸਾਹਿਬਾਨ ਦੇ ਨਾਂ ਆਏ ਹਨ ਤੇ ਉਸ ਪ੍ਰਸੰਗ ਵਿਚ ਨਉਨਿਧ ਪਦ ਵੀ ਵਰਤਿਆ ਗਿਆ ਹੈ। ਨੌਂ ਖ਼ਜ਼ਾਨਿਆਂ ਦੀ ਪਰੰਪਰਾ ਵੀ ਭਾਰਤੀ ਮਿਥਿਹਾਸ ਦਾ ਅੰਗ ਹੈ।

ਇਸ ਵਾਰ ਦੀ ਭਾਸ਼ਾ ਮੁੱਖ ਤੌਰ ਉੱਤੇ ਤਾਂ ਵੀਰ ਰਸੀ ਹੈ, ਪਰ ਕਿਤੇ-ਕਿਤੇ ਪ੍ਰਸ਼ੰਸਾਮਈ ਵੀ ਹੈ। ਸ਼ੁਰੂ ਵਿਚ ਇਹ ਮੰਗਲਾਚਰਣ ਕਰਨ ਵਾਲੀ ਹੈ, ਜਿਵੇਂ :

ਪ੍ਰਿਥਮ ਭਗਉਤੀ ਸਿਮਰਿ ਕੈ ਗੁਰ ਨਾਨਕ ਲਈ ਧਿਆਇ ॥
ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੇ ਹੋਈ ਸਹਾਇ ॥
ਅਰਜਨੁ ਹਰਿ ਗੋਬਿੰਦ ਨੋ ਸਿਮਰੋ ਸ੍ਰੀ ਹਰਿ ਰਾਇ ॥
ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖਿ ਜਾਇ ॥
ਤੇਗ ਬਹਾਦਰ ਸਿਮਰਿਐ ਘਰਿ ਨਉਨਿਧਿ ਆਵੈ ਧਾਇ ॥
ਸਭ ਥਾਈਂ ਹੋਇ ਸਹਾਇ ॥ (ਪਉੜੀ 1)

ਮੰਗਲਾਚਰਣ ਵਾਲੀ ਇਸ ਪਉੜੀ ਦੀ ਮਹਾਨਤਾ ਦੀ ਸਾਖ ਇਥੋਂ ਮਿਲਦੀ ਹੈ ਕਿ ਇਹ ਸਿੱਖ-ਅਰਦਾਸ ਦਾ ਅਟੁੱਟ ਅੰਗ ਬਣ ਗਈ ਹੈ। ਇਸ ਵਾਰ ਦੀ ਦੂਜੀ ਪਉੜੀ ਪ੍ਰਭੂ ਦੇ ਗੁਣ ਗਾਇਨ ਕਰਦੀ ਹੈ। ਇਸ ਕਰਕੇ ਇਹ ਉਪਾਸ਼ਨਾਮਈ ਹੈ। ਇਸ ਦੀਆਂ ਕੁਝ ਤੁਕਾਂ ਤਾਂ ਬਹੁਤ ਹੀ ਪ੍ਰਭਾਵਸ਼ਾਲੀ ਹਨ :

ਤੈਹੀ ਦੁਰਗਾ ਸਾਜਿਕੈ ਦੈਤਾਂ ਦਾ ਨਾਸ ਕਰਾਇਆ ॥
ਤੈਥੋਂ ਹੀ ਬਲ ਰਾਮ ਲੈ ਨਾਲਿ ਬਾਣਾ ਦਹਸਿਰੁ ਘਾਇਆ ॥
ਤੈਥੋਂ ਹੀ ਬਲ ਕ੍ਰਿਸਨ ਲੈ ਕੰਸ ਕੇਸੀ ਪਕੜ ਗਿਰਾਇਆ ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ ॥
ਕਿਨੀ ਤੇਰਾ ਅੰਤ ਨ ਪਾਇਆ ॥ (ਪਉੜੀ 2)

ਪੌਰਾਣਿਕ ਕਹਾਣੀ ਨੂੰ ਵਾਰ ਦਾ ਰੂਪ ਪ੍ਰਦਾਨ ਕਰਨ ਦਾ ਉੱਦੇਸ਼ ਜਨ-ਸਾਧਾਰਨ ਨੂੰ ਜ਼ੁਲਮ ਤੇ ਅਤਿਆਚਾਰ ਦੇ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦੇਣਾ ਸੀ। ਇਹ ਤਾਂ ਹੀ ਹੋ ਸਕਦਾ ਸੀ ਜੇ ਭਾਸ਼ਾ ਆਮ ਲੋਕਾਂ ਦੇ ਪੱਧਰ ਦੀ ਵਰਤੀ ਜਾਂਦੀ। ਇਹ ਗੁਰੂ ਸਾਹਿਬ ਵਰਗੀ ਮਹਾਨ ਸ਼ਖ਼ਸੀਅਤ ਦਾ ਹੀ ਕੰਮ ਹੈ ਕਿ ਉਨ੍ਹਾਂ ਨੇ ਸਾਧਾਰਨ ਪਾਠਕ ਦੀ ਸੂਝ ਬੂਝ ਦਾ ਖਿਆਲ ਵੀ ਰਖਿਆ ਹੈ ਪਰ ਇੰਜ ਕਰਨ ਲਗਿਆਂ ਸਾਹਿੱਤਿਕ ਮਾਪ-ਦੰਡਾਂ ਨੂੰ ਵੀ ਅਖੋਂ ਓਹਲੇ ਨਹੀਂ ਕੀਤਾ। ਜਿਥੇ ਆਪ ਨੇ ਇਤਿਹਾਸਿਕ ਪਿਛੋਕੜ ਦਾ ਬਿਆਨ ਕੀਤਾ ਹੈ, ਉਥੇ ਬਹੁਤ ਸੰਜਮ ਤੋਂ ਕੰਮ ਲਿਆ ਹੈ, ਬ੍ਰਿਤਾਂਤ ਨੂੰ ਲਮਕਾਇਆ ਨਹੀਂ। ਅਜਿਹੇ ਢੁੱਕਵੇਂ ਸ਼ਬਦ ਵਰਤੇ ਹਨ ਕਿ ਸਮੁੰਦਰ ਨੂੰ ਕੁੱਜੇ ਵਿਚ ਬੰਨ੍ਹ ਕੇ ਰੱਖ ਦਿੱਤਾ ਹੈ। ਇੰਦਰ ਦੇ ਰਾਜ ਖੁਸਣ ਉੱਤੇ ਦੁਰਗਾ ਪਾਸ ਆਉਣ ਦਾ ਪਿਛੋਕੜ ਕੇਵਲ ਇਕ ਪਉੜੀ ਵਿਚ ਬਿਆਨ ਕਰ ਦਿੱਤਾ ਹੈ :

ਸਾਧੂ ਸਤਿਜੁਗ ਬੀਤਿਆ ਅਧਸੀਲੀ ਤ੍ਰੇਤਾ ਆਇਆ ॥
ਨਚੀ ਕਲ ਸਰੋਸਰੀ ਕਲ ਨਾਰਦ ਡਉਰੂ ਵਾਇਆ ॥
ਅਭਿਮਾਨ ਉਤਾਰਨ ਦੇਵਤਿਆਂ ਮਹਿਖਾਸੁਰ ਸੁੰਭ ਉਪਾਇਆ ॥
ਜੀਤ ਲਈ ਤਿਨ ਦੇਵਤੇ ਇਹ ਲੋਕੀ ਰਾਜ ਕਮਾਇਆ ॥
ਵਡਾ ਬੀਰੁ ਅਖਾਇਕੈ ਸਿਰ ਉਪਰ ਛਤਰ ਫਿਰਾਇਆ ॥
ਦਿਤਾ ਇੰਦ੍ਰ ਨਿਕਾਲਕੈ ਤਿਨ ਗਿਰ ਕੈਲਾਸ ਤਕਾਇਆ ॥
ਡਰਕੈ ਹਥੋਂ ਦਾਨਵੀ ਦਿਲ ਅੰਦਰਿ ਤ੍ਰਾਸ ਵਧਾਇਆ ॥
ਪਾਸ ਦੁਰਗਾ ਦੇ ਇੰਦ੍ਰ ਆਇਆ ॥ (ਪਉੜੀ 3)

ਇਸ ਪਉੜੀ ਵਿਚ ਸਤਿਜੁਗ ਨੂੰ 'ਸਾਧੂ' ਤੇ 'ਤ੍ਰੇਤਾ' ਨੂੰ 'ਅਧ-ਸੀਲੀ' ਦੱਸਿਆ ਹੈ। ਇਕ ਵਿਸ਼ੇਸ਼ਣ ਰਾਹੀਂ ਜੁਗ ਦੇ ਪੂਰਨ ਸੁਭਾ ਨੂੰ ਚਿੱਤਰ ਦਿੱਤਾ ਹੈ। 'ਕਲ' ਤੇ 'ਨਾਰਦ' ਮਿਥਿਹਾਸਿਕ ਪਾਤਰ ਲੜਾਈ ਝਗੜੇ ਕਰਾਉਣ ਲਈ ਬਦਨਾਮ ਹਨ। ਉਨ੍ਹਾਂ ਦੇ ਇਸ ਸੁਭਾ ਨੂੰ ਕੇਵਲ ਇਕੋ ਸਤਰ ਵਿਚ ਬਿਆਨ ਕਰ ਦੇਣਾ ਵੀ ਕਿਸੇ ਉਚੇਰੀ ਕਾਵਿ-ਕਲਾ ਦਾ ਲਖਾਇਕ ਹੀ ਹੈ। ਭਾਵੇਂ ਇਸ ਪਉੜੀ ਵਿਚ 'ਤ੍ਰਾਸ' ਸ਼ਬਦ ਸਾਧਾਰਨ ਪਾਠਕ ਦੀ ਪੱਧਰ ਤੋਂ ਉਪਰ ਦਾ ਸ਼ਬਦ ਹੈ ਪਰ ਇਹ ਰੜਕਦਾ ਨਹੀਂ।

ਇਸ ਵਾਰ ਵਿਚ ਕਿਤੇ-ਕਿਤੇ ਇਸ ਪ੍ਰਕਾਰ ਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ ਜਿਸ ਨਾਲ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਕਿਸੇ ਨਾਟਕ ਵਿਚ ਦੋ ਪਾਤਰ ਆਹਮੋ ਸਾਹਮਣੇ ਗੱਲਾਂ ਕਰ ਰਹੇ ਹੋਣ ਜਿਵੇਂ ਚੌਥੀ ਪਉੜੀ ਵਿਚ ਜਦੋਂ ਇੰਦਰ ਆਪਣੀ ਵਿਥਿਆ ਹੇਠ ਲਿਖੇ ਸ਼ਬਦਾਂ ਵਿਚ ਬਿਆਨ ਕਰਦਾ ਹੈ :

ਛੀਨ ਲਈ ਠਕੁਰਾਣੀ ਸਾਤੇ ਦਾਨਵੀ ॥
ਲੋਕੀ ਤਿਹੀ ਫਿਰਾਈ ਦੋਹੀ ਆਪਣੀ ॥
ਬੈਠੇ ਵਾਇ ਵਧਾਈ ਤੇ ਅਮਰਾਵਤੀ ॥
ਦਿਤੇ ਦੇਉ ਭਜਾਈ ਸਭਨਾ ਰਾਕਸਾਂ ॥

ਕਿਨੇ ਨ ਜਿਤਾ ਜਾਈ ਮਹਖੇ ਦੈਂਤ ਨੂੰ ।
ਤੇਰੀ ਸਾਮ ਤਕਾਈ ਦੇਵੀ ਦੁਰਗਸਾਹ । (ਪਉੜੀ 4)

ਤਾਂ ਅਗੋ ਦੁਰਗਾ ਖਿੜ ਖਿੜਾ ਕੇ ਹੱਸਦੀ ਹੈ ਤੇ ਕਹਿੰਦੀ ਹੈ :

ਚਿੰਤਾ ਕਰਹੁ ਨ ਕਾਈ ਦੇਵਾਂ ਨੂੰ ਆਖਿਆ ।
ਰੋਹ ਹੋਈ ਮਹਾਮਾਈ ਰਾਕਸ ਮਾਰਣੇ । (ਪਉੜੀ 5)

ਇਸੇ ਤਰ੍ਹਾਂ ਮਹਿਖਾਸੁਰ ਰਣ ਵਿਚ ਗਰਜ ਕੇ ਆਪਣੇ ਅਧੀਨ ਲੜਨ ਵਾਲੇ ਰਾਕਸ਼ਾਂ ਨੂੰ ਵੰਗਾਰਦਾ ਹੋਇਆ ਕਹਿੰਦਾ ਹੈ :

ਇੰਦ੍ਰ ਜੇਹਾ ਜੋਧਾ ਮੈਥਉ ਭਜਿਆ ॥
ਕਉਨੁ ਵਿਚਾਰੀ ਦੁਰਗਾ ਜਿਨ ਰਣੁ ਸਜਿਆ ॥ (ਪਉੜੀ 16)

ਜਦੋਂ ਯੁੱਧ ਵਿਚ ਲੋਚਨ ਧੂਮ ਦੁਰਗਾ ਹਥੋਂ ਮਾਰਿਆ ਜਾਂਦਾ ਹੈ ਤਾਂ ਉਸ ਦੇ ਕੁਝ ਬਚੇ ਹੋਏ ਸਿਪਾਹੀ ਰਾਜੇ ਸੁਭ ਪਾਸ ਜਾ ਕੇ ਦੱਸਦੇ ਹਨ :

ਲੋਚਨ ਧੂਮ ਸੰਘਾਰੇ ਸਣੇ ਸਿਪਾਹੀਆਂ ॥
ਚੁਣਿ ਚੁਣਿ ਜੋਧੇ ਮਾਰੇ ਅੰਦਰ ਖੇਤ ਦੇ ॥ (ਪਉੜੀ 29)

ਗੁਰੂ ਸਾਹਿਬ ਫ਼ੌਜਾਂ ਦੀ ਚੜ੍ਹਤ ਦਰਸਾਉਣ ਲਈ ਬਹੁਤ ਢੁੱਕਵੀਂ ਸ਼ਬਦਾਵਲੀ ਵਰਤਣ ਵਿਚ ਨਿਪੁੰਨ ਹਨ । ਬਹੁਤ ਸਾਰੀਆਂ ਪਉੜੀਆਂ ਦੇ ਆਰੰਭ ਦੀਆਂ ਤੁਕਾਂ ਯੁਧ ਲਈ ਤਿਆਰ ਹੋਈਆਂ ਦੋਹਾਂ ਧਿਰਾਂ ਦੀਆਂ ਫ਼ੌਜਾਂ ਦੀ ਤਿਆਰੀ ਦਾ ਚਿੱਤਰ ਪੇਸ਼ ਕਰਦੀਆਂ ਹਨ, ਜਿਵੇਂ :

ਜੰਗ ਮੁਸਾਫਾ ਬਜਿਆ ਰਣ ਘੁਰੇ ਨਗਾਰੇ ਚਾਵਲੇ ॥
ਝੂਲਣ ਨੇਜੇ ਬੈਰਕਾਂ ਨੀਸਾਣ ਲਸਣ ਲਿਸਾਵਲੇ ॥ (ਪਉੜੀ 8)

ਇਸ ਪ੍ਰਕਾਰ ਦੀ ਸਭ ਤੋਂ ਢੁੱਕਵੀਂ ਉਦਾਹਰਣ 44ਵੀਂ ਪਉੜੀ ਵਿਚ ਮਿਲਦੀ ਹੈ :

ਥਰਿ ਥਰਿ ਪ੍ਰਿਥਮੀ ਚਾਲੀ ਦਲਾ ਚਲੰਦਿਆ ॥
ਨਾਉ ਜਿਵੇ ਹੈ ਹਾਲੀ ਸਹ ਦਰੀਆਉ ਵਿਚਿ ॥
ਧੂੜਿ ਉਤਾਹ ਘਾਲੀ ਛੜੀ ਤੁਰੰਗਮਾ ॥
ਜਾਣ ਪੁਕਾਰੂ ਚਾਲੀ ਧਰਤੀ ਇੰਦ੍ਰ ਥੈ ॥ (ਪਉੜੀ 44)

ਵਾਰ-ਕਰਤਾ ਨੇ ਸੰਸਕ੍ਰਿਤੀ ਸ਼ਬਦਾਵਲੀ ਨੂੰ ਵੀ ਲੋੜ ਅਨੁਸਾਰ ਵਰਤਿਆ ਹੈ । ਇਹ ਪ੍ਰਯੋਗ ਤਦਭਵ ਰੂਪ ਵਿਚ ਵੀ ਕੀਤਾ ਹੈ ਤੇ ਤਤਸਮ ਰੂਪ ਵਿਚ ਵੀ ।

ਤਦਭਵ ਸ਼ਬਦਾਵਲੀ : ਨਉਨਿਧ, ਰੋਹ, ਦੈਤ, ਧੂਮਕੇਤ, ਭਗਉਤੀ, ਬਿਰਥਾ, ਤ੍ਰਸੂਲਾਂ ਭੁਜੰਗਮ, ਜਮਬਾਹਣ, ਸਾਰਸੁਤੀ, ਜੋਗਣੀਆਂ, ਦਾਨੋ, ਸੀਹਣ, ਜਮ ਆਦਿ ।

ਤਤਸਮ ਸ਼ਬਦਾਵਲੀ : ਰਕਤ, ਗਜ, ਕੁਰਮ, ਅਮਰਾਵਤੀ, ਗਿਰਿ (ਪਹਾੜ), ਕਰ (ਹੱਥ), ਸੁਰਪਤਿ (ਸੁਰਾਂ ਦੀ ਪਤੀ, ਇੰਦਰ), ਚਕ੍ਰਪਾਨ (ਵਿਸ਼ਨੂੰ), ਧੂਮ (ਧੂੰਆਂ), ਲੋਚਨ (ਅੱਖਾਂ) ਆਦਿ ।

ਸੰਸਕ੍ਰਿਤ ਸ਼ਬਦਾਵਲੀ ਦੀ ਵਰਤੋਂ ਤਾਂ ਇਸ ਕਰਕੇ ਵੀ ਕੁਦਰਤੀ ਹੈ ਕਿਉਂਕਿ ਵਾਰ ਦੀ ਕਥਾ ਪੌਰਾਣਿਕ ਹੈ ਪਰੰਤੂ ਗੁਰੂ ਸਾਹਿਬ ਨੇ ਇਸਲਾਮੀ ਪਰੰਪਰਾ ਵਾਲੀ ਸ਼ਬਦਾਵਲੀ ਵੀ ਬਿਨਾ ਸੰਕੋਚ ਪ੍ਰਯੋਗ ਵਿਚ ਲਿਆਂਦੀ ਹੈ । ਇਸਲਾਮੀ ਪਰੰਪਰਾ ਦੀ ਸ਼ਬਦਾਵਲੀ ਵੀ ਤਤਸਮ ਤੇ ਤਦਭਵ ਦੋਹਾਂ ਤਰ੍ਹਾਂ ਦੀ ਹੈ ।

ਤਤਸਮ : ਕਾਜ਼ੀ, ਦਸਤ (ਹੱਥ), ਰਹਮਤ (ਕਿਰਪਾ), ਸਦ (ਸੌ), ਕੈਫ਼ (ਸ਼ਰਾਬ), ਤੇਗ਼ (ਤਲਵਾਰ), ਦਹਸ਼ਤ (ਡਰ), ਤੁਫ਼ੰਗ (ਤੋਪ, ਬੰਦੂਕ), ਤਾਰੀਫ਼, ਹਾਜੀ, ਪਾਜੀ (ਕਮੀਨਾ), ਬਲੰਦ (ਉੱਚਾ), ਤਾਜੀ (ਘੋੜਾ), ਮਕਤਬ (ਮਦਰਸਾ, ਸਕੂਲ), ਹੂਰ (ਸਵਰਗ ਦੀ ਸੁੰਦਰ ਇਸਤਰੀ), ਫੁਰਮਾਇਸ਼ (ਬੇਨਤੀ), ਜੰਗ (ਲੜਾਈ) ਆਦਿ ।

ਤਦਭਵ : ਨਿਵਾਜੀ (ਨਿਮਾਜ਼ੀ), ਬਖਤਰ (ਬਕਤਰ), ਨਦਰ (ਨਜ਼ਰ), ਫਰੇਸਤੇ (ਫਰਿਸ਼ਤੇ), ਖੰਤਗਾ (ਖੰਦਗਾਂਤੀਰਾਂ), ਸਮਾਇ (ਸਮਾਅ=ਮਸਤੀ), ਸਾਬਾਸ (ਸ਼ਾਬਾਸ਼) ।

ਕਿਸੇ-ਕਿਸੇ ਪਉੜੀ ਵਿਚ ਉਪਮਾਵਾਂ ਨਿਰੋਲ ਸਾਮੀ ਪਰੰਪਰਾ ਵਾਲੀਆਂ ਆਈਆਂ ਹਨ ਜਿਵੇਂ :

ਚਲੇ ਸਉਹੇ ਦੁਰਗਸਾਰ ਜਣ **ਕਾਬੈ ਹਾਜੀ** ॥
ਇਕ ਘਾਇਲ ਘੂਮਨ ਸੂਰਮੇ ਜਣ **ਮਕਤਬ ਕਾਜੀ** ॥
ਇਕ ਬੀਰ ਪਰੋਤੇ ਬਰਛੀਏ ਜਿਉ ਝੁਕ ਪਉਣ **ਨਿਵਾਜੀ** ॥
ਇਕ ਦੁਰਗਾ ਸਉਹੇ ਖਨਸਕੈ ਖੁਨਸਾਇਕ **ਤਾਜੀ** ।
ਇਕ ਧਾਵਨ ਦੁਰਗਾ ਸਾਮ੍ਹਣੇ ਜਿਉ ਭੁਖਿਆਇ **ਪਾਜੀ** । (ਪਉੜੀ 45)

ਨਿਸੁੰਭ ਰਾਖਸ ਰਾਜੇ ਸੁੰਭ ਦਾ ਭਰਾ ਹੈ । ਉਸ ਦੁਆਰਾ ਯੁੱਧ ਵਿਚ ਵਿਖਾਈ ਗਈ ਬਹਾਦਰੀ ਦੀ ਪ੍ਰਸ਼ੰਸਾ ਅਜਿਹੇ ਸ਼ਬਦਾਂ ਵਿਚ ਕੀਤੀ ਹੈ ਜਿਵੇਂ ਉਹ ਕੋਈ ਮੁਸਲਮਾਨ (ਪਠਾਣ) ਯੋਧਾ ਹੋਵੇ ।

ਸਾਬਾਸ ਸਲੋਣੇ ਖਾਨ ਕਉ ॥
ਸਦਾ ਸਾਬਾਸ ਤੇਰੇ ਤਾਨ ਕਉ ॥
ਤਾਰੀਫਾਂ ਪਾਨ ਚਬਾਨ ਕਉ ॥
ਸਦ ਰਹਮਤ ਕੈਫਾਂ ਖਾਨ ਕਉ ॥
ਸਦ ਰਹਮਤ ਤੁਰੇ ਨਚਾਣ ਕਉ ॥ (ਪਉੜੀ 50)

ਇਸ ਪਉੜੀ ਵਿਚ 'ਸਾਬਾਸ', 'ਸਦ ਸਾਬਾਸ', ਤਾਰੀਫਾਂ, 'ਸਦ ਰਹਮਤ', 'ਖ਼ਾਨ' ਆਦਿ ਸ਼ਬਦ ਨਿਰੋਲ ਇਸਲਾਮੀ ਹਨ । 51ਵੀਂ ਪਉੜੀ ਵਿਚ ਘਮਸਾਨ ਦੇ ਯੁੱਧ ਦਾ ਵਰਣਨ ਕਰਦਿਆਂ ਗੁਰੂ ਸਾਹਿਬ ਲਿਖਦੇ ਹਨ :

ਦੇਖਨ **ਜੰਗ ਫਰੇਸਤੇ ਅਸਮਾਨੋ** ਲਥੇ ॥

ਇਥੇ ਨਾ ਕੇਵਲ ਜੰਗ, ਫਰੇਸਤੇ ਤੇ ਅਸਮਾਨ ਪਦ ਹੀ ਫ਼ਾਰਸੀ-ਅਰਬੀ ਦੇ ਹਨ ਸਗੋਂ ਸਾਰੀ ਤੁਕ ਹੀ ਉਸ ਪਰੰਪਰਾ ਤੋਂ ਆਈ ਹੈ । ਇਸੇ ਤਰ੍ਹਾਂ ਵਾਰਕਾਰ ਜਦੋਂ ਕੋਈ ਮਿਥਿਹਾਸਿਕ ਘਟਨਾ ਦਾ ਵਰਣਨ ਕਰ ਰਿਹਾ ਹੁੰਦਾ ਹੈ ਤਾਂ ਉਹ ਪੂਰਨ ਤੌਰ ਉੱਤੇ ਉਸ ਪਰੰਪਰਾ ਨਾਲ ਸੰਬੰਧਿਤ ਸ਼ਬਦਾਵਲੀ ਵਰਤਦਾ ਹੈ । ਜਦੋਂ ਚੰਡੀ ਸੁਣਵਤਬੀਜ ਨਾਂ ਦੇ ਰਾਕਸ਼-ਸੈਨਾਪਤੀ ਨੂੰ ਸੰਘਾਰਨ ਵਿਚ ਅਸਫ਼ਲ ਰਹਿੰਦੀ ਹੈ ਤਾਂ ਉਹ ਕਾਲਕਾ ਨੂੰ ਆਰਾਧਦੀ ਹੈ । ਕਾਲਕਾ ਉਸ ਦਾ ਮੱਥਾ ਫੋੜ ਕੇ ਪ੍ਰਗਟ ਹੁੰਦੀ ਹੈ । ਉਸ ਦੇ ਇਸ ਪ੍ਰਕਾਰ ਪ੍ਰਗਟ ਹੋਣ ਨੂੰ ਗੁਰੂ ਸਾਹਿਬ ਨਿਰੋਲ ਭਾਰਤੀ ਪਰੰਪਰਾ ਦੀ ਸ਼ਬਦਾਵਲੀ ਤੇ ਮਾਨਤਾਵਾਂ ਰਾਹੀਂ ਪੇਸ਼ ਕਰਦੇ ਹਨ :

ਚੰਡ ਚਿਤਾਰੀ ਕਾਲਕਾ ਮਨ ਬਾਹਲਾ ਰੋਸ ਬੱਢਾਇਕੈ ॥
ਨਿਕਲੀ ਮਥਾ ਫੋੜਿਕੈਜਣ ਫਤਹ ਨੀਸਾਣ ਬਜਾਇਕੈ ॥
ਜਾਗ ਸੁ ਜੰਮੀ ਜੁਧ ਨੋ ਜਰਵਾਣਾ ਜਣ ਮਰੜਾਇਕੈ ॥
ਦਲ ਵਿਚ ਘੇਰਾ ਘਤਿਆ ਜਾਣ ਸੀਹ ਤੁਰਿਆ ਗਣਿਣਾਇਕੈ ॥
ਆਪ ਵਿਸੂਲਾ ਹੋਇਆ ਤਿਹੁ ਲੋਕਾ ਤੇ ਖੁਣਸਾਇਕੈ ॥
ਰੋਹ ਸਿਧਾਇਆ ਚਕ੍ਰਪਾਨ ਕਰ ਨੰਦਾ ਖੜਗ ਉਠਾਇ ਕੈ ॥ (ਪਉੜੀ 41)

ਇਨ੍ਹਾਂ ਕਾਵਿ-ਸਤਰਾਂ ਵਿਚ ਚੰਡੀ ਦੇ ਮੱਥੇ ਵਿਚੋਂ ਕਾਲੀ ਦੇਵੀ ਦੇ ਪ੍ਰਗਟ ਹੋਣ ਦੀ ਘਟਨਾ ਬਾਰੇ ਕਿਹਾ ਗਿਆ ਹੈ ਕਿ ਅੱਗ ਵਰਗੀ ਪ੍ਰਚੰਡ ਕਾਲੀ ਯੁਧ-ਭੂਮੀ ਵਿਚ ਇਉਂ ਜਨਮੀ ਜਿਵੇਂ ਸ਼ਿਵਜੀ ਦਾ ਮੱਥਾ ਫੋੜ ਕੇ ਵੀਰਭਦ੍ ਜਨਮਿਆ ਸੀ । ਇਉਂ ਪ੍ਰਤੀਤ ਹੁੰਦਾ ਸੀ ਕਿ ਚਕ੍ਰਧਾਰੀ (ਵਿਸ਼ਨੂੰ) ਤਿੰਨਾਂ ਲੋਕਾਂ ਉੱਤੇ ਕ੍ਰੋਧਵਾਨ ਹੋ ਗਿਆ ਹੈ ਤੇ ਹੱਥ ਵਿਚ ਆਪਣਾ ਖੜਗ (ਨੰਦਗ) ਪਕੜ ਕੇ ਰੋਹ ਵਿਚ ਆ ਕੇ ਤੁਰ ਪਿਆ ਹੈ । ਇਹ ਸਾਰਾ ਪ੍ਰਸੰਗ ਭਾਰਤੀ ਮਿਥਿਹਾਸ ਵਿਚੋਂ ਹੈ ।

ਇਸੇ ਤਰ੍ਹਾਂ ਜਦੋਂ ਦੁਰਗਾ ਰਾਜੇ ਸੁੰਭ ਨੂੰ ਵੀ ਮਾਰ ਦਿੰਦੀ ਹੈ ਤਾਂ ਉਹ ਰਾਜੇ ਇੰਦਰ ਨੂੰ ਸਦ ਕੇ ਰਾਜ ਤਿਲਕ ਲਾਉਂਦੀ ਹੈ। ਇਸ ਸ਼ੁਭ ਕੰਮ ਕਰਨ ਕਰਕੇ ਦੁਰਗਾ ਦਾ ਜਸ ਚੌਦਾਂ ਲੋਕਾਂ ਵਿਚ ਛਾ ਜਾਂਦਾ ਹੈ। ਇਸ ਵਿਚਾਰ ਨੂੰ ਗੁਰੂ ਸਾਹਿਬ ਇਨ੍ਹਾਂ ਤੁਕਾਂ ਰਾਹੀਂ ਪ੍ਰਗਟ ਕਰਦੇ ਹਨ :

ਸੁੰਭ ਨਿਸੁੰਭ ਪਠਾਇਆ **ਜਮ** ਦੇ ਧਾਮ ਨੋ ॥
ਇੰਦ੍ ਸੱਦ ਬੁਲਾਇਆ ਰਾਜ **ਅਭਸ਼ੇਖ** ਨੋ ॥
ਸਿਰ ਪਰ **ਛਤ੍** ਫਿਰਾਇਆ ਰਾਜੇ ਇੰਦ੍ ਦੈ ॥
ਚਉਦਹ ਲੋਕਾਂ ਛਾਇਆ ਜਸੁ **ਜਗਮਾਤ** ਦਾ ॥ (ਪਉੜੀ 55)

ਇਨ੍ਹਾਂ ਤੁਕਾਂ ਵਿਚ ਜਮਧਾਮ, ਅਭਖੇਖ, ਛਤ੍, ਚੌਦਾਂ ਲੋਕ, ਜਗਮਾਤ, ਜਸ ਆਦਿ ਸਾਰੇ ਸ਼ਬਦ ਹੀ ਭਾਰਤੀ ਪਰੰਪਰਾ ਦੇ ਹਨ। ਸਾਰਾ ਵਾਤਾਵਰਣ ਹੀ ਭਾਰਤੀ ਹੋ ਨਿਬੜਦਾ ਹੈ। 'ਚੰਡੀ ਦੀ ਵਾਰ' ਦੀ ਭਾਸ਼ਾ ਭਾਵੇਂ ਮੁੱਖ ਤੌਰ ਉੱਤੇ ਕੇਂਦਰੀ ਪੰਜਾਬੀ ਹੈ, ਪਰ ਇਸ ਵਿਚ ਲਹਿੰਦੀ ਅਤੇ ਦੁਆਬੀ ਉਪਭਾਖਾਵਾਂ ਦੀ ਸ਼ਬਦਾਵਲੀ ਕਿਤੇ-ਕਿਤੇ ਪ੍ਰਤੱਖ ਦਿਸਦੀ ਹੈ।

ਦੁਆਬੀ ਉਪਭਾਖਾ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ 'ਵ' ਦੀ ਥਾਂ 'ਬ' ਧੁਨੀ ਵਧੇਰੇ ਉਘੜਵੀਂ ਹੁੰਦੀ ਹੈ। ਗੁਰੂ ਸਾਹਿਬ ਨੇ ਬਹੁਤ ਸਾਰੀਆਂ ਤੁਕਾਂ ਵਿਚ ਇਹ ਧੁਨੀ ਵਰਤੀ ਹੈ :

(1) **ਬਡੇ ਬਡੇ** ਮੁਨਿ ਦੇਵਤੇ (ਪਉੜੀ 2)
(2) ਉਮਲ ਲਥੇ ਜੋਧੇ ਮਾਰੂ **ਬਜਿਆ** (ਪਉੜੀ 16)
(3) ਦੁਰਗਾ **ਬੈਣ** ਸੁਣੰਦੀ (ਪਉੜੀ 5)
(4) ਵਡਾ **ਬੀਰ** ਅਖਾਇਕੈ (ਪਉੜੀ 3)
(5) ਬਿਜਲ ਜਿਉ ਝਰਲਾਣੀ **ਬਠੀ** ਦੇਵਤਾ (ਪਉੜੀ 31)
(6) **ਬਿਧਣ** ਖੇਤ ਵਿਹਾਣੀ ਮਹਖੇ ਦੈਤ ਨੋ (ਪਉੜੀ 19)
(7) ਈਸਰ ਦੀ ਬਰਦਾਨੀ ਹੋਈ (ਪਉੜੀ 21)
(8) ਜਮ **ਬਾਹਣ** ਜਿਉ ਅਰੜਾਏ (ਪਉੜੀ 23)
(9) ਬਹੁਤੀ ਸਿਰੀ **ਬਿਹਾਈਆਂ** ਘੜੀਆ ਕਾਲ ਕੀਆ। (ਪਉੜੀ 43)

ਦੁਆਬੀ ਦਾ ਪ੍ਰਭਾਵ ਹੇਠਲੀਆਂ ਤੁਕਾਂ ਵਿਚ ਵਰਤੇ ਪਦਾਂ ਸਾਤੇ, ਬਾਹਲਾ ਵਿਚ ਵੀ ਵੇਖਿਆ ਜਾ ਸਕਦਾ ਹੈ :

(1) ਛੀਨ ਲਈ ਠਕੁਰਾਣੀ **ਸਾਤੇ** ਦਾਨਵੀ ॥ (ਪਉੜੀ 4)
(2) ਚੰਡ ਚਿਤਾਰੀ ਕਾਲਕਾ ਮਨ **ਬਾਹਲਾ** ਰੋਸ ਬਢਾਇਕੈ ॥ (ਪਉੜੀ 41)

ਵਾਢੀਆਂ (ਤਰਖਾਣਾ) ਨੂੰ 'ਬਾਢੀਆਂ', 'ਵਧਾ' ਨੂੰ 'ਬਢਾ' ਕਰਕੇ ਲਿਖਣਾ ਵੀ ਇਸ ਪ੍ਰਵ੍ਰਿਤੀ ਦਾ ਲਖਾਇਕ ਹੈ।

ਲਹਿੰਦੀ ਉਪਭਾਖਾ ਦਾ ਕੋਈ ਟਾਵਾਂ ਸ਼ਬਦ ਹੀ ਪਹਿਲੀਆਂ ਪਉੜੀਆਂ ਵਿਚ ਆਇਆ ਹੈ, ਜਿਵੇਂ :

ਚਿੰਤਾ ਕਰਹੁ ਨਾ **ਕਾਈ** ਦੇਵਾ ਨੂੰ ਆਖਿਆ। (ਪਉੜੀ 5)

ਪਰ ਅਖ਼ੀਰਲੀਆਂ ਪਉੜੀਆਂ ਵਿਚ ਲਹਿੰਦੀ ਦੇ ਕਈ ਸ਼ਬਦ ਪ੍ਰਯੋਗ ਹੋਏ ਮਿਲਦੇ ਹਨ :

(1) ਫੜੀ ਬਿਲੰਦ **ਮੰਗਾਇਉਸ** ਫੁਰਮਾਇਸ ਕਰਿ ਮੁਲਤਾਨ ਕਉ ॥ (ਪਉੜੀ 50)
(2) ਦੁਰਗਾ ਅਤੇ ਦਾਨਵੀ ਭੇੜ ਪਿਆ **ਸਬਾਹੀਂ** ॥ (ਪਉੜੀ 54)
(3) ਭਜਦੇ ਹੋਏ **ਮਾਰੀਅਨ** ਮੁੜ ਝਾਕਨ ਨਾਹੀ ॥ (ਉਹੀ)
(4) ਚੋਟਾ ਪਾਨ ਤਬਾਲੀ **ਜਾਸਨ ਜੁਧ** ਨੋ ॥ (ਪਉੜੀ 44)

ਪੋਠੋਹਾਰੀ ਉਭਾਖਾ ਦੇ ਕੁਝ ਗਿਣਤੀ ਦੇ ਸ਼ਬਦ ਵਾਰ ਵਿਚ ਆਏ ਹਨ :

ਜਿਣ (ਪਉੜੀ 49), ਰਜਾਦੀ (53), ਨਿਕਥੇ (51) ਆਦਿ ।

ਗੁਰੂ ਸਾਹਿਬ ਨੇ ਕੁਝ ਮੌਲਿਕ ਸ਼ਬਦ ਵੀ ਵਾਰ ਵਿਚ ਲਿਆਂਦੇ ਹਨ, ਜਿਵੇਂ ਮਹਖਲ (ਸੰਜੋਅ), ਰੁਕੜੇ (ਪਸਲੀਆਂ), ਅਹਾੜ (ਅਖਾੜਾ, ਖੇਤ), ਰੈਬਾਰੇ (ਰਹਬਰੀ ਕਰਨ ਵਾਲੇ), ਫਾਗ (ਹੋਲੀ), ਬਾਬੜਾ (ਕੂਲ੍ਹ) ਆਦਿ ।

ਯੁੱਧ-ਵਰਣਨ ਕਰਕੇ ਯੁੱਧ ਨਾਲ ਸੰਬੰਧਿਤ ਸਾਜ਼-ਸਾਮਾਨ ਅਤੇ ਹਥਿਆਰਾਂ ਦੇ ਨਾਂ ਵੀ ਇਸ ਵਾਰ ਦੀ ਸ਼ਬਦਾਵਲੀ ਦਾ ਅਨਿਖੜ ਭਾਗ ਹਨ :

(ੳ) ਸੰਜ (ਕਵਚ), ਪੇਟਲਾ (ਮੂੰਹ ਦੀ ਜਾਲੀ), ਪਾਖਰ (ਲੋਹੇ ਦਾ ਝੁੱਲ), ਪਲਾਣ (ਕਾਠੀ), ਬਰਗਸਤਾਨ (ਲੋਹੇ ਦਾ ਝੁੱਲ), ਟੋਪ ।

(ਅ) ਖੰਡਾ, ਤੇਗ, ਤਲਵਾਰ, ਕ੍ਰਿਪਾਨ, ਖੜਗ, ਗਦਾ, ਤ੍ਰਿਸੂਲ, ਧਨੁਖ, ਤੀਰ, ਜਮਧੜੀ (ਜਮ ਦੀ ਦਾੜ੍ਹ ਵਰਗਾ ਹਥਿਆਰ), ਭਗਉਤੀ (ਦੁਧਾਰੀ ਬਰਛੀ) ਆਦਿ ।

ਦੁਰਗਾ ਸੀਂਹ (ਸਿੰਘ) ਦੀ ਸਵਾਰੀ ਕਰਦੀ ਹੈ ਤੇ ਰਾਕਸ਼ ਭਿੰਨ-ਭਿੰਨ ਨਸਲ ਦੇ ਘੋੜਿਆਂ (ਤੁਰੇ, ਤਾਜੀ, ਖਿੰਗ, ਕਿਕਾਂਣ), ਰਥਾਂ, ਹਾਥੀਆਂ, (ਗਜਾਂ) ਉੱਤੇ ਚੜ੍ਹ ਕੇ ਲੜਦੇ ਦਿਖਾਏ ਹਨ ।

ਇਸ ਵਾਰ ਦੇ ਵਿਚ ਵਰਤੇ ਗਏ ਸਮਾਸ ਵੀ ਆਪਣੀ ਹੀ ਕਿਸਮ ਦੇ ਹਨ । ਰਾਕਸ਼ਾਂ ਨੂੰ **ਮੁਛਲੀਆਲੇ, ਜਟਾਲੇ, ਰਣਿਆਰੇ, ਕਾਰਣਿਆਰੇ** ਦੱਸਿਆ ਹੈ । ਧੌਂਸਿਆਂ ਨੂੰ **ਖਰਚਾਮੀ, ਖਰਵਾਰ, ਜਾਮਧਣੀ, ਜਾਮ-ਬਾਹਣ** ਅਤੇ ਤਲਵਾਰਾਂ ਨੂੰ **ਗੋਸ਼ਤ ਗਿਧੀਆਂ** (ਦੇ ਸਮਾਸ ਦੁਆਰਾ ਪ੍ਰਗਟ ਕੀਤਾ ਹੈ । ਬਰਛੀ ਨੂੰ **ਬੰਬਲੀਆਲੀ,** ਧੌਂਸਿਆਂ ਨੂੰ **ਸੰਗਲੀਆਲੇ** ਕਿਹਾ ਹੈ ।

ਲਹਿੰਦੀ ਉਪਭਾਖਾ ਦਾ ਪ੍ਰਭਾਵ ਬਹੁ-ਵਚਨ ਬਣਾਉਣ ਸਮੇਂ ਵੀ ਪ੍ਰਤੱਖ ਹੈ । ਲੋਥ ਤੋਂ ਲੋਥੀ, ਤੀਰ ਤੋਂ ਤੀਰੀ, ਤੇਗ ਤੋਂ ਤੇਗੀ, ਵਰਿਆਮ ਤੋਂ ਵਰਿਆਮੀ, ਜੁਆਨ ਤੋਂ ਜੁਆਨੀ, ਕ੍ਰਿਪਾਣ ਤੋਂ ਕ੍ਰਿਪਾਣੀ, ਤਿਖਾਣ ਤੋਂ ਤਿਖਾਣੀ, ਸੂਰਮਾ ਤੋਂ ਸੂਰਮੀ, ਦਾਨਵ ਤੋਂ ਦਾਨਵੀ, ਤਰਵਾਰ (ਤਲਵਾਰ) ਤੋਂ ਤਰਵਾਰੀ ਬਹੁਵਚਨ ਬਣਾਏ ਗਏ ਹਨ । ਇਸ ਪ੍ਰਕਾਰ ਦੀ ਸੁੰਦਰ ਉਦਾਹਰਣ ਨਿਮਨ ਲਿਖਤ ਹੈ :

ਤੀਰੀ ਤੇਗੀ ਜਮਧੜੀ ਰਣ ਵੰਡੀ ਭਾਜੀ ॥ (ਪਉੜੀ 45)

ਇਸ ਵਾਰ ਦੀਆਂ ਕੁੱਲ 55 ਪਉੜੀਆਂ ਹਨ । ਇਨਾਂ ਵਿਚੋਂ ਬੱਤੀ (32) ਵਿਚ ਸਿਰਖੰਡੀ ਛੰਦ ਵਰਤਿਆ ਗਿਆ ਹੈ । ਇਸ ਛੰਦ ਵਿਚ ਤੁਕਾਂਤ ਦਾ ਮੇਲ ਤੁਕ ਦੇ ਮੱਧ ਵਿਚ ਹੁੰਦਾ ਹੈ । ਵਾਰਕਾਰ ਨੇ ਮੱਧ-ਅਨੁਪ੍ਰਾਸ ਲਿਆਉਣ ਲਈ ਇਕ ਤਾਲ ਦੇ ਸ਼ਬਦ ਵਰਤੋਂ ਵਿਚ ਲਿਆਂਦੇ ਹਨ ਜਿਵੇਂ :

ਬਜਿਆ, ਗਜਿਆ, ਭਜਿਆ, ਸਜਿਆ (ਪਉੜੀ 16);

ਬਜਾਈਆਂ, ਲਾਈਆਂ, ਬਧਾਈਆਂ, ਆਈਆਂ, ਵਗਾਈਆਂ, ਬਚਾਈਆਂ, ਚਲਾਈਆਂ, ਡੁਬਾਈਆਂ, ਨਾਈਆਂ, ਗਿਰਾਈਆਂ, ਸਵਾਈਆਂ । (ਪਉੜੀ 40)

ਮੱਧ-ਅਨੁਪ੍ਰਾਸ ਲਿਆਉਣ ਲਈ ਕਿਤੇ-ਕਿਤੇ ਸ਼ਬਦਾਂ ਦੇ ਅਸਲ ਰੂਪ ਨੂੰ ਵੀ ਬਦਲਿਆ ਗਿਆ, ਜਿਵੇਂ ਪਉੜੀ 44 ਵਿਚ : ਕਰਹਾਲੀ, ਝਾਲੀ, ਜਟਾਲੀ, ਤਬਾਲੀ, ਚਾਲੀ, ਹਾਲੀ, ਘਾਲੀ । ਇਥੇ ਝੱਲੀ ਤੋਂ ਝਾਲੀ, ਤਬਲੇ ਤੋਂ ਤਬਾਲੀ, ਚੱਲੀ ਤੋਂ ਚਾਲੀ, ਹਿੱਲੀ ਤੋਂ ਹਾਲੀ, ਘੱਲੀ ਤੋਂ ਘਾਲੀ ਬਣਾ ਕੇ ਵਰਤਿਆ ਗਿਆ ਹੈ ।

ਇਸ ਵਾਰ ਦੀ ਭਾਸ਼ਾ ਵਿਚ ਖਰ੍ਹਵੇ ਵਿਅੰਜਨਾਂ ਢ, ੜ, ਘ, ਝ, ਣ ਅਤੇ ਦੁੱਤ ਅੱਖਰ (ਅਧਿਕ) ਦੀ ਵਰਤੋਂ ਕਾਫ਼ੀ ਹੈ । ਸਤਵੀਂ ਪਉੜੀ ਵਿਚ-ਬੱਜੇ, ਸੱਜੇ, ਭੱਜੇ, ਗੱਜੇ, ਦੁੱਤ ਅੱਖਰ ਦੀ ਵਧੀਆ ਉਦਾਹਰਣ ਪੇਸ਼ ਕਰਦੇ ਹਨ ।

ਢ-ਦੁਰਗਾ ਦਾਨੋ ਮਾਰੇ ਰੋਹ ਬਢਾਇਕੇ ॥ (ਪਉੜੀ 37)

ੜ-ਲੁਝਣ ਨੋ ਅਰੜਾਏ ਰਾਕਸ ਰੋਹਲੇ ॥ (ਪਉੜੀ 33)

ਘ-ਘਾੜ ਘੜਨਿ ਠਠਿਆਰੇ ਜਾਣ ਬਣਾਇਕੈ ॥ (ਪਉੜੀ 35)

ਝ-ਇਕ ਚੁਣਿ ਚੁਣਿ ਝਾੜਿਉ ਕਢੀਅਨ ॥ (ਪਉੜੀ 8)

ਣ-ਜਮਧਾਣੀ ਬਰਗਸਤਾਣੀ, ਪਲਾਣੀ, ਪਾਣੀ, ਵਿਹਾਣੀ (ਪਉੜੀ 36)

ਇਹ ਧਰ੍ਹਵਾਪਨ ਸ਼ਬਦਾਂ ਦੇ ਰੂਪ ਬਦਲ ਕੇ ਵੀ ਲਿਆਂਦਾ ਗਿਆ ਹੈ ਜਿਵੇਂ ਦੋਹਰੇ ਨੂੰ 'ਡੋਹਰੇ' ਲਿਖਕੇ 'ਜੁੱਧ' ਨੂੰ 'ਜੁਝ' ਬਣਾ ਕੇ, 'ਵਧਾ ਕੇ' ਨੂੰ 'ਬਢਾਇਕੈ' ਬਣਾ ਕੇ।

ਸ਼ਬਦਾਂ ਦੇ ਪ੍ਰਯੋਗ ਵਿਚ ਨਾਦ ਦਾ ਖ਼ਾਸ ਖ਼ਿਆਲ ਰਖਿਆ ਗਿਆ ਹੈ। ਹਰ ਪਉੜੀ, ਜਿਹੜੀ ਯੁੱਧ ਦਾ ਵਰਣਨ ਕਰਦੀ ਹੈ, ਵਿਚ ਧੌਂਸਿਆਂ, ਬਿਗਲਾਂ ਤੇ ਜੰਗੀ ਵਾਜਿਆਂ ਦੇ ਵੱਜਣ ਦਾ ਤਾਂ ਉੱਲੇਖ ਹੈ ਹੀ, ਹੋਰ ਬਹੁਤ ਥਾਈਂ ਵੀ ਸ਼ਬਦਾਂ ਨੂੰ ਇਉਂ ਬੀੜਿਆ ਗਿਆ ਹੈ ਕਿ ਉਨ੍ਹਾਂ ਵਿਚੋਂ ਧੁਨੀ ਨਿਕਲਦੀ ਸਾਫ਼ ਸੁਣਦੀ ਹੈ, ਜਿਵੇਂ :

ਮੰਗ ਮੁਸਾਢਾ ਬਜਿਆ ਰਣ ਘੁਰੇ ਨਗਾਰੇ ਚਾਵਲੇ ॥
ਢੋਲ ਨਗਾਰੇ ਪਉਣ ਦੇ ਊਂਘਨ ਜਾਣ ਜਟਾਵਲੇ ॥
ਦੁਰਗਾ ਦਾਨੋ ਡਹੇ ਰਣ ਨਾਦ ਵਜਨ ਖੇਤ ਭੀਹਾਵਲੇ ॥ (ਪਉੜੀ 8)

ਇਸ ਵਾਰ ਦੀ ਭਾਸ਼ਾ ਅਲੰਕ੍ਰਿਤ ਹੈ। ਅਨੁਪ੍ਰਾਸ, ਉਪਮਾ, ਰੂਪਕ ਅਤੇ ਉਤਪ੍ਰੇਕਸ਼ਾ ਦੀ ਅਧਿਕ ਵਰਤੋਂ ਕੀਤੀ ਗਈ ਹੈ :

ਉਪਮਾ	:	ਸੀਹ ਵਾਂਙੂ ਗਜਣ ਸਭੇ ਸੂਰਮੇ ॥	(12)
ਰੂਪਕ	:	ਰੋਹੁ ਫਾਥੀ ਜਾਲੀ ਲੋਥੀ ਜਮਧੜੀ ॥	(39)
ਅਨੁਪ੍ਰਾਸ	:	(ੳ) ਹਸੀ ਹੜ ਹੜਾਇ ॥	(5)
		(ਅ) ਘਾੜ ਘੜਨ ਠਠਿਆਰੇ ॥	(35)
ਉਤਪ੍ਰੇਕਸ਼ਾ	:	ਭੁਬ ਰਤੂ ਨਾਲਹੁ ਨਿਕਲੀ ਬਰਛੀ ਦੁਧਾਰੀ ॥	
		ਜਾਣ ਰਜਾਈ ਉਤਰੀ ਪੈਨ ਸੂਹੀ ਸਾਰੀ ॥	

ਵਧੇਰੇ ਕਰਕੇ ਇਸ ਵਾਰ ਵਿਚ ਉਤਪ੍ਰੇਕਸ਼ਾ ਅਲੰਕਾਰ ਦੀ ਵਰਤੋਂ ਹੈ। ਉਸ ਲਈ ਜਾਣ, ਜਾਨਿ, ਜਣ ਆਦਿ ਪਦ ਵਰਤੇ ਗਏ ਹਨ।

ਬੀਰ ਰਸ ਦੀ ਸ਼ਬਦਾਵਲੀ ਤਾਂ ਹੋਣੀ ਹੀ ਸੀ ਕਿਉਂਕਿ ਦੋਹਾਂ ਧਿਰਾਂ ਦੀ ਬਹਾਦਰੀ ਦਾ ਵਰਣਨ ਬੜੇ ਹੀ ਭਾਵਪੂਰਨ ਸ਼ਬਦਾਂ ਵਿਚ ਕੀਤਾ ਗਿਆ ਹੈ। ਰਾਕਸ਼ਾਂ ਦੀ ਬੀਰਤਾ ਵਧੇਰੇ ਬਿਆਨੀ ਹੈ। *ਉਨ੍ਹਾਂ ਬਾਰੇ ਕਿਹਾ ਹੈ :*

(ੳ) ਰਾਕਸ ਆਏ ਰੋਹਲੇ ਖੇਤ ਭਿੜਨ ਕੇ ਚਾਇ ॥ (6)

(ਅ) ਧਾਏ ਰਾਕਸਿ ਰੋਹਲੇ ਚਉਗਿਰਦੇ ਭਾਰੇ ॥
ਕਦੇ ਨ ਨਠੇ ਜੁਧ ਤੇ ਜੋਧੇ ਜੁਝਾਰੇ ॥ (9)

ਕਾਲੀ ਦੇਵੀ ਬਾਰੇ ਗੁਰੂ ਸਾਹਿਬ ਲਿਖਦੇ ਹਨ :

ਜਿਣ ਇਕਾ ਰਹੀ ਕੰਧਾਰ ਕਉ ॥
ਸਦਾ ਰਹਮਤ ਤੇਰੇ ਵਾਰ ਕਉ ॥ (49)

ਜਿਸ ਰਾਕਸ ਖਾਣੀ ਤਲਵਾਰ ਨਾਲ ਦੁਰਗਾ ਨੇ ਮਹਿਖਾਸੁਰ ਨੂੰ ਮਾਰਿਆ, ਉਸ ਦੀ ਪ੍ਰਸ਼ੰਸਾ ਕਰਦੇ ਹੋਏ ਗੁਰੂ ਸਾਹਿਬ ਲਿਖਦੇ ਹਨ :

ਚਾਰ ਜੁਗ ਕਹਾਣੀ ਚਲਗ ਤੇਗ ਦੀ ॥ (19)

ਇਸ ਵਾਰ ਦੀ ਸ਼ਬਦਾਵਲੀ ਨਾ ਕੇਵਲ ਬੀਰ ਰਸੀ ਹੈ, ਸਗੋਂ ਪਾਤਰਾਂ ਦੀ ਬਹਾਦਰੀ ਦੀ ਪ੍ਰਸ਼ੰਸਾ ਕਰਨ ਵਾਲੀ ਵੀ ਹੈ। ਦੁਰਗਾ ਦੀ ਬਹਾਦਰੀ ਦਾ ਜਸ ਚੌਦਾਂ ਲੋਕਾਂ ਵਿਚ ਛਾਇਆ ਦੱਸਿਆ ਹੈ :

ਚਉਦਹ ਲੋਕਾਂ ਛਾਇਆ ਜਸ ਜਗਮਾਤ ਦਾ ॥ (55)

ਸਭ ਤੋਂ ਵੱਧ ਪ੍ਰਸ਼ੰਸਾਮਈ ਸ਼ਬਦਾਵਲੀ ਨਿਸ਼ੁੰਭ ਦੀ ਬਹਾਦਰੀ ਦੇ ਪ੍ਰਸੰਗ ਵਿਚ ਵਰਤੀ ਗਈ ਹੈ :

ਸਾਬਾਸ ਸਲੋਣੇ ਖਾਨ ਕਉ ॥

ਸਦਾ ਸਾਬਾਸ ਤੇਰੇ ਤਾਣ ਕਉ ॥
ਤਾਰੀਫਾਂ ਪਾਨ ਚਬਾਨ ਕਉ ॥
ਸਦ ਰਹਮਤ ਕੈਫਾਂ ਖ਼ਾਨ ਕਉ ॥
ਸਦ ਰਹਮਤ ਤੁਰੇ ਨਚਾਣ ਕਉ ॥ (ਪਉੜੀ 50)

ਮਹਾਨ ਅਮਰੀਕਨ ਕਵੀ ਏਲੀਅਨ ਦਾ ਕਥਨ ਹੈ : "ਚੰਗੀ ਕਵਿਤਾ ਲਈ ਚੰਗੀ ਵਾਰਤਕ ਦੇ ਗੁਣਾਂ ਨੂੰ ਆਪਣੇ ਅੰਦਰ ਸਮੋਣਾ ਉਸ ਦੀ ਪ੍ਰਥਮ ਤੇ ਲਘੁਤਮ ਲੋੜ ਹੈ।"[3] ਇਸ ਵਾਰ ਦੀਆਂ ਬਹੁਤ ਸਾਰੀਆਂ ਤੁਕਾਂ ਇਸ ਕਥਨ ਉੱਤੇ ਪੂਰੀਆਂ ਉਤਰਦੀਆਂ ਹਨ :

(ੳ) ਜਾਣ ਹਲਵਾਈ ਸੀਖ ਨਾਲ ਵਿਨ੍ਹ ਵੜੇ ਉਤਾਰੇ ॥ (52)
(ਅ) ਚਉਦਹ ਲੋਕਾ ਰਾਣੀ ਸਿੰਘ ਨਚਾਇਆ ॥ (20)
(ਏ) ਚਿੰਤਾ ਕਰਹੁ ਨ ਕਾਈ ਦੇਵਾ ਨੂੰ ਆਖਿਆ ॥ (51)

ਵਾਰ ਵਿਚ ਪੰਜਾਬੀ ਮੁਹਾਵਰਿਆਂ ਦੀ ਵਰਤੋਂ ਵੀ ਹੋਈ ਹੈ, ਜਿਵੇਂ :

(ੳ) ਰਣ ਵਿਚ ਘੱਤੀ ਘਾਣੀ ਲੋਹੂ ਮਿਝ ਦੀ ॥
(ਅ) ਮਾਰ ਮਚੀ ਕਰਾਰੀ ॥ (ਪਉੜੀ 18)
(ਏ) ਜਾਪੇ ਦਿਤੀ ਸਾਈ ਮਾਰਨ ਸੁੰਭ ਦੀ ॥ (ਪਉੜੀ 28)

ਅਤੇ ਘਰੋਗੀ ਉਪਮਾਵਾਂ ਵੀ ਵਰਤੀਆਂ ਗਈਆਂ ਹਨ, ਜਿਵੇਂ :

ਉਖਲੀਆਂ ਨਾਸਾ ਜਿਨਾ ਮੁਹਿ ਜਾਪਨ ਆਲੇ। (13)

ਗੁਰੂ ਸਾਹਿਬ ਨੇ ਇਸ ਵਾਰ ਵਿਚ ਸਿਰਖੰਡੀ ਛੰਦ ਨੂੰ ਬੜੀ ਸਫਲਤਾ ਨਾਲ ਨਿਬਾਇਆ ਹੈ ਤੇ ਜਿਹੜੀਆਂ ਪਉੜੀਆਂ ਵਿਚ ਇਹ ਛੰਦ ਨਹੀਂ ਵਰਤਿਆ, ਉਥੇ ਤੁਕਾਂਤ-ਮੇਲ ਦਾ ਖ਼ਾਸ ਖ਼ਿਆਲ ਰਖਿਆ ਹੈ। ਇਸ ਨਾਲ ਇਸ ਵਾਰ ਦੀਆਂ ਸਾਰੀਆਂ ਪਉੜੀਆਂ ਗਾਈਆਂ ਜਾ ਸਕਦੀਆਂ ਹਨ।

ਉਪਰੋਕਤ ਵਿਚਾਰ ਤੋਂ ਅਸੀਂ ਇਸ ਸਿੱਟੇ ਉੱਤੇ ਪੁੱਜਦੇ ਹਾਂ ਕਿ 'ਚੰਡੀ ਦੀ ਵਾਰ' ਦੀ ਭਾਸ਼ਾ ਸਤਾਰ੍ਹਵੀਂ ਸਦੀ ਦੇ ਅੰਤ ਦੀ ਪੰਜਾਬੀ ਹੈ ਜਿਸ ਵਿਚ ਸੰਸਕ੍ਰਿਤ, ਅਰਬੀ, ਫ਼ਾਰਸੀ ਸ਼ਬਦਾਂ ਦੇ ਨਗ ਇਉਂ ਜੜ੍ਹੇ ਹਨ ਕਿ ਉਹ ਇਸ ਭਾਸ਼ਾ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ ਤੇ ਵਾਰ ਵਿਚ ਬੀਰ-ਰਸ ਉਪਜਾਉਣ ਵਿਚ ਸਹਾਈ ਹੋਏ ਹਨ। ਇਸ ਵਾਰ ਦੀ ਭਾਸ਼ਾ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਇੱਕੋ ਸਮੇਂ ਲੋਕ ਪੱਧਰ ਤੇ ਸਾਹਿੱਤਿਕ ਪੱਧਰ ਦੀ ਹੈ। ਇਹ ਗੁਰੂ ਗੋਬਿੰਦ ਸਿੰਘ ਦੀ ਕਲਾਤਮਕਤ ਦੀ ਸਾਖ ਭਰਦੀ ਹੈ ਅਤੇ ਉਨ੍ਹਾਂ ਨੂੰ ਪੰਜਾਬੀ ਦਾ ਸਭ ਤੋਂ ਮਹਾਨ ਵਾਰਕਾਰ ਸਿੱਧ ਕਰਦੀ ਹੈ।

ਪੈਰ-ਟਿੱਪਣੀਆਂ

1. ਦਸਮ ਗ੍ਰੰਥ, ਕ੍ਰਿਸ਼ਨਾਵਤਾਰ
2. ਜਾਪੁ ਸਾਹਿਬ
3. And to have the virtues of good prose is the first and minimum requirement of good poetry. (T.S. Eliot)

ਕੇਹਾ ਬੁਰਛਿਆਂ ਆਣ ਹਨੇਰ ਪਾਇਆ,
ਜੇੜ੍ਹਾਂ ਬਹੇ ਗੱਦੀ ਉਹ ਨੂੰ ਮਾਰ ਲੈਂਦੇ।
ਕੈਂਠੇ ਕੜੇ ਇਨਾਮ ਰੁਪਏ ਬਾਰਾਂ,
ਕਦੇ ਪੰਜ ਤੇ ਸੱਤ ਨਾ ਚਾਰ ਲੈਂਦੇ।
ਕਈ ਤੁਰੇ ਨੀ ਕਿਲੇ ਦੀ ਲੁੱਟ ਉਤੇ,
ਕਈ ਸ਼ਹਿਰ ਦੇ ਲੁੱਟ ਬਾਜ਼ਾਰ ਲੈਂਦੇ।
ਸ਼ਾਹ ਮੁਹੰਮਦਾ ਚੜ੍ਹੇ ਮਝੈਲ ਭਾਈਏ,
ਪੈਸਾ ਤਲਬ ਦਾ ਨਾਲ ਪੈਜ਼ਾਰ ਲੈਂਦੇ।

... ...

ਪਿੱਛੇ ਇਕ ਸਰਕਾਰ ਦੇ ਖੇਡ ਚਲੀ,
ਪਈ ਨਿੱਤ ਹੋਂਦੀ ਮਾਰੋ ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ਼ ਕੀਤਾ,
ਸਭੋ ਕਤਲ ਹੋਏ ਵਾਰੋ ਵਾਰ ਮੀਆਂ।
ਸਿਰ ਤੇ ਫ਼ੌਜ ਦੇ ਕੋਈ ਨਾ ਰਿਹਾ ਕੁੰਡਾ,
ਹੋਇਆ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,
ਭੂਤ ਮੰਡਲੀ ਹੋਈ ਤਿਆਰ ਮੀਆਂ।

-ਸ਼ਾਹ ਮੁਹੰਮਦ

ਨਿਰਮਲੇ ਸੰਤਾਂ ਦੁਆਰਾ ਰਚਿਤ ਪੰਜਾਬੀ ਕਾਵਿ

ਡਾ. ਸੁਰਿੰਦਰ ਸਿੰਘ

ਨਿਰਮਲ ਸੰਪ੍ਰਦਾਇ ਇਕ ਪ੍ਰਚਾਰਕ ਸੰਸਥਾ ਹੈ ਜਿਸ ਨੇ ਗੁਰਮਤਿ ਦਰਸ਼ਨ ਦੀ ਵਿਆਖਿਆ ਕਰ ਕੇ, ਉਸ ਦਾ ਪ੍ਰਚਾਰ ਕੀਤਾ ਹੈ। ਸੰਪ੍ਰਦਾਇ ਦੇ ਵਿਦਵਾਨਾਂ ਨੇ ਪ੍ਰਚਾਰ ਲਈ ਦੋ ਢੰਗ-ਕਥਾ-ਉਪਦੇਸ਼ ਅਤੇ ਸਾਹਿਤ ਰਚਨਾ ਅਪਣਾਏ, ਜਿਨ੍ਹਾਂ ਦੇ ਵਿਸ਼ੇ ਵੇਦਾਂਤ ਅਤੇ ਗੁਰਮਤਿ ਨਾਲ ਸੰਬੰਧਿਤ ਹਨ। ਵੇਦਾਂਤ ਵਿਚਾਰਧਾਰਾ ਨੂੰ ਪਿਛੋਕੜ ਵਿਚ ਰਖ ਕੇ ਗੁਰਮਤਿ ਦੀ ਮੌਲਿਕਤਾ ਉੱਤੇ ਵਿਚਾਰ ਕਰਨਾ ਅਤੇ ਹਿੰਦੂ ਧਰਮ ਦੇ ਸ਼ਾਸਤਰਾਂ ਦੀ ਵਿਆਖਿਆ ਕਰਨਾ ਇਸ ਸੰਪ੍ਰਦਾਇ ਦੇ ਵੱਡੇ ਮਨੋਰਥ ਹਨ। ਦਾਰਸ਼ਨਿਕ ਵਿਸ਼ਿਆਂ ਨੂੰ ਸਾਹਿੱਤ ਦੇ ਵਾਰਤਕ ਰੂਪ ਵਿਚ ਹੀ ਸਪਸ਼ਟ ਕੀਤਾ ਜਾ ਸਕਦਾ ਹੈ, ਇਸ ਲਈ ਨਿਰਮਲੇ ਸਾਹਿੱਤਕਾਰਾਂ ਨੇ ਵਾਰਤਕ ਵਿਚ ਵਧੇਰੇ ਰਚਨਾ ਕੀਤੀ। ਗੁਰਬਾਣੀ ਦੀ ਟੀਕੇ ਅਤੇ ਹੋਰ ਵਿਚਾਰਾਤਮਕ ਵਾਰਤਕ ਰਚਨਾਵਾਂ ਤੋਂ ਇਲਾਵਾ ਕੁਝ ਵਿਦਵਾਨਾਂ ਨੇ ਕਾਵਿ-ਰਚਨਾ ਵੀ ਕੀਤੀ ਹੈ, ਪਰ ਬਹੁਤ ਘਟ। ਭਾਵੇਂ ਇਹਨਾਂ ਵਿਦਵਾਨਾਂ ਦੀਆਂ ਕਾਵਿ ਰਚਨਾਵਾਂ ਵਿਚ ਉੱਤਮ ਪ੍ਰਕਾਰ ਦੀਆਂ ਵਲਵਲੇ ਵਾਲੀਆਂ ਕਵਿਤਾਵਾਂ ਨਹੀਂ ਹਨ, ਕਿਉਂਕਿ ਇਨ੍ਹਾਂ ਦਾ ਮਨੋਰਥ ਕਾਵਿ ਸਾਹਿੱਤ ਦੀ ਸਿਰਜਣਾ ਕਰਨਾ ਨਹੀਂ ਬਲਕਿ ਇਕ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਹੀ ਹੈ, ਫਿਰ ਵੀ ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਇਨ੍ਹਾਂ ਦਾ ਸਥਾਨ ਨਿਰਧਾਰਿਤ ਕਰਨ ਲਈ ਇਨ੍ਹਾਂ ਦੀਆਂ ਕਾਵਿ ਵੰਨਗੀਆਂ ਦੀ ਚਰਚਾ ਕਰਨੀ ਜ਼ਰੂਰੀ ਹੈ।

ਨਿਰਮਲੇ ਸਾਹਿੱਤਕਾਰਾਂ ਦੇ ਕਾਵਿ ਸਾਹਿੱਤ ਵਿਚ ਵੀ ਵਾਰਤਕ ਸਾਹਿੱਤ ਵਾਂਗ ਪੰਜਾਬੀ ਅਤੇ ਬ੍ਰਜ ਭਾਸ਼ਾ ਦਾ ਮਿਸ਼ਰਨ ਹੈ। ਬ੍ਰਜ ਭਾਸ਼ੀ ਸ਼ਬਦਾਵਲੀ ਦਾ ਪ੍ਰਯੋਗ ਹੋਣ ਕਾਰਨ ਕਈਆਂ ਕਵਿਤਾਵਾਂ ਦਾ ਸਮੁੱਚਾ ਰੂਪ ਬ੍ਰਜ ਭਾਸ਼ਾ ਦਾ ਹੀ ਪ੍ਰਤੀਤ ਹੁੰਦਾ ਹੈ ਪਰ ਜੇ ਕਵਿਤਾ ਦੀ ਬੋਲੀ ਦਾ ਅੰਗ ਨਿਖੇੜ ਕਰ ਕੇ ਵੇਖਿਆ ਜਾਵੇ ਤਾਂ ਪੰਜਾਬੀ ਬੋਲੀ ਦਾ ਮੁਹਾਂਦਰਾ ਦਿਸ ਆਉਂਦਾ ਹੈ।

ਗਿਆਨੀ ਗਿਆਨ ਸਿੰਘ ਦੀ ਪ੍ਰਸਿੱਧ ਕਾਵਿ ਰਚਨਾ 'ਪੰਥ ਪ੍ਰਕਾਸ਼' ਦੀ ਬੋਲੀ ਬਾਰੇ ਆਮ ਵਿਦਵਾਨਾਂ ਦੀ ਇਹੋ ਰਾਇ ਹੈ ਕਿ ਇਹ ਬ੍ਰਜ ਭਾਸ਼ਾ ਵਿਚ ਲਿਖੀ ਗਈ ਹੈ, ਪਰ ਵੱਡੇ ਆਕਾਰ ਦੀ ਇਸ ਰਚਨਾ ਵਿਚ ਅਨੇਕ ਬੰਦ ਪੰਜਾਬੀ ਵਿਚ ਲਿਖੇ ਹੋਏ ਲੱਭਦੇ ਹਨ ਅਤੇ ਇਨ੍ਹਾਂ ਤੋਂ ਇਲਾਵਾ ਬਹੁਤਿਆਂ ਵਿਚ ਵਿਕੋਲਿਤਰੇ ਪੰਜਾਬੀ ਸ਼ਬਦਾਂ ਦਾ ਪ੍ਰਯੋਗ ਹੈ। 'ਪੰਥ ਪ੍ਰਕਾਸ਼' ਵਿਚੋਂ ਕੁਝ ਕਾਵਿ ਟੋਟਿਆਂ ਦੀਆਂ ਵੰਨਗੀਆਂ ਪੰਜਾਬੀ ਬੋਲੀ ਨੂੰ ਪ੍ਰਕਾਸ਼ਮਾਨ ਕਰਦੀਆਂ ਹਨ :

ਲੱਗੇ ਜਨੇਊ ਦੇਣ ਤਹਾਂ ਗੁਰ ਬਚਨ ਉਚਾਰੇ।
ਝੂਠਾ ਜੰਞੂ ਇਹ ਨਹੀਂ ਹਮ ਕਬਹੀ ਧਾਰੇ।
ਕਲਰ ਦੀ ਵਣਜਾਰੀ ਵੇਖੋ ਝੂੰਗੇ ਮੁਸਕ ਮੰਗੇਦੀ।
ਜੋ ਸੇਵਨ ਕਰ ਖੜੀਆਂ ਪਤਿ ਕੋ ਰੀਸਾਂ ਤਿੰਨ ਕਰੇਂਦੀ।
ਸਭ ਲਗਨ ਕੋ ਕਰੀ ਨਸੀਹਤ ਇਕ ਰਬ ਪੂਜੋ ਭਾਈ।
ਗੋਰ ਮਜਾਰ ਇਮਾਮ ਪਕੰਬਰ ਕੰਮ ਨਾ ਦੇਹੇ ਰਾਈ।
ਜੋ ਮਾਹਤ ਥੇ ਦਮ ਅਜਮਤ ਦਾ ਜੀਤ ਕਹੇ ਸੋ ਚੇਰੇ।
ਥਾ ਕਾਰੂੰ ਹਮੀਦ ਬਾਦਸ਼ਾਹ ਜ਼ਾਲਮ ਤਹਾਂ ਵਧੇਰੇ।

ਕਰ ਰਾਖੀ ਥੀ ਅਤਿ ਦੁਖਿਆਰੀ ਪਰਜਾ ਉਸ ਨੇ ਸਾਰੀ ।
ਤਿਸ ਪਰਥਾਇ ਨਸੀਹਤ ਨਾਮਾ ਉਚਰਯੋ ਗੁਰ ਵਿਚਾਰੀ ।
ਇਸ ਕੋ ਸੁਨ ਉਨ ਜੁਲਮ ਦਬੋ ਤਦ ਪਰਜਾ ਖੁਸ਼ੀ ਮਨਾਈ ।
ਦੇਸ ਵੀਚ ਫੈਲੀ ਗੁਰ ਕੀਰਤਿ ਖਲਕਤ ਪੁਜਣ ਆਈ ।
.....(ਪੰਥ ਪ੍ਰਕਾਸ਼, ਪੰਨਾ 59)

ਉਨਮੇ ਏਕ ਨਮੀ ਥੀ ਵਿਆਹੀ ਖੜੀ ਘੁੰਡ ਕਾਢ ਆਏ ।
ਸਹਿਜ ਸੁਭਾਏ ਸਤਿਗੁਰੂ ਬੋਲੇ ਇਹ ਕਮਲੀ ਕਿਉਂ ਲਿਆਏ ।
.....(ਪੰਨਾ 216)

'ਪੰਥ ਪ੍ਰਕਾਸ਼' ਦੀ ਕਾਵਿ ਰਚਨਾ ਵਿਚੋਂ ਉਪਰੋਕਤ ਵੰਨਗੀਆਂ ਵਿਚਲੀ ਸ਼ਬਦਾਵਲੀ ਨੇ ਇਨ੍ਹਾਂ ਨੂੰ ਪੰਜਾਬੀ ਕਵਿਤਾ ਦਾ ਰੂਪ ਦਿੱਤਾ ਹੈ, ਪੰਜਾਬੀ ਬੋਲੀ ਦਾ ਪ੍ਰਯੋਗ ਆਪ ਮੁਹਾਰਾ ਹੈ ਜਿਸ ਤੋਂ ਕਵੀ ਦਾ ਪੰਜਾਬੀ ਸੁਭਾ ਅਤੇ ਪੰਜਾਬੀ ਲਈ ਪ੍ਰੇਮ ਪ੍ਰਤੱਖ ਦਿਸਦਾ ਹੈ । ਗਿਆਨੀ ਗਿਆਨ ਸਿੰਘ ਨੇ ਆਪਣੀ ਕਵਿਤਾ ਵਿਚ ਕੇਵਲ ਇਤਿਹਾਸਿਕ ਵਿਸ਼ਿਆਂ ਨੂੰ ਹੀ ਨਿਭਾਇਆ ਹੈ । ਬੋਲੀ ਦੇ ਪੱਖ ਤੋਂ ਗਿਆਨ ਸਿੰਘ ਦੀ ਕਵਿਤਾ ਨੂੰ ਜੇ ਡੂੰਘਾਈ ਨਾਲ ਵੇਖਿਆ ਜਾਏ ਤਾਂ ਉਸ ਵਿਚ ਬ੍ਰਜ ਭਾਸ਼ੀ ਸ਼ਬਦਾਵਲੀ ਦੀ ਤਹਿ ਥੱਲੇ ਲੁਕੀ ਪੰਜਾਬੀ ਆਤਮਾ ਲੱਭਦੀ ਹੈ । ਪੰਜਾਬ ਦਾ ਜੰਮ ਪਲ ਹੋਣ ਕਾਰਨ ਉਸ ਦੀ ਮਾਤ੍ਰੀ ਭਾਸ਼ਾ ਪੰਜਾਬੀ ਹੈ ਅਤੇ ਵਾਰਤਕ ਰਚਨਾਵਾਂ ਵੀ ਉਸ ਨੇ ਸ਼ੁੱਧ ਪੰਜਾਬੀ ਵਿਚ ਲਿਖੀਆਂ ਹਨ । ਇਸ ਕਾਰਨ ਉਹ ਦੇ ਬ੍ਰਜ ਭਾਸ਼ੀ ਮਾਧਿਅਮ ਵਿਚ ਵੀ ਪੰਜਾਬੀ ਸ਼ਬਦਾਵਲੀ ਸੁਭਾਵਿਕ ਹੀ ਮਿਲ ਗਈ ਹੈ । ਉਸ ਦੀ ਬ੍ਰਜ ਭਾਸ਼ਾ ਉੱਤੇ ਗੁੜ੍ਹ ਬ੍ਰਾਹਮਣਵਾਦ ਦਾ ਪ੍ਰਭਾਵ ਨਹੀਂ ਹੈ, ਉਸ ਨੇ ਬ੍ਰਜ ਭਾਸ਼ਾ ਨੂੰ ਕੇਵਲ ਇਸ ਲਈ ਮਾਧਿਅਮ ਬਣਾਇਆ ਹੈ ਕਿਉਂਕਿ ਉਸ ਤੋਂ ਪਹਿਲਾਂ ਵੀ ਸਾਹਿਤ ਰਚਨਾ ਲਈ ਬ੍ਰਜ ਨੂੰ ਹੀ ਮਾਧਿਅਮ ਬਣਾਇਆ ਜਾਂਦਾ ਸੀ ਅਤੇ ਹੀਣਤਾ ਭਾਵ ਕਾਰਨ ਪੰਜਾਬੀ ਦੇ ਸਾਹਿੱਤਕਾਰ ਵੀ ਪੰਜਾਬੀ ਬੋਲੀ ਦਾ ਪ੍ਰਯੋਗ ਕਰਨ ਤੋਂ ਸੰਕੋਚ ਕਰਦੇ ਸਨ । ਗਿਆਨ ਸਿੰਘ ਦੀ ਸਮੁੱਚੀ ਕਾਵਿ ਰਚਨਾ ਵਿਚ ਪੰਜਾਬੀ ਬੋਲੀ ਅਤੇ ਪੰਜਾਬੀ ਸਭਿਅਤਾ ਦਾ ਰੰਗ ਸਪਸ਼ਟ ਉਭਰਦਾ ਹੈ । ਉਸ ਦੀ ਕਾਵਿ ਰਚਨਾ ਵਿਚੋਂ ਪੰਜਾਬੀ ਦਿਲ ਅਤੇ ਪੰਜਾਬੀ ਮਨ ਲੱਭਦਾ ਹੈ । ਜਿੱਥੇ ਵੀ ਪੰਜਾਬੀ ਸਭਿਅਤਾ ਦਾ ਪ੍ਰਗਟਾਵਾ ਕਰਨ ਦੀ ਲੋੜ ਪਈ ਹੈ ਉਥੇ ਉਹ ਸੁਭਾਵਿਕ ਹੀ ਪੰਜਾਬੀ ਬੋਲੀ ਦਾ ਪ੍ਰਯੋਗ ਕਰ ਜਾਂਦਾ ਹੈ, ਜਿਵੇਂ :

ਸਵਾ ਪਹਿਰ ਕੇ ਤੜਕੇ ਲਿਆਵੇ ।
ਨਿਤ ਗੁਰ ਕਾ ਇਸਨਾਨ ਕਰਾਵੇ ।
.....

ਨਿਰਮਲੇ ਕਵੀ ਸੰਤ ਸੰਗਤ ਸਿੰਘ ਦੀ ਪੰਜਾਬੀ ਕਾਵਿ ਸਾਹਿੱਤ ਨੂੰ ਵਿਸ਼ੇਸ਼ ਦੇਣ ਹੈ । ਵਿਸ਼ੇ ਦੇ ਪੱਖ ਤੋਂ 'ਪਿੰਗਲ ਪ੍ਰਸਤਾਰ' ਪੁਸਤਕ ਲੇਖਕ ਦੇ ਪਿੰਗਲ ਗਿਆਨ ਦੀ ਸੂਚਕ ਹੈ । ਸੰਗਤ ਸਿੰਘ ਨਿਰਮਲ ਸੰਪ੍ਰਦਾਇ ਦਾ ਪਹਿਲਾ ਕਵੀ ਹੈ ਜਿਸ ਨੇ ਪਿੰਗਲ ਅਤੇ ਛੰਦਾ-ਬੰਦੀ ਦੇ ਨਿਯਮਾਂ ਨੂੰ ਪੰਜਾਬੀ ਕਾਵਿ ਰੂਪ ਵਿਚ ਪ੍ਰਸਤੁਤ ਕੀਤਾ ਹੈ । ਉਸ ਦੇ ਤਿੰਨ ਕਾਵਿ ਸੰਗ੍ਰਹਿ ਪ੍ਰਸਿੱਧ ਹਨ–ਬੋਧ ਪ੍ਰਕਾਸ਼, ਪਿੰਗਲ ਪ੍ਰਸਤਾਰ ਅਤੇ ਗ੍ਰੰਥ ਮਤ ਸੰਗ੍ਰਹਿ ।

ਪੰਜਾਬੀ ਬੋਲੀ ਦੇ ਪੱਖ ਤੋਂ 'ਗ੍ਰੰਥ ਮੱਤ ਸੰਗ੍ਰਹਿ' ਦੀ ਮਹੱਤਾ ਵਧੇਰੇ ਹੈ । ਇਸ ਨੂੰ ਵਿਸ਼ਾ-ਵਸਤੂ ਅਤੇ ਬੋਲੀ ਦੇ ਪੱਖ ਤੋਂ ਕਿਸੇ ਇਕ ਵਰਗ ਵਿਚ ਨਹੀਂ ਗਿਣਿਆ ਜਾ ਸਕਦਾ । ਇਸ ਵਿਚ ਵਿਸ਼ੇ ਦੀਆਂ ਵੰਨਗੀਆਂ ਅਤੇ ਬੋਲੀ ਦੀ ਭਿੰਨਤਾ ਇਸ ਨੂੰ ਬਹੁਪੱਖੀ ਗ੍ਰੰਥ ਬਣਾ ਦਿੰਦੀਆਂ ਹਨ ਪਰ ਰਚਨਾ ਦਾ ਵਧੇਰੇ ਭਾਗ ਪੰਜਾਬੀ ਕਵਿਤਾ ਵਿਚ ਹੀ ਹੋਣ ਕਾਰਨ ਇਹ ਸੰਗ੍ਰਹਿ ਪੰਜਾਬੀ ਸਾਹਿਤ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ ।

ਇਸ ਪੁਸਤਕ ਦਾ ਵਿਸ਼ਾ-ਵਸਤੂ ਮਿਸ਼ਰਿਤ ਰੂਪ ਦਾ ਹੈ । ਇਸ ਵਿਚ ਵੇਦਾਂਤਿਕ ਵਿਚਾਰਾਂ ਦਾ ਪ੍ਰਗਟਾਵਾ ਹੈ, 'ਸਾਂਖਯ ਸ਼ਾਸਤ੍ਰ' ਤੇ ਵਿਚਾਰਾਂ ਨੂੰ ਕਾਵਿ-ਬੱਧ ਕੀਤਾ ਹੋਇਆ ਹੈ, ਪਿੰਗਲ ਤੇ ਵਿਆਕਰਣ ਦੇ ਨਿਯਮਾਂ ਦੀ ਵਿਆਖਿਆ ਹੈ ਅਤੇ ਸਮਾਜ ਦੇ ਕਈ ਪੱਖਾਂ ਉੱਤੇ ਕਵੀ ਨੇ ਆਪਣੇ ਵਿਚਾਰ ਪ੍ਰਗਟਾਏ ਹਨ । ਕਵੀ ਦੇ ਵਿਚਾਰ ਅਤੇ ਪੰਜਾਬੀ ਬੋਲੀ ਦੀਆਂ ਵੰਨਗੀਆਂ ਲਈ ਇਸ ਸੰਗ੍ਰਹਿ ਵਿਚੋਂ ਕੁਝ ਵਿਕੋਲਿਤਰੇ ਬੰਦ ਹੇਠਾਂ ਦਿੰਦੇ ਹਾਂ :

ਬੈਂਤ ਵਾ ਵਿਜੇ ਦੰਡਕ ਛੰਦ

ਮਰਦ ਔਰਤਾਂ ਨੇ ਵਸੀਭੂਤ ਕੀਤੇ ਜਿਮੇ ਆਖਦੀ ਨਾਚ ਨਚਾਏ ਸੋਈ ।
ਪਸ਼ੂ ਆਦਮੀ ਨੇਕ ਨਕੇਲ ਪਾ ਕੇ ਮੋਹ ਕਾਮ ਤੇ ਨਾਰ ਅਧੀਨ ਰੋਈ ।
ਨਹੀਂ ਭੇਤ ਅਮੀਰ ਗ਼ਰੀਬ ਦੇਤੀ ਸਉਹਾਂ ਖਾਇ ਕੇ ਵਾਤ ਵਨਾਇ ਰੋਈ ।
ਦੇਖ ਨਾਰ ਨ ਸੁੰਦਰੀ ਭੁਲ ਪਯਾਰ ਤੈਨੂੰ ਮਾਰ ਵਿਚਾਰ ਮੈਂ ਕਾਰ ਖੋਈ ।

(ਪੰਨਾ 109)

ਵੇਦਾਂਤ ਦੇ ਕਾਂਢ ਵਿਚੋਂ ਬੈਂਤ :

ਬਾਲ ਜ੍ਞਾਨ ਤੇ ਬਿਰਧ ਕੰਗਾਲ ਰਾਜੇ ਉਮਰ ਭੋਗ ਕੇ ਮਰਨ ਜ਼ਰੂਰ ਪਾਈ ।
ਕਰੇ ਕੋਟ ਉਪਾਇ ਮਨਾਇ ਦੇਵਾਂ ਨਹੀਂ ਕਾਲ ਦੇ ਬਾਦ ਤੇ ਵਾਰ ਕਾਈ ।
ਵੱਡੇ ਦੇਵ ਤੇ ਦੇਵੀਆਂ ਕਾਲ ਮਾਰੇ ਤੁਮੇ ਕੌਣ ਰਾਖੇ ਪਿਤਾ ਪੁਤ ਭਾਈ ।
ਹੁਕਮ ਜਾਣ ਕਰਤਾਰ ਦਾ ਲੋਕ ਗਯਾਨੀ ਮੁੜ ਲੋਕ ਰੋਤੇ ਨਹੀਂ ਪੇਸ਼ ਜਾਈ ।

ਸ੍ਰਿਸ਼ਟੀ ਰਚਨਾ ਬਾਰੇ ਭਾਰਤ ਦੇ ਵੱਖ-ਵੱਖ ਮਤਾਂ ਦੇ ਵਿਚਾਰ ਵੀ ਇਸ ਪੁਸਤਕ ਦਾ ਵਿਸ਼ਾ ਹਨ । ਉਨ੍ਹਾਂ ਵਿਚੋਂ ਇਕ ਮਤ ਅਨੁਸਾਰ ਜਿਵੇਂ ਸ੍ਰਿਸ਼ਟੀ ਬਣੀ ਹੈ ਉਸ ਦੇ ਪ੍ਰਸੰਗ ਵਿਚੋਂ ਬੈਂਤ ਦੀ ਇਕ ਵੰਨਗੀ ਪੇਸ਼ ਹੈ :

ਬੈਤ : ਵਰੋਚਲਣ ਰਾਖਸ ਕਾ ਮਤ–

ਚਾਰ ਵਾਕ ਆਖੇ ਏਕ ਦੇਹ ਵਾਝੋਂ ਹੋਰ ਆਤਮਾ ਮੂਲ ਨਾ ਜਾਣ ਕੋਈ ।
ਆਸ ਆਸ ਤੇ ਪੁਰਖ ਹੈ ਪੁਰਖ ਤੇ ਜੀ ਬਿਰਧ ਬਿਰਧ ਤੇ ਔਰ ਨ ਹੇਤੁ ਹੋਈ ।
ਚਾਰ ਭੂਤ ਆਪੇ ਮੇਲ ਹੋ ਚੁਤੰਨੇ ਸੁਤੇ ਜਗਤ ਪਰਮਾਣ ਪਛੱਤ ਸੋਈ ।
ਚੂਨਾ ਕਥਾ ਸਪਾਰੀਆਂ ਪਾਨ ਮੇਲੇ ਲਾਲ ਰੰਗ ਮੈਂ ਡੋਰ ਨਾ ਹੋਤ ਜਾਈ ।

(ਪੰਨਾ 140)

ਸੰਤ ਸੰਗਤ ਸਿੰਘ ਨੇ ਛੰਦਾ-ਬੰਦੀ ਦੀਆਂ ਵੰਨਗੀਆਂ, ਬੋਲੀ ਅਤੇ ਵਿਸ਼ੇ ਦੇ ਪੱਖ ਤੋਂ ਪੰਜਾਬੀ ਕਾਵਿ-ਸਾਹਿੱਤ ਵਿਚ ਵਾਧਾ ਕੀਤਾ ਹੈ । ਉਸ ਦੀ ਕਵਿਤਾ ਵਿਚ ਵਰਤੀ ਗਈ ਪੰਜਾਬੀ ਬੋਲੀ ਸਾਹਿੱਤਿਕ ਅਤੇ ਜਨ-ਸਾਧਾਰਨ ਦੇ ਸਮਝ ਆਉਣ ਵਾਲੀ ਹੈ ।

ਸੰਤ ਸੰਪੂਰਨ ਸਿੰਘ ਦਾ ਨਿਰਮਲੇ ਸੰਤਾਂ ਦੇ ਰਚੇ ਪੰਜਾਬੀ ਸਾਹਿੱਤ ਵਿਚ ਇਕ ਵਿਸ਼ੇਸ਼ ਸਥਾਨ ਹੈ । ਜਿੱਥੇ ਇਨ੍ਹਾਂ ਨੇ ਵਿਸ਼ੇ ਦੇ ਪੱਖ ਤੋਂ ਸੰਪ੍ਰਦਾਇ ਦੇ ਸਾਹਿੱਤ ਵਿਚ ਵਾਧਾ ਕੀਤਾ ਹੈ ਉਥੇ ਰੂਪਕ ਪੱਖ ਤੋਂ ਵੀ ਨਵੀਆਂ ਵੰਨਗੀਆਂ ਦਿੱਤੀਆਂ ਹਨ ਅਤੇ ਕਵਿਤਾ ਵਿਚ ਭਿੰਨ-ਭਿੰਨ ਛੰਦਾਂ ਦੀ ਵਰਤੋਂ ਕੀਤੀ ਹੈ । ਹਿੰਦੀ ਦੇ ਵਿਦਵਾਨ ਹੋਣ ਕਾਰਨ ਇਨ੍ਹਾਂ ਦੀ ਪੰਜਾਬੀ ਕਵਿਤਾ ਵਿਚ ਹਿੰਦੀ ਦੀ ਸ਼ਬਦਾਵਲੀ ਵੀ ਹੈ ਪਰ ਕਵਿਤਾ ਦੇ ਪਿੰਡੇ ਦੀ ਰੂਪ-ਰੇਖਾ ਪੰਜਾਬੀ ਹੈ । 'ਜੀਵਨ ਗਾਥਾ' ਨਾਂ ਦੀ ਪੁਸਤਕ ਵਿਚ 'ਅਰਜ਼ੀ' ਨਾਂ ਦੀ ਕਵਿਤਾ ਵਿਚ ਪ੍ਰਭੂ ਮੇਲ ਲਈ ਪ੍ਰਬਲ ਇੱਛਾ ਇੰਜ ਪ੍ਰਗਟਾਈ ਹੈ :

ਸਾਰੀ ਦੁਨੀਆਂ ਜੇ ਮਿਲ ਆਵੈ ਕੋਈ ਤੋੜ ਨਾ ਸਕੇ ।
ਕਨੀ ਦੇਇ ਉਂਗਲਾਂ ਰਹੀਏ ਜੋ ਚਾਹੈ ਕੋਈ ਬਕੇ ।
ਮੈਂ ਤੂੰ ਦੋਨੋਂ ਹਿਲ ਮਿਲ ਰਹੀਏ, ਸੂਰ ਕਿਰਨ ਜਯੋਂ ਇਕੇ ।
ਹਰ ਭਰਪੂਰ ਨਿਮਾਣੀ ਅਰਜ਼ੀ ਮਨਜ਼ੂਰੀ ਪਈ ਤਕੇ । 208 ।

'ਸ੍ਰੀ ਆਨੰਦ ਭਾਤਸਕਾ' ਕਾਵਿ ਸੰਗ੍ਰਹਿ ਵਿਚ ਕਵੀ ਨੇ ਮਨੁੱਖ ਦੀ ਉਸ ਆਨੰਦਮਈ ਅਵਸਥਾ ਦਾ ਵਰਣਨ ਕੀਤਾ ਹੈ, ਜੋ ਪ੍ਰਭੂ ਭਗਤੀ ਵਿਚ ਲੀਨ ਹੋ ਚੁੱਕੇ ਜਿਗਿਆਸੂ ਦੀ ਹੁੰਦੀ ਹੈ, ਜਿਵੇਂ :

ਜਿਉਂ ਜਿਉਂ ਪੁਰਖ ਚਿਤ ਮੈਂ ਲੋੜਾਂ ਤਿਉਂ ਤਿਉਂ ਰੂਪ ਵਟਾਵੇ ।
ਏਕੇ ਹੂੰ ਬਹੁ ਰੂਪ ਸਮਾਯਾ ਬ੍ਰਾਹਮ ਜਗਤ ਹੋਇ ਜਾਵੇ ।

ਕਲਪਿਤ ਨਾਮ ਰਜ ਤੇ ਆਦਮ ਮੇਟਿ ਪੰਖੀਏ ਮੂੰਜਾ ।
ਨਾਮ ਰੂਪ ਪਰਪੰਚ ਭਾਵ ਤਿਉ ਛੋਡ ਨ ਭਾਸੇ ਦੂਜਾ ।

(ਪੰਨਾ 238)

ਇਸੇ ਸੰਗ੍ਰਹਿ ਵਿਚ ਕਵੀ ਦੀ ਇਕ ਬਿਆਨੀਆ ਕਵਿਤਾ ਵੀ ਵਰਣਨਯੋਗ ਹੈ, ਜਿਸ ਵਿਚੋਂ ਕੁਝ ਸਤਰਾਂ ਹੇਠਾਂ ਦੇ ਰਹੇ ਹਾਂ :

'ਸਿਧਾਂਤ ਉਪਦੇਸ਼'

ਏਕ ਸਮੇਂ ਮਨਸੂਰ ਸਾਈਂ ਸਨ ਖੜੇ ਬਜਾਰੀ ਚੌਂਕੇ ।
ਅਨਲਹਕ ਸਨ ਲਗੀ ਦੁਪਹਿਰੀਂ ਪੁੱਛਿਆ ਇਕ ਨੇ ਭੌਂ ਕੇ ।
ਸਾਈਂ ! ਪਰਮ ਗੁਪਤ ਇਹ ਕਿਸ ਹਿਤ ਕੂਕ ਮੁਨਾਵੇਂ ।
ਜਾਨ ਅਮੋਲਕ ਅਪਨੀ ਤਾਈਂ ਇਕ ਦਿਨ ਜਾ ਵੰਜਾਵੇ ।
ਹਸ ਮਨਸੂਰ ਸ਼ਾਹ ਜੀ ਬੋਲੇ ਤਾ ਪਯਾਰੇ ।
ਘਾਟੀ ਪਰੇਮ ਚਲਨ ਅਤਿ ਔਖਾ ਚਲੇ ਜਾਨ ਕੋ ਵਾਰੇ ।
ਜਾਨ ਹਰਾਮੀ ਕਿਸੇ ਨ ਕਾਮੀ ਇਕ ਦਿਨ ਐਵੇਂ ਜਾਨੀ ।
ਤਾਂ ਉਵਾਰ ਪਿਆਰ ਪਿਆਰੇ ਤੋਂ ਪਾਵੇਂ ਯਾਰ ਗੁਮਾਨੀ ।

(ਪੰਨਾ 238-39)

ਸੰਤ ਸੰਪੂਰਨ ਸਿੰਘ ਦੀ ਕਵਿਤਾ ਦੇ ਵਿਸ਼ੇ ਅਧਿਆਤਮਿਕ ਅਤੇ ਸਮਾਜਿਕ ਹਨ । ਉਸ ਦੀ ਅਧਿਆਤਮਿਕ ਕਵਿਤਾ ਵਿਚ ਵਲਵਲੇ ਦਾ ਵੇਗ ਹੈ ਅਤੇ ਉਹ ਆਪਣੇ ਸੂਖਮ ਵਿਚਾਰਾਂ ਨੂੰ ਭਿੰਨ-ਭਿੰਨ ਪ੍ਰਕਾਰ ਦੇ ਅਲੰਕਾਰਾਂ ਨਾਲ ਸਪਸ਼ਟ ਕਰਦਾ ਹੈ । ਉਹ ਆਪਣੀਆਂ ਕਾਵਿ ਰਚਨਾਵਾਂ ਵਿਚ ਬੋਲੀ ਦੀਆਂ ਬੰਦਸ਼ਾਂ ਨੂੰ ਪ੍ਰਵਾਨ ਨਹੀਂ ਕਰਦਾ ਪਰ ਵਿਚਾਰਾਂ ਨੂੰ ਸਰਲਤਾ ਨਾਲ ਪੇਸ਼ ਕਰਨ ਦੇ ਮਨੋਰਥ ਨਾਲ ਜੋ ਬ੍ਰਜ ਭਾਸ਼ਾ ਜਾਂ ਸਾਧ ਭਾਸ਼ਾ ਦੇ ਸ਼ਬਦ ਵਰਤੇ ਹਨ ਉਹ ਵੀ ਪੰਜਾਬੀ ਬੋਲੀ ਨਾਲ ਇੰਜ ਇਕਸੁਰ ਹੋਏ ਹਨ ਕਿ ਕਵਿਤਾ ਪੜ੍ਹਨ ਵੇਲੇ ਉਨ੍ਹਾਂ ਦਾ ਵੱਖਰਾ ਰੂਪ ਨਹੀਂ ਉਭਰਦਾ, ਪੰਜਾਬੀ ਬੋਲੀ ਦੀ ਸ਼ਬਦਾਵਲੀ ਠੇਠ ਤੇ ਸਾਹਿੱਤਿਕ ਹੈ ।

ਸੰਤ ਟਹਿਲ ਸਿੰਘ ਨਿਰਮਲੇ ਦੀ ਪੰਜਾਬੀ ਸਾਹਿੱਤ ਨੂੰ ਬਹੁਪੱਖੀ ਦੇਣ ਹੈ । ਇਨ੍ਹਾਂ ਨੇ ਲਗਭਗ ਇਕ ਦਰਜਨ ਪੁਸਤਕਾਂ ਪੰਜਾਬੀ ਸਾਹਿੱਤ ਨੂੰ ਦਿੱਤੀਆਂ ਹਨ । ਵਾਰਤਕ ਦੀਆਂ ਪੁਸਤਕਾਂ ਦੇ ਵਿਸ਼ੇ ਗੁਰਬਾਣੀ ਦੀ ਖੋਜ ਅਤੇ ਵਿਆਖਿਆ ਨਾਲ ਹੀ ਸੰਬੰਧ ਰਖਦੇ ਹਨ ਪਰ ਕਾਵਿ ਰਚਨਾਵਾਂ ਵਿਚ ਸੰਤ ਟਹਿਲ ਸਿੰਘ ਨੇ ਵਿਸ਼ਿਆਂ ਦੀਆਂ ਵੱਖ-ਵੱਖ ਵੰਨਗੀਆਂ ਦਿੱਤੀਆਂ ਹਨ । ਸੰਤ ਕਵੀ ਗੁਰਮਤਿ ਅਤੇ ਵੇਦਾਂਤ ਦੇ ਵਿਸ਼ਿਆਂ ਦੀ ਸੀਮਾ ਤੋਂ ਬਾਹਰ ਨਿਕਲ ਕੇ ਆਪਣੀ ਕਵਿਤਾ ਦੇ ਵਿਸ਼ਿਆਂ ਨੂੰ ਨੈਤਿਕ ਜੀਵਨ ਦੇਸ਼ ਪ੍ਰੇਮ ਅਤੇ ਰਾਜਨੀਤਿਕ ਸਮੱਸਿਆਵਾਂ ਨਾਲ ਜੋੜਦਾ ਹੈ । ਉਸ ਦੇ ਇਕ ਕਾਵਿ ਸੰਗ੍ਰਹਿ 'ਭਰਮ ਪ੍ਰਕਾਸ਼ ਬਿਨਾਸ' ਵਿਚੋਂ ਅਧਿਆਤਮਿਕ ਵਿਸ਼ਿਆਂ ਨਾਲ ਸੰਬੰਧਿਤ ਕਵਿਤਾ ਵਿਚੋਂ ਕੁਝ ਸਤਰਾਂ ਪੇਸ਼ ਹਨ :

ਅੰਦਰ ਲਾਲ ਗੋਬਿੰਦ ਮੇਰੇ ਇਸ ਨੂੰ ਵਿਚੋਂ ਭਾਲ ।
ਬਾਹਰਲੇ ਦਿਲ ਤਿਆਗ ਦੇ ਅਸਲੀ ਲਾਲ ਗੁਪਾਲ ।
ਪਰ ਕੇ ਦਰਦ ਦੂਰ ਕਰੋਂ ਆਪਣੇ ਤਬ ਹੀ ਜਾਇ ।
ਆਪਣਾ ਬੀਜਿਆ ਆਪ ਲਵੋ ਟਹਿਲ ਹਰੀ ਹਰ ਰਾਇ ।

... ...

ਬਨਾਸਪਤੀ ਬੀਜ ਜੈਸੇ ਰਹਤੇ ਧਰਤ ਮਝਾਰ ।
ਤੈਸਹਿ ਕਰਮ ਜੀਵਾ ਕੇ ਉਗਾਵੇ ਸਮੇਂ ਅਨੁਸਾਰ ।

... ...

ਮਹਿੰਦਾ ਰਾਂਗਲੀ ਅੰਦਰੋਂ ਬਾਹਰੋਂ ਹਰੀ ਪਹਿਚਾਨ ।
ਇਸ ਨੂੰ ਸਹਿਜੇ ਘੋਟਿਓ, ਤੈਸੇ ਬ੍ਰਹਮ ਗਿਆਨ ।

ਵਿਚਾਰਾਂ ਨੂੰ ਸੁੰਦਰ ਢੰਗ ਨਾਲ ਸਪਸ਼ਟ ਕਰਨ ਲਈ ਕਵੀ ਨੇ ਅਲੰਕਾਰ ਵਿਧੀ ਦਾ ਪ੍ਰਯੋਗ ਕੀਤਾ ਹੈ । ਮਨੁੱਖ ਦੇ ਕਰਮਾਂ ਦਾ ਫਲ ਜਿਵੇਂ ਉਸ ਨੂੰ ਅਵੱਸ਼ ਮਿਲਦਾ ਹੈ, ਉਸ ਵਿਚਾਰ ਨੂੰ ਕਵੀ ਨੇ ਉਪਮਾ ਅਲੰਕਾਰ ਨਾਲ ਪੁਸ਼ਟ ਕੀਤਾ ਹੈ । ਜਿਵੇਂ ਬਨਾਸਪਤੀ ਦੇ ਬੀਜ ਧਰਤੀ ਵਿਚ ਟਿਕੇ ਰਹਿੰਦੇ ਹਨ ਅਤੇ ਯੋਗ ਮੌਸਮ ਵਿਚ ਆਪ-ਮੁਹਾਰੇ ਉਗ ਆਉਂਦੇ ਹਨ, ਉਵੇਂ ਹੀ ਮਨੁੱਖ ਨੂੰ ਕਰਮਾਂ ਦਾ ਫਲ ਯੋਗ ਸਮੇਂ ਉੱਤੇ ਜ਼ਰੂਰ ਮਿਲਦਾ ਹੈ । ਸੰਤ ਟਹਿਲ ਸਿੰਘ ਦੀ ਬੋਲੀ ਵਿਚ ਬ੍ਰਜ ਭਾਸ਼ਾ ਦਾ ਪ੍ਰਯੋਗ ਅਵੱਸ਼ ਹੈ, ਪਰ ਦੋਹਰਿਆਂ ਵਿਚ ਪੰਜਾਬੀ ਦੀ ਪ੍ਰਧਾਨਤਾ ਹੈ ।

ਸੰਤ ਨਿਰੰਕਾਰ ਸਿੰਘ ਨੇ ਬਹੁਤ ਘੱਟ ਪੰਜਾਬੀ ਕਾਵਿ ਦੀ ਰਚਨਾ ਕੀਤੀ ਹੈ, ਪਰ ਇਨ੍ਹਾਂ ਦੀਆਂ ਨਿੱਕੀਆਂ ਕਵਿਤਾਵਾਂ ਵਿਸ਼ੇ ਅਤੇ ਰੂਪ ਦੇ ਪੱਖ ਤੋਂ ਮਹੱਤਾ ਰਖਦੀਆਂ ਹਨ । ਇਕ ਕਵਿਤਾ ਵਿਚੋਂ ਕੁਝ ਸਤਰਾਂ ਹੇਠਾਂ ਦਿੰਦੇ ਹਾਂ :

ਜੀਵਨ ਦੇ ਪੂਰਬ ਸ੍ਰਿਸ਼ਟੀ ਕਰਮ ਅਨੁਸਾਰ ਈਸ਼,
ਇਛਾ ਹੋਇ ਜੀਵ ਭੋਗ ਜਗ ਉਪਜਾਈ ਏ ।
ਨਵ ਵਾਯੂ ਤੇਜ ਜਲ ਭੂਮੀ ਭੂਤ ਰਚੇ ਤਰ੍ਹਾਂ
ਸ਼ਬਦ ਸਪਸ਼ਟ ਰੂਪ ਰਸ ਰੰਗ ਗੁਣ ਗਾਈਏ ।

(*ਪਦ ਅਰਥ ਵੀਚਾਰ*, ਪੰਨਾ 63)

ਨਿਰਮਲ ਵਿਦਵਾਨ ਮਹੰਤ ਦਿਆਲ ਸਿੰਘ ਨੇ ਪੰਜਾਬੀ ਸਾਹਿੱਤ ਵਿਚ ਕਈ ਪੱਖਾਂ ਤੋਂ ਵਾਧਾ ਕੀਤਾ ਹੈ । ਵਿਸ਼ੇ ਵਸਤੂ ਅਤੇ ਰੂਪ ਦੇ ਪੱਖ ਤੋਂ ਇਸ ਸਾਹਿੱਤਕਾਰ ਨੇ ਉੱਚ ਪੱਧਰ ਦੀ ਸਾਹਿੱਤ ਰਚਨਾ ਕੀਤੀ ਹੈ । ਸੰਪ੍ਰਦਾਇ ਦਾ ਪ੍ਰਤਿਨਿਧ ਸਾਹਿੱਤਕਾਰ ਹੋਣ ਕਾਰਨ ਵੇਦਾਂਤ ਨੂੰ ਸਰਲ ਅਤੇ ਸਪਸ਼ਟ ਰੂਪ ਵਿਚ ਪੇਸ਼ ਕਰਨ ਦੀ ਇੱਛਾ ਰਹੀ ਹੈ ਅਤੇ ਇੱਛਾ ਨੂੰ ਸਾਕਾਰ ਕਰਨ ਲਈ ਪੁਸਤਕ 'ਗਯਾਨ ਭੂਮਿਕਾ' ਕਾਵਿ-ਰੂਪ ਵਿਚ ਲਿਖੀ ਹੈ । ਵਿਸ਼ੇ ਦਾ ਆਧਾਰ ਵੇਦਾਂਤ ਦੀ ਵਿਚਾਰਧਾਰਾ ਹੈ । ਵੇਦਾਂਤ ਦੇ ਸਾਰ ਕਵੀ ਨੇ ਚੌਪਈ ਛੰਦ ਵਿਚ ਪ੍ਰਗਟਾਇਆ ਹੈ ਅਤੇ ਆਤਮਿਕ ਅਵਸਥਾ ਦੇ ਜਿਨ੍ਹਾਂ ਪੜਾਵਾਂ ਵਿਚੋਂ ਲੰਘ ਕੇ ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ ਉਨ੍ਹਾਂ ਦੀ ਸੰਖਿਆ ਸੱਤ ਦੱਸੀ ਗਈ ਹੈ ।

ਮਹੰਤ ਦਿਆਲ ਸਿੰਘ ਨੂੰ ਪੰਜਾਬੀ ਲਿਖਣ ਦਾ ਬੜਾ ਸ਼ੌਕ ਸੀ ਜੋ ਉਪਰੋਕਤ ਪੁਸਤਕ ਦੇ ਆਰੰਭ ਵਿਚ ਲਿਖੀਆਂ ਸਤਰਾਂ ਤੋਂ ਸਪਸ਼ਟ ਹੁੰਦਾ ਹੈ :

ਹਿੰਦੀ ਸੰਸਕ੍ਰਿਤ ਦੋਇ ਭਾਸਾ ।
ਹੈ ਪ੍ਰਚਾਰ ਜਗਤ ਵਿਚ ਖਾਸਾ ।
ਅਧਿਕ ਇਨ੍ਹਾਂ ਵਿਚ ਬ੍ਰਹਮ ਵਿਚਾਰ ।
ਨਿਸਚੇ ਕੀਤਾ ਸਭ ਸੰਸਾਰ ।
ਫਿਰ ਵੀ ਰਹਿੰਦੇ ਕਈ ਉਦਾਸ ।
ਜਿਨ੍ਹਾਂ ਗਿਆਨ ਦੀ ਪੂਰਨ ਆਸ ।
ਉਨ੍ਹਾਂ ਲਈ ਉਪਰਾਲਾ ਕੀਤਾ ।
ਸਰਲ ਭਾਸ਼ਾ ਵਿਚ ਲਿਖੀ ਗੀਤਾ ।
ਪੁਸਤਕ ਪੰਜਾਬੀ ਵਿਚ ਲਿਖਿਆ ।
ਆਤਮ ਵੇਤਾ ਦੀ ਇਹ ਸਿੱਖਿਆ ।
ਦਿਲ ਵਿਚ ਜਾਨ ਸੁਖਾਲਾ ਢੰਗ ।
ਮਾਤ੍ਰੀ ਭਾਸ਼ਾ ਚਾੜ੍ਹਿਆ ਰੰਗ ।

ਸੱਤ ਅਧਿਆਤਮਿਕ ਪੜਾਵਾਂ ਦਾ ਜ਼ਿਕਰ ਕਰਦਿਆਂ ਜੋ ਵਿਚਾਰ ਇਨ੍ਹਾਂ ਪ੍ਰਗਟਾਏ ਹਨ, ਉਨ੍ਹਾਂ ਦੀ ਇਕ ਕਾਵਿ ਵੰਨਗੀ ਇਸ ਪ੍ਰਕਾਰ ਹੈ :

ਤੇਰੇ ਪਾਸ ਇਕਾ ਇਹ ਪੇੜ।
ਵੇਖ ਗਹੁ ਨਾਲ ਜਾ ਕੇ ਨੇੜ।
ਜਿਹੜਾ ਡਾਹਣ ਜੀਣ ਛਡ ਗਿਆ।
ਨਾਲ ਪਤਰ ਨਹੀਂ ਉਸ ਦੇ ਰਹਿਆ।
ਕਰਮ ਵਾਸਨਾ ਹੋਇ ਅਧੀਨ।
ਜਿਸ ਨੂੰ ਛਡ ਦੇਵੇ ਇਹ ਚੀਨ।
ਉਹੀ ਡਾਲੀ ਜਲਦ ਸੁਕ ਜਾਵੇ।
ਜੀਵ ਦੂਜੈ ਵਿਚ ਜਾ ਸਮਾਵੇ।
ਜਦ ਦੂਜੇ ਨੂੰ ਵੀ ਛਡ ਜਾਂਦਾ।
ਸੁਕਾ ਬਾਲਣ ਉਹ ਅਖਵਾਂਦਾ।

ਚੌਪਈ ਛੰਦ ਵਿਚ ਲੰਮੀ ਕਵਿਤਾ ਤੋਂ ਬਿਨਾ ਕਵੀ ਨੇ ਕੁਝ ਹੋਰ ਕਵਿਤਾਵਾਂ ਅਤੇ ਭਜਨ ਵੀ ਲਿਖੇ ਹਨ। ਇਸ ਪ੍ਰਕਾਰ ਦੀਆਂ ਕਵਿਤਾਵਾਂ ਵਿਚੋਂ ਇਕ ਭਜਨ ਹੇਠਾਂ ਦਿੰਦੇ ਹਾਂ :

ਢੂੰਡ ਲੀਤਾ ਵਰ ਆਪਣਾ ਮਾਏ, ਦਿਲ ਸੁਖਲੜਾ ਹੋ ਗਿਆ।
ਚਿੰਤਾ ਲਹਿ ਗਈ ਤੇਰੇ ਮਗਰੋਂ, ਰਬ ਤੁਵਕੱਲੜਾ ਹੋ ਗਿਆ।
ਨਿਤ ਤੂੰ ਕਰਦੀ ਗਲ ਸੈਂ ਮੇਰੀ, ਸ਼ਾਦੀ ਕਰਨੀ ਏ ਬੱਚੀਏ ਤੇਰੀ।
ਇਹ ਤਾਂ ਸਤਿਗੁਰ ਮੇਲ ਮਿਲਾਇਆ, ਕੰਮ ਸੁਵੱਲੜਾ ਹੋ ਗਿਆ।
ਵਰ ਮੇਰੇ ਦਾ ਰੂਪ ਨਾ ਕੋਈ, ਜਿਤ ਵੱਲ ਵੇਖਾਂ ਦਿਸ ਦਾ ਓਹੀ।
ਵਖ ਕਦੇ ਨਾ ਰਹਿੰਦਾ ਸੋਈ, ਮੇਲ ਦੁਵੱਲੜਾ ਹੋ ਗਿਆ।

ਕਵੀ ਦੀ ਕਾਵਿ ਪ੍ਰਤਿਭਾ ਦੀ ਇਕ ਹੋਰ ਵੰਨਗੀ ਸ਼ਬਦ ਅਲੰਕਾਰ ਵਿਚ ਵੇਖੋ :

ਜਗ ਤੋਂ ਜਦ ਦਿਲ ਤੋੜ ਕੇ ਕੀਤਾ ਆਪਣੇ ਵੱਲ ਮੈਂ।
ਆਪਣੇ ਪਯਾਰੇ ਦਾ ਪਯਾਰਾ ਰੂਪ ਪਯਾਰਾ ਵੇਖਿਆ।

ਸੰਤ ਬਿਸ਼ਨ ਸਿੰਘ ਕ੍ਰੀਟ ਅਜੋਕੇ ਨਿਰਮਲੇ ਸਾਹਿੱਤਕਾਰਾਂ ਵਿਚੋਂ ਇਕ ਪ੍ਰਸਿੱਧ ਪੰਜਾਬੀ ਕਵੀ ਹੈ। 'ਜੀਵਨ ਫੁਹਾਰ', 'ਨੂਰੀ ਝਲਕਾਂ' ਅਤੇ 'ਨੂਰੀ ਜੀਵਨ' ਇਨ੍ਹਾਂ ਦੇ ਪ੍ਰਸਿੱਧ ਕਾਵਿ ਸੰਗ੍ਰਹਿ ਹਨ। ਕ੍ਰੀਟ ਨੇ ਆਪਣੀ ਕਵਿਤਾ ਨੂੰ ਸੰਪ੍ਰਦਾਇ ਦੀ ਸੀਮਿਤ ਵਿਚਾਰਧਾਰਾ ਵਿਚੋਂ ਕੱਢ ਕੇ ਜ਼ਿੰਦਗੀ ਦੇ ਵਿਸ਼ਾਲ ਪਿੜ੍ਹ ਵਿਚ ਲਿਆਂਦਾ ਹੈ। ਇਨ੍ਹਾਂ ਦੀ ਕਵਿਤਾ ਵਿਚ ਕੌਮੀ ਜਜ਼ਬੇ, ਪੰਥ ਪਿਆਰ, ਦੇਸ਼ ਸੇਵਾ ਅਤੇ ਸਮਾਜ ਸੁਧਾਰ ਲਈ ਉਪਦੇਸ਼ ਹਨ। ਸੰਸਾਰ ਦੀ ਨਾਸ਼ਮਾਨਤਾ ਤੋਂ ਮਨੁੱਖ ਨੂੰ ਸੁਚੇਤ ਕਰਾਉਣ ਲਈ ਕਵੀ ਨੇ ਸਿੱਧੇ ਉਪਦੇਸ਼ ਦੀ ਥਾਂ ਫੁੱਲ ਦੇ ਜੀਵਨ ਵਿਚੋਂ ਕਲਾਮਈ ਢੰਗ ਨਾਲ ਸਿੱਖਿਆ ਦਿੱਤੀ ਹੈ :

ਅਜਬ ਤੱਤ ਸਰਸਬਜ਼ ਗੁਲਜਾਰ ਅੰਦਰ,
ਟੀਸੀ ਟਹਿਣੀ ਤੇ ਬੈਠ ਉਲਾਰ ਨਾ ਤੂੰ।
ਸਾਫ ਸੁਹੀ ਪੁਸ਼ਾਕ ਹੁਸ਼ਨਾਕ ਪਾ ਕੇ,
ਪਿਆ ਆਪਣਾ ਆਪ ਸਵਾਰ ਨਾ ਤੂੰ।
ਰੁਲ ਖਾਕ ਹੋਣਾ ਫੁੱਲ ਭੁੱਲ ਨਾਹੀਂ,
ਜ਼ਰਾ ਝੋਕਾ ਦੇ ਵਾ ਨੂੰ ਝਾੜ ਦੇਣਾ।

ਅੱਜ ਟਾਹਣੀ ਤੇ ਮਸਤਿਆ ਲਏਂ ਹੂਟੇ,
ਪੈਰਾਂ ਵਿਚ ਕਲ ਕਿਸੇ ਲਤਾੜ ਦੇਣਾ।

ਧਾਰਮਿਕ ਵਿਸ਼ਿਆਂ ਤੋਂ ਬਿਨਾ ਇਸ ਨਿਰਮਲੇ ਕਵੀ ਨੇ ਆਪਣੇ ਵਲਵਲਿਆਂ ਨੂੰ ਪ੍ਰਗਟਾਉਣ ਲਈ ਹੋਰ ਵਿਸ਼ਿਆਂ ਨੂੰ ਵੀ ਕਵਿਤਾ ਵਿਚ ਸਮੋਇਆ ਹੈ। 'ਜਵਾਨੀ' ਨਾਂ ਦੀ ਕਵਿਤਾ ਵਿਚ ਕੇਵਲ ਜਵਾਨੀ ਨੂੰ ਹੀ ਚਿਤਰਿਆ ਹੈ :

ਅੱਖ ਹੇਠ ਲਿਆਉਂਦੀ ਨਾ ਉਹ ਕਿਸੇ ਨੂੰ
ਤਕ ਤਕ ਰਜਦੀ ਨਾ ਆਪਾ ਅਲਬੇਲੀ ਉਹ।
ਨਾਗ ਵਲ ਜੂੜ ਖਲੋ ਚੰਦਨ ਮਹਿਕਾਏ ਕੇਸ
ਨਾਗ ਏ ਲੜਾਏ ਸਿਰ ਸੁੰਦਰ ਸਪੇਲੀ ਉਹ।
ਭਵਾਂ ਦੀ ਕਮਾਨ ਵਿਚੋਂ ਨਖਰੇ ਦੇ ਤੀਰ ਮਾਰ
ਫੜ ਲਵੇ ਸੁਹਲ ਦਿਲ ਬੜੀ ਨਖਰੈਲੀ ਉਹ।
ਕੌਲ ਦਿਲ ਖਿੜੇ ਨੈਨ ਖੀਵੇ ਕਰਨ ਭੌਰਿਆਂ ਨੂੰ
ਤਾਬ ਰੁਖਸਾਰ ਉੱਤੇ ਨੂਤਨ ਨਵੇਲੀ ਉਹ।

ਬਿਸ਼ਨ ਸਿੰਘ ਕ੍ਰੀਟ ਦੀਆਂ ਕਵਿਤਾਵਾਂ ਦੇ ਵੰਨ ਸੁਵੰਨ ਵਿਸ਼ੇ ਅਤੇ ਉਨ੍ਹਾਂ ਵਿਚ ਅੰਕਿਤ ਵਲਵਲੇ ਵੇਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਕੇਵਲ ਨਿਰਮਲ ਸੰਪ੍ਰਦਾਇ ਦਾ ਵੇਦਾਂਤੀ ਪ੍ਰਚਾਰਕ ਨਹੀਂ ਬਲਕਿ ਅਸਲੀ ਅਰਥਾਂ ਵਿਚ ਇਕ ਕਵੀ ਹੈ।

ਨਿਰਮਲ ਸੰਪ੍ਰਦਾਇ ਦੇ ਕੁਝ ਚੋਣਵੇਂ ਪੰਜਾਬੀ ਕਵੀਆਂ ਦੀਆਂ ਕਾਵਿ-ਵੰਨਗੀਆਂ ਵੇਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਇਸ ਸੰਪ੍ਰਦਾਇ ਦਾ ਪੰਜਾਬੀ ਕਾਵਿ ਸਾਹਿੱਤ ਵਿਚ ਇਕ ਵਿਸ਼ੇਸ਼ ਸਥਾਨ ਹੈ। ਇਨ੍ਹਾਂ ਦੇ ਵਿਸ਼ੇ ਵਸਤੂ ਅਤੇ ਰੂਪਕ ਪੱਖ ਨੇ ਪੰਜਾਬੀ ਕਾਵਿ ਨੂੰ ਨਵੀਆਂ ਵੰਨਗੀਆਂ ਦਿੱਤੀਆਂ ਹਨ ਜਿਨ੍ਹਾਂ ਦਾ ਵਰਣਨ ਪੰਜਾਬੀ ਕਾਵਿ ਸਾਹਿੱਤ ਦੇ ਇਤਿਹਾਸ ਲਈ ਮਹੱਤਾ ਰਖਦਾ ਹੈ। ਪਾਠਕਾਂ ਨੂੰ ਇਹ ਭਲੀ ਭਾਂਤ ਗਿਆਨ ਹੋ ਜਾਂਦਾ ਹੈ ਕਿ ਨਿਰਮਲ ਸੰਪ੍ਰਦਾਇ ਦਾ ਸਾਹਿੱਤਕਾਰ ਕੇਵਲ ਇਕ ਪ੍ਰਚਾਰਕ ਹੀ ਨਹੀਂ, ਸਗੋਂ ਉਸ ਦਾ ਕਵੀ ਦਿਲ ਜ਼ਿੰਦਗੀ ਦੇ ਸਾਰੇ ਪੱਖਾਂ ਨੂੰ ਘੋਖਦਾ ਹੈ ਅਤੇ ਆਪਣੇ ਅਨੁਭਵ ਨੂੰ ਪ੍ਰਗਟ ਕਰਕੇ ਇਕ ਸੱਚੇ ਕਵੀ ਦਾ ਫ਼ਰਜ਼ ਪੂਰਾ ਕਰਦਾ ਹੈ।

ਸਿੰਘਾਂ ਆਖਿਆ, ਲੜਾਂਗੇ ਹੋਇ ਟੋਟੇ,
ਸਾਨੂੰ ਖ਼ਬਰ ਭੇਜੀਂ ਦਿਨੇ ਰਾਤ ਮਾਈ।
ਤੇਰੀ ਨੌਕਰੀ ਵਿਚ ਨਾ ਫਰਕ ਕਰੀਏ,
ਭਾਵੇਂ ਖੂਹ ਘੱਤੀ ਭਾਵੇਂ ਖਾਤ ਮਾਈ।
ਸਿੰਘਾਂ ਭੋਲਿਆਂ ਮੂਲ ਨਾ ਸਹੀ ਕੀਤਾ,
ਗੁੱਝਾ ਕਰਨ ਲੱਗੀ ਸਾਡਾ ਘਾਤ ਮਾਈ।
ਸ਼ਾਹ ਮੁਹੰਮਦਾ ਅਜੇ ਨ ਜਾਣਿਓ ਨੇ,
ਖਾਲੀ ਚੋਪੜੀ ਪਈ ਜੇ ਪ੍ਰਾਤ ਮਾਈ।

... ...

ਦਿੱਤੀ ਮਾਈ ਨੇ ਜਦੋਂ ਦਿਲਬਰੀ ਭਾਰੀ,
ਸਿੰਘ ਬੈਠੇ ਨੀ ਹੋਇ ਸੁਚੇਤ ਮੀਆਂ।
ਸੱਚੇ ਸਾਹਿਬ ਦੇ ਹੱਥ ਨੀ ਸਭ ਗੱਲਾਂ,
ਕਿਸੇ ਹਾਰ ਦਿੰਦਾ ਕਿਸੇ ਜੇਤ ਮੀਆਂ।
ਇਕ ਲੱਖ ਬੇਟਾ ਸਵਾਲੱਖ ਪੋਤਾ,
ਰਾਵਣ ਮਾਰਿਆ ਘਰੇ ਦੇ ਭੇਤ ਮੀਆਂ।
ਸ਼ਾਹ ਮੁਹੰਮਦਾ ਜਾਣਦਾ ਜਗ ਸਾਰਾ,
ਕੋਈ ਸੂਰਮੇ ਆਵਣਗੇ ਖੇਤ ਮੀਆਂ।

-ਸ਼ਾਹ ਮੁਹੰਮਦ

ਪੰਜਾਬੀ ਕਾਫ਼ੀ ਪਰੰਪਰਾ

ਸ਼੍ਰੀ ਲੇਖਰਾਜ ਪਰਵਾਨਾ

ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਆਮ ਸੰਸਾਰ ਸਾਹਿੱਤਾਂ ਵਾਂਗ ਕਾਵਿ ਦੀ ਪ੍ਰਧਾਨਤਾ ਰਹੀ ਹੈ ਅਤੇ ਕਾਵਿ ਦਾ ਪ੍ਰਧਾਨ ਵਿਸ਼ਾ ਪਿਆਰ ਜਾਂ ਭਗਤੀ ਰਿਹਾ ਹੈ। ਇਸ ਵਿਸ਼ੇ ਦੇ ਪ੍ਰਗਟਾ ਲਈ ਕਵੀਆਂ ਨੇ ਭਿੰਨ-ਭਿੰਨ ਕਾਵਿ-ਰੂਪਾਂ ਦੀ ਸਿਰਜਨਾ ਕੀਤੀ। ਕਾਵਿ-ਰੂਪਾਂ ਦੀ ਸਿਰਜਨਾ ਦਾ ਆਧਾਰ ਮਾਨਸਿਕ ਜਾਂ ਆਤਮਿਕ ਲਹਿਰਾਂ ਦੀ ਗਤੀ ਅਨੁਸਾਰ ਰਿਹਾ। ਜਿੰਨੀ-ਜਿੰਨੀ ਪ੍ਰਬਲਤਾ ਵਲਵਲਿਆਂ ਵਿਚ ਰਹੀ, ਜਿੰਨੀ-ਜਿੰਨੀ ਤੀਖਣਤਾ ਵਿਚਾਰਾਂ ਵਿਚ ਵਿਦਮਾਨ ਰਹੀ, ਉਸੇ ਪ੍ਰਕਾਰ ਸਥਿਤੀ, ਵਾਯੂ-ਮੰਡਲ, ਸਾਮਿਅਕ ਕੀਮਤਾਂ ਅਤੇ ਵਿਚਾਰਧਾਰਾਵਾਂ ਦੀ ਆਧਾਰਸ਼ਿਲਾ ਅਤੇ ਬੁਨਿਆਦ ਉਸਰੀ। ਜਿੰਨੀ ਕਿਸੇ ਦੇ ਪਿਆਰ ਦੀ ਗਹਿਨਤਾ, ਵਿਛੋੜੇ ਦੇ ਅਕਹਿ ਸੱਲ, ਵਸਲ ਦੀ ਅਸੀਮ ਪ੍ਰਸੰਨਤਾ ਦੀ ਸੀਮਾ ਉੱਚ ਪੱਧਰ ਦੀ ਹੋਵੇਗੀ, ਉਨੀ ਹੀ ਉਸ ਅਵਸਥਾ ਵਿਚੋਂ ਨਿਕਲੇ ਹੋਏ ਸ਼ਬਦਾਂ ਦੀ ਦੁਨੀਆ ਵੀ ਆਪਣੇ ਨਿੱਜਤਵ ਨੂੰ ਉਘਾੜਦੀ ਹੋਵੇਗੀ। ਇਸੇ ਪ੍ਰਕਾਰ ਜੇ ਕਰ ਪਿਆਰ ਜਾਂ ਭਗਤੀ ਵਿਚ ਓਪਰਾਪਨ, ਸਿਥਲਤਾ, ਕੱਚਿਆਈ ਜਾਂ ਪ੍ਰੌੜ੍ਹਤਾ ਦੀ ਕਮੀ ਹੋਵੇਗੀ, ਤਾਂ ਨਿਰਸੰਦੇਹ ਪ੍ਰਭਾਵ ਨੂੰ ਪ੍ਰਗਟਾਉਣ ਲਈ ਸ਼ਬਦ-ਚੋਣ ਵੀ ਉਸੇ ਤਰ੍ਹਾਂ ਦੀ ਹੀ ਹੋਵੇਗੀ। ਜਿਸ ਤਰ੍ਹਾਂ ਦੀ ਅਵਸਥਾ ਕਿਸੇ ਕਵੀ ਦੀ ਰਹੀ, ਉਸ ਨੇ ਉਸੇ ਪ੍ਰਭਾਵ ਦੀ ਰੌਸ਼ਨੀ ਵਿਚ ਆਪਣੇ ਜਜ਼ਬਾਤ ਦਾ ਪ੍ਰਗਟਾ ਕੀਤਾ। ਜਜ਼ਬਾਤ ਜਾਂ ਵਿਚਾਰਾਂ ਦੀ ਮਾਰਮਿਕਤਾ ਦੀ ਗਤੀ ਦੇ ਬਲ ਅਨੁਸਾਰ ਕਾਵਿ-ਰੂਪਾਂ ਦੀ ਸਿਰਜਨਾ ਹੁੰਦੀ ਰਹੀ। ਜਦੋਂ ਬਹੁਤ ਸਾਰੇ ਕਾਵਿ-ਰੂਪ ਹੋਂਦ ਵਿਚ ਆ ਗਏ ਤਾਂ ਪਿੰਗਲ ਦੇ ਰੂਪ ਵਿਚ (Grammer of Poetics) ਪ੍ਰਗਟ ਹੋ ਗਏ। ਹਰਸ਼-ਸੋਗ ਦੀਆਂ ਲਹਿਰਾ ਦੀ ਉਤਰਾਈ ਚੜ੍ਹਾਈ ਜਿਥੇ ਸ਼ਬਦਾਂ ਰਾਹੀਂ ਆਪਣੀ ਹੋਂਦ ਨੂੰ ਪ੍ਰਗਟ ਕਰਦੀ ਹੈ, ਉਥੇ ਉਸੇ ਅਵਸਥਾ ਵਿਚੋਂ ਪੈਦਾ ਹੋਈ ਗੀਤਾਤਮਕ ਸਥਿਤੀ ਨੂੰ ਵੀ ਉੱਦੀਪਤ ਕਰਦੀ ਹੈ। ਸੰਗੀਤ ਅਤੇ ਸ਼ਬਦ ਦੋਵੇਂ ਇਕ ਦੂਜੇ ਦੇ ਸਮਭਾਵੀ ਅਤੇ ਹਾਣੀ ਮਿੱਤਰ ਰਹੇ ਹਨ। ਦੋਵੇਂ ਇਕ ਦੂਜੇ ਨੂੰ ਸੁੰਦਰ ਤੇ ਸਡੌਲ ਜੀਵਨ-ਕਾਇਆ ਬਖ਼ਸ਼ਦੇ ਹਨ। ਸੰਗੀਤ ਅਤੇ ਕਾਵਿ ਦੋਹਾਂ ਦੀ ਚੋਲੀ ਦਾਮਨ ਦਾ ਸੰਬੰਧ ਹੈ। ਭਾਵੇਂ ਅੱਜ ਦਾ ਇਨਸਾਨ ਸੰਗੀਤ ਅਤੇ ਕਾਵਿ ਨੂੰ ਦੋ ਵੱਖ-ਵੱਖ ਖੇਤਰ ਸਮਝਦਾ ਹੈ ਤੇ ਹਰ ਇਕ ਦੀ ਸੁਤੰਤਰਤਾ ਨੂੰ ਸ੍ਵੀਕਾਰ ਵੀ ਕਰਦਾ ਹੈ, ਪਰ ਜਦ ਤਕ ਕਾਵਿ ਵਿਚ ਸੁਰ-ਤਾਲ ਨਾ ਹੋਵੇ ਉਹ ਕਾਵਿ ਨਹੀਂ ਬਣਦਾ ਅਤੇ ਜਦ ਤਕ ਸੰਗੀਤ ਕੋਲ ਕਾਵਿਕ ਸ਼ਬਦਾਂ ਦੀ ਪੂੰਜੀ ਨਾ ਹੋਵੇ, ਸੰਗੀਤ ਜੀਵਨ ਤੱਤ ਨਹੀਂ ਬਣਦਾ। ਦੋਵੇਂ ਇਕ ਦੂਜੇ ਦੀ ਅਮਰਤਾ (immortality) ਦੀ ਆਯੂ ਸੀਮਾ ਵਧਾਉਂਦੇ ਹਨ। ਜਦ ਤਕ ਸੰਗੀਤ ਨੂੰ ਮਾਨਵੀ ਹਿਰਦੇ ਦੀ ਸ਼ਾਬਦਿਕ ਸਾਂਝ ਨਹੀਂ ਮਿਲਦੀ, ਤਦ ਤਕ ਉਹ ਜਿੰਦਹੀਣ ਰਹਿੰਦਾ ਹੈ। ਨਿਰਾ ਸੁਰ ਜੀਵਨ ਉਸਾਰੀ ਵਿਚ ਪਾਤਰ ਸਿੱਧ ਨਹੀਂ ਹੁੰਦਾ, ਬਲਕਿ ਵਲਵਲਿਆਂ ਦੇ ਸਿਤਾਰੇ ਸ਼ਬਦ ਅਤੇ ਭਾਵ ਹੀ ਜੀਵਨ ਉਸਾਰੀ ਲਈ ਉੱਚ ਕੋਟੀ ਦੇ ਪਾਤਰ ਸਿੱਧ ਹੁੰਦੇ ਹਨ। ਜਿੰਨੇ ਮਰਜ਼ੀ ਸਾਜ਼ਾਂ ਦੇ ਸੁਰ ਸੁਣੀ ਜਾਓ, ਪਰ ਜਦ ਤਕ ਸੁਰਾਂ ਨਾਲ ਵਲਵਲੇ ਸ਼ਬਦਾਂ ਦੇ ਮਾਧਿਅਮ ਰਾਹੀਂ ਨਹੀਂ ਰਲਦੇ, ਤਦ ਤਕ ਉਹ ਸੁਰ ਅਧੂਰਾ ਜੇਹਾ ਜਾਪਦਾ ਹੈ। ਸੁਰ ਤੇ ਸ਼ਬਦਾਂ ਨੂੰ ਕਾਇਮ ਰੱਖਣ ਲਈ ਸਰੋਦੀ ਕਾਵਿ ਜਾਂ ਸੰਗੀਤਪੂਰਨ ਕਾਵਿ ਦਾ ਹੋਣਾ ਜ਼ਰੂਰੀ ਹੈ। ਪੂਰਵ ਨਾਨਕ ਕਾਲ ਅਤੇ ਉੱਤਰ ਨਾਨਕ ਕਾਲ ਦੇ ਕਵੀ ਸੰਗੀਤ ਅਤੇ ਕਾਵਿ ਦੇ ਮੇਲ ਤੋਂ ਚੰਗੀ ਤਰ੍ਹਾਂ ਵਾਕਿਫ਼ ਸੁਨ ਅਤੇ ਦੋਹਾਂ ਦੇ ਮੇਲ ਤੋਂ ਹੀ ਉਹ ਆਪਣੀਆਂ ਕਾਵਿਕ ਰਚਨਾਵਾਂ ਦੀ ਸਿਰਜਨਾ ਕਰਦੇ ਸਨ। ਵੇਦ, ਉਪਨਿਸ਼ਦ, ਰਾਮਾਇਣ, ਮਹਾਂਭਾਰਤ, ਗੀਤਾ, ਮਨੂ ਸਮ੍ਰਿਤੀ ਆਦਿ ਸਭ ਦੀ ਉਸਾਰੀ ਸੁਰ, ਲੈ ਅਤੇ ਸ਼ਬਦਾਂ (ਵਿਚਾਰਾਂ) ਦੀ ਸਾਂਝ ਨਾਲ ਹੀ ਹੋਈ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਸਾਰਾ ਕਾਵਿ-ਸੰਸਾਰ ਹੀ ਸੰਗੀਤ ਦੀ

ਮਾਰਮਿਕਤਾ ਵਿਚ ਵਿਕਸਦਾ ਹੈ, ਭਾਵਾਂ ਅਤੇ ਵਿਚਾਰਾਂ ਨੂੰ ਸੰਗੀਤਕ ਕੁਠਾਲੀ ਵਿਚ ਪੇਸ਼ ਕੀਤਾ ਗਿਆ ਹੈ। ਕਾਵਿ ਤਾਂ ਭਾਵਾਂ ਦੀ ਖੇਡ ਹੈ ਪਰ ਹੁਣ ਵਿਚਾਰਾਂ ਨੂੰ ਵੀ ਕਾਵਿ-ਆਤਮਾ ਦਾ ਅੰਗ ਮੰਨ ਲਿਆ ਗਿਆ ਹੈ। ਫਿਰ ਵੀ ਜਿਹੜੀ ਕਵਿਤਾ ਛੰਦ-ਬੱਧ ਹੋਵੇਗੀ, ਉਸ ਦੀ ਪਰਪੱਕਤਾ ਅਤੇ ਸਦੀਵਤਾ ਛੰਦ-ਰਹਿਤ ਕਵਿਤਾ ਦੇ ਮੁਕਾਬਲੇ ਉੱਤੇ ਵੱਧ ਆਯੂ ਰਖਦੀ ਹੈ। ਬਾਬਾ ਫ਼ਰੀਦ ਦੇ ਸ਼ਲੋਕ, ਸ਼ਾਹ ਹੁਸੈਨ ਤੇ ਬੁਲ੍ਹੇਸ਼ਾਹ ਦੀਆਂ ਕਾਫ਼ੀਆਂ, ਵਾਰਿਸ ਸ਼ਾਹ ਦੀ ਹੀਰ ਦਾ ਬੈਂਤ ਤੇ ਕਾਦਰਯਾਰ ਦੇ ਕਿੱਸੇ, ਫ਼ਜ਼ਲ ਸ਼ਾਹ ਦੀ 'ਸੋਹਣੀ' ਅਤੇ ਮਿਰਜ਼ੇ ਦੀਆਂ ਸੱਦਾਂ ਆਪ ਮੁਹਾਰੇ ਹਰ ਕਿਸੇ ਦੀ ਜ਼ਿਹਨ ਵਿਚ ਮੱਲੋ ਮੱਲੀ ਉਤਰ ਜਾਂਦੀਆਂ ਹਨ ਤੇ ਨਵੀਆਂ ਨਰੋਈਆਂ ਲਗਦੀਆਂ ਹਨ। ਕਿੰਨੇ ਕੁ ਲੋਕ ਹਨ ਜੋ ਛੰਦ-ਰਹਿਤ ਕਵਿਤਾ ਨੂੰ ਯਾਦ ਰਖ ਸਕਦੇ ਹਨ? ਛੰਦ-ਰਹਿਤ ਕਵਿਤਾ ਦੀ ਰਚਨਾ ਦਾ ਵਤੀਰਾ ਜਿਥੇ ਕਾਵਿ-ਲੋਕ ਦੀ ਆਭਾ ਨੂੰ ਖ਼ਰਾਬ ਕਰਦਾ ਹੈ, ਉਥੇ ਵਾਰਤਕ ਖੇਤਰ ਵਿਚ ਸੋਕਾ (draught) ਪੈਦਾ ਕਰਨ ਦਾ ਜ਼ਿੰਮੇਵਾਰ ਵੀ ਹੈ। ਉਹ ਆਪਣੇ ਵਿਚਾਰ ਨਸਰ (prose) ਵਿਚ ਕਹਿ ਸਕਦਾ ਹੈ। ਜੇਕਰ ਕਵੀ ਬਣਨ ਦਾ ਸ਼ੌਕ ਹੋਵੇ ਤਾਂ ਕਾਵਿਕ ਯੰਤ੍ਰਾਵਲੀ (poetic instrumentality) ਵਿਚ ਵਿਸ਼ੇਸ਼ਗਤਾ ਪ੍ਰਾਪਤ ਕਰੇ। ਦੋਹਾਂ ਖੇਤਰਾਂ ਨੂੰ ਚੀਰ ਕੇ ਤੀਜਾ ਖੇਤਰ ਪੈਦਾ ਕਰਨਾ ਕੀ ਜ਼ਰੂਰੀ ਹੈ? ਛੰਦ-ਰਹਿਤ ਕਵਿਤਾ ਤਾਂ ਇਕ ਛਿਣ-ਭੰਗਰ ਅਨੁਭਵ ਹੁੰਦਾ ਹੈ, ਜਿਸ ਦੀ ਹੋਂਦ ਪਾਣੀ ਦੇ ਬੁਲਬੁਲੇ ਵਰਗੀ ਹੁੰਦੀ ਹੈ।

ਪੰਜਾਬੀ ਕਾਵਿ-ਜਗਤ ਵਿਚ ਕਾਫ਼ੀ ਦੀ ਹੋਂਦ ਵੀ ਲਗਭਗ ਉਤਨੀ ਹੀ ਪੁਰਾਣੀ ਹੈ ਜਿੰਨੀ ਬਾਕੀ ਕਾਵਿ-ਕਾਇਆ ਦੀ। ਕਾਫ਼ੀ ਇਕ ਕਾਵਿ ਰੂਪ ਹੈ, ਜਿਸ ਨੂੰ ਭਿੰਨ-ਭਿੰਨ ਰਾਗਾਂ ਵਿਚ ਕਾਫ਼ੀ ਸਿਰਜਨਾ ਨੇ ਅੰਕਿਤ ਕੀਤਾ ਹੈ। ਕਾਫ਼ੀ ਸਭ ਤੋਂ ਪਹਿਲਾਂ ਇਕ ਕਾਵਿ ਰੂਪ ਹੈ ਤੇ ਬਾਅਦ ਵਿਚ ਵਿਕਸਿਤ ਹੋ ਕੇ ਰਾਗ ਬਣ ਜਾਂਦੀ ਹੈ। ਇਸੇ ਤਰ੍ਹਾਂ ਜਿਵੇਂ "ਰਾਂਝਾ ਰਾਂਝਾ ਕਰਦੀ ਨੀ ਮੈਂ ਆਪੂੰ ਰਾਂਝਾ ਹੋਈ" ਹੈ, ਇਸੇ ਤਰ੍ਹਾਂ ਇਕ ਕਾਵਿ ਰੂਪ ਨੂੰ ਰਾਗ ਸ਼੍ਰੇਣੀ ਵਿਚ ਮੰਨ ਲਿਆ ਗਿਆ ਹੈ। ਕਾਫ਼ੀ ਕਾਵਿ-ਰਚਨਾ ਦਾ ਸਰੂਪ ਪਹਿਲਾਂ ਹੈ ਤੇ ਕਿਸ ਰਾਗ ਵਿਚ ਇਹ ਗਾਈ ਜਾਣੀ ਹੈ ਜਾਂ ਗਾਈ ਜਾਂਦੀ ਹੈ, ਇਹ ਦੂਜੀ ਸਥਿਤੀ ਦੀ ਗੱਲ ਹੈ। ਕਾਫ਼ੀ ਪ੍ਰੇਮ-ਭਗਤੀ ਦੇ ਖੇਤਰ ਵਿਚੋਂ ਜਨਮ ਲੈਂਦੀ ਹੈ ਅਤੇ ਕਾਵਿ-ਰੂਪ ਦਾ ਸ਼ਰੀਰ ਲੈ ਕੇ ਜਵਾਨ ਹੁੰਦੀ ਹੈ ਅਤੇ ਸੰਗੀਤ ਮੰਡਲ ਦੀ ਸੁੰਦਰਤਾ ਵਿਚ ਪ੍ਰਵਾਨ ਚੜ੍ਹਦੀ ਹੈ। ਕਾਫ਼ੀ 'ਕੈਫ਼ੀਅਤ' ਦੇ ਖੇਤਰ ਵਿਚੋਂ ਪੈਦਾ ਹੋਈ ਕਿਸੇ 'ਕੈਫ਼ੀ' ਦੇ ਹਿਰਦੇ ਦੀ ਪੀੜ ਜਾਂ ਖ਼ੁਸ਼ੀ ਦਾ ਸੰਗੀਤਾਤਮਕ ਪ੍ਰਗਟਾਵਾ (Musical Expression) ਹੈ। ਕਾਫ਼ੀ ਪ੍ਰੇਮ ਅਤੇ ਭਗਤੀ ਰਹੱਸ ਦੀ ਸੁੰਦਰਤਾ ਅਤੇ ਤੀਬਰਤਾ ਨੂੰ ਰੁਸ਼ਨਾਉਣ ਦਾ ਇਕ ਹਿਰਦੇਬੇਧਕ ਸਾਧਨ ਹੈ ਜਿਸ ਰਾਹੀਂ ਉਪਦੇਸ਼ ਵੀ ਮਿਲਦਾ ਹੈ, ਆਦਰਸ਼ ਵੀ, ਸੰਗੀਤਕ ਹੁਲਾਸ ਵੀ ਅਤੇ ਆਤਮਿਕ ਸ਼ਾਂਤੀ ਵੀ।

ਕਾਫ਼ੀ ਦੀ ਪਰਿਭਾਸ਼ਾ ਦਿੰਦਿਆਂ ਵੱਖ-ਵੱਖ ਵਿਦਵਾਨਾਂ ਨੇ ਵੱਖ-ਵੱਖ ਪ੍ਰਕਾਰ ਦੇ ਲੱਛਣ ਪੇਸ਼ ਕੀਤੇ ਹਨ, ਜੋ ਸੰਪੂਰਨ ਨਹੀਂ ਹਨ। ਉਹ ਸਮੁੱਚੀ ਸਥਿਤੀ ਤੇ ਰੂਪ ਨੂੰ ਪ੍ਰਗਟ ਨਹੀਂ ਕਰਦੇ, ਬਲਕਿ ਕਿਸੇ ਨਾ ਕਿਸੇ ਵਿਅਕਤੀਗਤ ਅੰਗ ਨੂੰ ਨਰੂਪਿਤ ਕਰਦੇ ਹਨ। ਉਦਾਹਰਣ ਵਜੋਂ ਪ੍ਰਿੰਸੀਪਲ ਤੇਜਾ ਸਿੰਘ ਦਾ ਕਥਨ ਹੈ ਕਿ ਕਾਫ਼ੀ ਦਾ ਭਾਵ ਹੈ 'ਵਾਰ ਵਾਰ ਆਉਣਾ'[1] ਹੋ ਸਕਦਾ ਹੈ ਉਨ੍ਹਾਂ ਦਾ ਭਾਵ ਕਾਫ਼ੀ ਦੇ ਮੁਖੜੇ ਨੂੰ ਵਾਰ-ਵਾਰ ਦੁਹਰਾਉਣ ਤੋਂ ਹੋਵੇ, ਜਿਵੇਂ ਕਵਾਲੀ ਗਾਈ ਜਾਂਦੀ ਹੈ। ਕਾਫ਼ੀ ਦੇ ਮੁੱਢਲੇ ਸ਼ਬਦ (ਤੁਕ) ਬਾਕੀ ਦੇ ਕਾਵਿਕ ਭਾਵ ਉਚਾਰਨ ਜਾਂ ਗਾਉਣ ਤੋਂ ਬਾਅਦ ਫਿਰ ਦੁਹਰਾਏ ਜਾਂਦੇ ਹਨ, ਜਿਵੇਂ :

ਜਿਧਰ ਦੇਖਾਂ ਯਾਰੋ ਯਾਰ, ਇਸ਼ਕ ਦੀ ਨਵੀਉਂ ਨਵੀਂ ਬਹਾਰ।
ਜਦ ਮੈਂ ਸਬਕ ਇਸ਼ਕ ਦਾ ਪੜ੍ਹਿਆ।
ਮਸਜਦ ਕੋਲੋਂ ਜਿਊੜਾ ਡਰਿਆ।
ਭੱਜ ਭੱਜ ਠਾਕਰਦੁਆਰੇ ਵੜਿਆ।.....
ਇਸ਼ਕ ਦੀ ਨਵੀਉਂ ਨਵੀਂ ਬਹਾਰ।.....

ਕਾਫ਼ੀ-ਕਾਫ਼ੀ ਦੇਰ ਤਕ ਸਰੋਤੇ ਅਤੇ ਕਾਫ਼ੀ-ਗਾਇਕ ਦੇ ਸਾਥੀ ਪਹਿਲੀਆਂ ਤੁਕਾਂ ਨੂੰ ਦੁਹਰਾਈ ਜਾਂਦੇ ਹਨ ਤੇ ਨਵੀਆਂ-ਨਵੀਆਂ ਸੰਗੀਤਕ ਕਲਾਬਾਜ਼ੀਆਂ ਲਾ ਕੇ ਮੁੜ ਪਹਿਲੀਆਂ ਤੁਕਾਂ ਨੂੰ ਦੁਹਰਾ ਕੇ ਫਿਰ ਅਗਲਾ ਪੈਰਾ

ਜਾਂ ਸਤਰਾਂ ਪੜ੍ਹੀ ਤੇ ਗਾਏ ਜਾਂਦੇ ਹਨ। ਪਰ 'ਕਾਫ਼ੀ' ਵਾਸਤੇ ਕਾਫ਼ੀਕਾਰ ਨੇ ਰਾਗ ਦਾ ਸੁਝਾਉ ਦਿੱਤਾ ਹੈ ਕਿ ਕਾਫ਼ੀ ਕਿਹੜੇ ਰਾਗ ਵਿਚ ਗਾਉਣੀ ਹੈ। ਪ੍ਰਿੰ. ਤੇਜਾ ਸਿੰਘ ਨੇ 'ਕਾਫ਼ੀ' ਦੀ ਪਛਾਣ ਦੱਸੀ ਹੈ ਕਿ ਉਹ ਗੀਤ ਜਾਂ ਕਵਿਤਾ ਜਿਸ ਦਾ ਮੁਖੜਾ ਬਾਕੀ ਦੇ ਕਾਵਿਕ ਵਲਵਲਿਆਂ ਤੋਂ ਬਾਅਦ ਦੁਹਰਾਇਆ ਜਾਂਦਾ ਹੈ, ਉਹ 'ਕਾਫ਼ੀ' ਹੈ। 'ਕਾਫ਼ੀ' ਤਾਂ ਇਕ ਛੰਦ ਹੈ ਜੋ ਰਾਗਮਾਲਾ ਅਨੁਸਾਰ ਮਾਤ੍ਰਾਵਾਂ ਦੀ ਤਬਦੀਲੀ ਸ੍ਵੀਕਾਰ ਕਰਦਾ ਰਹਿੰਦਾ ਹੈ। ਇਸੇ ਕਰਕੇ ਭਿੰਨ-ਭਿੰਨ ਮਾਤ੍ਰਾਵਾਂ ਦੀ ਬੁਣਤੀ ਵਾਲੀ 'ਕਾਫ਼ੀ' ਭਿੰਨ-ਭਿੰਨ ਰਾਗਾਂ ਵਿਚ ਗਾਉਣ ਲਈ ਸੁਝਾਈ ਗਈ ਹੈ। ਉਕਤ ਵਿਚਾਰ 'ਕਾਫ਼ੀ' ਦੀ ਪਰਿਭਾਸ਼ਾ ਨੂੰ ਨਹੀਂ ਪ੍ਰਗਟਾਂਦਾ।

ਇਸੇ ਤਰ੍ਹਾਂ ਡਾ. ਮੋਹਨ ਸਿੰਘ 'ਕਾਂਫ਼ੀ' ਨੂੰ ਇਕ 'ਰਾਗਨੀ' ਮੰਨਦੇ ਹਨ।[2] ਕਾਫ਼ੀ ਇਕ ਰਾਗਨੀ ਕਿਵੇਂ ਹੋ ਸਕਦੀ ਹੈ? ਕਾਫ਼ੀ ਤਾਂ ਇਕ ਛੰਦ-ਪ੍ਰਬੰਧ ਹੈ ਜਿਸ ਨੂੰ ਗਾਇਆ ਜਾਂਦਾ ਹੈ ਭਿੰਨ-ਭਿੰਨ ਰਾਗਾਂ ਵਿਚ। ਮੰਨ ਲਓ ਇਹ ਪੂਰੇ ਰਾਗ ਦੀ ਸੀਮਾ ਵਿਚ ਨਹੀਂ ਆਉਂਦੀ ਪਰ ਇਸ ਨੂੰ ਰਾਗਨੀ ਦੀ ਸੀਮਾ ਵਿਚ ਆਉਂਦੀ ਮੰਨਿਆ ਜਾ ਸਕਦਾ ਹੈ। ਇਸ ਦਾ ਅਰਥ ਇਹ ਬਿਲਕੁਲ ਨਹੀਂ ਬਣਦਾ ਕਿ ਇਸ ਨੂੰ ਰਾਗਨੀ ਕਿਹਾ ਜਾਵੇ। ਇਹ ਤਾਂ ਇਸ ਤਰ੍ਹਾਂ ਦੀ ਗੱਲ ਹੈ ਜਿਵੇਂ ਸਿਤਾਰ ਵਜਾਉਣ ਵਾਲੀ ਨੂੰ ਸਿਤਾਰ ਕਹਿ ਦਿੱਤਾ ਜਾਵੇ। ਕਾਫ਼ੀ ਇਕ ਉਹ ਕਾਵਿ ਛੰਦ ਹੈ ਜਿਸ ਨੂੰ ਰਾਗਨੀ ਰਾਹੀਂ ਗਾਇਆ ਜਾਣਾ ਮੰਨਿਆ ਜਾ ਸਕਦਾ ਹੈ। ਸੋ ਇਹ ਪਰਿਭਾਸ਼ਾ ਵੀ ਪੂਰਨ ਨਹੀਂ ਹੈ।

ਡਾ. ਚਰਨ ਸਿੰਘ ਨੇ 'ਸਿੰਧੜੇ'[3] ਨੂੰ 'ਕਾਫ਼ੀ' ਮੰਨਿਆ ਹੈ। ਪਰ ਇਹ ਸਿੰਧੜਾ ਨਹੀਂ ਹੈ। ਉਨ੍ਹਾਂ ਉੱਜ ਤਾਂ ਖ਼ੁਦ ਹੀ ਇਸੇ ਤਰਕ ਨੂੰ ਝੁਠਲਾ ਦਿੱਤਾ ਹੈ।

ਪੰਡਿਤ ਤਾਰਾ ਸਿੰਘ ਨਰੋਤਮ ਨੇ 'ਗੁਰੂ ਗ੍ਰੰਥ ਕੋਸ਼' ਵਿਚ 'ਤਿਲੰਗ ਰਾਗਨੀ' ਦਾ ਨਾਂ ਕਾਫ਼ੀ ਦੱਸਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਵੀ 'ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼' ਵਿਚ ਕਾਫ਼ੀ ਨੂੰ ਰਾਗਨੀ ਦੱਸਿਆ ਹੈ ਅਤੇ ਨਾਲ ਹੀ ਗੀਤ ਧਾਰਨਾ ਵੀ ਦੱਸਿਆ ਹੈ। ਇਹ ਕਾਫ਼ੀ ਨਾਟ ਦੀ ਇਕ ਸੰਪੂਰਨ ਰਾਗਨੀ ਹੈ। ਇਸ ਨੂੰ ਗਾਂਧਾਰ ਸ਼ੁੱਧ ਅਤੇ ਕੋਮਲ ਦੋਵੇਂ ਲੱਗਦੇ ਹਨ। ਨਿਸ਼ਾਦ ਕੋਮਲ ਅਤੇ ਬਾਕੀ ਸਾਰੇ ਸ਼ੁੱਧ ਸੁਰ ਹਨ। ਪੰਚਮਵਾਦੀ ਅਤੇ ਖੜਜ ਸੰਵਾਦੀ ਹੈ। ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ। ਅੱਗੇ ਜਾ ਕੇ ਲਿਖਿਆ ਹੈ–"ਅਰਬੀ ਵਿਚ ਕਾਫ਼ੀ ਦਾ ਅਰਥ ਹੈ ਪਿੱਛੇ ਚੱਲਣ ਵਾਲਾ, ਅਨੁਚਰ, ਅਨੁਗਾਮੀ, ਛੰਦ ਦਾ ਉਹ ਪਦ ਜੋ ਸਥਾਈ (ਰਹਾਉ) ਹੋਵੇ, ਜਿਸ ਪਿੱਛੇ ਹੋਰ ਤੁਕਾਂ ਗਾਉਣ ਸਮੇਂ ਜੋੜੀਆਂ ਜਾਣ ਅਤੇ ਮੁੜ-ਮੁੜ ਗੀਤ ਦੇ ਤਾਲ ਵਿਸਰਾਮ ਪੁਰ ਆਵੇ, ਸੋ ਕਾਫ਼ੀ ਹੈ।" ਇਹ ਛੰਦ ਦੀ ਖ਼ਾਸ ਜਾਤਿ ਨਹੀਂ ਹੈ। ਸੂਫ਼ੀ ਫ਼ਕੀਰ ਜੋ ਪ੍ਰੇਮ ਰਸ ਭਰੇ ਪਦ ਗਾਇਆ ਕਰਦੇ ਹਨ ਅਤੇ ਜਿਨ੍ਹਾਂ ਪਿੱਛੇ ਸਾਰੀ ਮੰਡਲੀ ਮੁਖੀਏ ਦੇ ਕਹੇ ਪਦ ਨੂੰ ਦੁਹਰਾਉਂਦੀ ਹੈ, ਉਹ ਕਾਫ਼ੀ ਨਾਮ ਤੋਂ ਪ੍ਰਸਿੱਧ ਹਨ। ਕਈਆਂ ਨੇ ਤਾਟੰਕ ਛੰਦ ਦੀ ਚਾਲ ਨੂੰ ਹੀ ਕਾਫ਼ੀ ਦਾ ਸਰੂਪ ਦੱਸਿਆ ਹੈ, ਪਰ ਇਹ ਸਹੀ ਨਹੀਂ ਕਿਉਂਕਿ ਕਾਫ਼ੀ ਪੂਰਨ ਛੰਦ ਨਹੀਂ ਹੈ। ਕਿੰਤੂ ਗਾਉਣ ਦਾ ਇਕ ਢੰਗ ਹੈ।

ਰੈਵਰੈਂਡ ਜਰਵੀਏਅਰ ਨੇ ਕਾਫ਼ੀ ਨੂੰ ਇਕ ਖਾਸ ਕਿਸਮ ਦਾ ਗੀਤ ਕਿਹਾ ਹੈ।[4] ਜੀਊਕਸ ਨੇ ਕਾਫ਼ੀ ਨੂੰ 'ਏ ਸਾਨਿਟ ਸਟੈਂਜਾ' ਕਿਹਾ ਹੈ।[5] ਹਿੰਦੀ ਵਿਸ਼ਵ-ਕੋਸ਼ ਵਿਚ ਕਾਫ਼ੀ ਨੂੰ ਇਕ ਵਿਸ਼ੇਸ਼ ਰਾਗ ਕਿਹਾ ਹੈ ਜਿਸ ਵਿਚ ਗਾਧਾਰ ਲੱਗਦਾ ਹੈ। ਇਸ ਦੇ ਕਈ ਭੇਦ ਹਨ, ਜਿਵੇਂ ਕਾਫ਼ੀ, ਕਾਨ੍ਹੜਾ, ਕਾਫ਼ੀ ਟੋਡੀ, ਕਾਫ਼ੀ ਹੋਲੀ ਆਦਿ। 'ਲੁਗਾਤਿ ਕਿਸ਼ਵਰੀ' ਵਿਚ ਕਾਫ਼ੀ ਨੂੰ ਰਾਗਨੀ ਲਿਖਿਆ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਨੇ 'ਚੋਣਵੀਆਂ ਕਾਫ਼ੀਆਂ' ਦੀ ਭੂਮਿਕਾ ਵਿਚ ਕਾਫ਼ੀ ਦੀ ਪਰਿਭਾਸ਼ਾ ਬਾਰੇ ਨਿਰਣਾ ਦਿੰਦੇ ਹੋਏ ਇਉਂ ਆਖਿਆ ਹੈ :

> "ਕਾਫ਼ੀ ਇਕ ਸਰੋਦੀ ਰਚਨਾ ਹੈ ਜੋ ਕਵੀ ਗਾਉਣ ਲਈ ਰਚਦਾ ਹੈ। ਇਹ ਕਿਸੇ ਵੀ ਰਾਗ ਵਿਚ ਗਾਈ ਜਾ ਸਕਦੀ ਹੈ। ਇਹ ਇਕ ਕਾਵਿ-ਭੇਦ ਹੈ। ਇਹਦੇ ਲਈ ਕੋਈ ਵੀ ਵਿਸ਼ੇਸ਼ ਛੰਦ ਨਿਯਤ ਨਹੀਂ ਕੀਤਾ ਜਾ ਸਕਦਾ। ਇਹ ਕਈ ਪ੍ਰਕਾਰ ਦੇ ਛੰਦਾਂ ਵਿਚ ਲਿਖੀ ਜਾ ਸਕਦੀ ਹੈ ਪਰ ਤੋਲ-ਬਧ ਅਤੇ ਛੰਦ-ਬਧ ਹੁੰਦਿਆਂ ਇਹਦਾ ਸੰਗੀਤ-ਬਧ ਹੋਣਾ ਵੀ ਜ਼ਰੂਰੀ ਹੈ। ਕਾਫ਼ੀ ਨੂੰ ਲਿਖਣ ਅਤੇ ਗਾਉਣ ਵਾਲੇ ਕੈਫ਼ੀ (ਨਸ਼ੇ ਵਿਚ ਗੜ੍ਹੁੰਦ) ਲੋਕ ਹਨ ਜੋ ਕੈਫ਼ੀਅਤ ਦੀ ਦਸ਼ਾ ਵਿਚ ਇਸ ਨੂੰ ਰਚਦੇ ਅਤੇ ਗਾਉਂਦੇ ਹਨ, ਇਸ ਲਈ ਕਾਫ਼ੀ ਸ਼ਬਦ ਦਾ ਨਿਕਾਸ 'ਕੈਫ਼ੀ' ਸ਼ਬਦ ਵਿਚੋਂ ਹੀ ਮੰਨਣਾ ਠੀਕ ਹੈ ਕਿਉਂਕਿ

ਭਗਤੀ ਰਸ ਵੀ ਇਕ ਨਸ਼ਾ ਹੈ ਜਿਸ ਨਾਲ ਇਕ ਖ਼ੁਮਾਰੀ ਜੇਹੀ ਚੜ੍ਹੀ ਰਹਿੰਦੀ ਹੈ। ਏਸੇ ਨੂੰ ਨਾਮ ਖ਼ੁਮਾਰੀ ਕਿਹਾ ਗਿਆ ਹੈ।"

ਡਾ. ਕੋਹਲੀ ਦੀ ਦਿੱਤੀ ਹੋਈ ਉਕਤ ਰਾਇ ਕਾਫ਼ੀ ਦੀ ਪਰਿਭਾਸ਼ਾ ਅਤੇ ਪਰਿਸੀਮਾ ਨੂੰ ਕਾਫ਼ੀ ਹੱਦ ਤਕ ਉਜਾਗਰ ਕਰਦੀ ਹੈ। ਵਿਦਵਾਨਾਂ ਦੁਆਰਾ ਉਪਰੋਕਤ ਦਿੱਤੇ ਵਿਚਾਰਾਂ ਦਾ ਸਾਰਤੱਤ ਡਾ. ਕੋਹਲੀ ਨੇ ਜਿਸ ਸੰਖੇਪਤਾ ਪਰ ਸੁਖੈਨਤਾ ਨਾਲ ਦਿੱਤਾ ਹੈ, ਉਹ ਕਾਫ਼ੀ ਮੰਨਣਯੋਗ ਹੈ। ਵਾਰਾਂ ਵਾਂਗੂੰ ਕਾਫ਼ੀ ਦੀ ਰਚਨਾ ਵੀ ਚੋਖੀ ਹੁੰਦੀ ਰਹੀ ਹੈ ਤੇ ਕਈ ਤੋਲ-ਤੁਕਾਂਤ ਇਸ ਨੇ ਬਦਲੇ ਹਨ, ਇਸੇ ਕਰਕੇ ਇਸ ਦਾ ਰੂਪਕ ਪੱਖ ਪਰਿਵਰਤਿਤ ਹੁੰਦਾ ਰਿਹਾ ਤੇ ਰੂਪ ਅਨੁਸਾਰ ਹੀ ਹਰ ਕਾਫ਼ੀਕਾਰ ਨੇ ਜਿਸ ਰਾਗ ਵਿਚ ਕੋਈ ਕਾਫ਼ੀ ਗਾਉਣੀ ਹੋਵੇ ਉਸ ਰਾਗ ਦਾ ਵੇਰਵਾ ਵੀ ਨਾਲ ਹੀ ਦਿੱਤਾ ਹੈ। ਕਈਆਂ ਨੇ ਤਾਂ ਕਲਾਸੀਕਲ ਸੰਗੀਤ ਦੀਆਂ ਧਾਰਨਾਵਾਂ ਵੀ ਦਿੱਤੀਆਂ, ਸੁਰਾਂ ਦੀ ਵੰਨਗੀ ਵੱਲ ਸੰਕੇਤ ਵੀ ਕੀਤਾ ਹੈ। ਉੱਤਰ ਪ੍ਰਦੇਸ਼, ਪੰਜਾਬ, ਰਾਜਸਥਾਨ ਵਿਚ ਕਾਫ਼ੀ ਮਿਕਦਾਰ ਵਿਚ ਕਾਫ਼ੀਆਂ ਦੀ ਰਚਨਾ ਹੋਈ ਹੈ ਅਤੇ ਕਾਫ਼ੀਕਾਰਾਂ ਨੇ ਸਥਾਨਿਕ ਲੋੜਾਂ ਅਨੁਸਾਰ ਉਨ੍ਹਾਂ ਦੇ ਰਾਗਾਂ ਬਾਰੇ ਵੀ ਸੰਕੇਤ ਕਰ ਦਿੱਤਾ ਹੈ ਕਿ ਕਾਫ਼ੀਆਂ ਕਿਹੜੇ-ਕਿਹੜੇ ਰਾਗ ਵਿਚ ਗਾਈਆਂ ਜਾਣ। ਸਮੁੱਚੇ ਤੌਰ ਉੱਤੇ ਅਸੀਂ ਕਹਿ ਸਕਦੇ ਹਾਂ ਕਿ ਕਾਫ਼ੀ ਇਕ ਕਾਵਿ-ਰਚਨਾ ਦਾ ਰੂਪ ਹੈ ਜੋ ਸਰੋਦੀ ਹੈ ਅਤੇ ਜਿਸ ਦੀ ਸੰਗੀਤਾਤਮਕਤਾ ਨੂੰ ਕਿਸੇ ਵੀ ਤਰ੍ਹਾਂ ਅਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਪ੍ਰੇਮ ਅਤੇ ਪ੍ਰਭੂ-ਭਗਤੀ ਵਿਚ ਲੀਨ ਲੋਕ ਆਪਣੇ ਮਾਨਸਿਕ ਅਤੇ ਆਤਮਿਕ ਉਦਗਾਰਾਂ ਦਾ ਪ੍ਰਗਟਾਵਾ ਕਾਫ਼ੀ ਛੰਦ ਵਿਚ ਕਰਦੇ ਹਨ ਜੋ ਨਾ ਕੇਵਲ ਗਾਉਣ ਵਾਲੇ ਨੂੰ ਹੀ ਆਨੰਦ ਦਿੰਦੀ ਹੈ, ਬਲਕਿ ਸਰੋਤਾਗਣ ਨੂੰ ਵੀ ਪੂਰਨ ਆਨੰਦ ਦਿੰਦੀ ਹੈ ਅਤੇ ਇਸ ਦੇ ਅਲਾਪ ਸਮੇਂ ਸਰੋਤਾਗਣ ਨੂੰ ਆਪਣੀ ਮਾਨਸਿਕ ਤੇ ਆਤਮਿਕ ਸੁਰਾਂ ਨੂੰ ਸਾਜ਼ਗਾਰ ਕਰਕੇ ਇਕ-ਸੁਰ ਹੋਣਾ ਪੈਂਦਾ ਹੈ ਤੇ ਨਾਲ-ਨਾਲ ਸੰਗੀਤਕ ਹੁੰਗਾਰਾ ਭਰਨਾ ਪੈਂਦਾ ਹੈ।

ਜਿਥੋਂ ਤਕ ਪੰਜਾਬੀ ਸਾਹਿੱਤ ਵਿਚ ਕਾਫ਼ੀ-ਸਾਹਿੱਤ ਦੇ ਉਦਭਵ ਤੇ ਵਿਕਾਸ ਦਾ ਸੰਬੰਧ ਹੈ, ਉਸ ਬਾਰੇ ਅਸੀਂ ਪ੍ਰਮਾਣਿਕ ਉਦਾਹਰਣਾਂ ਦੇ ਆਧਾਰ ਉੱਤੇ ਹੀ ਨਿਸ਼ਚਿਤ ਕਰਾਂਗੇ ਕਿ ਪੰਜਾਬੀ ਸਾਹਿੱਤ ਵਿਚ ਕਾਫ਼ੀ-ਕਾਵਿ ਦੀ ਬੁਨਿਆਦ ਕਦੋਂ ਤੋਂ ਮੰਨੀ ਜਾਵੇ। ਅਰਬੀ ਅਤੇ ਫ਼ਾਰਸੀ ਸਾਹਿੱਤ ਵਿਚ ਕਾਫ਼ੀ ਪਰੰਪਰਾ ਤਾਂ ਚੋਖਾ ਚਿਰ ਪਹਿਲਾਂ ਦੀ ਹੈ, ਪਰ ਪੰਜਾਬੀ ਸਾਹਿੱਤ ਵਿਚ ਇਸ ਦਾ ਆਰੰਭ ਬਾਬਾ ਫ਼ਰੀਦ ਦੀ ਕਾਫ਼ੀ ਤੋਂ ਮਿਲਦਾ ਹੈ। ਸਦੀਆਂ ਤੋਂ ਮਹਾਂਪੁਰਖ ਆਪਣੇ ਦਿਲਾਂ ਦੀ ਧੜਕਣ ਨੂੰ ਕਾਫ਼ੀ ਕਾਵਿ ਵਿਚ ਪ੍ਰਸਤੁਤ ਕਰਦੇ ਰਹੇ ਹਨ। ਗੁਰੂ ਸਾਹਿਬਾਨ ਦੀਆਂ ਕਾਫ਼ੀਆਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਕਾਫ਼ੀਕਾਰਾਂ ਵਿਚ ਸ਼ਾਹ ਹੁਸੈਨ ਅਤੇ ਬੁਲ੍ਹੇਸ਼ਾਹ ਦੇ ਨਾਂ ਬਹੁਤ ਹੀ ਪ੍ਰਸਿੱਧ ਹਨ। ਇਸ ਤੋਂ ਇਲਾਵਾ, ਹਿੰਦੂ ਕਵੀਆਂ ਨੇ ਵੀ ਕਾਫ਼ੀਆਂ ਦੀ ਰਚਨਾ ਕੀਤੀ ਹੈ। ਜੇਕਰ ਅਸੀਂ ਪੰਜਾਬੀ ਕਾਫ਼ੀ ਕਾਵਿ-ਸਾਹਿੱਤ ਦੀ ਪਰੰਪਰਾ ਉੱਤੇ ਝਾਤੀ ਮਾਰੀਏ ਤਾਂ ਅਸੀਂ ਇਸ ਸਿੱਟੇ ਉੱਤੇ ਪੁੱਜਦੇ ਹਾਂ ਕਿ ਕਾਫ਼ੀ ਸਾਹਿੱਤ ਦੀ ਰਚਨਾ ਸ਼ੇਖ ਫ਼ਰੀਦ ਤੋਂ ਵੀ ਪਹਿਲਾਂ ਦੀ ਹੋਵੇਗੀ। ਭਾਵੇਂ ਇਸ ਗੱਲ ਲਈ ਸਾਡੇ ਕੋਲ ਠੋਸ ਸਬੂਤ ਨਹੀਂ ਹਨ, ਪਰ ਜਦੋਂ ਅਸੀਂ ਕਾਫ਼ੀ ਪਰੰਪਰਾ ਦੀ ਪੁਖ਼ਤਗੀ ਅਤੇ ਪਰਪੱਕਤਾ ਦੇਖਦੇ ਹਾਂ ਤਾਂ ਯਕੀਨ ਹੋ ਜਾਂਦਾ ਹੈ ਕਿ ਬਾਬਾ ਫ਼ਰੀਦ ਤੋਂ ਪਹਿਲਾਂ ਵੀ ਕਾਫ਼ੀ-ਸਾਹਿੱਤ ਰਚਿਆ ਜਾਂਦਾ ਰਿਹਾ ਹੈ। ਨਿਰਸੰਦੇਹ ਉਸ ਸਾਹਿੱਤ ਦੀ ਹੁਣ ਉਪਲਬਧੀ ਨਹੀਂ ਹੈ। ਲੋਕਾਂ ਨੂੰ ਸੀਨਾ-ਬ-ਸੀਨਾ ਕਾਫ਼ੀਆਂ ਯਾਦ ਤਾਂ ਹਨ, ਪਰ ਉਨ੍ਹਾਂ ਦੇ ਰਚੈਤਿਆਂ ਬਾਰੇ ਸੰਕੇਤ ਨਹੀਂ ਮਿਲਦਾ ਕਿ ਵਾਸਤਵਿਕ ਤੌਰ ਉੱਤੇ ਉਨ੍ਹਾਂ ਦਾ ਲਿਖਾਰੀ ਕੌਣ ਹੈ? ਕਾਫ਼ੀ-ਕਾਵਿ ਦਾ ਲਿਖਤੀ ਸਰੂਪ ਸ਼ੇਖ ਫ਼ਰੀਦ ਦੀ ਕਾਫ਼ੀ ਤੋਂ ਹੀ ਮਿਲਦਾ ਹੈ, ਜਿਸ ਦੀ ਪੁਰਾਤਨਤਾ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਕਾਫ਼ੀ ਪਰੰਪਰਾ ਬਾਬਾ ਫ਼ਰੀਦ ਤੋਂ ਪਹਿਲਾਂ ਦੀ ਹੈ, ਉਦਾਹਰਣ ਲਈ ਸ਼ੇਖ ਫ਼ਰੀਦ ਦੀ ਕਾਫ਼ੀ ਦੀ ਵੰਨਗੀ ਵੇਖੋ।

ਆਵਹੁ ਸਖੀ ਸਹੇਲੀਓ, ਬਹਿ ਮਸਲਤਾਂ ਗੋਈਏ।
ਆਪੋ ਆਪਣੀ ਗਲ ਨੂੰ ਕਰ ਅੰਝੂ ਰੋਈਏ।
ਥੋੜੇ ਲਾਲਚ ਲਗਿਆ ਮੈਂ ਉਮਰ ਗਵਾਈ।
ਕਦੇ ਨਾ ਪੂਣੀ ਹਥ ਲੈ ਇਕ ਤੰਦ ਵੀ ਪਾਈ।

ਚਰਖਾ ਮੇਰਾ ਰੰਗਲਾ ਉਸ ਘਾੜੂ ਘੜਿਆ ।
ਇਵੇਂ ਪੁਰਾਣਾ ਹੋਇਆ, ਵਿਚ ਕੁਛੇ ਧਰਿਆ ।
ਕੱਤਨ ਵੱਲ ਨ ਆਵਈ, ਨਾ ਚੀਰ ਕਸੀਦਾ ।
ਕਦੇ ਨਾ ਬੈਠੀ ਨਿਠ ਕੇ ਕਰ ਨੀਂਵਾ ਦੀਦਾ ।
ਨਾਲ ਕੁਚੱਜੀਆਂ ਬੈਠ ਕੇ ਕੋਈ ਚੱਜ ਨ ਕੀਤਾ ।
ਉਮਰ ਵਿਹਾਈ ਖੇਡਣ ਵਿਚ ਕੋਈ ਕੰਮ ਨ ਕੀਤਾ ।

ਇਹ ਕਾਫ਼ੀ ਚੋਖੀ ਲੰਮੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਸ਼ੇਖ ਫ਼ਰੀਦ ਦੀ ਕਾਫ਼ੀ-ਰਚਨਾ ਦੀ ਸ਼ੈਲੀ ਬਹੁਤ ਹੀ ਭਰਪੂਰ, ਸ਼ਲਿਸ਼ਟ, ਸੁਖੈਨ ਅਤੇ ਭਾਵਾਂ-ਭਰੀ ਹੈ । ਆਪਣੀ ਅਤੇ ਆਪਣੇ ਪਤੀ (ਪਰਮੇਸ਼ਰ) ਦੀ ਹੋਂਦ ਬਾਰੇ ਕਵੀ ਨੂੰ ਪੂਰਾ ਗਿਆਨ ਹੈ ਤੇ ਛੰਦ ਚਾਲ ਵੱਲੋਂ ਵੀ ਉਹ ਖੁੰਝਦਾ ਨਹੀਂ । ਸਰੋਦੀ ਅੰਸ਼ ਤੋਂ ਇਉਂ ਲੱਗਦਾ ਹੈ ਕਿ ਸ਼ੇਖ ਫ਼ਰੀਦ ਬਿਰਹੋਂ ਦਾ ਕਵੀ ਹੈ ਤੇ ਉਸ ਨੇ ਇਸੇ ਤਰ੍ਹਾਂ ਦੀਆਂ ਵਿਰਲਾਪ ਭਰੀਆਂ ਕਾਫ਼ੀਆਂ ਹੋਰ ਵੀ ਲਿਖੀਆਂ ਹੋਣਗੀਆਂ । ਛੰਦ ਦੀ ਪਰਪੱਕਤਾ, ਸ਼ੈਲੀ ਦੀ ਸਰਲਤਾ ਤੇ ਸਪਸ਼ਟਤਾ, ਬੋਲੀ ਦੀ ਸਾਦਗੀ ਤੇ ਠੇਠਤਾ ਭਾਵਾਂ ਨੂੰ ਇਉਂ ਰੌਸ਼ਨ ਕਰਦੀਆਂ ਹਨ ਜਿਵੇਂ ਜੂਨ ਮਹੀਨੇ ਦਾ ਸੂਰਜ ਆਪਣੇ ਤੇਜ਼ ਦੀ ਜੁਆਨੀ ਵਿਖਾਉਂਦਾ ਹੈ । ਇਹ ਕਾਫ਼ੀ ਖੜ੍ਹ ਕੇ ਕਾਫ਼ੀ ਦਾ ਬਚਪਨ ਨਹੀਂ ਲੱਭਦਾ, ਜੁਆਨੀ ਲੱਭਦੀ ਹੈ । ਜੁਆਨੀ ਕਈ ਵਰ੍ਹੇ ਲੰਘ ਕੇ ਆਉਂਦੀ ਹੈ । ਇਸ ਤੋਂ ਸਪਸ਼ਟ ਹੈ ਕਿ ਕਾਫ਼ੀ-ਕਾਵਿ ਪਰੰਪਰਾ ਬਾਬਾ ਫ਼ਰੀਦ ਤੋਂ ਵੀ ਪਹਿਲਾਂ ਦੀ ਹੈ, ਪਰ ਇਹ ਗੱਲ ਅਜੇ ਹੋਰ ਖੋਜ ਦੀ ਮੁਹਤਾਜ ਹੈ, ਫ਼ਰੀਦ ਜੀ ਦੀਆਂ ਇਹ ਭਾਵ-ਲੜੀਆਂ ਪੜ੍ਹਦੇ ਸਾਰ ਹੀ ਯਾਦ ਹੋ ਜਾਂਦੀਆਂ ਹਨ :

ਹੁਣ ਕੀ ਬੈਠਾਂ ਜਾਇ ਕੇ, ਨਾਲਿ ਪ੍ਰੀਉ ਪਿਆਰੇ ।
ਉਹ ਗੁਣਿਆਰਾ ਬਹੁਤ ਹੈ, ਅਸੀਂ ਔਗਣਹਾਰੇ ।
ਕਿਛ ਚਜ ਨ ਰੂਪ ਹੈ, ਨ ਗੁਣ ਪਲੇ ।
ਆਪਣੇ ਸਿਰਿ ਪਰਿ ਆਹਿ ਬਣੀ, ਅਸੀਂ ਇਕ ਅਕੱਲੇ ।
ਜਿੰਨੀ ਗੁਣੀ ਰਾਵੀਐ ਮੈਨੂੰ ਸੇ ਗੁਣ ਨਾਹੀਂ ।
ਰੋ ਵੇ ਜੀਆ ਮੇਰਿਆ, ਕਰਿ ਖੜੀਆਂ ਬਾਹੀਂ ।
ਨਾ ਮੈਂ ਮੰਜੇ ਬੈਠੀਆਂ ਨਾ ਤੇਲ ਮਲਾਇਆ ।
ਨ ਹਥ ਬਧਾ ਗਾਹਨੜਾ ਨਾ ਵਟਣਾ ਲਾਇਆ ।

ਕਾਫ਼ੀ-ਕਾਵਿ ਦੀ ਪਰੰਪਰਾ ਨੂੰ ਗੁਰੂ ਨਾਨਕ ਸਾਹਿਬ ਨੇ ਅੱਗੇ ਤੋਰਿਆ । ਫ਼ਰੀਦ ਦੀ ਬਾਣੀ ਵਿਚ ਦਰਦ ਹੈ, ਵਿਛੋੜਾ ਹੈ, ਔਗੁਣਾਂ ਦੀ ਚੇਤੰਨਤਾ ਹੈ ਅਤੇ ਆਪਣੀ ਭੁੱਲ ਦਾ ਅਹਿਸਾਸ ਹੈ, ਗੁਰੂ ਨਾਨਕ ਦੀ ਕਾਫ਼ੀ ਵਿਚ ਠਰੰਮਾ ਹੈ, ਤਸੱਲੀ ਹੈ, ਭਰੋਸਾ ਹੈ, ਸੇਧ ਹੈ ਤੇ ਇਲਾਹੀ ਰਸਤੇ ਉੱਤੇ ਚਲਣ ਲਈ ਸੰਦੇਸ਼ ਵੀ ਹੈ । ਮਿਸਾਲ ਇਹ ਦਿੱਤੀ ਜਾ ਸਕਦੀ ਹੈ :

ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ । ੧ ।
ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ।
ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ । ੧ । ਰਹਾਉ ।.....
ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ।
ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ । ੫ ।.....
ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ।
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ । । ੭ ।
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ

ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ । ੮ ।
ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ।
ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ । ੯ ।

(ਰਾਗ ਆਸਾ, ਆ. ਗ੍ਰੰਥ 418)

ਇਸ ਕਾਫ਼ੀ ਰਾਹੀਂ ਗੁਰੂ ਨਾਨਕ ਦੇਵ ਦਾ ਦਾਰਸ਼ਨਿਕ ਰਹੱਸਵਾਦ ਵੀ ਬਹੁਤ ਸਪਸ਼ਟ ਹੁੰਦਾ ਹੈ । ਇਸੇ ਕਾਫ਼ੀ-ਪਰੰਪਰਾ ਨੂੰ ਅਗਾਂਹ ਤੋਰਨ ਵਾਲੇ ਹਨ–ਸ਼ਾਹ ਸ਼ਰਫ਼, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਦਾਦੂ ਦਿਆਲ, ਭਗਤ ਕਾਨ੍ਹਾ, ਸ਼ਾਹ ਹੁਸੈਨ ਅਤੇ ਗੁਰੂ ਤੇਗ ਬਹਾਦਰ । ਇਹ ਕਾਫ਼ੀਕਾਰ ਸਤਾਰ੍ਹਵੀਂ ਸਦੀ ਤਕ ਆਪਣਾ ਕਾਫ਼ੀ ਸਾਹਿੱਤ ਪੰਜਾਬੀ ਸਾਹਿੱਤ ਨੂੰ ਦੇ ਸਕੇ ਹਨ । ਸ਼ਾਹ ਹੁਸੈਨ ਅਤੇ ਸ਼ਾਹ ਸ਼ਰਫ਼ ਭਾਵੇਂ ਨਾਵਾਂ ਤੋਂ ਮੁਸਲਮਾਨ ਹਨ, ਪਰ ਇਨ੍ਹਾਂ ਦੇ ਹਿਰਦੇ ਦਾ ਚਾਨਣ ਦੱਸਦਾ ਹੈ ਕਿ ਉਹ ਜਾਤ-ਪਾਤ ਅਤੇ ਮਜ਼੍ਹਬਾਂ ਦੀਆਂ ਦੀਵਾਰਾਂ ਤੋਂ ਬਹੁਤ ਉੱਚੇ ਹਨ । ਉਹ ਸਮੁੱਚੇ ਇਨਸਾਨੀ ਜਗਤ ਨੂੰ ਨਿਰੰਕਾਰ ਅੰਦਰ ਵਸਦਾ ਦੇਖਦੇ ਹਨ ਅਤੇ ਆਪਣੀ ਸੂਝ ਅਨੁਸਾਰ ਉਸ ਦਾ ਪ੍ਰਗਟਾਵਾ ਕਰਦੇ ਹਨ । ਗੁਰਮਤਿ ਅਤੇ ਸੂਫ਼ੀਵਾਦ ਦੋਹਾਂ ਦਾ ਰਾਹ ਲਗਭਗ ਇਕੋ ਜੇਹਾ ਹੈ । ਫ਼ਰਕ ਇਹ ਹੈ ਕਿ ਸੂਫ਼ੀ ਮੁਸਲਮਾਨੀ ਧਰਮ ਖੇਤਰ ਵਿਚੋਂ ਵਿਕਸਿਤ ਹੋ ਕੇ ਤੰਗ ਦੀਵਾਰਾਂ ਨੂੰ ਢਾਹ ਕੇ ਸੱਚੇ ਪ੍ਰਭੂ ਦੀ ਦਰਗਾਹ ਵਿਚ ਵੜਦਾ ਹੈ ਅਤੇ ਗੁਰਮਤਿ ਸ਼ੁੱਧ ਹਿੰਦੁਸਤਾਨੀ ਧਰਮ ਵਿਚੋਂ ਉਸਰ ਕੇ, ਨਿਖਰ ਕੇ ਸੱਚਾਈ ਦੇ ਖੇਤਰ ਵਿਚ ਨਿੱਤਰਦਾ ਹੈ । ਤੰਗ ਬ੍ਰਾਹਮਣਵਾਦ ਅਤੇ ਜਾਤੀਵਾਦ ਦੀਆਂ ਦੀਵਾਰਾਂ ਢਾਹ ਕੇ ਨਿਰੋਲ ਨਿਰੰਕਾਰ ਦੀ ਪੂਜਾ ਵੱਲ ਸੰਕੇਤ ਕਰਦਾ ਹੈ ਅਤੇ 'ਏਕ ਪਿਤਾ ਏਕਸ ਕੇ ਹਮ ਬਾਰਕ' ਨਾਮੀ ਸੱਤਵਾਦੀ ਸਬਕ ਪੜ੍ਹਾਉਂਦਾ ਹੈ । ਸੂਫ਼ੀ ਤੇ ਗੁਰੂ ਦੋਵੇਂ ਸੱਚੇ ਕਰਤਾਰ ਦੀ ਗੱਲ ਕਰਦੇ ਹਨ, ਮੁਰਦੇ ਪੂਜਣ ਤੋਂ ਹੋੜਦੇ ਹਨ, ਸੱਚੀ ਕਾਰ ਵੱਲ ਜ਼ੋਰ ਦਿੰਦੇ ਹਨ ਤੇ 'ਪਾਰਬ੍ਰਹਮ ਸ਼ਰਨਾਈ' ਵਿਚ ਰਹਿਣ ਦਾ ਹੁਕਮ ਦਿੰਦੇ ਹਨ । ਜਦੋਂ ਅਸੀਂ ਮੁਸਲਮਾਨ ਕਾਫ਼ੀ ਸਾਹਿੱਤ ਦਾ ਅਧਿਐਨ ਕਰਦੇ ਹਾਂ ਤਾਂ ਵੀ ਅਤੇ ਜਦੋਂ ਗੁਰੂ ਸਾਹਿਬਾਨ ਦੁਆਰਾ ਰਚੀਆਂ ਕਾਫ਼ੀਆਂ ਦਾ ਅਧਿਐਨ ਕਰਦੇ ਹਾਂ ਤਾਂ ਵੀ ਸਾਨੂੰ ਪਤਾ ਲੱਗਦਾ ਹੈ ਕਿ ਦੋਵੇਂ ਸ਼ਹੁ (ਪਤੀ ਪਰਮਾਤਮਾ) ਦੀ ਭਾਲ ਵਿਚ ਹਨ, ਉਸੇ ਦੀ ਓਟ ਤੱਕਦੇ ਹਨ । ਸੂਫ਼ੀਆਂ ਕੋਲ ਭਟਕਣ ਹੈ, ਵਿਛੋੜੇ ਦੀ ਜਲਨ ਹੈ, ਵਸਲ ਨਾ ਹੋਣ ਦਾ ਪਛਤਾਵਾ ਹੈ, ਪਰ ਪੀਆ ਮਿਲਣ ਦੀ ਰੀਝ ਬਹੁਤ ਤੀਬਰ ਹੈ । ਗੁਰੂ ਸਾਹਿਬਾਨ ਵਿਚ ਆਪਣੇ ਪ੍ਰਭੂ ਨੂੰ ਮਿਲਣ ਦੀ ਤਾਂਘ ਤਾਂ ਹੈ, ਪਰ ਉਸ ਵਿਚ ਤੇਜ਼ੀ ਨਹੀਂ, ਠਰੰਮਾ ਹੈ, ਭਟਕਣ ਨਹੀਂ, ਟਿਕਾਉ ਹੈ, ਪਛਤਾਵਾ ਨਹੀਂ, ਪਛਾਣ ਤੇ ਜ਼ੋਰ ਦਿੱਤਾ ਹੈ । ਸ਼ਾਹ ਸ਼ਰਫ਼ ਦੀ ਕਾਫ਼ੀ ਦਾ ਨਮੂਨਾ ਦੇਖਣਯੋਗ ਹੈ ਜੋ ਗੁਰੂ ਨਾਨਕ ਦੀ ਉਕਤ ਕਾਫ਼ੀ ਵੰਨਗੀ ਅਤੇ ਸ਼ਾਹ ਸ਼ਰਫ਼ ਦੀ ਲਿਖੀ ਵੰਨਗੀ ਤੋਂ ਜ਼ਾਹਰ ਹੋ ਜਾਵੇਗਾ :

ਬਰਖੇ ਅਗਨਿ ਦਿਖਾਵੈ ਪਾਨੀ । ਰੋਂਦਿਆਂ ਰੈਣਿ ਵਿਹਾਣੀ ।
ਤਾਂ ਮੈਂ ਸਾਰ ਵਿਛੋੜੇ ਦੀ ਜਾਣੀ ।
ਮੈਂ ਬਿਰਹੁ ਖੜੀ ਗਿਣਾਨੀਆਂ । ਮੈਂ ਸਾਰ ਵਿਛੋੜੇ ਦੀ ਜਾਨੀਆਂ ।
ਮੇਰੇ ਅੰਦਰ ਜਲਣਿ ਅੰਗੀਠੀਆਂ । ਉਹ ਜਲਦੀਆਂ ਕਿਨੇ ਨ ਡਿਠੀਆਂ ।
ਮੈ ਦਰਦ ਦੀਵਾਨੇ ਲੂਠੀਆਂ । ਮੈਂ ਪ੍ਰੇਮ ਵਿਛੋੜੇ ਝੂਠੀਆਂ ।
ਸਾਨੂੰ ਪੀਰ ਬਤਾਈਂ ਵਾਟੜੀ । ਅਸਾਂ ਲੰਘੀ ਅਉਘਟਿ ਘਾਟੜੀ ।
ਸ਼ੇਖ ਸ਼ਰਫ਼ ਸਹੁ ਅੰਤਰ ਪਾਇਆ । ਕਰ ਕਰਮ ਦਿਦਾਰੁ ਦਿਖਾਇਆ ।

(ਰਾਗ ਧਨਾਸਰੀ)

ਸ਼ਾਹ ਸ਼ਰਫ਼ ਦੀਆਂ ਕਾਫ਼ੀਆਂ ਦੀ ਬੋਲੀ ਅਤੇ ਸ਼ੈਲੀ ਸਮਕਾਲੀ ਅਤੇ ਠੇਠ ਜਾਪਦੀ ਹੈ । ਸ਼ਾਹ ਸ਼ਰਫ਼ ਦੀ ਹਰ ਕਾਫ਼ੀ ਰਾਗ ਦੀ ਸੀਮਾ ਵਿਚ ਬੰਨ੍ਹੀ ਹੋਈ ਹੈ । ਸ਼ਾਹ ਸ਼ਰਫ਼ ਨੇ ਕਾਫ਼ੀ ਕਾਵਿ ਖੇਤਰ ਦੀ ਪਰੰਪਰਾ ਨੂੰ ਅੱਗੇ ਤੋਰਿਆ ਹੈ । ਰਾਗ ਆਸ੍ਰਾ, ਰਾਗ ਆਸਾਵਰੀ, ਰਾਗ ਧਨਾਸਰੀ ਅਤੇ ਰਾਗ ਬਸੰਤ ਆਦਿ ਦੀ ਆਤਮਾ ਦੀ ਲੋੜ ਅਨੁਸਾਰ ਸ਼ਾਹ ਸ਼ਰਫ਼ ਨੇ ਕਾਫ਼ੀ-ਕਾਵਿ ਦੀ ਰਚਨਾ ਕੀਤੀ ਹੈ ।

ਇਨ੍ਹਾਂ ਤੋਂ ਬਾਅਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਦੀਆਂ ਕਾਫ਼ੀਆਂ ਦਾ ਦੌਰ ਆਉਂਦਾ ਹੈ। ਗੁਰੂ ਅਮਰਦਾਸ ਦੀ ਇਕ ਕਾਫ਼ੀ, ਗੁਰੂ ਰਾਮਦਾਸ ਦੀਆਂ ਦੋ, ਗੁਰੂ ਅਰਜਨ ਦੇਵ ਦੀਆਂ ਦਸ ਕਾਫ਼ੀਆਂ ਮਿਲਦੀਆਂ ਹਨ। ਇਹ ਕਾਫ਼ੀਆਂ ਰਾਗਮਾਲਾ ਦੇ ਛੰਦ-ਪ੍ਰਬੰਧ ਅਨੁਸਾਰ ਹਨ। ਰਾਗ ਆਸਾ ਵਿਚ ਗੁਰੂ ਅਮਰਦਾਸ ਦੀ ਕਾਫ਼ੀ ਬਹੁਤ ਹੀ ਸੁਖੈਨ, ਸਪਸ਼ਟ ਅਤੇ ਭਾਵਾਂ ਦੇ ਖ਼ਜ਼ਾਨੇ ਖੋਲ੍ਹਦੀ ਹੈ। ਉਨ੍ਹਾਂ ਦੀ ਸੇਧ ਗੁਰਮਤਿ ਦੀ ਸੇਧ ਹੈ। ਗੁਰੂ ਅਮਰਦਾਸ ਦਾ ਦਰਸ਼ਨ ਤਾਂ ਬਹੁਤ ਹੀ ਸੁਖਾਲਾ ਹੈ :

ਹਰਿ ਕੈ ਭਾਣੈ ਸਤਿਗੁਰੁ ਮਿਲੈ ਸਚੁ ਸੋਝੀ ਹੋਈ।
ਗੁਰਪਰਸਾਦੀ ਮਨਿ ਵਸੈ ਹਰਿ ਬੁਝੈ ਸੋਈ। ੧।
ਮੈਂ ਸਹੁ ਦਾਤਾ ਏਕੁ ਹੈ ਅਵਰੁ ਨਾਹੀ ਕੋਈ।
ਗੁਰ ਕਿਰਪਾ ਤੇ ਮਨਿ ਵਸੈ ਤਾ ਸਦਾ ਸੁਖੁ ਹੋਈ। ੧। ਰਹਾਉ।

(ਆਸਾ, 365)

ਇਸੇ ਪ੍ਰਕਾਰ ਗੁਰੂ ਰਾਮਦਾਸ ਜੀ ਨੇ ਰਾਗ ਆਸਾ ਵਿਚ ਦੋ ਕਾਫ਼ੀਆਂ ਦੀ ਰਚਨਾ ਕੀਤੀ ਹੈ। ਉਨ੍ਹਾਂ ਦੀ ਕਾਫ਼ੀ ਦਾ ਨਮੂਨਾ ਇਸ ਪ੍ਰਕਾਰ ਹੈ :

ਬਿਰਥਾ ਜਨਮੁ ਤਿਨਾ ਜਿਨੀ ਨਾਮੁ ਵਿਸਾਰਿਆ।
ਜੂਐ ਖੇਲਣੁ ਜਗਿ ਕਿ ਇਹੁ ਮਨੁ ਹਾਰਿਆ। ੩।
ਜੀਵਣਿ ਮਰਣਿ ਸੁਖੁ ਹੋਇ ਜਿਨ੍ਹਾਂ ਗੁਰੁ ਪਾਇਆ।
ਨਾਨਕ ਸਚੇ ਸਚਿ ਸਚਿ ਸਮਾਇਆ।

(ਆਸਾ, 369)

ਗੁਰੂ ਸਾਹਿਬਾਨ ਵਿਚੋਂ ਗੁਰੂ ਅਰਜਨ ਦੇਵ ਨੇ ਸਭ ਤੋਂ ਵੱਧ ਕਾਫ਼ੀਆਂ ਲਿਖੀਆਂ ਹਨ। ਉਨ੍ਹਾਂ ਦੀਆਂ ਕਾਫ਼ੀਆਂ ਦਾ ਵਿਸ਼ਾ ਦਾਰਸ਼ਨਿਕ ਅਤੇ ਉਪਦੇਸ਼ਾਤਮਕ ਹੈ। ਕਾਫ਼ੀ ਪਰੰਪਰਾ ਨੂੰ ਗੁਰੂ ਅਰਜਨ ਨੇ ਅੱਗੇ ਤੋਰਿਆ ਅਤੇ ਇਨ੍ਹਾਂ ਨੇ ਆਪਣੀਆਂ ਸਾਰੀਆਂ ਕਾਫ਼ੀਆਂ ਦੀ ਰਚਨਾ ਰਾਗ ਆਸਾ ਵਿਚ ਹੀ ਕੀਤੀ। ਗੁਰੂ ਅਰਜਨ ਨੇ ਬਹੁਤ ਹੀ ਸੁੰਦਰ ਸ਼ਬਦਾਂ ਵਿਚ ਆਪਣੇ ਵਿਚਾਰਾਂ ਦੀ ਮਹਿਕ ਖਿਲਾਰੀ ਹੈ, ਉਦਾਹਰਣ ਲਈ ਦੇਖੋ :

ਲਾਖ ਭਗਤ ਆਰਾਧਹਿ ਜਪਤੇ ਪੀਉ ਪੀਉ।
ਕਵਨ ਜੁਗਤਿ ਮੇਲਾਵਉ ਨਿਰਗੁਣ ਬਿਖਈ ਜੀਉ। ੧।
ਤੇਰੀ ਟੇਕ ਗੋਵਿੰਦ ਗੁਪਾਲ ਦਇਆਲ ਪ੍ਰਭ।
ਤੂੰ ਸਭਨਾ ਕੇ ਨਾਥ ਤੇਰੀ ਸ੍ਰਿਸਟਿ ਸਭ। ੧। ਰਹਾਉ।

ਅਤੇ

ਜਿਸੁ ਸਿਮਰਤ ਦੁਖੁ ਜਾਇ ਸਹਜ ਸੁਖੁ ਪਾਈਐ।
ਰੈਣਿ ਦਿਨਸੁ ਕਰ ਜੋੜਿ ਹਰਿ ਹਰਿ ਧਿਆਈਐ। ੧।
ਨਾਨਕ ਕਾ ਪ੍ਰਭੁ ਸੋਇ ਜਿਸ ਕਾ ਸਭੁ ਕੋਇ।
ਸਰਬ ਰਹਿਆ ਭਰਪੂਰਿ ਸਚਾ ਸਚੁ ਸੋਇ। ਰਹਾਉ।

ਇਨ੍ਹਾਂ ਗੁਰੂ ਸਾਹਿਬਾਨ ਤੋਂ ਇਲਾਵਾ ਸੰਤ ਦਾਦੂ ਦਇਆਲ, ਭਗਤ ਕਾਨ੍ਹਾ ਅਤੇ ਸ਼ਾਹ ਹੁਸੈਨ, ਜੋ ਕਾਫ਼ੀ-ਸਾਹਿੱਤ ਦਾ ਪ੍ਰਮੁਖ ਉਸਤਾਦ ਮੰਨਿਆ ਜਾਂਦਾ ਹੈ, ਨੇ ਆਪਣੇ ਸੂਫ਼ੀ ਰੰਗ ਵਿਚ ਬਹੁਤ ਸਾਰੀਆਂ ਕਾਫ਼ੀਆਂ ਦੀ ਰਚਨਾ ਕੀਤੀ ਹੈ। ਸੰਤ ਦਾਦੂ ਦਇਆਲ ਨੇ ਭਾਵੇਂ ਥੋੜ੍ਹੀਆਂ ਕਾਫ਼ੀਆਂ ਦੀ ਰਚਨਾ ਕੀਤੀ ਹੈ, ਪਰ ਉਸ ਦੇ ਜਜ਼ਬਾਤ ਦੀ ਰੰਗਤ ਦਾ ਉਮਾਹ ਕੁਝ ਹੋਰ ਹੀ ਹੈ। ਸੰਤ ਦਾਦੂ ਦੀਆਂ ਦੋ ਕਾਫ਼ੀਆਂ ਰਾਗ ਟੋਡੀ ਵਿਚ ਮਿਲਦੀਆਂ ਹਨ। ਇਸ ਵਿਅਕਤੀ ਦਾ ਰੰਗ ਆਪਣੀ ਵਿਲੱਖਣਤਾ ਰਖਦਾ ਹੈ ਜੋ ਨਾ ਸੂਫ਼ੀਆਂ ਨਾਲ ਮਿਲਦਾ ਹੈ ਤੇ ਨਾ ਗੁਰੂ ਸਾਹਿਬਾਨ ਨਾਲ। ਹਾਂ ਵਿਸ਼ੇ ਦੇ ਪੱਖ ਤੋਂ ਸਮਰੂਪੀ ਜ਼ਰੂਰ ਹਨ। ਉਦਾਹਰਣ ਲਈ ਨਮੂਨਾ ਇਸ ਪ੍ਰਕਾਰ ਹੈ :

ਰਾਇ ਰੇ, ਰਾਇ ਰੇ, ਰਾਇ ਰੇ । ਸਕਲ ਭਵਨ ਪਤਿ ਰਾਇ ਰੇ ।
ਅੰਮ੍ਰਿਤ ਦੇਸ ਅਘਾਇ ਰੇ । 2 । ਰਹਾਉ ।
ਪਰਗਟ ਰਾਤਾ ਪਰਗਟ ਮਾਤਾ ਪਰਗਟ ਨੂਰ ਦਿਖਾਇ ਰੇ । ੧ ।
ਅਸਥਿਰ ਗਿਆਨਾ ਅਸਥਿਰ ਧਿਆਨਾ ਅਸਥਿਰ ਤੇਜ ਮਿਲਾਇ ਰੇ । 2 ।

ਭਗਤ ਕਾਨ੍ਹਾ ਦੀਆਂ ਕਾਫ਼ੀਆਂ ਰਾਗ ਆਸਾਵਰੀ ਅਤੇ ਰਾਗ ਬਰਵਾ ਵਿਚ ਮਿਲਦੀਆਂ ਹਨ । ਇਸ ਮਹਾ ਪੁਰਖ ਦੀ ਦਾਰਸ਼ਨਿਕਤਾ ਗੁਰਮਤਿ ਦੇ ਕਾਫ਼ੀ ਨੇੜੇ ਹੈ ਅਤੇ ਲਿਖਣ ਸ਼ੈਲੀ ਵੀ ਲਗਭਗ ਗੁਰੂ ਸਾਹਿਬਾਨ ਵਰਗੀ ਹੀ ਹੈ :

ਮੇਰੇ ਮਨ ਹਰਿ ਭੱਜ ਕਰਿ ਪੁਰਖਾਈ ।
ਬਿਖੈ ਬੈਤਾਲ ਭੂਤ ਜਗ ਲਾਗੋ ਮਾਰਿ ਕੀਓ ਬਉਰਾਈ । ੧ ।ਰਹਾਉ ।
ਇਕ ਪਲ ਹਰਿ ਸਿਮਰੋਈ ਨਾਹੀਂ ਬਿਰਥਾ ਗਈ ਬਿਹਾਈ ।
ਕਾਨ੍ਹਾ ਹਰਿ ਭੱਜ ਜੋ ਪਲ ਬਿਲਮੈ, ਧ੍ਰਿਗ ਜੀਵਣ ਅਨਿਆਈ ।

ਕਾਫ਼ੀਆਂ ਦੇ ਖੇਤਰ ਵਿਚ ਸ਼ਾਹ ਹੁਸੈਨ ਅਤੇ ਬੁਲ੍ਹੇ ਸ਼ਾਹ ਦਾ ਸਥਾਨ ਇਕ ਪਾਵਨ ਸਥਾਨ ਹੈ । ਦੋਹਾਂ ਪਰਮ ਸੰਤਾਂ ਨੇ ਆਪਣੀ ਮਾਨਸਿਕ ਅਤੇ ਆਤਮਿਕ ਉਡਾਰੀ ਬਹੁਤ ਹੀ ਸਪਸ਼ਟ ਹੋ ਕੇ ਬਿਨਾ ਝਿਜਕ ਵਿਅਕਤ ਕੀਤੀ ਹੈ । ਸ਼ਾਹ ਹੁਸੈਨ ਦੀਆਂ 117 ਕਾਫ਼ੀਆਂ ਤਾਂ ਬਹੁਤ ਹੀ ਪ੍ਰਸਿੱਧ ਹਨ, ਜਿਨ੍ਹਾਂ ਨੂੰ ਗਾਉਣ ਬਾਰੇ ਰਾਗਮਾਲਾ ਦਾ ਸੁਝਾਉ ਦਿੱਤਾ ਹੈ । ਇਸ ਦੀਆਂ ਕਾਫ਼ੀਆਂ ਸਿਰੀ ਰਾਗ, ਰਾਗ ਗਉੜੀ, ਰਾਗ ਆਸਾ, ਮਾਝ ਕਾਫ਼ੀ, ਰਾਗ ਆਸਾਵਰੀ, ਰਾਗ ਝੰਝੋਟੀ, ਰਾਗ ਗੂਜਰੀ, ਰਾਗ ਦੇਵਗੰਧਾਰੀ, ਰਾਗ ਵਡਹੰਸ, ਰਾਗ ਸੋਰਠ, ਰਾਗ ਧਨਾਸਰੀ, ਰਾਗ ਜੈਜਾਵੰਤੀ, ਰਾਗ ਸਿੰਧੜਾ, ਰਾਗ ਸੂਹੀ, ਰਾਗ ਬਿਲਾਵਲ, ਰਾਗ ਰਾਮਕਲੀ, ਰਾਗ ਢੋਲਾ, ਰਾਗ ਪਰਜ, ਰਾਗ ਖਟਿ, ਰਾਗ ਤੁਖਾਰੀ, ਰਾਗ ਪਰਜ ਜੋਗੁ, ਰਾਗ ਕਿਦਾਰਾ, ਰਾਗ ਭੈਰਉ, ਰਾਗ ਭੈਰਵੀ, ਰਾਗ ਬਸੰਤ, ਰਾਗ ਹਿੰਡੋਲ, ਰਾਗ ਸਾਰੰਗ, ਰਾਗ ਕਾਨ੍ਹੜਾ ਤਿਲੰਗ, ਰਾਗ ਕਾਨ੍ਹੜਾ ਮਾਰੂ, ਰਾਗ ਜੰਗਲਾ, ਰਾਗ ਕਲਿਆਣ ਆਦਿ 32 ਰਾਗਾਂ ਵਿਚ ਗੁੰਦੀਆਂ ਹੋਈਆਂ ਹਨ । ਸ਼ਾਹ ਹੁਸੈਨ ਨੂੰ ਰਾਗ ਵਿੱਦਿਆ ਬਾਰੇ ਕਿੰਨਾ ਗਿਆਨ ਸੀ, ਇਸ ਦਾ ਅਨੁਮਾਨ ਉਸ ਦੀਆਂ ਰਾਗਬੱਧ ਕਾਫ਼ੀਆਂ ਤੋਂ ਲਾਇਆ ਜਾ ਸਕਦਾ ਹੈ । ਇਹ ਗੱਲ ਸਾਬਤ ਕਰਦੀ ਹੈ ਕਿ ਕਾਫ਼ੀ ਨਾ ਕੋਈ ਰਾਗ ਹੈ ਅਤੇ ਨਾ ਰਾਗਨੀ । ਇਹ ਇਕ ਸਰੋਦੀ ਕਾਵਿ ਰੂਪ ਹੈ ਜਿਸ ਨੂੰ ਰਾਗਾਂ ਰਾਹੀਂ ਗਾਇਆ ਜਾ ਸਕਦਾ ਹੈ । ਨਿਰਸੰਦੇਹ ਰਾਗ ਵਿੱਦਿਆ ਆਪਣੇ ਆਪ ਵਿਚ ਇਕ ਸੰਪੂਰਨ ਵਿਸ਼ਾ ਹੈ ਜਿਸ ਦਾ ਸੰਬੰਧ ਆਤਮਿਕ ਅਤੇ ਮਾਨਸਿਕ ਸਥਿਤੀਆਂ ਨਾਲ ਹੈ । ਸ਼ਾਹ ਹੁਸੈਨ ਨੇ ਦੋਹਾਂ ਪਰਿਪਾਟੀਆਂ ਨੂੰ ਜੀਵਨ ਬਖ਼ਸ਼ਿਆ ਹੈ । ਪਾਠਕਾਂ ਨੂੰ ਹਿਦਾਇਤ ਵੀ ਕੀਤੀ ਹੈ ਕਿ ਜੇ ਉਨ੍ਹਾਂ ਨੇ ਕਾਫ਼ੀ ਗਾਇਨ ਕਰਨਾ ਹੈ ਤਾਂ ਉਹ ਨਿਸ਼ਚਿਤ ਰਾਗ ਵਿਚ ਹੀ ਗਾਉਣ ਪਰ ਅੱਜ ਦੇ ਸੰਗੀਤਕਾਰਾਂ ਨੇ ਬਹੁਤ ਸਾਰੀਆਂ ਨਵੀਆਂ ਪ੍ਰਾਪਤੀਆਂ ਕੀਤੀਆਂ ਹਨ । ਹੁਣ ਕਾਫ਼ੀਆਂ ਨਿਸ਼ਚਿਤ ਰਾਗਾਂ ਤੋਂ ਇਲਾਵਾ ਵੀ ਹੋਰ ਰਾਗਾਂ-ਸੁਰਾਂ ਵਿਚ ਗਾਈਆਂ ਜਾ ਸਕਦੀਆਂ ਹਨ । ਸ਼ਾਹ ਹੁਸੈਨ ਅਤੇ ਬੁਲ੍ਹੇ ਸ਼ਾਹ ਨੇ ਕਾਫ਼ੀ ਕਾਵਿ ਦੇ ਖ਼ਜ਼ਾਨੇ ਵਿਚ ਚੋਖਾ ਵਾਧਾ ਕੀਤਾ ਹੈ । ਸ਼ਾਹ ਹੁਸੈਨ ਦੀ ਕਾਫ਼ੀ ਵਿਚ ਜ਼ਿੰਦਗੀ ਵਿਚਰਦੀ ਹੈ, ਮਾਨਸਿਕ ਹੁਲਾਰੇ ਹਨ, ਆਤਮਿਕ ਉਡਾਰੀਆਂ ਹਨ, ਹਿਰਦੇ ਦੀ ਪੀੜ ਤੇ ਇਸ਼ਕ ਦੀ ਚੀਸ, ਆਪਣੇ ਸ਼ਹੁ ਨੂੰ ਮਿਲਣ ਦੀਆਂ ਤਦਬੀਰਾਂ, ਵਿਛੋੜੇ ਦੀ ਤੜਪ, ਪਛਤਾਵਾ ਅਤੇ ਆਪਣੇ ਔਗੁਣਾਂ ਤੋਂ ਜਾਗਰੂਕ ਹੋਣਾ ਤੇ ਫਿਰ ਉਸ ਸਾਰੇ ਕੁਝ ਨੂੰ ਢੁੱਕਵੇਂ ਸ਼ਬਦਾਂ ਰਾਹੀਂ ਬਿਆਨ ਕਰਨਾ, ਇਕ ਉਸਤਾਦੀ ਹੈ । ਕਾਫ਼ੀ-ਕਾਵਿ ਦਾ ਉਸਤਾਦ ਕਾਫ਼ੀਕਾਰ ਸ਼ਾਹ ਹੁਸੈਨ ਬਹੁਤ ਹੀ ਸੋਖੀ ਸ਼ੈਲੀ ਵਿਚ ਆਪਣੀ ਗੱਲ ਕਹਿੰਦਾ ਹੈ । ਆਪੇ ਨੂੰ ਪ੍ਰਗਟਾਉਣ ਤੋਂ ਬਿਲਕੁਲ ਨਹੀਂ ਸ਼ਰਮਾਂਦਾ । ਆਪਣੇ ਆਪ ਨੂੰ ਇਸਤਰੀ ਅਤੇ ਪ੍ਰਭੂ ਨੂੰ ਪੁਰਖ (ਪਤੀ) ਮੰਨਦਾ ਹੈ । ਇਸਤਰੀਆਂ ਦੇ ਵਾਕਾਂ ਵਰਗੀ ਮਲੂਕ ਸ਼ੈਲੀ ਅਤੇ ਇਸਤਰੀ ਰੱਤੇ ਜਜ਼ਬਾਤ ਨੂੰ ਪੇਸ਼ ਕਰਨ ਵਿਚ ਉਸਤਾਦ ਹੈ । ਇਸ ਨੇ ਕਾਫ਼ੀ ਪਰੰਪਰਾ ਨੂੰ ਬਹੁਤ ਤੇਜ਼ ਵਹਾ (flow) ਦਿੱਤਾ ਹੈ । ਇਸ ਕਾਫ਼ੀਕਾਰ ਦੀ ਵੰਨਗੀ ਦੇਖਣ ਵਾਲੀ ਹੈ :

ਬੁਰੀਆਂ ਬੁਰੀਆਂ ਬੁਰੀਆਂ ਵੇ, ਅਸੀਂ ਬੁਰੀਆਂ ਵੇ ਲੋਕਾ ।
ਬੁਰੀਆਂ ਕੋਲ ਨ ਬਹੁ ਵੇ, ਤੀਰਾਂ ਤੇ ਤਲਵਾਰਾਂ.ਕੋਲੋਂ,
ਤਿਖੀਆਂ ਬਿਰਹੁ ਦੀਆਂ ਛਰੀਆਂ, ਵੇ ਲੋਕਾ । 2 ।

.....

ਪਿਆਰੇ ਬਿਨ ਰਾਤੀਂ ਹੋਈਆਂ ਵੱਡੀਆਂ ।
ਰਾਂਝਾ ਜੋਗੀ ਮੈਂ ਜੁਗਿਆਨੀ, ਕਮਲੀ ਕਰਿ ਕਰਿ ਮੈਂ ਸਡੀਆਂ ।
ਮਾਸ ਝਰੇ ਝਰਿ ਪਿੰਜਰ ਹੋਇਆ, ਕਰਨਨ ਲਗੀਆਂ ਹੱਡੀਆਂ ।

.....

ਬੰਦੇ ਆਪ ਨੂੰ ਪਛਾਨੁ । ਜੇ ਤੈਂ ਆਪਣਾ ਆਪ ਪਛਾਤਾ,
ਸਾਈਂ ਦਾ ਮਿਲਣ ਆਸਾਨੁ । 2 ।
ਸੁਇਨੇ ਦੇ ਕੋਟ ਰੁਪਹਿਰੀ ਛੱਜੇ, ਹਰਿ ਬਿਨ ਜਾਣਿ ਮਸਾਨੁ ।
ਤੇਰੇ ਸਿਰ ਤੇ ਜਮ ਸਾਜ਼ਸ਼ ਕਰਦਾ, ਭਾਵੇਂ ਤੂੰ ਜਾਣ ਨ ਜਾਣ ।

.....

ਰੱਬਾ ਮੇਰੇ ਹਾਲ ਦਾ ਮਹਿਰਮ ਤੂੰ ।
ਅੰਦਰ ਤੂੰ ਹੈ ਬਾਹਿਰ ਤੂੰ ਹੈਂ ਰੋਮਿ ਰੋਮਿ ਵਿਚ ਤੂੰ ।
ਤੂੰ ਹੈਂ ਤਾਣਾ ਤੂੰ ਹੈਂ ਮਾਣਾ ਸਭੁ ਕਿਛੁ ਮੇਰਾ ਤੂੰ ।
ਕਹੇ ਹੁਸੈਨ ਫ਼ਕੀਰ ਨਿਮਾਣਾ, ਮੈਂ ਨਾਹੀਂ ਸਭ ਤੂੰ ।

ਇਸ ਕਾਫ਼ੀਕਾਰ ਦੀਆਂ 117 ਕਾਫ਼ੀਆਂ ਦੇ ਖ਼ਜ਼ਾਨੇ ਨੂੰ ਜਿੰਨਾਂ ਵੀ ਵਾਚੀ ਜਾਈਏ, ਥੋੜ੍ਹਾ ਹੈ । ਇਸ ਨੇ ਕਾਫ਼ੀ ਸਾਹਿੱਤ ਦੀ ਪਰੰਪਰਾ ਨੂੰ ਚੋਖੀ ਸ਼ਕਤੀ ਪ੍ਰਦਾਨ ਕੀਤੀ ਹੈ ।

ਸਤਾਰ੍ਹਵੀਂ ਸਦੀ ਦੇ ਆਖ਼ਰੀ ਕਾਫ਼ੀਕਾਰ ਹਨ ਗੁਰੂ ਤੇਗ ਬਹਾਦਰ ਜੀ ਜਿਨ੍ਹਾਂ ਦੀਆਂ ਤਿੰਨ ਕਾਫ਼ੀਆਂ ਸੁਪ੍ਰਸਿੱਧ ਹਨ, ਜੋ ਰਾਗ ਤਿਲੰਗ ਵਿਚ ਗਾਏ ਜਾਣ ਲਈ ਆਦੇਸ਼ਬੱਧ ਹਨ । ਨੌਵੇਂ ਪਾਤਸ਼ਾਹ ਦੀ ਰਚਨਾ ਵਧੇਰੇ ਕਰਕੇ ਵੈਰਾਗ ਦੀ ਰਚਨਾ ਹੈ । ਇਨ੍ਹਾਂ ਦੀ ਕੁਰਬਾਨੀ ਨੇ ਜਿਹੜਾ ਵੈਰਾਗ ਪੈਦਾ ਕੀਤਾ ਹੈ, ਉਹ ਕਲਮਬੰਦ ਹੋਣ ਤੋਂ ਕਿਤੇ ਪਰੇ ਦੀ ਗੱਲ ਹੈ । ਪ੍ਰਭੂ ਸਰੂਪ ਗੁਰੂ ਤੇਗ ਬਹਾਦਰ ਨੇ ਕਾਫ਼ੀ ਪਰੰਪਰਾ ਨੂੰ ਅੱਗੇ ਤੋਰਦਿਆਂ ਕਿੰਨੇ ਸੁੰਦਰ ਆਦੇਸ਼ਾਤਮਕ ਅਤੇ ਉਪਦੇਸ਼ਾਤਮਕ ਬਚਨ ਕਹੇ ਹਨ, ਜਿਨ੍ਹਾਂ ਤੋਂ ਜਿਗਿਆਸੂ ਨੂੰ ਸੇਧ ਲੈ ਕੇ ਆਪਣਾ ਜੀਵਨ ਸਫ਼ਲ ਕਰਨਾ ਚਾਹੀਦਾ ਹੈ । ਉਨ੍ਹਾਂ ਦੀ ਰਚਨਾ ਜਾਗ੍ਰਤੀਪੂਰਨ ਹੈ । ਉਹ ਸੁੱਤੇ ਇਨਸਾਨ ਨੂੰ ਜਗਾਂਦੇ ਹਨ :

ਜਾਗ ਲੇਹੁ ਰੇ ਮਨਾ ਜਾਗ ਲੇਹੁ । ਕਹਾ ਗਾਫਲ ਸੋਇਆ ।
ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗ ਨ ਹੋਇਆ । ੧ । ਰਹਾਉ ।
ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ।
ਜੀਉ ਛੁਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ।
ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ।
ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ ॥ 1 ॥ ਰਾਗ ਤਿਲੰਗ ।

ਅਠ੍ਹਾਰਵੀਂ ਸਦੀ ਤਕ ਜਿਨ੍ਹਾਂ ਕਾਫ਼ੀਕਾਰਾਂ ਨੇ ਪੰਜਾਬੀ ਕਾਫ਼ੀ ਪਰੰਪਰਾ ਨੂੰ ਅੱਗੇ ਤੋਰਿਆ ਹੈ, ਉਨ੍ਹਾਂ ਵਿਚੋਂ ਵਿਸ਼ੇਸ਼ ਵਿਅਕਤੀਆਂ ਦੇ ਨਾਂ ਇਸ ਪ੍ਰਕਾਰ ਹਨ : ਅਹਿਮਦ, ਆਕਲ ਸ਼ਾਹ, ਅਬਦੁੱਲਾ ਸ਼ਾਹ, ਸੰਭੂ, ਸੁੰਦਰ ਦਾਸ, ਸ਼ਾਹ ਕਲੰਦਰ, ਆਲਮ ਸਾਈਂ, ਈਸ਼ਰ ਸੰਭੂ, ਸ਼ਫ਼ੀ, ਈਸਨ, ਸਾਧੂ ਜਨ, ਸ਼ਾਹ ਬਹਾਦਰ, ਸ਼ਾਹ ਮੁਰਾਦ, ਕੇਸੋ, ਖਾਨੇ, ਜੈ ਸਿੰਘ, ਫਾਜ਼ਲ, ਗੁਲਾਬ ਦਾਸ, ਗਰੀਬ ਦਾਸ, ਖਿਆਲੀ, ਦਇਆ ਚੰਦ, ਪ੍ਰੀਤਮ, ਨੂਰ, ਧਰਮਦਾਸ, ਦਰਸ਼ਨ, ਗੁਆਲ ਦਾਸ, ਮਾੜੀ, ਪੀਰੋ, ਫਿਦਵੀ, ਬਾਕੀ ਸਾਹੁ, ਬੁਲ੍ਹਾ ਸ਼ਾਹ, ਭਗਵਾਨ ਰਾਇ,

ਮਸਤ ਰਾਮ, ਮਮੂਦ, ਭਾਵਣ ਦਾਸ, ਬਖਤ ਗੁਲਾਮ, ਨਉਨਿਧ, ਜਾਨੇ, ਫੇਰੂ, ਖੁਸ਼ੀ, ਟਹਕਨ, ਵਲੀ ਰਾਮ, ਲਾਲ ਖਿਆਲ, ਮੁਕੀਮ, ਮਿਸਕੀ, ਮੌਲਾ ਸ਼ਾਹ, ਮੂਸਾ, ਰਾਮੁਦਾਸ, ਲਾਹਰੁ, ਰਿਦੇ ਰਾਮ, ਰਸੀਦ, ਰਾਇ ਮੌਨ, ਗੁਨਕਾਰੀ ਆਦਿ। ਇਨ੍ਹਾਂ ਕਾਫ਼ੀਕਾਰਾਂ ਨੇ ਕਾਫ਼ੀਆਂ ਦੀ ਰਚਨਾ ਤਾਂ ਹੋਰ ਵੀ ਕੀਤੀ ਹੋਵੇਗੀ, ਪਰ ਉਹ ਅਜੇ ਉਪਲਬਧ ਨਹੀਂ ਹੈ, ਖੋਜ ਦੀ ਮੁਹਤਾਜ ਹੈ। ਇਨ੍ਹਾਂ ਕਾਫ਼ੀਕਾਰਾਂ ਵਿਚੋਂ ਜੋ ਜ਼ਿਆਦਾ ਪ੍ਰਸਿੱਧ ਹਨ, ਉਹ ਹਨ ਬੁਲ੍ਹਾ ਸ਼ਾਹ, ਸ਼ਾਹ ਕਲੰਦਰ, ਸੁੰਦਰ ਦਾਸ, ਸੰਭੂ, ਆਲਮ ਸਾਈਂ, ਵਲੀ ਰਾਮ, ਰਿਦੇ ਰਾਮ, ਮੂਸਾ, ਮੁਕੀਮ, ਮਿਸਕੀ, ਮਸਤ ਰਾਮ, ਫ਼ਾਜ਼ਲ, ਧਰਮਦਾਸ, ਦਇਆ ਚੰਦ, ਗ਼ਰੀਬ ਦਾਸ ਅਤੇ ਸ਼ਾਹ ਮੁਰਾਦ। ਇਨ੍ਹਾਂ ਸਭ ਦੀਆਂ ਕਾਫ਼ੀਆਂ ਦਾ ਨਮੂਨਾ ਤਾਂ ਨਹੀਂ ਦਿੱਤਾ ਜਾ ਸਕਦਾ, ਪਰ ਇਨ੍ਹਾਂ ਵਿਚੋਂ ਕੁਝ ਹੋਰ ਜ਼ਿਆਦਾ ਪ੍ਰਸਿੱਧ ਵਿਅਕਤੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਦੀਆਂ ਕਾਫ਼ੀਆਂ ਬਾਰੇ ਵਿਚਾਰ ਦਿੱਤਾ ਜਾ ਸਕਦਾ ਹੈ। ਬੁਲ੍ਹੇ ਸ਼ਾਹ, ਸ਼ਾਹ ਹੁਸੈਨ ਵਾਂਗੂ ਸ਼ਰ੍ਹਾ ਦੇ ਬੰਧਨਾਂ ਤੋਂ ਆਜ਼ਾਦ ਸੀ। ਉਹ ਦੀਵਾਰਾਂ ਵਿਚ ਬੰਦ ਹੋਣਾ ਪਸੰਦ ਨਹੀਂ ਸੀ ਕਰਦਾ। ਉਹ ਤਾਂ ਰੱਬ ਦਾ ਦੀਦਾਰ ਹਰ ਪਾਸੇ, ਹਰ ਕਿਣਕੇ ਤੇ ਹਵਾ ਦੇ ਹਰ ਝੋਂਕੇ ਵਿਚ ਕਰਦਾ ਹੈ। ਇਸ ਕਰਕੇ ਉਹ ਨਾ ਮੰਦਿਰਾਂ, ਨਾ ਠਾਕਰ ਦੁਆਰਿਆਂ ਅਤੇ ਨਾ ਮਸੀਤਾਂ ਵਿਚ ਜਾਣ ਦਾ ਸ਼ੌਕੀਨ ਹੈ, ਉਹ ਤਾਂ ਮਸਤ ਮਲੰਗ ਇਕ ਆਜ਼ਾਦ ਪੰਛੀ ਹੈ। ਉਸ ਦੀ ਆਪਣੀ ਜ਼ਬਾਨੀ ਸੁਣੋ :

ਮੈਂ ਬੇਕੈਦ, ਮੈਂ ਬੇਕੈਦ, ਨਾਰੋਗੀ ਨ ਵੈਦ।
ਨਾ ਮੈਂ ਮੋਮਨਿ ਨਾ ਮੈਂ ਕਾਫ਼ਰ, ਨਾ ਸਈਯਦ ਨਾ ਸ਼ੇਖ।
ਮੈਂ ਆਜਜ਼ ਦੀ ਜਾਤ ਕੀ ਪੁਛਨਾ ਪੈਦਾ ਹੋਇਆ ਨਾ-ਪੈਦ।
ਚਉਂਦਾ ਭਉਨ ਮਾਹਿ ਫੇਰਾ ਮੇਰਾ, ਕਿਸੇ ਨ ਕੀਤਾ ਕੈਦ।
ਬੁਲ੍ਹਾ ਸ਼ਾਹ ਦੀ ਜਾਤ ਕੀ ਪੁਛਨਾ, ਪੈਦਾ ਕਰੇ ਨਾ-ਪੈਦ।

(ਰਾਗ ਧਨਾਸਰੀ)

ਆਪਣੀ ਹੋਂਦ ਬਾਰੇ ਬੁਲ੍ਹੇ ਸ਼ਾਹ ਹੋਰ ਲਿਖਦਾ ਹੈ :

ਨੀ ਸਈਉ ਮੇਰੀ ਬੁਕਲ ਦੇ ਵਿਚਿ ਚੋਰ।
ਕੋ ਰਾਮਦਾਸ ਕੋ ਫਤੇਹ ਮੁਹੰਮਦ ਏਹੁ ਕਦੀਮੀ ਸ਼ੋਰ। ਰਹਾਉ।
ਜਿਨਿ ਜਾਣ ਲਾਇਆ ਤਿੰਨ ਜਾਣ ਲਿਆ ਹੋਰ ਝੁਰ ਝੁਰ ਹੋਏ ਮੋਰ।
ਅਪਨਾ ਸਹੁ ਜੋ ਭਾਲਿ ਲਹੇ ਹੁਣਿ ਤਿਸੁ ਕੀ ਹੀ ਗਲ ਜੋਰ।
ਹਿੰਦੂ ਚਿੜਦੇ ਸਿਵਿਆਂ ਤੋਂ ਮੁਸਲਮਾਨਾਂ ਗੋਰ।
ਦੋਵੇਂ ਆਪਿ ਵਿਚ ਪਚਿ ਪਚਿ ਮਰਦੇ, ਉਹ ਅੰਨ੍ਹੇ ਉਹ ਕੋਰ।

ਅਤੇ

ਕੈਂਥੀ ਆਪ ਛੁਪਾਈਦਾ, ਹੁਣਿ ਕੈਂਥੀ ਆਪਿ ਲੁਕਾਈਦਾ।
ਬੁਲ੍ਹੇ ਕੋਲੋਂ ਚੁਲ੍ਹਾ ਚੰਗਾ ਜਿਸ ਵਿਚ ਤਾਮ ਪਕਾਈਦਾ। ੧। ਰਹਾਉ।
ਕਹੂੰ ਮੁੱਲਾਂ ਹੋਇ ਬੁਲੇਂਦੇ ਹੋ, ਕਹੂੰ ਰਾਮ ਦੁਹਾਈਆਂ ਦੇਂਦੇ ਹੋ।
ਕਹੂੰ ਸੁੰਨਤ ਮਜ਼ੂਬ ਦਿਸੇਂਦੇ ਹੋ, ਕਹੂੰ ਮਾਥੇ ਤਿਲਕ ਲਗਾਈਦਾ।
ਮਨਸੂਰ ਤੁਸਾਂ ਥੇ ਆਇਆ ਹੈ, ਤੁਸਾਂ ਸੂਲੀ ਚਾਇ ਦਿਵਾਇਆ ਹੈ।
ਮੇਰਾ ਵੀਰਨ ਬਾਬਲ ਜਾਇਆ ਹੈ, ਤੁਸੀਂ ਖੂਨ ਦੇਵੋ ਮੇਰੇ ਭਾਈ ਦਾ।

(ਰਾਗ ਭੈਰਵੀ)

ਕਾਫ਼ੀ ਦੀ ਖ਼ਾਸੀਅਤ ਹੁੰਦੀ ਹੈ ਕਿ ਉਸ ਵਿਚ ਆਪਣੇ ਪ੍ਰੇਮੀ ਪ੍ਰੀਤਮ ਨਾਲ ਗੱਲਾਂ ਕੀਤੀਆਂ ਜਾਂਦੀਆਂ ਹਨ, ਕੁਝ ਹਾਸੇ, ਕੁਝ ਮਿਹਣੇ ਤੇ ਕੁਝ ਉਲ੍ਹਾਮੇ ਦਿੱਤੇ ਹੁੰਦੇ ਹਨ। ਪਿਆਰ ਦੇ ਅਥਾਹ ਰੋੜ੍ਹ ਵਿਚੋਂ ਫੜੇ ਕੁਝ ਜਜ਼ਬਾਤ ਕਾਫ਼ੀ ਦੇ ਰੰਗ ਵਿਚ ਕਾਫ਼ੀਕਾਰ ਬੰਨ੍ਹਦੇ ਹਨ। ਭਗਵਾਨ ਰਾਇ ਤੇ ਭਾਵਣ ਦਾਸ ਨੇ ਆਪਣੇ ਮਨਾਂ ਦੇ

ਵਲਵਲੇ ਵੀ ਸ਼ਾਹ ਹੁਸੈਨ ਵਾਂਗੂ ਹੀ ਪ੍ਰਗਟ ਕੀਤੇ ਹਨ। ਭਾਵਣ ਦਾਸ ਕਹਿੰਦਾ ਹੈ :

ਕਉਣ ਕਰੇ ਤਉ ਬਾਝਹੁ ਸਾਈਆਂ, ਦਾਰੂ ਦਰਦ ਰਵਾਣੀਦਾ।
ਇਹੋ ਫਿਕਰ ਰਹੇ ਦਿਨ ਰਾਤੀ, ਪਿਆਰਾ ਮੈਂ ਵੱਲ ਕਰੇ ਨ ਝਾਤੀ।
ਕੋਈ ਖਬਰ ਨ ਦੇਵੇ ਖਾਤੀ, ਹਾਲ ਹਵਾਲ ਨਿਮਾਣੀ ਦਾ।

ਮਮੂਦ ਦਾ ਆਪਣਾ ਰੰਗ ਹੈ। ਉਹ ਖ਼ੁਦ ਨੂੰ ਪਰਮਾਤਮਾ ਨਾਲ ਮੁਕਾਬਲਾ ਕਰਕੇ ਕਹਿੰਦਾ ਹੈ ਕਿ "ਸਾਈਂ ਮੇਰੇ ਦੀਆਂ ਲੱਖ ਚੰਗਿਆਈਆਂ, ਮੈਥੋਂ ਹੋਵੇ ਨਾ ਆਵੇ ਇੱਕਾ।" ਮਿਸਕੀ, ਮੁਕੀਮ, ਮੂਸਾ ਤੇ ਮੌਲਾ ਸ਼ਾਹ ਵਰਗੇ ਕਾਫ਼ੀਕਾਰਾਂ ਨੇ ਦਿਲ ਦੇ ਡੂੰਘੇ ਸਮੁੰਦਰਾਂ ਵਿਚੋਂ ਜਵਾਹਰਾਤ ਤੇ ਹੀਰੇ-ਨੁਮਾ ਵਿਚਾਰ ਆਪਣੀਆਂ ਰਚਨਾਵਾਂ ਰਾਹੀਂ ਪੇਸ਼ ਕੀਤੇ ਹਨ। ਖ਼ੁਦ ਨੂੰ ਪਤਨੀ ਤੇ ਪ੍ਰਭੂ ਨੂੰ ਪਤੀ ਮੰਨ ਕੇ ਉਸ ਨਾਲ਼ ਕਲੋਲ ਕੀਤੇ ਹਨ। ਮੌਲਾ ਸ਼ਾਹ ਦੀਆਂ ਕਾਫ਼ੀਆਂ ਅੱਜ ਵੀ ਬੁਲ੍ਹੇ ਸ਼ਾਹ ਤੇ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਾਂਗ ਪੀਰਾਂ ਦੇ ਮਜ਼ਾਰਾਂ ਉੱਤੇ ਗਾਈਆਂ ਜਾਂਦੀਆਂ ਹਨ। ਮੌਲਾ ਸ਼ਾਹ ਦਾ ਇਸ਼ਕ ਹਕੀਕੀ ਹੁੰਦਾ ਹੋਇਆ ਵੀ ਮਜਾਜ਼ੀ ਜਾਪਦਾ ਹੈ। ਬਹੁਤ ਠੁਲ੍ਹਾ ਇਸ਼ਕ ਦਾ ਪ੍ਰਵਾਹ ਹੈ :

ਆ ਵੇ ਮਾਹੀ ਲਗ ਜਾ ਛਾਤੀ, ਬਾਂਕਿਆਂ ਨੈਣਾਂ ਵਾਲਿਆ।
ਜਾਂ ਭੱਜ ਗਈਆਂ ਮੇਰੀਆਂ ਵੰਗਾਂ, ਵੇ ਮਿਤਰਾ ਛੱਡ ਵੀਣੀ।
ਜਾਂ ਦਿਨ ਰਾਤ ਮਿਤਰਾ ਵੇ ਸਾਨੂੰ ਤਾਂਘਾਂ ਤੇਰੀਆਂ।

ਰਿਦੇ ਰਾਮ ਦੀਆਂ ਮਸਤ ਮਲੰਗੀ ਰੰਗ ਵਿਚ ਰੰਗੀਆਂ ਕਾਫ਼ੀਆਂ ਕਿੰਨੇ ਹਿਰਦਿਆਂ ਨੂੰ ਮਾਤ ਪਾਉਂਦੀਆਂ ਹਨ। ਉਸ ਦੀ ਸ਼ੈਲੀ ਬੇਹੱਦ ਸਾਦੀ ਹੈ ਤੇ ਕਾਫ਼ੀ ਪਰੰਪਰਾ ਦੇ ਪ੍ਰਵਾਹ ਨੂੰ ਅੱਗੇ ਤੋਰਦੀ ਹੈ :

ਸਾਂਈ ਸਾਨੂੰ ਤਕੀਆ ਤੇਰੇ ਨਾਮ ਦਾ, ਨਾਮ ਦਾ ਜੀ, ਹਰਿਨਾਮ ਦਾ। ਰਹਾਉ।

ਲਾਹੌਰ, ਲਾਲ ਖਿਆਲ ਤੇ ਵਲੀ ਰਾਮ ਨੇ ਆਪਣੇ ਅਨੁਭਵ ਅਨੁਸਾਰ ਕਾਫ਼ੀਆਂ ਦੀ ਰਚਨਾ ਕੀਤੀ ਹੈ। ਇਨ੍ਹਾਂ ਵਿਚੋਂ ਵਲੀ ਰਾਮ ਦੀ ਕਾਫ਼ੀ ਵਿਚ ਦਰਸ਼ਨ ਘੱਟ ਤੇ ਸੁਨੇਹਾ ਜ਼ਿਆਦਾ ਹੈ। ਵਲੀ ਰਾਮ ਦੀ ਕਾਫ਼ੀ ਦੀ ਵੰਨਗੀ ਦੇਖੋ :

ਅੱਖੀਆਂ ਨੂੰ ਬਾਣ ਪਈਆਂ ਨੇ ਰੋਵਣ ਦੀ।
ਆਹੀ ਕਢਨ ਤੇ ਨੀਰ ਪਲਟਨ, ਹੰਝੂ ਮੁਹਿ ਧੋਵਣ ਦੀ।
ਜਾਂ ਪ੍ਰੀਤਿ ਲਗੀ ਘਰਿ ਵੰਞਣ ਕੇਹਾ, ਆਉ ਸੱਜਣ ਬਹਿ ਕੋਲ ਅਸਾਡੇ,
ਬਹੁਤ ਮੁਰਾਦ ਨੈਣਾ ਦੀ ਏਹਾ। ਰਹਾਉ।

ਇਹ ਸਨ ਅਠਾਰ੍ਹਵੀਂ ਸਦੀ ਤਕ ਦੇ ਕਾਫ਼ੀਕਾਰ। ਹੁਣ ਅਸੀਂ ਉਨ੍ਹਾਂ ਕਾਫ਼ੀਕਾਰਾਂ ਦੀਆਂ ਰਚਨਾਵਾਂ ਦੀ ਗੱਲ ਕਰਾਂਗੇ ਜਿਨ੍ਹਾਂ ਨੇ ਉਨ੍ਹੀਵੀਂ ਸਦੀ ਤੋਂ ਹੁਣ ਤਕ ਕਾਫ਼ੀ ਖੇਤਰ ਨੂੰ ਵਿਕਸਿਤ ਕੀਤਾ ਹੈ। ਇਨ੍ਹਾਂ ਕਾਫ਼ੀ ਲੇਖਕਾਂ ਵਿਚੋਂ ਜਿਨ੍ਹਾਂ ਨੇ ਕਾਫ਼ੀ ਸਾਹਿੱਤ ਦੀ ਪਰੰਪਰਾ ਨੂੰ ਤਰੱਕੀ ਦਿੱਤੀ ਹੈ ਤੇ ਹੁਣ ਇਸ ਸਾਹਿੱਤ ਲਹਿਰ ਨੂੰ ਕਾਇਮ ਰਖਿਆ ਹੈ, ਉਹ ਇਸ ਪ੍ਰਕਾਰ ਹਨ–ਸੰਤ ਸੁੰਦਰ ਦਾਸ ਉਦਾਸੀ, ਭਾਈ ਅਤਰ ਸਿੰਘ, ਗ਼ੁਲਾਮ ਜੀਲਾਨੀ, ਕਰਮ ਅਲੀ ਸ਼ਾਹ, ਅਨੰਤ ਪ੍ਰਕਾਸ਼ ਉਦਾਸੀਨ, ਗ਼ੁਲਾਮ ਫ਼ਰੀਦ, ਸ਼ੈਦਾ ਦੇਸ ਰਾਜ, ਸਾਧੂ ਧਿਆਨ ਸਿੰਘ ਆਰਫ਼, ਪਾਲ ਸਿੰਘ ਆਰਫ਼, ਮੀਰਾਂ ਸ਼ਾਹ ਜਲੰਧਰੀ, ਲਾਲ ਗਿਰ, ਵਲਾਇਤਾ ਸ਼ਾਹ, ਮਸਤਨ ਖਾਨ ਮਸਤਨ ਅਤੇ ਸੁਆਮੀ ਗਿਆਨ ਦਾਸ ਉਦਾਸੀ ਆਦਿ। ਇਨ੍ਹਾਂ ਕਾਫ਼ੀਕਾਰਾਂ ਵਿਚੋਂ ਸ਼ੰਤ ਸੁੰਦਰ ਦਾਸ, ਗ਼ੁਲਾਮ ਜੀਲਾਨੀ, ਕਰਮ ਅਲੀ ਸ਼ਾਹ, ਗ਼ੁਲਾਮ ਫ਼ਰੀਦ, ਮੀਰਾਂ ਸ਼ਾਹ ਜਲੰਧਰੀ ਆਦਿ ਦੇ ਕਲਾਮ ਤਾਂ ਬਹੁਤ ਪ੍ਰਸਿੱਧ ਹਨ। ਇਨ੍ਹਾਂ ਨੇ ਕਾਫ਼ੀ ਲਹਿਰ ਨੂੰ ਅੱਜ ਤਕ ਤਾਜ਼ਾ ਰੱਖਿਆ ਹੈ। ਬਾਵਾ ਦੇਸ ਰਾਜ ਦੀਆਂ ਕਾਫ਼ੀਆਂ ਨੂੰ ਹੀ ਰਾਗਬੱਧ ਕੀਤਾ ਗਿਆ ਹੈ। ਬਾਕੀ ਦੇ ਕਾਫ਼ੀਕਾਰਾਂ ਨੇ ਆਪਣੀਆਂ ਕਾਫ਼ੀਆਂ ਲਈ ਰਾਗਾਂ ਦਾ ਸੁਝਾਉ ਨਹੀਂ ਦਿੱਤਾ। ਅੱਜ ਵੀ ਜਿਹੜੇ ਕਵੀ ਟਾਵੇਂ-ਟਾਵੇਂ ਕਾਫ਼ੀ ਸਾਹਿੱਤ ਦੀ ਰਚਨਾ ਕਰਦੇ ਹਨ, ਉਹ ਰਾਗ ਦਾ ਸੁਝਾਉ ਨਾਲ ਨਹੀਂ ਦਿੰਦੇ। ਉਹ ਮੌਕੇ ਅਨੁਸਾਰ ਸੁਰ-ਲੈ ਤਿਆਰ ਕਰ ਲੈਂਦੇ ਹਨ ਤੇ ਸਰੋਤਿਆਂ ਨੂੰ ਮੁਗਧ ਕਰਦੇ ਹਨ। ਉਨ੍ਹੀਵੀਂ ਸਦੀ ਤੋਂ ਬਾਅਦ ਦੇ

ਕਾਫ਼ੀਕਾਰਾਂ ਵਿਚੋਂ ਜਿਨ੍ਹਾਂ ਨੇ ਵੱਧ ਕਾਫ਼ੀ-ਕਾਵਿ ਦੀ ਰਚਨਾ ਕੀਤੀ ਹੈ। ਉਹ ਹਨ ਭਾਈ ਅਤਰ ਸਿੰਘ ਜੋ ਵਿਯੋਗ ਦਾ ਕਵੀ ਹੈ, ਅਨੰਤ ਪ੍ਰਕਾਸ਼ ਉਦਾਸੀਨ ਜਿਸ ਦੀ ਕਾਫ਼ੀ ਰੁਬਾਈ ਵਰਗੀ ਜ਼ਮੀਨ ਉੱਤੇ ਆਧਾਰਿਤ ਹੈ, ਈਸ਼ਰ ਦਾਸ ਉਦਾਸੀ ਜ਼ਿਸ ਦੀਆਂ ਕਾਫ਼ੀਆਂ ਦਾ ਸੁਆਦ ਤੇ ਭਾਵ ਉਪਦੇਸ਼ਾਤਮਕ ਅਤੇ ਪਲਾਇਨਵਾਦੀ ਹੈ, ਸੰਤ ਸੁੰਦਰ ਸਿੰਘ ਜੋ ਗ੍ਰਿਹਸਥੀ ਜੀਵਨ ਵਿਚ ਰਹਿ ਕੇ ਪਰਮਾਤਮਾ ਦੀ ਸਭ ਤੋਂ ਉੱਤਮ ਭਗਤੀ ਕਰਨ ਦਾ ਸਾਧਨ ਦੱਸਦਾ ਹੈ ਅਤੇ ਪਰਮਾਤਮਾ ਦੀ ਰਜ਼ਾ ਵਿਚ ਰਹਿ ਕੇ ਚੰਗਾ ਜੀਵਨ ਬਤੀਤ ਕਰਨ ਦੀ ਸਲਾਹ ਦਿੰਦਾ ਹੈ, ਗਿਆਨ ਦਾਸ ਉਦਾਸੀ ਜੋ ਜੀਵਨ ਤੋਂ ਉਪਰਾਮ ਅਤੇ ਸੱਚੇ ਪਾਤਸ਼ਾਹ ਨਾਲ ਯਾਰੀ ਰੱਖਣ ਦਾ ਮੁਤਲਾਸ਼ੀ ਹੈ ਅਤੇ ਲੁਕਾਈ ਨੂੰ ਇਸ ਰਸਤੇ ਉੱਤੇ ਤੁਰਨ ਦਾ ਸੁਝਾਉ ਦਿੰਦਾ ਹੈ, ਗ਼ੁਲਾਮ ਜੀਲਾਨੀ ਜਿਸ ਦਾ ਕਾਫ਼ੀ ਰਚਨਾ ਤਾਂ ਘੱਟ ਹੈ ਪਰ ਹੋਰ ਕਾਵਿ ਰਚਨਾ ਬਹੁਤ ਤਕੜੀ ਹੈ, ਇਹ ਰੱਬ ਦੇ ਇਸ਼ਕ ਨੂੰ ਮਿਹਰ ਦੀ ਨਜ਼ਰ ਮੰਨਦਾ ਹੈ ਜਿਸ ਨੇ ਉਸ ਨੂੰ ਅਸਲੀ ਮਸਤੀ ਬਖ਼ਸ਼ੀ ਹੈ। ਇਸ ਦੀ ਇਹ ਕਾਫ਼ੀ ਬਹੁਤ ਹੀ ਪ੍ਰਸਿੱਧ ਹੈ :

ਜੋ ਕਲ੍ਹ ਕਰਨਾ ਕਰ ਅੱਜ ਕੁੜੇ, ਹੋਰ ਛੱਡ ਦੇ ਸਾਰੇ ਪਜ ਕੁੜੇ।
ਸੁੰਮਨ ਬੁਕਮਨ ਉਮੱਯਨ ਰਹੀਏ, ਦਿਲ ਆਪਣੇ ਵੱਲ ਮੂੰਹ ਕਰ ਬਹੀਏ।
ਫੈਦਾ ਕੀ ਹੈ ਪਾਇਆਂ ਗੱਜ ਕੁੜੇ.....:

ਭਾਵੇਂ ਬਾਵਾ ਦੇਸ ਰਾਜ ਕਾਫ਼ੀਕਾਰ ਤੇ ਕਵੀ ਵਜੋਂ ਪੰਜਾਬੀ ਕਾਵਿ-ਜਗਤ ਵਿਚ ਪ੍ਰਸਿੱਧ ਨਹੀਂ ਹੋਇਆ, ਪਰ ਉਸ ਦੀ ਰਚਨਾ ਵਿਚ ਬਹੁਤ ਜਾਨ ਹੈ। ਉਸ ਦਾ ਅਨੁਭਵ ਦੀਰਘ ਹੈ ਅਤੇ ਕਲਪਨਾ ਸ਼ਕਤੀ ਉਚੇਰੀ। ਇਸ ਦੀਆਂ ਸਾਰੀਆਂ ਕਾਫ਼ੀਆਂ ਰਾਗਬੱਧ ਹਨ। ਇਸ ਦੀਆਂ ਦੋ ਕਾਫ਼ੀਆਂ

ਸਭ ਜਨ ਦੋ ਦਿਨ ਕੇ ਮਹਿਮਾਨ।
ਦੇਖੋ ਕੈਸੇ ਕਰਤ ਗੁਮਾਨ

ਅਤੇ

ਤਾਂਘ ਪੀਆ ਦੀ ਦਮ ਦਮ ਜਾਲੇ।
ਅੰਦਰ ਭਾਹਿ ਬ੍ਰਿਹੋਂ ਦੀ ਬਾਲੇ।

ਬਹੁਤ ਹੀ ਭਾਵਪੂਰਨ ਹਨ ਅਤੇ ਸਰੋਤਿਆਂ ਦੀ ਚੇਤਨਤਾ ਨੂੰ ਜਗਾਉਦੀਆਂ ਹਨ। ਸਾਧੂ ਧਿਆਨ ਸਿੰਘ ਆਰਿਫ਼ ਅਤੇ ਪਾਲ ਸਿੰਘ ਆਰਿਫ਼ ਦੋਵੇਂ ਵਿਲੱਖਣਤਾ ਭਰਪੂਰ ਸ਼ੈਲੀ ਰਖਣ ਵਾਲੇ ਕਾਫ਼ੀਕਾਰ ਹਨ। ਪਾਲ ਸਿੰਘ ਨੇ ਚੋਖੀਆਂ ਸਾਰੀਆਂ ਕਾਫ਼ੀਆਂ ਲਿਖੀਆਂ ਹਨ ਜਿਨ੍ਹਾਂ ਦਾ ਬਹਿਰ ਬਹੁਤ ਛੋਟਾ ਰਖਿਆ ਹੈ, ਪਰ ਭਾਵ ਵੱਡਾ ਹੈ, ਨਿਸ਼ਾਨਾ ਇਕੋ ਹੀ ਹੈ, ਪ੍ਰਭੂ ਸਿਮਰਨ ਤੇ ਸੰਸਾਰ ਨਾਲ ਮੋਹ ਘੱਟ ਰਖਣਾ। ਇਹੋ ਆਰਿਫ਼ ਸੰਪ੍ਰਦਾਇ ਦਾ ਆਦਰਸ਼ਪੂਰਨ ਟੀਚਾ ਰਿਹਾ ਹੈ। ਸਾਧੂ ਧਿਆਨ ਸਿੰਘ ਲਿਖਦੇ ਹਨ :

ਮੇਰੀ ਮੇਰੀ ਨ ਕਰ ਗਾਫ਼ਲ ਏਹ ਧਨ ਜਾਣ ਪਰਾਇਆ ਈ।
ਸਾਈਂ ਵਿਸਾਰ ਕੇ ਦੁਨੀਆ ਅੰਦਰ ਸਿਰ ਤੋਂ ਖੌਫ਼ ਭੁਲਾਇਆ ਈ।

ਜਾਂ

ਜਿਸ ਪਾਪੀ ਨੇ ਜਨਮ ਹਾਰਿਆ ਹੋ ਕਰ ਬਹੁਤ ਲਾਚਾਰ ਗਿਆ।
ਮੇਰੀ ਮੇਰੀ ਰਿਹਾ ਸੁਨਾਂਦਾ ਹਰ ਦਾ ਵਿਰਦ ਵਿਸਾਰ ਗਿਆ।
ਅੰਤ ਛੋੜ ਕੇ ਧਰੀ ਧਰਾਈ ਕੂੜੀ ਖੇਤ ਖੜਾਰ ਗਿਆ।
ਮੋਹਲਤ ਪੁੰਨੀ ਭਇਆ ਕਿਰਯਾ ਰੋਂਦਾ ਜ਼ਾਰੋ ਜ਼ਾਰ ਗਿਆ।

ਪਾਲ ਸਿੰਘ ਆਰਿਫ਼ ਦੀ ਇਹ ਕਾਫ਼ੀ 'ਇਸ਼ਕੇ ਅੰਦਰ ਬਹੁਤ ਖ਼ੁਮਾਰੀ' ਚੋਖੀ ਲੰਮੀ ਹੈ, ਜਿਸ ਵਿਚ ਉਸ ਨੇ ਦੱਸਿਆ ਹੈ ਕਿ ਇਸ਼ਕ ਜਿਸ ਘਰ ਲਗਦਾ ਹੈ, ਉਹ ਘਰ ਖ਼ੁਆਰ ਹੋ ਜਾਂਦਾ ਹੈ। ਜੇਕਰ ਇਹੋ ਇਸ਼ਕ ਰੱਬ ਨਾਲ ਲੱਗ ਜਾਵੇ ਤਾਂ ਕਾਮ, ਕ੍ਰੋਧ, ਲੋਭ ਤੇ ਹੰਕਾਰ ਸਭ ਦਾ ਨਾਸ਼ ਹੋ ਜਾਂਦਾ ਹੈ, ਸਿਰਫ ਪਿਆਰ ਹੀ ਪਿਆਰ ਵਿਚਰਦਾ ਹੈ। ਇਸ਼ਕ ਦੀ ਅਲਖ ਜਗਦੀ ਹੈ। ਪਾਲ ਦੀ ਕਾਫ਼ੀ ਦਾ ਨਮੂਨਾ ਵੇਖੋ :

ਜ਼ਾਲਮ ਇਸ਼ਕ ਬੇਦਰਦ ਕਹਾਂਵੇ, ਜਿਸ ਨੂੰ ਲੱਗੇ ਮਾਰ ਵੰਜਾਵੇ ।
ਬਾਝੋਂ ਯਾਰ ਕਰਾਰ ਨ ਆਵੇ, ਦੂਜੀ ਵੈਰੀ ਖਲਕਤ ਸਾਰੀ ।
ਇਸ਼ਕੇ ਅੰਦਰ ਬਹੁਤ ਖੁਆਰੀ ।.....

ਇਸੇ ਇਸ਼ਕ ਦਾ ਦੂਜਾ ਪੱਖ ਇਸ ਪ੍ਰਕਾਰ ਚਿਤਰਿਆ ਹੈ :

ਪਾਲ ਸਿੰਘ ਹੁਣ ਕੀ ਕੁਝ ਕਹੀਏ । ਵਾਹਦ ਸਮਝ ਚੁੱਪ ਹੋ ਰਹੀਏ ।
ਦਿਲ ਵਿਚ ਦਿਲਬਰ ਨੂੰ ਮਿਲ ਲਈਏ, ਜਿਸ ਦੀ ਕੁਦਰਤ ਬੇਸ਼ੁਮਾਰੀ ।
ਇਸ਼ਕੇ ਅੰਦਰ ਬਹੁਤ ਖੁਆਰੀ ।

ਮੀਰਾਂ ਸ਼ਾਹ ਜਲੰਧਰੀ ਇਕ ਸੁਲਝਿਆ ਹੋਇਆ ਇਨਸਾਨ ਹੈ, ਜੋ ਦਾਰਸ਼ਨਿਕਤਾ ਦੇ ਰਹੱਸ ਨੂੰ ਸਮਝਦਾ ਹੈ ਤੇ ਉਸੇ ਸੋਚ ਦੇ ਆਧਾਰ 'ਤੇ ਉਹ ਕਹਿੰਦਾ ਹੈ :

ਰੱਖ ਸੌਮ ਸਲਾਤਾਂ ਪੜ੍ਹਦੇ ਹੋ, ਤੁਸੀਂ ਨਾਲ ਲੋਕਾਂ ਦੇ ਲੜਦੇ ਹੋ ।
ਪਾ ਤੇਲ ਕੜਾਹੀ ਸੜਦੇ ਹੋ, ਕੁਝ ਵਿਚਲੀ ਗੱਲ ਨਿਤਾਰੋ ਜੀ ।
ਤੁਸੀਂ ਐਵੇਂ ਮਗਜ਼ ਨਾ ਮਾਰੋ ਜੀ ।.....
ਕਰੋ ਸਾਫ਼ੀ ਆਪਣੇ ਅੰਦਰ ਦੀ, ਤਾਂ ਆਏ ਹਾਥ ਸਮੁੰਦਰ ਦੀ ।
ਕਰੋ ਸੁਹਬਤ ਕਿਸੇ ਕਲੰਦਰ ਦੀ, ਕੋਈ ਪ੍ਰੇਮੀ ਬਾਤ ਵਿਚਾਰੋ ਜੀ ।.....

ਇਸੇ ਕਾਫ਼ੀਕਾਰ ਦੀ ਇਕ ਹੋਰ ਪ੍ਰਸਿੱਧ ਕਾਫ਼ੀ ਦਾ ਨਮੂਨਾ ਦੇਖੋ :

ਦੇ ਹੋਰ ਨਸੀਹਤ ਮਾਏ ਇਸ਼ਕੇ ਹਟਕ ਨਹੀਂ ।
ਇਸ਼ਕ ਜਿਹਾ ਨ ਹਾਦੀ ਕੋਈ, ਇਸ਼ਕ ਹੋਵੇ ਤਾਂ ਮਿਲਦੀ ਢੋਈ ।
ਭੇਤ ਮਾਹੀ ਦੇ ਮਾਏ ਇਸ਼ਕੋ ਹਟਕ ਨਹੀਂ ।.....

ਉਪਰੋਕਤ ਸਰਵੇਖਣ ਤੋਂ ਸਿੱਧ ਹੁੰਦਾ ਹੈ ਕਿ ਕਾਫ਼ੀਕਾਰਾਂ ਨੇ ਪੰਜਾਬੀ ਕਾਫ਼ੀ ਕਾਵਿ ਪਰੰਪਰਾ ਨੂੰ ਪੂਰੇ ਜ਼ੋਰ ਨਾਲ ਅਤੇ ਭਾਵਪੂਰਨ ਢੰਗ ਨਾਲ ਅੱਗੇ ਤੋਰਿਆ ਹੈ । ਜਦ ਤੋਂ ਭਾਰਤ ਆਜ਼ਾਦ ਹੋਇਆ ਹੈ, ਉਸ ਤੋਂ ਬਾਅਦ ਕਾਫ਼ੀ ਸਾਹਿੱਤ ਦੀ ਰਚਨਾ ਲਗਭਗ ਬੰਦ ਹੀ ਹੋ ਗਈ ਹੈ । ਇਸ ਦਾ ਕਾਰਨ ਸ਼ਾਇਦ ਲੋਕ ਰੁਚੀ ਵਿਚ ਪਰਿਵਰਤਨ ਹੈ । ਭਾਵੇਂ ਸਮੇਂ ਦਾ ਰੋੜ ਕਈ ਸਾਹਿੱਤ ਕੀਮਤਾਂ ਨੂੰ ਉਸਾਰਦਾ, ਵਿਕਾਸਦਾ ਅਤੇ ਪਛਾੜਦਾ ਹੈ, ਪਰ ਕਾਫ਼ੀ ਸਾਹਿੱਤ ਵਰਗੀ ਭਰਪੂਰ ਕਾਵਿ ਰਚਨਾ ਦੀ ਲਹਿਰ ਦਾ ਬੰਦ ਹੋ ਜਾਣਾ ਚੋਖਾ ਘਾਟਾ ਹੈ । ਵਰਤਮਾਨ ਕਵੀਆਂ ਨੂੰ ਚਾਹੀਦਾ ਹੈ ਕਿ ਉਹ ਕਾਫ਼ੀ ਪਰੰਪਰਾ ਨੂੰ ਜਗਾਈ ਰੱਖਣ ਅਤੇ ਇਸ ਕੋਮਲ ਭਾਵਾਂ ਵਾਲੀ ਕਾਵਿ-ਵਿਧਾ ਨੂੰ ਨਾ ਤਿਆਗਣ । ਜ਼ਿੰਦਗੀ ਦੇ ਰੁਝੇਵੇਂ ਸੰਗੀਤਕ ਸੁਰਾਂ ਨਾਲ ਜੋੜ ਕੇ ਮਹਿਕਦੇ ਰਹਿਣ ਤਾਂ ਜੀਵਨ ਵਿਚ ਸੁਖੈਨਤਾ, ਮੌਲਿਕਤਾ ਅਤੇ ਇਕਸੁਰਤਾ ਬਣੀ ਰਹਿੰਦੀ ਹੈ । ਪੁਰਾਣੇ ਮਾਖਿਉਂ ਦੀ ਇਹ ਸਰਸਬਜ਼ ਇਸ਼ਕ ਦੀ ਲਹਿਰ ਨਹਿਰ ਬਣਕੇ ਤੁਰਦੀ ਰਹਿਣੀ ਚਾਹੀਦੀ ਹੈ ਤਾਂ ਜੋ ਸਾਹਿੱਤ ਸਾਗਰ ਵਿਚ ਸ਼ੁਆਦ ਦੀ ਕਮੀ ਨਾ ਰਹੇ ।

ਸਹਾਇਕ ਪੁਸਤਕਾਂ

1. ਪ੍ਰੋ: ਤੇਜਾ ਸਿੰਘ, *ਸਾਹਿੱਤ ਦਰਸ਼ਨ* ਵਿਚੋਂ ਇਕ ਲੇਖ 'ਪੰਜਾਬੀ ਵਿਚ ਕਾਫ਼ੀ'
2. *ਕਾਫ਼ੀ ਕੀ ਹੈ* ('ਸ਼ਾਹ ਹੁਸੈਨ' ਸੰਪਾਦਿਤ ਡਾਕਟਰ ਮੋਹਨ ਸਿੰਘ)
3. ਡਾਕਟਰ ਚਰਨ ਸਿੰਘ, *'ਬਾਣੀ ਬਿਉਰਾ'*
4. ਪੰਜਾਬੀ ਕੋਸ਼-ਲੁਧਿਆਣਾ ਮਿਸ਼ਨ ਪ੍ਰੈਸ, 1854
5. *ਪੱਛਮੀ ਪੰਜਾਬੀ ਕੋਸ਼*-ਜੀਊ੍ਰਕਸ
6. *ਹਿੰਦੀ ਵਿਸ਼ਵ ਕੋਸ਼*

ਸੈਯਾ

ਸ਼ਾਮ ਸਿੰਘ ਸਰਦਾਰ ਨੇ ਤੇਗ ਫੜੀ, ਅੰਗਰੇਜ਼ ਕੇ ਸੀਸ ਪੈ ਜਾਇ ਜੜੀ ਹੈ।
ਮੁੰਡ ਕਾਟ ਕੇ ਜਾਟ ਨੇ ਝਾਟ ਕੀਓ, ਦਮਕੀ ਦਲਿ ਮੈ ਰਣਿ ਹੋਰੀ ਕਰੀ ਹੈ।
ਚਮਕੀ ਚੜ੍ਹਿ ਊਧਰ ਗੋਨਰ ਕੇ, ਤਨ ਕਾਟ ਕੇ ਬਸਤ੍ਰ ਰੁਧ੍ਰ ਭਰੀ ਹੈ।
ਮਟਿਕਰਾਇ ਜੁਆਨ ਮਦਾਨ ਲੜਾ, ਸ੍ਕਾਰ ਕੇ ਨਿਮਕ ਕੀ ਲਾਜ ਪੜੀ ਹੈ।

ਕੁੰਡਲੀਆ

ਸ਼ਾਮ ਸਿੰਘ ਰਣਿ ਜੂਝਿਆ, ਸਨਮੁਖ ਹੋ ਸਰਦਾਰ।
ਦੇਵ ਲੋਕ ਨੂੰ ਚੜ੍ਹਿ ਗਿਆ, ਦਲਿ ਮੈਂ ਪੜੀ ਪੁਕਾਰ।
ਦਲਿ ਮੈਂ ਪੜੀ ਪੁਕਾਰ, ਅਪਸਰਾਂ ਮਾਰਗ ਖੜੀਆਂ।
ਪਕੜ ਝਕੜ ਬਹੁ ਵਰੈਂ, ਤੁਰਤ ਲੈ ਮੰਦਰਿ ਵੜੀਆਂ।
ਕਹਿਤ ਮਟਕ ਵਿਚ ਸੁਰਗ ਦੇ, ਕਰਦਾ ਬਹੁਤ ਬਿਲਾਸੁ।
ਸੁਰਪਤਿ ਬਹੁਤ ਸਲਾਹੁੰਦਾ ਸ਼ਾਮ ਸਿੰਘ ਸਰਦਾਰ।

–ਮਟਕ

ਮੋਹਨ ਸਿੰਘ ਦੀ ਕਵਿਤਾ ਵਿਚ ਲੋਕਾਂ ਦਾ ਗ਼ਮ

ਸ. ਕਰਤਾਰ ਸਿੰਘ ਦੁੱਗਲ

ਮੋਹਨ ਸਿੰਘ ਦੀ ਕਾਵਿ ਯਾਤਰਾ ਵਿਚ ਇਕ ਮਕਾਮ ਆਇਆ ਜਦੋਂ ਇੰਜ ਜਾਪਿਆ ਜਿਵੇਂ ਉਸ ਨੇ ਨਿੱਜੀ ਪਿਆਰ ਦੀ ਹੰਢੀ ਹੋਈ, ਛਿਜੀ ਹੋਈ ਫਤੂਹੀ ਨੂੰ ਲਾਹ ਕੇ ਪਰੇ ਸੁਟ ਪਾਇਆ ਹੋਵੇ :

ਮੰਨਿਆ ਪ੍ਰੀਤਾਂ ਗੁੜੀਆਂ ਨਾਲੇ ਸਿਵਾਣੀਆ,
ਪ੍ਰੀਤਾਂ ਦੀ ਗੱਲ ਛੇੜੀਂ ਨਾ ਅੱਜ ਮੇਰੇ ਹਾਣੀਆਂ । (ਗਜ਼ਲ-ਆਵਾਜ਼ਾਂ)

ਸਮੇਂ ਦੀ ਮੰਗ ਹੋਰ ਸੀ, ਉਮਰ ਦਾ ਤਕਾਜ਼ਾ ਹੋਰ ਸੀ । ਤੇ ਫਿਰ ਉਹਦੇ ਇਸ਼ਕ ਨੇ ਉਸ ਨੂੰ ਦਿੱਤਾ ਵੀ ਕੀ ਸੀ? ਜਦੋਂ ਵੀ ਉਸ ਆਪਣੇ ਅੰਦਰ ਝਾਤ ਮਾਰੀ ਆਪਣੇ ਸਨਮ-ਖ਼ਾਨੇ ਨੂੰ ਇਕ ਹੁਜਰੇ ਵਾਂਗ ਸੁੰਞਾ ਪਾਇਆ । ਮੋਹਨ ਸਿੰਘ ਦੀ ਮੁਹੱਬਤ ਇਕ ਸਰਾਪ ਸੀ । ਫ਼ਰਜ਼ ਉਸ ਨੂੰ ਤਾਅਨੇ ਮਾਰ ਰਿਹਾ ਸੀ । ਸਮਾਜ ਪ੍ਰਤੀ ਉਹ ਦੀਆਂ ਜ਼ਿੰਮੇਵਾਰੀਆਂ ਉਹ ਨੂੰ ਮੁੜ-ਮੁੜ ਵੰਗਾਰ ਰਹੀਆਂ ਸਨ । ਜੀਵਨ ਦੀਆਂ ਕਰੜੀਆਂ ਅਸਲੀਅਤਾਂ ਕਵੀ ਨੂੰ ਝੁਟਲਾਣ ਲੱਗ ਪੈਂਦੀਆਂ ਤੇ ਫਿਰ

ਹੌਲੀ ਹੌਲੀ ਬਣ ਗਿਆ,
ਮਿਤ੍ਰਾਂ ਦਾ ਗ਼ਮ ਲੋਕਾਂ ਦਾ ਗ਼ਮ । (ਗਜ਼ਲ-ਆਵਾਜ਼ਾਂ)

ਅਸਲ ਵਿਚ, ਮੋਹਨ ਸਿੰਘ ਵਰਗਾ ਸੁਚੇਤ ਕਵੀ ਇਸ ਸੱਚਾਈ ਤੋਂ ਵਾਕਿਫ਼ ਸੀ ਕਿ ਨਿਜੀ ਪਿਆਰ ਦੀ ਇਕ ਸੀਮਾ ਹੁੰਦੀ ਹੈ ਤੇ ਫਿਰ ਉਹਦਾ ਨਿਜੀ ਪਿਆਰ ਤਾਂ ਨਿਰੀ ਰੇਤ ਦੀ ਇਕ ਦੀਵਾਰ ਸੀ, ਮੁੜ-ਮੁੜ ਉਸ ਨੂੰ ਉਹ ਉਸਾਰਦਾ, ਆਪਣੇ ਆਪ ਨਾਲ ਛਲ ਕਰਦਾ, ਮੁੜ-ਮੁੜ ਉਹ ਢਹਿ-ਢੇਰੀ ਹੋ ਜਾਂਦੀ । ਇਸ ਨਿਜੀ ਪਿਆਰ ਦੇ ਸਿਖਰ ਉੱਤੇ ਉਸ ਨੇ ਇਕ ਗੀਤ ਲਿਖਿਆ ਸੀ :

ਮੈਂ ਜੀਵਾਂ ਇਕ ਕੁੜੀ ਲਈ,
ਮੈਂ ਥੀਵਾਂ ਇਕ ਕੁੜੀ ਲਈ ।

ਤੇ ਜਿਵੇਂ ਉਸ ਨੂੰ ਆਪਣੇ ਆਪ ਤੋਂ ਸ਼ਰਮ ਆ ਗਈ ਹੋਵੇ । ਮੋਹਨ ਸਿੰਘ ਵਰਗਾ ਕਵੀ ਕਿਸੇ ਇਕ ਲਈ ਕਿਵੇਂ ਜੀ ਥੀ ਸਕਦਾ ਸੀ? ਕਿਸਾਨ ਪ੍ਰਤੀ, ਮਜ਼ਦੂਰ ਪ੍ਰਤੀ, ਗ਼ਰੀਬ ਪ੍ਰਤੀ ਉਸ ਦੀ ਜ਼ਿੰਮੇਵਾਰੀ; ਕਾਣੀ ਵੰਡ, ਅਣ-ਹੋਂਦ, ਪਛੜੇਪਨ ਨਾਲ ਉਹਦੀ ਜਦੋਜਹਿਦ ਦੇ ਇਕਰਾਰ ਜਿਵੇਂ-ਜਿਵੇਂ ਘੂਰ-ਘੂਰ ਕੇ ਉਹਦੀਆਂ ਅੱਖਾਂ ਵਿਚ ਵੇਖਣ ਲੱਗ ਗਏ ਤੇ ਉਸ ਇਸ ਗੀਤ ਨੂੰ ਬਦਲ ਕੇ ਇੰਜ ਲਿਖਿਆ :

ਮੈਂ ਜੀਵਾਂ ਇਕ ਜਿੰਦੂ ਲਈ,
ਮੈਂ ਥੀਵਾਂ ਇਕ ਜਿੰਦੂ ਲਈ ।

ਪੁਰ 'ਕੁੜੀ' ਨੂੰ 'ਜਿੰਦੂ' ਵਿਚ ਤਬਦੀਲ ਕਰ ਕੇ ਮੋਹਨ ਸਿੰਘ ਔਰਤ ਦੇ ਪ੍ਰਛਾਵੇਂ ਤੋਂ ਆਪਣੇ ਆਪ ਨੂੰ ਬਚਾ ਨਹੀਂ ਸਕਿਆ । ਜਿਵੇਂ ਕਿਸੇ ਉੱਤੇ ਟੂਣਾ ਕੀਤਾ ਹੋਵੇ । ਕੋਈ ਖ਼ਿਆਲ ਮੁੜ-ਮੁੜ ਉਹਦਾ ਪਿੱਛਾ ਕਰਦਾ । ਕਦੀ ਕਵੀ ਹਥਿਆਰ ਸੁਟ ਪਾਂਦਾ । ਕਦੀ ਉਹ ਨਿਰੋਏ ਜੀਵਨ, ਉਜਲੇ ਰਾਹਾਂ ਉੱਤੇ ਕਦਮ-ਕਦਮ ਤੁਰਦਾ ਲਗਦਾ; ਤਗੜਿਆਂ ਦੇ ਖ਼ਿਲਾਫ਼ ਮਾੜਿਆਂ ਨਾਲ ਉਹ ਆਪਣੀ ਆਵਾਜ਼ ਮਿਲਾਂਦਾ । ਉਸ ਨੂੰ ਆਪਣੇ

ਇਸ-ਹੱਦਿਆਂ ਤੇ ਇਕ ਝੱਖੜ ਝੁਲਣ ਲਈ ਬੇੜਾਬ ਵਿਖਾਈ ਦਿੰਦਾ । ਇਹ ਸੁਰ ਕ੍ਰਾਂਤੀਕਾਰੀ ਮੋਹਨ ਸਿੰਘ ਦਾ ਹੈ :

ਦਿਲ ਸਾਡਾ ਹੁਣ ਭਰਦਾ ਸ਼ਾਹਦੀ,
ਮੁਕਣ ਵਾਲਾ ਇਹ ਝਗੜਾ ਹੈ ।
ਤਗੜਿਆਂ ਹੋਣਾ ਖ਼ਵਾਰ ਤੇ ਖੱਜਲ,
ਮਾੜਿਆਂ ਹੋਣਾ ਤਗੜਾ ਹੈ । (ਜੱਟੀਆਂ ਦਾ ਗੀਤ)

ਤੇ ਇੰਜ ਜਾਪਣ ਲੱਗ ਪਿਆ ਜਿਵੇਂ ਨਿਜੀ ਪਿਆਰ ਦੇ ਉਹ ਦੇ ਜ਼ਿਕਰ ਵਿਚ ਇਕ ਢਿੱਕਾਪਨ ਆ ਗਿਆ ਹੋਵੇ । ਇਸ ਗੱਲ ਦਾ ਅਹਿਸਾਸ ਕਿ ਉਹਦੇ ਗੁਆਂਢ ਵਿਚ ਅਨਪੜ੍ਹਤਾ ਹੈ, ਬੀਮਾਰੀ ਹੈ, ਭੁੱਖ ਹੈ । ਇਸ ਗੱਲ ਦਾ ਅਹਿਸਾਸ ਕਿ ਕਰੋੜਾਂ ਉਹਦੇ ਦੇਸ਼-ਵਾਸੀ ਪੈਰੋਂ-ਵਾਹਣੇ ਰਹਿੰਦੇ ਹਨ, ਤਨ ਢੱਕਣ ਤੋਂ ਮਜਬੂਰ ਹਨ । ਇਸ ਗੱਲ ਦਾ ਅਹਿਸਾਸ ਕਿ ਜਦੋਂ ਕਾੜ-ਕਾੜ ਜੁਲਾਈਆਂ ਟੁੱਟਦੀਆਂ ਸਨ, ਸਿਆਲਾ ਮੂੰਹ ਵਟ ਕੇ ਕੱਕਰ ਵਰਸਾਂਦਾ ਹੈ, ਲੱਖਾਂ ਉਹਦੇ ਦੇਸ਼ ਵਾਸੀਆਂ ਦੇ ਸਿਰ ਉੱਤੇ ਕੋਈ ਛਤ ਨਹੀਂ ਹੁੰਦੀ, ਇਸ ਤਰ੍ਹਾਂ ਦੀਆਂ ਕੌੜੀਆਂ ਅਸਲੀਅਤਾਂ ਨਿਜੀ ਪਿਆਰ ਦੇ ਉਹਦੇ ਬਿਆਨ ਵਿਚ ਕੱਚੀ ਲੱਸੀ ਘੋਲ ਕੇ ਰਖ ਦਿੰਦੀਆਂ :

ਆਓ, ਕਿੱਸਾ ਛੇੜੀਏ ਮਨਸੂਰ ਦੀ ਸੂਲੀ ਦਾ ਫਿਰ,
ਗੱਲ ਨ ਐਵੇਂ ਜ਼ੁਲਫ ਦੀ ਲੰਮਕਾਈ ਜਾਈਏ ਸਾਥੀਓ । (ਗ਼ਜ਼ਲ–ਆਵਾਜ਼ਾਂ)

ਹੁਣ ਮੋਹਨ ਸਿੰਘ ਨੂੰ ਉਸ ਹੁਸਨ ਦੀ ਤਲਾਸ਼ ਸੀ ਜਿਹੜਾ ਖੇੜਾ ਦਿੰਦਾ ਹੈ । ਉਹ ਹੁਸਨ ਜਿਹੜਾ ਹਾਸੀਆਂ ਵਰਤਾਂਦਾ ਹੈ । ਮੋਹਨ ਸਿੰਘ ਉਸ ਹੁਸਨ ਦੀ ਅਸਲੀਅਤ ਤੋਂ ਜਾਣੂ ਹੋ ਗਿਆ ਸੀ ਜਿਹੜਾ ਹੁਸਨ ਮਾਂਗਵੇ ਖੰਭਾਂ ਨਾਲ ਉਡਦਾ ਹੈ, ਲਾਰੇ ਲੱਪੇ, ਝੂਠੇ ਵਾਅਦੇ ਜਿਸ ਦੀ ਖਿਆਲ ਹਨ, ਉਹ ਹੁਸਨ ਜਿਹੜਾ ਸਧਰਾਂ ਦੀਆਂ ਲਾਸ਼ਾਂ ਦੀਆਂ ਪੌੜੀਆਂ ਬਣਾ ਕੇ ਨਿਤ ਉਤਾਂਹ ਸ਼ਿਕਾਰ ਦੀ ਤਲਾਸ਼ ਵਿਚ ਰਹਿੰਦਾ ਹੈ । ਉਹ ਹੁਸਨ ਜਿਹੜਾ ਕਿਸਾਨ ਦੀ ਲੁਟ ਘਸੁਟ ਕਰਦਾ ਹੈ । ਮਜ਼ਦੂਰ ਦੇ ਖ਼ੂਨ ਉੱਤੇ ਪਲਦਾ ਹੈ :

ਕੀ ਉਹ ਹੁਸਨ ਹੈ ਸਚਮੁਚ,
ਜਾਂ ਉਂਜੇ ਹੀ ਛਲਦਾ ।
ਲਖ ਗ਼ਰੀਬਾਂ ਮਜ਼ਦੂਰਾਂ ਦੇ,
ਹੰਝੂਆਂ ਤੇ ਜੋ ਪਲਦਾ ? (ਤਾਜ ਮਹੱਲ)

ਮੋਹਨ ਸਿੰਘ ਦੇ ਨਿਜੀ ਪਿਆਰ ਦਾ ਜ਼ਿਕਰ ਕਰਦਿਆਂ ਇਹ ਅਨੁਮਾਨ ਲਾ ਲੈਣਾ ਕਿ ਕਿਸੇ ਇਕ ਔਰਤ ਨੇ ਉਸ ਨੂੰ ਕੀਲ ਕੇ ਰਖ ਲਿਆ ਸੀ ਸ਼ਾਇਦ ਸਚਾਈ ਦੇ ਵਧੇਰੇ ਨੇੜੇ ਨਾ ਹੋਵੇ । ਮੋਹਨ ਸਿੰਘ ਹੁਸਨ ਦਾ ਉਪਾਸਕ ਸੀ । ਕਿਸੇ ਇਕ ਕਿੱਲੇ ਨਾਲ ਬੱਝ ਕੇ ਰਹਿਣਾ ਉਹ ਦੇ ਸੁਭਾ ਦੇ ਅਨੁਕੂਲ ਨਹੀਂ ਸੀ । ਇਹ ਹੋਰ ਗੱਲ ਹੈ ਕਿ ਚੋਗ-ਬੱਧੇ ਪੰਛੀਆਂ ਵਾਂਗ ਜਾਂ ਨਸ਼ਿਓਂ ਟੁੱਟੇ ਅਮਲੀਆਂ ਵਾਂਗ ਉਹ ਕਿਸੇ ਚਿਰ-ਪਛਾਤੇ ਅੱਡੇ ਵੱਲ ਮੁੜ-ਮੁੜ ਮੁਹਾਰ ਮੋੜ ਲੈਂਦਾ । ਤੇ ਨਾ ਹੀ ਇਸ ਗੱਲ ਵਿਚ ਕੋਈ ਸਚਾਈ ਹੈ ਕਿ ਮੋਹਨ ਸਿੰਘ ਦਾ ਨਿਜੀ ਪਿਆਰ ਬਸ ਇਕ ਰੁਮਾਂਚਿਕ ਉਦਰੇਵੇਂ ਤਕ ਸੀਮਿਤ ਸੀ । ਮੋਹਨ ਸਿੰਘ ਦੇ ਨਿਜੀ ਪਿਆਰ ਵਿਚ ਉਹਦੀ ਤ੍ਰੀਮਤ ਦਾ ਪਿਆਰ ਸ਼ਾਮਲ ਸੀ, ਜਿਸ ਦਾ ਜ਼ਿਕਰ 'ਕਸ਼ਮੀਰ' ਨਾਂ ਦੀ ਕਵਿਤਾ ਵਿਚ ਢੇਰਾਂ ਆਂਦਾ ਹੈ । ਇਸ ਪਿਆਰ ਵਿਚ ਉਸ ਦੇ ਬੱਚਿਆਂ ਦਾ ਪਿਆਰ ਸ਼ਾਮਲ ਸੀ ਜਿਸ ਦਾ ਜ਼ਿਕਰ ਇਕ ਤੋਂ ਵਧੀਕ ਥਾਵਾਂ ਉੱਤੇ ਵੇਖਿਆ ਜਾ ਸਕਦਾ ਹੈ । ਸੰਨ 1942 ਦੀ ਗੱਲ ਹੈ, ਮੋਹਨ ਸਿੰਘ ਦੀ ਇਕ ਬੇਟੀ ਨੂੰ ਟਾਈਫਾਈਡ ਹੋ ਗਿਆ । ਬੁਖ਼ਾਰ ਤੇਜ਼ ਸੀ । ਉਤਰਨ ਵਿਚ ਨਹੀਂ ਆ ਰਿਹਾ ਸੀ । ਮੋਹਨ ਸਿੰਘ ਦੀ ਤ੍ਰੀਮਤ ਸਖ਼ਤ ਪ੍ਰੇਸ਼ਾਨ ਸੀ । ਉਨ੍ਹਾਂ ਦਿਨਾਂ ਵਿਚ ਉਹ ਲਾਹੌਰ ਮੈਕਲੇਗਨ ਰੋਡ ਉੱਤੇ ਰਹਿੰਦੇ ਸਨ । ਇਕ ਘੜੀ ਆਈ ਜਦੋਂ ਜਾਪਿਆ ਕਿ ਕੁੜੀ ਹੱਥੋਂ ਗਈ । ਮੋਹਨ ਸਿੰਘ ਸਖ਼ਤ ਪ੍ਰੇਸ਼ਾਨ

ਬਾਹਰ ਗੈਲਰੀ ਵਿਚ ਟਹਿਲ ਰਿਹਾ ਸੀ ਕਿ ਹੇਠ ਸੜਕ ਤੋਂ ਉਸ ਨੂੰ ਕਿਸੇ ਆਜ਼ਾਦੀ ਦੇ ਦਿਵਾਨੇ ਦੀ ਆਵਾਜ਼ ਆਈ। ਸੰਨ 1942 ਦੇ ਵਿਅਕਤੀਗਤ ਅੰਦੋਲਨ ਵਿਚ ਉਹ ਆਪਣੇ ਆਪ ਨੂੰ ਗ੍ਰਿਫ਼ਤਾਰ ਹੋਣ ਲਈ ਪੇਸ਼ ਕਰ ਰਿਹਾ ਸੀ। ਕਿਤਨੇ ਲੋਕ ਸਨ, ਕਿਤਨੀ ਪੁਲਸ ਸੀ। ਫਿਰ ਉਸ ਦੇਸ਼ ਭਗਤ ਨੂੰ ਹਾਰ ਪਾਏ ਗਏ ਤੇ ਸਿਪਾਹੀ ਹੱਥਕੜੀ ਲਾ ਕੇ ਉਹ ਨੂੰ ਲੈ ਗਏ। ਉਸ ਰਾਤ ਮੋਹਨ ਸਿੰਘ ਨੇ ਇਹ ਕਵਿਤਾ ਲਿਖੀ :

ਪੜ੍ਹ ਬੱਚੀ ਦੀ ਮਾਂ ਦੇ ਨੈਣ,
ਜਿਨ੍ਹਾਂ ਵਿਚ ਦੁਖ ਦੇ ਝਲਕਾਰੇ,
ਕੂਕ ਰਿਹਾ ਮੈਂ ਮੇਰੀ ਬੱਚੀ।
ਹੇਠਾਂ ਵਿਚ ਬਜ਼ਾਰ,
ਕੌਮੀ ਕੋਈ ਜਵਾਨ,
ਮੂੰਹ ਦੇ ਵਿਚੋਂ ਝਗ ਵਗਾਈ,
ਲਖ ਜਣਿਆਂ ਨੂੰ ਪਿੱਛੇ ਲਾਈ,
ਪਾਈ ਸ਼ਹੀਦੀ ਵੇਸ,
ਪਿਆ ਪੁਕਾਰੇ ਮੇਰਾ ਦੇਸ਼। (ਮੇਰੀ ਬੱਚੀ : ਮੇਰਾ ਦੇਸ਼)

ਇਸ ਤਰ੍ਹਾਂ ਦੇ ਕਵੀ ਦੀ ਮੰਜ਼ਲ ਲੰਮੀ ਹੁੰਦੀ ਹੈ, ਕਿਸੇ ਇਕ ਪੜਾ ਨੂੰ ਉਹ ਟਿਕਾਣਾ ਨਹੀਂ ਬਣਾ ਲੈਂਦਾ। ਮੋਹਨ ਸਿੰਘ ਦੀ ਮਜਬੂਰੀ ਉਰਦੂ-ਫ਼ਾਰਸੀ ਦੀ ਉਹ ਦੀ ਤਰਬੀਅਤ ਸੀ। ਇਸ ਕਵਿਤਾ ਦੀ ਪਰੰਪਰਾ ਸਾਕੀ ਦੇ ਜਾਮ ਤੋਂ ਸ਼ੁਰੂ ਹੋ ਕੇ ਜ਼ੁਲਫ਼ਾਂ ਦੇ ਫੰਧਾਂ ਵਿਚ ਉਲਝ ਕੇ ਰਹਿ ਜਾਂਦੀ ਹੈ। ਤਾਂ ਵੀ ਮੋਹਨ ਸਿੰਘ ਦਾ ਕਾਲ ਸਾਡੇ ਦੇਸ਼ ਦੇ ਇਤਿਹਾਸ ਵਿਚ ਇਕ ਅਤਿਅੰਤ ਮਹੱਤਵਪੂਰਨ ਕਾਲ ਸੀ। ਕਿਤੇ ਗਾਂਧੀ ਆਪਣੀ ਅਹਿੰਸਾ ਨਾਲ ਦੁਨੀਆ ਭਰ ਨੂੰ ਚਕਾ ਚੌਂਦ ਕਰ ਰਿਹਾ ਸੀ। ਕਿਤੇ ਨਹਿਰੂ ਆਪਣੀਆਂ ਕੁਰਬਾਨੀਆਂ ਨਾਲ ਸੰਸਾਰ ਨੂੰ ਅਚੰਭੇ ਵਿਚ ਪਾ ਰਿਹਾ ਸੀ। ਕਿਤੇ ਭਗਤ ਸਿੰਘ ਵਰਗੇ ਸਿਰ ਉੱਤੇ ਕਫ਼ਨ ਬੰਨ੍ਹ ਕੇ ਸਿਰ ਤਲੀਆਂ ਉੱਤੇ ਰਖੀ ਪਏ ਫਿਰਦੇ ਸਨ। ਇਸ ਤਰ੍ਹਾਂ ਦੇ ਜ਼ਮਾਨੇ ਵਿਚ ਵਿਚਰ ਰਿਹਾ, ਸਾਹ ਲੈ ਰਿਹਾ ਕੋਈ ਨਿਜੀ ਪਿਆਰ ਦੀਆਂ ਬੰਦ ਗਲੀਆਂ ਵਿਚ ਘਿਰ ਕੇ ਨਹੀਂ ਰਹਿ ਜਾਂਦਾ। ਬਹੁਤ ਚਿਰ ਪਹਿਲੇ ਤ੍ਰੀਹਾਂ (Thirties) ਦੇ ਦੂਜੇ ਅੱਧ ਵਿਚ ਉਸ ਗਾਂਵਿਆ ਸੀ :

ਨਾ ਮੈਂ ਵੇਚਾਂ ਕੁੜੀਆਂ ਦੇ ਸੁਫਨੇ,
ਜਿਨ੍ਹਾਂ ਦੇ ਗਜ਼ ਗਜ਼ ਵਾਲ।
ਨਾ ਮੈਂ ਵੇਚਾਂ ਸਵਰਗਾਂ ਦੇ ਸੁਫਨੇ,
ਜਿਨ੍ਹਾਂ ਦੀ ਦੁਨੀਆ ਨੂੰ ਭਾਲ।
ਨਾ ਮੈਂ ਵੇਚਾਂ ਸੋਨੇ ਦੇ ਸੁਫਨੇ,
ਨਾ ਮੋਤੀਆਂ ਦੇ ਥਾਲ।
ਵੇਚਾਂ ਮੈਂ ਸੋਹਣਿਓ ਆਜ਼ਾਦੀ ਦੇ ਸੁਫਨੇ,
ਹੋਵੇ ਜੇ ਲੈਣ ਦਾ ਖ਼ਿਆਲ। (ਸੁਫਨੇ)

ਦੇਸ਼ ਪਿਆਰ ਦੀ ਇਹ ਲਗਨ ਮੋਹਨ ਸਿੰਘ ਵਿਚ ਕੋਈ ਉਪਰੋਂ ਆਈ ਪਲਾਤੀ ਜਹੀ ਭਾਵਨਾ ਨਹੀਂ ਸੀ। ਇਹ ਇਕ ਤੀਬਰ ਜਜ਼ਬਾ ਸੀ। ਇਸ ਵਿਚ ਉਹੀ ਉਮੰਗ ਸੀ, ਉਹੀ ਸ਼ਿੱਕਤ ਸੀ, ਉਹੀ ਹੁਲਾਰ ਸੀ ਜਿਹੜਾ ਉਹਦੀ ਵਧੀਆ ਵਧੀਆ ਪਿਆਰ ਦੀ ਕਵਿਤਾ ਵਿਚ ਵੇਖਣ ਨੂੰ ਮਿਲਦਾ ਹੈ। ਨਾਲੇ ਆਮ ਕਵੀਆਂ ਵਾਂਗ ਨਾਹਰੇ-ਬਾਜ਼ੀ ਤੋਂ ਬਚ ਕੇ ਮੋਹਨ ਸਿੰਘ ਦੀ ਦੇਸ਼ ਪਿਆਰ ਦੀ ਕਵਿਤਾ ਵਿਚ ਇਕ ਸੂਝ ਹੈ, ਇਕ ਗੰਭੀਰਤਾ ਹੈ। ਇਸ ਗੱਲ ਦੇ ਮੁੜ-ਮੁੜ ਸੰਕੇਤ ਮਿਲਦੇ ਹਨ ਕਿ ਕਵੀ ਦੇਸ਼ ਦੀ ਗ਼ੁਲਾਮੀ ਦੇ ਕਾਰਨਾਂ ਨੂੰ ਪਛਾਣਦਾ ਹੈ।

ਪਹਿਲਾ ਕੰਮ ਇਨ੍ਹਾਂ ਕਾਰਨਾਂ ਤੋਂ ਛੁਟਕਾਰਾ ਪਾਣਾ ਹੈ। ਆਜ਼ਾਦੀ ਦੀ ਜੱਦੋ-ਜਹਿਦ ਲਈ ਪਹਿਲੀ ਲੋੜ ਇਕ ਮੁਠ ਹੋ ਕੇ ਬਦੇਸ਼ੀ ਤਾਕਤ ਨੂੰ ਵੰਗਾਰਨਾ ਹੈ। ਮੋਹਨ ਸਿੰਘ ਦੀ ਨਜ਼ਰ ਵਿਚ ਪਹਿਲੀ ਲੋੜ ਹਿੰਦੂ ਮੁਸਲਿਮ ਏਕਤਾ ਹੈ। ਮੁੜ-ਮੁੜ ਇਸ ਦਾ ਉਹਦੀ ਕਵਿਤਾ ਵਿਚ ਜ਼ਿਕਰ ਆਉ ਦਾ ਹੈ

ਆਓ ਹਿੰਦੀਓ ਰਲ ਕੇ ਛੋਹੀਏ,
ਕੋਈ ਇਸ਼ਕ ਦਾ ਤ੍ਰਿਖੜਾ ਤਾਲ ਵਲੇ।
ਪਰਦੇ ਚਾਈਏ, ਘੁੰਘਟ ਲਾਹੀਏ,
ਨਚੀਏ ਨਾਲੋਂ ਨਾਲ ਵਲੇ।
ਦੇਸ਼ ਪਿਆਰ ਦੀ ਮਦਰਾ ਪੀ ਕੇ,
ਹੋਈਏ ਮਸਤ ਬਿਹਾਲ ਵਲੇ।
ਹਿੰਦੂ ਨਚਣ ਮੁਸਲਿਮ ਨਚਣ,
ਕੰਮੀ ਤੇ ਚਮਰਾਲ ਵਲੇ।
ਉਛਲ ਗੰਗਾ ਦੀਆਂ ਲਹਿਰਾਂ ਮਾਰਨ,
ਜ਼ਮ ਜ਼ਮ ਦੇ ਵਿਚ ਛਾਲ ਵਲੇ।
ਬਾਹਮਣ ਦੇ ਗਲ ਜੰਞੂ ਹੋਵਣ
ਚਮਰੇਟੀ ਦੇ ਵਾਲ ਵਲੇ। (ਆਓ ਨਚੀਏ)

ਇਸ ਕਵਿਤਾ ਵਿਚ ਜਿਹੜਾ ਸੰਗੀਤ ਹੈ, ਜਿਹੜਾ ਵਲਵਲਾ ਹੈ, ਜਿਹੜੀ ਲਗਨ ਹੈ, ਉਹ ਉਸ ਤੀਬਰਤਾ ਦੇ ਸੂਚਕ ਹਨ ਜਿਸ ਨਾਲ ਕਵੀ ਮੋਹਨ ਸਿੰਘ ਦੇਸ਼ ਦੀ ਆਜ਼ਾਦੀ ਬਾਰੇ ਸੋਚਦਾ ਸੀ। ਤੇ ਫਿਰ ਜਦੋਂ ਆਜ਼ਾਦੀ ਦੇ ਆਉਣ ਨਾਲ ਉਹਦੇ ਦੇਸ਼ ਦੀ ਹਿਕ ਉੱਤੇ ਤੰਗ-ਨਜ਼ਰੀ, ਫਿਰਕੂਪੁਣੇ ਤੇ ਰਾਜਸੀ ਫਰੇਬ ਦੀ ਖੁੰਢੀ ਛੁਰੀ ਨਾਲ ਲਕੀਰ ਵਾਹ ਕੇ ਉਹਦੇ ਪੰਜਾਬ ਦੇ ਦੋ ਟੋਟੇ ਕਰ ਦਿੱਤੇ ਗਏ, ਮੋਹਨ ਸਿੰਘ ਵਿਚ ਦਾ ਕਵੀ ਕੁਰਲਾ ਉਠਿਆ। ਇਹ ਅਨਿਆਂ, ਇਹ ਖ਼ੂਨ-ਖ਼ਰਾਬਾ, ਇਹ ਸਿੱਤਮ ਵੇਖ ਕੇ ਕਿਸੇ ਨੇ ਵਾਰਸ ਸ਼ਾਹ ਨੂੰ ਪੁਕਾਰਿਆ ਸੀ। ਮੋਹਨ ਸਿੰਘ ਗੁਰੂ ਨਾਨਕ ਨੂੰ ਉਲਾਂਭਾ ਦਿੰਦਾ ਹੈ :

ਆ ਬਾਬਾ ਤੇਰਾ ਵਤਨ ਹੈ ਵੀਰਾਨ ਹੋ ਗਿਆ,
ਰੱਬ ਦੇ ਘਰਾਂ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ।
ਉਹ ਮਚੇ ਤੇਰੇ ਦੇਸ਼ ਦੀ ਹਿੱਕ ਤੇ ਉਲੰਬੜੇ,
ਪੰਜ ਪਾਣੀਆਂ ਦਾ ਪਾਣੀ ਵੀ ਹੈਰਾਨ ਹੋ ਗਿਆ।
ਉਹ ਝੁਲੀਆਂ ਤੇਰੇ ਦੇਸ਼ ਤੇ ਮਾਰੂ ਹਨੇਰੀਆਂ,
ਉਡ ਕੇ ਅਸਾਡਾ ਆਲ੍ਹਣਾ ਕੱਖ ਕਾਨ ਹੋ ਗਿਆ।
ਜੁਗਾਂ ਦੀ ਸਾਂਝੀ ਸਭਿਤਾ ਪੈਰੀਂ ਲਿਤੜ ਗਈ,
ਸਦੀਆਂ ਦੇ ਸਾਂਝੇ ਖ਼ੂਨ ਦਾ ਵੀ ਨ੍ਹਾਣ ਹੋ ਗਿਆ। (ਗੁਰੂ ਨਾਨਕ ਦੇਵ)

ਪਰ ਮੋਹਨ ਸਿੰਘ ਦੀ ਨਿਗਾਹ ਉੱਚੇ ਸਿਖਰਾਂ ਉੱਤੇ ਸੀ। ਇਸ ਤਰ੍ਹਾਂ ਦੀਆਂ ਵਕਤੀ ਹਾਰਾਂ ਉਸ ਨੂੰ ਪ੍ਰੇਸ਼ਾਨ ਨਹੀਂ ਕਰਦੀਆਂ ਸੁਨ। ਭਾਰਤ ਦੀ ਆਜ਼ਾਦੀ ਸੰਸਾਰ ਵਿਚ ਇਸ ਨਵੇਂ ਯੁਗ ਦਾ ਬਾਨ੍ਹ ਬੰਨ੍ਹ ਰਹੀ ਸੀ, ਉਹ ਯੁਗ ਜਿਸ ਵਿਚ ਦੁਨੀਆ ਨੇ ਵੇਖਿਆ, ਇਕ-ਇਕ ਗ਼ੁਲਾਮ ਦੇਸ਼ ਭਾਵੇਂ ਕੋਈ ਏਸ਼ੀਆ ਵਿਚ ਸੀ, ਭਾਵੇਂ ਅਫਰੀਕਾ ਵਿਚ, ਸਾਮਰਾਜ ਦੇ ਚੁੰਗਲ ਤੋਂ ਛੁਟਕਾਰਾ ਪਾਣ ਲੱਗ ਪਿਆ। ਉਨ੍ਹਾਂ ਦਿਨਾਂ ਵਿਚ ਹੀ ਚੀਨ ਵਿਚ

ਵਰ੍ਹਿਆਂ ਦੀ ਜਦੋ-ਜਹਿਦ ਸਦਕਾ ਦੇਸ਼ ਦੀ ਵਾਗਡੋਰ ਲੋਕਾਂ ਦੇ ਹੱਥ ਵਿਚ ਆ ਗਈ, ਜਿਸ ਨੂੰ ਮੋਹਨ ਸਿੰਘ ਨੇ ਪ੍ਰਣਾਮ ਕੀਤਾ :

ਕਾਲੀਆਂ ਅਤੇ ਕਰੂਰ ਤਾਕਤਾਂ,
ਲਾਇਆ ਜ਼ੋਰ ਬਥੇਰਾ ।
ਚੀਨ ਦਿਆਂ ਅਸਮਾਨਾਂ ਤੇ ਮੁੜ,
ਚਮਕਿਆ ਸੋਨ ਸਵੇਰਾ,
ਨਾਲ ਹਫੀਮਾਂ ਪਿੱਲੀ ਕੀਤੀ,
ਚੀਨ ਦੀ ਧਰਤ ਨਿਰੋਈ
ਮੁੜ ਲੁਹਾਰ ਨੇ ਦਸ ਮਾਰ ਕੇ,
ਕੀਤੀ ਲਾਖੀ ਲੋਹੀ । (ਮੋਲੀ ਮੁੜ ਕੇ ਧਰਤ ਚੀਨ ਦੀ)

ਤੇ ਮੋਹਨ ਸਿੰਘ ਨੂੰ ਇੰਜ ਲੱਗਾ ਜਿਵੇਂ ਸਾਮਰਾਜ ਨੇ ਦਮ ਤੋੜ ਦਿੱਤਾ ਹੋਵੇ । ਦੁਨੀਆ ਵਿਚ ਦੋ ਪਿੜ ਬਣ ਰਹੇ ਸਨ । ਇਕ ਪਾਸੇ ਨਵੇਂ ਆਜ਼ਾਦ ਹੋਏ, ਆਜ਼ਾਦੀ ਲਈ ਸੰਘਰਸ਼ ਕਰ ਰਹੇ ਦੇਸ਼ ਸਨ, ਦੂਜੇ ਪਾਸੇ ਲੁਟ-ਘਸੁਟ ਕਰਕੇ ਆਫਰੀਆਂ ਹੋਈਆਂ ਸਾਮਰਾਜੀ ਤਾਕਤਾਂ ਸਨ ਜਿਨ੍ਹਾਂ ਨੂੰ ਆਪਣਾ ਤਖ਼ਤ ਡੋਲਦਾ ਪ੍ਰਤੀਤ ਹੋ ਰਿਹਾ ਸੀ । ਹੁਣ ਕਾਣੀ ਵੰਡ ਵਧੇਰੇ ਚਿਰ ਸੰਭਵ ਨਹੀਂ ਹੋਵੇਗੀ । ਹੁਣ ਕਿਸੇ ਦੀ ਲੁਟ ਘਸੁਟ ਵਧੇਰੇ ਚਿਰ ਨਹੀਂ ਹੋ ਸਕੇਗੀ । ਦੁਨੀਆ ਦੋ ਢਾਣੀਆਂ ਵਿਚ ਵੰਡੀ ਗਈ ਸੀ :

ਦੋ ਟੋਟਿਆਂ ਦੇ ਵਿਚ ਭੋਂ ਟੁੱਟੀ,
ਇਕ ਮਹਿਲਾਂ ਦਾ ਇਕ ਢੋਕਾਂ ਦਾ ।
ਦੋ ਧੜਿਆਂ ਦੇ ਵਿਚ ਖ਼ਲਕਤ ਵੰਡੀ,
ਇਕ ਲੋਕਾਂ ਦਾ ਇਕ ਜੋਕਾਂ ਦਾ । (ਦੋ ਟੋਟਿਆਂ ਦੇ ਵਿਚ ਭੋ ਟੁੱਟੀ)

ਇਸ ਦਾ ਇਹ ਮਤਲਬ ਹਰਗਿਜ਼ ਨਹੀਂ ਕਿ ਮੋਹਨ ਸਿੰਘ ਨੇ ਆਪਣੇ ਨਿਜੀ ਪਿਆਰ ਨੂੰ ਉਕਾ ਵਿਸਾਰ ਛਡਿਆ ਸੀ । ਜਾਂ ਉਸ ਦੀ ਚੂਈਇੰਗ ਗੱਮ ਵਾਲੀ ਚਟਲਾਸ ਜਾਂਦੀ ਰਹੀ ਸੀ । 'ਜੰਦਰੇ' ਨਾਂ ਦੇ ਉਹਦੇ ਕਵਿਤਾ ਸੰਗ੍ਰਹਿ ਵਿਚ ਇਕ ਸ਼ਿਅਰ ਨਹੀਂ ਜਿਸ ਦਾ ਸਮਾਜ ਦੀ ਕਿਸੇ ਸਮੱਸਿਆ ਨਾਲ ਕੋਈ ਵਾਸਤਾ ਹੋਵੇ । ਕਿਤੇ ਇਕ ਵਾਰ ਮਜ਼ਦੂਰ ਦਾ, ਕਿਰਸਾਨ ਦਾ ਜ਼ਿਕਰ ਨਹੀਂ ਆਉਂਦਾ । ਮੁੜ-ਮੁੜ ਇਸ ਤਰ੍ਹਾਂ ਦੀਆਂ ਪ੍ਰਤੀ ਧੁੰਨੀਆਂ ਸੁਣਾਈ ਦਿੰਦੀਆਂ ਹਨ :

ਆਵੇ ਤੇ ਆਉਣ ਸਾਰ ਹੀ,
ਗਲ ਜਾਣ ਦੀ ਕਰੇ,
ਆਖ਼ਰ ਉਨ੍ਹਾਂ ਦੀ ਯਾਦ ਨੇ
ਉਨ੍ਹਾਂ ਤੇ ਜਾਵਣਾ । (ਗ਼ਜ਼ਲ ਪੰਜ)

... ...

ਗੁਸਤਾਖੀ ਸਾਥੋਂ ਹੋ ਗਈ
ਅਜ ਪੀ ਕੇ ਚਾਰ ਘੁਟ,
ਫੜ ਕੇ ਅਸਾਂ ਹੈ ਚੁੰਮ ਲਿਆ,
ਮੂੰਹ ਤੇਰੀ ਯਾਦ ਦਾ । (ਗ਼ਜ਼ਲ ਦਸ)

ਕਦੀ-ਕਦੀ ਇੰਜ ਭਾਸਦਾ ਹੈ ਜਿਵੇਂ ਮੋਹਨ ਸਿੰਘ ਵਿਚ ਦੇ ਕਵੀ ਨੇ ਆਪਣੇ ਅੰਦਰ ਦੋ ਖ਼ਾਨੇ ਬਣਾ ਲਏ

ਹੋਣ । ਇਕ ਨਿਜੀ ਪੀੜ ਦਾ ਦੂਜਾ ਸਾਂਝੀ ਪੀੜ ਦਾ ਤੇ ਜਦੋਂ ਨਿਜੀ ਪੀੜ ਵੱਲ ਉਹਦੀ ਕਦੀ ਨਿਗਾਹ ਜਾਂਦੀ ਤਾਂ ਡਾਢੀ ਉਸ ਨੂੰ ਸ਼ਰਮ ਆਉਣ ਲੱਗ ਪੈਂਦੀ । ਉਹ ਦੇ ਵਿਚ ਦਾ ਕਵੀ ਆਪਣੇ ਆਪ ਨੂੰ ਵੀ ਮਾਫ਼ ਨਹੀਂ ਕਰਦਾ :

ਪਰ ਹੁਣ ਨਿਜੀ ਪਿਆਰ ਦੀ ਛਾਂ ਥੱਲੇ,
ਪਿਆਰੀ ਨੀਂਦਰ ਆਂਦੀ ਨਾ ।
ਨਿਜੀ ਪਿਆਰੇ ਦੇ ਠੇਕੇ ਉੱਤੇ,
ਰੂਹ ਮੇਰੀ ਨਸ਼ਿਆਂਦੀ ਨਾ । (ਹਥਿਆਰ)

ਇਸ ਗੱਲ ਦਾ ਅਹਿਸਾਸ ਕਿ ਉਹਦਾ ਇਸ਼ਕ਼ ਉਸ ਨੂੰ ਖਜਲ ਕਰ ਰਿਹਾ ਹੈ, ਮੋਹਨ ਸਿੰਘ ਨੂੰ ਅਕਸਰ ਪ੍ਰੇਸ਼ਾਨ ਕਰਨ ਲੱਗ ਪੈਂਦਾ ਸੀ । ਕਈ ਵਾਰ ਉਸ ਆਪਣੇ ਦੋਸਤਾਂ ਨਾਲ ਇਸ ਦਾ ਜ਼ਿਕਰ ਕੀਤਾ । ਇਸ ਤੋਂ ਬਚਣ ਲਈ ਉਸ ਨਵੇਂ ਸਾਥ ਸਹੇੜੇ, ਮਜ਼ਦੂਰ ਤੇ ਕਿਰਸਾਨ । ਇਸ ਤੋਂ ਬਚਣ ਲਈ ਉਸ ਨਵੇਂ ਰਾਹ ਲੱਭੇ । ਅਗਾਂਹ ਵਧੂ ਲਹਿਰ ਤੇ ਅਮਨ ਲਈ ਅੰਦੋਲਨ । ਸੋਵੀਅਤ ਰੂਸ ਲਈ ਉਹਦੀ ਦੋਸਤੀ, ਚੀਨ ਪ੍ਰਤੀ ਉਹਦੀ ਸ਼ਰਧਾ, ਵੀਅਤਨਾਮ ਨਾਲ ਉਹਦੀ ਹਮਦਰਦੀ । ਮੋਹਨ ਸਿੰਘ ਕਿਰਸਾਨ ਨਹੀਂ ਸੀ, ਪਰ ਆਪਣੇ ਦੇਸ਼ ਦੇ ਕਿਰਸਾਨਾ ਦੀਆਂ ਸਮੱਸਿਆਵਾਂ ਨੂੰ ਉਹ ਖ਼ੂਬ ਸਮਝਦਾ ਸੀ । ਤੇ ਕਿਸ ਤਰ੍ਹਾਂ-ਡੂਲ੍ਹ ਕੇ ਉਨ੍ਹਾਂ ਦਾ ਬਿਆਨ ਕਰਦਾ ਹੈ :

ਕਰ ਕਿਰਸਾਨੀ ਹਾਲੀ ਮਰ ਗਏ,
ਢਿੜ ਵੜਿਆ ਵਿਚ ਕੰਡ, ਓ ਯਾਰ ।
ਕਰ ਕਰ ਸੇਪੀਆਂ ਸੇਪੀ ਮਰ ਗਏ,
ਹਿੱਸੇ ਵਿਚ ਇਕ ਪੰਡ, ਓ ਯਾਰ ।
ਚੰਗੀ ਭਲੀ ਉਪਜਾਊ ਧਰਤੀ,
ਸੰਢਿਆਂ ਕੀਤੀ ਸੰਢ, ਓ ਯਾਰ ।
ਅਤਿ ਭੂਏ ਸਾਮੰਤੀ ਫਿਰਦੇ,
ਖ਼ਲਕਤ ਦਿੱਤੀ ਤ੍ਰੰਡ, ਓ ਯਾਰ ।
ਨਿਤ ਡਰਾਵੇ ਜੰਗ ਦੇ ਦੇਵਣ,
ਸਾਮਰਾਜੀ ਘੰਡ, ਓ ਯਾਰ । (ਤ੍ਰਿਸ਼ੂਲ)

ਤੇ ਫਿਰ ਉਸ ਅਮਨ ਦੇ ਗੀਤ ਗਾਏ :

ਤੁਰਿਆ ਅਮਨ ਦਾ ਕਾਫ਼ਲਾ
ਜਹਾਨ ਨਾਲ ਹੈ ।
ਕਾਮਗਾਰ ਨਾਲ ਹੈ, ਕਿਸਾਨ ਨਾਲ ਹੈ ।

ਮੋਹਨ ਸਿੰਘ ਨੂੰ ਇਸ ਗੱਲ ਦਾ ਗਿਆਨ ਸੀ ਕਿ ਅਮਨ ਤੋਂ ਬਿਨਾ ਪਿਛੜੇ ਹੋਏ ਦੇਸ਼ ਤੇ ਉੱਨਤਸ਼ੀਲ ਦੇਸ਼ ਕਦੀ ਆਪਣੀ ਦਸ਼ਾ ਨੂੰ ਨਹੀਂ ਸੰਵਾਰ ਸਕਣਗੇ । ਸਾਮਰਾਜੀ ਤਾਕਤਾਂ ਦੀ ਹਮੇਸ਼ਾ ਹੀ ਇਹ ਕੋਸ਼ਿਸ਼ ਰਹੀ ਹੈ ਕਿ ਕਿਤੇ ਨਾ ਕਿਤੇ ਜੰਗ ਛਿੜੀ ਰਹੇ ਤਾਂ ਜੋ ਉਨ੍ਹਾਂ ਦੇ ਹਥਿਆਰ ਵਿਕਦੇ ਰਹਿਣ ਤੇ ਉਨ੍ਹਾਂ ਦੀ ਚੌਧਰ ਬਣੀ ਰਹੇ । ਕੋਈ ਨਾ ਕੋਈ ਪੱਖ ਉਨ੍ਹਾਂ ਦੀ ਮਦਦ ਲਈ ਉਨ੍ਹਾਂ ਦੇ ਦਵਾਰੇ ਉੱਤੇ ਖੜੋਤਾ ਰਹੇ । ਸਾਨੂੰ ਅਮਨ ਦੀ ਹੀ ਲੋੜ ਹੈ ਤਾਂ ਜੇ ਅਸੀਂ ਮਿਹਨਤ ਕਰਕੇ ਜ਼ਿੰਦਗੀ ਦੀ ਲਿਟ ਸੰਵਾਰ ਸਕੀਏ । ਸਾਨੂੰ ਅਮਨ ਦੀ ਲੋੜ ਹੈ ਤਾਂ ਜੋ ਅਸੀਂ ਤੇਜ਼ ਕਦਮ ਪੁਟ ਕੇ ਅੱਗੇ ਨਿਕਲ ਗਏ ਦੇਸ਼ਾਂ ਨਾਲ ਕਦਮ ਮੇਚ ਸਕੀਏ । ਇਸ ਦੌੜ ਵਿਚੋਂ ਸਭ ਤੋਂ ਪਹਿਲੀ ਲੋੜ ਅਮਲ ਦੀ ਹੈ, ਕਰੜੀ ਮੁਸ਼ੱਕਤ ਦੀ ਹੈ :

ਅਮਲ ਦੇ ਨਾਲ ਹੀ ਸਮਿਆਂ ਦੀ ਲਿਟ ਸੰਵਰਦੀ ਹੈ,
ਅਮਲ ਦੇ ਨਾਲ ਹੀ ਧਰਤੀ ਤੇ ਰੂਪ ਚੜ੍ਹਦਾ ਹੈ।
ਅਮਲ ਦੇ ਨਾਲ ਹੀ ਤਾਜਾਂ ਤੋਂ ਤੁੰਡ ਕੇ ਹੀਰੇ,
ਕਿਸਾਨ ਆਪਣੀ ਪੰਜਾਲੀ ਦੇ ਉੱਤੇ ਜੜਦਾ ਹੈ।
ਘੋਲ ਬਿਨਾ ਨਾ ਸਾਥੀਓ ਜੀਵਨ ਰੌ ਵੱਧੇ,
ਮੈਲ ਨ ਬਾਹਰ ਸੁਟਦੇ ਨੇ ਪਾਣੀ ਸੁਤੇ।
ਪਰ ਜ਼ਦ ਆਵਣ ਜੋਸ਼ ਵਿਚ ਪਾਣੀ ਦੀਆਂ ਛੱਲਾਂ,
ਸੁਟਣ ਘੋਗੇ ਫਾਲਤੂ ਕੰਡਿਆਂ ਦੇ ਉਤੇ।
ਬਾਝ ਸੁਹਾਗੇ ਭੋਂ ਕਦੀ ਨ ਪਧਰੀ ਹੋਵੇ।
ਬਾਝ ਕਰਾਹਾਂ ਟਿੱਲਿਆਂ ਦੀ ਢਹੇ ਨਾ ਢੇਰੀ।
ਆਖਿਆ ਸਚ ਸਿਆਣਿਆਂ ਭੋਂ ਹੋਏ ਨਾ ਗੱਭਣ।
"ਜਦ ਤਕ ਝੁਲੇ ਨਾ ਜਗ ਤੇ ਬੀ ਭਰੀ ਹਨੇਰੀ।"
ਲਖ ਬਾਹਾਂ ਵਿਚ ਆਉਂਦਾ ਜਦ ਇਕ ਹੁਲਾਰਾ।
ਲਖ ਬੁਲ੍ਹਾਂ ਤੇ ਬੋਲਦਾ ਜਦ ਇਕ ਸੁਨੇਹੜਾ।
ਲਖ ਨੈਣਾਂ ਵਿਚ ਲਟਕਦਾ ਜਦ ਇਕ ਸੁਫਨਾ।
ਭਰਦਾ ਨਾਲ ਸੁਗੰਧ ਦੇ ਜੀਵਨ ਦਾ ਵਿਹੜਾ। (ਕ੍ਰਾਂਤੀ)

ਮੋਹਨ ਸਿੰਘ ਕ੍ਰਾਂਤੀ ਦਾ ਜ਼ਿਕਰ ਕਰਦਾ ਹੋਇਆ ਕਦੀ ਉਲਾਰ ਨਹੀਂ ਹੁੰਦਾ। ਆਮ ਨਾਅਰੇ ਬਾਜ਼ਾਂ ਵਾਂਗ ਕਦੀ ਨਹੀਂ ਕਹਿੰਦਾ, ਅਸਾਂ ਖ਼ੂਨ ਦੀ ਹੋਲੀ ਖੇਡਣੀ ਹੈ। ਕਦੀ ਤਸ਼ੱਦਦ ਦੇ ਗ਼ੈਰ-ਜ਼ਿੰਮੇਵਾਰਾਨਾ ਢੰਗ ਨਾਲ ਹੋਕਾ ਨਹੀਂ ਦਿੰਦਾ। ਇਕ ਕੋਮਲ ਚਿਤ, ਇਕ ਸਾਊ, ਇਕ ਗੰਭੀਰ ਕਵੀ ਨੂੰ ਜਿਵੇਂ ਸੋਭਦਾ ਹੈ ਉਹ ਲੋਕਾਂ ਨੂੰ, ਗ਼ਰੀਬਾਂ ਨੂੰ, ਮਜ਼ਦੂਰਾਂ ਨੂੰ, ਕਿਸਾਨਾਂ ਨੂੰ ਇਕ ਮੁੱਠ ਹੋ ਜਾਣ ਲਈ ਕਹਿੰਦਾ ਹੈ। ਤੇ ਫਿਰ ਰਲ ਕੇ ਆਪਣੀ ਮੰਜ਼ਲ ਉੱਤੇ ਪੁੱਜਣ ਲਈ ਹੀਲਾ ਕਰਨ ਵਿਚ ਉਨ੍ਹਾਂ ਦੀ ਨਿਜਾਤ ਵੇਖਦਾ ਹੈ। ਉਹਦੀ ਪੀੜ੍ਹੀ ਨੇ ਮਹਾਤਮਾ ਗਾਂਧੀ ਦੇ ਪਰਛਾਵੇਂ ਨੂੰ ਲੰਮਾ, ਹੋਰ ਲੰਮਾ ਹੁੰਦਾ ਵੇਖਿਆ ਹੈ :

ਭਾਵੇਂ ਅੱਜ ਨਾ ਦਿੱਸੇ ਸਾਨੂੰ ਸ਼ਾਂਤੀ ਦਾ ਵਣਜਾਰਾ,
ਚਹੁੰ ਕੁੰਟਾਂ ਵਿਚ ਗੂੰਜ ਰਿਹਾ ਹੈ ਪਰ ਅਮਨ ਦਾ ਨਾਅਰਾ,
ਵਡੇ ਵਡੇ ਐਟਮ ਧਾਰੀ ਮੂੰਹ ਵਿਚ ਉਂਗਲਾਂ ਟੁਕਣ,
ਮਾਣ ਭਰੇ ਸਿਰ ਸਭ ਰਾਠਾਂ ਦੇ ਰਾਜ ਘਾਟ ਤੇ ਝੁੱਕਣ। (ਗਾਂਧੀ)

ਮੋਹਨ ਸਿੰਘ ਜਾਣਦਾ ਹੈ, ਗ਼ੁਲਾਮੀ ਵਿਚ ਗ਼ਰੀਬੀ ਵਿਚ, ਨਾ ਹੁਸਨ ਵਿਚ ਉਹ ਫਬਨ ਆਂਦੀ ਹੈ, ਨਾ ਇਸ਼ਕ ਵਿਚ ਉਹ ਮਸਤੀ ਮਚਲਦੀ ਹੈ। ਮੋਹਨ ਸਿੰਘ ਇਹ ਮੰਨਦਾ ਹੈ, ਅਣਹੋਂਦ ਤੋਂ ਆਜ਼ਾਦੀ, ਕਾਣੀ ਵੰਡ ਤੋਂ ਛੁਟਕਾਰਾ ਲੋਕਾਂ ਦੀ ਜੱਦੋ-ਜਹਿਦ ਤੋਂ ਬਿਨਾ ਕਦੀ ਨਹੀਂ ਪਾਇਆ ਜਾ ਸਕਦਾ। ਦੁਨੀਆ ਦਾ ਭਵਿੱਖ ਕਾਰੀਗਰ ਤੇ ਕਿਸਾਨ ਦੇ ਹੱਥ ਵਿਚ ਹੈ। ਲੋੜ ਇਸ ਗੱਲ ਦੀ ਹੈ ਕਿ ਉਹ ਜਾਗਣ, ਆਪਣੇ ਆਪ ਨੂੰ ਇਕ ਨਵੇਂ ਅੰਦੋਲਨ ਲਈ ਤਿਆਰ ਕਰਨ ਤਾਂ ਜੋ ਜ਼ੁਲਮ ਦਾ ਅੰਤ ਹੋਵੇ ਤੇ ਇਨਸਾਫ਼ ਦੀ ਜਿੱਤ ਹੋਵੇ :

ਲੂਸਿਆ ਗਿਆ ਇਸ਼ਕ ਦਾ ਮੱਥਾ,
ਸੜੀ ਇਸ਼ਕ ਦੀ ਝੰਡ, ਓ ਯਾਰ।
ਜਾਗ ਕਿਰਤੀਆ ਜਾਗ ਕਿਸਾਨਾ,

ਸਿਰ ਤੋਂ ਆਲਸ ਛੰਡ, ਓ ਯਾਰ ।
ਦਮ ਭਰ ਕੇ ਇਕ ਮਾਰ ਹਥੌੜਾ,
ਦਾਤੀਆਂ ਦੇ ਮੂੰਹ ਚੰਡ, ਓ ਯਾਰ ।
ਮੂੰਹ ਸੋਨੇ ਦਾ ਮੋੜ ਕਿਰਤੀਆ,
ਮਾਰ ਲੋਹੇ ਦੀ ਚੰਡ, ਓ ਯਾਰ ।
ਦੇਹ ਇਕ ਚਿਣਗ ਹਥੌੜਿਉਂ ਸਾਨੂੰ,
ਜਗ ਵਿਚ ਦੇਈਏ ਵੰਡ, ਓ ਯਾਰ ।
ਲਖ ਗੱਲਾਂ ਦੀ ਗੱਲ ਇਕ ਆਖਾਂ,
ਬੰਨ੍ਹ ਲੈ ਘੁਟ ਕੇ ਗੰਢ, ਓ ਯਾਰ ।
ਪਾਟੀ ਕਿਰਤ ਗੁਲਾਮੀ ਕਰਦੀ,
ਜੁੜੀ ਕਿਤੇ ਬ੍ਰਹਮੰਡ, ਓ ਯਾਰ ।
ਦਾਤੀਆਂ, ਕਲਮਾਂ ਅਤੇ ਹਥੌੜੇ,
ਕੱਠੇ ਕਰ ਲਓ ਸੰਦ, ਓ ਯਾਰ ।
ਜੈ ਜੈ ਕਾਰ ਕਿਰਤ ਦੀ ਹੋਵੇ ।
ਲਗੇ ਜ਼ੁਲਮ ਦੀ ਕੰਡ, ਓ ਯਾਰ । (ਤ੍ਰਿਸ਼ੂਲ)

ਅਕਸਰ ਲੋਕ ਕਿਰਸਾਨ ਤੇ ਮਜ਼ਦੂਰ ਦੀ ਸੌਂਹ ਖਾਂਦੇ ਹਨ । ਮੋਹਨ ਸਿੰਘ ਨੇ ਪਹਿਲੀ ਵਾਰ ਲੇਖਕ ਨੂੰ ਵੀ ਨਾਲ ਲਿਆ । ਨਵੇਂ ਜ਼ਮਾਨੇ ਦਾ ਇਹੀ ਤਕਾਜ਼ਾ ਸੀ ।

ਇਹ ਗੱਲ ਵੀ ਸੱਚ ਨਹੀਂ ਕਿ ਨਿਜੀ ਪਿਆਰ ਤੇ ਲੋਕਾਂ ਦੇ ਪਿਆਰ ਦਾ ਆਪਸ ਵਿਚ ਮੇਲ ਨਹੀਂ । ਨਿਜੀ ਪਿਆਰ ਕਿਸੇ ਪੜਾ ਉੱਤੇ ਲੋਕਾਂ ਦਾ ਪਿਆਰ ਬਣ ਜਾਂਦਾ ਹੈ । ਪਰ ਇਹ ਤਾਂ ਹੀ ਮੁਮਕਿਨ ਹੈ ਜੇ ਨਿਜੀ ਪਿਆਰ ਨੂੰ ਸਿਦਕ ਦੀ ਭੱਠੀ ਵਿਚ ਲਗਾਤਾਰ ਤਪਾਇਆ ਜਾਏ, ਮੁੜ-ਮੁੜ ਇਸ ਨੂੰ ਵਦਾਨਾਂ ਨਾਲ ਚੰਡਿਆ ਜਾਏ । ਬੜੀ ਕਠਿਨ ਘਾਟੀ ਹੈ । ਮੋਹਨ ਸਿੰਘ ਵਿਚ ਦਾ ਫ਼ਾਰਸੀ-ਉਰਦੂ ਦਾ ਵਿਦਵਾਨ ਇਸ ਤੋਂ ਭਲੀ ਪ੍ਰਕਾਰ ਜਾਣੂ ਸੀ ਕਿ ਇਸ਼ਕ ਵਿਚ ਸਿਮਟ ਕੇ ਫਿਰ ਬੰਦਾ ਸਾਰੀ ਦੁਨੀਆ ਦਾ ਹੋ ਜਾਂਦਾ ਹੈ :

ਪਹਿਲਾ ਪੜਾ ਹੈ ਇਸ਼ਕ ਵਿਚ
ਹੰਝੂ ਵਹਾਣ ਦਾ,
ਦੂਜਾ ਪੜਾ ਹੈ ਇਸ਼ਕ ਵਿਚ
ਹੰਝੂ ਲੁਕਾਣ ਦਾ ।
ਪਹਿਲਾ ਪੜਾ ਹੈ ਇਸ਼ਕ ਦਾ
ਨੁਕਤੇ ਤੇ ਸਿਮਟਣਾ,
ਦੂਜਾ ਪੜਾ ਹੈ ਧਰਤੀਆਂ
ਅੰਬਰਾਂ ਤੇ ਛਾਣ ਦਾ । (ਗਜ਼ਲ-ਵੱਡਾ ਵੇਲਾ)

ਵੇਖਣਾ ਇਹ ਹੈ ਕਿ ਮੋਹਨ ਸਿੰਘ ਇਸ ਨੁਕਤੇ 'ਤੇ ਕਦੀ ਸਿਮਟ ਸਕਿਆ?

ਦਰਅਸਲ ਮੋਹਨ ਸਿੰਘ ਸਾਡੇ ਸਮਕਾਲੀ ਜੀਵਨ ਦੇ ਮੋੜ ਉੱਤੇ ਖਲੋਤਾ ਸੀ । ਉਹ ਦੇ ਅੱਗੇ ਪਿੱਛੇ ਦੁਨੀਆ ਬੇਹੱਦ ਤੇਜ਼ੀ ਨਾਲ਼ ਬਦਲਦੀ ਜਾ ਰਹੀ ਸੀ, ਹੋਰ ਦੀ ਹੋਰ ਹੋ ਰਹੀ ਸੀ । ਜਿਸ ਵਿਚਾਰਧਾਰਾ ਦੇ ਮਾਹੌਲ ਵਿਚ ਉਸ ਦੀ ਪ੍ਰਤਿਭਾ ਪ੍ਰਵਾਨ ਚੜ੍ਹੀ ਸੀ ਉਹ ਨੂੰ ਚਾਰੇ ਪਾਸੇ ਵੰਗਾਰਿਆ ਜਾ ਰਿਹਾ ਸੀ, ਝੁਠਲਾਇਆ ਜਾ ਰਿਹਾ

ਸੀ। ਦੁਨੀਆ ਸੁੰਘੜਦੀ ਜਾ ਰਹੀ ਸੀ, ਦੇਸ਼ ਕੋਲੋ-ਕੋਲ ਹੁੰਦੇ ਜਾ ਰਹੇ ਸਨ, ਨਵੀਆਂ ਸਾਂਝਾਂ ਦੀਆਂ ਸੰਭਾਵਨਾਵਾਂ ਉਘੜ ਰਹੀਆਂ ਸਨ :

ਅਪਮਾਨ ਹੋਇਆ ਅਫ਼ਰੀਕਾ ਦਾ,
ਤੇ ਏਸ਼ੀਆ ਦੀ ਰੂਹ ਤੜਪ ਉਠੀ।
ਅਜ ਗੰਗਾ ਨੀਲ ਤੇ ਯੰਗਸੀ ਵਿਚ,
ਪਹਿਚਾਣ ਨਵੀਂ ਮੈਂ ਤਕਦਾ ਹਾਂ। (ਗ਼ਜ਼ਲ-ਵੱਡਾ ਵੇਲਾ)

ਕਦੀ ਸਾਨੂੰ ਅਸਮਾਨ ਨੇੜੇ ਲੱਗਦਾ ਸੀ, ਹੁਣ ਸਾਨੂੰ ਗੁਆਂਢੀ ਨੇੜੇ ਲੱਗਣ ਲੱਗ ਪਏ। ਕਈ ਸਾਨੂੰ ਭਵਿਸ਼ ਦੀ ਚਿੰਤਾ ਪ੍ਰੇਸ਼ਾਨ ਕਰਦੀ ਸੀ, ਹੁਣ ਸਾਨੂੰ ਵਰਤਮਾਨ ਦੀ ਫ਼ਿਕਰ ਖਾਣ ਲੱਗ ਪਈ। ਹਰ ਸਵੇਰ ਨਵੀਆਂ ਸਮੱਸਿਆਵਾਂ ਨਜ਼ਰ ਆਉਣ ਲੱਗ ਪਈਆਂ, ਹਰ ਨਵੇਂ ਪਲ ਦੀਆਂ ਝਾਤਾਂ ਦੇ ਇਸ਼ਾਰੇ ਹੋਣ ਲੱਗ ਪਏ :

ਗਗਨਾਂ ਦੀ ਬੁਢੀ ਛੱਤ ਉਤੇ,
ਕਦ ਤੀਕ ਚਿੱਤਰ ਤੂੰ ਵਾਹੇਂਗਾ?
ਆ ਜ਼ੁਲਫ਼ ਸੰਵਾਰੀਏ ਧਰਤੀ ਦੀ,
ਆ ਗਲ ਕਰੀਏ ਕੋਈ ਨੇੜੇ ਦੀ। (ਵੱਡਾ ਵੇਲਾ)

... ...

ਛਡੋ ਆਕਾਸ਼ ਬਾਣੀ
ਸੁਣੋ ਧਰਤ ਦੀ ਆਵਾਜ਼,
ਧਰਤ ਦੇ ਪੈਰੀਂ ਡਿੱਗ ਰਹੇ
ਨੇ ਆਸਮਾਨ ਅੱਜ। (ਵੱਡਾ ਵੇਲਾ)

... ...

ਛੱਡ ਅੰਬਰਾਂ ਨੂੰ ਟਾਕੀ ਲਾਣ ਦੀ ਗੱਲ,
ਕਰੋ ਕੋਈ ਧਰਤ ਦੇ ਕਲਿਆਣ ਦੀ ਗੱਲ। (ਗ਼ਜ਼ਲ-ਬੂਹੇ)

ਪਰ ਇਸ਼ਕ ਨੇ ਜਿਵੇਂ ਅਜੇ ਤਕ ਉਸ ਦਾ ਪਿੱਛਾ ਨਹੀਂ ਛੱਡਿਆ :

ਖ਼ਾਰਾ ਤੋਂ ਭੋਂ ਤਾਂ ਸਾਫ਼ ਕਰ ਲਈਏ,
ਵਿਹਲੇ ਹੋ ਕੇ ਕਰਾਂਗੇ ਪਿਆਰ ਦੀ ਗੱਲ। (ਗ਼ਜ਼ਲ-ਵੱਡਾ ਵੇਲਾ)

ਇਸ ਨਾਮੁਰਾਦ ਬੀਮਾਰੀ ਤੋਂ ਆਖ਼ਰੀ ਦਮ ਤਕ ਮੋਹਨ ਸਿੰਘ ਦਾ ਛੁਟਕਾਰਾ ਨਹੀਂ ਹੋਇਆ। ਮੇਰੀ ਹਮੇਸ਼ਾ ਇਹ ਧਾਰਨਾ ਰਹੀ ਹੈ ਕਿ ਮੋਹਨ ਸਿੰਘ ਦਾ ਸੁੱਚਾ ਰੂਪ 'ਸਾਵੇ ਪੱਤਰ' ਵਿਚ ਹੈ। ਉਹ ਮੋਹਨ ਸਿੰਘ ਜਿਸ ਨੂੰ ਅਜੇ ਤਕ ਕਿਸੇ ਅਵੱਲੀ ਇੱਲਤ ਨੇ ਖ਼ਰਾਬ ਨਹੀਂ ਕੀਤਾ ਸੀ। ਉਹ ਮੋਹਨ ਸਿੰਘ ਜਿਸ ਵਿਚ ਰੱਬ ਦਾ ਭੈ ਸੀ, ਰੱਬ ਦੀ ਮਖ਼ਲੂਕ ਨਾਲ ਮੁਹੱਬਤ ਸੀ। ਉਹ ਮੋਹਨ ਸਿੰਘ ਜਿਹੜਾ ਸਿੱਖੀ ਦਾ ਦੀਵਾਨਾ ਸੀ। ਵਤਨ-ਪ੍ਰਸਤੀ ਜਿਸ ਦਾ ਈਮਾਨ ਸੀ। ਸਾਂਝੀਵਾਲਤਾ ਜਿਸ ਦਾ ਨਿਸ਼ਾਨਾ ਸੀ। ਉਹ ਮੋਹਨ ਸਿੰਘ ਜਿਹੜਾ ਹੋਰਨਾਂ ਲਈ ਜੀਅ ਕੇ ਖ਼ੁਸ਼ ਸੀ, ਮਰ ਕੇ ਖ਼ੁਸ਼ ਸੀ।

ਇਸ ਲੇਖ ਨੂੰ ਮੈਂ ਇਸੇ ਤਰ੍ਹਾਂ ਦੇ ਮੋਹਨ ਸਿੰਘ ਦੀ ਇਕ ਤਾਵਲੀ ਜੇਹੀ ਝਲਕ ਦੇ ਕੇ ਖਤਮ ਕਰਾਂਗਾ :

ਰੱਬ

ਜੇ ਤੂੰ ਮੂੰਹ ਤੋਂ ਜ਼ੁਲਫ਼ਾਂ ਹਟਾ ਦੇਵੇਂ,
ਬਿਟ ਬਿਟ ਤਕਦਾ ਕੁਲ ਸੰਸਾਰ ਰਹਿ ਜਾਏ।

ਰਹਿ ਜਾਏ ਭਾਈ ਦੇ ਹੱਥ ਵਿਚ ਸੰਖ ਫੜਿਆ,
ਬਾਂਗ ਮੁਲਾਂ ਦੇ ਸੰਘ ਵਿਚਕਾਰ ਰਹਿ ਜਾਏ ।
ਪੰਡਤ ਹੋਰਾਂ ਦਾ ਰਹਿ ਜਾਏ ਸੰਧੂਰ ਘੁਲਿਆ,
ਜਾਮ ਸੂਫ਼ੀ ਦਾ ਹੋਇਆ ਤਿਆਰ ਰਹਿ ਜਾਏ ।
ਕਲਮ ਢਹਿ ਪਏ ਹਥੋਂ ਫਿਲਾਸਫਰ ਦੀ,
ਮੁਨਕਰ ਤਕਦਾ ਤੇਰੀ ਨੁਹਾਰ ਰਹਿ ਜਾਏ । (ਰੱਬ)

ਰੱਬ ਦੀ ਮਖ਼ਲੂਕ ਦੀ ਮੁਹਬਤ

ਇਥੇ ਘਮ ਘਮ ਵਗਣ ਹਵਾਵਾਂ,
ਅਤੇ ਘੁਮਰੀਆਂ ਘੁਮਰੀਆਂ ਛਾਵਾਂ,
ਨੀ ਮੈਂ ਅਗ ਸੁਰਗਾਂ ਨੂੰ ਲਾਵਾਂ,
ਜਦੋਂ ਪਏ ਇਥਾਈਂ ਲੱਭ ਨੀ ।
ਸਾਡੇ ਖੂਹ ਤੇ ਵਸਦਾ ਰੱਬ ਨੀ ।

ਸਿੱਖੀ

ਉਹ ਕਿਹੜਾ ਬੂਟਾ ਏ?
ਹਰ ਥਾਂ ਜੋ ਪਲਦਾ ਏ,
ਆਰੇ ਦੇ ਦੰਦਿਆਂ ਤੇ,
ਰੰਬੀ ਦੀਆਂ ਧਾਰਾਂ ਤੇ,
ਖ਼ੈਬਰ ਦਿਆਂ ਦਰਿਆਂ ਵਿਚ,
ਸਰਸਾ ਦੀਆਂ ਲਹਿਰਾਂ ਤੇ,
ਸਤਲੁਜ ਦੇ ਕੰਢੇ ਤੇ,
ਲੱਖੀ ਦੇ ਜੰਗਲ ਵਿਚ,
ਰੋੜਾਂ ਵਿਚ, ਰਕੜਾਂ ਵਿਚ,
ਬੰਜਰਾਂ ਵਿਚ, ਝਖੜਾਂ ਵਿਚ,
ਗੜਿਆਂ ਵਿਚ, ਮੀਹਾਂ ਵਿਚ,
ਸਰਹੰਦ ਦੀਆਂ ਨੀਹਾਂ ਵਿਚ,
ਜਿਥੇ ਵੀ ਲਾ ਦਈਏ
ਓਥੇ ਹੀ ਪਲਦਾ ਏ ।
ਜਿਤਨਾ ਹੀ ਛਾਂਗ ਦਈਏ
ਉਤਨਾ ਹੀ ਫਲਦਾ ਏ । (ਸਿੱਖੀ)

ਵਤਨ ਪ੍ਰਸਤੀ

ਜਿਥੇ ਵਤਨ ਪ੍ਰਸਤੀ ਤਾਈਂ,
ਜੁਰਮ ਸਮਝਦੀ ਧੱਕੇ ਸ਼ਾਹੀ,
ਜਿਥੇ ਸ਼ਾਇਰ ਬੋਲ ਨਾ ਸਕਣ,
ਦਿਲ ਦੀਆਂ ਘੁੰਡੀਆਂ ਖੋਲ੍ਹ ਨਾ ਸਕਣ ।

ਮੈਂ ਨਹੀਂ ਰਹਿਣਾ ਐਸੀ ਥਾਂ ।

ਸਾਂਝੀਵਾਲਤਾ

ਮੁਕ ਜਾਵਣ ਜਿਥੇ ਪਗਡੰਡੀਆਂ,
ਰਹਿਣ ਨਾ ਮੁਲਕਾਂ ਦੀਆਂ ਵੰਡੀਆਂ ।
ਦਿਸਣ ਨਾ ਜਿਥੇ ਹਦਾਂ ਪਾੜੇ,
ਮੇਰ ਤੇਰ ਦੇ ਖਾਖੋ ਵਾੜੇ ।
ਚਾਰੇ ਤਰਫ ਆਜ਼ਾਦੀ ਹੋਵੇ,
ਮੂਲ ਨ ਕੋਈ ਮੁਥਾਜੀ ਹੋਵੇ,
ਜੋ ਦਿਲ ਆਵੇ ਪੰਛੀ ਗਾਵਣ,
ਚੁੰਮਣ ਤਿਤਲੀਆਂ ਜੋ ਫੁਲ ਚਾਹਵਣ ।

ਇਹ ਮੋਹਨ ਸਿੰਘ, ਇੰਜ ਜਾਪਦਾ ਹੈ ਜਿਵੇਂ ਸਿਪੀ ਵਿਚੋਂ ਨਿਕਲਿਆ ਮੋਤੀ ਹੋਵੇ, ਅਛੂਤਾ, ਅਣਵਿਧਿਆ, ਝੰਮ ਝੰਮ ਕਰਦਾ, ਇਹ ਮੋਹਨ ਸਿੰਘ ਜਿਸ ਮੌਤ ਨੂੰ ਕਿਹਾ ਸੀ :

ਸਾਹ ਲੈ ਮੌਤੇ ਕਾਹਲੀਏ ਮੈਂ ਅਜੇ ਨਾ ਵਿਹਲੀ ।

ਅੱਜ ਉਹ ਮੋਹਨ ਸਿੰਘ ਨਹੀਂ ਰਿਹਾ ! ਉਸ ਮੋਹਨ ਸਿੰਘ ਨੂੰ ਮੈਂ ਪ੍ਰਣਾਮ ਕਰਦਾ ਹਾਂ ।

ਤੀਜੀ ਵਾਰ ਲਲਕਾਰ ਕੇ ਪਏ ਗੋਰੇ,
ਵੇਲੇ ਫ਼ਜਰ ਦੇ ਹੋਇਆ ਤੰਬੂਰ ਮੀਆਂ।
ਕੱਸ ਲਈਆਂ ਜੋ ਸਿੰਘਾਂ ਨੇ ਤੁਰਤ ਕਮਰਾਂ,
ਕਾਇਮ ਜੰਗ ਨੂੰ ਹੋਇ ਜ਼ਰੂਰ ਮੀਆਂ।
ਪਹਿਲਾਂ ਬਾਂਵਿਓਂ ਆਣ ਕੇ ਜ਼ੋਰ ਦਿੱਤਾ,
ਪਿਆ ਦਲਾਂ ਦੇ ਵਿਚ ਫ਼ਤੂਰ ਮੀਆਂ।
ਸ਼ਾਮ ਮੁਹੰਮਦਾ ਦੌੜ ਕੇ ਜਾਣ ਕਿੱਥੇ,
ਇਥੋਂ ਸ਼ਹਿਰ ਲਾਹੌਰ ਹੈ ਦੂਰ ਮੀਆਂ।

... ...

ਆਈਆਂ ਪੜਤਲਾਂ ਬੀੜ ਕੇ ਤੋਪਖ਼ਾਨੇ,
ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮਾਖੇ ਖ਼ਾਂ ਤੇ ਮੇਵਾ ਸਿੰਘ ਹੋਏ ਸਿੱਧੇ,
ਹੱਲੇ ਤਿੰਨ ਫਿਰੰਗੀ ਦੇ ਮੋੜ ਸੁੱਟੇ।
ਸ਼ਿਆਮ ਸਿੰਘ ਸਰਦਾਰ ਅਟਾਰੀ ਵਾਲੇ,
ਮਾਰ ਸ਼ਸਤ੍ਰੀ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

–ਸ਼ਾਹ ਮੁਹੰਮਦ

ਆਧੁਨਿਕਤਾ ਦਾ ਕਵੀ—ਡਾ. ਨੇਕੀ

ਪ੍ਰੋ. ਏ.ਐਸ. ਕਾਹਲੋਂ

ਆਧੁਨਿਕ ਪੰਜਾਬੀ ਕਵਿਤਾ ਵਿਚ ਡਾ. ਜਸਵੰਤ ਸਿੰਘ ਨੇਕੀ ਇਕ ਨਵੇਕਲੀ ਤੇ ਵਿਲੱਖਣ ਆਭਾ ਵਾਲਾ ਕਵੀ ਹੈ। ਉਸ ਨੇ ਆਪਣੇ ਪਹਿਲੇ ਕਾਵਿ-ਸੰਗ੍ਰਹਿ 'ਅਸਲੇ ਤੇ ਓਹਲੇ' ਨਾਲ ਹੀ ਪੰਜਾਬੀ ਸਾਹਿੱਤ ਵਿਚ ਆਪਣੀ ਸਨਮਾਨਯੋਗ ਥਾਂ ਬਣਾ ਲਈ ਸੀ। ਹੁਣ ਤੱਕ ਉਹ 'ਅਸਲੇ ਤੇ ਓਹਲੇ' ਤੋਂ ਬਿਨਾ ਤਿੰਨ ਹੋਰ ਕਾਵਿ-ਸੰਗ੍ਰਹਿ, 'ਇਹ ਮੇਰੇ ਸੰਸੇ ਇਹ ਮੇਰੇ ਗੀਤ', 'ਸਿਮਰਤੀ ਦੇ ਕਿਰਨ ਤੋਂ ਪਹਿਲਾਂ' ਅਤੇ 'ਕਰੁਣਾ ਦੀ ਛੁਹ ਤੋਂ ਮਗਰੋਂ', ਪੰਜਾਬੀ ਮਾਂ ਦੀ ਭੇਟ ਕਰ ਚੁੱਕਾ ਹੈ। ਉਸ ਦੇ ਸਜਰੇ ਕਾਵਿ-ਸੰਗ੍ਰਹਿ 'ਕਰੁਣਾ ਦੀ ਛੁਹ ਤੋਂ ਮਗਰੋਂ', ਨੂੰ ਹੁਣੇ-ਹੁਣੇ ਸਾਹਿੱਤ ਅਕਾਡਮੀ ਦਾ ਪੁਰਸਕਾਰ ਵੀ ਮਿਲ ਚੁੱਕਾ ਹੈ। ਪੰਜਾਬੀ ਕਵਿਤਾ ਵਿਚ ਡਾ. ਨੇਕੀ ਦੀ ਤੁਲਨਾ ਪ੍ਰੋ. ਪੂਰਨ ਸਿੰਘ ਨਾਲ ਕੀਤੀ ਜਾ ਸਕਦੀ ਹੈ। ਦੋਹਾਂ ਦਾ ਖੇਤਰ ਵਿਗਿਆਨ ਹੈ ਅਤੇ ਕਿੱਤੇ ਵਜੋਂ ਵੀ ਵਿਗਿਆਨੀ ਹਨ। ਪਰ ਦੋਹਾਂ ਵਿਚ ਇਕ ਭਿੰਨਤਾ ਵੀ ਹੈ, ਜਿਥੇ ਪੂਰਨ ਸਿੰਘ ਨੇ ਵਿਗਿਆਨ ਤੋਂ ਸੁਤੰਤਰ ਹੋ ਕੇ ਜਜ਼ਬੇ ਵਾਲੀ ਕਵਿਤਾ ਲਿਖੀ, ਉਥੇ ਡਾ. ਨੇਕੀ ਦੀ ਕਾਂਵੇਤਾ ਦਾ ਆਧਾਰ ਵਿਗਿਆਨ ਹੀ ਹੈ। ਡਾ. ਨੇਕੀ ਸੰਪੂਰਨ ਅਰਥਾਂ ਵਿਚ ਆਧੁਨਿਕ ਵੀ ਹੈ। ਡਾ. ਨੇਕੀ ਦੀ ਕਵਿਤਾ ਦੀ ਉੱਚਤਾ ਤੇ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਸ ਨੂੰ ਇਕ ਪਾਸੇ ਤਾਂ ਕਮਾਲ ਦੀ ਵਿਗਿਆਨਿਕ ਪ੍ਰਬੀਨਤਾ ਪ੍ਰਾਪਤ ਹੈ (ਜੋ ਕਿ ਉਸ ਦੇ ਕਿੱਤੇ ਤੋਂ ਸਪਸ਼ਟ ਹੈ) ਅਤੇ ਦੂਜੇ ਪਾਸੇ ਉਸ ਨੇ ਗੰਭੀਰ ਮਨੁੱਖੀ ਕਦਰਾਂ-ਕੀਮਤਾਂ ਨਾਲ ਸੁਹਿਰਦਤਾਪੂਰਨ ਸਾਂਝ ਬਣਾਈ ਹੋਈ ਹੈ, ਇਸ ਲਈ ਡਾ. ਨੇਕੀ ਦੀ ਕਵਿਤਾ ਵਿਚ ਗਿਆਨ ਤੇ ਸੁਗਿਆਨ ਦਾ ਸੁਮੇਲ ਵਿਖਾਈ ਦਿੰਦਾ ਹੈ। ਇਹ ਸੁਮੇਲ ਹੀ ਉਸ ਦੀ ਸਮੁੱਚੀ ਕਵਿਤਾ ਦਾ ਕੇਂਦਰ ਬਿੰਦੂ ਹੈ। ਡਾ. ਨੇਕੀ ਦੀ ਕਵਿਤਾ, ਗਿਆਨ, ਵਿਗਿਆਨ, ਮਨੋਵਿਗਿਆਨ, ਰਾਜਨੀਤੀ, ਮਨੁੱਖ ਦੀ ਸੁਹਜ ਭੁੱਖ ਅਤੇ ਮੌਜੂਦਾ ਸਮਾਜ-ਪ੍ਰਬੰਧ ਨੂੰ ਆਪਣੇ ਕਲੇਵਰ ਵਿਚ ਸਮੋਂਦੀ ਹੋਈ ਆਤਮ ਤੇ ਅਨਾਤਮ ਦੇ ਰਹੱਸ ਨੂੰ ਖੋਲ੍ਹਦੀ ਹੈ। ਉਸ ਦੀ ਕਵਿਤਾ ਇਨ੍ਹਾਂ ਸਭ ਦਿਸ਼ਾਵਾਂ ਤੋਂ ਇਕ ਕੇਂਦਰ ਵੱਲ ਵਧਦੀ ਜਾਪਦੀ ਹੈ ਅਤੇ ਉਹ ਕੇਂਦਰ ਹੈ, ਹੋਂਦ ਤੇ ਨਿਹੋਂਦ ਦਾ ਆਪਸੀ ਸੰਬੰਧ।

ਡਾ. ਅਤਰ ਸਿੰਘ, ਕਵੀ ਦੇ ਕਾਵਿ ਸੰਗ੍ਰਹਿ 'ਸਿਮਰਤੀ ਦੇ ਕਿਰਨ ਤੋਂ ਪਹਿਲਾਂ' ਦੀ ਭੂਮਿਕਾ ਵਿਚ ਲਿਖਦੇ ਹਨ, "ਕਿਸੇ ਰਾਜਸੀ ਜਾਂ ਨੀਮ ਰਾਜਸੀ ਦਲਬੰਦੀ ਦੀ ਕਾਣ ਤਾਂ ਉਸ ਵਿਚ ਕੀ ਹੋਣੀ ਸੀ, ਉਹ ਸਮਕਾਲੀ ਸਾਹਿੱਤ ਵਿਚ ਪ੍ਰਚਲਿਤ ਵਾਦਾਂ ਜਾਂ ਵਿਚਾਰਧਾਰਕ ਲਹਿਰਾਂ ਤੋਂ ਵੀ ਲਗਭਗ ਅਟੰਕ ਹੀ ਰਿਹਾ। ਇਸ ਅਟੰਕਤਾ ਦਾ ਇਕ ਪੱਖ ਪੰਜਾਬੀ ਕਵਿਤਾ ਦੇ ਪ੍ਰਚਲਿਤ ਕਾਵਿ-ਰੂਪਾਂ ਤੇ ਕਾਵਿ-ਪ੍ਰਣਾਵਾਂ ਤੋਂ ਵੀ ਨਿਰਲੇਪਤਾ ਸੀ। ਉਹ ਹਰ ਲਿਹਾਜ਼ ਨਾਲ ਆਪਣੇ ਸਮੇਂ ਦੀ ਸਾਰੀ ਸਾਹਿੱਤਕ ਹੰਗਾਮੇਬਾਜ਼ੀ ਤੋਂ ਨਿਆਰਾ ਬਣ ਕੇ ਵਿਚਰਿਆ ਹੈ।"[1] ਡਾ. ਸਾਹਿਬ ਦੇ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹੋਇਆ ਜਾ ਸਕਦਾ। ਇਹ ਗੱਲ ਤਾਂ ਕਿਸੇ ਹੱਦ ਤਕ ਠੀਕ ਹੈ ਕਿ ਕਵੀ ਸਾਹਿੱਤਿਕ ਹੰਗਾਮੇਬਾਜ਼ੀ ਤੋਂ ਅਟੰਕ ਰਿਹਾ ਹੈ ਪਰ ਇਹ ਵਿਚਾਰ ਕਿ ਉਹ ਸਮਕਾਲੀ ਸਾਹਿੱਤ ਵਿਚ ਪ੍ਰਚਲਿਤ ਵਾਦਾਂ ਤੇ ਵਿਚਾਰਧਾਰਕ ਲਹਿਰਾਂ ਤੋਂ ਅਟੰਕ ਰਿਹਾ ਹੈ ਬਹੁਤਾ ਠੀਕ ਨਹੀਂ ਜਾਪਦਾ। ਅਜੇ ਪ੍ਰਚਲਿਤ ਕਾਵਿ-ਰੂਪਾਂ ਤੋਂ ਵੱਖਰਤਾ ਵੀ ਹੋ ਸਕਦੀ ਹੈ ਪਰ ਸਮਕਾਲੀ ਸਾਹਿੱਤਿਕ ਪ੍ਰੇਰਣਾਵਾਂ ਤੋਂ ਅਸਰ-ਮੁਕਤ ਹੋਣਾ ਸੰਭਵ ਨਹੀਂ ਹੈ ਕਿਉਂਕਿ ਕਵੀ ਜਿਸ ਯੁਗ ਤੇ ਸਮਾਜ ਵਿਚ ਪੈਦਾ ਹੁੰਦਾ ਹੈ, ਉਸ ਦੀਆਂ ਸਾਹਿੱਤਿਕ ਗਤੀਵਿਧੀਆਂ ਤੋਂ ਜ਼ਰੂਰ ਪ੍ਰਭਾਵਿਤ ਹੁੰਦਾ ਹੈ। ਇਸ ਲਈ ਇਹ ਤਾਂ ਮੰਨਿਆ ਜਾ ਸਕਦਾ ਹੈ ਕਿ ਉਸ ਨੇ ਪ੍ਰਗਟ ਰੂਪ ਵਿਚ ਪ੍ਰਚਲਿਤ ਸਾਹਿੱਤਿਕ ਗੁਟ-ਬੰਦੀਆਂ ਵਿਚ ਵੱਧ ਚੜ੍ਹ ਕੇ ਹਿੱਸਾ ਨਹੀਂ ਲਿਆ, ਪਰ ਇਸ ਗੱਲ

ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਉਸ ਉੱਤੇ ਪੰਜਾਬੀ ਸਾਹਿੱਤ ਜਾਂ ਸੰਸਾਰ ਸਾਹਿੱਤ ਵਿਚ ਪ੍ਰਚਲਿਤ ਹੋਈਆਂ, ਜਾਂ ਹੋ ਰਹੀਆਂ ਸਾਹਿੱਤਿਕ ਵਿਚਾਰਧਰਾਵਾਂ ਦਾ ਉਕਾ ਅਸਰ ਹੀ ਨਹੀਂ। ਉਸ ਦੀ ਕਵਿਤਾ ਦੀ ਆਧੁਨਿਕਤਾ ਹੀ ਇਸ ਗੱਲ ਵਿਚ ਹੈ ਕਿ ਉਸ ਨੇ ਕੇਵਲ ਪੰਜਾਬੀ ਹੀ ਨਹੀਂ ਸਗੋਂ ਸਮੁੱਚੇ ਸੰਸਾਰ ਵਿਚ ਨਵੇਂ ਚਲੇ ਵਾਦਾਂ ਦਾ ਪ੍ਰਭਾਵ ਗ੍ਰਹਿਣ ਕੀਤਾ ਹੈ।

ਇਸ ਸੰਬੰਧ ਵਿਚ ਸਭ ਤੋਂ ਪਹਿਲਾਂ ਉਸ ਦੇ ਵਿਗਿਆਨਿਕ ਸੁਭਾ (Scientific nature) ਬਾਰੇ ਵਿਚਾਰ ਕਰਨੀ ਜ਼ਰੂਰੀ ਜਾਪਦੀ ਹੈ। ਇਹ ਸੁਭਾ ਉਸ ਦੀ ਸਮੁੱਚੀ ਕਵਿਤਾ ਦਾ ਧੁਰਾ ਹੈ। ਡਾ. ਜਸਵੰਤ ਸਿੰਘ ਨੇਕੀ ਦੀ ਸਾਰੀ ਕਵਿਤਾ ਉਸ ਦੀਆਂ ਵਿਗਿਆਨਿਕ ਰੁਚੀਆਂ ਦੁਆਲੇ ਘੁੰਮਦੀ ਹੈ। ਉਸ ਦੀ ਇਹ ਰੁਚੀ ਉਸ ਦੇ ਪਹਿਲੇ ਕਾਵਿ-ਸੰਗ੍ਰਹਿ 'ਅਸਲੇ ਤੇ ਓਹਲੇ' ਦੇ ਅੰਤ ਉੱਤੇ ਦਿੱਤੇ ਗਏ 'ਸੁਝਾਊ ਸੰਕੇਤਾਂ' ਤੋਂ ਪ੍ਰਤੱਖ ਹੁੰਦੀ ਹੈ। ਉਸ ਨੇ ਆਪਣੀ ਕਵਿਤਾ ਵਿਚਲੇ ਔਖੇ ਵਿਗਿਆਨਿਕ ਸ਼ਬਦਾਂ ਤੇ ਅਸਪਸ਼ਟ ਭਾਵਾਂ ਨੂੰ, ਪੁਸਤਕ ਦੇ ਅੰਤ ਉੱਤੇ ਸਰਲ ਅਰਥਾਂ ਵਿਚ ਲਿਖਿਆ ਹੈ।[2] ਉਸ ਦੀ ਇਹ ਸੋਚ ਵਿਗਿਆਨਿਕ ਹੈ। ਪੰਜਾਬੀ ਕਵਿਤਾ ਵਿਚ ਅਜਿਹਾ ਪਹਿਲੀ ਵਾਰ ਡਾ. ਨੇਕੀ ਨੇ ਹੀ ਕੀਤਾ ਹੈ ਕਿ ਕਾਵਿਕ-ਅਸਪਸ਼ਟਤਾ ਨੂੰ ਆਪ ਹੀ ਸਾਧਾਰਨ ਪਾਠਕ ਦੀ ਸਮਝ ਗੋਚਰੇ ਕਰਨ ਲਈ ਔਖੇ ਸ਼ਬਦਾਂ ਤੇ ਭਾਵਾਂ ਦੇ ਅਰਥ ਦਿੱਤੇ ਹਨ। ਇਸ ਦੇ ਨਾਲ ਹੀ ਕਵੀ ਨੇ ਆਪਣੀ ਕਾਵਿ-ਰਚਨਾ ਦੀ ਭਾਗ-ਵੰਡ ਕੀਤੀ ਹੈ। 'ਅਸਲ ਤੇ ਓਹਲਾ' ਵਿਚਲੀਆਂ ਕਵਿਤਾਵਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ, ਜਿਵੇਂ 'ਅਸਲੇ ਓਹਲੇ', 'ਪੈਰ-ਚਿੱਤਰ' ਅਤੇ 'ਕਿੰਗਰੇ' ਆਦਿ ਵਿਚ। ਇਸੇ ਤਰ੍ਹਾਂ ਕਾਵਿ-ਸੰਗ੍ਰਹਿ 'ਸਿਮਰਤੀ ਦੇ ਕਿਰਨ ਤੋਂ ਪਹਿਲਾਂ' ਵਿਚਲੀ ਲੰਮੀ ਪ੍ਰਬੰਧ-ਕਵਿਤਾ ਨੂੰ ਪੰਜ ਮੁੱਖ ਭਾਗਾਂ ਵਿਚ ਵੰਡਿਆ ਹੈ। ਇਹ ਪੰਜੇ ਭਾਗ ਵੱਖ-ਵੱਖ ਕਵਿਤਾਵਾਂ ਦਾ ਪ੍ਰਭਾਵ ਵੀ ਪਾਉਂਦੇ ਹਨ ਅਤੇ ਇਕ ਲੰਬੀ ਕਵਿਤਾ ਵਿਚਲੇ ਵਿਚਾਰ-ਵਿਕਾਸ ਨੂੰ ਵੀ ਇਕ ਲੜੀ ਵਿਚ ਜੋੜਦੇ ਹਨ। ਵਿਚਾਰ ਦੀ ਏਕਤਾ ਨਿਰੰਤਰ ਕਾਇਮ ਰਹਿੰਦੀ ਹੈ। ਪੁਸਤਕ 'ਕਰੁਣਾ ਦੀ ਛੁਹ ਤੋਂ ਮਗਰੋਂ' ਵੀ ਇਕ ਲੰਬੀ ਕਵਿਤਾ ਹੈ, ਜਿਸ ਨੂੰ ਕਵੀ ਨੇ ਪੰਜ ਮੁੱਖ ਭਾਗਾਂ ਵਿਚ ਵੰਡ ਕੇ ਅੱਗੋਂ ਹਰ ਇਕ ਭਾਗ ਨੂੰ 1, 2, 3, 4 ਆਦਿ ਉਪਭਾਗਾਂ ਵਿਚ ਵੰਡਿਆ ਹੈ। ਵਿਸ਼ਾ ਲਗਾਤਾਰ ਇਕੋ ਚਲਦਾ ਹੈ। ਡਾ. ਨੇਕੀ ਦੀ ਇਸ ਵੰਡ ਦਾ ਆਧਾਰ ਵੀ ਉਸ ਦੀ ਵਿਗਿਆਨਿਕ ਰੁਚੀ ਹੈ। ਇਸ ਤਰ੍ਹਾਂ ਦਾ ਵਿਗਿਆਨਿਕ ਸੁਭਾ ਪੰਜਾਬੀ ਦੇ ਹੋਰ ਸਮਕਾਲੀ ਕਵੀਆਂ ਵਿਚ ਬਹੁਤ ਘੱਟ ਵੇਖਿਆ ਜਾਂਦਾ ਹੈ।

ਨੇਕੀ ਦੀ ਕਵਿਤਾ ਵਿਚ ਆਧੁਨਿਕਤਾ ਨੂੰ ਇਕ ਹੋਰ ਪੱਖ ਤੋਂ ਵੇਖਿਆ ਜਾ ਸਕਦਾ ਹੈ। ਉਹ ਪੱਖ ਹੈ, ਆਰੰਭ ਤੋਂ ਲੈ ਕੇ ਅੱਜ ਤਕ ਲਿਖੀ ਗਈ ਉਸ ਦੀ ਕਵਿਤਾ ਦਾ 'ਕਾਵਿਕ ਨਿਆਏ', ਜਿਸ ਅਨੁਸਾਰ ਉਸ ਦੀ ਸਮੁੱਚੀ ਕਵਿਤਾ ਦੇ ਵਿਕਾਸ ਨੂੰ ਸਹਿਜੇ ਹੀ ਜਾਣਿਆ ਜਾ ਸਕਦਾ ਹੈ। ਪੁਸਤਕ 'ਅਸਲੇ ਤੇ ਓਹਲੇ' ਦੀਆਂ ਹੇਠ ਲਿਖੀਆਂ ਅੰਤਲੀਆਂ ਕਾਵਿ ਸਤਰਾਂ :

ਐਪਰ ਏਸ ਅਨੰਤ ਭਾਲ ਵਿਚ
ਪਰ ਆਪਣੇ ਪਟਕਾ ਕੇ
ਹੋਰ ਕਿਤੇ ਭਟਕਣ ਦੀ ਖਾਤਰ
ਪੈ ਚਲਿਆ ਹਾਂ ਰਾਹੇ।[3]

ਨੂੰ ਜੇ 'ਕਰੁਣਾ ਦੀ ਛੁਹ ਤੋਂ ਮਗਰੋਂ' ਦੀਆਂ ਇਨ੍ਹਾਂ ਕਾਵ-ਪੰਕਤੀਆਂ

ਤੇ ਮੈਂ ਰਹਿਮਤ ਦਾ ਗੁਝਾ ਭੇਦ
ਤੇਰੀ ਝੋਲ ਪਾ ਦਿੱਤਾ
ਜੋ ਬੂਟਾ ਮੇਰੇ ਆਂਗਣ ਪੁੰਗਰਿਆ
ਤੇਰੇ ਲਗਾ ਦਿੱਤਾ।[4]

ਨਾਲ ਮਿਲਾ ਕੇ ਪੜ੍ਹਿਆ ਜਾਵੇ, ਤਾਂ ਉਸ ਦੇ ਕਾਵਿ-ਵਿਕਾਸ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਰਹਿਮਤ ਦਾ ਗੁਝਾ ਭੇਦ ਜੋ ਉਸ ਨੇ ਪੰਜਾਬੀ ਪਾਠਕ ਦੀ ਝੋਲੀ ਪਾਇਆ ਹੈ, ਜਿਥੇ ਉਸ ਨੂੰ ਇਕ ਸੁਹਿਰਦ ਕਵੀ

ਪ੍ਰਗਟ ਕਰਦਾ ਹੈ ਉਥੇ ਉਸ ਨੂੰ ਕਲਾ ਪੱਖੋਂ ਇਕ ਚੇਤੰਨ-ਕਲਾਕਾਰ ਵੀ ਸਿੱਧ ਕਰਦਾ ਹੈ। ਕਲਾ-ਚੇਤੰਨਤਾ ਆਧੁਨਿਕਤਾ ਦਾ ਵੱਡਾ ਲੱਛਣ ਹੈ। ਕਵੀ ਆਪਣੀ ਕਾਵਿ-ਅਨੁਭੂਤੀ ਪੱਖੋਂ ਚੇਤਨ ਹੈ। ਉਸ ਨੂੰ ਪਤਾ ਹੈ ਕਿ ਉਸ ਨੇ ਪਹਿਲਾਂ ਕੀ ਲਿਖਿਆ ਹੈ ਅਤੇ ਅੱਗੋਂ ਕੀ ਲਿਖਣ ਜਾ ਰਿਹਾ ਹੈ। ਇਹ ਕਲਾ-ਚੇਤਨਤਾ ਉਸਦੀ ਇਕ ਮਨੋਵਿਗਿਆਨੀ ਵਾਲੀ ਸ਼ਖ਼ਸੀਅਤ ਦਾ ਗੁਣ ਹੈ, ਜਿਸ ਅਨੁਸਾਰ ਉਹ ਸੁਚੇਤ ਹੋ ਕੇ ਲਿਖਦਾ ਹੈ। 'ਕਰੁਣਾ ਦੀ ਛੁਹ ਤੋਂ ਮਗਰੋਂ' ਦੇ ਅੰਤ ਉੱਤੇ ਕਵੀ ਜਿਸ ਬੂਟੇ ਦੇ ਪੁੰਗਰਨ ਦੀ ਗੱਲ ਕਰਦਾ ਹੈ, ਉਹ ਉਸ ਦੇ ਕਾਵਿ ਅਨੁਭਵ ਦਾ ਬੂਟਾ ਹੈ, ਜਿਸ ਨੂੰ ਉਸ ਨੇ ਗਿਆਨ, ਵਿਗਿਆਨ, ਮਨੋਵਿਗਿਆਨ ਤੇ ਸੁਗਿਆਨ ਦੇ ਪਾਣੀ ਨਾਲ ਸਿੰਜ ਕੇ ਪੰਜਾਬੀ ਪਾਠਕ ਦੇ ਚਿੰਤਨ-ਵਿਹੜੇ ਵਿਚ ਲਗਾ ਦਿੱਤਾ ਹੈ–ਇਹੀ ਉਸ ਦੀ ਆਧੁਨਿਕਤਾ ਹੈ।

ਕਵੀ ਨੇ ਆਪਣੇ ਵਿਗਿਆਨਿਕ ਸੁਭਾ ਵਾਲੇ ਅਨੁਭਵ ਨੂੰ ਪ੍ਰਤੱਖ ਤੇ ਸੂਖਮ ਦੋਹਾਂ ਪਧਰਾਂ ਉੱਤੇ ਕਵਿਤਾ ਦਾ ਵਾਹਣ ਬਣਾਇਆ ਹੈ। ਪ੍ਰਤੱਖ ਦੀ ਪੱਧਰ ਉੱਤੇ ਕਵੀ ਸਿਧਾ ਵਿਗਿਆਨਿਕ ਲੱਭਤਾਂ ਦੇ ਆਧਾਰ ਉੱਤੇ ਪ੍ਰਾਪਤ ਗਿਆਨ ਨੂੰ ਵਿਗਿਆਨਿਕ ਸ਼ਬਦਾਵਲੀ ਦੀ ਸਹਾਇਤਾ ਨਾਲ ਕਵਿਤਾ ਵਿਚ ਸਾਕਾਰ ਕਰਦਾ ਹੈ। ਕਵੀ ਨੇ ਇਸ ਪੱਖੋਂ, ਵਧੇਰੇ ਵਰਤੋਂ, ਪੁਲਾੜ ਸੰਬੰਧੀ ਅੱਜ ਤੱਕ ਹੋਈ ਵਿਗਿਆਨਿਕ ਖੋਜ ਦੀ ਹੀ ਕੀਤੀ ਹੈ। ਅਜੋਕੀ ਸਾਇੰਸ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਅਰਬਾਂ ਖਰਬਾਂ ਸਾਲ ਪਹਿਲਾਂ ਇਸ ਬ੍ਰਹਿਮੰਡ ਦੀ ਉਤਪੱਤੀ ਇਕ ਪਿਘਲਦੇ ਹੋਏ ਗੋਲੇ ਤੋਂ ਹੋਈ। ਇਸ ਵਿਚਾਰ ਨੂੰ ਪ੍ਰਤੱਖ ਦੀ ਪੱਧਰ ਉੱਤੇ ਕਵੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ :

ਠੀਕ ਕਿ, ਪਹਿਲਾਂ ਇਹ ਗੋਲਾ ਸੀ, ਲਾਵੇ ਵਾਂਗੂੰ ਸੜਦਾ ਸੜਦਾ
ਵਿਚ ਪੁਲਾੜ ਚੌਂਕੀ ਭਰਦਾ, ਆਪਣੇ ਪਰਿਵਾਰ ਗਿਰਦ ਕਿ ਜਿਹੜਾ
ਘੁੰਮਦਾ ਘੁੰਮਦਾ ਜਾਏ, ਆਪਣੇ ਨਾਲ ਹਵਾੜਾਂ ਦਾ ਇਕ ਮੰਡਲ ਘੁੰਮਾਏ
ਕੁਲ ਬ੍ਰਹਿਮੰਡ ਤੇ ਕੁਲ ਤਾਰਾ-ਗਣ ਇਸੇ ਪਿਤਾ ਦੇ ਜਾਏ।[5]

ਸੂਖਮ ਦੀ ਪੱਧਰ ਉੱਤੇ ਕਵੀ ਨੇ ਪ੍ਰਤੱਖ ਵਿਗਿਆਨ ਦੀਆਂ ਅਦਭੁਤ ਖੋਜਾਂ ਨੇ ਅਜੋਕੇ ਮਨੁੱਖ-ਮਨ ਵਿਚ ਜੋ-ਜੋ ਨਾਸਤਿਕਤਾ ਤੇ ਅਸਥਿਰਤਾ ਪੈਦਾ ਕੀਤੀ ਹੈ, ਉਸ ਦਾ ਮੁਤਾਲਿਆ ਕਰਨ ਦਾ ਯਤਨ ਕੀਤਾ ਹੈ। ਉਸ ਦੇ ਇਸ ਅਧਿਐਨ ਨੇ ਇਹ ਮਹਿਸੂਸ ਕੀਤਾ ਹੈ ਕਿ ਮਨੁੱਖ ਕੇਵਲ ਵਿਗਿਆਨਿਕ ਲੱਭਤਾਂ ਵਿਚ ਹੀ ਉਲਝ ਕੇ ਰਹਿ ਗਿਆ ਹੈ ਅਤੇ ਪਰਮ ਸੁਖ ਤੋਂ ਵਾਂਝਾ ਹੋ ਕੇ ਨਾਸਤਿਕ ਹੋ ਬੈਠਾ ਹੈ। ਡਾ. ਨੇਕੀ ਦੀ ਕਵਿਤਾ ਇਨ੍ਹਾਂ ਪ੍ਰਤੱਖ ਦੀਆਂ ਵਿਗਿਆਨਿਕ ਖੋਜਾਂ ਦਾ ਸੰਬੰਧ ਅਨਾਤਮ ਦੇ ਸੂਖਮ ਰਹੱਸ ਨਾਲ ਜੋੜਦੀ ਪ੍ਰਤੀਤ ਹੁੰਦੀ ਹੈ, ਇਸ ਤਰ੍ਹਾਂ ਕਵੀ ਅਨੁਸਾਰ ਅਜੋਕਾ ਉੱਨਤ-ਵਿਗਿਆਨ ਆਪਣੇ ਬੌਧਿਕ ਪਰ ਪਟਕਾ ਕੇ ਮੁੜ ਆਸਤਿਕ ਭਾਵਨਾਵਾਂ ਨੂੰ ਪ੍ਰਵਾਨ ਕਰਨ ਉੱਤੇ ਮਜਬੂਰ ਹੋ ਗਿਆ ਜਾਪਦਾ ਹੈ, ਜਿਵੇਂ :

ਖੋਜ ਤੋਂ ਬਣਿਆ ਜਿਹੜਾ ਕਾਫ਼ਰ
ਖੋਜ ਵਿਚੋਂ ਹੀ ਮੁੜ ਬਣਦਾ ਜਾਪੇ
ਕਿਸੇ ਨਰੋਈ ਸ਼ਰਧਾ ਵਾਲਾ
ਮੋਮਨ ਗਹਿਰ ਗੰਭੀਰ।[6]

ਕਵੀ ਅਨੁਸਾਰ ਜਿਸ ਵਿਗਿਆਨਿਕ ਖੋਜ ਨੇ ਇਨਸਾਨ ਨੂੰ ਨਾਸਤਿਕ ਬਣਾਇਆ ਹੈ, ਉਸ ਦੀ ਨਿੱਤ ਵੱਧ ਰਹੀ ਤੇ ਬਦਲ ਰਹੀ ਅਕਾਂਖਿਆ ਮੁੜ ਉਸ ਨੂੰ ਆਸਤਿਕ ਬਣਾ ਰਹੀ ਹੈ। ਕਵੀ ਨੇ ਆਪਣੀ ਕਵਿਤਾ ਵਿਚ, ਵਿਗਿਆਨ ਦੀਆਂ ਖੋਜਾਂ ਦੀ, ਦੂਜੇ ਵਿਸ਼ਵ ਯੁੱਧ ਵੇਲੇ ਦੀ ਨਾਸਤਿਕ ਰੁਚੀ ਨੂੰ ਉਘਾੜਦੇ ਹੋਇਆਂ ਸਪਸ਼ਟ ਕੀਤਾ ਹੈ ਕਿ ਉਸ ਰੁਚੀ ਦੇ ਫਲਸਰੂਪ ਹੀਰੋਸ਼ੀਮਾ ਅਤੇ ਨਾਗਾਸਾਕੀ ਵਿਚ ਕੀ ਕੀ ਗੁਲ ਖਿੜੇ ਹਨ। ਕਵੀ ਇਨ੍ਹਾਂ ਖੰਡਰਾਂ ਦੀ ਵਿਥਿਆ ਤੋਂ ਮਾਨਵ ਜਾਤ ਨੂੰ ਪ੍ਰੇਰਨਾ ਲੈਣ ਲਈ ਕਹਿੰਦਾ ਹੋਇਆ ਇਕ ਚੇਤਾਵਨੀ ਵੀ ਦਿੰਦਾ ਹੈ। ਇਹ ਚੇਤਾਵਨੀ ਉਸ ਦੀ ਕਵਿਤਾ ਵਿਚਲੀ ਆਧੁਨਿਕਤਾ ਦੀ ਲਖਾਇਕ ਹੈ, ਜਿਵੇਂ :

ਸਾਗਰੋਂ ਅਸਮਾਨ ਵੱਲ ਧੂੰਏ ਦੇ ਉਠਦੇ ਪਏ ਪਹਾੜ
ਆਦਮੀ ਦੀ ਅਕਲ ਦੇ ਖੰਡਰ ਮਨੁੱਖਤਾ ਦੀ ਉਜਾੜ
ਫਟ ਅਣਮੋਲੇ, ਸੜੇ ਹੋਏ ਜਿਸਮ ਕੁਰਲਾਂਦੇ ਹੋਏ
ਅਰਸ਼ ਤੋਂ ਵਸਦੀ ਹੋਈ ਪਰਮਾਣੂਆਂ ਦੀ ਧੂੜ ਤੋਂ
ਮਾਰੇ ਹੋਏ ਬੇਜਾਨ ਖੇਤ, ਘੋਰ ਇਕ ਵਿਥਿਆ ਸੁਣਾਂਦੇ ਨੇ ਪਏ
ਢੋਲ ਖਤਰੇ ਦਾ ਵਜਾਂਦੇ ਨੇ ਪਏ।[7]

ਕਵੀ ਨੂੰ ਇਸ ਖਤਰੇ ਤੋਂ ਮਨੁੱਖਤਾ ਦੇ ਬਚਾਉ ਦਾ ਸਾਧਨ, ਵੱਧ ਰਹੇ ਤੇ ਉੱਨਤ ਹੋ ਰਹੇ ਵਿਗਿਆਨਿਕ ਸਾਧਨਾਂ ਵਿਚ ਨਹੀਂ ਜਾਪਦਾ, ਸਗੋਂ ਇਨ੍ਹਾਂ ਸਾਧਨਾਂ ਪ੍ਰਤੀ ਵਿਗਿਆਨਿਕ ਨਜ਼ਰੀਏ ਨੂੰ ਅਪਨਾਉਣ ਵਿਚ ਨਜ਼ਰ ਆਉਂਦਾ ਹੈ। ਉਸ ਦੀ ਕਵਿਤਾ ਦੀ ਆਧੁਨਿਕਤਾ ਇਸ ਗੱਲ ਵਿਚ ਹੈ ਕਿ ਉਹ ਮਨੁੱਖੀ ਹੋਂਦ ਨੂੰ ਉਸ ਜ਼ਾਵੀਏ ਤੋਂ ਪਰਖਦਾ ਤੇ ਪੜਚੋਲਦਾ ਹੈ ਜਿਸ ਤੋਂ ਇਸ ਦੀ ਅਸਲੀਅਤ ਨੂੰ ਜਾਣਿਆ ਜਾ ਸਕੇ। ਅਜਿਹਾ ਕਰਦਿਆਂ ਕਵੀ-ਮਨ ਆਪਣੇ ਕਿੱਤੇ ਵਿਚੋਂ ਪ੍ਰਾਪਤ ਗਿਆਨ, ਮਨੋਵਿਗਿਆਨ ਆਦਿ ਦੀ ਵਰਤੋਂ ਕਰਦਾ ਹੈ ਅਤੇ ਇਸ ਪ੍ਰਾਪਤ ਗਿਆਨ ਦੀ ਸਾਂਝ ਸੁਗਿਆਨ ਨਾਲ ਜੋੜ ਕੇ ਮਨੁੱਖੀ ਮਨ ਦੀਆਂ ਹਨੇਰੀਆਂ ਖੱਡਾਂ ਵਿਚੋਂ ਉਹ ਤੱਤ ਬਾਹਰ ਕੱਢ ਲਿਆਉਣੇ ਲੋੜਦਾ ਹੈ, ਜਿਹੜੇ ਉਸ ਨੂੰ ਵਿਨਾਸ਼ ਦੇ ਰਾਹਾਂ ਉੱਤੇ ਤੋਰਦੇ ਤੇ ਖੁਦਗਰਜ਼ੀ ਨਾਲ ਬੰਨ੍ਹਦੇ ਹਨ।

ਕਵੀ ਦੇ ਵਿਚਾਰ ਅਨੁਸਾਰ ਇਨ੍ਹਾਂ ਵਿਨਾਸ਼ਕਾਰੀ ਰੁਚੀਆਂ ਤੇ ਖੁਦਗਰਜ਼ੀਆਂ ਦਾ ਕਾਰਨ ਮਨੁੱਖ ਦਾ ਆਪਣੀ ਅਸਥਿਰ ਹੋਂਦ ਤੋਂ ਨਾ ਜਾਣੂ ਹੋਣਾ ਹੈ। ਇਸ ਲਈ ਕਵੀ ਮਨੁੱਖੀ ਹੋਂਦ ਅਤੇ ਨਿਹੋਂਦ ਦੇ ਆਪਸੀ ਸੰਬੰਧ ਨੂੰ ਆਪਣੀ ਕਾਵਿ-ਰਚਨਾ ਦਾ ਵਿਸ਼ਾ ਬਣਾਉਂਦਾ ਹੈ ਅਤੇ ਸੂਖਮ ਦੀ ਪਧਰ ਉੱਤੇ ਮਨੁੱਖੀ ਹੋਂਦ ਦੇ ਉਲਝੇ ਹੋਏ ਤਾਣੇ-ਬਾਣੇ ਨੂੰ ਸੁਲਝਾਉਣ ਦਾ ਆਹਰ ਕਰਦਾ ਹੈ। ਕਵੀ ਦੇਸ਼ ਕਾਲ ਵਿਚੋਂ ਜੰਮਣ ਤੇ ਮਰਨ ਦੇ ਵਿਚਾਲੇ ਭੋਗੀ ਜ਼ਿੰਦਗੀ ਲਈ ਸਹਿਜ ਦੀ ਲੋੜ ਮਹਿਸੂਸ ਕਰਦਾ ਹੈ, ਜਿਹੜੀ ਮਨੁੱਖੀ ਹੋਂਦ ਨੂੰ ਦੇਸ਼-ਕਾਲ ਦੀ ਸੀਮਾ ਅੰਦਰ ਕਾਲਿਕ ਪੀੜ ਨੂੰ ਹੰਢਾਂਦਿਆਂ ਹੋਇਆਂ ਵੀ ਇਸ ਤੋਂ ਪਾਰਗਾਮੀ ਬਣਾ ਸਕੇ। ਆਪਣੇ ਕਾਵਿ-ਸੰਗ੍ਰਹਿ 'ਸਿਮਰਤੀ ਦੇ ਕਿਰਨ ਤੋਂ ਪਹਿਲਾਂ' ਵਿਚ ਡਾ. ਨੇਕੀ ਮਨੁੱਖੀ ਹੋਂਦ ਨੂੰ ਇਕ ਵਿਗਿਆਨੀ ਦੇ ਦ੍ਰਿਸ਼ਟੀਕੋਣ ਤੋਂ ਸਿਮਰਤੀ ਤੇ ਵਿਸਿਮਰਤੀ ਵਿਚ ਚੱਕਰ ਕਟਦਿਆਂ ਵੇਖਦਾ ਹੈ। ਕਵੀ ਲਈ ਮੌਤ ਜੋ ਸਿਮਰਤੀ ਨੂੰ ਵਿਸਮਰਤੀ ਵਿਚ ਬਦਲਣ ਦਾ ਸਾਧਨ ਹੈ, ਕੋਈ ਡਰ ਵਾਲੀ ਵਸਤੂ ਨਹੀਂ ਸਗੋਂ ਮਨੁੱਖੀ ਹੋਂਦ ਅਤੇ ਅਨਾਤਮ ਦੀ ਨਿਹੋਂਦ ਦੀ ਵਿਚਕਾਰਲੀ ਲਕੀਰ ਹੈ ਜਿਸ ਨੂੰ ਪਾਰ ਕਰਨ ਦੀ ਹੋਂਦ, ਨਿਹੋਂਦ ਵਿਚ ਵਟ ਜਾਂਦੀ ਹੈ। ਡਾ. ਨੇਕੀ ਨੇ ਇਸ ਲਕੀਰ ਉੱਤੇ ਖਲੋ ਕੇ ਦੁਵੱਲੀ ਝਾਤ ਪਾਈ ਹੈ ਅਤੇ ਇਸ ਤਰ੍ਹਾਂ ਉਸ ਨੇ ਮਨੁੱਖੀ ਹੋਂਦ ਦੀ ਸਥਿਰਤਾ ਜਾਂ ਅਸਥਿਰਤਾ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਹੈ। ਉਸ ਅਨੁਸਾਰ ਮੌਤ ਤੋਂ ਬਾਅਦ ਪ੍ਰਤੱਖ ਸਿਮਰਤੀ ਦਾ ਝੜ ਜਾਣਾ ਹੋਂਦ ਦੀ ਸੀਮਿਤ ਹਸਤੀ ਦਾ ਲਖਾਇਕ ਹੈ। ਕਵੀ ਅਨੁਸਾਰ ਅਜੋਕੇ ਯੁੱਗ ਦੇ ਮਨੁੱਖ ਦੀਆਂ ਵਿਨਾਸ਼ਕ ਸਮੱਸਿਆਵਾਂ ਦਾ ਹੱਲ ਆਪਣੀ ਸੀਮਿਤ ਹਸਤੀ ਨੂੰ ਜਾਣ ਲੈਣ ਵਿਚ ਹੀ ਹੈ। ਕਵੀ ਨੇ ਹੋਂਦ ਤੇ ਨਿਹੋਂਦ ਦੇ ਆਪਸੀ ਸੰਬੰਧ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਵਿਅਕਤ ਕੀਤਾ ਹੈ :

ਇਸ ਨੁਕਤੇ ਤੋਂ ਲੰਘਦਿਆਂ
ਸਿਮਰਤੀਆਂ ਝੜ ਜਾਂਦੀਆਂ ਹਨ
ਜਿਵੇਂ ਥਿਤ ਰੇਖਾ ਤੋਂ ਲੰਘਦਿਆਂ
ਇਕ ਥਿਤ ਕਿਰ ਜਾਂਦੀ ਹੈ।
ਫਿਰ ਵੀ ਸਿਮਰਤੀ ਦੇ ਬੰਦੀਵਾਨ
ਨਵੀਆਂ ਸਿਮਰਤੀਆਂ ਵਿਹਾਜਦੇ
ਨਵੇਂ ਰਾਹਾਂ ਤੇ ਤੁਰ ਪੈਂਦੇ ਹਨ।

ਫ਼ਕੀਰਾਂ ਦੇ ਭੇਖ ਤੇ ਸੁਹਾਗਣਾਂ ਦੇ ਭੂਸ਼ਨ
ਉਥੇ ਉਤਰ ਜਾਂਦੇ ਹਨ, ਤੇ ਉਹ ਦਿਸ਼ਾਵਾਂ ਦੇ ਬਸਤਰ
ਤੇ ਕਿਰਨਾਂ ਦੇ ਗਹਿਣੇ ਪਹਿਨਕੇ, ਉਥੇ ਪਰਤਦੇ ਹਨ।[8]

ਹੋਂਦ ਤੇ ਨਿਹੋਂਦ ਜਾਂ ਸਿਮਰਤੀ ਤੇ ਵਿਸਿਮਰਤੀ ਵਾਲੀ ਜਿਸ ਮਾਨਸਿਕ ਅਵਸਥਾ ਨੂੰ ਕਵੀ ਨੇ ਸਾਕਾਰ ਕੀਤਾ ਹੈ, ਓਪਰੀ ਨਜ਼ਰੇ ਵੇਖਿਆ ਹਰ ਮਨੁੱਖ ਨੂੰ ਇਕ ਭਾਂਜਵਾਦੀ, ਅੰਤਰਮੁਖੀ ਅਤੇ ਅੰਧਵਿਸ਼ਵਾਸੀ ਮਨੁੱਖ ਦੀ ਮਨੋਥਿਰਤੀ ਜਾਪਦੀ ਹੈ। ਡਾ. ਨੇਕੀ ਦੀ ਆਧੁਨਿਕਤਾ ਇਸ ਗੱਲ ਵਿਚ ਹੈ ਕਿ ਉਸ ਨੇ ਇਸ ਸੂਖਮ ਤੇ ਅਸਪਸ਼ਟ ਅਵਸਥਾ ਨੂੰ ਅਸਪਸ਼ਟ ਕਾਵਿਕ ਢੰਗ ਨਾਲ ਨਹੀਂ ਸਗੋਂ ਸਪਸ਼ਟ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਵਿਅਕਤ ਕੀਤਾ ਹੈ। ਕਵੀ ਦੇ ਕਲਾ ਕੌਸ਼ਲ ਦਾ ਕਮਾਲ ਇਸ ਗੱਲ ਵਿਚ ਹੈ ਕਿ ਉਸ ਨੇ ਦਿਸਦੇ ਪਦਾਰਥਕ-ਜਗਤ ਦਾ ਸੰਬੰਧ ਅਣਦਿਸਦੇ ਸੂਖਮ-ਜਗਤ ਨਾਲ ਯਥਾਰਥ ਰੂਪ ਵਿਚ ਜੋੜਿਆ ਹੈ। ਇਹ ਮਾਧਿਅਮ ਆਪਣੇ ਆਪ ਵਿਚ ਇਕ ਨਵੀਨ ਉਪਰਾਲਾ ਹੈ। 'ਅਸਲੇ ਤੇ ਓਹਲੇ' ਤੋਂ 'ਕਰੁਣਾ ਦੀ ਛੁਹ ਤੋਂ ਮਗਰੋਂ' ਤਕ ਉਸ ਦੀ ਕਵਿਤਾ ਇਕ ਨਿਰੰਤਰ ਵਿਕਾਸ ਵਾਲਾ ਸਫ਼ਰ ਤਹਿ ਕਰਦੀ ਹੈ। ਕਵੀ ਦੀ ਅਨੁਭੂਤੀ ਅਨੁਸਾਰ ਕੇਵਲ ਮਨੁੱਖ ਹੀ ਨਹੀਂ ਸਗੋਂ ਸਾਰਾ ਦਿਸਦਾ, ਅਨਦਿਸਦਾ ਬ੍ਰਹਿਮੰਡ ਇਕ ਕੇਂਦਰ ਵੱਲ ਪਲ-ਪਲ ਵੱਧ ਰਿਹਾ ਹੈ। ਇਸ ਵਿਕਾਸ ਦਾ ਆਧਾਰ ਕਿਸੇ ਅਧਿਆਤਮਵਾਦੀ ਦਾ ਅਨੁਭਵ ਨਹੀਂ ਸਗੋਂ ਡਾ. ਨੇਕੀ ਦਾ ਵਿਗਿਆਨਿਕ ਰੁਚੀ ਵਾਲਾ ਅਨੁਭਵ ਹੈ। ਕਵੀ ਆਪਣੀ ਚੇਤਨਾ ਦੀਆਂ ਡੂੰਘਾਣਾਂ ਵਿਚ ਥਲੇ ਲਹਿ ਕੇ ਇਸ ਸਿੱਟੇ ਉੱਤੇ ਪੁੱਜਦਾ ਹੈ ਕਿ ਮਨੁੱਖ ਦੀ ਪਹੁੰਚ ਪਦਾਰਥਕ ਤੱਥਾਂ ਤਕ ਸੀਮਿਤ ਹੈ, ਇਸ ਲਈ ਸੂਖਮ ਜਗਤ ਦੀ ਲੀਲ੍ਹਾ ਨੂੰ ਸੰਪੂਰਨ ਰੂਪ ਵਿਚ ਜਾਣ ਲੈਣਾ ਉਸ ਦੇ ਵੱਸ ਦੀ ਗੱਲ ਨਹੀਂ।

ਵਿਗਿਆਨੀ ਜਿਤਨਾ ਜ਼ਿਆਦਾ ਇਸ ਪੁਲਾੜ ਦੇ ਪਸਾਰੇ ਬਾਰੇ ਆਪਣੀ ਬੁੱਧੀ ਨਾਲ ਜਾਣਨ ਲਈ ਉਤਸੁਕ ਹੁੰਦਾ ਹੈ, ਉਤਨਾ ਹੀ ਜ਼ਿਆਦਾ ਇਸ ਦਾ ਘੇਰਾ ਵਿਸ਼ਾਲ ਹੁੰਦਾ ਜਾਂਦਾ ਹੈ ਅਤੇ ਇਸ ਤਰ੍ਹਾਂ ਇਹ ਸਿਲਸਲਾ ਪਤਾ ਨਹੀਂ ਕਦੋਂ ਤਕ ਚਲਦਾ ਰਹੇਗਾ। ਪਰ ਡਾ. ਨੇਕੀ ਦਾ ਕਾਵਿ ਅਨੁਭਵ ਭਾਈ ਵੀਰ ਸਿੰਘ ਜਾਂ ਪ੍ਰੋ. ਪੂਰਨ ਸਿੰਘ ਵਾਂਗ ਬੁੱਧੀ ਮੰਡਲ ਦੀ ਕੈਦ ਤਿਆਗਦਾ ਨਹੀਂ, ਸਗੋਂ ਇਸ ਕੈਦ ਵਿਚ ਰਹਿ ਕੇ ਉੱਚੇ ਧਾਰਮਿਕ ਰਹੱਸ ਨੂੰ ਪਾਉਣਾ ਲੋੜਦਾ ਹੈ। ਉਸ ਦਾ ਇਹ ਨਜ਼ਰੀਆ ਨਵੀਨ ਵੀ ਹੈ, ਵਿਗਿਆਨਿਕ ਵੀ ਹੈ ਅਤੇ ਯਥਾਰਥ ਵੀ। ਮਨੁੱਖੀ ਗਿਆਨ ਦੀ ਸੀਮਿਤ ਪਹੁੰਚ ਤੇ ਵਿਗਿਆਨ ਦੀ ਸੀਮਿਤ ਪਹੁੰਚ ਨੂੰ ਕਵੀ ਨੇ ਹੇਠ ਲਿਖੇ ਸ਼ਬਦਾਂ ਵਿਚ ਵਰਣਨ ਕੀਤਾ ਹੈ :

ਅਸੀਂ ਕੀ ਜਾਣ ਸਕਦੇ ਹਾਂ
ਜਦ ਕਿ ਸਾਡੇ ਸੱਤ ਦੀ ਟੇਕ
ਉਨ੍ਹਾਂ ਸੀਮਿਤ ਤੱਥਾਂ ਉਪਰ ਹੈ
ਜਿਨ੍ਹਾਂ ਨੂੰ ਅਸੀਮ ਨਿੱਤ ਮੇਟ ਰਿਹਾ ਹੈ
ਅਸੀਂ ਕੀ ਬੁਝ ਸਕਦੇ ਹਾਂ
ਜਦ ਕਿ ਸਾਡਾ ਅਨੁਮਾਨ
ਸਦਾ ਪਰਮਾਣ ਦਾ ਮੁਥਾਜ ਹੈ।[9]

ਕਵੀ ਨੇ ਆਤਮ ਤੇ ਅਨਾਤਮ ਸੰਬੰਧ ਵਿਚ ਜਿਹੜੇ ਵਿਚਾਰ ਵੀ ਕਾਵਿ-ਬੱਧ ਕੀਤੇ ਹਨ, ਉਹ ਆਪਣੇ ਪਹਿਲਿਆਂ ਨਾਲੋਂ ਵਧੇਰੇ ਵਿਗਿਆਨਿਕ ਤੇ ਯਥਾਰਥ ਹਨ। ਉਸ ਦੀ ਕਵਿਤਾ ਆਤਮ ਤੇ ਅਨਾਤਮ ਵਰਗੇ ਅਸਪਸ਼ਟ ਵਿਸ਼ੇ ਨੂੰ ਸਪਸ਼ਟਤਾ ਦੇਣ ਦਾ ਉਪਰਾਲਾ ਕਰਦੀ ਹੈ ਅਜਿਹਾ ਕਰਦਿਆਂ ਹੋਇਆਂ ਉਸ ਦਾ ਪ੍ਰਗਟਾ ਢੰਗ ਤੇ ਨਿਭਾ ਦੋਵੇਂ ਆਧੁਨਿਕ ਹਨ। ਕਵੀ ਨੇ ਗਿਆਨ, ਵਿਗਿਆਨ ਤੇ ਮਨੋਵਿਗਿਆਨ ਤੋਂ ਜੋ ਕੁਝ ਵੀ ਸਿੱਖਿਆ ਜਾਂ ਪ੍ਰਾਪਤ ਕੀਤਾ ਹੈ ਉਸ ਨੂੰ ਆਪਣੀ ਕਾਵਿ-ਅਨੁਭੂਤੀ ਦਾ ਅੰਗ ਬਣਾ ਕੇ ਪ੍ਰਗਟ ਕੀਤਾ ਹੈ, ਉਸ ਦਾ ਇਹ ਪ੍ਰਗਟਾ ਆਧੁਨਿਕ ਹੈ। ਕਵੀ ਆਪਣੀ ਕਵਿਤਾ ਵਿਚ ਇਕ ਥਾਂ ਮਨੁੱਖੀ ਹੋਂਦ ਦੇ ਅੰਤਰੀਵ ਵਿਸਫੋਟ ਨੂੰ

ਬਾਹਰੀ ਜਗਤ ਦੇ ਵਿਸਫੋਟ ਦੇ ਰੂਪ ਵਿਚ ਪ੍ਰਗਟ ਕਰਦਾ ਹੈ। ਇਸ ਵਿਸਫੋਟ ਵਿਚੋਂ ਕਵੀ ਆਤਮ ਤੇ ਅਨਾਤਮ ਦੇ ਸੰਬੰਧ ਵਿਚ ਅੰਤਿਮ ਸਿੱਟੇ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਵਿਸਫੋਟ ਇਕ ਬਿੰਬ ਦੇ ਰੂਪ ਵਿਚ ਪਾਠਕ ਦੀਆਂ ਨਜ਼ਰਾਂ ਸਾਹਮਣੇ ਲਟਕ ਪੈਂਦਾ ਹੈ, ਜਿਵੇਂ :

ਅਚਾਨਕ ਕਲ ਮੇਰੇ ਆਕਾਸ਼ ਤੇ
ਤਾਰਾ ਅਸ਼ੁਭ ਚੜ੍ਹਿਆ
ਕਿਤੋਂ ਪੀੜਾਂ ਦਾ ਇਕ ਕਿਣਕਾ
ਮੇਰੀ ਮਿੱਟੀ ਵਿਚ ਆ ਵੜਿਆ।
ਮਹਾਂ ਵਿਸਫੋਟ ਹੋਇਆ ਅੰਗ ਉਤੇ
ਮੱਟ-ਘੜੀ ਫੁਟੀ,
ਤੇ ਠੀਕਰ ਵਿਚੋਂ ਜਿਵੇਂ ਚਿਣਗਾਂ ਦੀ
ਕੋਈ ਫੁਲਝੜੀ ਫੁਟੀ।[10]

ਕਵੀ ਨੂੰ ਕਿਸੇ ਅਜਿਹੇ ਵਿਸਫੋਟ ਸਮੇਂ ਹੀ ਕਰੁਣਾ ਦੀ ਛੁਹ ਦੀ ਪ੍ਰਤੀਤੀ ਹੁੰਦੀ ਹੈ। ਇਸ ਪ੍ਰਤੀਤੀ ਤੋਂ ਬਾਅਦ ਜੋ ਭੇਦ ਕਵੀ ਨੇ ਆਤਮ ਤੇ ਅਨਾਤਮ ਦੇ ਸੰਬੰਧ ਵਿਚ ਲੱਭਾ ਹੈ, ਉਹ ਹੀ ਉਸ ਦੀ ਪੁਸਤਕ 'ਕਰੁਣਾ ਦੀ ਛੁਹ ਤੋਂ ਮਗਰੋਂ' ਦਾ ਕੇਂਦਰੀ ਵਿਸ਼ਾ ਹੈ। ਕਵੀ ਇਸ ਵਿਸ਼ੇ ਨੂੰ ਪ੍ਰਸ਼ਨੋਤਰੀ ਸ਼ੈਲੀ ਰਾਹੀਂ ਅਭਿਵਿਅਕਤ ਕਰਦਾ ਹੈ। ਇਸ ਮੰਤਵ ਲਈ ਉਸ ਨੇ 'ਆਪਾ' ਤੇ 'ਆਤਮਾ', 'ਕਵੀ' ਤੇ 'ਪਾਤਣੀ' ਦੇ ਸਵੈ-ਸਿਰਜਤ ਪਾਤਰਾਂ ਦੀ ਵਰਤੋਂ ਕੀਤੀ ਹੈ। ਉਸ ਦੀ ਕਵਿਤਾ ਦਾ ਇਕ ਕਲਾਤਮਕ ਪੱਖ ਆਪਣੇ ਆਪ ਵਿਚ ਨਵੇਕਲੀ ਆਧੁਨਿਕਤਾ ਵਾਲਾ ਹੈ। ਇਹ ਸੰਵਾਦ ਜੋ 'ਆਪਾ', 'ਆਤਮਾ' ਅਤੇ 'ਕਵੀ' ਤੇ 'ਪਾਤਣੀ' ਵਿਚਕਾਰ ਹੋਂਦ ਵਿਚ ਆਇਆ ਹੈ, ਨਵੀਨਤਾ ਦਾ ਲਖਾਇਕ ਹੈ। ਇਨ੍ਹਾਂ ਸੰਵਾਦਾਂ ਰਾਹੀਂ ਕਵੀ ਨੇ ਮਨੁੱਖ ਦੀ ਅੰਤਰ ਪੀੜਾ, ਉਸ ਦੇ ਵਿਸ਼ਵਾਸ, ਅਵਚੇਤਨਾ, ਆਤਮਿਕ ਅਨੁਭੂਤੀ ਅਤੇ ਮੂਲ ਪ੍ਰਵ੍ਰਿਤੀਆਂ ਆਦਿ ਸਭ ਨੂੰ ਸਾਕਾਰ ਕੀਤਾ ਹੈ ਅਤੇ ਹੋਂਦ ਦਾ ਨਿਹੋਂਦ ਨਾਲ ਸੰਬੰਧ ਦਰਸਾਇਆ ਹੈ। ਇਸ ਸੰਵਾਦ ਵਿਚੋਂ ਇਕ ਇਕ ਉਦਾਹਰਣ ਦੇਣੀ ਉਚਿਤ ਹੋਵੇਗੀ :

ਆਪਾ : ਬੜਾ ਅਸਚਰਜ ਹੈ ਓ
ਕੋਠੜੀ ਅੰਦਰ ਰਹਿਣ ਵਾਲੇ
ਨਾ ਤੈਨੂੰ ਅਗ ਹੀ ਪੋਹੇ
ਨਾ ਤੈਨੂੰ ਬਰਫ ਹੀ ਗਾਲੇ।

ਆਤਮਾ : ਇਹ ਪੀੜਾ ਤਾਂ ਤੇਰੇ ਹੀ ਸੰਗ
ਤੇਰੇ ਘਰ ਵਿਚ ਰਹਿੰਦੀ ਏ;
ਕਿਰੇ ਮਿਟੀ, ਜਾਂ ਟੁਟੇ ਮੋਹ,
ਪੀੜਾ ਜਾਗ ਪੈਂਦੀ ਏ।[11]

ਇਸੇ ਤਰ੍ਹਾਂ ਨਿਹੋਂਦ ਵਾਲੇ ਜੀਵਨ ਦੇ ਸੰਬੰਧ ਵਿਚ ਕਵੀ ਤੇ ਪਾਤਣੀ ਵਿਚਲਾ ਵਾਰਤਾਲਾਪ ਵੀ ਵਰਣਨਯੋਗ ਹੈ। ਜਿਸ ਵਿਚ ਮੌਤ ਤੋਂ ਪਰ੍ਹਾ ਅਨਾਤਮ ਦੇ ਦੇਸ਼ ਦੀ ਗੱਲ ਕੀਤੀ ਗਈ ਹੈ :

ਕਵੀ : ਨਿਪੁਸੰਕ ਬੋਲ, ਪਰ ਉਥੋਂ ਦੀ ਵਿਥਿਆ
ਕਹਿ ਨਹੀਂ ਸਕਦੇ।
ਜੇ ਉਹ ਦੱਸਣ, ਨਿਕਰਮੇ ਬੋਧ ਦੇ
ਪੱਲੇ ਨਹੀਂ ਪੈਂਦਾ
ਤੇ ਜੋ ਪੱਲੇ ਪਵੇ, ਉਹ
ਤਰਕ ਤੇ ਪੂਰਾ ਨਹੀਂ ਲਹਿੰਦਾ।

ਪਾਤਣੀ : ਤੂੰ ਮੰਨੇ ਤਰਕ ਦੀ ਮਹਿਮਾ
ਮੈਂ ਜਾਣਾ ਇਸ ਦੀ ਮਜਬੂਰੀ
ਕਿ ਅਨੁਭਵ ਸਾਹਮਣੇ ਇਸ ਦੀ
ਕਦੇ ਪੈਂਦੀ ਨਹੀਂ ਪੂਰੀ।[12]

ਇਹ ਕਵੀ ਦੇ ਕਹਿਣ ਢੰਗ ਦੀ ਆਧੁਨਿਕਤਾ ਹੀ ਹੈ ਕਿ ਆਤਮ ਤੇ ਅਨਾਤਮ ਵਰਗੇ ਅਸਪਸ਼ਟ ਵਿਸ਼ੇ ਨੂੰ ਉਸ ਨੇ ਸੁਥੈਨ ਤੇ ਸਪਸ਼ਟ ਸ਼ਬਦਾਂ ਰਾਹੀਂ ਬਿਆਨ ਕਰ ਦਿੱਤਾ ਹੈ। ਕਵੀ ਮਨੁੱਖੀ ਹੋਂਦ ਦੇ ਇਸ ਮੂਲ ਪ੍ਰਸ਼ਨ ਨੂੰ ਆਪਣੇ ਪਹਿਲੇ ਕਾਵਿ-ਸੰਗ੍ਰਹਿ 'ਅਸਲੇ ਤੇ ਓਹਲੇ' ਤੋਂ ਲੈ ਕੇ 'ਕਰੁਣਾ ਦੀ ਛੁਹ ਤੋਂ ਮਗਰੋਂ' ਤਕ, ਆਤਮ, ਅਨਾਤਮ, ਸਿਮਰਤੀ, ਵਿਸਮਿਰਤੀ ਅਤੇ ਹੋਂਦ ਨਿਹੋਂਦ ਦੇ ਸ਼ਬਦਾਂ ਰਾਹੀਂ ਅਭਿਵਿਅਕਤ ਕਰਦਾ ਹੈ। ਉਹ ਆਰੰਭ ਤੋਂ ਅੱਜ ਤਕ ਭਿੰਨ-ਭਿੰਨ ਪੜਾਵਾਂ ਉੱਤੇ ਵਿਕਾਸ ਕਰਦੀ ਆਪਣੀ ਜਿਸ ਮਾਨਸਿਕ ਪ੍ਰਕ੍ਰਿਆ ਵਿਚੋਂ ਗੁਜ਼ਰਦਾ ਹੈ, ਉਸ ਦਾ ਆਧਾਰ ਉਹ ਕਾਵਿ ਅਨੁਭਵ ਹੈ ਜੋ ਉਸ ਗਿਆਨ ਤਰਕ ਵਿਗਿਆਨ, ਮਨੋਵਿਗਿਆਨ ਤੇ ਸੁਗਿਆਨ ਤੋਂ ਪ੍ਰਾਪਤ ਕੀਤਾ ਹੈ। ਕਵੀ ਸਮੁੱਚੀ ਵਿਚਾਰ ਤੋਂ ਇਸ ਸਿੱਟੇ ਉੱਤੇ ਪੁੱਜਦਾ ਹੈ ਕਿ ਵਿਗਿਆਨਿਕ ਮਹਾਂ ਪੁਲਾੜ ਦੀ ਥਾਹ ਨਹੀਂ ਪਾ ਸਕਿਆ। ਇਸ ਪੁਲਾੜ ਵਰਗੇ ਕਈ ਮਹਾਂ ਪੁਲਾੜ ਹੋਂਦ ਵਿਚ ਆਏ ਹੋਏ ਹਨ ਅਤੇ ਕਈ ਮੰਡਲ ਛਿਨ-ਪਲ ਉਗਮ ਤੇ ਬਿਨਸ ਰਹੇ ਹਨ। ਕਵੀ ਅਨੁਸਾਰ ਨਾ ਵਿਗਿਆਨ ਕੋਲ ਪ੍ਰਤੱਖ ਦੀ ਥਾਹ ਪਾਉਣ ਦੀ ਸਮਰਥਾ ਹੈ ਅਤੇ ਨਾ ਸੂਖਮ ਦੀ, ਕਿਉਂਕਿ ਪ੍ਰਸਿੱਧ ਵਿਗਿਆਨੀ, ਆਈਨਸਟਾਈਨ ਅਨੁਸਾਰ ਸਾਰਾ ਬ੍ਰਹਿਮੰਡ ਸਾਪੇਖਿਕ ਹੈ ਅਤੇ ਇਹ ਛਿਨ ਪਲ ਪਰਿਵਰਤਨਸ਼ੀਲ ਹੋਣ ਵਾਲਾ ਹੈ। ਅੱਜ ਦਾ ਵਿਗਿਆਨੀ ਜਿਸ ਸੂਖਮ ਨੂੰ ਪ੍ਰਤੱਖ ਕਰ ਰਿਹਾ ਹੈ, ਕਲ ਦਾ ਵਿਗਿਆਨੀ ਉਸ ਤੋਂ ਅਗਲੇ ਸੂਖਮ ਤਕ ਅਪੜਨ ਦੀ ਕੋਸ਼ਿਸ਼ ਕਰੇਗਾ ਅਤੇ ਇਸ ਤਰ੍ਹਾਂ ਇਹ ਸਿਲਸਿਲਾ ਨਿਰੰਤਰ ਚਲਦਾ ਰਹੇਗਾ। ਕਵੀ ਅਨੁਸਾਰ ਇਸ ਕੁਦਰਤ ਦਾ ਪਸਾਰਾ ਇਤਨਾ ਵਿਸ਼ਾਲ ਹੈ ਕਿ ਵਿਗਿਆਨੀ ਮਨੁੱਖ ਦੀ ਸੀਮਿਤ ਬੁੱਧੀ ਇਸ ਦੇ ਸਮੁੱਚੇ ਰਹੱਸ ਨੂੰ ਜਾਣਨ ਤੋਂ ਅਸਮਰਥ ਹੈ। ਇਹ ਰਹੱਸਮਈ ਵਿਸ਼ਾ ਵਿਗਿਆਨ ਦਾ ਖੇਤਰ ਨਹੀਂ, ਸਗੋਂ ਅਨੁਭਵ ਦਾ ਹੈ। ਉਹ ਅਨੁਭਵ ਜੋ ਆਤਮ ਨੂੰ ਅਨਾਤਮ ਦਾ ਭਾਗ ਬਣਾ ਕੇ ਉਸ ਨਾਲ ਇਕ ਸੁਰ ਕਰ ਦਿੰਦਾ ਹੈ। ਇਸ ਅਨੁਭਵ ਦਾ ਵਰਣਨ ਕਵੀ ਨੇ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ :

ਸਗਲ ਦਿਸਦਾ ਅਣਦਿਸਦਾ, ਕਾਲ
ਮੇਰੀ ਗੋਦ ਵਿਚ ਖੇਲੇ,
ਕਿ ਇਕ ਆਂਗਣ ਵਿਚ ਜੁੜ ਆਏ
ਸਗਲ ਸੰਸਾਰ ਦੇ ਮੇਲੇ।[13]

ਡਾ. ਜਸਵੰਤ ਸਿੰਘ ਨੇਕੀ ਇਕ ਅੰਤਰ-ਰਾਸ਼ਟਰੀ ਪ੍ਰਸਿੱਧੀ ਵਾਲਾ ਮਨੋਵਿਗਿਆਨੀ ਹੈ। ਮਨੁੱਖੀ ਮਨ ਦੀਆਂ ਡੂੰਘੀਆਂ ਤਹਿਆਂ ਦਾ ਥਾਹ ਪਾਉਣ ਦੀ ਉਸ ਵਿਚ ਸਮਰਥਾ ਹੈ ਅਤੇ ਇਹ ਉਸ ਦਾ ਕਿੱਤਾ ਵੀ ਹੈ। ਇਸ ਨਾਲ ਉਸ ਦੀ ਕਵਿਤਾ ਵਿਚ ਮਨੋਵਿਗਿਆਨਿਕ-ਯਥਾਰਥਵਾਦ ਦੀ ਝਲਕ ਸਾਫ਼ ਵਿਖਾਈ ਦਿੰਦੀ ਹੈ। ਉਹ ਮਨੋਵਿਗਿਆਨਿਕ ਸੱਚ ਦੀ ਸੂਝ ਵੀ ਰਖਦਾ ਹੈ ਅਤੇ ਇਸ ਨੂੰ ਯਥਾਰਥ ਰੂਪ ਵਿਚ ਪ੍ਰਗਟ ਕਰਨ ਦੀ ਦਲੇਰੀ ਵੀ ਰਖਦਾ ਹੈ। ਅਜਿਹੀ ਕਲਾਤਮਕ ਅਭਿਵਿਅੰਜਨਾ ਨਾਲ ਉਸ ਦੀ ਕਵਿਤਾ ਦਾ ਰੂਪ ਤੇ ਵਿਸ਼ਾ ਪੱਖ ਦੋਵੇਂ ਨਿਖਰੇ ਹਨ। ਇਸ ਸਾਹਸ ਅਧੀਨ ਉਹ 'ਅਸਲੇ ਤੇ ਓਹਲੇ' ਦੀ ਕਵਿਤਾ 'ਇਕ ਵਾਸ਼ਨਾ ਹੋਰ ਜਿਹੀ' ਵਿਚ ਮਨੋਵਿਗਿਆਨਿਕ ਸੱਚ ਨੂੰ ਅੰਕਿਤ ਕਰਦਾ ਹੋਇਆ ਲਿਖਦਾ ਹੈ :

ਜਿਉਂ ਜਿਉਂ ਹੁਸਨ ਪੈਂਦਾ ਜਾਏ ਫਿੱਕਾ,
ਜਿਉਂ ਜਿਉਂ ਜਿੰਦ ਪੈਂਦੀ ਜਾਏ ਮਾਂਦ,
ਤਿਉਂ ਤਿਉਂ ਉਸ ਵਿਚ ਹੁੰਦੀ ਜਾਵੇ, ਪੈਦਾ ਕੋਈ ਸੜਾਦ,
ਜਿਉਂ ਔਲ ਨਾੜੂਓਂ ਕਟੀ, ਸਿਲੀ, ਜਿਹੀ-ਕਚਲਹੂ-ਵਲੇਟੀ
ਇਕ ਕਚਿਆਣ ਹਮਾਕ ਜਿਹੀ ਇਕ ਅੰਦਰ ਬਾਹਰ ਖਲਾਰਦੀ[14]

ਸਮੁੱਚੇ ਰੂਪ ਵਿਚ ਅਸੀਂ ਆਖ ਸਕਦੇ ਹਾਂ ਕਿ ਡਾ. ਜਸਵੰਤ ਸਿੰਘ ਨੇਕੀ ਦੀ ਕਵਿਤਾ ਦਾ ਕੇਂਦਰੀ ਧੁਰਾ ਆਤਮ ਤੇ ਅਨਾਤਮ ਦਾ ਆਪਸੀ ਸੰਬੰਧ ਹੈ। ਉਸ ਦੀ ਸਾਰੀ ਕਵਿਤਾ ਵੱਖ-ਵੱਖ ਦਿਸ਼ਾਵਾਂ ਤੋਂ ਇਸ ਕੇਂਦਰ ਵੱਲ ਵਧਦੀ ਹੈ। ਕਵੀ ਨੇ ਆਪ ਇਕ ਥਾਂ ਲਿਖਿਆ ਹੈ ਕਿ "ਮੇਰੇ ਲਈ ਕਵਿਤਾ ਇਕ ਆਤਮਿਕ ਤਜਰਬਾ ਹੈ।"[15]

ਮਨੁੱਖੀ ਹੋਂਦ ਦੀ ਇਸ ਮਹਾਪੁਲਾੜ ਵਿਚ ਕੀ ਹਸਤੀ ਹੈ, ਇਹ ਦਰਸਾਉਣਾ ਹੀ ਕਵੀ ਦਾ ਮੰਤਵ ਹੈ ਅਤੇ ਇਸ ਦੀ ਹੋਂਦ ਦੀ ਅਸਲੀਅਤ ਨੂੰ ਜਾਣ ਲੈਣਾ ਹੀ ਮਨੁੱਖ ਦੀਆਂ ਸਮੱਸਿਆਵਾਂ ਦਾ ਹੱਲ ਹੈ, ਜੋ ਕਿ ਕਵੀ ਨੂੰ ਮਾਨਵ ਕਲਿਆਣ ਦਾ ਇਕੋ ਇਕ ਨਜ਼ਰ ਆਉਂਦਾ ਹੈ। ਇਸ ਮੰਤਵ ਦੀ ਪੂਰਤੀ ਲਈ ਡਾ. ਨੇਕੀ ਨੇ ਗਿਆਨ, ਵਿਗਿਆਨ, ਮਨੋਵਿਗਿਆਨ ਅਤੇ ਸੁਗਿਆਨ ਆਦਿ ਸਭ ਨੂੰ ਵਾਹਣ ਬਣਾਇਆ ਹੈ। ਕਵੀ ਇਕ ਨਿਰਾਲੀ ਮਾਨਸਿਕ ਪ੍ਰਕ੍ਰਿਆ ਵਿਚੋਂ ਗੁਜ਼ਰ ਕੇ, ਹੋਂਦ ਅਤੇ ਨਿਹੋਂਦ ਦੇ ਵਿਚਕਾਰਲੇ ਬਿੰਦੂ ਉੱਤੇ ਖਲੋ ਕੇ ਜੋ ਕੁਝ ਅਨੁਭਵ ਕਰਦਾ ਹੈ, ਉਸ ਤੋਂ ਇਸ ਸਿੱਟੇ ਉੱਤੇ ਪੁੱਜਦਾ ਹੈ ਕਿ ਮਨੁੱਖੀ ਹੋਂਦ ਬੜੇ ਸੀਮਿਤ ਜੇਹੇ ਦਾਇਰੇ ਤਕ ਵਿਚਰ ਸਕਦੀ ਹੈ। ਇਸ ਲਈ ਸੰਪੂਰਨ ਅਨੰਤਤਾ ਨੂੰ ਸਮਝਣ ਲਈ ਗਿਆਨ ਵਿਗਿਆਨ ਸਹਾਇਕ ਨਹੀਂ ਹੋ ਸਕਦਾ, ਕੇਵਲ ਅਨੁਭਵ ਉਪਯੋਗੀ ਹੋ ਸਕਦੀ ਹੈ। ਕਵੀ ਨੇ ਆਤਮ-ਅਨਾਤਮ, ਹੋਂਦ-ਨਿਹੋਂਦ ਅਤੇ ਸਿਮਰਤੀ-ਵਿਸਿਮਰਤੀ ਆਦਿ ਸ਼ਬਦਾਂ ਦੁਆਰਾ ਇਸ ਸੂਖਮ ਰਹੱਸ ਨੂੰ ਪ੍ਰਗਟਾਉਣ ਲਈ ਇਕ ਦਲੀਲਯੁਕਤ ਤੇ ਵਿਗਿਆਨਿਕ ਢੰਗ ਦੀ ਵਰਤੋਂ ਕੀਤੀ ਹੈ। ਇਹੀ ਉਸ ਦੀ ਆਧੁਨਿਕਤਾ ਹੈ।

ਪੈਰ ਟਿੱਪਣੀਆਂ

1. *ਸਿਮਰਤੀ ਦੇ ਕਿਰਨ ਤੋਂ ਪਹਿਲਾਂ* ਭੂਮਿਕਾ, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ।
2. *ਅਸਲੇ ਤੇ ਓਹਲੇ*, ਸਹਾਇਕ ਨੋਟ ਪੰਨਾ 129-138 ਸਿੰਘ ਬ੍ਰਦਰਜ਼, ਮਾਈ ਸੇਵਾ ਅੰਮ੍ਰਿਤਸਰ (ਪਹਿਲੀ ਵਾਰ-1955)
3. *ਉਹੀ*, ਪੰਨਾ 128
4. *ਕਰੁਣਾ ਦੀ ਛੁਹ ਤੋਂ ਮਗਰੋਂ*, ਪੰਨਾ 56, ਨਵਯੁਗ ਪਬਲਿਸ਼ਰਜ਼, ਦਿੱਲੀ
5. *ਅਸਲੇ ਤੇ ਓਹਲੇ*, ਪੰਨਾ 47
6. *ਉਹੀ*, ਪੰਨਾ 49
7. *ਉਹੀ*, ਪੰਨਾ 36
8. *ਸਿਮਰਤੀ ਦੇ ਕਿਰਨ ਤੇ ਪਹਿਲਾਂ*, ਪੰਨਾ 23
9. *ਉਹੀ*, ਪੰਨਾ 23-24
10. *ਕਰੁਣਾ ਦੀ ਛੁਹ ਤੋਂ ਮਗਰੋਂ*, ਪੰਨਾ 23
11. *ਉਹੀ*, ਪੰਨਾ 30
12. *ਉਹੀ*, ਪੰਨਾ 51
13. *ਉਹੀ*, ਪੰਨਾ 38
14. *ਅਸਲੇ ਤੇ ਓਹਲੇ*, ਪੰਨਾ 927
15. *ਉਹੀ*, ਮੇਰੇ ਵਲੋਂ ਪੰਨਾ 16

ਸਫ਼ੀਰ ਦਾ ਕਾਵਿ ਅਨੁਭਵ

ਸ. ਮੇਵਾ ਸਿੰਘ ਸਿੱਧੂ

ਆਧੁਨਿਕ ਪੰਜਾਬੀ ਕਵਿਤਾ ਦੀ ਚਰਚਾ ਕਰਦਿਆਂ ਇਕ ਪ੍ਰਮੁੱਖ ਕਾਵਿ ਪ੍ਰਵਿਰਤੀ 'ਛਾਇਆਵਾਦ' ਨੂੰ ਪ੍ਰੀਤਮ ਸਿੰਘ ਸਫ਼ੀਰ ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਇਸ ਦਾ ਕਾਰਨ ਉਸ ਦੀ ਨਿਵੇਕਲੀ ਵਿਅਕਤੀਗਤ ਵਿਲੱਖਣਤਾ, ਵਿਸ਼ੈਗਤ ਬਹੁਲਤਾ, ਨਿੱਜੀ ਅਨੁਭਵ ਦੀ ਪ੍ਰਤੱਖਤਾ ਅਤੇ ਵੰਨਗੀ ਦੀ ਭਰਮਾਰਤਾ ਨੂੰ ਸਮਝਿਆ ਜਾਂਦਾ ਹੈ। ਪੰਜਾਬੀ ਦੇ ਸੂਝਵਾਨ ਚਿੰਤਕਾਂ ਨੇ ਉਸ ਦੀ ਕਾਵਿ ਪ੍ਰਤਿਭਾ ਦਾ ਵਿਸ਼ਲੇਸ਼ਣ ਕਰਦਿਆਂ ਗੈਰ-ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਉਪਜੇ ਮਾਨਸਿਕ ਉਲਾਰਾਂ ਦੀ ਸਥਾਪਨਾ ਹੀ ਕੀਤੀ ਹੈ। 'ਬੌਧਿਕ ਰਹੱਸਵਾਦ', 'ਬੌਧਿਕ ਅਸਪਸ਼ਟਤਾ', 'ਤਰਲਤਾ' ਆਦਿ ਸੰਕਲਪਾਂ ਅਧੀਨ ਕੀਤਾ ਗਿਆ ਵਿਸ਼ਲੇਸ਼ਣ ਉਸ ਦੀ ਕਵਿਤਾ ਨਾਲ ਹੀ ਅਨਿਆਂ ਨਹੀਂ ਕਰਦਾ, ਸਗੋਂ ਚਿੰਤਕਾਂ ਨੇ ਅਜਿਹਾ ਕਰਕੇ ਆਪਣੀ ਸਾਹਿੱਤਿਕ ਸੂਝ ਦਾ ਵੀ ਮਜ਼ਾਕ ਉਡਾਇਆ ਹੈ। ਵਿਭਿੰਨ ਪੱਤਰਾਂ ਵਿਚ ਛਪੇ ਨਿਬੰਧਾਂ, 'ਸਫ਼ੀਰ ਦੀ ਕਵਿਤਾ ਵਿਚ ਛਾਇਆਵਾਦ' ਆਦਿ, ਸਿਰਲੇਖਾਂ ਹੇਠ ਲਿਖਣ ਵਾਲੇ ਵਿਦਵਾਨਾਂ ਨੇ ਵੀ ਉਕਤ ਦਿਸ਼ਾ ਵਿਚ ਹੀ ਚੱਲਣ ਦਾ ਯਤਨ ਕੀਤਾ ਹੈ। ਉਂਜ ਤਾਂ ਸਮੁੱਚੇ ਪੰਜਾਬੀ ਸਾਹਿੱਤ ਦੀਆਂ ਸਾਹਿਤਿੱਕ ਧਾਰਾਵਾਂ ਦਾ ਵਿਸ਼ਲੇਸ਼ਣ ਲਗਭਗ ਗ਼ੈਰ-ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਹੀ ਕੀਤਾ ਗਿਆ ਹੈ ਪਰ ਸਫ਼ੀਰ ਦੀ ਰਚਨਾ ਬਾਰੇ ਤਾਂ ਅਤਿਅੰਤ ਗ਼ੈਰ-ਵਿਗਿਆਨਿਕ ਨਿਰਣੈ, ਸਵੈ-ਵਿਰੋਧ ਤੇ ਅਸਾਹਿੱਤਿਕ ਵਿਚਾਰ ਸਥਾਪਨਾਵਾਂ ਹੋਂਦ ਵਿਚ ਆਈਆਂ ਹਨ। ਇਸ ਤਰ੍ਹਾਂ ਇਹ ਕਹਿਣਾ ਅਨੁਚਿਤ ਨਹੀਂ ਕਿ ਸਫ਼ੀਰ ਦੀ ਕਵਿਤਾ ਦਾ ਨਵੇਂ ਸਿਰਿਉਂ ਵਿਸ਼ਲੇਸ਼ਣ ਕਰਨਾ ਜ਼ਰੂਰੀ ਬਣਦਾ ਹੈ।

ਸਭ ਤੋਂ ਪਹਿਲਾਂ ਸਫ਼ੀਰ ਦੀ ਕਵਿਤਾ ਦੇ ਗੁੰਝਲਦਾਰ ਰੂਪ ਤੇ ਵਿਖੰਡਿਤ ਵਿਚਾਰਾਂ ਦੀ ਪੇਸ਼ਕਾਰੀ ਬਾਰੇ ਸਪਸ਼ਟਤਾ ਜ਼ਰੂਰੀ ਹੈ। ਪਿਛਲੇ ਕੁਝ ਦਹਾਕਿਆਂ ਤੋਂ ਦਰਸ਼ਨ, ਵਿਗਿਆਨ, ਸਮਾਜ ਵਿਗਿਆਨ, ਭਾਸ਼ਾ ਵਿਗਿਆਨ ਆਦਿ ਖੇਤਰਾਂ ਵਿਚ ਹੋਈਆਂ ਨਵੀਨ ਲੱਭਤਾਂ ਨੇ ਸਾਹਿੱਤ ਤੇ ਸਮਾਜ ਦੇ ਡੂੰਘੇ, ਗੰਭੀਰ ਤੇ ਦ੍ਵੰਦਾਤਮਕ ਰਿਸ਼ਤੇ ਨੂੰ ਸ੍ਵੀਕਾਰ ਹੀ ਨਹੀਂ ਕੀਤਾ, ਸਗੋਂ ਅਮਲੀ ਖੇਤਰ ਵਿਚ ਇਸ ਨੂੰ ਸਥਾਪਿਤ ਕਰਨ ਲਈ ਵਰਣਨਯੋਗ ਤੇ ਸ਼ਾਰਥਕ ਉਪਰਾਲੇ ਵੀ ਕੀਤੇ ਹਨ। ਸਮਾਜ ਵਿਚ ਪ੍ਰਚਲਿਤ ਰਾਜਨੀਤਿਕ, ਆਰਥਿਕ, ਧਾਰਮਿਕ, ਦਾਰਸ਼ਨਿਕ ਤੇ ਸਾਂਸਕ੍ਰਿਤਿਕ ਲਹਿਰਾਂ ਦਾ ਸਾਹਿੱਤ ਵਿਚ ਸਿਰਜਨਾਤਮਕ ਰੂਪਾਂਤਰਣ ਹੋਣਾ ਇਸੇ ਤੱਤ ਦਾ ਸਿੱਟਾ ਹੈ। ਸਾਹਿੱਤ ਤੇ ਸਮਾਜ ਦੇ ਇਸ ਦ੍ਵੰਦਾਤਮਕ ਰਿਸ਼ਤੇ ਕਾਰਨ ਹੀ ਇਨ੍ਹਾਂ ਦੋਹਾਂ ਸੁਤੰਤਰ ਜੁਜ਼ਾਂ ਦੀਆਂ ਕਿਰਤਾਂ ਇਕ ਦੂਸਰੇ ਦੀਆਂ ਪੂਰਕ ਹੀ ਹੁੰਦੀਆਂ ਹਨ। ਪ੍ਰੀਤਮ ਸਿੰਘ ਸਫ਼ੀਰ ਦੀ ਕਵਿਤਾ ਦੇ ਗੁੰਝਲਦਾਰ ਰੂਪ ਦਾ ਕਾਰਨ ਮੌਜੂਦਾ ਸਮਾਜ ਵਿਚ ਮਨੁੱਖੀ ਕਦਰਾਂ-ਕੀਮਤਾਂ ਦੀ ਗੁੰਝਲਦਾਰ ਅਵਸਥਾ ਹੈ। ਮੌਜੂਦਾ ਸਮਾਜ-ਪ੍ਰਬੰਧ ਜਾਗੀਰਦਾਰੀ ਦੌਰ ਦੇ ਖੰਡਨ ਅਤੇ ਸਰਮਾਏਦਾਰੀ ਸਮਾਜ-ਪ੍ਰਬੰਧ ਦੀ ਸਥਾਪਨਾ ਦਾ ਦੌਰ ਹੈ। ਸਮਾਜ ਨੇ ਪੁਰਾਣੀਆਂ ਬੋਦਾ ਹੋ ਚੁੱਕੀਆਂ ਜਾਗੀਰਦਾਰੀ ਕੀਮਤਾਂ ਨੂੰ ਅਜੇ ਨਾ ਤਾਂ ਪੂਰਨ ਭਾਂਤ ਤਿਆਗਿਆ ਹੀ ਹੈ ਅਤੇ ਨਾ ਹੀ ਨਵੀਆਂ ਸਰਮਾਏਦਾਰੀ ਕੀਮਤਾਂ ਨੂੰ ਪੂਰੀ ਤਰ੍ਹਾਂ ਅਪਣਾਇਆ ਹੈ। ਨਵੇਂ ਤੇ ਪੁਰਾਣੇ ਦੀ ਇਸ ਟੱਕਰ ਨੂੰ ਪ੍ਰੀਤਮ ਸਿੰਘ ਸਫ਼ੀਰ ਆਪਣੀ ਕਵਿਤਾ ਵਿਚ ਪੇਸ਼ ਕਰਦਾ ਹੈ।

ਸਾਹਿੱਤ ਅਤੇ ਸਮਾਜ ਦੇ ਦ੍ਵੰਦਾਤਮਕ ਰਿਸ਼ਤੇ ਵਾਂਗ ਹੀ ਪਰੰਪਰਾ ਤੇ ਆਧੁਨਿਕਤਾ ਦਾ ਸੰਬੰਧ ਵੀ ਕਿਸੇ

ਵਿਸ਼ੇਸ਼ ਪਰਿਚਯ ਦਾ ਮੁਹਤਾਜ ਨਹੀਂ । ਨਵੀਨ ਸਾਹਿੱਤਿਕ ਲਹਿਰਾਂ ਆਪਣੀਆਂ ਪਰੰਪਰਾਈ ਸਾਹਿੱਤਿਕ ਲਹਿਰਾਂ ਦਾ ਹੀ ਨਵੀਨ/ਆਧੁਨਿਕ ਪਰਿਸਥਿਤੀਆਂ ਵਿਚ ਰੂਪਾਂਤਰਣ ਹੁੰਦੀਆਂ ਹਨ । ਨਵੇਂ ਦੌਰ ਦੇ ਨਵੇਂ ਸਾਹਿੱਤਕਾਰ ਆਪਣੀ ਪਰੰਪਰਾ ਅਥਵਾ ਸਾਹਿੱਤਿਕ ਵਿਰਸੇ ਦਾ ਰੂਪਾਂਤਰਣ ਹੀ ਕਰਦੇ ਹਨ । ਪੰਜਾਬੀ ਕਵਿਤਾ ਦੇ ਇਤਿਹਾਸ ਵਿਚੋਂ ਇਸ ਕਥਨ ਦੀ ਪੋ੍ੜਤਾ ਕੀਤੀ ਜਾ ਸਕਦੀ ਹੈ । ਨਵੀਨ/ਆਧੁਨਿਕ ਕਵਿਤਾ ਦੇ ਪਿਤਾਮਾ ਭਾਈ ਵੀਰ ਸਿੰਘ ਮੱਧਕਾਲੀ ਅਧਿਆਤਮਵਾਦੀ ਕਾਵਿ-ਧਾਰਾ ਦਾ ਰੂਪਾਂਤਰਣ ਕਰਦੇ ਹਨ । ਬਾਵਾ ਬਲਵੰਤ ਆਪਣੀ ਕਵਿਤਾ ਵਿਚ ਮੱਧਕਾਲੀ ਬੀਰ ਰਸੀ ਕਾਵਿ-ਧਾਰਾ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦਾ ਹੈ । ਸ਼ਿਵ ਕੁਮਾਰ ਆਪਣੀ ਕਵਿਤਾ ਵਿਚ ਕਿੱਸਾ ਕਾਵਿ-ਧਾਰਾ, ਦੇ ਅਨੁਭਵ ਦੇ ਸਮਾਨਾਂਤਰ ਕਦਮ ਚੁੱਕਦਾ ਹੈ । ਇਨ੍ਹਾਂ ਕਵੀਆਂ ਵਿਚ ਅਸੀਂ ਵੇਖਦੇ ਹਾਂ ਕਿ ਕੋਈ ਇਕ ਕਵੀ ਹੀ ਕਿਸੇ ਮੱਧਕਾਲੀ ਕਾਵਿ-ਧਾਰਾ ਦਾ ਰੂਪਾਂਤਰਣ ਕਰਦਾ ਹੈ ਪਰੰਤੂ ਪ੍ਰੀਤਮ ਸਿੰਘ ਸਫ਼ੀਰ ਦੀ ਵਿਸ਼ੇਸ਼ਤਾ ਵਿਲੱਖਣਤਾ ਤੇ ਮੌਲਿਕਤਾ ਇਸ ਗੱਲ ਵਿਚ ਹੈ ਕਿ ਉਹ ਇਕੋ ਸਮੇਂ, ਨਾਲੋ ਨਾਲ ਤਿੰਨਾਂ ਮੱਧਕਾਲੀ ਕਾਵਿ-ਧਾਰਾਵਾਂ ਦਾ ਆਪਣੀ ਕਵਿਤਾ ਵਿਚ ਰੂਪਾਂਤਰਣ ਕਰਦਾ ਹੈ । ਉਸ ਦੀ ਸਮੁੱਚੀ ਕਵਿਤਾ ਵਿਚ ਮੱਧਕਾਲੀ ਮਨੁੱਖ ਮਨੁੱਖੀ ਕਦਰਾਂ-ਕੀਮਤਾਂ ਤੇ ਸਮਾਜਿਕ, ਸਾਂਸਕ੍ਰਿਤਿਕ ਰਿਸ਼ਤਿਆਂ ਤੋਂ ਨਵੀਨ/ਆਧੁਨਿਕ ਮਨੁੱਖ, ਮਨੁੱਖੀ ਕਦਰਾਂ-ਕੀਮਤਾਂ ਤੇ ਸਮਾਜਿਕ-ਸਾਂਸਕ੍ਰਿਤਿਕ ਰਿਸ਼ਤਿਆਂ ਨੂੰ ਨਿਖੇੜਨ ਦਾ ਇਕ ਸਾਰਥਕ ਉਪਰਾਲਾ ਹੈ ।

ਹਥਲੇ ਨਿਬੰਧ ਵਿਚ ਅਸੀਂ ਉਪਰੋਕਤ ਕਥਨ ਦੀ ਹੀ ਵਿਆਖਿਆ ਕਰਾਂਗੇ । ਉਸ ਦੀ ਕਵਿਤਾ ਦਾ ਪਹਿਲਾ ਪ੍ਰਮੁੱਖ ਪੱਖ ਰੁਮਾਂਟਿਕ ਭਾਵਾਂ ਨਾਲ ਸੰਬੰਧਿਤ ਹੈ । ਉਪਰ ਕਿਹਾ ਜਾ ਚੁੱਕਾ ਹੈ ਕਿ ਸਫ਼ੀਰ ਆਪਣੀ ਕਵਿਤਾ ਵਿਚ ਮੱਧਕਾਲੀ ਕਾਵਿ-ਧਾਰਾਵਾਂ ਦਾ ਹੀ ਨਵੀਨ ਸਾਹਿੱਤਕ ਰੂਪਾਂਤਰਣ ਕਰਦਾ ਹੈ । ਇਥੇ ਅਸੀਂ ਉਸ ਦੀ ਕਵਿਤਾ ਦੇ ਆਧਾਰ ਉੱਤੇ ਇਸ ਕਥਨ ਦਾ ਵਿਸ਼ਲੇਸ਼ਣ ਕਰਨਾ ਹੈ । ਮੱਧਕਾਲੀ ਕਿੱਸਾ ਕਾਵਿ-ਧਾਰਾ ਵਿਚ ਨਿਰੋਲ ਲੌਕਿਕ ਪੱਧਰ ਉੱਤੇ ਸੰਸਾਰਕ ਪ੍ਰੀਤ ਦਾ ਵਰਣਨ ਕੀਤਾ ਜਾਂਦਾ ਸੀ । ਪਰਸਪਰ ਪ੍ਰੀਤ ਦੇ ਪੱਖੀ ਪਾਤਰਾਂ ਦੀ ਸਮਾਜ ਦੇ ਜਮਾਤੀ ਅੰਗ ਨਾਲ ਟੱਕਰ ਲਾਜ਼ਮੀ ਸੀ । ਪਰੰਤੂ ਫਿਰ ਭੀ ਅਜਿਹੀ ਪ੍ਰੀਤ ਨਾਲ ਸੰਬੰਧਿਤ ਵਿਭਿੰਨ ਕਥਾਵਾਂ ਦੇ ਕੁਝ ਸਾਂਝੇ ਲੱਛਣ ਹਨ । ਇਨ੍ਹਾਂ ਪ੍ਰੀਤ ਕਹਾਣੀਆਂ ਅਨੁਸਾਰ ਮੱਧਕਾਲ ਦਾ ਮਨੁੱਖ ਇਕ ਪਾਸੜ ਪ੍ਰੇਮ ਨਾਲ ਵੀ ਸੰਤੁਸ਼ਟ ਸੀ । ਪਰੰਤੂ ਸਫ਼ੀਰ ਦਾ ਪ੍ਰੀਤ-ਕਾਵਿ-ਅਨੁਭਵ ਪ੍ਰੇਮਿਕਾ ਤੋਂ ਬਰਾਬਰ ਹੁੰਗਾਰਾ (response) ਮੰਗਦਾ ਹੈ । ਸਫ਼ੀਰ ਦੀ ਕਵਿਤਾ ਵਿਚ ਬੋਲਦੇ ਨਵੀਨ/ਆਧੁਨਿਕ ਮਨੁੱਖ ਦੇ ਦਿਲ ਵਿਚ ਇਕ ਪਾਸੜ ਪਿਆਰ ਲਈ ਕੋਈ ਥਾਂ ਨਹੀਂ :

ਜੋ ਪ੍ਰੇਮ ਨਦੀ ਵਿਚ ਪਹਿਲਾਂ ਪਏ
ਤੇ ਸਜਨੀ ਦਾ ਜਾਇਜ਼ਾ ਨਾ ਲਏ
ਤੇ ਜਿਸਦੇ ਰੂਹ ਦੀ ਉਹ ਮਲਕਾ
ਨਾ ਆਪਣੀ ਸਗਲੀ ਪ੍ਰੀਤ ਦਏ
ਤਾਂ ਇੰਨਾਂ ਤੇ ਮੰਨਦੀ ਏਂ ਤੂੰ
ਕਿ ਐਸੇ ਜੀਵਨ ਦਾ ਜਿਉਣਾ,
ਪਲ ਪਲ ਦਾ ਆਤਮ ਘਾਤ ਹੈ ਨਾ ?

ਪ੍ਰੀਤਮ ਸਿੰਘ ਸਫ਼ੀਰ ਦੀ ਕਵਿਤਾ ਵਿਚ ਪੇਸ਼ ਹੋਏ ਰੁਮਾਂਟਿਕ ਅਨੁਭਵ ਦਾ ਅਗਲਾ ਮਹੱਤਵਪੂਰਨ ਪੱਖ ਇਹ ਹੈ ਕਿ ਜਿਥੇ ਮੱਧਕਾਲੀ ਮਨੁੱਖ ਗੁਣਾਤਮਕ (qualitative) ਪੱਧਰ ਉੱਤੇ ਜਿਉਣਾ ਲੋਚਦਾ ਸੀ ਉਥੇ ਅਜੋਕਾ ਮਨੁੱਖ ਅਤਿ-ਉਦਯੋਗੀਕਰਨ (ultra industralisation) ਦਾ ਸ਼ਿਕਾਰ ਹੋ ਕੇ ਗੁਣਾਤਮਕ ਪੱਧਰ (quantitative) ਉੱਤੇ ਜ਼ਿੰਦਗੀ ਬਤੀਤ ਕਰਨੀ ਲੋਚਦਾ ਹੈ । ਰਾਂਝੇ ਨੂੰ ਭਾਬੀਆਂ ਦਾ ਮਿਹਣਾ ਸੱਪ ਵਾਂਗ ਲੜਦਾ ਹੈ ਤੇ ਉਹ ਹੀਰ

ਸਿਆਲ ਵਰਨ ਤੁਰ ਪੈਂਦਾ ਹੈ। ਸੰਸਾਰ ਦੀ ਹੋਰ ਕੋਈ ਵੀ ਕੁੜੀ ਉਸ ਦਾ ਆਦਰਸ਼ ਨਹੀਂ ਬਣ ਸਕਦੀ। ਪਰੰਤੂ ਸਫ਼ੀਰ ਦੀ ਕਵਿਤਾ ਦਾ ਮਨੁੱਖ 'ਔਰ ਨਹੀਂ ਤੇ ਔਰ ਸਹੀ, ਔਰ ਨਹੀਂ ਤੋ ਔਰ ਸਹੀ'' ਦੇ ਸਿਧਾਂਤ ਉਪਰ ਅਮਲ ਕਰਦਾ ਹੈ।

ਸਫ਼ੀਰ ਦੀ ਕਵਿਤਾ ਇਕ ਆਦਰਸ਼ ਪਿਆਰ ਦੀ ਸਥਾਪਨਾ ਕਰਦੀ ਹੈ। ਉਹ ਪਿਆਰ ਦੇ ਵਪਾਰਕ ਰੂਪ ਨੂੰ ਨਿੰਦਦਾ ਹੈ, ਜਿਵੇਂ 'ਅੰਮ੍ਰਿਤਸਰੀ ਪ੍ਰੀਤ' ਵਿਚ ਉਹ ਪਿਆਰ ਨੂੰ 'ਨਿਰਵਾਣ' ਦੀ ਪਦਵੀ ਪ੍ਰਦਾਨ ਕਰਦਾ ਹੈ :

ਤੂੰ ਜੀਵਨ ਰਾਹ ਤੇ ਚਮਕੀ ਹੈਂ
ਨਿਰਵਾਣ ਪਛਾਣੀ ਹੈ ਰੂਹ ਨੇ।

ਉਹ ਪ੍ਰੀਤ ਦੀ ਪੂਰਤੀ ਨੂੰ ਪਰਮਾਤਮਾ ਨਾਲ ਅਭੇਦਤਾ ਜਾਂ ਸਮਾਨਾਂਤਰ ਸਮਝਦਾ ਹੈ :

ਆਦਮ ਅੱਜ ਹਵਾ ਨੂੰ ਮਿਲਿਆ
ਜਿਉਂ ਬੰਦਾ ਖ਼ੁਦਾ ਨੂੰ ਮਿਲਿਆ।

ਇਸ ਤਰ੍ਹਾਂ ਸਫ਼ੀਰ ਨੇ ਸ਼ਰੀਰਿਕ ਪਿਆਰ ਨੂੰ ਰੂਹਾਨੀ ਪਿਆਰ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸਮਝਿਆ। ਜਿੱਥੇ ਮੱਧਕਾਲੀ ਕਵਿਤਾ ਵਿਚ ਰੂਹਾਨੀ ਪਿਆਰ ਤਕ ਪਹੁੰਚਣ ਲਈ ਸ਼ਰੀਰਿਕ ਪਿਆਰ ਇਕ ਮਾਧਿਅਮ ਮਾਤਰ ਸੀ, ਉਥੇ ਸਫ਼ੀਰ ਅਨੁਸਾਰ ਨਵੀਨ ਤਰਜ਼-ਇ-ਜ਼ਿੰਦਗੀ ਵਿਚ ਸੰਸਾਰਿਕ ਪਿਆਰ ਆਪਣੇ ਆਪ ਵਿਚ ਸੰਪੂਰਨ ਮਨੋਰਥ ਦੀ ਸਿੱਧੀ ਹੈ। ਕਹਿ ਸਕਦੇ ਹਾਂ ਕਿ ਪ੍ਰੀਤਮ ਸਿੰਘ ਸਫ਼ੀਰ ਆਪਣੇ ਰੁਮਾਂਟਿਕ ਕਾਵਿ ਅਨੁਭਵ ਦੇ ਪ੍ਰਗਟਾਵੇ ਵਿਚ ਪੂਰੀ ਤਰ੍ਹਾਂ ਸਫ਼ਲ ਰਿਹਾ ਹੈ ਅਤੇ ਉਸ ਨੇ ਮੱਧਕਾਲੀ ਮਨੁੱਖ ਨਾਲੋਂ ਆਧੁਨਿਕ ਮਨੁੱਖ ਨੂੰ ਪਰਿਸਥਿਤੀਆਂ ਤੇ ਪਰਿਵਰਤਨਸ਼ੀਲ ਨਿਰੰਤਰ ਪ੍ਰਵਾਹ ਦੇ ਪ੍ਰਸੰਗ ਵਿਚ ਹੀ ਨਿਖੇੜਿਆ ਹੈ।

ਮੱਧਕਾਲੀ ਪੰਜਾਬੀ ਕਵਿਤਾ ਦੀ ਤੀਸਰੀ ਪ੍ਰਮੁਖ ਧਾਰਾ ਬੀਰ ਰਸੀ ਕਾਵਿ-ਧਾਰਾ ਨਾਲ ਸੰਬੰਧਿਤ ਹੈ। ਬੀਰ ਰਸੀ ਕਵਿਤਾ ਵਿਚ ਦੋ ਯੋਧਿਆਂ ਦੀ ਟੱਕਰ ਨੂੰ ਪ੍ਰਸਤੁਤ ਕੀਤਾ ਜਾਂਦਾ ਸੀ ਅਤੇ ਇਸ ਟੱਕਰ ਦਾ ਕਾਰਨ ਆਮ ਤੌਰ ਉੱਤੇ ਜ਼ਰ (ਧਨ), ਜੋਰੂ (ਤੀਵੀਂ) ਤੇ ਜ਼ਮੀਨ ਹੁੰਦਾ ਸੀ। ਇਨ੍ਹਾਂ ਵਾਰਾਂ ਦੇ ਰਚਨ-ਹਾਰਿਆਂ ਨੇ ਯੋਧਿਆਂ ਦੀ ਇਸ ਟੱਕਰ ਨੂੰ ਨੇਕੀ ਤੇ ਬਦੀ ਦੀ ਟੱਕਰ ਵੀ ਬਣਾ ਕੇ ਪੇਸ਼ ਕੀਤਾ ਹੈ। ਚੰਗਿਆਈ ਤੇ ਬੁਰਾਈ, ਨਿਆਂ ਅਤੇ ਅਨਿਆਂ, ਮਾੜਾ ਅਤੇ ਤਕੜਾ, ਅਨੁਕੂਲ ਤੇ ਪ੍ਰਤਿਕੂਲ, ਨੇਕੀ ਤੇ ਬਦੀ ਆਦਿ ਦਾ ਵਿਰੋਧ ਅਜਿਹੀ ਕਵਿਤਾ ਦੇ ਕੁਝ ਬੁਨਿਆਦੀ ਲੱਛਣ ਸਨ। ਜਿਵੇਂ ਕਿ ਉਪਰ ਕਿਹਾ ਜਾ ਚੁੱਕਾ ਹੈ ਕਿ ਪ੍ਰੀਤਮ ਸਿੰਘ ਸਫ਼ੀਰ ਆਪਣੀ ਕਵਿਤਾ ਵਿਚ ਪੁਰਾਤਨ ਪਰਸਥਿਤੀਆਂ ਦਾ ਰੂਪਾਂਤਰਣ ਕਰਦਾ ਹੈ। ਇਸੇ ਦਿਸ਼ਾ ਵਿਚ ਉਸਦੀ ਬੀਰ ਰਸ ਨਾਲ ਸੰਬੰਧਿਤ ਕ੍ਰਾਂਤੀਕਾਰੀ ਕਾਵਿ ਸਿਰਜਨਾ ਦਾ ਅਧਿਐਨ ਵੀ ਰੋਚਕਤਾ ਤੋਂ ਸੱਖਣਾ ਨਹੀਂ। ਮੱਧਕਾਲੀ ਪੰਜਾਬ ਦੀ ਰਾਜਨੀਤਿਕ, ਆਰਥਿਕ, ਭੂਗੋਲਿਕ, ਧਾਰਮਿਕ ਤੇ ਸਾਂਸਕ੍ਰਿਤਿਕ ਤਬਦੀਲੀ ਨੂੰ ਵਿਕਾਸਮੁਖੀ ਦਿਸ਼ਾ ਉਲੀਕਣ ਵਿਚ ਉਸ ਨੇ ਵਰਣਨਯੋਗ ਕਦਮ ਚੁੱਕੇ ਹਨ।

ਸਫ਼ੀਰ ਦੇ ਸਮੇਂ ਦਾ ਸਮਾਜ ਵਰਗ ਵੰਡ ਦੇ ਪ੍ਰਚੰਡ ਵਿਰੋਧ ਦਾ ਸਮਾਜ ਹੈ। ਮਾਨਵਤਾ ਵਿਰੋਧੀ ਸਮਾਜਿਕ ਵਿਵਸਥਾ ਸਰਮਾਏਦਾਰੀ ਦੇ ਗ਼ਲਬੇ ਅਧੀਨ ਲਿਤਾੜੀ ਜਾਂਦੀ ਮਾਸੂਮ ਇਨਸਾਨੀਅਤ ਦੀ ਪੁਕਾਰ ਅਤੇ ਇਸ ਧਿਰ ਨਾਲ ਸੰਬੰਧ ਰਖਣ ਵਾਲੇ ਫਲਸਫ਼ੇ ਨੂੰ ਚੇਤੰਨ ਪਧਰ ਉੱਤੇ ਉਲੀਕਣਾ ਮੱਧਕਾਲੀ ਬੀਰ ਰਸੀ ਕਾਵਿ ਧਾਰਾ ਦਾ ਹੀ ਨਵਾਂ ਰੂਪ ਹੈ। ਨਿਆਂ ਅਤੇ ਅਨਿਆਂ ਦੀ ਟੱਕਰ ਦਾ ਰੂਪ ਸਮਾਜਿਕ ਵਿਵਸਥਾ ਦੇ ਪਰਿਵਰਤਨ ਨਾਲ ਬਦਲਿਆ ਹੈ। ਅਸਲ ਵਿਚ ਪ੍ਰੀਤਮ ਸਿੰਘ ਸਫ਼ੀਰ ਇਕ ਅਜਿਹਾ ਸੰਸਾਰ ਸਿਰਜਨਾ ਚਾਹੁੰਦਾ ਹੈ ਜਿਥੇ ਨਿਰੋਲ ਮਾਨਵਤਾ ਦੀ ਭਲਾਈ ਹੀ ਇਕੋ ਉੱਦੇਸ਼ ਹੋਵੇ :

ਟੁੱਟ ਜਾਵਣ ਕੈਦਾਂ ਹੱਦ ਬੰਦੀਆਂ,
ਵੰਡ ਰਹੇ ਨਾ ਕਾਣੀ ।
ਹਰ ਇਕ ਬੰਦਾ ਸ਼ਾਹ ਦੁਨੀਆ ਦਾ,
ਹਰ ਇਕ ਤੀਵੀਂ ਰਾਣੀ ।

ਅਜਿਹੇ ਸਮਾਜਵਾਦੀ ਨਿਜ਼ਾਮ ਦੀ ਸਥਾਪਨਾ ਪ੍ਰਤੀ ਕਵੀ ਦੀ ਲੋਚਾ ਭਾਵੁਕ ਨਹੀਂ ਸਗੋਂ ਵਿਚਾਰਧਾਰਕ ਹੈ । ਉਹ ਮਜ਼ਦੂਰ ਜਮਾਤ ਦੇ ਪੈਂਤੜੇ ਤੋਂ ਸਰਮਾਏਦਾਰ ਨੂੰ ਵੰਗਾਰਦਾ ਹੈ :

ਕਿਸੇ ਦੇ ਖ਼ੂਨ ਚੋਂ ਨਿਖਰਿਆ ਹੈ,
ਤੇਰੀ ਪਗੜੀ ਦਾ ਸਫ਼ੈਦ ਕੰਵਲ ।
ਕਿਸੇ ਦੇ ਖ਼ੂਨ ਵਿਚ ਰੰਗੀ ਹੈ,
ਤੇਰੇ ਮਹਿਲਾਂ ਦੀ ਨੁਹਾਰ ।

ਅਤੇ ਇਸੇ ਸੁਰ ਵਿਚ ਉਹ ਹੋਰ ਲਿਖਦਾ ਹੈ :

ਇਸ ਤਰ੍ਹਾਂ ਸੰਭਲ ਸੰਭਲ ਕੇ ਨਾ ਬਹੁ
ਆਪਣੇ ਤਕੀਏ ਤੇ
ਆਪਣੇ ਦੌਲਤ ਦੇ ਅੰਬਾਰਾਂ ਨੂੰ
ਕ੍ਰਿਸ਼ਨ ਦੀ ਮੂਰਤੀ ਦੀ
ਓਟ ਨਾ ਦੇਹ ਗ਼ਾਫ਼ਲ ।

ਸਫ਼ੀਰ ਦਾ ਪ੍ਰਗਤੀਵਾਦ ਕੇਵਲ ਵਿਚਾਰਧਾਰਕ ਨਾਹਰੇਬਾਜ਼ੀ ਤਕ ਹੀ ਸੀਮਿਤ ਨਹੀਂ, ਸਗੋਂ ਉਹ ਸਰਮਾਏਦਾਰੀ ਦੀਆਂ ਕੋਝੀਆਂ ਚਾਲਾਂ ਤੋਂ ਵੀ ਪਰਦਾ ਫ਼ਾਸ਼ ਕਰਦਾ ਹੈ :

ਅਮਨ ਪਲਟਾ ਪਿਆ
ਬੰਬਾਂ ਦੇ ਕਾਰਖ਼ਾਨੇ ਵਿਚ ।

ਉਠ ਰਹੀਆਂ ਇਨਕਲਾਬੀ ਸ਼ਕਤੀਆਂ ਦੀ ਤਾਕਤ ਵਿਚ ਉਸ ਦਾ ਅਥਾਹ ਵਿਸ਼ਵਾਸ ਹੈ :

ਉਠ ਰਹੇ ਨੇ ਕਾਰਸਾਜ਼
ਅੱਜ ਵੱਖਰੀ ਹੋਂਦ ਦੇ ।

ਇਸ ਤਰ੍ਹਾਂ ਸਫ਼ੀਰ ਦਾ ਪ੍ਰਗਤੀਵਾਦੀ ਕਾਵਿ ਅਨੁਭਵ, ਪਰੰਪਰਾ ਨਾਲ ਜੁੜਿਆ ਹੋਣ ਦੇ ਬਾਵਜੂਦ ਵੀ ਨਵੀਆਂ ਪਰਿਸਥਿਤੀਆਂ ਦਾ ਪ੍ਰਸੰਗਿਕ ਹੋਣ ਕਰਕੇ ਨਵੀਨ ਹੈ । ਮੱਧਕਾਲੀ ਪੰਜਾਬੀ ਕਵਿਤਾ ਦੀ ਬੀਰ ਰਸੀ ਧਾਰਾ ਦਾ ਰੂਪਾਂਤਰਣ ਸਫ਼ੀਰ ਨੇ ਪ੍ਰਗਤੀਵਾਦੀ ਕਵਿਤਾ ਦੇ ਰੂਪ ਵਿਚ ਕੀਤਾ ਹੈ ।

ਉਪਰੋਕਤ ਧਾਰਾਵਾਂ ਦੇ ਰੂਪਾਂਤਰਣ ਵਾਂਗ ਹੀ ਸਫ਼ੀਰ ਨੇ ਮੱਧਕਾਲੀ ਪੰਜਾਬੀ ਕਵਿਤਾ ਦੀ ਰਹੱਸਵਾਦੀ ਧਾਰਾ ਦਾ ਵੀ ਰੂਪਾਂਤਰਣ ਕੀਤਾ ਹੈ । ਉਸ ਦੀ ਕਵਿਤਾ ਵਿਚ ਅਧਿਆਤਮਵਾਦੀ ਵਲਵਲਾ ਆਪਣੇ ਮੌਲਿਕ, ਸਦੀਵੀ ਤੇ ਉਪਰ ਵੱਲ ਦੇ ਵਿਕਾਸਸ਼ੀਲ ਰੂਪ ਵਿਚ ਪੇਸ਼ ਹੋਇਆ ਹੈ । ਉਸ ਦੀ ਅਧਿਆਤਮਿਕ ਕਵਿਤਾ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਇਹ ਸਪਸ਼ਟ ਕਰ ਦੇਣਾ ਵੀ ਅਸੰਗਤ ਨਹੀਂ ਹੋਵੇਗਾ ਕਿ ਧਰਮ, ਧਾਰਮਿਕ ਕਦਰਾਂ-ਕੀਮਤਾਂ ਤੇ ਇਸ ਵਲਵਲੇ ਦੀ ਆਧਾਰਸ਼ਿਲਾ ਉਪਰ ਉਸਾਰਿਆ ਵਿਸ਼ਵਾਸ ਕਦੀ ਵੀ ਮਾਨਵਤਾ ਵਿਰੋਧੀ ਨਹੀਂ ਹੋਇਆ ਪਰ ਇਨ੍ਹਾਂ ਦੇ ਹੋਂਦ ਵਿਚ ਆਉਣ ਤੋਂ ਕੁਝ ਸਮਾਂ ਪਿੱਛੋਂ ਸੰਸਾਗਤ (institutionalised) ਰੂਪ ਧਾਰਨ ਕਰ ਲੈਂਦਾ ਹੈ । ਸਪਸ਼ਟ ਹੈ ਕਿ ਧਰਮ ਦਾ ਸੰਸਥਾਗਤ ਰੂਪ ਮਾਨਵਤਾ ਵਿਰੋਧੀ ਰੋਲ ਹੀ ਅਦਾ ਕਰਦਾ ਹੈ । ਪ੍ਰੀਤਮ ਸਿੰਘ ਸਫ਼ੀਰ ਦੀ ਕਵਿਤਾ 'ਆਦਿ ਜੁਗਾਦਿ' ਤਕ ਲਗਭਗ ਸੰਸਥਾਗਤ ਅੰਸ਼ ਤੋਂ ਮੁਕਤ ਰਹੀ ਹੈ ਪਰੰਤੂ

ਬਾਅਦ ਵਿਚ ਉਸ ਦੀ ਕਵਿਤਾ ਵਿਚ ਧਰਮ ਦੇ ਸੰਸਥਾਗਤ ਰੂਪ ਨੇ ਪ੍ਰਵੇਸ਼ ਕਰਕੇ ਸਫ਼ੀਰ ਦੀ ਕਵਿਤਾ ਨੂੰ ਪਤਨਸ਼ੀਲ ਦਿਸ਼ਾ ਪ੍ਰਦਾਨ ਕੀਤੀ ਪਰ ਫਿਰ ਵੀ ਉਸ ਦੀ ਅਧਿਆਤਮਵਾਦ ਨਾਲ ਸੰਬੰਧਿਤ ਕਵਿਤਾ ਵਿਚ ਉੱਚ ਪਾਏ ਦੀ ਰਚਨਾ ਉਪਲਬਧ ਹੈ।

ਸਫ਼ੀਰ ਅਜੋਕੇ ਸਮਾਜ ਦੇ ਅਨੁਚਿਤ ਆਡੰਬਰ ਨੂੰ ਤਬਦੀਲ ਕਰਨ ਲਈ ਸਿੱਖ ਲਹਿਰ ਦੀ ਇਨਕਲਾਬੀ ਪਰਿਪਾਟੀ ਤੋਂ ਵੰਗਾਰ ਹਾਸਲ ਕਰਦਾ ਹੈ। ਸਮਾਜ ਨੂੰ ਬਦਲਣ ਵਾਸਤੇ ਸਿੱਖ ਗੁਰੂਆਂ ਦੇ ਦੱਸੇ ਰਾਹ ਉੱਤੇ ਚਲਣ ਲਈ ਵੰਗਾਰਦਾ ਹੈ :

ਅਨੰਦਪੁਰ ਦੀ ਗੱਦੀ ਤੋਂ
ਇਕ ਨਜ਼ਰ ਦੇਖੋ ਤਾਂ ਸਹੀ,
ਕਿਸ ਤਰ੍ਹਾਂ ਦਾ ਨਕਸ਼ਾ ਹੈ ?
ਕਿਸ ਤਰ੍ਹਾਂ ਦਾ ਹੈ ਇਹ ਬਿਆਨ ?

ਪਰੰਪਰਾ ਦਾ ਅਜਿਹਾ ਪੁਨਰ-ਉਥਾਨ ਪੰਜਾਬੀ ਦੇ ਇਕ ਕਰਾਂਤੀਕਾਰੀ ਕਵੀ ਨੇ ਵੀ ਕੀਤਾ ਹੈ :

ਯਾਰ ਮੇਰੇ ਦੀਪ ਸਿੰਘ
ਮੈਨੂੰ ਇਹ ਜਾਚ ਤਾਂ ਦੱਸ
ਕਿ ਸਿਰ ਤਲੀ ਤੇ ਕਿਵੇਂ ਟਿਕਾਈਂਦਾ ਹੈ।

ਪਰੰਪਰਾ ਦਾ ਅਜਿਹਾ ਉੱਥਾਨ ਇਨੀ ਸਫ਼ਲਤਾ ਨਾਲ ਸ਼ਾਇਦ ਹੀ ਕੋਈ ਹੋਰ ਕਵੀ ਕਰ ਸਕਿਆ ਹੋਵੇ।

ਸਫ਼ੀਰ ਦੇ ਅਧਿਆਤਮਵਾਦੀ ਕਾਵਿ ਅਨੁਭਵ ਵਿਚ ਦੂਜਾ ਪ੍ਰਮੁਖ ਤੱਤ ਪਰੰਪਰਾਮਈ ਰੂਪ ਵਿਚ ਆਪਣੇ ਸਿਰਜਨਹਾਰ ਨਾਲ ਅਭੇਦਤਾ ਪ੍ਰਾਪਤ ਕਰਨ ਲਈ ਲੋਚਦੇ ਸਾਧਕ ਦੀ ਵਿਸਮਾਦੀ ਅਵਸਥਾ ਦੇ ਚਿੱਤਰਣ ਦਾ ਹੈ :

ਹਲਤ ਪਲਤ ਕੇ ਰਾਖੇ ਸੁਆਮੀ
ਪ੍ਰੀਤ ਦੀ ਆਸ ਪੁਗਾਓ।
ਦਰਸ਼ਨ ਲਈ ਸਿਕਦੀ ਮੀਰਾਂ ਨੂੰ
ਚਰਨ ਕਮਲ ਪੁਰਸਾਓ।

ਸਫ਼ੀਰ ਲਈ ਸ਼ਰੀਰ ਨਾਸ਼ਵਾਨ ਹੈ ਅਤੇ ਆਤਮਾ ਅਮਰ ਹੈ। ਉਹ ਆਤਮਾ ਦੀ ਅਰਾਧਨਾ ਕਰਨੀ ਲੋਚਦਾ ਹੈ :

ਤੂੰ ਛੱਡ ਜਿਸਮਾਂ ਦੇ ਕਿੱਸੇ ਨੂੰ
ਇਹ ਛਿੱਜ ਜਾਂਦੇ ਨੇ ਆਖਰ ਜੋ
ਤੇ ਸਿਮਰ ਇਕ ਆਤਮਾ ਨੂੰ
ਜੋ ਅਖ਼ੀਰ ਕਦੇ ਨਹੀਂ ਛਿੱਜਦੀ।

ਆਤਮਾ ਦੀ ਅਮਰਤਾ ਦਾ ਵਰਣਨ ਕਰਦਿਆਂ ਹੀ ਉਹ ਸੰਸਥਾਗਤ ਰੂਪ ਦਾ ਸ਼ਿਕਾਰ ਵੀ ਹੋ ਜਾਂਦਾ ਹੈ। ਜਿਵੇਂ 'ਆਤਮਾ ਦਾ ਚਲੇ ਜਹਾਜ਼' ਅਤੇ 'ਕੋਈ ਪੰਛੀ ਰਾਤੀ ਬੋਲੇ' ਕਵਿਤਾਵਾਂ ਵਿਚ।

ਪਰੰਤੂ ਕਈ ਵਾਰ ਉਹ ਗਗਨ ਮੁਖੀ ਵਿਕਾਸ ਦੇ ਸਮਾਨਾਂਤਰ ਅਧਿਆਤਮਵਾਦੀ ਵਲਵਲੇ ਨੂੰ ਚਿਤਰਦਾ ਹੈ। ਮਨੁੱਖੀ ਜੀਵਨ ਜੁਗਤ ਸ੍ਰਿਸ਼ਟੀ ਦੇ ਵਿਸ਼ਾਲ ਆਡੰਬਰ ਵਿਚ ਇਕ ਮਨੁੱਖ ਦੀ ਸਿਸਕਦੀ, ਛਿੰਨ-ਭੰਗਰ, ਅਸਥਾਈ ਤੇ ਪਾਣੀ ਦੇ ਬੁਲਬੁਲੇ ਸਮਾਨ ਹੋਂਦ ਦਾ ਚਿੱਤਰਣ ਮਿਸਾਲ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਅਜਿਹੇ

ਵਿਸ਼ਿਆਂ ਦੀ ਪੇਸ਼ਕਾਰੀ ਸਮੇਂ ਉਹ ਇਸ ਵਿਲੱਖਣ ਜਜ਼ਬੇ ਨੂੰ ਅਤਿਅੰਤ ਸੂਖਮਤਾ ਨਾਲ ਚਿਤਰਦਾ ਹੈ ਭਾਵੇਂ ਕਈ ਵਾਰ ਉਸ ਦਾ ਮੂੰਹ ਭੂਤ ਵੱਲ ਵੀ ਹੋ ਜਾਂਦਾ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਨਵੀਨ ਸਾਹਿੱਤ ਸਿਧਾਂਤਾਂ ਅਨੁਸਾਰ ਸਾਹਿੱਤਕਾਰ ਦੇ ਕਰਤੱਵ ਨਾਲ ਪ੍ਰੀਤਮ ਸਿੰਘ ਸਫ਼ੀਰ ਦੋ ਚਾਰ ਹੁੰਦਾ ਹੈ। ਉਸ ਨੇ ਮੱਧਕਾਲ ਦੀਆਂ ਕਾਵਿ-ਧਾਰਾਵਾਂ ਨੂੰ ਨਵੀਨ ਪਰਿਸਥਿਤੀਆਂ ਦੇ ਪ੍ਰਸੰਗ ਵਿਚ ਸਮਝਣ ਦਾ ਯਤਨ ਹੀ ਨਹੀਂ ਕੀਤਾ, ਸਗੋਂ ਆਧੁਨਿਕ ਯੁਗ ਲਈ ਇਸ ਦੀ ਮਹੱਤਾ ਨੂੰ ਵੀ ਉਜਾਗਰ ਕੀਤਾ ਹੈ। ਇਸੇ ਲਈ ਉਹ ਸਮੁੱਚੀ ਪੰਜਾਬੀ ਕਵਿਤਾ ਵਿਚ ਆਪਣਾ ਵਿਲੱਖਣ ਤੇ ਨਿਵੇਕਲਾ ਸਥਾਨ ਰਖਦਾ ਹੈ।

'ਕਾਮੇ ਤੇ ਯੋਧੇ' ਕਹਾਣੀ ਸੰਗ੍ਰਹਿ ਦਾ ਕਲਾ-ਪੱਖ

ਡਾ. ਸਵਿੰਦਰ ਸਿੰਘ ਉਪਲ

'ਕਾਮੇ ਤੇ ਯੋਧੇ' ਕਹਾਣੀ-ਸੰਗ੍ਰਹਿ ਦਾ ਸੰਤ ਸਿੰਘ ਸੇਖੋਂ ਦੀ ਕਹਾਣੀ ਕਲਾ ਦੇ ਵਿਕਾਸ ਵਿਚ ਖ਼ਾਸ ਮਹੱਤਵ ਹੈ। ਇਸ ਸੰਗ੍ਰਹਿ ਰਾਹੀਂ ਸੇਖੋਂ ਨੇ ਕਾਮੇ ਕਿਸਾਨਾਂ ਦਾ ਪੱਖ ਪੂਰੀ ਤਰ੍ਹਾਂ ਪੂਰਿਆ ਹੈ। ਇਸੇ ਕਾਰਨ ਉਹ ਕਾਮਿਆਂ ਨੂੰ ਯੋਧਿਆਂ ਦਾ ਉੱਚਾ ਮਰਤਬਾ ਦਿੰਦਾ ਹੈ। ਚੂੰਕਿ ਇਸ ਪੁਸਤਕ ਦੀਆਂ ਬਹੁਤੀਆਂ ਕਹਾਣੀਆਂ ਪੇਂਡੂ ਜੀਵਨ ਅਤੇ ਕਾਮਿਆਂ ਸੰਬੰਧੀ ਹਨ, ਇਸ ਲਈ ਇਸ ਦਾ ਇਹ ਨਾਂ ਬਹੁਤ ਢੁੱਕਵਾਂ ਲਗਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸੇਖੋਂ ਦੀਆਂ ਨਜ਼ਰਾਂ ਵਿਚ ਕਿਹੜਾ ਯੋਧਾ ਹੈ? ਅਸਲੀਅਤ ਵਿਚ ਧਰਤੀ ਵਿਚੋਂ, ਮਨੁੱਖ ਦੇ ਸੁਖ ਲਈ, ਜੋ ਵੀ ਵਿਅਕਤੀ ਕੁਝ ਉਪਜਾਉਣ ਲਈ ਕੰਮ ਕਰਦਾ ਹੈ, ਉਹ ਕਾਮਾ ਹੈ ਅਤੇ ਉਸ ਦਾ ਸਤਿਕਾਰ ਕਰਨਾ ਜ਼ਰੂਰੀ ਹੈ। ਪਰ ਜੇ ਜ਼ਰਾ ਗਹੁ ਨਾਲ ਵੇਖਿਆ ਜਾਏ ਤਾਂ ਸੇਖੋਂ ਦੀਆਂ ਨਜ਼ਰਾਂ ਵਿਚ ਜੱਟ ਕਿਰਸਾਨ ਹੀ ਯੋਧੇ ਹਨ ਅਤੇ ਕਾਮੇ (ਚੂਹੜੇ) ਜੱਟਾਂ ਨਾਲ ਰਲ ਕੇ ਹੀ ਕੁਝ ਕਰ ਸਕਦੇ ਹਨ, ਇਕੱਲਿਆਂ ਨਹੀਂ। 'ਉਜਾੜਾ' ਕਹਾਣੀ ਵਿਚ ਲੇਖਕ ਦੇ ਆਪਣੇ ਨਿਜੀ ਵਿਚਾਰਾਂ ਦਾ ਕੁਝ ਪਤਾ ਲੱਗਦਾ ਹੈ। "ਚੂੜ੍ਹੇ ਬਹਾਦਰ ਹਨ ਪਰ ਇਹ ਇਕੱਲੇ ਕੁਝ ਨਹੀਂ ਕਰ ਸਕਦੇ, ਇਹ ਅਸਾਡਾ ਵਿਸ਼ਵਾਸ ਸੀ। ਓੜਕ ਅਸੀਂ ਜੱਟਾਂ ਦੇ ਮੁੰਡੇ ਸਾਂ, ਹਾਂ ਅਸੀਂ ਇਹ ਮੰਨਣ ਨੂੰ ਤਿਆਰ ਸਾਂ ਕਿ ਜੱਟ ਨਾ ਖੇਤੀ ਤੇ ਨਾ ਕਤਲ ਚੂਹੜੇ ਦੀ ਮਦਦ ਤੋਂ ਬਿਨਾ ਕਰ ਸਕਦਾ ਹੈ। ਧਰਮ ਦੀ, ਖੇਤੀ ਦੀ ਤੇ ਜੰਗ ਦੀ ਗੱਡੀ ਦੇ ਦੋ ਹੀ ਤਾਂ ਪਹੀਏ ਸਨ, ਜੱਟ ਤੇ ਚੂਹੜਾ। ਜਿਹੜੇ ਬਹੁਤੇ ਪੂੱਜਤੀ ਹਨ, ਉਹ ਕਹਿ ਲੈਣ ਕਿਰਸਾਨ ਤੇ ਕਿਰਤੀ।"[1] ਇਸ ਪੁਸਤਕ ਦੀ ਪਹਿਲੀ ਕਹਾਣੀ 'ਇਕ ਯੋਧੇ ਦਾ ਚਲਾਣਾ' ਰਾਹੀਂ ਸਾਫ਼ ਪਤਾ ਲੱਗਦਾ ਹੈ ਕਿ ਇਕ ਯੋਧਾ ਸ਼ਬਦ ਮਦਨ ਸਿੰਘ ਦੇ ਪਿਉ ਬਿਜੈ ਸਿੰਘ (ਵਿਜੈ ਕਰਨ ਵਾਲਾ, ਹਾਰ ਕੇ ਵੀ ਜਿੱਤਣ ਵਾਲਾ) ਲਈ ਹੀ ਵਰਤਿਆ ਗਿਆ ਹੈ, ਜੋ ਇਕ ਕਿਰਸਾਨ ਹੈ। ਇਸੇ ਤਰ੍ਹਾਂ 'ਏਹੁ ਨਿਦੋਸਾ ਮਾਰੀਏ' ਵਿਚ ਵੀ ਉਹ ਹਮਦਰਦੀ ਕਿਰਸਾਨ ਇੰਦਰ ਸਿੰਘ ਨਾਲ ਵਿਖਾ ਰਿਹਾ ਹੈ। ਜਿਥੋਂ ਤਕ ਨਿਰੋਲ ਚੂਹੜੇ ਕਾਮਿਆਂ ਦਾ ਸੰਬੰਧ ਹੈ, ਸੇਖੋਂ ਦੀ ਇਨ੍ਹਾਂ ਨਾਲ ਹਮਦਰਦੀ ਗੌਣ ਰੂਪ ਵਿਚ ਹੀ ਹੈ ਜਿਵੇਂ 'ਕਿਰਸਾਨ ਤੇ ਕਾਮਾ' ਵਿਚ ਉਧੋ ਬਾਰੇ ਪਤਾ ਲੱਗਦਾ ਹੈ।

ਕਿਰਸਾਨਾਂ ਪ੍ਰਤੀ ਹਮਦਰਦੀ ਦਾ ਕਾਰਨ ਸੇਖੋਂ ਦਾ ਨਿਜਤਵ ਹੈ। ਸੇਖੋਂ ਆਪ ਕਿਰਸਾਨ ਦਾ ਪੁੱਤਰ ਹੈ ਅਤੇ ਉਸ ਨੂੰ ਤਕਲੀਫ਼ਾਂ ਤੇ ਪ੍ਰਾਪਤੀਆਂ ਦਾ ਨਿੱਜੀ ਗਿਆਨ ਹੈ। 'ਕਿਰਸਾਨ ਤੇ ਕਾਮਾ' ਦੇ ਨਾਇਕ ਰਾਮ ਸਿੰਘ ਬਾਰੇ ਗੱਲ ਕਰਦਿਆਂ ਸੇਖੋਂ ਲਿਖਦਾ ਹੈ, "ਮਾਮਲਾ ਰਾਮ ਸਿੰਘ ਦੀ ਜ਼ਮੀਨ ਨੂੰ ਅਵਲ ਦਰਜੇ ਦਾ ਲੱਗਦਾ ਤੇ ਲਾਗੀ ਤਿਥੀ ਸਭ ਨੂੰ ਦੇ ਦਿਵਾ ਕੇ ਰਾਮ ਸਿੰਘ ਲਈ ਤਾਂ ਚਾਰ ਕੁ ਮਹੀਨੇ ਦੇ ਦਾਣੇ ਬਚ ਹੀ ਜਾਂਦੇ, ਕਾਮੇ ਨੂੰ ਦੋ ਮਹੀਨੇ ਦੀ ਵੀ ਖੁਰਾਕ ਨਾ ਪੱਲੇ ਪੈਂਦੀ।" 'ਏਹੁ ਨਿਦੋਸਾ ਮਾਰੀਐ' ਵਿਚ ਉਹ ਕਰਜ਼ਿਆਂ, ਵਿਆਜਾਂ ਤੇ ਨਵੇਂ ਕਰਨ ਵਾਲੇ ਕਾਗਜ਼ਾਂ, ਗਹਿਣੇ ਰਖੀਆਂ ਜ਼ਮੀਨਾਂ ਆਦਿ ਦਾ ਜ਼ਿਕਰ ਕਰਦਾ ਹੈ ਜਿਨ੍ਹਾਂ ਦੀ ਪਕੜ ਵਿਚ ਹਰ ਕਿਰਸਾਨ ਆਉਂਦਾ ਹੈ।

ਪਰ ਇਕ ਗੱਲ ਸੇਖੋਂ ਦੀ ਕਹਾਣੀ-ਕਲਾ ਦੇ ਹੱਕ ਵਿਚ ਜਾਂਦੀ ਹੈ ਕਿ ਉਹ ਇਨ੍ਹਾਂ ਦੀ ਵਕਾਲਤ ਕਰਨ ਵੇਲੇ, ਸਿਆਣੇ ਵਕੀਲ ਵਾਂਗ, ਤਰਕ ਦਾ ਪੱਲਾ ਨਹੀਂ ਛੱਡਦਾ ਅਤੇ ਉਪ-ਭਾਵੁਕ ਨਹੀਂ ਹੁੰਦਾ। ਇਸ ਦਾ ਕਾਰਨ ਸੇਖੋਂ ਦੀ ਬੌਧਿਕਤਾ ਹੈ। ਉਹ ਆਪਣੇ ਮੁਅੱਕਲਾਂ ਦੀ ਵਕਾਲਤ ਕਰਨ ਸਮੇਂ ਨਿਰੋਲ ਅੰਤਰਮੁਖੀ ਨਹੀਂ ਹੁੰਦਾ, ਸਗੋਂ ਬਾਹਰਮੁਖਤਾ ਰਾਹੀਂ ਉਨ੍ਹਾਂ ਦੇ ਹੱਕ ਵਿਚ ਦਲੀਲਾਂ ਪੇਸ਼ ਕਰਦਾ ਹੈ। 'ਇਕ ਯੋਧੇ ਦਾ ਚਲਾਣਾ' ਵਿਚ ਜਿਥੇ

ਲੇਖਕ ਦੇ ਮਨ ਵਿਚ ਯੋਧੇ ਬਿਜੈ ਸਿੰਘ ਵਾਸਤੇ ਪੂਰੀ-ਪੂਰੀ ਹਮਦਰਦੀ ਹੈ, ਉਥੇ ਉਹ ਉਸ ਦੇ ਔਗੁਣਾਂ ਨੂੰ ਵੀ ਅਖੋਂ ਓਹਲੇ ਨਹੀਂ ਕਰਦਾਂ। "ਬਿਜੈ ਸਿੰਘ ਇਕ ਉਤਸ਼ਾਹੀ ਕਿਸਾਨ ਸੀ। ਪਰ ਉਸ ਦੀਆਂ ਰੀਝਾਂ ਕੁਝ ਵਧੇਰੇ ਹੀ ਅਸਮਾਨੀ ਸਨ ਤੇ ਉਨ੍ਹਾਂ ਦੇ ਪ੍ਰਵਾਨ ਚੜ੍ਹਨ ਲਈ ਉਸ ਨੇ ਧਰਤੀ ਉਤੇ ਪੌੜੀਆਂ ਦੀ ਲੋੜ ਬਹੁਤ ਘੱਟ ਮਹਿਸੂਸ ਕੀਤੀ ਸੀ। ਉਸ ਨੇ ਆਪਣਾ ਕਿਰਸਾਨਾਂ ਕੰਮ ਕਦੀ ਜਾਨ ਮਾਰ ਕੇ ਨਹੀਂ ਸੀ ਕੀਤਾ। ਜੀਵਨ ਬਾਰੇ ਉਸ ਦੀ ਦ੍ਰਿਸ਼ਟੀ ਇਕ ਜੁਆਰੀਏ ਵਾਲੀ ਸੀ।" ਲੇਖਕ ਵੱਲੋਂ ਆਪਣੇ ਪਾਤਰਾਂ ਪ੍ਰਤੀ ਪੇਸ਼ ਕੀਤਾ ਗਿਆ, ਇਸੇ ਤਰ੍ਹਾਂ ਦਾ ਬੌਧਿਕ-ਵਿਸ਼ਲੇਸ਼ਣ ਹੀ ਸੇਖੋਂ ਦੀਆਂ ਕਹਾਣੀਆਂ ਨੂੰ ਮਹਾਨ ਬਣਾਂਦਾ ਹੈ। ਇਸੇ ਤਰ੍ਹਾਂ ਦਾ ਬੌਧਿਕ-ਵਿਸ਼ਲੇਸ਼ਣ ਉਸ ਦੀਆਂ ਆਮ ਕਹਾਣੀਆਂ ਵਿਚ ਮਿਲਦਾ ਹੈ। ਉਸ ਅਨੁਸਾਰ ਹੁਣ ਕਿਰਸਾਨ ਸੁਚੇਤ ਹੋ ਰਿਹਾ ਹੈ (ਜਾਂ ਸੇਖੋਂ ਰਾਹੀਂ ਸੁਚੇਤ ਕੀਤਾ ਜਾ ਰਿਹਾ ਹੈ) ਅਤੇ ਜਿਸ ਕਾਰਨ ਉਹ ਸੋਚਣ ਲੱਗ ਪਿਆ ਹੈ, ਉਨ੍ਹਾਂ ਕਾਰਨਾਂ ਨੂੰ ਜੋ ਉਸ ਦੀ ਗ਼ਰੀਬੀ ਵਿਚ ਦਿਨ ਬਦਿਨ ਵਾਧਾ ਕਰੀ ਜਾ ਰਹੇ ਹਨ। "ਮਲਾਈ ਤਾਂ ਫਸਲ ਦੀ ਇਹ ਆੜ੍ਹਤੀ ਘਰ ਬੈਠਾ ਈ ਲਾਹ ਲੈਂਦੇ, ਆਹ ਕਣ ਦੀ ਕਾਟ, ਆਹ ਤੋਲ ਦੀ ਕਾਟ, ਆਹ ਧਰਮਾਰਥ ਤੇ ਹੋਰ ਪਤਾ ਨੀ ਕਿੰਨੀਆਂ ਕੁ ਕਾਟਾਂ ਕਟ ਲੈਂਦਾ, ਅੰਤ ਨੂੰ ਅਸੀਂ ਜਿਹੜੇ ਛੇ ਮਹੀਨੇ ਫਸਲ ਮਗਰ ਦੇਹ ਗਾਲਦੇ ਆਂ, ਢਿਲੇ ਮੂੰਹ ਮੰਡੀ ਵਿਚੋਂ ਤੁਰ ਆਨੇ ਆਂ ਤੇ ਇਨ੍ਹਾਂ ਆੜ੍ਹਤੀਆਂ ਦੇ ਖ਼ਾਨੇ ਭਰਦੇ ਰਹਿੰਦੇ ਨੇ ਸਦਾ।"

ਇੰਜ ਬੌਧਿਕਤਾ ਉਸ ਦੀ ਕਹਾਣੀ-ਕਲਾ ਦੀ ਇਕ ਪ੍ਰਮੁਖ ਵਿਸ਼ੇਸ਼ਤਾ ਹੋ ਨਿਬੜਦੀ ਹੈ, ਜਿਸ ਨੂੰ ਪੰਜਾਬੀ ਕਹਾਣੀ ਵਿਚ ਪਹਿਲੀ ਵਾਰ ਸੇਖੋਂ ਨੇ ਲਿਆਂਦਾ। ਸੁਜਾਨ ਸਿੰਘ ਆਪਣੇ ਮੁਅੱਕਲਾਂ ਦੀ ਵਕਾਲਤ ਕਰਨ ਸਮੇਂ ਆਮ ਤੌਰ ਉੱਤੇ ਉਪਭਾਵੁਕ ਹੋ ਜਾਂਦਾ ਹੈ, ਜਿਸ ਤਿਲਕਣ ਤੋਂ ਸੇਖੋਂ ਬਚਿਆ ਰਹਿੰਦਾ ਹੈ। ਬੌਧਿਕਤਾ ਦਾ ਗੁਣ ਉਸ ਦੀਆਂ ਸਾਰੀਆਂ ਕਹਾਣੀਆਂ ਵਿਚ ਮਿਲਦਾ ਹੈ ਭਾਵੇਂ ਉਹ ਪੇਂਡੂ ਜੀਵਨ ਬਾਰੇ ਹਨ ਜਾਂ ਸ਼ਹਿਰੀ ਜੀਵਨ ਬਾਰੇ। 'ਕਾਮੇ ਤੇ ਯੋਧੇ' ਵਿਚ ਚਾਰ ਕਹਾਣੀਆਂ ਸ਼ਹਿਰੀ ਜੀਵਨ ਬਾਰੇ ਅਤੇ ਬਾਕੀ ਦਸ ਪੇਂਡੂ ਜੀਵਨ ਨਾਲ ਸੰਬੰਧ ਰਖਦੀਆਂ ਹਨ। ਇਹ ਬੌਧਿਕਤਾ ਲਿਆਉਣ ਲਈ ਉਹ ਕਈ ਤਰੀਕੇ ਵਰਤਦਾ ਹੈ, ਪਾਤਰਾਂ ਦੇ ਵਾਰਤਾਲਾਪ, ਲੇਖਕ ਵੱਲੋਂ ਪਾਤਰਾਂ ਦੇ ਵਿਚਾਰ-ਵਿਸ਼ਲੇਸ਼ਣ ਅਤੇ ਤਬਸਰਾ ਆਦਿ। ਮਜ਼ੇਦਾਰ ਗੱਲ ਇਹ ਹੈ ਕਿ ਬੌਧਿਕਤਾ ਕਹਾਣੀਆਂ ਵਿਚ ਓਪਰੀ ਨਹੀਂ ਲੱਗਦੀ, ਸਗੋਂ ਕਹਾਣੀ ਵਿਚਲੇ ਕਰਮ, ਵਾਤਾਵਰਣ ਅਤੇ ਸਥਿਤੀ ਵਿਚੋਂ ਉਗਮਦੀ ਹੈ। ਇਸ ਪੱਖੋਂ ਵੀ ਸੇਖੋਂ ਸੁਜਾਨ ਸਿੰਘ ਤੋਂ ਅੱਗੇ ਹੈ। ਸੁਜਾਨ ਸਿੰਘ ਦੀਆਂ ਕਹਾਣੀਆਂ ਵਿਚ ਅੱਵਲ ਤਾਂ ਬੌਧਿਕਤਾ ਮਿਲਦੀ ਹੀ ਘੱਟ ਹੈ ਅਤੇ ਜੇ ਕਿਧਰੇ ਲਿਆਂਦੀ ਵੀ ਗਈ ਹੈ ਤਾਂ ਉਹ ਬਣਾਵਟੀ ਲੱਗਦੀ ਹੈ ਜਿਵੇਂ 'ਬਾਗਾਂ ਦਾ ਰਾਖਾ' ਵਿਚ ਉਸ ਕੀਤਾ ਹੈ।

ਦੁੱਗਲ ਦੇ ਕਾਮ-ਵਾਸ਼ਨਾ ਦੇ ਮੁਕਾਬਲੇ ਉੱਤੇ ਸੇਖੋਂ ਦਾ ਪ੍ਰਿਜ ਵਿਸ਼ੇ ਆਰਥਿਕਤਾ ਹੈ ਜਿਸ ਚੂਲ ਦੁਆਲੇ ਉਸ ਦੀਆਂ ਸਾਰੀਆਂ ਕਹਾਣੀਆਂ ਘੁੰਮਦੀਆਂ ਸਨ। 'ਇਕ ਯੋਧੇ ਦਾ ਚਲਾਣਾ' ਵਿਚ ਪੈਸੇ ਦੀ ਘਾਟ ਬਿਜੈ ਸਿੰਘ ਨੂੰ ਮਾਣ ਤੇ ਆਸ਼ਾ ਪੂਰੀ ਨਹੀਂ ਕਰਨ ਦਿੰਦੀ ਜਿਸ ਕਾਰਨ ਉਹ ਪੁੱਤਰ ਰਾਹੀਂ ਇਸ ਨੂੰ ਪੂਰੀ ਕਰਨ ਦੀ ਅਭਿਲਾਸ਼ਾ ਅਧੀਨ ਕਰਜ਼ਾ ਲੈ ਕੇ ਪੜ੍ਹਾਉਣ ਦਾ ਆਖਰੀ ਦਾਉ ਖੇਡਦਾ ਹੈ। 'ਪਛਤਾਵਾ' ਵਿਚ ਆਰਥਿਕ ਘਾਟ ਰੁਮਾਂਸ ਦਾ ਗਲਾ ਘੁਟ ਦਿੰਦੀ ਹੈ। ਰੰਜਨਾ ਅਤੇ ਹੰਸ ਰਾਜ ਦੀ ਆਰਥਿਕ ਤੰਗੀ ਕਾਰਨ ਖਿਝ ਅਤੇ ਲੜਾਈ ਅੱਜ ਗ਼ਰੀਬ, ਹੇਠਲੀ ਮੱਧ ਸ਼੍ਰੇਣੀ ਦੇ ਹਰ ਮੱਧ ਘਰ ਵਿਚ ਵੇਖੀ ਜਾ ਸਕਦੀ ਹੈ। ਹੰਸ ਰਾਜ ਦੀ ਇਥੇ ਖਿਝ ਹਰ ਸਾਧਾਰਨ ਵਿਅਕਤੀ ਦੀ ਪ੍ਰਤੀਨਿਧਤਾ ਕਰਦੀ ਹੈ ਅਤੇ ਹਰ ਮਰਦ ਘਰ ਦੇ ਖਰਚੇ ਤੋਂ ਤੰਗ ਪੈ ਕੇ ਇਹੋ ਹੀ ਆਖੇਗਾ ਕਿ "ਮੇਰੇ ਨਬਿਆਂ ਵਿਚ ਤਾਂ ਇਹੋ ਕੁਝ ਸਰੇਗਾ। ਜੇ ਬਹੁਤ ਔਖੀ ਏਂ ਤਾਂ ਨੌਕਰੀ ਕਰ ਲੈ ਆਪ ਵੀ। ਤੂੰ ਮੈਨੂੰ ਪੰਜਾਹ ਹੀ ਕਮਾ ਕੇ ਦਿਖਾ। ਦਸਵੀਂ ਪਾਸ ਨੂੰ ਤਾਂ ਕੋਈ ਤੀਹ ਵੀ ਨਹੀਂ ਦਿੰਦਾ।" ਪਰ ਇਕ ਗੱਲ ਹੈ ਕਿ ਇੰਜ ਆਰਥਿਕ ਤੰਗੀ ਕਾਰਨ ਪ੍ਰੇਮ ਵਿਆਹ ਦੀ ਅਸਫਲਤਾ ਅਤੇ ਕਚ-ਰੰਗੀ ਖਿਚ ਵਿਖਾ ਕੇ ਸੇਖੋਂ ਅਣਜਾਣੇ ਹੀ ਇਕ ਪ੍ਰਤੀਗਾਮੀ ਗੱਲ ਕਰ ਗਿਆ ਹੈ। ਕੀ ਉਸ ਦੀ ਮਨਸ਼ਾ ਹੈ ਕਿ ਅੱਜ ਦੇ ਨੌਜਵਾਨ ਆਰਥਿਕ ਤੰਗੀ ਤੋਂ ਡਰ ਕੇ ਮਾਪਿਆਂ ਦੀ ਤਾਬਅ ਵਿਚ ਰਹਿ ਕੇ ਉਧਰ ਤੁਰਨ ਜਿਧਰ ਉਹ ਉਨ੍ਹਾਂ ਨੂੰ ਤੋਰਨਾ ਚਾਹੁੰਦੇ ਹਨ? 'ਨਿਮਕ ਹਰਾਮ' ਵਿਚ ਸ਼ਾਹੂਕਾਰ ਚਾਪਲੂਸੀ ਅਤੇ ਦਲੀਲਾਂ ਰਾਹੀਂ ਕਿਸਾਨ ਨੂੰ ਆਪਣੇ ਚੁੰਗਲ ਵਿਚੋਂ ਨਿਕਲਣ ਨਹੀਂ ਦਿੰਦਾ ਅਤੇ ਬਾਕੀ

ਦੀ ਕਸਰ ਉਸ ਦਾ ਆੜ੍ਹਤੀ ਜੁਆਈ ਨਿਮਕ ਹਰਾਮ ਬਣਨ ਤੋਂ ਬਚਣ ਦੀ ਪ੍ਰੇਰਨਾ ਦੇ ਕੇ ਪੂਰੀ ਕਰ ਜਾਂਦਾ ਹੈ। 'ਕਿਰਸਾਨ ਤੇ ਕਾਮਾ' ਵਿਚ ਆਰਥਿਕ ਥੁੜ ਕਾਰਨ ਰਾਮ ਸਿੰਘ ਅਤੇ ਉਸ ਦੇ ਪੁੱਤਰ ਵਿਚਕਾਰ ਹੋਈ ਲੜਾਈ ਅਤੇ 'ਏਹੁ ਨਿਦੋਸਾ ਮਾਰੀਐ' ਵਿਚ ਪਿਉ ਇੰਦਰ ਸਿੰਘ ਅਤੇ ਪੁੱਤਰ ਜਸਵੰਤ ਸਿੰਘ ਵਿਚਲੀ ਬਹਿਸ, ਅਜੋਕੇ ਜੀਵਨ ਦਾ ਇਕ ਅਜਿਹਾ ਯਥਾਰਥ ਹੈ ਜੋ ਹਰ ਘਰ ਵਿਚ ਵੇਖਿਆ ਜਾ ਸਕਦਾ ਹੈ। ਅੱਜ ਦਾ ਕਿਸਾਨ ਆਪਣੇ ਪੁੱਤਰਾਂ ਨੂੰ ਪੜ੍ਹਾ ਲਿਖਾ ਕੇ ਕੋਈ ਹੋਰ ਧੰਦਾ (ਖੇਤੀਬਾੜੀ ਨਹੀਂ) ਕਰਨ ਲਈ ਕਹਿੰਦਾ ਹੈ। ਇੰਦਰ ਸਿੰਘ ਪੁਰਾਤਨਤਾ ਅਤੇ ਜਸਵੰਤ ਸਿੰਘ ਨਵੀਨਤਾ ਦੇ ਪ੍ਰਤੀਕ ਹਨ ਜੋ ਆਪਸ ਵਿਚ ਟਕਰਾਂਦੇ ਹਨ। ਇਨ੍ਹਾਂ ਦੋਹਾਂ ਦੀਆਂ ਕਹਾਣੀਆਂ ਵਿਚ ਔਰਤਾਂ ਆਪਣੇ ਪੁੱਤਰਾਂ ਦਾ ਸਾਥ ਦਿੰਦੀਆਂ ਹਨ, ਆਪਣੇ ਪਤੀਆਂ ਦਾ ਨਹੀਂ। 'ਪੁਰੋਹਿਤ' ਵਿਚ ਉਸ ਦੋ ਤਰ੍ਹਾਂ ਦੇ ਵਿਅਕਤੀ ਪੇਸ਼ ਕੀਤੇ ਹਨ, ਇਕ ਉਹ ਜਿਹੜੇ ਨਵੀਨ ਬਦਲੇ ਹਾਲਾਤ ਵਿਚ ਕੋਈ ਹੋਰ ਕਿੱਤਾ ਲੱਭ ਲੈਂਦੇ ਹਨ ਅਤੇ ਦੂਜੇ ਉਹ ਜਿਹੜੇ ਜੋਕਾਂ ਬਣ ਕੇ ਹਾਲਾਂ ਵੀ ਬੇਸ਼ਰਮਾਂ ਵਾਂਗ ਆਪਣੇ ਜਜ਼ਮਾਨਾਂ ਦਾ ਖ਼ੂਨ ਚੂਸਣ ਦੇ ਬਹਾਨੇ ਲੱਭਦੇ ਹਨ।

ਆਰਥਿਕਤਾ ਉੱਤੇ ਦਿੱਤਾ ਬਹੁਤਾ ਜ਼ੋਰ ਸੇਖੋਂ ਦੀ ਕਹਾਣੀ-ਕਲਾ ਦੀ ਸ਼ਕਤੀ ਵੀ ਹੈ ਅਤੇ ਕਮਜ਼ੋਰੀ ਵੀ। ਸ਼ਕਤੀ ਇਸ ਪੱਖੋਂ ਕਿ ਇਹ ਆਰਥਿਕਤਾ ਪਾਠਕ ਦਾ ਧਿਆਨ ਜੀਵਨ ਦੇ ਉਸ ਪਹਿਲੂ ਵੱਲ ਲੈ ਜਾਂਦੀ ਹੈ ਜੋ ਜੀਵਨ ਦਾ ਸਰਵੋਤਮ ਪਹਿਲੂ ਹੈ। ਆਰਥਿਕਤਾ ਮਨੁੱਖੀ ਜੀਵਨ ਦੀ ਰੀੜ੍ਹ ਦੀ ਹੱਡੀ ਹੈ ਜਿਸ ਸਹਾਰੇ ਸਾਰਾ ਜੀਵਨ ਢਾਂਚਾ ਖੜ੍ਹਾ ਹੈ। ਕਮਜ਼ੋਰੀ ਇਸ ਗੱਲੋਂ ਕਿ ਇਸ ਅਧਿਕ ਦਿੱਤੇ ਬਲ ਨੇ ਸੇਖੋਂ ਦੀ ਕਹਾਣੀ-ਕਲਾ ਦਾ ਘੇਰਾ ਸੰਕੁਚਿਤ ਕਰ ਦਿੱਤਾ ਹੈ। ਕਿਸੇ ਵੀ ਮਨੁੱਖੀ ਰੁਚੀ ਦੀ ਗੱਲ ਕਰਦਿਆਂ ਉਹ ਆਰਥਿਕਤਾ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਜੋੜ ਦਿੰਦਾ ਹੈ ਭਾਵੇਂ ਉਹ ਪ੍ਰੇਮ ਵਿਆਹ ਹੋਵੇ (ਪਛਤਾਵਾ), ਪਤੀ ਪਤਨੀ ਦਾ ਰੋਸਾ (ਮੰਨ ਮਨਾਈ) ਜਾਂ ਅਮਨ ਲਹਿਰ ਦੀ ਗੱਲ ਹੋਵੇ (ਐਟਮ ਬੰਬ ਵਿਰੁੱਧ)। ਇੰਜ ਉਸ ਦੀਆਂ ਕਹਾਣੀਆਂ ਵਿਚ ਵਿਸ਼ੇ ਦੇ ਵਿਕੋਲਿਤਰੇਪਨ ਦੀ ਘਾਟ ਅਨੁਭਵ ਹੁੰਦੀ ਹੈ।

ਪਾਤਰ-ਚਿੱਤਰਣ ਸਮੇਂ ਉਸ ਉੱਤੇ ਫ਼ਰਾਇਡ ਦੀ ਮਨੋ-ਵਿਸ਼ਲੇਸ਼ਣ ਦੀ ਮਨੋ-ਵਿਸ਼ਲੇਸ਼ਣ ਵਿਧੀ ਦਾ ਪ੍ਰਭਾਵ ਪਿਆ ਲੱਗਦਾ ਹੈ ਕਿਉਂਕਿ ਜਿਨ੍ਹਾਂ ਦਿਨਾਂ ਵਿਚ ਇਹ ਪੁਸਤਕ ਪਹਿਲੀ ਵਾਰੀ ਛਪੀ ਸੀ (1950), ਉਨ੍ਹਾਂ ਦਿਨਾਂ ਵਿਚ ਫ਼ਰਾਇਡ ਦੇ ਸਿਧਾਂਤਾਂ ਦੀ ਅੰਤਰ-ਰਾਸ਼ਟਰੀ ਪੱਧਰ ਉੱਤੇ ਬੜੀ ਚਰਚਾ ਸੀ। ਫ਼ਰਾਇਡ ਦੇ ਜਿਸ ਸਿਧਾਂਤ ਨੇ ਸਾਰੇ ਸੰਸਾਰ ਵਿਚ ਬਹੁਤ ਪ੍ਰਭਾਵ ਪਾਇਆ, ਉਹ ਸੀ ਉਸ ਦਾ ਕਾਮ ਵਾਸ਼ਨਾ ਦਾ ਜੀਵਨ ਵਿਚ ਮਹੱਤਵ ਅਤੇ ਪ੍ਰਗਟਾ। ਸੰਤ ਸਿੰਘ ਸੇਖੋਂ ਇਸ ਇਤਿਹਾਸਿਕ ਸਮੇਂ ਦੀ ਗੱਲ ਕਰਦਿਆਂ ਲਿਖਦਾ ਹੈ, ''ਨਾਲ ਉਸ ਸਮੇਂ ਫ਼ਰਾਇਡ ਦੀ ਮਨੋ-ਵਿਸ਼ਲੇਸ਼ਣ ਵਿਧੀ ਤੇ ਸਿਧਾਂਤ ਨੂੰ ਮਾਰਕਸਵਾਦੀਆਂ ਨੇ ਵੀ ਤਜਿਆ ਨਹੀਂ ਸੀ ਤੇ ਇਸ ਨੂੰ ਮੁੱਖ ਰੂਪ ਵਿਚ ਇਕ ਪ੍ਰਗਤੀਵਾਦੀ ਵਿਧੀ ਸਿਧਾਂਤ ਹੀ ਸਮਝਿਆ ਜਾਂਦਾ ਸੀ। ਸੋ ਉਸ ਸਮੇਂ ਦੇ ਪੰਜਾਬੀ ਨਾਵਲਾਂ ਵਿਚ ਜਿਵੇਂ ਗੁਰਚਰਨ ਸਿੰਘ ਦਾ 'ਵਗਦੀ ਸੀ ਰਾਵੀ', ਦੁੱਗਲ ਦਾ 'ਆਂਦਰਾਂ' ਤੇ ਮੇਰਾ ਆਪਣਾ 'ਲਹੂ ਮਿਟੀ' ਫ਼ਰਾਇਡ ਦੇ ਸਿਧਾਂਤ ਨੂੰ ਮਾਰਕਸਵਾਦੀ ਸਿਧਾਂਤ ਨਾਲ ਬਰਾਬਰ ਜੋੜੀ ਰੂਪ ਵਿਚ ਚਲਾਇਆ ਜਾਂਦਾ ਸੀ। ਇਨ੍ਹਾਂ ਨਾਵਲਾਂ ਵਿਚ ਜਿਥੇ ਸਾਮਰਾਜੀ ਤੇ ਭੂਪਵਾਦੀ ਸਥਿਤੀਆਂ ਦਾ ਵਿਰੋਧ ਕੀਤਾ ਜਾਂਦਾ ਸੀ ਉਥੇ ਲਿੰਗ ਸੰਬੰਧਾਂ ਵਿਚ ਖੁਲ੍ਹ ਨੂੰ ਵੀ ਇਕ ਆਦਰਸ਼ ਬਣਾ ਕੇ ਦਰਸਾਇਆ ਜਾਂਦਾ ਸੀ। ਕਲਾ ਦੇ ਪੱਖ ਤੋਂ ਇਹ ਕਿਰਤਾਂ ਕੱਚੀਆਂ ਹੀ ਹਨ।''[2] 'ਕਾਮੇ ਤੇ ਯੋਧੇ' ਪੁਸਤਕ ਵਿਚ 'ਪਿਕਨਿਕ', 'ਨਮਕ ਹਰਾਮ' ਅਤੇ 'ਪਛਤਾਵਾ' ਕਹਾਣੀਆਂ ਵਿਚ ਲਿੰਗ ਸੰਬੰਧੀ ਕੁਝ ਖੁਲ੍ਹਾਂ ਦਾ ਜ਼ਿਕਰ ਮਿਲਦਾ ਹੈ ਪਰ ਉਪਰ ਦਿੱਤੀ ਸੇਖੋਂ ਦੀ ਟੂਕ ਤੋਂ ਕੁਝ ਬੁਨਿਆਦੀ ਸਮੱਸਿਆਵਾਂ ਉਠਦੀਆਂ ਹਨ। ਪਹਿਲੀ ਗੱਲ ਤਾਂ ਇਹ ਸੇਖੋਂ ਵਰਗੇ ਚਿੰਤਕ ਦੀ ਵੀ ਆਪਣੀ ਕੋਈ ਸੁਤੰਤਰ ਸੋਚਣੀ ਨਹੀਂ, ਉਹ ਕੇਵਲ ਉਸੇ ਗੱਲ ਨੂੰ ਅੰਨ੍ਹੇ ਵਾਹ ਮੰਨਦਾ ਤੇ ਉਸੇ ਅਨੁਸਾਰ ਸਾਹਿੱਤ ਲਿਖਦਾ ਹੈ ਜੋ ਮਾਰਕਸਵਾਦੀ ਕਰਾਰ ਦੇ ਦਿੱਤੀ ਜਾਏ। ਜਦੋਂ ਮਾਰਕਸਵਾਦੀ ਚਿੰਤਕਾਂ ਨੇ ਕਾਮ ਵਾਸ਼ਨਾ ਦੇ ਖੁਲ੍ਹੇ ਪ੍ਰਗਟਾ ਨੂੰ ਅਗਰਗਾਮੀ ਦੱਸਿਆ, ਸੇਖੋਂ ਨੇ 'ਲਹੂ ਮਿੱਟੀ' ਵਰਗਾ ਨਾਵਲ਼ ਲਿਖ ਦਿੱਤਾ; ਜਦੋਂ ਉਨ੍ਹਾਂ ਨੂੰ ਵਰਜਿਤ ਕਰ ਦਿੱਤਾ ਤਾਂ ਸੇਖੋਂ ਆਪਣੀ ਇਸੇ ਰਚਨਾ ਨੂੰ 'ਕੱਚੀ ਕਿਰਤ' ਕਹਿਣ ਨੂੰ ਤਿਆਰ ਹੋ ਗਿਆ, (ਇਕ ਪੱਖੋਂ ਉਸ ਦੀ

ਦਿਆਨਤਦਾਰੀ ਦਾ ਸਬੂਤ ਵੀ ਹੈ)। ਦੂਜੀ ਗੱਲ ਇਹ ਹੈ ਕਿ ਜਿਥੇ ਫ਼ਰਾਇਡ ਨੇ ਮਨੁੱਖੀ ਜੀਵਨ ਵਿਚਲੀ ਕਾਮ ਸੰਬੰਧੀ ਸਦੀਵੀ ਰੁਚੀ ਦੀ ਗੱਲ ਕੀਤੀ ਹੈ ਉਥੇ ਮਾਰਕਸਵਾਦੀ ਵਧੇਰੇ ਵਕਤੀ ਰੁਚੀਆਂ ਵੱਲ ਸਾਡਾ ਧਿਆਨ ਖਿਚਦੇ ਹਨ।

ਜਿਥੋਂ ਤਕ ਪਾਤਰ-ਚਿੱਤਰਣ ਦਾ ਸੰਬੰਧ ਹੈ, ਸੇਖੋਂ ਨੇ ਕਈ ਕਹਾਣੀਆਂ ਵਿਚ ਆਪਣੇ ਪਾਤਰਾਂ ਦਾ ਮਨੋ-ਵਿਸ਼ਲੇਸ਼ਣ ਸਫ਼ਲਤਾ ਨਾਲ ਪੇਸ਼ ਕੀਤਾ ਹੈ ਹਾਲਾਂ ਕਿ ਨਾਵਲ ਦੇ ਮੁਕਾਬਲੇ ਉੱਤੇ ਕਹਾਣੀ ਵਿਚ ਮਨੋ-ਵਿਸ਼ਲੇਸ਼ਣ ਦੀ ਬਹੁਤੀ ਗੁੰਜਾਇਸ਼ ਨਹੀਂ ਹੁੰਦੀ। 'ਪਛਤਾਵਾ' ਵਿਚ ਰੰਜਨਾ ਦੀਆਂ ਪਿਆਰ ਆਸ਼ਾਵਾਂ ਦਾ ਪੈਸੇ ਦੀ ਤੰਗੀ ਕਾਰਨ ਗਲਾ ਘੁਟਿਆ ਜਾਣਾ ਅਤੇ ਹੰਸ ਰਾਜ ਦੀ ਮਹਿੰਗਾਈ ਕਾਰਨ ਘਰ ਦੇ ਖ਼ਰਚੇ ਨੂੰ ਪੂਰਾ ਨਾ ਕਰ ਸਕਣ ਤੇ ਪ੍ਰਗਟਾਈ ਖਿਝ, ਦੋਹਾਂ ਪਾਤਰਾਂ ਦੀ ਸ਼ਖ਼ਸੀਅਤਾਂ ਨੂੰ ਪ੍ਰਸ਼ੰਸਾਯੋਗ ਢੰਗ ਨਾਲ ਉਜਾਗਰ ਕਰ ਦਿੰਦੀ ਹੈ। 'ਪਿਕਨਿਕ' ਵਿਚ ਵਿਸ਼ਾ ਵੀ ਮਨੋ-ਵਿਗਿਆਨਿਕ ਹੈ ਅਤੇ ਉਸ ਦਾ ਨਿਭਾਹ ਵੀ। ਪਿਕਨਿਕ ਲਈ ਅਸੀਂ ਰਲ ਕੇ ਜਾਂਦੇ ਹਾਂ ਤਾਂ ਕਿ ਜੀਵਨ ਦੀ ਬੋਰੀਅਤ ਘੱਟ ਸਕੇ ਅਤੇ ਅਸੀਂ ਰੋਮਾਂਟਿਕ ਤੇ ਖੁਲ੍ਹੇ ਵਾਤਾਵਰਣ ਵਿਚ ਇਕ ਦੂਜੇ ਦੇ ਵਧੇਰੇ ਨੇੜੇ ਹੋ ਸਕੀਏ, ਪਰ ਸੂਝ ਤੇ ਵਿਸ਼ਾਲ ਦ੍ਰਿਸ਼ਟੀ ਦੀ ਘਾਟ ਕਾਰਨ ਨਤੀਜੇ ਉਲਟ ਹੀ ਨਿਕਲਦੇ ਹਨ। 'ਹਲਵਾਹ' ਵਿਚ ਸਾਹਬੋ ਵਰਗੇ ਜੰਗਲੀ ਫੁੱਲ ਦੇ ਹੁਸਨ ਦੀ ਖੁਸ਼ਬੋ ਅਤੇ ਨਿਰੰਜਣ ਵਰਗੇ ਕੰਮ ਦੇ ਬਹੁਤੇ ਭਾਰ ਹੇਠਾਂ ਦਬੇ ਹਲਵਾਹ ਦੇ ਇਹ ਪਛੋਤਾਪੀ ਸ਼ਬਦ "ਮੈਂ ਸਮਝਿਆ, ਮਾਮਾ ਹਲਾਂ ਨੂੰ ਜਰੋਂਦੇ" ਪਾਠਕ ਕਦੀ ਨਹੀਂ ਭੁਲਾ ਸਕਦਾ।

ਕਹਾਣੀ-ਵਿਧੀ ਪੱਖੋਂ ਉਹ ਇਕ ਉਸਤਾਦ ਕਹਾਣੀਕਾਰ ਹੈ ਜੋ ਪ੍ਰਗਟਾ ਦੇ ਕਈ ਢੰਗ ਅਪਣਾਉਂਦਾ ਹੈ। 'ਇਕ ਯੋਧੇ ਦਾ ਚਲਾਣਾ' ਵਿਚ ਉਹ ਪਿਛਲ-ਝਾਤ (Flash Back) ਵਿਧੀ ਦੀ ਕੁਝ ਵਰਤੋਂ ਕਰਦਾ ਹੈ। 'ਹਲਵਾਹ', 'ਪਿਕਨਿਕ', 'ਮੰਨ ਮਨਾਈ' ਵਿਚ ਉਸ ਨਾਟਕੀ ਵਿਧੀ ਵਰਤੀ ਹੈ। ਉਸ ਦੀਆਂ ਕਈ ਕਹਾਣੀਆਂ ਵਿਚ ਨਿਬੰਧ-ਵਿਧੀ ਦਾ ਰਲਾ ਵੀ ਮਿਲਦਾ ਹੈ, ਕਿਉਂਕਿ ਉਹ ਨਿਬੰਧ ਵਰਗੀਆਂ ਬਾਦਲੀਲ ਤੇ ਗਿਆਨ-ਭਰਪੂਰ ਹੁੰਦੀਆਂ ਹਨ। ਇਸੇ ਕਾਰਨ ਕਈਆਂ ਵਿਚਲੀ ਕਲਾਤਮਕ ਸਿੱਖਰ ਦੀ ਅਣਹੋਂਦ ਪਾਠਕ ਨੂੰ ਚੁਭਦੀ ਹੈ। 'ਇਕ ਯੋਧੇ ਦਾ ਚਲਾਣਾ', 'ਕਿਰਸਾਨ ਤੇ ਕਾਮਾ', 'ਉਜਾੜਾ', 'ਐਟਮ ਬੰਬ ਵਿਰੁੱਧ' ਕਹਾਣੀਆਂ ਦੇ ਸਿਖਰ ਤੇ ਅੰਤ ਕਲਾ ਪੱਖ ਤੋਂ ਊਣੇ ਹਨ। 'ਏਹ ਨਿਦੋਸਾ ਮਾਰੀਐ' ਵਿਚ ਸੇਖੋਂ ਜੀਵਨ ਦੀ ਵਾਸਤਵਿਕਤਾ ਨੂੰ ਕਹਾਣੀ ਦਾ ਯਥਾਰਥ ਬਣਾ ਕੇ ਪੇਸ਼ ਕਰਦਾ ਹੈ ਜੋ ਅਸਲੀ ਜੀਵਨ ਦੀ ਨਕਲ ਤਾਂ ਨਹੀਂ ਪਰ ਜੀਵਨ ਦਾ ਸੱਚਾ ਤੇ ਸੁੱਚਾ ਟੋਟਾ ਜਾਪਣ ਕਾਰਨ ਬੜਾ ਪ੍ਰਭਾਵਸ਼ਾਲੀ ਲੱਗਦਾ ਹੈ। 'ਭੂਤਾਂ ਦੀ ਖੇਡ' ਉਸ ਦੀ ਇਕ ਸਫ਼ਲ ਵਾਤਾਵਰਣ-ਭਰਪੂਰ ਕਹਾਣੀ ਹੈ ਜਿਸ ਵਿਚ ਲੇਖਕ ਬਾਹਰਮੁਖੀ ਦ੍ਰਿਸ਼ਟੀ ਅਤੇ ਵਿਅੰਗਾਤਮਕ ਸੂਝ ਬੜੀ ਸਿਆਣਪ ਨਾਲ ਪੇਸ਼ ਕਰ ਸਕਿਆ ਹੈ।

ਸੇਖੋਂ ਦੀ ਕਹਾਣੀ ਸ਼ੈਲੀ ਦੀਆਂ ਕੁਝ ਆਪਣੀਆਂ ਹੀ ਵਿਸ਼ੇਸ਼ਤਾਵਾਂ ਹਨ। ਸੂਝ-ਮਸ਼ਕਰੀ (wit) ਦੀ ਕਲਾਤਮਕ-ਵਰਤੋਂ ਉਸ ਦੀਆਂ ਬਹੁਤੀਆਂ ਕਹਾਣੀਆਂ ਵਿਚ ਮਿਲਦੀ ਹੈ। ਇਸ ਦੀ ਸਫ਼ਲ ਵਰਤੋਂ ਕੋਈ ਵਿਰਲਾ-ਵਿਰਲਾ ਹੀ ਲੇਖਕ ਕਰ ਸਕਦਾ ਹੈ। ਮਾਲਕਣ ਵੱਲੋਂ ਆਖੇ ਕਮਜਾਤ ਸ਼ਬਦ ਦੇ ਦੁਹਰਾਉਣ ਨਾਲ ਰੰਜਨਾ ਆਪਣੀ ਜੀਭ ਨੂੰ ਗੰਦ ਨਾਲ ਲਿਬੜੀ ਹੋਈ ਮਹਿਸੂਸ ਕਰਦੀ ਹੈ ਅਤੇ ਜੀਭ ਸਾਫ਼ ਕਰਨ ਲਈ ਦੋ ਵਾਰੀ ਪਾਣੀ ਦੀਆਂ ਕੁਰਲੀਆਂ ਵੀ ਕਰਦੀ ਹੈ (ਪਛਤਾਵਾ)। 'ਵਿਦਿਆ' ਕਹਾਣੀ ਦਾ ਨਾਇਕ ਆਪਣੀਆਂ ਪੁਸਤਕਾਂ ਦੀ ਦੁਰਦਸ਼ਾ ਨੂੰ ਯਾਦ ਕਰਦਿਆਂ ਕਹਿੰਦਾ ਹੈ "ਬਹੁਤ ਵਾਰੀ ਇਹ ਮੇਰੇ ਨਾਲ ਸਾਲ ਦੇ ਅੱਧ ਵਿਚਕਾਰ ਹੀ ਰੁਸ ਕੇ ਕਿਧਰੇ ਚਾਲੇ ਪਾ ਜਾਂਦੀਆਂ ਜਾਂ ਫਟੇ ਪੁਰਾਣੇ ਬਸਤਰ ਪਹਿਨਣ ਲੱਗ ਜਾਂਦੀਆਂ। ਰਾਣੀਆਂ ਦੇ ਕਨਫਟੀ ਲੈ ਕੇ ਪੈ ਜਾਣ ਵਾਕਰ।" ਰਾਮ ਲਾਲ ਵਰਗੇ ਵਿਦਿਆ ਦੇ ਅਭਿਲਾਸ਼ੀ ਨੂੰ ਵਿਦਿਆ (education) ਤਾਂ ਨਾ ਮਿਲੀ ਪਰ ਪਤਨੀ ਦੇ ਰੂਪ ਵਿਚ ਵਿਦਿਆ ਮਿਲ ਗਈ। ਸੇਖੋਂ ਦੀਆਂ ਕਹਾਣੀਆਂ ਵਿਚ ਮਿਲਦਾ ਹਾਸਰਸ ਜਿਥੇ ਉਸ ਦੀਆਂ ਕਹਾਣੀਆਂ ਵਿਚ ਰੋਚਕਤਾ ਦਾ ਵਾਧਾ ਕਰਦਾ ਹੈ, ਉਥੇ ਉਹ ਲੇਖਕ ਦੀ ਖ਼ੁਸ਼ਮਜ਼ਾਜ ਤਬੀਅਤ ਦੀ ਸਾਖੀ ਵੀ ਭਰਦਾ ਹੈ। ਹਾਸਰਸ ਵੀ ਉਹ ਕਈ ਤਰੀਕਿਆਂ ਨਾਲ ਪ੍ਰਗਟਾਂਦਾ ਹੈ। ਘਟਨਾ ਰਾਹੀਂ ਪ੍ਰਗਟਾਇਆ

ਹਾਸਰਸ ਉਸ ਦੀ ਕਹਾਣੀ 'ਕਿਰਸਾਨ ਤੇ ਕਾਮਾ' ਵਿਚ ਮਿਲਦਾ ਹੈ ਜਿਥੇ ਊਧੋ ਕਹਿੰਦਾ ਹੈ, 'ਸਹੁਰੀ ਕੁੱਤੀ ਮੇਰੇ ਨਾਲ ਹੀ ਖਾਣ ਲੱਗ ਪਈ । ਚਰਜ ਨੀ ਜੇ ਰੋਜ਼ ਈ ਇਹ ਮੇਰੇ ਨਾਲ ਖਾਂਦੀ ਐ । ਤੁਸੀਂ ਕਹਿਨੈ ਓ ਊਧੋ ਤੂੰ ਸਾਗ ਬੜਾ ਖਾਨੈ ਤੇ ਮੈਨੂੰ ਏਸ ਦੀ ਜਾਣੀ ਤਮਕ ਲੱਗਦੀ ਸੀ । ਪਰ ਮੈਨੂੰ ਕੀ ਪਤਾ ਸਾਗ ਖਾਣ ਵਾਲੇ ਅਸੀਂ ਦੋ ਆਂ ।' ਵਾਰਤਾਲਾਪ ਰਾਹੀਂ ਹਾਸ ਰਸ ਸੇਖੋਂ ਨੇ 'ਏਹ ਨਿਦੋਸਾ ਮਾਰੀਐ', 'ਭੂਤਾਂ ਦੀ ਖੇਡ' 'ਹਲਵਾਹ' ਆਦਿ ਕਹਾਣੀਆਂ ਵਿਚ ਪ੍ਰਗਟਾਇਆ ਹੈ । ਵਿਅੰਗਾਤਮਕ ਹਾਸਰਸ ਦੇ ਤਾਂ ਬੜੀਆਂ ਥਾਵਾਂ ਉੱਤੇ ਦਰਸ਼ਨ ਹੁੰਦੇ ਹਨ । 'ਵਿਦਿਆ' ਕਹਾਣੀ ਵਿਚ ਉਹ ਇਕ ਥਾਂ ਲਿਖਦਾ ਹੈ ਕਿ ਕਹਾਣੀ ਦਾ ਨਾਇਕ ਅਤੇ ਉਸ ਦਾ ਸਾਥੀ ਰਾਮ ਲਾਲ ਜਦੋਂ ਸਕੂਲੋਂ ਤੰਗ ਪੈ ਕੇ ਵਾਪਸੀ ਤੇ ਚੂਹੜਿਆਂ ਦੇ ਬੱਚਿਆਂ ਨੂੰ ਅਖਰੋਟ ਜਾਂ ਕੰਡਾਂ ਖੇਡਣ ਦੀ ਮੌਜ ਲੈਂਦਿਆਂ ਵੇਖਦੇ ਤਾਂ ਉਨ੍ਹਾਂ ਵਾਂਗ ਹੀ ਆਜ਼ਾਦ ਹੋਣ ਦੀਆਂ ਸਧਰਾਂ ਬਣਾਂਦੇ ਅਤੇ ਨਾਇਕ ਕਹਿੰਦਾ ਹੈ, 'ਅਸਾਨੂੰ ਸਭ ਨੂੰ ਉਸ ਸੁਰਮਗਤੀ (ਕਾਂਗਰਸ ਦੀ ਅੰਗਰੇਜ਼ੀ ਸਰਕਾਰ ਨਾਲ ਸਤਿਆਗ੍ਰਹਿ ਦੀ ਲੜਾਈ) ਵਾਲੇ ਸਮੇਂ ਵਿਚ ਰਹਿਣ ਤੇ ਵੀ ਜੇ ਆਜ਼ਾਦੀ ਗੁਲਾਮੀ ਦੀ ਇਹ ਸੂਝ ਨਾ ਹੁੰਦੀ, ਤਾਂ ਕਾਂਗਰਸ ਦੀ ਆਜ਼ਾਦੀ ਦੀ ਸ਼ਾਂਤਮਈ ਦੀ ਜੰਗ ਦੇਸ਼ ਦੇ ਕਿਸ ਕੰਮ ਸੀ?' 'ਨਿਮਕ ਹਰਾਮ' ਵਿਚ ਸ਼ਾਹੂਕਾਰ ਕਰਮਚੰਦ ਇਸ ਪਾਖੰਡ ਤੇ ਹੈਰਾਨ ਹੁੰਦਾ ਹੈ ਕਿ "ਨਾਮ ਰਖੇ ਸਨ ਇਨ੍ਹਾਂ ਰਸਾਲਿਆਂ ਦੇ ਫੁਲਵਾੜੀ ਤੇ ਪ੍ਰੀਤ ਲੜੀ ਤੇ ਪ੍ਰਚਾਰ ਕਰ ਰਹੇ ਸਨ ਇਹ ਸੁਧਾ ਜੰਗ ਦਾ, ਮਾਰ ਦਿਉ ਭੁਖੇ ਇਨ੍ਹਾਂ ਖਤਰੀਆਂ ਮਹਾਜਨਾਂ ਨੂੰ ।" ਮਜ਼ਾਕ ਜਾਂ ਖਚਰੇਪਨ ਰਾਹੀਂ ਪ੍ਰਗਟਾਇਆ ਹਾਸਰਸ 'ਉਜਾੜਾ', 'ਭੂਤਾਂ ਦੀ ਖੇਡ', 'ਪੁਰੋਹਿਤ' ਆਦਿ ਕਹਾਣੀਆਂ ਵਿਚ ਮਿਲਦਾ ਹੈ ।

ਵਿਅੰਗ ਸੇਖੋਂ ਦੀ ਕਹਾਣੀ-ਕਲਾ ਦਾ ਇਕ ਪ੍ਰਮੁਖ ਹਥਿਆਰ ਹੈ ਜਿਸ ਦੀ ਸੁਚੱਜੀ ਵਰਤੋਂ ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਮਿਲਦੀ ਹੈ । ਅੱਜ ਦਾ ਸੂਝਵਾਨ ਲੇਖਕ ਪ੍ਰਚਲਿਤ ਗ਼ਲਤ ਕੀਮਤਾਂ ਜਾਂ ਸਥਿਤੀਆਂ ਪ੍ਰਤੀ ਆਪਣੀ ਅਪ੍ਰਵਾਨਗੀ ਅਤੇ ਘ੍ਰਿਣਾ ਵਿਅੰਗ ਰਾਹੀਂ ਹੀ ਪੇਸ਼ ਕਰਦਾ ਹੈ । 'ਨਿਮਕ ਹਰਾਮ' ਵਿਚ ਉਹ ਦੁਖ ਪ੍ਰਗਟ ਕਰਦਾ ਹੈ ਕਿ ਕਣਕ ਕਪਾਹ ਪੈਦਾ ਕਰਨ ਵਾਲਿਆਂ ਨਾਲੋਂ ਇਨ੍ਹਾਂ ਨੂੰ ਵੇਚਣ ਵਿਹਾਝਣ ਵਾਲਿਆਂ ਨੂੰ ਰੋਟੀ ਕਪੜਾ ਵਧੇਰੇ ਅਰ ਸੌਖੇਰਾ ਮਿਲਦਾ ਹੈ । 'ਪੁਰੋਹਿਤ' ਕਹਾਣੀ ਵਿਚ ਬਰਾਏ ਨਾਮ ਧਰਮ ਦੀ ਖਿਲੀ ਉਡਾਂਦਿਆਂ ਉਹ ਲਿਖਦਾ ਹੈ ਕਿ "ਨਰੈਣ ਦਾਸ ਦੀ ਚੂਹੜੀ ਦੇ ਭਾਂਡੇ ਵਿਚੋਂ ਵਾਧੂ ਜੂਠਾ ਘਿਉ ਕੱਢਣ ਦੀ ਗੱਲ ਨੂੰ ਭਗਤ ਰਾਮ ਬੜੀ ਚਾਲਾਕੀ ਨਾਲ ਉਛਾਲਦਾ ਹੈ ਕਿਉਂਕਿ ਧਰਮ ਐਵੇ ਹੀ ਨਹੀਂ ਸੀ ਵੜ੍ਹਿਆਂ ਤੋਂ ਮੋਰਚੇ ਲਾਈ ਬੈਠਾ, ਰਾਮਾਇਣ ਦੀਆਂ ਕਥਾਂ ਤੇ ਕਰੜੇ ਅਧਰਾਤੇ ਜਾਪ ਐਵੇਂ ਨਹੀਂ ਸਨ ਮਹੀਨਿਆਂ-ਬਧੀ ਭਗਤ ਰਾਮ ਦੀ ਦੁਕਾਨ ਉੱਤੇ ਹੁੰਦੇ ਰਹਿੰਦੇ ।" 'ਜਣਨੀ' ਕਹਾਣੀ ਵਿਚ ਉਹ ਮਰਦ ਦੇ ਪਸ਼ੂਬਲ ਤੇ ਵਿਅੰਗ ਕਰਦਾ ਹੈ ਜਿਸ ਦੇ ਅੰਨ੍ਹੇ ਪ੍ਰਭਾਵ ਹੇਠਾਂ ਆ ਕੇ ਉਹ ਇਸਤਰੀਆਂ ਉੱਤੇ ਜ਼ਬਰ ਕਰਦੇ ਹਨ । 'ਉਜਾੜਾ' ਵਿਚ ਉਹ ਉਨ੍ਹਾਂ ਜ਼ੁਲਮਾਂ ਤੇ ਵਿਅੰਗ ਕਸਦਾ ਹੈ ਜਿਨ੍ਹਾਂ ਹਜ਼ਾਰਾਂ ਮਾਸੂਮ ਤੇ ਬੇਕਸੂਰ ਲੋਕਾਂ ਦੀਆਂ ਜਾਨਾਂ ਲਈਆਂ ਅਤੇ ਅਸਮਤਾਂ ਲੁਟੀਆਂ । ਇੰਜ ਪਤਾ ਲੱਗਦਾ ਹੈ ਕਿ ਸੇਖੋਂ ਦਾ ਵਿਅੰਗ ਤਿੱਖਾ ਤੇ ਪ੍ਰਭਾਵਸ਼ਾਲੀ ਹੁੰਦਾ ਹੈ ।

ਸੇਖੋਂ ਕਮਿਊਨਿਸਟ ਪਾਰਟੀ ਦਾ ਇਕ ਸਰਗਰਮ ਨੇਤਾ ਹੈ ਜਿਸ ਨੇ ਇਸ ਦੇ ਟਿਕਟ ਤੇ ਲੋਕ-ਸਭਾ ਦੀ ਚੋਣ ਵੀ ਲੜੀ ਹੈ । ਉਸਦੀ ਇਸ ਵਚਨ-ਬੱਧਤਾ (commitment) ਹੇਠਾਂ ਕੀਤੀ ਸੋਚਣੀ ਉਸ ਦੀਆਂ ਬਹੁਤੀਆਂ ਕਹਾਣੀਆਂ ਵਿਚ ਮਿਲਦੀ ਹੈ ਜਿਵੇਂ 'ਜਣਨੀ', 'ਐਟਮ ਬੰਬ ਵਿਰੁੱਧ', 'ਕਿਰਸਾਨ ਤੇ ਕਾਮਾ', 'ਏਹ ਨਿਦੋਸਾ ਮਾਰੀਐ' ਆਦਿ । ਇਸ ਵਚਨ-ਬੱਧਤਾ ਅਤੇ ਬੌਧਿਕਤਾ ਕਾਰਨ ਉਹ ਕਈ ਵਾਰੀ ਅਸੰਬੰਧਿਤ ਵਿਚਾਰ-ਮਗਨ (brooding) ਹੋ ਜਾਂਦਾ ਹੈ । 'ਉਜਾੜਾ' ਦੇ ਮੁੱਢ ਵਿਚ ਉਹ 1947 ਦੇ ਉਜਾੜੇ ਦੀ ਗੱਲ ਛੇੜਦਾ ਹੈ, ਫਿਰ ਆਜ਼ਾਦੀ ਦੇ ਉਜਾੜਿਆਂ ਨੂੰ ਛੱਡ ਉਹ 1921-22 ਵਿਚ ਹੋਏ ਆਪਣੇ ਪਿੰਡ ਦੇ ਉਜਾੜੇ ਦੀ ਗੱਲ ਛੇੜਦਾ ਹੈ । ਫਿਰ ਮਸਰਾਂ ਦੀ ਦਾਲ ਦੀ ਗੱਲ ਮਾਂ ਦੀ ਘ੍ਰਿਣਾ ਨੂੰ ਲੈ ਬੈਠਦਾ ਹੈ, ਫਿਰ ਜੱਟਾਂ ਤੇ ਚੂਹੜਿਆਂ ਦੇ ਇਕ ਦੂਜੇ ਦੇ ਸਹਾਇਕ ਬਣਨ ਦੀ ਗੱਲ ਦੱਸਦਾ ਹੈ, ਫਿਰ ਕਰਜ਼ਿਆਂ ਦੀ, ਫਿਰ ਰਿਉੜੀਆਂ ਦੀ, ਹਰਨਾਮ ਕੌਰ ਦੀ ਗੱਲ ਕਰਦਿਆਂ ਕਹਾਣੀ ਦਾ ਅੰਤ ਕਰ ਦਿੰਦਾ ਹੈ । ਵਿਸ਼ੇ-ਉਸਾਰੀ ਕਰਨ ਦਾ ਸੇਖੋਂ ਦਾ ਇਹ ਆਪਣਾ ਇਕ ਵੱਖਰਾ ਢੰਗ ਹੈ ।

ਸੰਤ ਸਿੰਘ ਸੇਖੋਂ ਪੰਜਾਬੀ ਕਹਾਣੀ ਦਾ ਇਕ ਮੁੱਢਲਾ ਤੇ ਵਧੀਆ ਆਂਚਲਿਕ ਕਹਾਣੀਕਾਰ ਹੈ। ਜਿਥੇ ਸੇਖੋਂ ਨੇ ਮਲਵਈ ਜੀਵਨ, ਮਲਵਈ ਉਪਭਾਖਾ, ਮਲਵਈ ਸਭਿਆਚਾਰ ਆਦਿ ਨਾਲ ਆਪਣੀਆਂ ਕਹਾਣੀਆਂ ਨੂੰ ਸਜਾਇਆ ਹੈ ਉਥੇ ਦੁੱਗਲ ਨੇ ਪੋਠੋਹਾਰੀ ਜੀਵਨ ਨੂੰ ਚੁਣਿਆ। ਡਾਕਟਰ ਮਹਿੰਦਰ ਕੁਮਾਰ ਧੀਂਗੜਾ 'ਅੰਚਲ' ਸ਼ਬਦ ਦੀ ਪਰਿਭਾਸ਼ਾ ਕਰਦਿਆਂ ਲਿਖਦਾ ਹੈ, 'ਅੰਚਲ' ਸ਼ਬਦ ਦੀ ਵਰਤੋਂ ਇਕ ਵਿਸ਼ੇਸ਼ ਭੂਮੀਖੰਡ ਜਾਂ ਪ੍ਰਦੇਸ਼ ਲਈ ਕੀਤੀ ਗਈ ਹੈ ਜਿਹੜਾ ਸਾਂਸਕ੍ਰਿਤਿਕ, ਸਮਾਜਿਕ ਅਤੇ ਆਰਥਿਕ ਦ੍ਰਿਸ਼ਟੀ ਨਾਲ ਇਕ ਇਕਾਈ ਵਿਚ ਬਧਾ ਹੋਇਆ ਹੈ ਅਤੇ ਉਸ ਦੀ ਮੁੱਢਲੀ ਚੇਤਨਾ ਉਸ ਨੂੰ ਪੂਰੀ ਤਰ੍ਹਾਂ ਨਾਲ ਇਕੋ ਜਿਹਾ ਅੰਦੋਲਿਤ ਕਰਦੀ ਹੋਵੇ।[3] ਡਾਕਟਰ ਦੇਵ ਸ਼ੰਕਰ ਅਵਸਥੀ ਅਨੁਸਾਰ ਆਂਚਲਿਕ ਕਹਾਣੀਆਂ ਉਹ ਰਚਨਾਵਾਂ ਹਨ ਜਿਹੜੀਆਂ ਕਿਸੇ ਥਾਂ ਦੇ ਵਸਨੀਕਾਂ ਦੇ ਜੀਵਨ, ਰਹਿਣ ਸਹਿਣ, ਬੋਲੀ, ਮੁਹਾਵਰੇ, ਵਹਿਮ ਭਰਮ, ਅੰਧ ਵਿਸ਼ਵਾਸ ਪੁਰਬ ਉਤਸਵ, ਲੋਕ-ਜੀਵਨ, ਗੀਤ, ਨਾਚ ਆਦਿ ਦੇ ਚਿੱਤਰਣ ਨੂੰ ਆਪਣਾ ਮੁੱਖ ਨਿਸ਼ਾਨਾ ਮੰਨਣ।[4] ਸੇਖੋਂ ਦੀਆਂ ਕਹਾਣੀਆਂ ਇਨ੍ਹਾਂ ਸਾਰੇ ਪੱਖਾਂ ਨੂੰ ਬੜੀ ਸੋਹਣੀ ਤਰ੍ਹਾਂ ਉਜਾਗਰ ਕਰਦੀਆਂ ਹਨ। ਇਸ ਲਈ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਪੰਜਾਬੀ ਕਹਾਣੀ ਵਿਚ ਜਿਥੇ ਸੇਖੋਂ ਨੇ ਆਂਚਲਿਕ ਕਹਾਣੀ ਦਾ ਮੁੱਢ ਬੰਨ੍ਹਿਆ ਹੈ ਉਥੇ ਉਹਨੂੰ ਲਗਾਤਾਰ ਜਤਨਾਂ ਰਾਹੀਂ ਭਰਪੂਰ ਕੀਤਾ ਹੈ ਅਤੇ ਹੋਰਾਂ ਨੂੰ ਪ੍ਰੇਰਨਾ ਵੀ ਦਿੱਤੀ ਹੈ।

ਗੱਲ ਕੀ, 'ਕਾਮੇ ਤੇ ਯੋਧੇ' ਸੇਖੋਂ ਦੀਆਂ ਕਹਾਣੀਆਂ ਦਾ ਇਕ ਅਜਿਹਾ ਪ੍ਰਤੀਨਿਧ ਸੰਗ੍ਰਹਿ ਹੈ ਜਿਸ ਵਿਚ ਸੇਖੋਂ ਦੀ ਕਹਾਣੀ-ਕਲਾ ਦੇ ਸਾਰੇ ਪ੍ਰਮੁਖ ਲੱਛਣ ਉਜਾਗਰ ਹੁੰਦੇ ਹਨ। ਉਸ ਦੀ ਕਹਾਣੀ-ਕਲਾ ਦਾ ਇਹ ਇਕ ਮੀਲ-ਪੱਥਰ ਹੈ।

ਪੈਰ-ਟਿਪਣੀਆਂ

1. ਸੰਤ ਸਿੰਘ ਸੇਖੋਂ : *ਕਾਮੇ ਤੇ ਯੋਧੇ*, ਪੰਨਾ 97
2. ਸੰਤ ਸਿੰਘ ਸੇਖੋਂ : *ਨਰੂਲਾ ਗਲਪ ਵਿਚ ਆਧੁਨਿਕਤਾ* ('ਸੁਰਿੰਦਰ ਸਿੰਘ ਨਰੂਲਾ ਦੀ ਨਾਵਲ ਕਲਾ ਦਾ ਸਰਬਪੱਖੀ ਅਧਿਐਨ') ਸੰਪਾਦਕ : ਜੀਵਨ ਸਿੰਘ, ਪੰਨਾ 141-42
3. ਡਾ. ਮਹਿੰਦਰ ਕੁਮਾਰ ਧੀਂਗੜਾ : *ਪੰਜਾਬੀ ਹਿੰਦੀ ਕਹਾਣੀ-ਤੁਲਨਾਤਮਕ ਅਧਿਐਨ*, ਪੰਨਾ 179
4. ਡਾ. ਦੇਵੀ ਸ਼ੰਕਰ ਅਵਸਥੀ : *ਨਈ ਕਹਾਣੀ, ਸੰਦਰਭ ਔਰ ਪ੍ਰਕ੍ਰਿਤੀ*, ਪੰਨਾ 143

ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਦਾ ਪੰਜਾਬੀ ਨਾਟਕ ਉੱਤੇ ਪ੍ਰਭਾਵ

(ਲੜੀ ਜੋੜਨ ਲਈ ਵੇਖੋ ਖੋਜ-ਪਤ੍ਰਿਕਾ, 15 ਅੰਕ ਮਾਰਚ 1980)

ਡਾ. ਗੁਰਦਿਆਲ ਸਿੰਘ ਫੁੱਲ

ਡਾ. ਹਰਚਰਨ ਸਿੰਘ ਨੇ ਪਾਰਸੀ ਨਾਟਕ ਮੰਡਲੀਆਂ ਦੇ ਨਾਟਕ ਵੇਖੇ ਹਨ ਤੇ ਲੋਕ ਨਾਟਕ ਰਜ ਕੇ ਮਾਣੇ ਹਨ। ਇਉਂ ਉਸ ਉੱਤੇ ਇਨ੍ਹਾਂ ਮੰਡਲੀਆਂ ਦਾ ਡੂੰਘਾ, ਸਿੱਧਾ ਤੇ ਸੁਚੇਤ ਪ੍ਰਭਾਵ ਪਿਆ ਹੈ। ਡਾ. ਹਰਚਰਨ ਸਿੰਘ ਨੇ ਇਨ੍ਹਾਂ ਕੰਪਨੀਆਂ ਦੇ ਨਾਟਕਾਂ ਤੋਂ ਵਧੇਰੇ ਕਰਕੇ ਸੁਆਂਗੀ ਤਮਾਸ਼ਾਉਣੇ ਦ੍ਰਿਸ਼, ਭਾਵੁਕ ਆਦਰਸ਼ਵਾਦ, ਕਰਾਮਾਤੀ ਮੌਕਾ-ਮੇਲ ਤੇ ਗੀਤਾਂ ਆਦਿ ਦਾ ਪ੍ਰਯੋਗ ਲਿਆ ਹੈ।

'ਕਮਲਾ ਕੁਮਾਰੀ' ਸਾਰਾ ਨਾਟਕ ਮੰਡਲੀਆਂ ਦੇ ਵੇਖੇ ਰੁਮਾਂਚਿਕ ਸੁਖਾਂਤ ਤੋਂ ਜਨਮਿਆ ਹੈ ਜਿਸ ਵਿਚ ਰਾਜ ਕੁਮਾਰਾਂ ਦੀ ਪ੍ਰੇਮ-ਲੀਲ੍ਹਾ ਹੈ ਤੇ ਕਮਲਾ ਕੁਮਾਰੀ ਦਾ ਪਤੀਬ੍ਰਤਾ ਸਿਰੜ ਹੈ। ਸਾਰਾ ਨਾਟਕ ਸੁਆਂਗ ਨਾਲ ਉਸਾਰਿਆ ਹੈ। ਨਵੇਂ ਚਾਨਣ ਵਿਚ ਪਾਰੋ ਲੁਕ ਕੇ ਸ਼ਿੰਗਾਰ ਕਰਦੀ ਹੈ, ਚੰਨੋ ਵਾਂਗ ਸੋਹਣੀ ਤੇ ਪੜ੍ਹੀ ਲਿਖੀ ਬਣਨਾ ਚਾਹੁੰਦੀ ਹੈ। ਪਾਰੋ ਦਾ ਸਾਰਾ ਅਭੀਨੈ ਪਾਰਸੀ ਮੰਡਲੀਆਂ ਦੀ ਅਭੀਨੇਤਰੀ ਵਰਗਾ ਪ੍ਰਦਰਸ਼ਨ ਤੇ ਪ੍ਰਹਸਨ ਭਰਪੂਰ ਹੈ। 'ਖੇਡਣ ਦੇ ਦਿਨ ਚਾਰ' ਵਿਚ ਚੰਨੋ ਨੂੰ ਤੇਜੂ ਦਾ ਨਾ ਪਛਾਣਨਾ ਜਾਂ ਪਰਮਜੀਤ ਨੇ ਉਸ ਨੂੰ ਕਾਲਜ ਦੀ ਕੁੜੀ ਸਮਝਣਾ ਵੀ ਮੰਡਲੀਆਂ ਦੇ ਪ੍ਰਭਾਵ ਨਾਲ ਸਿਰਜਿਆ ਹੈ। ਸੁਪਨ ਸਾਜ ਵਿਚ ਆਪਣੇ ਸੁਪਨੇ ਸੁਣਾਉਣੇ ਵੀ ਕੰਪਨੀਆਂ ਦੇ ਨਾਟਕ ਦਾ ਹੀ ਅਸਰ ਹੈ। ਸੁਪਨਿਆਂ ਦੀ ਡਾ. ਹਰਚਰਨ ਸਿੰਘ ਨੇ ਕਈ ਨਾਟਕਾਂ ਵਿਚ ਵਰਤੋਂ ਕੀਤੀ ਹੈ ਜਿਵੇਂ ਵੇਖੋ 'ਕਲ ਅੱਜ ਤੇ ਭਲਕ'।

ਕਿਹਾ ਜਾਂਦਾ ਹੈ ਡਾ. ਹਰਚਰਨ ਸਿੰਘ ਨੇ 'ਰਾਜਾ ਪੋਰਸ' ਸ਼ੈਕਸਪੀਅਰ ਦੇ ਇਤਿਹਾਸਿਕ ਦੁਖਾਂਤਾਂ ਤੋਂ ਪ੍ਰਭਾਵਿਤ ਹੋ ਕੇ ਲਿਖਿਆ, ਮੈਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ। ਹਰਚਰਨ ਸਿੰਘ ਨੂੰ ਵੱਧ ਤੋਂ ਵੱਧ ਇਤਿਹਾਸਿਕ ਦੁਖਾਂਤ ਲਿਖਣ ਦਾ ਖ਼ਿਆਲ ਭਾਵੇਂ ਸ਼ੈਕਸਪੀਅਰ ਦੇ ਇਤਿਹਾਸਿਕ ਦੁਖਾਂਤ ਤੋਂ ਆਇਆ ਹੋਵੇ, ਪਰ ਇਸ ਨਾਟਕ ਦੀ ਬਣਤਰ, ਇਸ ਵਿਚਲੇ ਗੀਤ, ਨਾਇਕਾ ਦੇ ਇਕਲੇ ਹੋ ਕੇ ਗੀਤ ਗਾਉਣਾ, ਸਹੇਲੀਆਂ ਨਾਲ ਰੁਮਾਂਚਿਕ ਬਾਰਾਮਾਂਹ ਗਾਉਣੇ, ਆਪਣੇ ਆਪ ਨਾਲ ਗੱਲਾਂ ਕਰਨੀਆਂ, ਦੇਸ਼ ਧਰੋਹੀਆਂ ਨੂੰ ਕਤਲ ਕਰਨਾ, ਭੁਲੇਖੇ ਵਿਚ ਆਪਣੇ ਪੁੱਤਰ ਨੂੰ ਮਾਰ ਲੈਣਾ, ਜਜ਼ਬਾਤੀ ਢੰਗ ਨਾਲ ਪਸਚਾਤਾਪ ਕਰਨਾ, ਅਤੇ ਯੁੱਧ ਦੇ ਖੇਤਰ, ਦਰਿਆਵਾਂ, ਰਾਜ ਦਰਬਾਰ ਆਦਿ ਦੀਆਂ ਝਾਕੀਆਂ ਸਭ ਕੁਝ ਸਿਵਾਏ ਇਸ ਦੇ ਕਿ ਵਾਰਤਾਲਾਪ ਤੁਕਾਂਤੀ ਨਹੀਂ, ਪਾਰਸੀ ਥੀਏਟਰੀਕਲ ਕੰਪਨੀਆਂ ਦੇ ਨਾਟਕਾਂ ਵਰਗਾ ਹੈ। ਕਿਉਂਕਿ ਹਰਚਰਨ ਸਿੰਘ ਨੇ ਸ਼ੈਕਸਪੀਅਰ ਦੇ ਇਤਿਹਾਸਿਕ ਦੁਖਾਂਤ ਪੜ੍ਹੇ ਤਾਂ ਸ਼ਾਇਦ ਹੋਣ, ਪਰ ਵੇਖੇ ਨਹੀਂ ਸਨ, ਜੇ ਵੇਖੇ ਸਨ ਤਾਂ ਉਨ੍ਹਾਂ ਦਾ ਅਨੁਵਾਦ ਪਾਰਸੀ ਮੰਡਲੀਆਂ ਵੱਲੋਂ ਉਨ੍ਹਾਂ ਦੇ ਆਪਣੇ ਢੰਗ ਨਾਲ ਪੇਸ਼ ਕੀਤਾ ਵੇਖਿਆ ਹੋਵੇਗਾ।

ਕੁਸ਼ਲ ਦੇਵੀ

ਪਿਆਰੇ ਪੀਆ ਲਈ ਮੈਂ ਮਾਲਾ ਬਣਾਊਂਗੀ।
ਪ੍ਰੀਤਮ ਦੇ ਗਲ ਵਿਚ ਹੱਥੀਂ ਮੈਂ ਪਾਊਂਗੀ।
ਸਰਧਾ ਦੀ ਸੂਈ ਪ੍ਰੇਮ ਦੇ ਪੱਤੇ।
ਮਨ ਦੇ ਮਣਕੇ ਇਕ ਰੰਗ ਰੱਤੇ।
ਪਿਆਰ ਦੇ ਧਾਗੇ ਵਿਚ ਸਭ ਨੂੰ ਸਜਾਊਂਗੀ।[1]

ਕੁਸ਼ਲ (ਇਕੱਲੀ) : ਰਤੜੀਆਂ ਫਿਰ ਆਈਆਂ ਮਾਏ ਨੀ ।
ਪੀਆ ਅਜੇ ਨਹੀਂ ਆਇਆ ।
ਆਈ ਬਸੰਤ ਮਾਏ ਦਿਨ ਬਹਾਰ ਨੀ,
ਫੁਲਾਂ ਨੂੰ ਵੇਖ ਆਪੇ ਕਢਿਆ ਪਿਆਰ ਨੀ,
ਨਿਹੁ ਪੀਆ ਨਾਲ ਲਾ ਲਿਆ ।[2]

ਸ਼ਾਂਤੀ : ਸੌਣ ਦੇ ਮਹੀਨੇ ਜੀ ਦੋ ਕਿਣ ਮਿਣ ਕਣੀਆਂ ।
ਜੀ ਨਾਲ ਜੋਬਨ ਦੀਆਂ ਲਹਿਰਾਂ ਸਾਨੂੰ ਮੁਸ਼ਕਲ ਬਣੀਆਂ । (60)

ਇਹ ਗੀਤ, ਗੀਤਾਂ ਦੀ ਨਾਟਕੀ ਸਥਿਤੀ ਤੇ ਗਾਉਣ ਵਾਲੇ ਮਾਨਸਿਕ ਭਾਵੁਕਤਾ ਸਭ ਕੁਝ ਪਾਰਸੀ ਮੰਡਲੀਆਂ ਵਰਗਾ ਹੀ ਹੈ ।

ਇਸਤਰੀ ਦੀ ਰੂਹ ਵਿਚ ਪ੍ਰਾਚੀਨ ਸਮਾਂ, ਵਿਚਕਾਰਲਾ ਸਮਾਂ ਤੇ ਨਵੀਨ ਸਮਾਂ ਤਿੰਨ ਝਾਕੀਆਂ ਹਨ । ਇਨ੍ਹਾਂ ਝਾਕੀਆਂ ਦੇ ਵਿਚਕਾਰ 'ਦੁਮੇਲ' ਮਧੇ ਨਾਟਕ ਦਾ ਕੰਮ ਕਰਦਾ ਹੈ ।

ਦੁਮੇਲ : ਜੇ ਵਕਤ ਹੋਵੇ ਤਾਂ ਇਥੇ ਰਾਮ ਤੇ ਸੀਤਾ ਨੂੰ ਬਨਵਾਸ ਦੀ ਹਾਲਤ ਵਿਚ ਦਿਖਾਇਆ ਜਾਵੇ । ਰਾਮ ਆਪਣੀ ਸਮਾਧੀ ਵਿਚ ਮਗਨ, ਸੀਤਾ ਖਾਣ ਪਕਾਣ ਦੇ ਆਹਰੇ ਲੱਗੀ ਹੋਈ ਤੇ ਲੱਛਮਣ ਤੀਰ ਕਮਾਨ ਲਈ ਜੰਗਲ ਵੱਲ ਜਾ ਰਿਹਾ ਹੋਵੇ ।[3]

ਦੁਮੇਲ : ਨਵੀਨ ਇਸਤਰੀਆਂ ਲਿਆਉਣ ਤੋਂ ਪਹਿਲਾਂ ਗੀਤ ਗੁਆ ਲੈਣੇ ਚਾਹੀਦੇ ਹਨ । ਇਸ ਵੇਲੇ ਸਟੇਜ ਉੱਤੇ ਨੀਵੀਂ ਜਾਤੀ ਦੀਆਂ ਇਸਤਰੀਆਂ, ਮੰਗਤੀਆਂ, ਉਨ੍ਹਾਂ ਦੇ ਬੱਚੇ ਪਾਟੇ ਪੁਰਾਣੇ ਕਪੜਿਆਂ ਵਿਚ ਲਿਆਏ ਜਾਣ ਜੇ ਉਨ੍ਹਾਂ ਦੇ ਸਿਰਾਂ ਉੱਤੇ ਲਕੜੀਆਂ ਦੇ ਕਖ ਕਾਨ ਆਦਿ ਹੋਵੇ, ਤਾਂ ਹੋਰ ਵੀ ਚੰਗਾ । (ਪੰਜ ਗੀਟੜਾ-41)

ਇਸ ਵਿਚ ਰੂਹ ਇਕ ਪਾਤਰ ਹੈ । ਰੂਹ ਨੂੰ ਪਾਤਰ ਬਣਾਉਣ ਤੇ ਇਉਂ ਮੱਧੇ ਨਾਟਕ ਨਾਲ ਸਮਾਂ ਲੰਘਾਉਣਾ ਸਭ ਕੁਝ ਡਾ. ਹਰਚਰਨ ਸਿੰਘ ਨੇ ਕੰਪਨੀਆਂ ਦੇ ਨਾਟਕਾਂ ਤੋਂ ਲਿਆ ਹੈ । ਸਾਂਝੇ ਰਾਜ ਵਿਚ ਮਹਾਰਾਜਾ ਨੂੰ ਪਿਛਲੇ ਚਾਰ ਖ਼ਿਆਲ ਆਉਂਦੇ ਹਨ । ਹਰ ਖ਼ਿਆਲ ਨੂੰ ਝਾਕੀ ਰਾਹੀਂ ਰੂਪਮਾਨ ਕੀਤਾ ਹੈ । ਇਹ ਵਿਧੀ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਵਿਚ ਝਾਕੀ ਪਾਟ ਕੇ ਨਵੀਂ ਝਾਕੀ ਨਿਕਲਣ ਵਾਲਾ ਹੀ ਨਵਾਂ ਢੰਗ ਹੈ ।

'ਮਿਟੀ ਧੁੰਦ ਜਗ ਚਾਨਣ ਹੋਇਆ' ਦੀ ਸਾਰੀ ਨਾਟਕੀ ਵਿਉਂਤ ਤੇ ਨਾਟਕੀ ਉਸਾਰੀ ਕੰਪਨੀਆਂ ਦੇ ਨਾਟਕ ਵਰਗੀ ਹੈ । ਇਸ ਵਿਚ ਢੰਡੋਰਚੀ ਢੰਡੋਰਾ ਪੀਪਾ ਖੜਕਾ ਦਿੰਦਾ ਹੈ । ਅਮਲੀ ਮਖੌਲੀਏ ਹਨ । ਨਕਲੀ ਦਾਹੜੀ ਵਾਲੇ ਜੋਗੀ ਹਨ । ਮੋਹਨੀਆਂ ਤੇ ਕਾਮਨੀਆਂ ਹਨ । ਚੰਚਲ ਵਾਸ਼ਨਾਵਾਦੀ ਗੱਲਾਂ ਕਰਦੀਆਂ ਹਨ । ਮਦਾਰੀ ਤੇ ਜਮੂਰਾ ਆਉਂਦੇ ਹਨ, ਤੇ ਨਕਲਾਂ ਕਰਦੇ ਹਨ । ਇਹ ਨਕਲਾਂ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਦੇ ਪ੍ਰਹਸਨੀ ਮਧੇ ਨਾਟਕ ਵਰਗੀਆਂ ਹਨ । ਸਪੇਰਾ ਆਉਂਦਾ ਹੈ ।[4] ਤੇ ਹੋਰ ਬਹੁਤ ਕੁਝ ਆਉਂਦਾ ਹੈ । ਹਰਚਰਨ ਸਿੰਘ ਨੇ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਦੀਆਂ ਪ੍ਰਹਸਨ ਤੇ ਮਖੌਲੀਆ ਝਾਕੀਆਂ ਦਾ ਬਹੁਤ ਪ੍ਰਭਾਵ ਲਿਆ ਹੈ ਤੇ ਮਨ-ਬਚਨੀਆਂ ਦਾ ਵੀ ਪ੍ਰਯੋਗ ਕੀਤਾ ਹੈ ।

ਅਮਲੀ : ਫੇਰ ਕੀ ਹੋਇਆ ?
ਜਲਾਰਾ : ਜੁਲਾਰੀ ਨੇ ਛਿਕ ਮਾਰੀ ਚੋਰ ਛਪਨ ਹੋ ਗਿਆ ।[5]
ਮੋਹਨੀ : ਨਾਥ ਜੀ ਸਾਡੇ ਪਾਸ ਉਹ ਕਲਾ ਬੂਟੀ ਹੈ ਜੋ ਛਿੰਨ ਵਿਚ ਗਮ ਭੁਲਾ ਦਿੰਦੀ ਹੈ ।
ਅਮਲੀ : (ਲਾ ਕੇ) ਧੰਨ ਹੋ ਖਟ ਕਸ਼ਟ ਸਹਿਕੇ ਧਰਤੀ ਦਾ ਭਾਰ ਹੌਲਾ ਕਰਦੀਆਂ । (32)
ਮਦਾਰੀ : ਸਸ ਵੱਡੀ ਕਿ ਨੂੰਹ ?
ਜਮੂਰਾ : ਨੂੰਹ ।
ਮਦਾਰੀ : ਪਿਉ ਵੱਡਾ ਕਿ ਪੁੱਤ ?

ਜਮੂਰਾ : ਪੁੱਤ ।
ਮਦਾਰੀ : ਗੁਰੂ ਵੱਡਾ ਕੇ ਚੇਲਾ?
ਜਮੂਰਾ : ਚੇਲਾ । (36)

ਇਉਂ ਹੀ ਵੇਖੋ 'ਕਲ ਅੱਜ ਤੇ ਭਲਕ' ਵਿਚ ਜਲਸੇ ਹੁੰਦੇ ਹਨ । ਕਵੀਸ਼ਰ ਕਵਿਤਾ ਪੜ੍ਹਦੇ ਹਨ । ਭੇਡ ਨਕਲਾਂ ਕਰਦੇ ਹਨ :

ਰੁਲੀਆ : ਮਰਾਸੀਆ ।
ਜਮਾਲਾ : ਹਾਂ ।
ਰੁਲੀਆ : ਰਾਜ ਮੰਤਰੀ ਜੀ ਸੰਘਾਸਣਓ ਬੈਠੇ ਕਿਸ ਤਰ੍ਹਾਂ ਸੋਭ ਰਹੇ ਨੇ ।
ਜਮਾਲਾ : ਜਿਵੇਂ ਦੇਵਤਿਆਂ ਵਿਚ ਇੰਦਰ ਰਾਜਾ ।
ਰੁਲੀਆ : ਨਹੀਂ ।

.....

ਜਿਵੇਂ ਰਾਧਾ ਸੰਗ ਕ੍ਰਿਸ਼ਨ ।[6]
ਕਵੀਸ਼ਰ ਝੁਕ ਝੁਕ ਕਰੇ ਸਲਾਮ ਏਸ ਮੰਤਰੀ ਨੂੰ । ਜਿਹਨੇ ਪਿੰਡ ਸਾਡੇ ਫੇਰਾ ਪਾਇਆ ਏ ।[7]

'ਜ਼ਫਰਨਾਮਾ' ਵਿਚ ਔਰੰਗਜ਼ੇਬ ਨੂੰ ਤੇ 'ਇਤਿਹਾਸ ਜਵਾਬ ਮੰਗਦਾ ਹੈ' ਵਿਚ ਵਜ਼ੀਰ ਖਾਂ ਨੂੰ ਭਾਵੁਕ ਤੌਰ ਉੱਤੇ ਆਪਣੇ ਗੁਨਾਹਾਂ ਨਾਲ ਤੜਫਦਿਆਂ ਉਂਜ ਹੀ ਦਿਖਾਇਆ ਹੈ, ਜਿਵੇਂ ਪਾਰਸੀ ਥੀਏਟਰੀਕਲ ਕੰਪਨੀਆਂ ਵਿਚ ਦੇਸ਼ੀ ਗੁਨਾਹ ਦੀ ਯਾਦ ਨਾਲ ਤੜਫਦਾ ਵਿਖਾਇਆ ਜਾਂਦਾ ਸੀ ।

'ਦੇਸ਼' ਵਿਚ ਦੋਸ਼ੀ ਮੂਲਦਾਸ ਨੂੰ ਨਿਰਦੋਸ਼ ਬਣਾ ਕੇ ਤੇ ਉਸ ਦਾ ਸਾਰਾ ਦੋਸ਼ ਰਾਜੋ (ਕਰਤਾਰ ਕੌਰ) ਦੇ ਸਿਰ ਲਾ ਕੇ ਨਾਟਕ ਉਸਾਰਿਆ ਹੈ । ਮੂਲਦਾਸ ਫ਼ਤਹਿ ਸਿੰਘ ਤੇ ਰਾਜੋ ਦੇ ਘਰ ਸਤਿਕਾਰਿਆ ਜਾ ਰਿਹਾ ਹੈ ਜਦ ਕਿ ਉਹ ਆਪ ਰਾਜੋ ਦੀ ਪੱਤ ਲੁੱਟਦਾ ਹੈ ਤੇ ਜਦ ਉਹ ਰਾਜੋ ਦੀ ਰਜਵੰਤ ਦੀ ਪੱਤ ਨਾਲ ਖੇਡਣ ਦਾ ਯਤਨ ਕਰਦਾ, ਤਾਂ ਰਾਜੋ ਉਸ ਨੂੰ ਮਾਰ ਸੁੱਟਦੀ ਹੈ । ਇਹ ਸਾਰੀ ਕਹਾਣੀ ਅਸੁਭਾਵਿਕ, ਭਾਵੁਕ ਤੇ ਮੌਕਾ ਮੇਲ ਤੇ ਉਸਾਰੀ ਗਈ ਹੈ । ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਵਰਗੀ ਹੀ ਇਸ ਦੀ ਗੋਂਦ ਹੈ । ਇਸ ਦਾ ਲਕੋ ਢੰਗ ਹੈ । ਇਸ ਦਾ ਅੰਤ ਹੈ । ਮੰਡਲੀਆਂ ਦੇ ਨਾਟਕਾਂ ਵਾਂਗ ਹੀ ਨਾਟਕ ਵਿਚ ਨਾਟਕ ਹੁੰਦਾ ਹੈ ਤੇ ਗੀਤ ਗਾਏ ਜਾਂਦੇ ਹਨ । 'ਪੂਰਨ ਭਗਤ' ਨਾਟਕ ਦੀ ਰੀਹਰਸਲ ਹੁੰਦੀ ਹੈ । ਰਾਜੋ ਇੱਛਰਾਂ ਵਾਲਾ ਬੰਦ ਗਾਉਂਦੀ ਹੈ ।

ਰਾਜੋ : ਮੀਮ ਮਿਲਣ ਆਈ ਰਾਣੀ ਇੱਛਰਾਂ ਵੀ,
ਲੋਕਾਂ ਆਖਿਆ ਆਇਆ ਹੈ ਸਾਧ ਕੋਈ ।[8]

ਰਾਜੋ ਘੋੜੀਆਂ ਗਾਉਂਦੀ ਹੈ :

ਨੀਲੀ ਘੋੜੀ ਲਾਲ ਵਿਛੇਰਾ,
ਇਹ ਘੋੜੀ ਮੇਰੇ ਲਾਲ ਦੀ ਆਈ ।[9]
ਤੁਰਤ ਮੰਗਾਨੀਆ ਲਾਹੌਰੋ ਦੀ ਪਟੜੀ,
ਮੈਂ ਵੀਰੇ ਨੂੰ ਪਟੜੀ ਬਿਠਾ ਲੈਨੀਆਂ ।[10]

ਇਹ ਸਾਰੀ ਝਾਕੀ ਜਿਸ ਵਿਚ ਇਕ ਮਾਂ ਦੀ ਪੁਤਰ ਲਈ ਬੇਹਿਬਲਤਾ ਡੁਲ-ਡੁਲ ਪੈਂਦੀ ਹੈ । ਨਾਟਕ ਮੰਡਲੀਆਂ ਦੇ ਨਾਟਕਾਂ ਦਾ ਹੀ ਸ਼ੁੱਧ ਉਤਾਰਾ ਹੈ ।

ਸੋ ਇਉਂ ਹਰਚਰਨ ਸਿੰਘ ਪਾਰਸੀ ਨਾਟਕ ਮੰਡਲੀਆਂ ਤੋਂ ਭਾਵੁਕ ਆਦਰਸ਼ ਮੌਕਾ-ਮੇਲ, ਪ੍ਰਹਸਨੀ ਟਿਚਰ ਟਕੋਰ ਤੇ ਲਕੋ ਜੁਗਤ ਨਾਲ ਲਟਕਾਓ ਸਿਰਜ ਕੇ ਰੰਗ ਬੰਨ੍ਹਣਾ ਆਦਿ ਵਧੇਰੇ ਲਿਆ ਹੈ । ਇਸ ਪ੍ਰਭਾਵ ਕਾਰਨ ਹੀ ਉਸ ਦੇ ਨਾਟਕ ਮੰਚ ਉੱਤੇ ਆਮ ਦਰਸ਼ਕਾਂ ਨੂੰ ਚੰਗੇ ਲੱਗਦੇ ਹਨ ।

ਬਲਵੰਤ ਗਾਰਗੀ ਪਾਰਸੀ ਥੀਏਟਰੀਕਲ ਕੰਪਨੀਆਂ ਦੀਆਂ ਚਮਤਕਾਰੀ ਝਾਕੀਆਂ ਨੂੰ ਲੰਡਨ ਦੇ ਉਨ੍ਹੀਵੀਂ ਸਦੀ ਦੇ ਭੜਕੀਲੇ ਥੀਏਟਰ ਦੀ ਨਕਲ ਮੰਨਦਾ ਹੋਇਆ ਵੀ ਇਹ ਗੱਲ ਮੰਨਦਾ ਹੈ ਕਿ ਇਨ੍ਹਾਂ ਨੇ ਭਾਰਤ ਦੀਆਂ ਆਧੁਨਿਕ ਬੋਲੀਆਂ ਦੇ ਰੰਗ-ਮੰਚ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਗਾਰਗੀ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਤੇ ਰੰਗ ਮੰਚ, ਲੋਕ ਨਾਟਕਾਂ ਤੇ ਲੋਕ ਰੰਗ ਮੰਚ ਅਤੇ ਪੱਛਮ ਦੇ ਮਹਾ ਨਾਟ ਥੀਏਟਰ, ਸੰਪੂਰਨ ਥੀਏਟਰ ਤੇ ਜ਼ੁਲਮ ਥੀਏਟਰ ਆਦਿ ਦੀ ਅਸਲੀ ਸਮੇਂ ਦੇ ਸੰਦਰਭ ਵਿਚ ਮਹੱਤਾ ਸਮਝਦਾ ਹੈ। ਇਨ੍ਹਾਂ ਵਿਚ ਜੋ ਕੁਝ ਵੀ ਉਸ ਨੂੰ ਆਪਣਾ ਵਿਸ਼ਾ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਵਿਚ ਸਹਾਇਤਾ ਕਰਦਾ ਹੈ, ਉਹ ਕਲਾਤਮਕ ਢੰਗ ਨਾਲ ਲੈ ਲੈਂਦਾ ਹੈ। ਨਾਟਾਂ ਵਿਚ ਝੱਖੜਾਂ, ਅਨ੍ਹੇਰੀਆਂ ਤੇ ਹੜ੍ਹਾਂ ਦਾ ਕਲਾਤਮਕ ਪ੍ਰਯੋਗ ਉਹ ਆਪਣੇ ਵਿਸ਼ੇ ਨੂੰ ਉਸਾਰਨ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਕਰਦਾ ਹੈ ਜਿਵੇਂ 'ਕੁਆਰੀ ਟੀਸੀ', 'ਪੱਤਣ ਦੀ ਬੇੜੀ' ਤੇ 'ਬੇਬੇ' ਵਿਚ ਇਹ ਪ੍ਰਭਾਵ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਦਾ ਹੈ। ਇਉਂ ਹੀ ਕਾਵਿਕ ਰੁਮਾਂਚਿਕ ਭਾਵੁਕ ਜਜ਼ਬਾਤਾਂ ਨੂੰ ਗਰਮਾਉਣ ਤੇ ਭੜਕਾਉਣ ਵਾਲਾ ਵਾਰਤਾਲਾਪ ਲਿਖਣ ਦੀ ਕਲਾ ਵੀ ਆਗਾ ਹਸ਼ਰ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਕਾਰ ਦੇ ਨਾਟਕਾਂ ਤੋਂ ਸਿਖੀ ਹੈ।

'ਸੁਲਤਾਨਾ ਰਜ਼ੀਆ' ਨਾਟਕ ਹਕੀਮ ਦੀ ਮਨਬਚਨੀ ਨਾਲ ਆਰੰਭ ਹੁੰਦਾ ਹੈ, ਮੰਗਤਿਆਂ ਵਿਚ ਦਾਲ ਵੰਡੀ ਜਾਂਦੀ ਹੈ। ਮੰਗਤੇ ਲੜਦੇ ਹਨ। ਤਲਵਾਰਾਂ ਨਿਕਲਦੀਆਂ ਹਨ। ਲੋਕ ਇਕੱਠੇ ਹੋ ਕੇ ਸੁਲਤਾਨ ਦੀ ਖ਼ੈਰ ਮੰਗਦੇ ਹਨ, ਸ਼ਰਾਬ ਵਰਤਾਈ ਜਾਂਦੀ ਹੈ। ਮੌਲਵੀ ਇਧਰ ਉਧਰ ਵੇਖ ਕੇ ਪੱਬਾਂ ਭਾਰ ਹੋ ਕੇ ਗਟਾ ਗੱਟ ਪੀਂਦਾ ਹੈ (ਪਾਰਸੀ ਨਾਟਕ ਮੰਡਲੀਆਂ ਦੇ ਨਾਟਕ ਦੇ ਪ੍ਰਹਸਨ ਵਰਗਾ ਹਸਾਉਣਾ), ਕੁਤਬਦੀਨ ਦੀਆਂ ਅੱਖਾਂ ਵਿਚ ਸ਼ਾਹ ਤੁਰਕਾਨ ਗਰਮ ਸਲਾਈ ਫੇਰਦੀ ਹੈ। ਰਜ਼ੀਆ ਫ਼ਸੀਲ ਤੇ ਖੜੀ ਹੁੰਦੀ ਹੈ ਤੇ ਲੋਕਾਂ ਨੂੰ ਭੜਕਾਉਂਦੀ ਹੈ। ਯਾਕੂਤ ਕੁਤਬਦੀਨ ਦੀ ਲਾਸ਼ ਚੁੱਕੀ ਲਿਆਉਂਦਾ ਹੈ। ਰਜ਼ੀਆ ਦਿੱਲੀ ਦੇ ਲੋਕਾਂ ਨੂੰ ਆਪਣੇ ਭਰਾ ਦਾ ਬਦਲਾ ਲੈਣ ਲਈ ਕਹਿੰਦੀ ਹੈ। ਲੋਕ ਸ਼ਾਹ ਤੁਰਕਾਨ ਨੂੰ ਚਬੂਤਰੇ ਉੱਤੇ ਲੈ ਜਾ ਕੇ ਟੁਕੜੇ-ਟੁਕੜੇ ਕਰਦੇ ਹਨ ਤੇ ਉਸ ਦਾ ਸਿਰ ਨੇਜ਼ੇ ਉੱਤੇ ਟੰਗ ਕੇ ਲੈ ਜਾਂਦੇ ਹਨ, ਰਜ਼ੀਆ ਮਰਦਾਵਾਂ ਪਹਿਰਾਵਾ ਪਾ ਕੇ ਤਖ਼ਤ ਉੱਤੇ ਬੈਠਦੀ ਹੈ। ਯਾਕੂਤ ਨੂੰ ਖ਼ਿਲਅਤ ਤੇ ਤਲਵਾਰ ਦਿੰਦੀ ਹੈ। ਰਜ਼ੀਆ ਯਾਕੂਤ ਦੇ ਮਗਰ ਬਠਿੰਡੇ ਜਾਂਦੀ ਹੈ। ਯਾਕੂਤ ਰਜ਼ੀਆ ਨੂੰ ਠੁਕਰਾ ਦਿੰਦਾ ਹੈ। ਭਾਵੇਂ ਉਹ ਬਹੁਤ ਤਰਲੇ ਕਰਦੀ ਹੈ। ਅੰਤ ਉਸ ਨੂੰ ਵੀ ਕਤਲ ਕਰ ਦਿੱਤਾ ਜਾਂਦਾ ਹੈ। ਹਕੀਮ ਦੇ ਇਨ੍ਹਾਂ ਸ਼ਬਦਾਂ ਨਾਲ 'ਬ੍ਰਿਛਾਂ ਨੇ ਪੱਤੇ ਬਦਲੇ, ਖਟਮਲਾਂ ਨੇ ਘਰ ਬਦਲੇ, ਸੱਪ ਨੇ ਕੁੰਜ ਬਦਲੀ ਅਤੇ ਦਿੱਲੀ ਦੇ ਦਰਬਾਰੀਆਂ ਵਫ਼ਾਦਾਰੀ ਬਦਲ ਲਈ, ਨਾਲ ਨਾਟਕ ਖ਼ਤਮ ਹੋ ਜਾਂਦਾ ਹੈ।'

ਗਾਰਗੀ ਭਾਵੇਂ ਇਹ ਕਹਿੰਦਾ ਹੈ ਕਿ ਉਸ ਨੇ ਪੱਛਮ ਦੇ ਥੀਏਟਰ ਤੇ ਲੋਕ ਥੀਏਟਰ ਦੇ ਸੰਜੋਗ ਨਾਲ ਆਪਣੀ ਨਵੀਂ ਮੌਲਿਕ ਨਾਟਕ ਸਿਰਜਨ ਜੁਗਤ ਸਿਰਜੀ ਹੈ ਤੇ ਇਹ ਨਵੀਂ ਮੰਚੀ ਵਿਉਂਤ ਲੱਭੀ ਹੈ, ਪਰ ਮੇਰੇ ਵਿਚਾਰ ਅਨੁਸਾਰ 'ਰਜ਼ੀਆ ਸੁਲਤਾਨਾ' ਨਾਟਕ ਦੀ ਬਣਤਰ, ਉਪਰ ਦੱਸੀਆਂ ਝਾਕੀਆਂ, ਪਾਤਰਾਂ ਨੂੰ ਠਕੋਰ ਕੇ ਟਕਰਾਉਣ ਵਾਲੇ ਅਵਸਰ, ਵਧਾਏ ਹੋਏ ਵੈਰ ਵਿਰੋਧਾਂ ਦਾ ਘੋਲ, ਸੰਜਮੀ ਮੁਲ ਭੇੜ ਆਦਿ ਸਿਰਜਨ ਦੀ ਜੁਗਤੀ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਤੋਂ ਲਈ ਗਈ ਹੈ।

ਬਲਵੰਤ ਗਾਰਗੀ ਨੇ ਭਾਵਾਂ ਨੂੰ ਭੜਕਾਉਣ ਟਕਰਾਉਣ ਲਈ ਗੀਤਾਂ ਤੇ ਟਪਿਆਂ ਦਾ ਪ੍ਰਯੋਗ ਕਰਨਾ ਵੀ ਇਨ੍ਹਾਂ ਕੰਪਨੀਆਂ ਤੋਂ ਸਿੱਖਿਆ ਜਿਨ੍ਹਾਂ ਵਿਚ ਜਦ ਕੋਈ ਪਾਤਰ ਚੋਰੀ ਕਰਨ ਲੱਗਦਾ ਸੀ ਤਾਂ ਕਿਸੇ ਫ਼ਕੀਰ ਜਾਂ ਮੰਗਤੇ ਦੀ ਆਵਾਜ਼ ਰੋਕ ਦਿੰਦੀ ਸੀ ਜਿਵੇਂ 'ਪੱਤਣ ਦੀ ਬੇੜੀ' ਵਿਚ ਸੁੰਦਰ ਦਾ ਗੀਤ, 'ਕਣਕ ਦੀ ਬੱਲੀ' ਵਿਚ ਬੋਲੀ ਦੇ ਟਪੇ ਤੇ ਵਣਜਾਰੇ ਦਾ ਗੀਤ :

ਆਵਾਜ਼ : ਬਲੀਏ ਕਣਕ ਦੀਏ
ਤੈਨੂੰ ਖਾਣਗੇ ਨਸੀਬਾਂ ਵਾਲੇ।[11]

ਹੋਕਾ : ਗਲੀ ਗਲੀ ਵਣਜਾਰਾ ਫਿਰਦਾ।
ਤੁਸੀਂ ਵੰਗੜੀਆਂ ਲਵੋ ਨੀ ਚੜਾ।[12]

'ਧੂਣੀ ਦੀ ਅੱਗ' ਵਿਚ ਜਟਾਧਾਰੀ ਸਾਧੂ ਮਾਂਦਰੀ ਧਾਗੇ ਤਬੀਤ ਕਰਦਾ ਹੈ। 'ਕੇਸਰੋ' ਵਿਚ ਸੁਆਗ ਤੇ ਭੇਸ ਬਦਲੀ ਦਾ ਕਲਾਤਮਕ ਪ੍ਰਯੋਗ ਹੈ। 'ਗਗਨ ਮੈਂ ਥਾਲ' ਵਿਚ ਗੁਰਬਾਣੀ ਦੇ ਸ਼ਬਦਾਂ ਤੇ ਕੋਰਸ ਨਾਲ ਨਾਟਕੀ ਰੰਗ ਬੰਨ੍ਹਿਆ ਹੈ। ਇਹ ਸਭ ਕੁਝ ਪਾਰਸੀ ਮੰਡਲੀਆਂ ਦੇ ਨਾਟਕਾਂ ਤੋਂ ਚੇਤੰਨ ਤੌਰ ਉੱਤੇ ਲਿਆ ਗਿਆ ਹੈ।

ਗਾਰਗੀ ਦੁਖਾਂਤਕ ਰਸ ਨੂੰ ਗੂਹੜਾ ਕਰਨ ਲਈ ਕੋਈ ਪਿੱਛੇ ਵਾਪਰੀ ਦੁਰਘਟਨਾ ਕਿਸੇ ਪਾਤਰ ਕੋਲੋਂ ਸੁਣਵਾਉਂਦਾ ਹੈ। ਇਹ ਪ੍ਰਭਾਵ ਵੀ ਪਾਰਸੀ ਨਾਟਕ ਮੰਡਲੀਆਂ ਦਾ ਹੀ ਹੈ।

ਤਾਰੋ : ਜਿੰਮੀਦਾਰ ਦਾ ਜਰੀ ਦਾ ਜੁੱਤਾ ਡਿੱਗ ਪਿਆ ਸੀ। ਉਹ ਖੂਹ ਵਿਚ ਲਥਾ। ਬੋਦਾ ਰੱਸਾ ਟੁਟ ਗਿਆ। ਉਹ ਸਿਰ ਪਰਨੇ ਖੂਹ ਵਿਚ ਡਿੱਗ ਪਿਆ ਤੇ ਡਿੱਗ ਕੇ ਮਰ ਗਿਆ। ਉਹ ਦੇ ਸਿਰ ਵਿਚੋਂ ਐਨਾ ਖ਼ੂਨ ਨਿਕਲਿਆ ਕਿ ਖੂਹ ਦਾ ਪਾਣੀ ਲਾਲ ਹੋ ਗਿਆ।[13]

ਇਉਂ ਹੀ ਧੂਣੀ ਦੀ ਅੱਗ ਵਿਚ ਅਜੀਤ ਕਹਾਣੀ ਸੁਣਾਉਂਦਾ ਹੈ :

ਅਜੀਤ : ਇਕ ਵਾਰੀ ਗਾਲੜ ਮੇਰੇ ਉੱਤੇ ਚੜ੍ਹ ਗਈ। ਮੈਂ ਝੂਮ ਰਿਹਾ ਸਾਂ, ਗਾਲੜ੍ਹ ਵੀ ਝੂਮਣ ਲੱਗੀ। ਮੇਰੀਆਂ ਟਹਿਣੀਆਂ ਵਿਚੋਂ ਗੀਤ ਨਿਕਲ ਰਹੇ ਸਨ। ਮੂਰਖ ਗਾਲੜ ਨੇ ਸਮਝਿਆ ਕਿ ਇਹ ਸੁਰ ਉਸ ਨੇ ਜਗਾਏ ਨੇ। ਇਕ ਦਮ ਹਵਾ ਬੰਦ ਹੋ ਗਈ ਤੇ ਮੈਂ ਚੁਪ ਹੋ ਗਿਆ ਤੇ ਹਰ ਚੀਜ਼ ਚੁੱਪ ਹੋ ਗਈ, ਗਾਲੜ੍ਹ ਨੇ ਵਾਰ-ਵਾਰ ਮੇਰੇ ਉੱਤੇ ਆਪਣਾ ਸਿਰ ਪਟਕਿਆ ਤੇ ਲਹੂ ਲੁਹਾਣ ਹੋ ਗਈ। (ਧੂਣੀ ਦੀ ਅੱਗ-76)

'ਗਗਨ ਮੈਂ ਥਾਲ' ਦੀ ਸਾਰੀ ਬਣਤਰ ਮੰਚੀ-ਵਿਉਂਤ, ਪਾਤਰਾਂ ਦਾ ਨਾਟਕੀ ਟਕਰਾਉ ਤੇ ਖ਼ਾਸ ਪਾਤਰਾਂ ਦਾ ਉਘਾੜ ਸਭ ਕੁਝ ਪਾਰਸੀ ਮੰਡਲੀਆਂ ਦੇ ਨਾਟਕਾਂ ਵਰਗਾ ਰੰਗ ਹੈ।

ਗਾਰਗੀ ਆਪਣੇ ਨਾਟਕਾਂ ਵਿਚ ਮਖੌਟੇ ਵਰਤਦਾ ਹੈ। ਅਭੀਨੈ ਸਮੇਂ ਅਭੀਨੇਤਾਵਾਂ ਦੇ ਚਿਹਰਿਆਂ ਨੂੰ ਮਖੌਟਿਆਂ ਵਰਗੇ ਬਣਾਉਂਦਾ ਹੈ। ਖ਼ਾਸ ਢੰਗ ਨਾਲ ਪਾਤਰਾਂ ਦੇ ਭਾਵਾਂ ਨੂੰ ਟਕਰਾਉਂਦਾ ਹੈ। ਪਾਰਸੀ ਨਾਟਕਾਂ ਵਿਚ ਝਾਕੀਆਂ ਪਾਟਣ ਵਾਂਗ ਉਹ ਚਾਨਣ ਪਰਛਾਵੇਂ ਤੇ ਮੰਚੀ ਜੜਤ, ਵਿਉਂਤ ਨਾਲ ਝਾਕੀ ਵਿਚੋਂ ਝਾਕੀ ਸਿਰਜਦਾ ਹੈ ਕਿਉਂਕਿ ਉਹ ਸਮਝਦਾ ਹੈ ਜਿਵੇਂ ਨਾਟਕ ਜ਼ਿੰਦਗੀ ਨੂੰ ਸੁਆਦੀ ਬਣਾਉਂਦਾ ਹੈ ਤਿਵੇਂ ਬਨਾਵਟ, ਮਖੌਟੇ, ਜਰਕ ਵਰਕ ਵਾਲੀ ਵੇਸ ਭੂਸ਼ਾ, ਉਚਿਆਇਆ ਨਾਟਕੀ ਸ਼ਰੀਰਕ ਅਭਿਨੈ, ਭਾਵੁਕ ਕਾਵਿਕ ਵਾਰਤਾਲਾਪ, ਯਥਾਰਥਵਾਦ ਨੂੰ ਤੇ ਅਸਲੀਅਤ ਨੂੰ ਵਧੇਰੇ ਉਘਾੜਦਾ ਹੈ। ਉਸ ਨੇ ਇਹ ਦ੍ਰਿਸ਼ਟੀਕੋਣ ਪਾਰਸੀ ਥੀਏਟਰੀਕਲ ਕੰਪਨੀਆਂ ਦੀ ਜਰਕ ਬਰਕ, ਸਜ ਧਜਨ ਮਘਦੇ ਭੜਕੀਲੇ ਵਾਰਤਾਲਾਪ, ਅਦਭੁਤ ਮੌਕਾ ਮੇਲ ਤੇ ਉਚਿਆਏ ਹੋਏ ਸ਼ਰੀਰਕ ਅਭੀਨੈ ਰਾਹੀਂ ਉਸਾਰੀ ਅਸਲੀ ਨਾਟਕੀਅਤਾ ਤੋਂ ਲਿਆ ਹੈ। ਉਸ ਦੀ ਸਫ਼ਲਤਾ ਇਸ ਵਿਚ ਹੈ ਕਿ ਉਸ ਨੇ ਇਹ ਸਭ ਕੁਝ ਕਲਾਤਮਕ ਢੰਗ ਨਾਲ ਲਿਆ ਹੈ।

ਸੰਤ ਸਿੰਘ ਸੇਖੋਂ ਨੇ ਪਾਰਸੀ ਥੀਏਟਰੀਕਲ ਕੰਪਨੀਆਂ ਦੇ ਨਾਟਕ ਵੇਖੇ ਤਾਂ ਜ਼ਰੂਰ ਹੋਣਗੇ ਪਰ ਉਸ ਨੇ ਇਨ੍ਹਾਂ ਦਾ ਚੇਤੰਨ ਤੌਰ ਉੱਤੇ ਪ੍ਰਭਾਵ ਨਹੀਂ ਕਬੂਲਿਆ, ਕਿਉਂਕਿ ਉਹ ਪੱਛਮ ਦੇ ਨਵੇਂ ਵਿਚਾਰ ਪ੍ਰਧਾਨ ਨਾਟਕਾਂ ਤੇ ਯਥਾਰਥਵਾਦੀ ਸਮਾਜਵਾਦੀ ਦ੍ਰਿਸ਼ਟੀਕੋਣ ਤੋਂ ਵਧੇਰੇ ਪ੍ਰਭਾਵਿਤ ਸੀ, ਪਰ ਜਿਥੇ ਵੀ ਉਸ ਨੇ ਵਿਸ਼ਾਲ ਗਤੀ ਵਾਲਾ ਨਾਟਕ ਲਿਖਣਾ ਚਾਹਿਆ ਉਥੇ ਅਚੇਤ ਹੀ ਪਾਰਸੀ ਨਾਟਕ ਮੰਡਲੀਆਂ ਦਾ ਪ੍ਰਭਾਵ ਆ ਗਿਆ ਹੈ।

'ਮਹਾਤਮਾ' ਇਕਾਂਗੀ ਵਿਚ ਗੀਤ, ਡੇਰੇ ਵਿਚ ਰਾਹੀਆਂ ਦੀਆਂ ਗੱਲਾਂ, ਕਰਾਮਾਤੀ ਅੰਸ਼, ਵਿਆਹੁਲੀ ਵਿਚਲਾ ਸੁਆਂਗ, ਮੌਕਾ ਮੇਲ, ਮਿਥਿਹਾਸਿਕ ਕਹਾਣੀਆਂ ਨੂੰ ਨਾਟਕੀ ਕਹਾਣੀ ਦਾ ਆਧਾਰ ਬਣਾਉਣਾ ਜਿਵੇਂ 'ਤਪਿਆ ਕਿਉਂ ਖਪਿਆ', 'ਦਮਯੰਤੀ', 'ਕਲਾਕਾਰ' ਵਿਚ, ਨਾਟਕੀ ਕਹਾਣੀ ਦਾ ਗਤੀ ਦੇ ਸਮੇਂ ਨੂੰ ਲਿਤਾੜ ਕੇ ਤੇਜ਼ੀ ਨਾਲ ਇਕ ਸਿੱਖਰੀ ਨੁਕਤੇ ਉੱਤੇ ਲਿਆਉਣ, ਜਿਵੇਂ 'ਤਪਿਆ ਕਿਉਂ ਖਪਿਆ' ਵਿਚ ਹੈ, ਆਦਿ ਸਭ ਕੁਝ ਕੰਪਨੀਆਂ ਦੇ ਨਾਟਕਾਂ ਦਾ ਪ੍ਰਭਾਵ ਹੈ।

ਪਰ 'ਵਾਰਿਸ', 'ਸਿਆਲਾਂ ਦੀ ਨਢੀ' ਤੇ 'ਦਮਯੰਤੀ' ਤਿੰਨੇ ਪੂਰੇ ਨਾਟਕਾਂ ਵਿਚ ਨਿਰਾ ਪ੍ਰਭਾਵ ਹੀ ਨਹੀਂ ਸਗੋਂ ਲਿਖੇ ਹੀ ਕੰਪਨੀਆਂ ਦੇ ਨਾਟਕਾਂ ਦੀ ਮੰਚੀ ਸ਼ੈਲੀ ਵਿਚ ਹਨ। ਸ਼ਾਇਦ ਸੇਖੋਂ ਨੂੰ ਇਹ ਗਿਆਨ ਹੋ ਗਿਆ ਸੀ ਕਿ 'ਵਾਰਿਸ', 'ਸਿਆਲਾਂ ਦੀ ਨਢੀ' ਤੇ 'ਦਮਯੰਤੀ' ਵਰਗੇ ਨਾਟਕਾਂ ਦੀਆਂ ਕਹਾਣੀਆਂ ਨੂੰ ਇਨ੍ਹਾਂ ਕੰਪਨੀਆਂ ਦੇ ਨਾਟਕਾਂ ਦੀ ਸੰਚਾਰ-ਵਿਧੀ ਦੇ ਆਸਰੇ ਤੋਂ ਬਿਨਾ ਨਾਟਕੀ ਰੂਪ ਦਿੱਤਾ ਹੀ ਨਹੀਂ ਜਾ ਸਕਦਾ।

ਇਨ੍ਹਾਂ ਤਿੰਨਾਂ ਵਿਚ ਵਿਸ਼ਾਲ ਦ੍ਰਿਸ਼ ਹਨ। ਮੌਕਾ-ਮੇਲ ਤੇ ਲਕੋ ਹੈ। ਸੁਆਂਗ ਹੈ। ਭੇਖ ਹੈ। ਰੁਮਾਂਚਿਕ ਗਠਜੋੜ ਹੈ। ਖਿਲਾਰ ਹੈ।

'ਵਾਰਿਸ' ਵਿਚ ਮੰਚ ਉੱਤੇ ਘੋੜੇ ਦੌੜਦੇ ਆਉਂਦੇ ਹਨ। ਭਾਗਭਰੀ, ਮੰਚ ਤੇ ਦੌੜੇ ਆਉਂਦੇ ਵਹਿੜੇ ਦੇ ਲਮਕ ਰਹੇ ਗਲ ਦੇ ਰਸੇ ਉੱਤੇ ਪੈਰ ਰਖਕੇ ਵਹਿੜਾ ਫੜਦੀ ਹੈ। ਖੇਤਾਂ ਵਿਚ ਹਾਲੀ ਹਲ ਵਾਹੁੰਦੇ ਹਨ। ਸੁਆਣੀਆਂ ਭੱਤਾ ਲੈ ਕੇ ਆਉਂਦੀਆਂ ਹਨ। ਅਬਦਾਲੀ ਦੇ ਹਮਲੇ ਮਗਰੋਂ ਉਜੜੇ ਪਿੰਡ ਦੇ ਦ੍ਰਿਸ਼ ਅਤੇ ਜ਼ਖ਼ਮੀਆਂ ਤੇ ਮਰਿਆਂ ਦੀਆਂ ਲਾਸ਼ਾਂ ਵਿਖਾਈ ਦਿੰਦੀਆਂ ਹਨ। ਸ਼ਾਹੀ ਜ਼ਨਾਨਖ਼ਾਨੇ ਵਿਚ ਬੇਗਮਾਂ ਪੰਘੂੜੇ ਝੂਟਦੀਆਂ ਹਨ। ਪਿੱਪਲ ਦੇ ਰੁਖ ਤੇ ਕਰੀਰ ਦੀਆਂ ਝਾੜੀਆਂ ਵਾਲੇ ਦ੍ਰਿਸ਼ ਰੂਪਮਾਨ ਹੁੰਦੇ ਹਨ। ਫ਼ੌਜਦਾਰ ਤੇ ਸਿਪਾਹੀ ਘੋੜਿਆਂ ਉੱਤੇ ਦੌੜੇ ਆਉਂਦੇ ਹਨ। ਇਉਂ ਇਸ ਵਿਚ ਵਿਸ਼ਾਲ ਪ੍ਰਾਕ੍ਰਿਤਿਕ ਦ੍ਰਿਸ਼ਾਂ ਰਾਹੀਂ ਸਮੇਂ ਦੀ ਸਥਿਤੀ ਸਿਰਜੀ ਹੈ। ਇਹ ਸਭ ਕੁਝ ਕੰਪਨੀ ਦੇ ਨਾਟਕਾਂ ਵਰਗਾ ਹੈ।

'ਸਿਆਲਾਂ ਦੀ ਨਢੀ' ਵਿਚ ਝਨਾ ਦਰਿਆ ਦਾ ਕੰਢਾ, ਦਰਿਆ ਵਿਚ ਖੜੋਤੀ ਬੇੜੀ, ਦਰਿਆ ਵਿਚ ਤਰਦਾ ਕਾਨਿਆਂ ਦਾ ਤੁਲਾ, ਖਜੂਰਾਂ, ਅੰਬਾਂ, ਬੇਰੀਆਂ ਦੇ ਰੁਖਾਂ ਵਾਲਾ ਕਾਲਾ ਬਾਗ, ਡੋਲੀ ਤੋਰਨ ਦੀ ਝਾਕੀ, ਪਿੰਡ ਦੀ ਰੋਹੀ ਵਿਚ ਭੇਡਾਂ ਚਾਰ ਰਿਹਾ ਅਯਾਲੀ ਆਦਿ ਸਾਰੇ ਦ੍ਰਿਸ਼ ਇਉਂ ਹਨ ਜਿਵੇਂ ਇਹ ਨਾਟਕ ਕਿਸੇ ਨੇ ਪਾਰਸੀ ਨਾਟਕੀ ਕੰਪਨੀ ਲਈ ਲਿਖਿਆ ਹੋਵੇ। ਹੀਰਾ ਦਾ ਖੇਲਣਾ ਉਸ ਦੇ ਵਿਚ ਸਤੋ ਦਾ ਬੋਲਣਾ ਸਭ ਕੁਝ ਕੰਪਨੀਆਂ ਦੇ ਨਾਟਕਾਂ ਦੇ ਪ੍ਰਭਾਵ ਦੀ ਗਵਾਹੀ ਭਰਦਾ ਹੈ।

ਦਮਯੰਤੀ ਵਿਚ ਮਿਥਿਹਾਸਿਕ ਕਹਾਣੀ ਨੂੰ ਨਵੇਂ ਅਰਥ ਦੇਣ ਦਾ ਹੈ ਪਰ ਇਸ ਦੀ ਸਾਰੀ ਬਣਤਰ ਕੰਪਨੀਆਂ ਦੇ ਨਾਟਕਾਂ ਵਰਗੀ ਵਿਸ਼ਾਲ ਤੇ ਖਿਲਰਵੀਂ ਹੈ। ਇਸ ਵਿਚ ਰਾਜ ਭਵਨ ਦਾ ਤਲਾ ਹੈ। ਤਲਾ ਵਿਚ ਦਮਯੰਤੀ ਸਹੇਲੀਆਂ ਸਮੇਤ ਨਹਾ ਕੇ ਹਟੀ ਹੈ। ਹੰਸ ਚਿਠੀ ਦਿੰਦਾ ਹੈ। ਇੰਦਰ, ਅਗਨੀ, ਪਉਣ ਦੇਵਤੇ ਉਪਰੋਂ ਉਤਰਦੇ ਹਨ। ਸਵੰਬਰ ਦੀ ਵਿਸ਼ਾਲ ਮੇਲੇ ਵਰਗੀ ਸਾਰੀ ਝਾਕੀ ਹੈ ਜਿਸ ਵਿਚ ਵੀਣੀ ਫੜਣ ਦੇ ਮੁਕਾਬਲੇ ਹੁੰਦੇ ਹਨ। ਵੱਖ-ਵੱਖ ਦੇਸ਼ਾਂ ਦੇ ਰਾਜਕੁਮਾਰ ਵੱਖ-ਵੱਖ ਆਪਣਾ-ਆਪਣਾ ਥਾਂ ਬਣਾ ਕੇ ਬੈਠੇ ਹਨ। ਕੋਈ ਚੌਪਟ ਖੇਡਦਾ ਹੈ। ਦਮਯੰਤੀ ਸਹੇਲੀ ਸਮੇਤ ਸਾਰੇ ਮੇਲੇ ਦਾ ਚਕਰ ਕੱਢਦੀ ਹੈ ਤੇ ਫਿਰ ਨਲ ਦੇ ਗਲ ਜੈ-ਮਾਲਾ ਪਾ ਦਿੰਦੀ ਹੈ। ਦੇਵਤੇ ਕਹਿਰ ਝੁਲਾਉਂਦੇ ਹਨ। ਅੰਨ੍ਹੇਰੀ ਵਗਦੀ ਹੈ। ਝਖੜ ਝੁਲਦਾ ਹੈ। ਮੀਂਹ ਵਸਦਾ ਹੈ। ਸਭ ਕੁਝ ਢਹਿ ਢੇਰੀ ਹੋ ਜਾਂਦਾ ਹੈ। ਮਨਬਚਨੀ ਦਾ ਪ੍ਰਯੋਗ ਹੈ। ਇਹ ਸਭ ਕੁਝ ਵਿਸ਼ਾਲ ਮੰਚ ਉੱਤੇ ਕੇਵਲ ਪਾਰਸੀ ਥੀਏਟਰੀਕਲ ਕੰਪਨੀਆਂ ਦੇ ਨਾਟਕੀ ਮੰਚ ਉੱਤੇ ਹੀ ਪੇਸ਼ ਕੀਤਾ ਜਾ ਸਕਦਾ ਹੈ।

ਇਨ੍ਹਾਂ ਤਿੰਨਾਂ ਨਾਟਕਾਂ ਵਿਚ ਕੰਪਨੀਆਂ ਦੇ ਨਾਟਕਾਂ ਦੀ ਬਣਤਰ ਤੇ ਝਾਕੀ-ਵਿਧਾਨ ਦਾ ਅਸਰ ਬਹੁਤ ਹੈ।

'ਮੋਇਆਂ ਸਾਰ ਨਾ ਕਾਈ' ਵਿਚ ਮਹਾਰਾਜਾ ਦਲੀਪ ਸਿੰਘ ਦੀ ਬਹੁਤ ਲੰਮੀ ਮਨਬਚਨੀ ਹੈ ਜੋ ਪੂਰਨ ਭਾਂਤ ਨਾਟਕੀ ਨਹੀਂ ਬਣ ਸਕੀ, ਕਿਤਾਬੀ ਪਾਠ ਬਣ ਗਈ ਹੈ।

ਇਨ੍ਹਾਂ ਤਿੰਨਾਂ ਨਾਟਕਾਂ ਵਿਚ ਜੇ ਮੰਚੀ ਕਚਿਆਈਆਂ ਰਹਿ ਗਈਆਂ ਹਨ ਤਾਂ ਉਸ ਦਾ ਕਾਰਨ ਇਹ ਹੈ ਕਿ ਸੇਖੋਂ ਨੇ ਇਨ੍ਹਾਂ ਕੰਪਨੀਆਂ ਦੇ ਨਾਟਕਾਂ ਤੇ ਇਨ੍ਹਾਂ ਦੇ ਮੰਚ ਦੀ ਮਹੱਤਾ ਨਹੀਂ ਸਮਝੀ ਤੇ ਉਹ ਇਹ ਭੁੱਲ ਗਿਆ ਹੈ ਕਿ ਪਾਰਸੀ ਨਾਟਕ ਮੰਡਲੀਆਂ ਦੇ ਨਾਟਕ ਤੇ ਨਾਟਕੀ ਮੰਚ ਕਚਿਆਈਆਂ ਤੇ ਕੁਰੀਤੀਆਂ, ਜੰਤਰ ਚਮਤਕਾਰਾਂ ਵਾਲੇ ਹੁੰਦੇ ਹੋਏ ਵੀ ਇਹ ਪੰਜਾਬੀ ਨਾਟਕ ਤੇ ਪੰਜਾਬੀ ਰੰਗ-ਮੰਚ ਦੇ ਵਿਕਾਸ ਦਾ ਆਧਾਰ ਸਨ ਤੇ ਇਨ੍ਹਾਂ ਨੂੰ ਪੂਰਨ ਭਾਂਤ ਸਮਝੇ ਬਿਨਾ ਸਫ਼ਲ ਮੰਚੀ ਨਾਟਕ ਲਿਖਣਾ ਅਸੰਭਵ ਸੀ। ਇਹੋ ਕਾਰਨ ਹੈ ਕਿ ਸੇਖੋਂ ਦੇ ਤਿੰਨ ਸਫ਼ਲ ਮੰਚੀ

ਇਕਾਂਗੀਆਂ ਤੋਂ ਬਿਨਾ ਸਫ਼ਲ ਮੰਚੀ ਨਾਟਕ ਨਾ ਲਿਖ ਸਕਿਆ। ਉਹ ਭੁੱਲ ਗਿਆ ਕਿ ਨਿਰਾ ਬੌਧਿਕ ਕਾਟਵਾ ਵਾਰਤਾਲਾਪ ਨਾਟਕ ਨਹੀਂ ਹੁੰਦਾ। ਨਾਟਕ ਨੂੰ ਸਦਾ ਮੰਚ ਦੀ ਪਿੱਠ-ਭੂਮੀ ਵਿਚ ਹੀ ਉਸਰਨਾ ਹੁੰਦਾ ਹੈ।

ਡਾ. ਰੌਸ਼ਨ ਨਾਲ ਆਹੂਜਾ ਨੇ ਵੀ ਪਾਰਸੀ ਨਾਟਕ ਮੰਡਲੀਏ ਨਾਟਕ ਜ਼ਰੂਰ ਵੇਖੇ ਹੋਣਗੇ, ਉਹ ਸ਼ਾਇਦ ਆਪਣੀ ਸਦਾਚਾਰਿਕ ਧਾਰਮਿਕ ਰੁਚੀ ਤੇ ਆਪਣੀ ਬੌਧਿਕ ਦ੍ਰਿਸ਼ਟੀ ਕਾਰਨ ਸਿੱਧਾ ਪ੍ਰਭਾਵ ਨਾ ਕਬੂਲ ਸਕੇ ਹੋਣ ਤੇ ਅੰਗਰੇਜ਼ੀ ਸਾਹਿੱਤ ਦੇ ਵਿਦਿਆਰਥੀ, ਅਧਿਆਪਕ, ਆਲੋਚਕ ਹੋਣ ਕਰਕੇ ਚੇਤੰਨ ਤੌਰ ਉੱਤੇ ਪੱਛਮੀ ਪੜ੍ਹੇ ਨਾਟਕਾਂ ਦਾ ਪ੍ਰਭਾਵ, ਉਨ੍ਹਾਂ ਮੰਚ ਤੇ ਵੇਖੇ ਬਿਨਾ ਹੀ ਲਿਆ ਹੋਵੇ। ਫਿਰ ਵੀ ਉਨ੍ਹਾਂ ਦੇ ਨਾਟਕ ਵਿਚ ਇਨ੍ਹਾਂ ਕੰਪਨੀਆਂ ਦੇ ਨਾਟਕਾਂ ਦਾ ਪ੍ਰਭਾਵ ਬਹੁਤ ਹੈ।

'ਕਲਿੰਗਾ ਦਾ ਦੁਖਾਂਤ' ਵਿਚ ਨਦੀਆਂ ਦੇ ਸੰਗਮ ਤੇ ਆਸ਼ਰਮ ਦੀ ਝਾਕੀ ਹੈ। ਗ੍ਰੰਥਾਂ ਤੋਂ ਆਗਿਆ ਲਈ ਜਾਂਦੀ ਹੈ। ਸੋ ਥੰਮਿਆਂ ਵਾਲੇ ਹਾਲ ਵਿਚ ਮਹਾਰਾਜਾ ਅਸ਼ੋਕ ਬਿਰਾਜਮਾਨ ਹਨ। ਅੱਗੇ ਖੁਲ੍ਹਾ ਮੈਦਾਨ ਹੈ। ਹਾਲ ਵਿਚ ਥਾਂ-ਥਾਂ ਗਾਰਡ ਖੜੇ ਹਨ। ਰਾਜ ਦਰਬਾਰ ਸਜਿਆ ਹੋਇਆ ਹੈ। ਕਬੂਤਰ ਸੁਨੇਹੇ ਲਿਆਉਂਦੇ ਹਨ। ਮੈਦਾਨ ਵਿਚ ਫ਼ੌਜੀ ਪ੍ਰਦਰਸ਼ਨੀ ਹੁੰਦੀ ਹੈ, ਘੋੜਿਆਂ ਦੀ ਦੌੜ, ਬਲਦਾਂ ਸੰਡਿਆਂ ਤੇ ਹਾਥੀਆਂ ਦੇ ਘੋਲ ਹੁੰਦੇ ਹਨ। ਰੱਥਾਂ ਦੀ ਦੌੜ ਹੁੰਦੀ ਹੈ। ਹਾਥੀ ਲੜਦੇ ਹਨ। ਸੰਖ ਵਜਦੇ ਹਨ। ਘੋੜ ਸਵਾਰ ਫ਼ੌਜ ਲੰਘਦੀ ਹੈ। ਹਾਥੀਆਂ ਦਾ ਜਲੂਸ ਲੰਘਦਾ ਹੈ। ਰੱਥਾਂ ਦਾ ਜਲੂਸ ਆਉਂਦਾ ਹੈ। ਨਾਲ ਸੰਗਰਾਮ ਸੰਗੀਤ ਵਜਦਾ ਹੈ। ਬੱਦਲ ਵਿਖਾਈ ਦਿੰਦੇ ਨੇ। ਬਦਲ ਸੂਰਜ ਅੱਗੇ ਆਉਂਦੇ ਹਨ। ਮਹਾਂਨਦੀ ਵਿਚ ਬੇੜੀ ਚਲਦੀ ਹੈ। ਸੋਨ ਨਦੀ ਤੇ ਬੇੜੀਆਂ ਦੇ ਬਣੇ ਪੁਲ ਤੋਂ ਗੰਧਾਰ ਸੈਨਾ ਲੰਘਦੀ ਹੈ। ਪ੍ਰਹਸਨ ਵਰਗੀ ਝਾਕੀ ਵਿਚ ਨਾਈ ਕੋਲੋਂ ਦਰਬਾਰ ਵਿਚ ਬ੍ਰਾਹਮਣਾਂ ਦਾ ਸਿਰ ਮੁਨਾਇਆ ਜਾਂਦਾ ਹੈ। ਮਰਾਸੀ ਮਨਾਦੀ ਕਰਦਾ ਹੈ। ਅਸ਼ੋਕ ਭਰਾ ਦੀ ਚਿੱਠੀ ਪੜ੍ਹਕੇ ਆਪਣੇ ਆਪ ਨਾਲ ਗੱਲਾਂ ਕਰਦਾ ਹੈ। ਅਸ਼ੋਕ ਹਾਥੀ ਉੱਤੇ ਨਦੀ ਪਾਰ ਕਰਦਾ ਹੈ। ਪਿੱਛੇ ਦਰਿਆ ਹੈ, ਅੱਗੇ ਰਣਭੂਮੀ ਹੈ। ਇਲਾਂ ਤੇ ਗਿੱਧਾਂ ਆਉਂਦੀਆਂ ਹਨ। ਕੁੱਤੇ ਰੋਂਦੇ ਹਨ। ਲੜਾਈ ਨਾਲ ਵਿਧਵਾ ਹੋਈਆਂ ਇਸਤਰੀਆਂ ਦੀ ਟੋਲੀ ਅਸ਼ੋਕ ਕੋਲ ਫ਼ਰਿਆਦ ਕਰਦੀ ਹੈ। ਇਹ ਸਭ ਕੁਝ ਪਾਰਸੀ ਨਾਟਕ ਮੰਡਲੀਆਂ ਦੀ ਯੰਤਰਕ ਮੰਚੀ ਜੜਤ ਹੀ ਰੂਪਮਾਨ ਕਰ ਸਕਦੀ ਹੈ। ਇਥੇ ਡਾ. ਆਹੂਜਾ ਅਚੇਤ ਹੀ ਇਹ ਮੰਨ ਰਿਹਾ ਹੈ ਕਿ ਅਸਲੀ ਇਤਿਹਾਸਿਕ ਨਾਟਕ ਕੇਵਲ ਕੰਪਨੀਆਂ ਦੇ ਨਾਟਕਾਂ ਦੀ ਸ਼ੈਲੀ ਵਿਚ ਹੀ ਲਿਖਿਆ ਜਾ ਸਕਦਾ ਹੈ।

'ਸਹਿਯੋਗ' ਵਿਚ ਨਿੱਕੀਆਂ ਝਾਕੀਆਂ ਹਨ। ਖੇਤਾਂ ਵਿਚ ਗੱਲਾਂ ਹੁੰਦੀਆਂ ਹਨ। ਸਾਧੂ ਗਾਉਂਦਾ ਆਉਂਦਾ ਹੈ। ਝਗੜੇ ਵਿਚ ਕਤਲ ਹੋਏ ਦੀ ਪੁਲਸ ਪੜਤਾਲ ਕਰਦੀ ਹੈ। ਪੱਗ ਬੰਨ੍ਹਣ ਦੀ ਰਸਮ ਹੁੰਦੀ ਹੈ। ਖੇਤਾਂ ਵਿਚ ਕਣਕ ਦੇ ਬੋਲ੍ਹ ਹਨ ਤੇ ਨਾਲ ਕਣਕ ਨਾਲ ਭਰੀਆਂ ਬੋਰੀਆਂ ਪਈਆਂ ਹਨ। ਮਿਰਾਸੀ ਬਾਜੀਗਰ ਗਾਉਂਦੇ ਹਨ। ਪਿੰਡ ਵਿਚ ਬਾਈਸਕੋਪ ਵਿਖਾਇਆ ਜਾਂਦਾ ਹੈ। ਰੇਡੀਓ ਦੇ ਗੀਤਾਂ ਦਾ ਪ੍ਰਯੋਗ ਕੀਤਾ ਗਿਆ ਹੈ। ਅਦਾਲਤ ਦੀ ਝਾਕੀ ਹੈ। ਕਵਾਲੀ ਗਾਈ ਜਾਂਦੀ ਹੈ। ਸਾਧੂ ਰੇਡੀਓ, ਬਾਜ਼ੀਗਰ ਤੇ ਮਿਰਾਸੀ ਦੇ ਗੀਤਾਂ ਦੀ ਭਰਮਾਰ ਹੈ ਤੇ ਗੀਤ ਨਾਲ ਹੀ ਇਹ ਨਾਟਕ ਅੰਤ ਹੁੰਦਾ ਹੈ। ਇਉਂ ਇਸ ਦੀਆਂ ਸਾਰੀਆਂ ਝਾਕੀਆਂ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਵਰਗੀਆਂ ਹਨ।

ਉਂਜ ਹੀ ਥਾਂ-ਥਾਂ ਗੀਤਾਂ ਦੇ ਸਾਧੂਆਂ ਦੀ ਗਾਈ ਗੁਰਬਾਣੀ ਨਾਲ ਕਹਾਣੀ ਦੀ ਉਸਾਰੀ ਕੀਤੀ ਹੈ ਤੇ ਜਜ਼ਬਾਤੀ ਹਲੂਣਾ ਵੀ ਦਿੱਤਾ ਹੈ।

ਸਾਧੂ : ਕਾਮ ਕ੍ਰੋਧ ਅਰ ਲੋਭ ਮੋਹ ਬਿਨਸ ਜਾਏ ਅਹੰਮੇਵ।
ਨਾਨਕ ਪ੍ਰਭ ਸਰਣਾਗਤੀ ਕਰ ਪ੍ਰਸਾਦ ਗੁਰਦੇਵ।[14]

ਮਰਾਸੀ : ਕਿਰਤ ਦੀ ਰਹਿਤ ਸੁਣੋ ਭਾਈ ਲੋਕੋ।
ਕਿਰਤ ਦਾ ਕਰਤਾ ਕਰਤਾਰ। (ਟੇਕ)
ਕਿਰਤ ਦੀ ਖੇਤੀ ਕਿਰਤ ਦੀ ਗੇਤੀ
ਕਿਰਤ ਦਾ ਖਾਏ ਸਭ ਸੰਸਾਰ। (ਟੇਕ)

ਗੀਤਾਂ ਨਾਲ ਟੇਕ ਦੇਣੀ ਨਾਟਕ ਕੰਪਨੀਆਂ ਦੇ ਗੀਤਾਂ ਦਾ ਪ੍ਰਭਾਵ ਹੈ।

ਲੋਹਾਰ : ਕਿਸਾਨ ਵਸੇ ਜਹਾਨ ਵਸੇ
ਵਸੇ ਗ਼ਰੀਬ ਅਮੀਰ

ਤਰਖਾਨ : ਕਿਸਾਨ ਰਜੇ ਜਹਾਨ ਰਜੇ
ਰਜਨ ਗ਼ਰੀਬ ਅਮੀਰ

ਕੁਮਹਾਰ : ਕਿਸਾਨ ਉਜੜੇ ਜਹਾਨ ਉਜੜੇ
ਉਜੜਨ ਚੋਰ ਫ਼ਕੀਰ

ਬਾਜ਼ੀਗਰ : ਦੇਂਦਾ ਦੇਹ ਲੈਂਦੇਂ ਥਕ ਪਾਹਿ।
ਜੁਗਾ ਜਗੰਤਰਿ ਖਾਹੀ ਖਾਹਿ।[15]

ਰੇਡੀਓ : ਇਹ ਜੀਵਨ ਸੰਗਰਾਮ ਬਾਬਾ
ਇਹ ਜੀਵਨ ਹੈ ਸੰਗਰਾਮ[16]

ਚੈਂਚਲ ਤੇ ਜਗਾ : ਲਗਾਈ ਅਸੀਂ ਹੈ ਮੁਹਬਤ ਦੀ ਬਾਜੀ।
ਮੁਹਬਤ ਦੀ ਬਾਜੀ ਹੈ ਖਿਦਮਤ ਦੀ ਬਾਜੀ।
ਨਵੇਂ ਦੇਸ ਦੀ ਹੈ ਮੁਸ਼ਕਤ ਦੀ ਬਾਜੀ।[17]

ਇਹ ਸਾਰੇ ਗੀਤ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਤੇ ਰਾਸਾਂ ਦੇ ਗੀਤਾਂ ਤੋਂ ਜਨਮੇ ਹਨ। ਇਉਂ ਹੀ ਭੂਮੀ ਮੁਜ਼ਾਰਿਆਂ ਦੇ ਟੋਲੀ ਗੀਤ ਹਨ। ਮੁਜ਼ਾਰਿਆਂ ਉੱਤੇ ਪੁਲਿਸ ਦਾ ਹਮਲਾ ਹੁੰਦਾ ਹੈ। ਭੰਡ ਨਕਲਾਂ ਕਰਦੇ ਹਨ। ਗਵੱਈਏ ਗਾਉਂਦੇ ਹਨ। ਵੱਡੇ-ਵੱਡੇ ਭਾਸ਼ਨ ਹੁੰਦੇ ਹਨ। ਤਸਵੀਰਾਂ ਵਿਖਾਈਆਂ ਜਾਂਦੀਆਂ ਹਨ। ਮਕਾਨਾਂ ਦੀਆਂ ਛੱਤਾਂ ਉੱਤੇ ਮਿੱਟੀ ਡਿਗਦੀ ਹੈ। ਪੁਰਾਣੇ ਕਪੜਿਆਂ ਬਦਲੇ ਭਾਂਡੇ ਵੇਚਣ ਵਾਲਾ ਆਉਂਦਾ ਹੈ। ਸਿਨਮੇ ਦੇ ਖੇਲ ਦੀ ਮੁਨਾਦੀ ਹੁੰਦੀ ਹੈ।

ਮੁੱਖ ਗਵੱਈਆ : ਅਸੀਂ ਕਾਮੇ ਤੇ ਜੋਧੇ ਹਾਂ
ਅਸੀਂ ਦਾਸ ਤੇ ਮੰਗਤੇ ਨਹੀਂ।

ਸਾਰੇ ਗਾਉਂਦੇ ਹਨ : ਅਸੀਂ ਨਹੀਂ ਓ ਛਡਣਾ
ਅਸੀਂ ਨਹੀਂ ਓ ਹਟਣਾ।[18]

ਇਸ ਵਿਚ ਥਾਂ-ਥਾਂ ਸ਼ਬਦੀ ਹਾਸਾ ਹੈ।

ਸਰੋਤਾ : ਜੂਆਂ ਦੀ ਕੌਣ ਪਰਵਾਹ ਕਰਦਾ ਏ। ਮੱਛਰਾਂ ਨਾਲ ਹੀ ਕੰਮ ਬਣੇਗਾ ਜਾਂ ਮੱਛਰ ਛੱਡੀਏ ਜਾਂ ਖਟਮਲ।

ਤੀਜਾ : ਭੁਖੀ ਭਾਣੀ ਸਰਕਾਰ ਕੋਲ ਕੀ ਪਿਆ ਏ।

ਦੂਜਾ : ਠਨ ਠਨ ਗੋਪਾਲ।[19]

ਇਹ ਹਾਸਾ, ਇਹ ਗੀਤ ਤੇ ਮੁਜ਼ਾਰਿਆਂ ਤੇ ਪੁਲਿਸ ਦੀ ਟੱਕਰ ਦੀਆਂ ਝਾਕੀਆਂ ਸਭ ਕੁਝ ਕੰਪਨੀਆਂ ਦੇ ਨਾਟਕਾਂ ਦਾ ਹੀ ਪ੍ਰਭਾਵ ਹੈ ਕਿਉਂਕਿ ਆਹੂਜਾ ਸਾਹਿਬ ਨੇ ਚੇਤੰਨ ਤੌਰ ਉੱਤੇ ਇਹ ਪ੍ਰਭਾਵ ਨਹੀਂ ਕਬੂਲਿਆ, ਮਜਬੂਰੀ ਕਾਰਨ ਨਾਟਕ ਰਚਨ ਦੀ ਇਹ ਵਿਧੀ ਅਪਨਾਈ ਹੈ ਜਿਸ ਕਰਕੇ ਇਨ੍ਹਾਂ ਨਾਟਕਾਂ ਵਿਚ ਮੰਚ ਨਾਲ ਸਾਂਝ ਪਾਉਣ ਦੀ ਸਮਰਥਾ ਨਹੀਂ ਆਈ।

ਗੁਰਦਿਆਲ ਸਿੰਘ ਫੁੱਲ ਨੇ ਬਚਪਨ ਵਿਚ ਲਗਾਤਾਰ ਢਾਈ ਸਾਲ ਪਾਰਸੀ ਨਾਟਕ ਮੰਡਲੀਆਂ ਦੇ ਖੇਲ ਵੇਖੇ ਸਨ। ਉਸ ਨੇ 1931 ਤਕ ਸਟੇਜ ਉੱਤੇ ਕੋਈ ਨਾਟਕ ਨਹੀਂ ਸੀ ਵੇਖਿਆ (ਦੁਆਬਾ ਖ਼ਾਲਸਾ ਹਾਈ ਸਕੂਲ ਜਲੰਧਰ ਵਿਚ 1925 ਨੂੰ 'ਮਹਾਰਾਜਾ ਰਣਜੀਤ ਸਿੰਘ' ਨਾਟਕ ਕ੍ਰਿਤ ਕਿਰਪਾ ਸਾਗਰ ਦੇ ਪਹਿਲੇ ਅੰਕ ਦੀ ਸੱਤਵੀਂ ਝਾਕੀ ਵੇਖੀ ਸੀ ਜਿਸ ਵਿਚ ਪਕੌੜੇ ਤੇ ਪਾਪੜ ਵੇਚੇ ਜਾਂਦੇ ਹਨ। ਇਹ ਮਾਸਟਰ ਗੁਰਨਾਮ ਸਿੰਘ ਡਰਾਇੰਗ

ਮਾਸਟਰ ਨੇ ਤਿਆਰ ਕਰਵਾਈ ਸੀ ਤੇ ਉਹ ਆਪ ਪਕੌੜੇ ਵੇਚਦਾ ਸੀ)। ਇਸ ਲਈ ਉਸ ਦੇ ਪਹਿਲੇ ਨਾਟਕ 'ਪਿਤਾ ਪਿਆਰ' ਨਾਟਕ ਦੀ ਬਣਤਰ ਬਿਲਕੁਲ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਵਰਗੀ ਹੈ। ਸਮੇਂ, ਸਥਾਨ ਦੀ ਅਨੇਕਤਾ ਹੈ। ਝਾਕੀਆਂ ਵਿਚੋਂ ਝਾਕੀਆਂ ਨਿਕਲੀਆਂ ਹਨ। ਪਾਤਰ ਤੁਰਦਾ ਜਾਂਦਾ ਹੈ, ਝਾਕੀ ਬਦਲਦੀ ਜਾਂਦੀ ਹੈ। ਟਾਂਗੇ ਰੇਲ ਗੱਡੀਆਂ ਨਾਟਕ ਵਿਚ ਆਉਂਦੇ ਹਨ। ਉਠਾਂ ਵਾਲੇ ਲੰਘਦੇ ਹਨ। ਪਲ-ਪਲ ਝਾਕੀ ਬਦਲਦੀ ਹੈ। ਮੇਲਿਆਂ ਤੇ ਵਿਆਹਾਂ ਦੀਆਂ ਝਾਕੀਆਂ ਹਨ। ਪਿੱਪਲਾਂ ਨਾਲ ਪੀਘਾਂ ਪਈਆਂ ਹੋਈਆਂ ਹਨ। ਮੇਕਾ ਮੇਲ ਹੈ। ਸੁਪਨਿਆਂ ਦਾ ਪ੍ਰਯੋਗ ਹੈ। ਸ਼ਕਲਾਂ ਦੇ ਭੁਲੇਖੇ ਪੈਂਦੇ ਹਨ। ਮਰ ਸੱਪ ਕੁੜੀਆਂ ਅੱਗੇ ਸੂਟ ਕੇ ਉਨ੍ਹਾਂ ਨੂੰ ਡਰਾਇਆ ਜਾਂਦਾ ਹੈ। ਮਨ ਬਚਨੀਆਂ ਹਨ। ਲੋਕ ਗੀਤਾਂ ਦੀ ਭਰਮਾਰ ਹੈ। ਸਿੱਠਣੀਆਂ ਹਨ। ਸੁਹਾਗ ਹਨ। ਘੋੜੀਆਂ ਹਨ। ਟੱਪੇ ਹਨ।

ਤੀਜੇ ਐਕਟ ਦੀ ਪਹਿਲੀ ਝਾਕੀ ਵਿਚ ਜੰਞ ਬਾਰਾਂ ਵਜੇ ਦੀ ਰੋਟੀ ਖਾ ਰਹੀ ਹੈ। ਦੂਜੀ ਵਿਚ ਖੱਟ ਵਿਛਾਈ ਹੋਈ ਹੈ। ਕੁੜੀ ਨੂੰ ਚੁੱਕ ਕੇ ਡੋਲੀ ਵਿਚ ਬਿਠਾਉਣ ਲਈ ਲੈ ਜਾਇਆ ਜਾਂਦਾ ਹੈ। ਤੀਜੀ ਵਿਚ ਕੰਙਣਾ ਖੋਲ੍ਹਿਆ ਜਾਂਦਾ ਹੈ। ਇਹ ਤਿੰਨੇ ਝਾਕੀਆਂ ਵਿਆਹ ਦੀਆਂ ਰਸਮਾਂ ਤੇ ਗੀਤਾਂ ਨਾਲ ਭਰੀਆਂ ਹੋਈਆਂ ਹਨ। ਪੰਜਵੇਂ ਐਕਟ ਦੀ ਪਹਿਲੀ ਝਾਕੀ ਵਿਚ ਮੁੰਡੇ ਲਾਠੀਆਂ ਚੁੱਕੀ ਬੋਲੀਆਂ ਪਾਉਂਦੇ ਮੇਲੇ ਜਾਂਦੇ ਹਨ। ਪਹਿਲੇ ਐਕਟ ਦੀ ਦੂਜੀ ਝਾਕੀ ਵਿਚ ਨਿਗੋਜਿਆਂ ਵਾਲਾ ਗਾਉਂਦਾ ਹੈ।

ਕਿਰਪਾਲ ਸਿੰਘ ਤੇ ਹਰਚਰਨ ਸਿੰਘ ਬਹੁਤ ਵਾਰੀ ਆਪਣੇ ਮਨ ਨਾਲ ਗੱਲਾਂ ਕਰਦੇ ਹਨ ਤੇ ਕਦੀ ਕਵਿਤਾ ਦੇ ਬੰਦ ਵੀ ਬੋਲਦੇ ਹਨ।

ਕਿਰਪਾਲ ਦੀਆਂ ਕੋਈ ਗਿਆਰ੍ਹਾਂ ਮਨਬਚਨੀਆਂ ਹਨ। ਸਫ਼ਾ ਪੰਜ, ਛੀ, ਅੱਠ, ਬਾਰਾਂ, ਵੀਹ, ਇਕੀ, ਬਾਈ, ਚਾਲੀ। ਇਨ੍ਹਾਂ ਵਿਚ ਪਿਤਾ ਲਈ ਤੜਪ ਹੈ ਤੇ ਦੁਆਲੇ ਦਾ ਪ੍ਰਤਿਕਰਮ ਹੈ। ਦੋ ਮਨ-ਬਚਨੀਆਂ ਹਰਚਰਨ ਸਿੰਘ ਦੀਆਂ ਹਨ ਤੇ ਇਕ ਜਸੀ ਦੀ ਹੈ।

ਕਿਰਪਾਲ : ਪੁਤਾਂ ਦਾ ਦੁਖ ਲੋਕ ਬੜਾ ਮੰਨਦੇ ਨੇ ਪਰ ਕੋਈ ਦੁਖ ਨਹੀਂ ਮਾਪਿਆਂ ਦਾ, ਪੁਤ ਅਜੇ ਮਿਲ ਸਕਦੇ ਨੇ ਪਰ ਮਾਪੇ ਕਿਵੇਂ?[20]

ਕਿਰਪਾਲ : (ਆਪਣੇ ਆਪ) ਪਿਤਾ ਦੀਆਂ ਗੱਲਾਂ ਵਿਚ ਕਿੰਨਾਂ ਸੁਖ ਏ ਤੇ ਪਰਤੱਖ ਤਾਂ ਨਿਰਾ ਪੁਰਾ ਸਵਰਗ ਦਾ ਬੂਟਾ ਹੋਣਾ ਏ।[21]

ਬੋਲੀਆਂ ਤੇ ਟੱਪਿਆਂ ਵਿਚ ਵਾਰਤਾਲਾਪ ਹੈ। ਪ੍ਰਸ਼ਨ ਉੱਤਰ ਹੈ।

ਰਾਜਿੰਦਰ : *ਇਕ ਜੋੜਾ ਈ ਪੱਖੀਆਂ ਦਾ*
ਨਾਲੇ ਸਾਡਾ ਮਾਹੀ ਲਗਦਾ ਨਾਲੇ ਚਾਨਣ ਅੱਖੀਆਂ ਦਾ।

ਹਰਦੇਵ : ਇਕ ਜੋੜਾ ਈ ਪੱਖੀਆਂ ਦਾ
ਪਰਤ ਕੇ ਤਕ ਬਾਲੋ ਮੁੱਲ ਲਗਦਾ ਨਹੀ ਅੱਖੀਆਂ ਦਾ।

ਸ਼ਮਸ਼ੇਰ : ਇਕ ਜੋੜਾ ਈ ਪੱਖੀਆਂ ਦਾ
ਹਰਬੰਤ ਸਾਡੀ ਭਾਬੀ ਲਗਦੀ ਨਾਲੇ ਚਾਨਣ ਅੱਖੀਆਂ ਦਾ।

ਰਾਜਿੰਦਰ : ਕੋਠੇ ਤੇ ਡੋਲ ਪਿਆ
ਬੁਢੜੇ ਨੂੰ ਇਸ਼ਕ ਲਗਾ ਕਬਰਾਂ ਚੋਂ ਬੋਲ ਪਿਆ।

ਹਰਦੇਵ : ਸੜਕੇ ਤੇ ਰਿੜ ਵਟਿਆ।
ਜਿਨ੍ਹਾਂ ਯਾਰੀ ਨਹੀਂ ਲਾਈ ਉਨ੍ਹਾਂ ਦੁਨੀਆ ਤੋਂ ਕੀ ਖੱਟਿਆ।[22]

ਸੋ ਇਸ ਨਾਟਕ ਦੀ ਸਾਰੀ ਬਣਤਰ ਪਾਰਸੀ ਥੀਏਟਰੀਕਲ ਕੰਪਨੀਆਂ ਦੇ ਨਾਟਕਾਂ ਵਰਗੀ ਹੈ ਤੇ ਅੰਤਰ ਇਹ ਹੈ ਕਿ ਇਸ ਵਿਚ ਗੀਤਾਂ ਦੀ ਥਾਂ ਸਾਰੇ ਹੀ ਲਗਭਗ ਲੋਕ ਗੀਤ ਵਰਤੇ ਹਨ।

'ਕਾਲਜੀਏਟ' ਜਿਹੜਾ ਪਹਿਲੀ ਵਾਰੀ ਖ਼ਾਲਸਾ ਕਾਲਜ ਵਿਖੇ 1945 ਨੂੰ ਖੇਡਿਆ ਗਿਆ ਸੀ, ਵਿਚ ਭਾਵੇਂ ਸਮੇ ਸਥਾਨ ਦੀ ਅਨੇਕਤਾ ਘੱਟ ਗਈ ਹੈ ਪਰ ਫਿਰ ਵੀ ਖੇਤਾਂ, ਡਰਾਉਣੇ ਰਾਹਾਂ, ਹੋਟਲਾਂ ਅਤੇ ਪੀਘਾਂ ਝੂਟਣ ਦੀਆਂ ਝਾਕੀਆਂ ਹਨ। ਇਸ ਵਿਚ ਪਰਦਾ ਉਠਣ ਤੋਂ ਪਹਿਲਾਂ ਗੀਤ ਦੀ ਆਵਾਜ਼ ਆਉਂਦੀ ਹੈ "ਭਾਰਤ ਦੇ ਨੌਜੁਆਨੋ ਉਠੋ ਉਠੋ ਹੁਣ ਉਠੋ।"[23]

ਇਸ ਨਾਟਕ ਦੀ ਬਣਤਰ ਵਿਚ ਮੌਕਾ ਮੇਲ ਹੈ। ਡਰੋਣੇ ਦ੍ਰਿਸ਼ ਹਨ। ਫ਼ਕੀਰ ਗਾਉਂਦੇ ਲੰਘਦੇ ਹਨ। ਕੁੜੀਆਂ ਗਾਉਂਦੀਆਂ ਹਨ। ਮੁੰਡਾ ਕੁੜੀ ਰਲ ਕੇ, ਦੋ-ਗਾਣਾ ਗਾਉਂਦੇ ਹਨ। ਹੋਰ ਫੇਰ ਵਾਲੇ ਫਰੇਬੀ ਕਰਮ ਹਨ।

ਦੀਪ : ਸਾਵਨ ਲਾਈ ਬਹਾਰ ਪੀਂਘ ਮੈਂ ਕਿਥੇ ਪਾਵਾਂ
ਕੋਇਲ ਕੂਕੇ, ਪੀ ਪੁਕਾਰੇ
ਬਹਿ ਟਹਿਣੀ ਤੇ ਲਏ ਹੁਲਾਰੇ
ਪੀਘਾਂ ਵਾਲੀਆਂ ਪੀਘਾਂ ਝੂਟਣ ਮੈਂ ਕਮਲੀ ਕਿਤ ਜਾਣਾ।[24]

ਮਲਕੀਤ ਤੇ ਅਜਲ ਡਿਊਟ ਗਾਉਂਦੇ ਹਨ :

ਮਲਕੀਤ : ਹਾਏ ਨੀ ਤੂੰ ਦੱਸੀ ਨਾਂ
ਦਸੀਂ ਨਾ ਬੋਲੀ ਨਾ, ਦਿਲ ਦੀ ਘੁੰਡੀ ਖੋਲ੍ਹੀ ਨਾ
ਹਾਏ ਨੀ ਤੂੰ ਦੱਸੀਂ ਨਾ
ਫੜੀ ਜੇ ਮੇਰੀ ਬਾਂਹ ਨੀ ਦੱਸੀ ਨਾ ਮੇਰਾ ਨਾਂ ਨੀ।
ਟੋਕੇਗੀ ਤੇਰੀ ਮਾਂ ਨੀ ਹਾਏ

ਅਜਲ : ਸਾਗਰ ਨਾ ਪੈਂਦੇ ਬੁਕੀਆਂ
ਪੱਥਰ ਨਾ ਮੇਖਾਂ ਖੁਬੀਆਂ
ਪ੍ਰੀਤਾਂ ਨਾ ਰਹਿਣ ਗੁਝੀਆ
ਹਾਏ ਨਾਂ ਕਿਦਾਂ ਦੱਸਾਂ ਮੈਂ।[25]

ਮਨਬਚਨੀ ਦਾ ਰੰਗ ਵੇਖੋ :

ਬਖ਼ਸ਼ੀਸ਼ : ਗ਼ਰੀਬੀ ਵੀ ਇਕ ਲਾਹਨਤ ਏ। ਪਾਪ ਏ (ਸੋਚ ਕੇ) ਨਹੀਂ ਅਮੀਰੀ ਇਕ ਗੁੱਝਾ ਰੋਗ ਏ।

ਦੀਪ : ਹਾਏ ਮੇਰੀ ਕਿਸਮਤ (ਮੱਥੇ ਤੇ ਹੱਥ ਮਾਰ ਕੇ) ਮੈਂ ਘਰ ਦਿਆਂ ਦੀ ਮਿੱਟੀ ਪੱਟੀ।

ਅੰਨ੍ਹਾ ਫ਼ਕੀਰ ਗਾਉਂਦਾ ਹੈ :

ਫ਼ਕੀਰ : ਰਾਹੀ ਚਲ ਰਾਹੀ ਚਲ
ਕਿਤੇ ਰਾਹ ਵਿਚ ਨਾ ਰਾਤ ਪੈ ਜਾਵੇ।
ਤੇਰੀ ਕਿਸਮਤ ਥਕੀ ਮਾਂਦੀ ਜੋ।
ਕਿਤੇ ਰਾਹ ਵਿਚ ਅਕ ਨਾ ਬਹਿ ਜਾਵੇ।[26]

ਇਨ੍ਹਾਂ ਸਾਰੇ ਗੀਤਾਂ ਦੀ ਸ਼ੈਲੀ ਤੇ ਧੁੰਨੀਆਂ ਥੀਏਟਰੀਕਲ ਹਨ।

ਇਉਂ ਹੀ ਉਸ ਦੇ ਨਾਟਕ 'ਜੋੜੀ', 'ਸਾਥੀ', 'ਆਦਮੀ ਦੀ ਅਕਲ' ਨਾਟਕਾਂ ਵਿਚ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਦਾ ਪ੍ਰਭਾਵ ਪ੍ਰਤੱਖ ਹੈ। ਇਹ ਪ੍ਰਭਾਵ ਨਾਟਕ ਦੀ ਕਹਾਣੀ ਦੀ ਉਸਾਰੀ ਜਜ਼ਬਾਤਾਂ ਦੀ ਤੀਖਣਤਾ ਤੇ ਗੀਤਾਂ ਦੇ ਵਿਲਖਣ ਪ੍ਰਯੋਗ ਵਿਚ ਵੇਖਿਆ ਜਾ ਸਕਦਾ ਹੈ।

'ਨਵਾਂ ਜਨਮ ਪੁਰਾਣੀ ਮੌਤ' ਦੀ ਅਖ਼ੀਰਲੀ ਝਾਤ ਵਿਚ ਹਨੇਰੀ ਝੁਲ ਰਹੀ ਹੈ। ਬਾਹਰ ਅੰਨ੍ਹੇਰਾ ਹੈ, ਅੰਦਰ ਅੰਨ੍ਹੇਰਾ ਹੈ। ਮਹਿੰਦਰ ਜਿਹਦਾ ਜੁਆਨ ਪੁਤਰ ਮਰ ਗਿਆ ਹੈ ਤੇ ਉਸ ਨੇ ਪੁਤਰ ਦੀ ਮੰਗੇਤਰ ਆਪਣੇ

ਦੇਹਤਰੇ ਨਾਲ ਵਿਆਹ ਦਿੱਤੀ ਤੇ ਔਤਰੇ ਹੋਣੇ ਬਚਣ ਲਈ ਆਪਣੇ ਭਾਣਜੇ ਦੀ ਪਤਨੀ ਭਾਵ ਪੁਤਰ ਦੀ ਮੰਗੇਤਰ ਵੱਲ ਵਧਦਾ ਹੈ।

ਮਹਿੰਦਰ : ਮੇਰੇ ਵਿਚ ਰਬ ਬੋਲ ਰਿਹਾ ਹੈ। ਮੈਨੂੰ ਤੀਜੀ ਅੱਖ ਮਿਲ ਗਈ ਹੈ। ਦੇਖ ਕੁਲਰੀਤ (ਉਸ ਦਾ ਪੁਤਰ) ਦੀ ਆਤਮਾ ਨੰਗੀ ਖੜੀ ਏ। ਉਸ ਨੂੰ ਅੱਗੇ ਢੋਈ ਨਹੀਂ। ਉਸ ਦਾ ਸਰੀਰ ਭੱਜ ਗਿਆ ਏ, ਉਸ ਦੀ ਗਲਤੀ ਨਾਲ ਬਿਨਾ ਸਰੀਰ ਦੇ ਕਪੜੇ ਉਹ ਇਧਰ ਨਹੀਂ ਆ ਸਕਦਾ। ਕੀ ਤੂੰ ਉਸ ਦੀ ਆਤਮਾ ਨੂੰ ਕਪੜਾ ਨਹੀਂ ਦੇਵੇਂਗੀ ? ਕੀ ਨੰਗੀ ਚੀਜ਼ ਨੂੰ ਕੱਜਣਾ ਮਾੜਾ ? ਔਹ ਵੇਖ ਉਸ ਦੀ ਆਤਮਾ ਸਰੀਰ ਲਈ ਤੜਪ ਰਹੀ ਏ।

ਆ ਆਪਾਂ ਵੀ ਹੋਣੀ ਦੇ ਮੂੰਹ ਦੇ ਚਪੇੜ ਮਾਰੀਏ।

ਇਹ ਪਾਪ ਨਹੀਂ–ਸਿਰਜਨਾ ਪਾਪ ਨਹੀਂ ਆਤਮਾ ਨੂੰ ਸਰੀਰ-ਕਪੜਾ ਦੇਣਾ ਪਾਪ ਨਹੀਂ ?.....[27]

'ਸਭ ਕਿਛੁ ਹੋਤਿ ਉਪਾਇ' ਵਿਚ ਮੰਚ ਉੱਤੇ ਤੰਬੂ ਲਾ ਕੇ ਵਿਚ ਬਹੁਤ ਸ਼ਕਤੀਸ਼ਾਲੀ ਚਾਨਣ ਕਰਕੇ ਗੁਰੂ ਗੋਬਿੰਦ ਸਿੰਘ ਦੇ ਅੰਦਰ ਹੋਣ ਦਾ ਭੁਲੇਖਾ ਪਾਇਆ ਗਿਆ ਹੈ।

ਇਸ਼ ਨਾਟਕ ਦੇ ਅੰਤ ਵਿਚ ਕਮਰੇ ਦੇ ਅੰਦਰ ਜਿਸ ਦਾ ਬੂਹਾ ਖੁੱਲ੍ਹਾ ਹੈ, ਰਣਜੀਤ ਮਿਆਨ ਵਿਚੋਂ ਕਿਰਪਾਨ ਕੱਢਦਾ ਵਿਖਾਈ ਦੇ ਰਿਹਾ ਹੈ। ਉਸ ਉੱਤੇ ਸ਼ਕਤੀਸ਼ਾਲੀ ਚਾਨਣ ਪਾਇਆ ਜਾ ਰਿਹਾ ਹੈ। ਪਿੱਛੇ ਸ਼ਬਦ ਦੀ ਧੁਨੀ ਆ ਰਹੀ ਹੈ 'ਦੇਹ ਸ਼ਿਵਾ ਬਰ.....' ਕਮਰੇ ਦੇ ਬਾਹਰ ਦਲਾਵਰ ਜਿਸ ਦੇ ਕਾਲੇ ਕਪੜੇ ਹਨ, ਹੱਥ ਵਿਚ ਲਹੂ ਰੰਗਿਆ ਬਰਛਾ ਹੈ, ਰਣਜੀਤ ਦੀ ਭੈਣ ਲਜਿਆ ਚੁੱਕਣ ਆ ਰਿਹਾ ਹੈ। ਬੂਹੇ ਦੇ ਬਾਹਰ ਰਣਜੀਤ ਦੀ ਮਾਂ ਧੰਨ ਦੇਈ ਬਾਹਾਂ ਫੈਲਾ ਰੋਕ ਰਹੀ ਹੈ। ਦਲਾਵਰ ਤੇ ਸੁਰਮਈ ਪੇਤਲਾ ਕਾਲਾ ਅਨ੍ਹੇਰਾ ਕੀਤਾ ਹੋਇਆ ਹੈ ਇਉਂ ਕਾਲ੍ਹਕ ਤੇ ਚਾਨਣ, ਜ਼ੁਲਮ ਤੇ ਜਾਗ੍ਰਿਤੀ ਦਾ ਘੋਲ ਸਾਕਾਰ ਹੋ ਜਾਂਦਾ ਹੈ।

'ਜਿਨ ਸਚ ਪਲੈ ਹੋਇ' ਵਿਚ ਗੁਰਬਾਣੀ ਨਾਲ ਜਿਥੇ ਗੁਰੂ ਨਾਨਕ ਨੂੰ ਮੰਚ ਉੱਤੇ ਸਾਕਾਰ ਕੀਤਾ ਹੈ ਉਥੇ ਗੀਤਾਂ ਦਾ ਬੜਾ ਭਾਵਪੂਰਵਕ ਪ੍ਰਯੋਗ ਹੈ। ਲੋਕ ਕਹਾਣੀਆਂ ਸੁਣਾ ਕੇ ਵਿਸ਼ਾ ਉਘਾੜਿਆ ਹੈ। ਲੋਕ ਕਹਾਣੀ ਦੇ ਰੂਪ ਬਸੰਤ ਪਾਤਰਾਂ ਦੇ ਆਧਾਰ ਉੱਤੇ ਯਤੀਮ ਰੂਪ ਬਸੰਤ ਸਿਰਜੇ ਹਨ। ਉਹ ਤੋਤਾ ਮੈਨਾ ਦੀਆਂ ਗੱਲਾਂ ਕਰਦੇ ਹਨ ਤੇ ਪਿਛਿਉਂ :

ਦੁਆਲੇ ਰੁਖ ਡਰਾਉਣੇ ਰੁਖ ਤਾਂ ਹਰੇ ਭਰੇ।
ਮਾਵਾਂ ਠੰਢੀਆਂ ਛਾਵਾਂ ਛਾਵਾਂ ਕੌਣ ਕਰੇ।
ਰੂਪ ਬਸੰਤ ਦੀ ਹਾਮੀ ਮਾਂ ਬਿਨ ਕੌਣ ਭਰੇ।[28]

ਇਹ ਗੀਤ ਗਾਇਆ ਜਾਂਦਾ ਹੈ ਜਿਸ ਨਾਲ ਜਨਤਾ ਦੀ ਦੁਰਦਸ਼ਾ ਸਾਕਾਰ ਹੋ ਜਾਂਦੀ ਹੈ।

ਇਉਂ ਹੀ 'ਅਸੀਂ ਦੂਣ ਸਵਾਏ ਹੋਇ' ਵਿਚ ਪਿਛੋਕੜ ਤੋਂ ਇਹ ਲੋਕ ਗੀਤ ਗੁਆ ਕੇ ਸਮੇਂ ਦਾ ਚਿੱਤਰ ਸਿਰਜਿਆ ਹੈ।

ਇਹੋ ਜੇਹੀਆਂ ਵਿਲੱਖਣ ਝਾਕੀਆਂ ਗੁਰਦਿਆਲ ਸਿੰਘ ਫੁੱਲ ਨੇ ਬਚਪਨ ਵਿਚ ਪਾਰਸੀ ਥੀਏਟਰੀਕਲ ਕੰਪਨੀਆਂ ਦੇ ਲਗਾਤਾਰ ਢਾਈ ਸਾਲ ਵੇਖੇ ਨਾਟਕਾਂ ਤੇ ਉਨ੍ਹਾਂ ਕੰਪਨੀਆਂ ਦੀ ਅੱਖੀਂ ਬਣਦੀ ਵੇਖੀ ਮੰਚ ਤੇ ਸਾਹਮਣੇ ਹੁੰਦੀ ਵੇਖੀ ਜੜਤ ਦੇ ਪ੍ਰਭਾਵ ਨਾਲ ਹੀ ਸਿਰਜੀਆਂ ਹਨ।

ਸੋ ਗੁਰਦਿਆਲ ਸਿੰਘ ਫੁੱਲ ਨੇ ਮੰਚੀ ਜੜਤ ਵਿਧੀ, ਨਾਟਕੀ ਮੌਕੇ ਸਿਰਜਨ ਦੀ ਜਾਂਚ, ਗੀਤਾਂ ਰਾਹੀਂ ਭਾਵਾਂ ਨੂੰ ਡੂੰਘਾ ਕਰਨ ਦੀ ਜੁਗਤ, ਪਾਤਰਾਂ ਦੇ ਅੰਦਰਲੇ ਘੋਲ ਨੂੰ ਸਾਕਾਰ ਕਰਨ ਲਈ ਪਿਛੋਕੜ ਦੀਆਂ ਆਵਾਜ਼ਾਂ ਤੇ ਮਨਬਚਨੀਆਂ ਵਰਤਨ ਦਾ ਢੰਗ ਭਾਵ ਭੁਲੇਖੇ ਰਾਹੀਂ ਨਾਇਕ ਨੂੰ ਮੰਚ ਤੋਂ ਬਾਹਰ ਰਖਕੇ ਨਾਇਕ ਨੂੰ ਮੰਚ ਉੱਤੇ ਸਾਕਾਰ ਕਰਨ ਦੀ ਵਿਧੀ ਆਦਿ ਪਾਰਸੀ ਥੀਏਟਰੀਕਲ ਕੰਪਨੀਆਂ ਦੇ ਨਾਟਕਾਂ ਤੇ ਉਨ੍ਹਾਂ ਦੀ ਮੰਚ ਨੂੰ ਚੰਗੀ ਤਰ੍ਹਾ ਵਿਚਾਰ ਕੇ ਉਸਾਰਨ ਦੀ ਜੁਗਤੀ ਸਿਖੀ ਹੈ।

ਡਾ. ਸੁਰਜੀਤ ਸਿੰਘ ਨਾਟਕਕਾਰ, ਅਭਿਨੇਤਾ, ਨਿਰਦੇਸ਼ਕ, ਰੇਡੀਓ ਨਾਟਕ ਨਿਰਦੇਸ਼ਕ ਤੇ ਫਿਲਮੀ ਨਾਟਕਕਾਰ ਹੈ। ਉਸ ਨੇ ਪਾਰਸੀ ਨਾਟਕਾਂ ਨੂੰ ਚੰਗੀ ਤਰ੍ਹਾਂ ਚੇਤੰਨ ਹੋ ਕੇ ਵੇਖਿਆ ਹੈ। ਰੇਡੀਓ ਨਾਟਕ ਲਿਖੇ ਤੇ ਪੇਸ਼ ਕੀਤੇ ਹਨ ਤੇ ਪੱਛਮੀ ਨਾਟਕ ਤੇ ਸਟੇਜ ਬਾਬਤ ਬਹੁਤ ਕੁਝ ਪੜ੍ਹਿਆ ਹੈ ਤੇ ਪੜ੍ਹਾਇਆ ਹੈ। ਉਹ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਤੇ ਆਗਾ ਹਸ਼ਰ ਵਰਗੇ ਨਾਟਕਕਾਰਾਂ ਦੀ ਮੰਚ ਉੱਤੇ ਪ੍ਰਸਿੱਧੀ ਦਾ ਕਾਰਨ ਸਮਝਦਾ ਹੈ। ਇਸ ਲਈ ਉਸ ਨੇ ਲੋੜ ਅਨੁਸਾਰ ਚੇਤੰਨ ਤੌਰ ਉੱਤੇ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਦਾ ਪ੍ਰਭਾਵ ਲਿਆ ਹੈ। 'ਪਰਦੇ ਪਿੱਛੇ ਦੀ ਬਣਤਰ ਕੌਣ ਦਿਲਾਂ ਦੀਆਂ ਜਾਣੇ' ਵਿਚ ਇਕ ਦੂਜੇ ਤੇ ਊਜ ਲਾਉਣ ਦੀ ਉਲਾਰੂ ਰੁਚੀ, ਭਰਮੇ ਵਿਚ ਨਾਟਕੀ ਗੋਂਦ ਤੇ ਸ਼ਾਮਾਂ ਪੈ ਗਈਆਂ ਹੀ ਸਾਰੀ ਗੱਲ-ਬਾਤ ਉੱਤੇ ਪਾਰਸੀ ਨਾਟਕ ਮੰਡਲੀਆਂ ਦਾ ਅਸਰ ਹੈ।

ਪ੍ਰਾਕ੍ਰਿਤਿਕ ਦ੍ਰਿਸ਼ਾਂ ਦਾ ਜਿਵੇਂ ਬੱਦਲ, ਬਿਜਲੀ, ਅੰਨ੍ਹੇਰੀ ਦਾ ਪਾਤਰਾਂ ਉੱਤੇ ਭਾਵੁਕ ਅਸਰ ਵਿਖਾ ਕੇ ਨਾਟਕੀ ਘੋਲ ਉਜਾਗਰ ਕਰਨਾ ਭਾਵੇਂ ਸੇਠੀ ਦੇ ਨਾਟਕਾਂ ਵਿਚ ਫਿਲਮਾਂ ਤੋਂ ਆਇਆ ਜਾਪਦਾ ਹੈ, ਪਰ ਇਹ ਪਾਰਸੀ ਥੀਏਟਰੀਕਲ ਕੰਪਨੀਆਂ ਦਾ ਹੀ ਅਸਲ ਅਸਰ ਹੈ ਜਿਵੇਂ 'ਅਪਮਾਨ', 'ਦੋ ਤੇ ਦੋ ਪੰਜ', 'ਕੱਚਾ ਘੜਾ' ਆਦਿ ਨਾਟਕਾਂ ਵਿਚ। ਰਾਤ ਦੀਆਂ ਝਾਕੀਆਂ ਲੈਣੀਆਂ ਜਿਵੇਂ 'ਸਕੈਂਡਲ ਪੁਆਇੰਟ', 'ਕੌਣ ਦਿਲਾਂ ਦੀਆਂ ਜਾਣੇ', 'ਨੰਗੀ ਸੜਕ ਰਾਤ ਦਾ ਉਹਲਾ' ਵੀ ਕੰਪਨੀਆਂ ਦੇ ਨਾਟਕਾਂ ਦਾ ਅਸਰ ਹੈ।

ਦੁਰਘਟਨਾ ਨਾਲ ਦੋ ਪਾਤਰਾਂ ਜਾਂ ਦੋ ਵਿਅਕਤੀਆਂ ਦਾ ਅਨੋਖਾ ਮੇਲ ਸਿਰਜਣਾ ਜਿਵੇਂ 'ਮਰਦ ਮਰਦ ਨਹੀਂ ਤੀਵੀਂ-ਤੀਵੀਂ ਨਹੀਂ' ਵਿਚ ਹੈ, ਵੀ ਕੰਪਨੀਆਂ ਦੇ ਨਾਟਕ ਵਿਚ ਦੇਵਨੇਤੀ ਦੁਰਘਟਨਾ ਸਿਰਜ ਕੇ ਰੰਗ ਬੰਨ੍ਹਣ ਵਾਲੀ ਜੁਗਤ ਹੈ।

'ਮੇਰਾ ਮਿਰਜ਼ਾ ਯਾਰ' ਦੀ ਕਹਾਣੀ ਲੋਕ ਕਹਾਣੀ ਹੈ। ਇਹ ਕਬਰ ਦੀ ਝਾਕੀ ਨਾਲ ਆਰੰਭ ਹੁੰਦਾ ਹੈ। ਅੰਨ੍ਹੇਰੇ ਨਾਲ ਝਾਕੀ ਬਦਲਦੀ ਹੈ। ਅੰਨ੍ਹੇਰੀ ਝਾਕੀ ਵਿਚ ਹੀ ਸਾਹਿਬਾਂ ਦੇ ਘਰ ਵਿਆਹ ਦੀ ਤਿਆਰੀ ਤੇ ਮਿਰਜ਼ਾ ਤੇ ਸਾਹਿਬਾਂ ਦੇ ਭਰਾਵਾਂ ਦੀ ਲੜਾਈ ਵਿਖਾਈ ਜਾਂਦੀ ਹੈ ਜਦੋਂ, ਮਿਰਜ਼ੇ ਨੂੰ ਤਰਕਸ਼ ਨਹੀਂ ਲੱਭਦਾ ਤਾਂ ਨਾਲ ਹੀ ਆਵਾਜ਼ ਉਸਰਦੀ ਹੈ-'ਮੰਦਾ ਕੀਤਾ ਸਾਹਿਬਾਂ ਮੇਰਾ ਤਰਕਸ਼ ਟੰਗਿਆ ਈ ਜੰਡ'। ਮਿਰਜ਼ਾ ਮਾਰਿਆ ਜਾਂਦਾ ਹੈ। ਸਾਹਿਬਾਂ ਪਾਗਲ ਹੋ ਜਾਂਦੀ ਹੈ। ਮਿਰਜ਼ੇ ਦੀ ਰੂਹ ਆਉਂਦੀ ਹੈ ਤੇ ਪਾਗਲ ਹੋਈ ਸਾਹਿਬਾਂ ਨੂੰ ਲੈ ਜਾਂਦੀ ਹੈ ਤੇ ਨਾਟਕ ਇਸ ਗੀਤ ਨਾਲ ਖ਼ਤਮ ਹੋ ਜਾਂਦਾ ਹੈ :

> ਜਿਥੇ ਮਿਰਜ਼ਾ ਵੱਢਿਆ ਉਥੇ ਰੋਣ ਤਿੱਤਰ ਤੇ ਮੋਰ।
> ਮਹਲਾਂ ਵਿਚ ਰੋਂਦੀਆਂ ਰਾਣੀਆਂ, ਕਬਰਾਂ ਵਿਚ ਰੋਂਦੇ ਚੋਰ।
> ਮਿਰਜ਼ਾ ਸਾਹਿਬਾਂ ਦੀ ਆਸ਼ਕੀ ਸਭ ਝੂਠੇ ਕਿਸੇ ਹੋਰ।[29]

ਇਉਂ ਪਿਛੋਕੜ ਤੋਂ ਭਾਵਪੂਰਵਕ ਗੀਤ ਗੁਆ ਕੇ ਭਾਵਾਂ ਨੂੰ ਤੀਖਣ ਕਰਨਾ ਜਾਂ ਨਾਇਕ ਦੇ ਦੁਖਾਂਤ ਦਾ ਵਿਸ਼ਲੇਸ਼ਣ ਕਰਨਾ, ਰੂਹ ਦਾ ਆਉਣਾ, ਰੂਹਾਂ ਦਾ ਪ੍ਰੇਮਿਕਾ ਨੂੰ ਲੈ ਜਾਣਾ, ਅੰਨ੍ਹੇਰਾ ਕਰਕੇ ਝਾਕੀ ਬਦਲਣੀ ਤੇ ਅਨ੍ਹੇਰੀ ਝਾਕੀ ਵਿਚ ਪਿਛੋਕੜ ਦੀ ਜਾਂ ਦੁਖਾਂਤਕ ਝਾਕੀ ਵਿਖਾਉਣੀ ਸਭ ਕੁਝ ਪਾਰਸੀ ਥੀਏਟਰੀਕਲ ਕੰਪਨੀਆਂ ਦੇ ਰੁਮਾਂਚਿਕ ਨਾਟਕਾਂ ਤੋਂ ਆਇਆ ਹੈ।

'ਭਰਿਆ-ਭਰਿਆ ਸਖਣਾ-ਸਖਣਾ' ਵਿਚ ਮੀਂਹ ਦੀ ਝਾਕੀ, ਮੀਂਹ ਵਿਚ ਭਿਜਣ ਦੀ ਝਾਕੀ, ਛੋਲੇ ਵੇਚਣ ਵਾਲੇ ਦੀ ਝਾਕੀ ਤੇ ਪਿਆਰ ਦੀਆਂ ਉਲਾਰੂ ਗੱਲਾਂ ਵੀ ਕੰਪਨੀਆਂ ਦੇ ਨਾਟਕਾਂ ਦਾ ਅਸਰ ਹੈ।

'ਇਹ ਜ਼ਿੰਦਗੀ ਹੈ ਦੋਸਤੋ' ਵਿਚ ਪੈਟਰੋਲ ਪੰਪ ਵਾਲੀ ਝਾਕੀ ਜਿਥੇ ਖੋਖਿਆਂ ਵਿਚ ਵੱਖੋ-ਵੱਖ ਦੁਕਾਨਾਂ ਹਨ, ਜਿਵੇਂ ਭਾਂਤ-ਭਾਂਤ ਦੇ ਆਦਮੀ ਆਉਂਦੇ ਹਨ ਤੇ ਭਾਂਤ-ਭਾਂਤ ਦੀਆਂ ਗੱਲਾਂ ਕਰਦੇ ਹਨ। ਇਹ ਸਾਰਾ ਹੀ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਵਿਚ ਸਿਰਜਿਆ ਹੋਇਆ ਬਾਜ਼ਾਰ ਜਾਪਦਾ ਹੈ। ਸੇਠੀ ਦੇ ਨਾਟਕਾਂ ਵਿਚ ਪਾਤਰ ਉਲਾਰੂ ਹੋ ਕੇ ਪਾਗਲ ਹੋ ਜਾਂਦੇ ਹਨ। ਰਜ਼ੀਆ ਕਾਦਰਯਾਰ ਦੇ ਇਸ਼ਕ ਵਿਚ ਪਾਗਲ ਹੋ ਜਾਂਦੀ ਹੈ। ਸਾਹਿਬਾਂ ਮਿਰਜ਼ੇ ਦੀ ਮੌਤ ਉੱਤੇ ਪਾਗਲ ਹੋ ਜਾਂਦੀ ਹੈ। ਚਾਚਾ ਪਹਿਲਾਂ ਪਾਗਲ ਹੁੰਦਾ ਹੈ। ਫਿਰ ਜੈਦੀਪ ਪਾਗਲ

ਹੋ ਜਾਂਦਾ ਹੈ। ਇਹੋ ਜੇਹੇ ਪਾਤਰ ਭਾਵੇਂ ਸੇਠੀ ਨੇ ਬੰਬਈ ਦੇ ਜੀਵਨ ਵਿਚੋਂ ਲਏ ਹਨ, ਪਰ ਇਨ੍ਹਾਂ ਦੀ ਉਸਾਰੀ ਪਾਰਸੀ ਨਾਟਕ ਵਿਚਲੇ ਭਾਵੁਕ ਉਲਾਰੂ ਪਾਤਰਾਂ ਵਾਂਗ ਕੀਤੀ ਗਈ ਹੈ।

'ਮੇਰਾ ਮੁਰਸ਼ਦ ਮੋੜ ਲਿਆਓ' ਦੀ ਬਣਤਰ, ਝਾਕੀ, ਵਿਉਂਤ, ਪਹਿਰਾਵਾ ਆਦਿ ਪਾਰਸੀ ਕੰਪਨੀਆਂ ਦੇ ਨਾਟਕਾਂ ਵਰਗਾ ਹੈ। ਝਾਕੀਆਂ ਵਿਚੋਂ ਝਾਕੀਆਂ ਰੌਸ਼ਨੀ ਨਾਲ ਨਿਕਲਦੀਆਂ ਹਨ। ਉਹ ਆਪ ਕਹਿੰਦਾ ਹੈ "ਇਸ ਵਿਚ ਰੌਸ਼ਨੀ ਤੋਂ ਵਧੇਰਾ ਕੰਮ ਲਿਆ ਗਿਆ ਹੈ। ਸੈਟਿੰਗ ਬਹੁਤ ਸਾਧਾਰਨ ਹੈ, ਕੇਵਲ ਪਾਤਰਾਂ ਦੀਆਂ ਪੁਸ਼ਾਕਾਂ ਤੇ ਮੇਕ-ਅਪ ਨਾਲ ਹੀ ਵਾਤਾਵਰਣ ਪੈਦਾ ਕੀਤਾ ਗਿਆ ਹੈ।" 'ਮੇਰਾ ਮੁਰਸ਼ਦ ਮੋੜ ਲਿਆਉ' ਪਾਤਰ ਬੁੱਤ ਬਣ ਕੇ ਖੜੋਂਦੇ ਹਨ, ਮੰਚ ਤੇ ਭੀੜ ਇਕੱਠੀ ਹੁੰਦੀ ਹੈ, ਪਲ-ਪਲ ਅੰਨ੍ਹੇਰਾ ਹੁੰਦਾ ਹੈ, ਕਾਰਜ ਅੱਗੇ ਤੁਰਦਾ ਹੈ। ਫ਼ਰੀਦ ਦੇ ਸਲੋਕ ਗਾਏ ਜਾਂਦੇ ਹਨ–'ਦਿਲਹੁ ਮਹਬਤ ਜਿਨ ਸੇਈ ਸਚਿਆ'। ਪਾਤਰਾਂ ਨੂੰ ਜੁੱਤੀਆਂ ਤੇ ਕੋੜੇ ਮਾਰੇ ਜਾਂਦੇ ਹਨ, ਆਦਿ ਸਭ ਕੁਝ ਨਾਟਕੀ ਕਾਰਜ ਵਿਚ ਗਤੀ ਸਿਰਜਨ ਲਈ ਕੀਤਾ ਗਿਆ ਹੈ, ਜਿਵੇਂ ਪਾਰਸੀ ਨਾਟਕ ਕੰਪਨੀਆਂ ਦੇ ਨਾਟਕਾਂ ਦੇ ਨਿਰਦੇਸ਼ਕ ਕਰਦੇ ਸਨ ਉਹ ਪਰਦੇ ਪਾੜਕੇ, ਪਟਾਖੇ ਚਲਾ ਕੇ ਕਰਦੇ ਸਨ ਤੇ ਇਥੇ ਅੰਨ੍ਹੇਰੇ ਚਾਨਣ ਦੇ ਪ੍ਰਯੋਗ ਨਾਲ ਕੀਤਾ ਗਿਆ ਹੈ।

ਅਸਲ ਵਿਚ ਸੇਠੀ ਨੇ ਪਾਰਸੀ ਥੀਏਟਰੀਕਲ ਕੰਪਨੀਆਂ ਦੇ ਨਾਟਕਾਂ ਤੇ ਉਨ੍ਹਾਂ ਦੀ ਮੰਚ ਨੂੰ ਨਾਟਕੀ ਪੱਖੋਂ ਅਤੇ ਪੇਸ਼ਾਕਾਰੀ ਤੇ ਮੰਚੀ ਜੜਤ ਦੇ ਪੱਖੋਂ ਬਹੁਤ ਚੰਗੀ ਤਰ੍ਹਾਂ ਘੋਖਿਆ ਹੈ ਤੇ ਉਹ ਕੁਝ ਲਿਆ ਹੈ ਜੋ ਉਸ ਨੂੰ ਆਪਣੇ ਉਲਾਰੂ ਅਤ੍ਰਿਪਤ ਗੁੰਝਲਦਾਰ ਪਾਤਰਾਂ ਨੂੰ ਉਸਾਰਨ ਵਿਚ ਸਹਾਈ ਹੋਇਆ ਹੈ। ਸੇਠੀ ਨੇ ਲਿਆ ਬਹੁਤ ਕੁਝ ਹੈ, ਪਰ ਕਲਾਤਮਕ ਢੰਗ ਨਾਲ ਲਿਆ ਹੈ।

ਕਪੂਰ ਸਿੰਘ ਘੁੰਮਣ ਦੇ ਨਾਟਕਾਂ ਵਿਚ ਵੀ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਦਾ ਪ੍ਰਭਾਵ ਪ੍ਰਤੱਖ ਵੇਖਿਆ ਜਾ ਸਕਦਾ ਹੈ। ਮੌਕਾ ਮੇਲ ਜਿਵੇਂ 'ਅਤੀਤ ਦੇ ਪਰਛਾਵੇਂ' ਵਿਚ ਲਾਲਸਾ ਮੁੜ ਉਸ ਬੋਟ ਵਿਚ ਹੀ ਹਨੀਮੂਨ ਮਨਾਉਣ ਲਈ ਜਾਂਦੀ ਹੈ, ਜਿਥੇ ਉਹ ਆਪਣੇ ਪ੍ਰੇਮੀ ਨਾਲ ਪਹਿਲਾਂ ਹਨੀਮੂਨ ਮਨਾ ਗਈ ਸੀ। ਲਕੋ ਜੁਗਤ ਦੀ ਵਰਤੋਂ ਜਿਵੇਂ 'ਅਸਲੀ ਨਕਲੀ' ਵਿਚ ਹੈ ਜਾਂ 'ਕਚ ਦੇ ਗਜਰੇ' ਵਿਚ ਵੀ ਕੰਪਨੀਆਂ ਦੇ ਨਾਟਕਾਂ ਦਾ ਪ੍ਰਭਾਵ ਹੈ।

'ਜੀਉਂਦੀ ਲਾਸ਼' ਦੀ ਸਾਰੀ ਕਹਾਣੀ ਹੀ ਪਾਰਸੀ ਕੰਪਨੀਆਂ ਦੇ ਨਾਟਕਾਂ ਦੀਆਂ ਕਹਾਣੀਆਂ ਵਰਗੀ ਹੈ, ਜਿਹੜੀਆਂ ਕਾਵਿਕ ਰੁਮਾਂਚਿਕ ਮੌਕਾ ਮੇਲ ਨਾਲ ਉਸਰਦੀਆਂ ਸਨ। ਕੰਚਨਾ ਦਾ ਆਪਣਾ ਸੰਤਾਲੀ ਦੇ ਘਲੂਘਾਰੇ ਦੇ ਅਤਿਆਚਾਰ ਵਿਚ ਪੈਦਾ ਹੋਏ ਨਾਜਾਇਜ਼ ਬੱਚੇ ਨੂੰ ਪਾਰਵਤੀ ਦੇ ਘਰ ਪਲਣ ਲਈ ਛੱਡਣਾ, ਉਸ ਦਾ ਦੀਪਕ ਦਾ ਮਾਡਲ ਬਣਨਾ, ਦੀਪਕ ਦਾ ਉਸ ਉੱਤੇ ਆਸ਼ਕ ਹੋਣਾ, ਜਦ ਉਸ ਨੂੰ ਪਤਾ ਲੱਗਣਾ ਕਿ ਉਹ ਕੌਣ ਹੈ ਤਾਂ ਉਸ ਦਾ ਉਸ ਨੂੰ ਘ੍ਰਿਣਾ ਕਰਨਾ, ਮੇਜਰ ਕੋਹਲੀ ਨੇ ਆਪਣੀ ਧੀ ਨੂੰ ਲੱਭਣ ਲਈ ਉਸ ਦੀ ਮਾਂ ਦੀ ਫੋਟੋ ਵਿਖਾ ਕੇ ਉਸ ਦੀ ਫੋਟੋ ਦੀਪਕ ਤੋਂ ਬਣਵਾਉਣਾ, ਮੇਜਰ ਕੋਹਲੀ ਦੇ ਹਥੋਂ ਕੰਚਨਾ ਦਾ ਬੱਚਾ ਖੋਹਣ ਲਗਿਆ ਮਰਨਾ, ਕੰਚਨਾ ਦਾ ਪਾਗਲ ਹੋ ਕੇ ਹਰੀਸ਼ ਦਾ ਬੱਚਾ ਚੁੱਕ ਕੇ ਇਹ ਕਹਿੰਦਿਆਂ 'ਇਹ ਮੇਰਾ ਬੱਚਾ ਏ ਮੈਂ ਨਹੀਂ ਦਿਆਂਗੀ', ਦੌੜਨਾ ਆਦਿ ਸਾਰੇ ਨਾਟਕੀ ਮੌਕੇ ਤੇ ਭਾਵੁਕ ਮੋੜ ਅਤੇ ਜਜ਼ਬਾਤੀ ਭਾਵਾਂ ਦਾ ਟਾਕਰਾ ਕੰਪਨੀਆਂ ਦੇ ਨਾਟਕਾਂ ਵਰਗੇ ਭਾਵੁਕ ਜਜ਼ਬਾਤੀ, ਅਦਭੁਤ ਤੇ ਦਿਲ ਹਿਲਾਊ ਹਨ। ਕਈ ਥਾਈਂ ਇਸ ਨਾਟਕ ਦਾ ਵਾਰਤਾਲਾਪ ਵੀ ਕੰਪਨੀਆਂ ਦੇ ਨਾਟਕਾਂ ਦੇ ਵਾਰਤਾਲਾਪ ਵਰਗਾ ਹੈ, ਜਿਵੇਂ :

ਕੰਚਨਾ : ਕਲਾਕਾਰ ਖਿਡੌਣਿਆਂ ਨਾਲ ਜੀ ਪਰਚਾਵੇ ਇਹ ਕਲਾ ਦੀ ਹੇਠੀ ਏ।

ਦੀਪਕ : ਕਲਾ ਕਲਾਕਾਰ ਦੀ ਪਹੁੰਚ ਤੋਂ ਪਰੇ ਰਹੇ ਇਹ ਕਲਾ ਦੀ ਵਧੀਕੀ ਏ। ਕਲਾਕਾਰ ਦੀ ਮੌਤ ਏ।

ਕਚਨਾ : ਕਲਾਕਾਰ ਕਲਾ ਨੂੰ ਪਛਾਣੇ ਨਾ ਇਹ ਕਲਾਕਾਰ ਦੀ ਬਦਕਿਸਮਤੀ ਏ।

ਦੀਪਕ : ਕਲਾ ਮੂੰਹ ਪਾੜ-ਪਾੜ ਕੇ ਆਖੇ ਮੈਂ ਕਲਾ ਨਹੀਂ ਇਹ ਕਲਾਕਾਰ ਲਈ ਕਿਆਮਤ ਏ।[30]

ਕਪੂਰ ਸਿੰਘ ਘੁੰਮਣ 'ਪਿੰਜਰ' ਆਦਿ ਨਾਟਕਾਂ ਵਿਚ ਉਂਜ ਹੀ ਲਿਆਉਂਦਾ ਹੈ ਜਿਵੇਂ ਪਾਰਸੀ ਨਾਟਕ ਮੰਡਲੀਆਂ, ਪ੍ਰਹਿਲਾਦ ਭਗਤ ਵਿਚ ਤੱਪਦਾ ਥੰਮ ਲਿਆਇਆ ਕਰਦੀਆਂ ਸਨ। ਲਕੋ ਨਾਲ ਹੀ ਘੁੰਮਣ ਰਸ ਨਹੀਂ ਉਸਾਰਦਾ ਸਗੋਂ ਪਾਤਰਾਂ ਦੀ ਅਦਲਾ ਬਦਲੀ ਨਾਲ ਵੀ ਉਸਾਰਦਾ ਤੇ ਲਿਤਾੜਦਾ ਹੈ। ਜਿਊਂਦੀ ਲਾਸ਼ ਵਿਚ ਬੱਚਾ ਬਦਲਿਆ ਹੈ, 'ਜ਼ਿੰਦਗੀ ਤੋਂ ਦੂਰ' ਵਿਚ ਮੰਜੁਲਾ ਕਤਲ ਕਰਕੇ ਆਪਣੇ ਪਿਤਾ ਕੋਲ ਆ ਜਾਂਦੀ ਹੈ। ਉਹ ਉਸ ਨੂੰ ਦੌੜਾ ਕੇ ਆਪਣੇ ਆਪ ਨੂੰ ਕਾਤਲ ਕਹਿ ਕੇ ਪੁਲਿਸ ਦੇ ਹਵਾਲੇ ਕਰ ਦਿੰਦਾ ਹੈ। ਇਹ ਭਾਵੁਕ ਪਸ਼ਚਾਤਾਪ ਕਰਨ ਦੀ ਵਿਧੀ ਵੀ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਤੋਂ ਆਈ ਹੈ :

ਮੰਜੁਲਾ : ਪਰ ਮੈਨੂੰ ਜ਼ਿੰਦਗੀ ਨਹੀਂ ਚਾਹੀਦੀ।

ਤਿਆਗੀ : ਤੈਨੂੰ ਜ਼ਿੰਦਗੀ ਨਾ ਵੀ ਚਾਹੀਦੀ ਹੋਵੇ, ਤੂੰ ਜ਼ਿੰਦਗੀ ਨੂੰ ਠੋਕਰ ਵੀ ਮਾਰੀ ਹੋਵੇ ਤਾਂ ਵੀ ਰਾਤ ਦੇ ਅੰਨ੍ਹੇਰੇ ਵਿਚ ਗਵਾਚ ਜਾ ਮੇਰੀ ਬੱਚੀ ਕੋਈ ਪਿਤਾ ਆਪਣੀ ਪੁਤਰੀ ਨੂੰ ਪੁਲਸ ਦੇ ਹਵਾਲੇ ਨਹੀਂ ਕਰ ਸਕਦਾ.....ਤੇ ਮੈਂ.....ਮੈਂ ਤੇਰਾ ਪਿਤਾ ਨਹੀਂ ? ਚਲ ਮੇਰੀ ਬੱਚੀ-ਜਲਦੀ ਕਰ.....

ਇਹ ਮੇਰੀ ਬੱਚੀ ਏ ਸੰਭੂ.....ਮੰਜੁਲਾ.....ਤੂੰ ਮੇਰੀ ਬੱਚੀ ਨੂੰ ਪਿਛਲੀ ਦੀਵਾਰ ਟਪਾ ਕੇ ਨਦੀ ਦੇ ਪਾਰ ਕਰ ਆ, ਜਲਦੀ ਕਰ-ਮੇਰੀ ਬੱਚੀ।

ਮੰਜੁਲਾ : ਮੈਨੂੰ ਮੁਆਫ਼ ਕਰ ਦੇਣਾ ਪਿਤਾ ਜੀ।

ਤਿਆਗੀ : ਚਲ ਮੇਰੀ ਬੱਚੀ ਚਲ..... (ਸੰਭੂ ਮੰਜੁਲਾ ਜਾਂਦੇ ਹਨ) (ਤਿਆਗੀ ਹੰਝੂ ਪੂੰਝ ਕੇ ਬਾਹਰਲੇ ਦਰਵਾਜ਼ੇ ਵੱਲ ਵਧਦਾ ਹੈ, ਚਿਟਕਣੀ ਨੂੰ ਹੱਥ ਪਾਉਂਦਾ ਹੈ ਤਾਂ ਦਰਵਾਜ਼ਾ ਹੋਰ ਜ਼ੋਰ ਨਾਲ ਖੜਕਦਾ ਹੈ)

ਹੁਣ ਮੈਨੂੰ ਗਰਿਫਤਾਰ ਕਰ ਲਉ ਮੈਂ ਖ਼ੂਨੀ ਆਂ।[31]

ਕਪੂਰ ਸਿੰਘ ਘੁੰਮਣ ਆਪਣੇ ਨਾਟਕਾਂ ਵਿਚ ਪਾਤਰਾਂ ਦੇ ਅੰਦਰਲੇ ਘੋਲ ਨੂੰ ਸਾਕਾਰ ਕਰਨ ਲਈ ਜਾਂ ਜਜ਼ਬਾਤੀ ਰੰਗ ਬੰਨ੍ਹਣ ਲਈ ਜਾਂ ਨਾਟਕੀ ਟਕਰ ਨੂੰ ਗੂਹੜਾ ਤੇ ਤੀਖਣ ਕਰਨ ਲਈ ਗੀਤਾਂ ਦੇ ਟਪਿਆਂ, ਗੀਤ ਦੇ ਬੋਲ ਦੀਆਂ ਆਵਾਜ਼ਾਂ ਤੇ ਕੋਰਸਾਂ ਦਾ ਆਮ ਪ੍ਰਯੋਗ ਕਰਦਾ ਹੈ। ਕੋਰਸ 'ਬੁਝਾਰਤ' ਵਿਚ ਵਰਤਿਆ ਹੈ ਤੇ 'ਅਤੀਤ ਦੇ ਪਰਛਾਵੇਂ' ਵਿਚ ਇਸ ਗੀਤ ਦੀ ਆਵਾਜ਼ "ਜ਼ਿੰਦਗੀ ਵਿਚ ਦੇ ਦੁਖ ਤੋਂ ਬਚ ਕੇ ਰਹਿਣਾ ਹੈ ਮੁਹਾਲ, ਕਿਸ ਤਰ੍ਹਾਂ ਕੋਈ ਪਾਣੀਆਂ ਭਿਜਿਆ ਬਿਨ ਤਰ ਲਵੇ" ਨਾਟਕ ਦੀ ਆਤਮਾ ਨੂੰ ਅਭਿਵਿਅਕਤ ਕਰਦੀ ਹੈ। ਇਹ ਵਿਧੀ ਪਾਰਸੀ ਨਾਟਕ ਮੰਡਲੀਆਂ ਦੀ ਹੀ ਵਿਧੀ ਹੈ।

ਕਪੂਰ ਸਿੰਘ ਘੁੰਮਣ ਆਪਣੇ ਨਾਟਕਾਂ ਦੇ ਆਰੰਭ ਵਿਚ ਜਾਂ ਅੰਤ ਵਿਚ ਆਪਣੇ ਨਾਟਕਾਂ ਦੀ ਪੇਸ਼ਕਾਰੀ ਸੰਬੰਧੀ ਤੇ ਮੰਚੀ ਜੜਤ ਬਾਰੇ ਜੋ ਵਿਸਥਾਰ ਸਹਿਤ ਹਿਦਾਇਤਾਂ ਦਿੰਦਾ ਹੈ, ਉਹ ਸਭ ਕੁਝ ਪਾਰਸੀ ਨਾਟਕ ਮੰਡਲੀਆਂ ਦੇ ਮੰਚ ਦੀ ਟੈਕਨੀਕਲ ਜੰਤਰਕ ਜੜਤ ਵਿਧੀ ਦਾ ਹੀ ਅਸਰ ਹੈ।

ਕਪੂਰ ਸਿੰਘ ਘੁੰਮਣ ਨੇ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਤੇ ਮੰਚ ਤੋਂ ਭਾਵੁਕ ਜਜ਼ਬਾਤੀ ਦਿਲ ਟੁੰਬਣ ਵਾਲੇ ਮੌਕੇ ਸਿਰਜਨ ਦੀ ਵਿਧੀ ਲਈ ਹੈ ਤੇ ਫਿਰ ਉਸ ਨੂੰ ਆਪਣੀ ਲੋੜ ਅਨੁਸਾਰ ਵਰਤਿਆ ਹੈ। ਇਹੋ ਕਾਰਨ ਹੈ ਕਿ ਉਹ ਨਾਟਕ ਤੇ ਮੰਚ ਦੇ ਸੰਬੰਧ ਨੂੰ ਸਦਾ ਸਾਹਮਣੇ ਰਖਕੇ ਨਵੇਂ ਪ੍ਰਯੋਗ ਕਰਨ ਦੇ ਯਤਨ ਕਰਦਾ ਹੈ।

ਕਈ ਨੌਜਵਾਨ ਨਾਟਕ ਲਿਖਣ ਦਾ ਪ੍ਰਯੋਗ ਕਰ ਰਹੇ ਹਨ, ਪਰ ਤੀਜੀ ਪੀੜ੍ਹੀ ਦੇ ਨਾਟਕਕਾਰਾਂ ਵਿਚ ਕੇਵਲ ਆਤਮਜੀਤ ਸਿੰਘ ਤੇ ਅਜਮੇਰ ਸਿੰਘ ਔਲਖ ਹੀ ਸਿਰਕੱਢ ਰਹੇ ਹਨ। ਇਨ੍ਹਾਂ ਦੋਹਾਂ ਨੇ ਪਾਰਸੀ ਨਾਟਕ ਮੰਡਲੀਆਂ ਦੇ ਨਾਟਕ ਨਹੀਂ ਵੇਖੇ ਹਨ। ਇਨ੍ਹਾਂ ਦੋਹਾਂ ਦੀ ਆਪਣੀ-ਆਪਣੀ ਵੱਖਰੀ ਸ਼ੈਲੀ ਹੈ। ਆਤਮਜੀਤ ਐਬਸਰਡ ਥੀਏਟਰ ਤੋਂ ਪ੍ਰਭਾਵਿਤ ਹੋ ਕੇ ਚਿੰਨ੍ਹਾਤਮਕ ਢੰਗ ਨਾਲ ਸਾਧਾਰਨ ਗੱਲ ਵਿਚੋਂ ਡੂੰਘੇ ਅਰਥ ਕੱਢਣ ਦਾ ਯਤਨ ਕਰ ਰਿਹਾ ਹੈ। ਅਜਮੇਰ ਸਿੰਘ ਔਲਖ ਮਾਲਵੇ ਦੇ ਕਿਸਾਨਾਂ ਦੇ ਜੀਵਨ ਮਾਲਵੇ ਦੀ ਯਥਾਰਥਵਾਦੀ ਤੇ

ਰੁਮਾਂਚਿਤ ਸੰਸਕ੍ਰਿਤੀ ਦੀ ਪਿੱਠ-ਭੂਮੀ ਵਿਚ ਪੇਸ਼ ਕਰ ਰਿਹਾ ਹੈ। ਇਨ੍ਹਾਂ ਦੋਹਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਤੇ ਦਰਸ਼ਕਾਂ ਨੂੰ ਕੀਲਨ ਲਈ ਜੋ-ਜੋ ਢੰਗ ਵਰਤਿਆ ਹੈ, ਉਹ ਅਚੇਤ ਹੀ ਬਾਕੀ ਨਾਟਕਕਾਰਾਂ ਰਾਹੀਂ ਪਾਰਸੀ ਨਾਟਕ ਮੰਡਲੀਆਂ ਦੇ ਨਾਟਕ ਤੇ ਮੰਚ ਦਾ ਪਿਆ ਪ੍ਰਭਾਵ ਹੀ ਹੈ।

ਪਾਰਸੀ ਨਾਟਕ ਕੰਪਨੀਆਂ ਦੇ ਅਭਿਨੇਤਾ ਜਿਵੇਂ ਪਿੱਛੇ ਕਿਹਾ ਹੈ, ਦਰਸ਼ਕਾਂ ਨਾਲ ਗੱਲਾਂ ਕਰਨ ਲੱਗ ਪੈਂਦੇ ਹਨ। ਆਤਮਜੀਤ ਦੇ ਨਾਟਕਾਂ ਦੇ ਪਾਤਰ ਵੀ ਇਉਂ ਕਰਦੇ ਹਨ। ਉਹ ਆਪਣੇ ਆਪ ਨਾਲ ਗੱਲਾਂ ਕਰਦਿਆਂ ਦਰਸ਼ਕਾਂ ਨੂੰ ਸੰਬੋਧਨ ਕਰਨ ਲੱਗ ਪੈਂਦੇ ਹਨ ਜਿਵੇਂ 'ਲੋਕ ਨਾਥ', 'ਅਕਲਮੰਦ' ਜਾਂ 'ਚਾਬੀਆਂ' ਦੇ ਪਾਤਰ।

'ਮੁਰਗੀਖ਼ਾਨਾ' ਦੇ ਠੱਠਾ ਮਖ਼ੌਲ ਵਿਚ ਪਾਰਸੀ ਨਾਟਕ ਮੰਡਲੀਆਂ ਦੇ ਪ੍ਰਹਸਨ ਦੇ ਠੱਠੇ ਮਖੌਲ ਦੀ ਝਲਕ ਪੈਂਦੀ ਹੈ ਜਿਵੇਂ ਪਾਰਸੀ ਨਾਟਕ ਮੰਡਲੀਆਂ ਦੇ ਪ੍ਰਹਸਨ ਵਿਚ ਭੰਗੀ 'ਚਲ ਭੰਗੀਆ ਹੁਣ ਲਈ ਗੁਰਾਂ ਦਾ ਨਾਂ ਹੁਣ ਭੰਗ ਬੀਜ ਲਈ, ਤੇਰਾ ਮੇਰਾ ਭਾਈਚਾਰਾ ਬੀਜ ਲਿਆ' ਗਾਉਂਦੇ ਨਚਿਆ ਕਰਦੇ ਸਨ। ਮੁਰਗੀਖਾਨੇ ਦੇ ਪਾਤਰ 'ਠੀਕ ਆ ਵਈ ਠੀਕ ਆ' ਕਹਿੰਦੇ ਨਚਦੇ ਹਨ। 'ਹਵਾ ਮਹਲ' ਵਿਚ ਵੀ ਇਹੋ ਜੇਹਾ ਪ੍ਰਹਸਨੀ ਟਿਚਰ ਵਾਲਾ ਰੰਗ ਹੈ। ਸ਼ਰੀਰਿਕ ਵਸਾਇਆ ਹੋਇਆ ਪ੍ਰਦਰਸ਼ਨੀ ਭਰਪੂਰ ਅਭੀਨੈ ਹੈ।

'ਕਬਰਸਤਾਨ' ਵਿਚ ਆਤਮਜੀਤ ਦੇ ਨਾਟਕ ਵਿਚ ਪਿਛਲੀ ਵਾਪਰੀ ਘਟਨਾ ਬੜੀ ਨਾਟਕੀ ਜੁਗਤ ਨਾਲ ਮੁੜ ਵਾਪਰਦੀ ਵਿਖਾਈ ਹੈ। ਜੰਗੀ ਸ਼ਰਾਬ ਦੇ ਲੋਰ ਵਿਚ ਪ੍ਰਦਰਸ਼ਨੀ ਭਰਪੂਰ ਸ਼ਰੀਰਕ ਅਭੀਨੈ ਰਾਹੀਂ ਦੱਸ ਰਿਹਾ ਹੈ ਕਿ ਉਸ ਦੇ ਪਿਤਾ ਮਸਤ ਰਾਮ ਨੇ ਉਰਮਲਾ ਦੀ ਪੱਤ ਕਿਵੇਂ ਲੁਟੀ ਸੀ। ਜਦ ਉਹ ਮਸਤ ਰਾਮ ਨੇ ਕਿਵੇਂ ਉਰਮਲਾ ਨੂੰ ਫੜਿਆ ਸੀ ਦਾ ਅਭੀਨੈ ਕਰ ਰਿਹਾ ਹੈ ਤਾਂ ਦੇਵ ਨੇਤ ਨਾਲ ਉਰਮਲਾ ਆ ਜਾਂਦੀ ਹੈ। ਉਹ ਉਸ ਨੂੰ ਫੜ ਲੈਂਦਾ ਹੈ। ਇਹ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਵਾਲਾ ਰੰਗ ਹੈ, ਜਦ ਪਾਤਰ ਨਸ਼ੇ ਵਿਚ ਜਾਂ ਭੁਲੇਖੇ ਨਾਲ ਕਿਸੇ ਹੋਰ ਨੂੰ ਫੜ ਕੇ ਗਲ ਲਾ ਲਿਆ ਕਰਦਾ ਸੀ।

ਅਜਮੇਰ ਸਿੰਘ ਔਲਖ ਆਧਾਰਿਤ ਤੌਰ 'ਤੇ ਰੁਮਾਂਚਿਕ ਕਵੀ ਜਾਪਦਾ ਹੈ। ਇਸ ਲਈ ਉਹ ਦਰਸ਼ਕਾਂ ਨੂੰ ਕੀਲਣ ਲਈ ਨਾਟਕ ਨੂੰ ਗਾਏ ਗੀਤਾਂ ਦੇ ਬੰਦਾਂ ਨਾਲ ਹੀ ਨਾਟਕ ਆਰੰਭ ਕਰਦਾ ਹੈ ਤੇ ਉਂਜ ਕਿਸੇ ਗੀਤ ਦੀ ਲੈ ਨਾਲ ਖ਼ਤਮ ਕਰਦਾ ਹੈ।

'ਬਿਗਾਨੇ ਰੁੱਖ ਦੀ ਛਾਂ' ਅਜਮੇਰ ਸਿੰਘ ਔਲਖ ਦਾ ਲੋਕ-ਪ੍ਰਿਆ ਨਾਟਕ ਹੈ ਜਿਸ ਵਿਚ ਉਸ ਨੇ ਕਿਰਸਾਣ ਦੀਆਂ ਔਕੜਾਂ ਨੂੰ ਬੜੇ ਯਥਾਰਥਵਾਦੀ ਢੰਗ ਨਾਲ ਪਰ ਕਰੁਣਾਮਈ ਲੈ ਨਾਲ ਪ੍ਰਗਟਾਇਆ ਹੈ। ਇਹ ਨਾਟਕ 'ਘਰ ਸੋਹ ਦਾ ਤਕਲਾ ਰਹੇ ਗਡਿਆ ਕਦੇ ਦੇਖੇ ਨਾ ਸੁਖ ਦਾ ਸਾਹ ਲੈਂਦਾ।' ਘੜੀ ਚੈਨ ਦੀ ਭਾਲਦੇ ਭਲਾ ਕਿਥੋਂ ਜਿਹੜੇ ਰੁੱਖ ਬਿਗਾਨੇ ਦੀ ਛਾਂ ਬਹਿੰਦੇ, ਨਾਲ ਆਰੰਭ ਹੁੰਦਾ ਹੈ ਤੇ ਇਸੇ ਗੀਤ ਨਾਲ ਖ਼ਤਮ ਹੁੰਦਾ ਹੈ। ਅੰਤ ਵਿਚ ਗੱਜਣ, ਪ੍ਰੀਤ, ਸੀਤੋ, ਬਿੰਦਰ, ਟਹਿਲਾ, ਗੇਲਾ, ਗੁਰਨਾਮ ਕੌਰ ਦੀ ਆਵਾਜ਼ ਨਾਲ ਪਥਰਾ ਜਾਂਦੇ ਹਨ ਤੇ ਪਰਦਾ ਡਿਗ ਪੈਂਦਾ ਹੈ। ਗੁਰਨਾਮ ਦੀ ਭਰਵੀਂ ਆਵਾਜ਼ ਨਾਲ ਸਾਰੇ ਆਪਣੀ-ਆਪਣੀ ਸਥਿਤੀ ਵਿਚ ਸਟਿਲ ਹੋ ਜਾਂਦੇ ਹਨ। ਗੱਜਣ, ਗੁਰਨਾਮ, ਸੀਤੋ ਦੇ ਚਿਹਰੇ ਭੈ ਨਾਲ ਉਤਰੇ ਹੋਏ ਹਨ, ਟਹਿਲੇ, ਗੇਲੇ ਤੇ ਬਿੰਦਰ ਦੇ ਚਿਹਰਿਆਂ ਉੱਤੇ ਗੁੱਸਾ ਚੜ੍ਹਿਆ ਹੋਇਆ, ਪੀਤਾ ਹੈਰਾਨੀ, ਭੈ ਤੇ ਗੁੱਸੇ ਵਿਚ ਉਲਝਿਆ, ਪਿੱਛੋਂ ਹੋਕ ਉਭਰਦੀ ਹੈ ਤੇ ਨਾਲ ਹੀ ਪਰਦਾ ਡਿਗਣਾ ਸ਼ੁਰੂ ਹੋ ਜਾਂਦਾ ਹੈ।[32]

ਨਾਟਕ ਗੀਤ ਨਾਲ ਆਰੰਭ ਹੋਣਾ, ਉਸ ਗੀਤ ਨਾਲ ਅੰਤ ਹੋਣਾ ਤੇ ਸੁੰਨ ਝਾਕੀ ਨਾਲ ਖ਼ਤਮ ਹੋਣਾ ਇਹ ਤਿੰਨੇ ਲੱਛਣ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਦੇ ਲੱਛਣ ਹਨ ਜਿਨ੍ਹਾਂ ਨਾਲ ਉਹ ਦਰਸ਼ਕਾਂ ਨੂੰ ਜਜ਼ਬਾਤੀ ਤੌਰ 'ਤੇ ਕੀਲਦੇ ਸਨ। ਗੱਜਣ ਦਾ ਸੁਪਨਾ, ਬਾਹਰਲੀਆਂ ਆਵਾਜ਼ਾਂ, ਬਾਹਰੋਂ ਗੀਤ ਦੀ ਆਵਾਜ਼, ਆਦਿ ਪਾਰਸੀ ਕੰਪਨੀਆਂ ਦੇ ਨਾਟਕਾਂ ਵਾਲਾ ਰੰਗ ਹੈ।

'ਬਾਲ ਨਾਥ ਦੇ ਟਿਲੇ ਤੇ' ਇਕ ਕਾਵਿ ਇਕਾਂਗੀ ਹੈ। ਇਹ ਵੀ ਗੀਤ ਨਾਲ ਆਰੰਭ ਹੁੰਦਾ ਹੈ ਤੇ ਉਸ ਗੀਤ ਨਾਲ ਅੰਤ ਹੁੰਦਾ ਹੈ, 'ਵਾਰਸ ਸ਼ਾਹ ਜਗ ਤੇ ਇਸ਼ਕ ਸੱਚਾ ਜਾਂ ਫਿਰ ਰੱਬ ਹੈ ਇਸ਼ਕ ਦਾ ਨਾਂ ਦੂਜਾ' ਇਸ

ਦਾ ਵਾਰਤਾਲਾਪ ਬੈਂਤਾਂ ਵਿਚ ਹੈ। 'ਮਿਰਜ਼ੇ ਦੀ ਮੌਤ' ਕਾਵਿ ਇਕਾਂਗੀ ਹੈ, ਇਸ ਵਿਚ 'ਮੁਹਬਤ' ਤੇ ਫ਼ਰਜ਼ ਦਾ ਮਾਨਵੀਕਰਣ ਕੀਤਾ ਹੋਇਆ ਹੈ, ਜਿਵੇਂ ਕੰਪਨੀਆਂ ਦੇ ਨਾਟਕਾਂ ਵਿਚ ਨੇਕੀ ਬਦੀ ਨੂੰ ਕੀਤਾ ਜਾਂਦਾ ਸੀ। 'ਤੂੜੀਵਾਲਾ ਕੋਠਾ' ਇਹ ਵੀ ਕਵਿਤਾ ਦੇ ਬੰਦ ਨਾਲ ਆਰੰਭ ਹੁੰਦਾ ਹੈ। 'ਮਾਇਆ ਦੀ ਇਸ ਦੁਨੀਆ ਅੰਦਰ ਤੂੰ ਇਕ ਪੈਸਾ ਖੋਟਾ, ਕਾਹਦੇ ਲਈ ਰਖੀ ਸਾਂਭ ਕੇ ਤੇਰੀ ਦੇਹ ਤੂੜੀ ਦਾ ਕੋਠਾ'। 'ਸ਼ਹੀਦ' ਦਾ ਆਉਣਾ ਉਸ ਦਾ ਲੇਪ ਹੋਣਾ, ਸੰਤੂ ਦਾ ਸ਼ਟਿਲ ਹੋਣਾ, ਸੰਤੂ ਦਾ ਗਾਉਣਾ ਆਦਿ ਸਭ ਕੁਝ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਦਾ ਪ੍ਰਭਾਵ ਹੈ।

ਸੰਤੂ : ਉਇ ਮਾਇਆ-ਆਲੈ-ਲੈ-ਗੇ ਸੁਰਗ
ਤੇਰਾ ਗੁਟਕਾ ਕੰਮ ਕੀ ਆਇਆ ?[33]

ਬਿਗਾਨੇ ਰੁਖ ਦੀ ਛਾਂ ਵਾਂਗ, 'ਅਰਬਦ ਨਰਬਦ ਧੁੰਧੂਕਾਰਾ' ਵੀ 'ਕੂੜ ਨਿਖੁਟੇ ਨਾਨਕਾ ਉੜਕ ਸਚ ਰਹੀ' ਨਾਲ ਆਰੰਭ ਹੁੰਦਾ ਹੈ, ਇਸੇ ਤੁਕ ਨਾਲ ਖ਼ਤਮ ਹੁੰਦਾ ਹੈ। ਅੰਤ ਵਿਚ ਝਾਕੀ ਸੁੰਨ ਹੋ ਜਾਂਦੀ ਹੈ। ਸਭ ਹੱਕ ਜਿਨ੍ਹਾਂ ਦੇ ਆਪਣੇ ਆਪ ਲੈਣਗੇ ਖੋਹ ਨਾਲ ਸਟਿਲ ਹੋ ਜਾਂਦੇ ਹਨ। ਪਿੱਛੋਂ ਇਕ ਪ੍ਰਭਾਵਸ਼ਾਲੀ ਆਵਾਜ਼ ਉਠਦੀ ਹੈ 'ਕੂੜ ਨਿਖੁਟੇ ਨਾਨਕਾ ਉੜਕ ਸਚ ਰਹੀ'। ਇਸ ਵਿਚ ਬੈਤਾਂ ਦੇ ਬੰਦਾਂ ਦਾ ਵੀ ਪ੍ਰਯੋਗ ਕੀਤਾ ਹੈ।

ਇਸ ਤੋਂ ਸਪਸ਼ਟ ਹੈ ਅਜਮੇਰ ਸਿੰਘ ਔਲਖ ਆਪਣੇ ਨਾਟਕਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਦਰਸ਼ਕਾਂ ਨੂੰ ਜਜ਼ਬਾਤੀ ਤੌਰ ਉੱਤੇ ਕੀਲਣ ਲਈ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਵਾਂਗ ਗੀਤ ਦੀ ਲੈ ਨਾਲ ਨਾਟਕ ਆਰੰਭ ਕਰਦਾ ਹੈ। ਗੀਤ ਦੀ ਲੈ ਨਾਲ ਖ਼ਤਮ ਕਰਦਾ ਹੈ। ਅੰਤ ਸੁੰਨ ਝਾਕੀ ਨਾਲ ਕਰਦਾ ਹੈ। ਅਦਭੁਤ ਰਸ ਸਿਰਜਨ ਲਈ ਸੁਪਨਾ, ਬਾਹਰ ਦੀਆਂ ਆਵਾਜ਼ਾਂ ਤੇ ਸੁਆਂਗ ਦਾ ਪ੍ਰਯੋਗ ਕਰਦਾ ਹੈ ਤੇ ਅਚੇਤ ਹੀ ਇਹ ਸਿੱਧ ਕਰਦਾ ਹੈ ਕਿ ਮੰਚ ਅੱਗੇ ਬੈਠੇ ਦਰਸ਼ਕਾਂ ਨੂੰ ਜਜ਼ਬਾਤੀ ਤੌਰ ਉੱਤੇ ਕੀਲਣ ਲਈ ਕੰਪਨੀਆਂ ਦੇ ਨਾਟਕਾਂ ਦੀ ਸ਼ੈਲੀ ਅਪਣਾਉਣੀ ਜ਼ਰੂਰੀ ਹੈ।

ਪ੍ਰੇਮ ਜਲੰਧਰੀ ਦੇ ਨਾਟਕਾਂ ਨੂੰ ਵਿਚਾਰਨਾ ਵੀ ਬਹੁਤ ਜ਼ਰੂਰੀ ਹੈ। ਪਾਰਸੀ ਥੀਏਟਰੀਕਲ ਕੰਪਨੀਆਂ ਦਾ ਮੁੱਖ ਉੱਦੇਸ਼ ਪੈਸਾ ਕਮਾਉਣਾ ਸੀ। ਪੈਸਾ ਕਮਾਉਣ ਲਈ ਉਹ ਜੋ ਦਰਸ਼ਕ ਮੰਗਦਾ ਸੀ ਉਹ ਕੁਝ ਵੱਧ ਤੋਂ ਵੱਧ ਦਿੰਦੇ ਸਨ। ਲੋਕ ਕਾਮ ਭੜਕਾਊ ਨਾਟਕੀ ਕਾਰਜ ਤੇ ਚੰਚਲ ਗਾਣੇ ਮੰਗਦੇ ਸਨ। ਅੱਤ ਦੀ ਚਟਪਟੀ ਗੱਲ-ਬਾਤ ਚਾਹੁੰਦੇ ਸਨ। ਰੁਮਾਂਚਿਕ ਝਾਕੀਆਂ ਚਾਹੁੰਦੇ ਸਨ। ਠੱਠਾ ਮਖ਼ੌਲ ਚਾਹੁੰਦੇ ਸਨ। ਸ਼ਬਦੀ ਤੇ ਅਸੰਗਤੀ ਹਾਸਾ ਮੰਗਦੇ ਸਨ ਤੇ ਪਾਰਸੀ ਨਾਟਕ ਮੰਡਲੀਆਂ ਦਰਸ਼ਕਾਂ ਨੂੰ ਇਹ ਸਭ ਕੁਝ ਕਾਫ਼ੀ ਲੂਣ ਮਸਾਲਾ ਲਾ ਕੇ ਦਿੰਦੀਆਂ ਸਨ।

ਪ੍ਰੇਮ ਜਲੰਧਰੀ ਨੇ ਨਾਟਕ ਦੀ ਇਸ ਨਬਜ਼ ਨੂੰ ਤੇ ਦਰਸ਼ਕਾਂ ਦੀ ਅਸਲੀ ਮੰਗ ਨੂੰ ਚੰਗੀ ਤਰ੍ਹਾਂ ਸਮਝਿਆ ਹੈ। ਜਿਵੇਂ ਪਾਰਸੀ ਥੀਏਟਰੀਕਲ ਕੰਪਨੀਆਂ ਦਾ ਮਨੋਰਥ ਕਲਾ, ਆਦਰਸ਼, ਸੋਹਜ ਸੁਆਦ, ਤਿਆਗ ਕੇ ਕੇਵਲ ਦਰਸ਼ਕਾਂ ਨੂੰ ਖ਼ੁਸ਼ ਕਰਕੇ ਪੈਸਾ ਕਮਾਉਣਾ ਸੀ ਤਿਵੇਂ ਪ੍ਰੇਮ ਜਲੰਧਰੀ ਨੇ ਵੀ ਆਪਣੇ ਦਰਸ਼ਕਾਂ ਨੂੰ ਖ਼ੁਸ਼ ਕਰਕੇ ਪੈਸਾ ਕਮਾਉਣ ਦੇ ਮਨੋਰਥ ਨਾਲ ਨਾਟਕ ਲਿਖ ਕੇ ਪੇਸ਼ ਕਰਨੇ ਆਰੰਭੇ ਹਨ। ਜਿਵੇਂ 'ਹਲਵਾ' ਸੂਜੀ ਦਾ ਤੇ ਚਸਕਾ ਦੂਜੀ ਦਾ ਜਾਂ 'ਜਨਾਨੀ ਪੇਕੇ ਤੇ ਮਰਦ ਠੇਕੇ', 'ਚੜ੍ਹੀ ਜੁਆਨੀ ਬੁਢੇ ਨੂੰ' ਆਦਿ ਸਿਰਲੇਖਾਂ ਵਾਲੇ ਬਹੁਤ ਨਾਟਕ ਲਿਖਕੇ ਦਿੱਲੀ ਦੀ ਮੰਚ ਤੇ ਪੇਸ਼ ਕੀਤੇ। ਉਸ ਦੇ ਨਾਟਕਾਂ ਨੂੰ ਲੋਕ ਉਂਜ ਹੀ ਵੇਖਣ ਆਉਂਦੇ ਹਨ ਜਿਵੇਂ ਪਾਰਸੀ ਥੀਏਟਰੀਕਲ ਕੰਪਨੀਆਂ ਦੇ ਨਾਟਕਾਂ ਨੂੰ ਲੋਕ ਵੇਖਣ ਆਇਆ ਕਰਦੇ ਸਨ। ਪ੍ਰੇਮ ਜਲੰਧਰੀ ਨੇ ਪਾਰਸੀ ਥੀਏਟਰੀਕਲ ਕੰਪਨੀਆਂ ਦੇ ਨਾਟਕਾਂ ਦਾ ਅਸ਼ਲੀਲ ਤੇ ਚੰਚਲ ਪੱਖ, ਹਸੌਣੇ ਪਾਤਰ, ਉਲਾਰੂ ਕੁਥਾਂ ਇਸ਼ਕ, ਸ਼ਬਦੀ ਹਾਸਾ, ਪ੍ਰਤਿਕੂਲ ਸਥਿਤੀਆਂ, ਉਕਸਾਊ ਮੌਕਾ ਮੇਲ, ਪ੍ਰਹਸਨੀ ਟਿੱਚਰ ਆਦਿ ਸਭ ਕੁਝ ਉਹੋ ਹੀ ਲਿਆ ਹੈ ਜਿਹੜਾ ਦਰਸ਼ਕਾਂ ਦੇ ਨੀਵੇਂ ਸੁਆਦਾਂ ਨੂੰ ਭੜਕਾਏ ਤੇ ਉਨ੍ਹਾਂ ਨੂੰ ਕੀਲੇ, ਜਿਸ ਦਾ ਸੁਆਦ ਗਰਮ ਭੰਗ ਦੇ ਪਕੌੜਿਆਂ ਵਰਗਾ, ਭੁਜੇ ਕੱਬਾਬ ਵਰਗਾ, ਮੁਜਰੇ ਦੇ ਨਾਚ ਵਰਗਾ, ਮੇਲੇ ਸ਼ਰਾਬ ਪੀਣ ਵਰਗਾ ਤੇ ਸੁਲਫ਼ੇ ਦੀ ਲਾਟ ਦੇ ਨਸ਼ੇ ਵਰਗਾ ਹੋਵੇ।

ਨਿਰਣਾ

ਇਸ ਸਾਰੀ ਚਰਚਾ ਦਾ ਸਾਰ ਇਹ ਹੈ ਕਿ ਪਾਰਸੀ ਥੀਏਟਰੀਕਲੀ ਕੰਪਨੀਆਂ ਦੇ ਖੇਡੇ ਨਾਟਕਾਂ ਨੇ ਪੰਜਾਬੀ ਨਾਟਕ ਤੇ ਪੰਜਾਬੀ ਰੰਗ ਮੰਚ ਦੇ ਜਨਮ ਵਿਚ ਹੀ ਮਹੱਤਵਪੂਰਨ ਹਿੱਸਾ ਨਹੀਂ ਪਾਇਆ, ਸਗੋਂ ਵਿਕਾਸ ਵਿਚ ਵੀ ਉਹਦਾ ਕਰਤੱਵ ਰੀੜ੍ਹ ਦੀ ਹੱਡੀ ਵਰਗਾ ਹੈ।

ਪੰਜਾਬੀ ਨਾਟਕਕਾਰਾਂ, ਨਾਟਕ ਨਿਰਦੇਸ਼ਕਾਂ, ਨਾਟਕ ਅਭੀਨੇਤਾਵਾਂ, ਨਾਟਕੀ ਰੰਗ-ਮੰਚ ਕਲਾਕਾਰਾਂ, ਨਾਟਕ ਨਿਰਮਾਤਾਵਾਂ ਨੇ ਵੀ ਪਿਛਲੇ 1909 ਤੋਂ 1979 ਤਕ ਨਾਟਕਾਂ ਦੀ ਬਣਤਰ ਨਾਟਕੀ ਪਾਤਰ ਚਿੱਤਰਣ, ਨਾਟਕੀ ਘੋਲ ਸਾਕਾਰ ਕਰਨ ਦੇ ਵੱਖ-ਵੱਖ ਵਿਧੀ ਨਾਲ ਮੰਚੀ ਜੜਤ ਕਰਨ ਦੇ ਵੱਖ-ਵੱਖ ਨਵੇਂ ਪ੍ਰਯੋਗ ਕੀਤੇ ਹਨ, ਉਨ੍ਹਾਂ ਸਭ ਵਿਚ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ, ਉਨ੍ਹਾਂ ਦੀ ਮੰਚੀ ਜੜਤ ਤੇ ਉਨ੍ਹਾਂ ਦੀ ਅਭੀਨੈ ਸ਼ੈਲੀ ਦੀ ਆਤਮਾ ਹੈ।

ਅੱਜ ਪਰਦੇ ਪਾੜਕੇ ਝਾਕੀ ਵਿਚੋਂ ਝਾਕੀ ਨਹੀਂ ਸਿਰਜੀ ਜਾਂਦੀ, ਅੱਜ ਅੰਨ੍ਹੇਰੇ ਤੇ ਚਾਨਣ ਨਾਲ ਝਾਕੀ ਵਿਚੋਂ ਝਾਕੀ ਕੱਢ ਕੇ ਫਿਰ ਕਾਰਜ ਸੰਪੂਰਨ ਹੋਣ ਦੇ ਮਗਰੋਂ ਮੁੜ ਪਹਿਲੀ ਝਾਕੀ ਸਾਕਾਰ ਕਰ ਲਈ ਜਾਂਦੀ ਹੈ ਜਿਵੇਂ ਅਮਰੀਕ ਸਿੰਘ ਦਾ ਨਾਟਕ 'ਪਰਛਾਵਿਆਂ ਦੀ ਪਕੜ' ਪਹਿਲੇ ਅੰਕ ਵਿਚੋਂ ਝਾਕੀ 21 ਸਫੇ ਤੇ ਨਵੀਂ ਨਿਕਲਦੀ ਹੈ ਤੇ 30 ਸਫ਼ੇ ਤੇ ਲੋਪ ਹੋ ਜਾਂਦੀ ਹੈ ਤੇ ਪਹਿਲੀ ਝਾਕੀ ਆ ਜਾਂਦੀ ਹੈ। ਇਉਂ ਦੂਜੇ ਅੰਕ ਦੀ ਝਾਕੀ 51 ਸਫ਼ੇ ਤੇ ਪਾਟਦੀ ਹੈ ਤੇ ਨਵੀਂ ਝਾਕੀ ਸਾਕਾਰ ਹੁੰਦੀ ਹੈ, 61 ਸਫੇ ਤੇ ਇਹ ਖ਼ਤਮ ਹੋ ਜਾਂਦੀ ਹੈ ਤੇ ਪਹਿਲੀ ਝਾਕੀ ਆ ਜਾਂਦੀ ਹੈ। ਇਉਂ ਤੀਜੇ ਅੰਕ ਦੀ ਝਾਕੀ ਵਿਚ ਨਵੀਂ ਝਾਕੀ 84 ਤੋਂ 100 ਤਕ ਰਹਿੰਦੀ ਹੈ। ਹੁਣ ਇਹ ਜੁਗਤ ਆਮ ਵਰਤੀ ਜਾਂਦੀ ਹੈ। ਅੱਜ ਮੁੜ ਅਭਿਨੇਤਾ ਪਾਰਸੀ ਨਾਟਕ ਮੰਡਲੀਆਂ ਦੇ ਨਾਟਕਾਂ ਦੇ ਅਭਿਨੇਤਾ ਵਾਂਗ ਦਰਸ਼ਕਾਂ ਨਾਲ ਗੱਲਾਂ ਕਰਨ ਲੱਗ ਪਿਆ ਹੈ। ਸੂਤਰਧਾਰ ਦੀ ਥਾਂ ਨਾਟਕਕਾਰ ਆਪ ਸੂਤਰਧਾਰ ਬਣ ਰਿਹਾ ਹੈ। ਗੀਤਾਂ ਦਾ ਪ੍ਰਯੋਗ ਹੁਣ ਫਿਰ ਨਾਟਕਾਂ ਵਿਚ ਹੋਣ ਲੱਗ ਪਿਆ।

ਭਾਵੇਂ ਜਿਵੇਂ-ਜਿਵੇਂ ਨਾਟਕ ਨਿਰਦੇਸ਼ਕ ਮੰਚ ਤੇ ਨਾਟਕ ਦੀ ਆਤਮਿਕ ਸਾਂਝ ਨੂੰ ਚੇਤਨ ਤੌਰ ਉੱਤੇ ਪਛਾਣਦੇ ਜਾ ਰਹੇ ਹਨ ਤਿਵੇਂ-ਤਿਵੇਂ ਉਨ੍ਹਾਂ ਨੂੰ ਸਮਝ ਆ ਰਹੀ ਹੈ ਕਿ ਅੱਜ ਦੇ ਗੰਭੀਰ ਨਾਟਕ ਨੂੰ ਚੰਗੀ ਤਰ੍ਹਾਂ ਪੇਸ਼ ਕਰਨ ਲਈ, ਪਾਤਰਾਂ ਦੇ ਅੰਦਰਲੇ ਘੋਲ ਨੂੰ ਸਾਕਾਰ ਕਰਨ ਲਈ, ਜੀਵਨ ਦੀ ਵਿਸ਼ਾਲਤਾ ਸਿਰਜਨ ਤੇ ਭਾਵਾਂ ਦੀ ਡੂੰਘਿਆਈ ਉਸਾਰਨ ਲਈ ਪਾਰਸੀ ਨਾਟਕ ਮੰਡਲੀਆਂ ਤੋਂ ਮੁੜ ਸਿੱਖਿਆ ਲੈਣੀ ਜ਼ਰੂਰੀ ਸਮਝ ਰਹੇ ਹਨ ਤੇ ਉਚੇਚੇ ਤੌਰ ਉੱਤੇ ਉਸ ਸ਼ੈਲੀ ਵਿਚ ਲਿਖਣ ਦਾ ਯਤਨ ਵੀ ਕਰ ਰਹੇ ਹਨ ਕਿਉਂਕਿ ਹੁਣ ਉਨ੍ਹਾਂ ਨੂੰ ਇਹ ਪੂਰੀ ਤਰ੍ਹਾਂ ਸਪਸ਼ਟ ਹੋ ਗਿਆ ਹੈ ਕਿ ਰੁਖੀ ਅਸਲਵਾਦੀ ਤੇ ਯਥਾਰਥਵਾਦੀ ਸੀਮਿਤ ਡੱਬਾ ਜੜਤ ਵਾਲੀ ਮੰਚ ਹਾਰ ਗਈ ਤੇ ਅੱਜ ਦੇ ਗੁੰਝਲਦਾਰ ਜੀਵਨ ਦੇ ਗੁੰਝਲਦਾਰ ਪਾਤਰਾਂ ਵਾਲੇ ਨਾਟਕ ਦੇ ਹਾਣ ਦੀ ਨਹੀਂ ਰਹੀ।

ਜਿੰਨ੍ਹਾਂ ਨਾਟਕਕਾਰਾਂ ਦੇ ਨਾਟਕ ਨਿਰਦੇਸ਼ਕਾਂ ਨੇ ਪਾਰਸੀ ਥੀਏਟਰੀਕਲ ਕੰਪਨੀਆਂ ਦੇ ਨਾਟਕਾਂ ਤੇ ਮੰਚ ਦਾ ਪੂਰਨ ਅਧਿਐਨ ਕਰਕੇ ਉਨ੍ਹਾਂ ਦੀ ਮਹੱਤਾ ਸਮਝ ਲਈ ਹੈ ਤੇ ਉਨ੍ਹਾਂ ਵਿਚਾਲੇ ਅਸਲੀ ਨਾਟਕੀ ਤੱਤ ਤੇ ਮੰਚੀ ਵਿਧੀ ਤਕ ਆਪਣੀ ਲੋੜ ਅਨੁਸਾਰ ਵਰਤਣੇ ਆਰੰਭੇ ਹੋਏ ਹਨ, ਉਹ ਨਾਟਕਕਾਰ ਤਾਂ ਪੰਜਾਬੀ ਮੰਚ ਉੱਤੇ ਤੇ ਨਾਟਕ ਸਾਹਿੱਤ ਵਿਚ ਬਹੁਤ ਸਲਾਹੇ ਜਾ ਰਹੇ ਹਨ, ਪਰ ਜਿਨ੍ਹਾਂ ਪੁਰਾਣੇ ਤੇ ਨਵੇਂ ਨਾਟਕਕਾਰਾਂ ਨੇ ਪਾਰਸੀ ਥੀਏਟਰੀਕਲ ਕੰਪਨੀਆਂ ਦੇ ਨਾਟਕਾਂ ਤੇ ਮੰਚ ਨੂੰ ਬਿਨਾ ਚੰਗੀ ਤਰ੍ਹਾਂ ਸਮਝਿਆਂ, ਇਨ੍ਹਾਂ ਕੰਪਨੀਆਂ ਤੇ ਨਾਟਕਾਂ ਨੂੰ ਜਰਕ ਵਰਕ ਵਾਲੀ ਬਨਾਵਟੀ, ਜੰਤਰਕ ਵਿਧੀ ਵਾਲੇ ਨਾਟਕ ਕਹਿ ਕੇ ਅਖੋਂ ਉਹਲੇ ਕਰ ਦਿੱਤਾ ਹੈ, ਉਨ੍ਹਾਂ ਦੇ ਨਾਟਕ ਨਿਰੇ ਵਾਰਤਾਲਾਪੀ ਕਹਾਣੀਆਂ ਦੀਆਂ ਕਿਤਾਬਾਂ ਬਣ ਕੇ ਲਾਇਬ੍ਰੇਰੀਆਂ ਦੀਆਂ ਸ਼ੈਲਫ਼ਾਂ ਜੋਗੇ ਹੀ ਰਹਿ ਗਏ ਹਨ।

ਪੈਰ-ਟਿੱਪਣੀਆਂ

1. ਰਾਜਾ ਪੋਰਸ-ਹਰਚਰਨ ਸਿੰਘ, ਪੰਨਾ 16
2. ਉਹੀ, ਪੰਨਾ 58
3. ਪੰਜ ਗੀਟੜਾ-ਹਰਚਰਨ ਸਿੰਘ, ਪੰਨਾ 33
4. ਮਿਟੀ ਧੁੰਧ ਜਗ ਚਾਨਣ ਹੋਇਆ-ਹਰਚਰਨ ਸਿੰਘ, ਪੰਨਾ 22
5. ਮਿਟੀ ਧੁੰਧ ਜਗ ਚਾਨਣ ਹੋਇਆ-ਹਰਚਰਨ ਸਿੰਘ, ਪੰਨਾ 36
6. ਕਲ ਅੱਜ ਦੇ ਭਲਕ-ਹਰਚਰਨ ਸਿੰਘ, ਪੰਨਾ 58
7. ਉਹੀ, 58
8. ਉਹੀ, 66
9. ਉਹੀ, 68
10. ਉਹੀ, 71
11. ਕਣਕ ਦੀ ਬਲੀ-ਬਲਵੰਤ ਗਾਰਗੀ, ਪੰਨਾ 34-118
12. ਉਹੀ, 82-90
13. ਉਹੀ, 33
14. ਸਹਿਯੋਗ-ਆਰ. ਐਲ. ਆਹੂਜਾ, ਪੰਨਾ 17
15. ਉਹੀ, 31-32
16. ਉਹੀ, 58
17. ਉਹੀ, 95-96
18. ਉਹੀ, 95
19. ਉਹੀ, 83
20. ਪਿਤਾ ਪਿਆਰ-ਗੁਰਦਿਆਲ ਸਿੰਘ ਫੂਲ, ਪੰਨਾ 52
21. ਉਹੀ, 22
22. ਉਹੀ, 76
23. ਉਹੀ, 78
24. ਉਹੀ, 25
25. ਉਹੀ, 82
26. ਉਹੀ, 93
27. ਨਵਾਂ ਜਨਮ ਪੁਰਾਣੀ ਮੌਤ-ਫੂਲ, ਪੰਨਾ 125
28. ਜਿਨ ਸਚ ਪਲੈ ਹੋਇ-ਫੂਲ, ਪੰਨਾ 34
29. ਸ਼ਾਮਾਂ ਪੈ ਗਈਆਂ-ਡਾ: ਸੁਰਜੀਤ ਸਿੰਘ ਸੇਠੀ, ਪੰਨਾ 218
30. ਜੀਉਂਦੀ ਲਾਸ਼-ਕਪੂਰ ਸਿੰਘ ਘੁੰਮਣ, ਪੰਨਾ 82
31. ਝੂੰਗਲ ਮਾਟਾ-ਉਹੀ, ਪੰਨਾ 217-18
32. ਅਰਬਦ ਨਰਬਦ ਧੰਦੂਕਾਰਾ-ਅਜਮੇਰ ਸਿੰਘ, ਪੰਨਾ 91
33. ਉਹੀ, ਪੰਨਾ 114

ਗਿਆਨੀ ਲਾਲ ਸਿੰਘ ਸੰਗਰੂਰ—ਇਕ ਸਾਹਿੱਤਿਕ ਸੰਸਥਾ

(1887-1975 ਈ.)

ਪ੍ਰੋ. ਤੇਜਵੰਤ ਮਾਨ

ਇਕ ਲੇਖਕ ਦਾ ਵਿਅਕਤਿੱਤਵ ਜਨ-ਸਮੂਹ ਦੇ ਵਿਅਕਤਿੱਤਵ ਦਾ ਹੀ ਅਕਸ ਹੁੰਦਾ ਹੈ, ਇਸ ਲਈ ਉਸ ਦੇ ਸਮੇਂ ਦੇ ਸਮਾਜ ਦੇ ਵਾਸਤਵਿਕ ਸੱਚ ਦਾ ਝਲਕਾਰਾ ਉਸ ਦੀਆਂ ਰਚਨਾਵਾਂ ਵਿਚ ਅਵੱਸ਼ ਪੈਂਦਾ ਹੈ। ਹਰ ਲੇਖਕ ਇਸ ਵਾਸਤਵਿਕ ਸੱਚ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਆਪਣੇ ਵਿਰਸੇ, ਵਾਤਾਵਰਣ ਅਤੇ ਆਰਥਿਕ ਰਿਸ਼ਤਿਆਂ ਦੇ ਆਧਾਰ ਉੱਤੇ ਬਣਾਉਂਦਾ ਹੈ। ਸੋ ਗਿਆਨੀ ਲਾਲ ਸਿੰਘ ਜੀ ਦੀ ਸਾਹਿੱਤਿਕ ਰਚਨਾ ਨੂੰ ਘੋਖਣ ਤੋਂ ਪਹਿਲਾਂ ਜ਼ਰੂਰੀ ਹੈ, ਉਨ੍ਹਾਂ ਦੇ ਜੀਵਨ ਅਤੇ ਸਮੁੱਚੇ ਵਿਅਕਤਿੱਤਵ ਦੀ ਪਛਾਣ ਕਰ ਲਈ ਜਾਵੇ।

ਖ਼ਾਨਦਾਨ : ਗਿਆਨੀ ਲਾਲ ਸਿੰਘ ਸੰਗਰੂਰ ਜਿਨ੍ਹਾਂ ਦਾ ਪਹਿਲਾ ਨਾਂ ਧਰਮ ਸਿੰਘ[1] ਸੀ, ਦੇ ਵੱਡੇ ਬਜ਼ੁਰਗ ਸੂਰਜ ਮਲ ਅਤੇ ਬਾਬਾ ਮੋਹਕਮ ਸਿੰਘ ਜੀ ਪਿੰਡ ਕਨੇਚ ਜ਼ਿਲ੍ਹਾ ਲੁਧਿਆਣਾ ਦੇ ਜ਼ਿੰਮੀਂਦਾਰ ਸਨ। ਸੂਰਜ ਮਲ ਜੀ ਦੇ ਦੋ ਪੁੱਤਰ ਖ਼ਜ਼ਾਨ ਸਿੰਘ ਅਤੇ ਦੇਵਾ ਸਿੰਘ ਸਨ। ਆਪ ਨਾਮਧਾਰੀਆਂ ਦੇ ਸਿੱਖੀ ਪ੍ਰਚਾਰ ਦੇ ਅਸਰ ਅਧੀਨ ਅੰਮ੍ਰਿਤੀ ਸਿੰਘ ਬਣ ਗਏ ਸਨ। ਇਸੇ ਕਰਕੇ ਇਸ ਘਰ ਨੂੰ ਅਕਾਲੀਆਂ ਦਾ ਘਰ ਕਿਹਾ ਜਾਣ ਲੱਗ ਪਿਆ ਸੀ। ਖ਼ਜ਼ਾਨ ਸਿੰਘ ਅਕਾਲੀ ਦੀ ਸ਼ਾਦੀ ਪਿੰਡ ਚੌਂਦੇ ਬੇਬੇ ਬਿਸ਼ਨ ਕੌਰ ਨਾਲ ਹੋਈ। ਅਕਾਲੀ ਜੀ ਦੇ ਤਿੰਨ ਬੱਚੇ ਸਨ। ਸਭ ਤੋਂ ਵੱਡਾ ਜੀਵਾ ਸਿੰਘ ਜੋ ਮੁਲਤਾਨ ਫ਼ੌਜ ਵਿਚ ਰਸਾਲਾ ਬਾਰ੍ਹਾਂ ਦੇ ਰਸਾਲਦਾਰ ਸਨ ਜਿਨ੍ਹਾਂ ਦੇ ਕੇਹਰ ਸਿੰਘ, ਕਰਮਿਤ ਸਿੰਘ, ਮਨਜੀਤ ਸਿੰਘ, ਸ਼ਮਸ਼ੇਰ ਸਿੰਘ, ਆਗਿਆ ਕੌਰ, ਉਪਕਾਰ ਸਿੰਘ, ਚੇਤਨ ਕੌਰ ਆਦਿ ਸੱਤ ਬੱਚੇ ਹੋਏ। ਉਨ੍ਹਾਂ ਤੋਂ ਛੋਟਾ ਧਰਮ ਸਿੰਘ ਜੋ ਪਿੱਛੋਂ ਅੰਮ੍ਰਿਤ ਛੱਕ ਕੇ ਗਿਆਨੀ ਲਾਲ ਸਿੰਘ ਸੰਗਰੂਰ ਦੇ ਨਾਂ ਨਾਲ ਮਸ਼ਹੂਰ ਹੋਏ। ਸਭ ਤੋਂ ਛੋਟੀ ਇਕ ਲੜਕੀ ਧਰਮ ਕੌਰ ਹੋਈ।

ਜਨਮ ਅਤੇ ਬਚਪਨ : ਆਪ ਦਾ ਜਨਮ ਪਿੰਡ ਕਨੇਚ ਜ਼ਿਲ੍ਹਾ ਲੁਧਿਆਣਾ ਵਿਖੇ ਜੂਨ 1887 ਈ. ਵਿਚ ਹੋਇਆ।[2] ਖ਼ਜ਼ਾਨ ਸਿੰਘ ਜੀ ਕਿਉਂਕਿ ਧਾਰਮਿਕ ਖ਼ਿਆਲਾਂ ਦੇ ਪੁਰਸ਼ ਸਨ, ਇਸ ਲਈ ਆਪ ਦੀ ਪਾਲਣਾ ਵੀ ਉਸੇ ਮਾਹੌਲ ਵਿਚ ਹੋਈ। ਮੁੱਢਲੀ ਸਿੱਖਿਆ ਆਪ ਨੇ ਪਿੰਡ ਵਿਚ ਹੀ ਗੁਰਦੁਆਰੇ ਦੇ ਮਹੰਤ ਬਾਵਾ ਗੁਜਰ ਸਿੰਘ ਸੋਢੀ ਤੋਂ ਲਈ। ਬੇਸ਼ਕ ਆਪ ਦੀ ਪਾਲਣਾ ਧਾਰਮਿਕ ਵਾਤਾਵਰਣ ਵਿਚ ਹੋਈ, ਪਰ ਆਪ ਉੱਤੇ ਇਸ ਵਾਤਾਵਰਣ ਦਾ ਬਹੁਤ ਘੱਟ ਅਸਰ ਹੋਇਆ।

ਵਿਦਿਆ ਪ੍ਰਾਪਤੀ : ਜਦੋਂ ਆਪ ਅੱਠ ਸਾਲ ਦੇ ਹੋਏ ਤਾਂ ਆਪ ਨੂੰ ਮਿਡਲ ਸਕੂਲ ਸਾਨ੍ਹੇਵਾਲ ਵਿਚ ਪੜ੍ਹਨ ਪਾਇਆ ਗਿਆ। ਇਸ ਸਕੂਲ ਵਿਚੋਂ ਆਪ ਨੇ 1904 ਈ. ਵਿਚ ਅੱਠਵੀਂ ਜਮਾਤ ਪਾਸ ਕੀਤੀ। ਇਨ੍ਹਾਂ ਦਿਨਾਂ ਵਿਚ ਸਿੰਘ ਸਭਾ ਲਹਿਰ, ਖ਼ਾਸ ਕਰ ਸਿੰਘ ਸਭਾ ਭਸੌੜ ਦਾ ਪ੍ਰਚਾਰ ਕਾਫ਼ੀ ਜੋਰਾਂ ਉੱਤੇ ਸੀ। ਗੁਰੂਡੰਮ ਦੀਆਂ ਕਾਫ਼ੀ ਦੁਕਾਨਾਂ ਬੰਦ ਕਰਵਾ ਦਿੱਤੀਆਂ ਗਈਆਂ ਸਨ। ਪਾਖੰਡੀ ਅਤੇ ਡੰਮੀ ਗੁਰੂਆਂ ਨੂੰ ਭੰਡਣ ਅਤੇ ਜ਼ਾਤ ਪਾਤ ਦੀ ਨਿਖੇਧੀ ਦੇ ਪ੍ਰਚਾਰ ਨੇ ਆਪ ਉੱਤੇ ਕਾਫ਼ੀ ਅਸਰ ਕੀਤਾ। ਇਨ੍ਹਾਂ ਦਿਨਾਂ ਵਿਚ ਆਪ ਉੱਤੇ ਨਾਸਤਿਕ ਖ਼ਿਆਲਾਂ ਦਾ ਕਾਫ਼ੀ ਅਸਰ ਸੀ। ਅੱਠਵੀਂ ਪਾਸ ਕਰਨ ਤੋਂ ਬਾਅਦ ਆਪ ਟੈਕਨੀਕਲ ਸਕੂਲ ਵਿਚ ਦਾਖ਼ਲ ਹੋ ਗਏ।[3] 1906 ਈ. ਵਿਚ ਆਪ ਦੇ ਪਿਤਾ ਸ. ਖ਼ਜ਼ਾਨ ਸਿੰਘ ਅਕਾਲੀ ਜੀ ਦਾ ਦੇਹਾਂਤ ਹੋ ਗਿਆ। ਇਹ ਉਹ ਸਮਾਂ ਸੀ, ਜਦੋਂ ਕੈਨੇਡਾ ਜੋ ਅੰਗਰੇਜ਼ਾਂ ਅਤੇ ਫ਼ਰਾਂਸੀਸੀਆਂ ਦੀ ਸਾਂਝੀ ਮਲਕੀਅਤ ਸੀ ਅਤੇ ਜਿਸ ਦੀ ਨਵ-ਉਸਾਰੀ ਲਈ ਸਸਤੇ ਮਜ਼ਦੂਰ ਕੇਵਲ ਹਿੰਦ ਵਿਚੋਂ ਹੀ ਮਿਲ ਸਕਦੇ ਸਨ ਅਤੇ ਪੰਜਾਬ ਦੇ ਕਿਸਾਨ ਕਰਜ਼ੇ ਦੇ ਸਤਾਏ ਹੋਏ

ਰੋਜ਼ਗਾਰ ਦੀ ਭਾਲ ਵਿਚ ਕੈਨੇਡਾ, ਅਮਰੀਕਾ ਜਾ ਰਹੇ ਸਨ। ਗਿਆਨੀ ਲਾਲ ਸਿੰਘ ਜੀ ਵੀ ਪੜ੍ਹਾਈ ਵਿਚਕਾਰ ਛੱਡ ਕੇ, ਕੈਨੇਡਾ ਵਿਚ ਜਾ ਕੇ ਮਿਹਨਤ ਮਜ਼ਦੂਰੀ ਕਰਕੇ ਹੋਰ ਪੜ੍ਹਾਈ ਕਰਨ ਦੀ ਇੱਛਾ ਨਾਲ 1907 ਈ. ਵਿਚ ਹਾਂਗਕਾਂਗ ਪਹੁੰਚ[4] ਗਏ।

ਵਿਆਹ ਅਤੇ ਪਰਿਵਾਰ : ਆਪ ਦਾ ਵਿਆਹ ਸ. ਹਜ਼ਾਰਾ ਸਿੰਘ ਅਕਾਲੀ ਪਿੰਡ ਈਸਰੂ ਦੀ ਪੁੱਤਰੀ ਰਾਮਕੌਰ (ਗੁਰਮਤਿ-ਨਾਂ ਬੇਬੇ ਸੰਤ ਕੌਰ)[5] ਨਾਲ 1906 ਈ. ਵਿਚ ਹੋਇਆ। ਨਾਸਤਿਕ ਖ਼ਿਆਲਾਂ ਦਾ ਹੋਣ ਕਰਕੇ ਆਪਣੇ ਆਨੰਦ ਕਾਰਜ ਸਮੇਂ ਅੰਮ੍ਰਿਤ ਛੱਕੇ ਹੋਣ ਦਾ ਝੂਠ ਬੋਲਿਆ। ਬੇਬੇ ਸੰਤ ਕੌਰ ਦੀ ਕੁੱਖੋਂ ਪੰਜ ਲੜਕੀਆਂ ਅਤੇ ਦੋ ਲੜਕੇ ਪੈਦਾ ਹੋਏ ਜਿਨ੍ਹਾਂ ਵਿਚੋਂ ਜਨਕ ਸਿੰਘ, ਵਰਿਆਮ ਕੌਰ ਅਤੇ ਜਸਵੰਤ ਕੌਰ ਅੱਜ ਕੱਲ੍ਹ ਜਿਉਂਦੇ ਹਨ। ਬੇਬੇ ਸੰਤ ਕੌਰ ਜੀ ਦਾ ਦੇਹਾਂਤ ਜਨਵਰੀ 1968 ਵਿਚ ਹੋ ਗਿਆ।

ਵਿਦੇਸ਼ ਯਾਤਰਾ ਅਤੇ ਗੁਰਮਿਤ ਵੱਲ ਝੁਕਾ : ਆਪ ਕੈਨੇਡਾ ਜਾਣ ਦੀ ਤਿਆਰੀ ਵਿਚ 1907 ਈ ਵਿਚ ਹਾਂਗਕਾਂਗ ਪਹੁੰਚੇ। ਪਰ ਉਥੋਂ ਦੀ ਸਰਕਾਰ ਵੱਲੋਂ 9 ਮਈ 1907 ਨੂੰ ਇਕ ਨਵੇਂ ਕਾਨੂੰਨ ਰਾਹੀਂ ਹਿੰਦੀਆਂ ਦੇ ਅਮਰੀਕਾ ਆਉਣ ਉੱਤੇ ਪਾਬੰਦੀ ਲਾ ਦਿੱਤੀ। ਸੋ ਇਸ ਕਾਨੂੰਨ ਅਨੁਸਾਰ ਆਪ ਹੋਰ ਬਹੁਤ ਸਾਰੇ ਸਾਥੀਆਂ ਵਾਂਗ ਕੈਨੇਡਾ ਨਾ ਪਹੁੰਚ ਸਕੇ ਅਤੇ ਇਸ ਤਰ੍ਹਾਂ ਆਪ ਨੂੰ ਹਾਂਗਕਾਂਗ ਹੀ ਰਹਿਣਾ ਪਿਆ। ਇਥੇ ਆਪ ਨੇ ਦੁਕਾਨਦਾਰੀ ਕਰਨੀ ਆਰੰਭੀ ਪਰ ਕਾਮਯਾਬ ਨਾ ਹੋਏ। ਇਨ੍ਹਾਂ ਦਿਨਾਂ ਵਿਚ ਆਪ ਦਾ ਮੇਲ ਸੰਤਾ ਸਿੰਘ ਚਕਰਵਰਤੀ ਉਪਦੇਸ਼ਕ ਨਾਲ ਹੋਇਆ ਜਿਨ੍ਹਾਂ ਦੀ ਚਿੱਠੀ ਪੱਤਰ ਬਾਬੂ ਤੇਜਾ ਸਿੰਘ ਭਸੌੜ ਨਾਲ ਪਹਿਲਾਂ ਹੀ ਚਲਦੀ ਸੀ। ਉਸ ਨੇ ਆਪ ਨੂੰ ਖ਼ਾਲਸਾ ਧਰਮ ਵਿਚ ਪਕਿਆਂ ਹੋਣ ਲਈ ਪ੍ਰੇਰਨਾ ਦਿੱਤੀ ਅਤੇ ਬਾਬੂ ਤੇਜਾ ਸਿੰਘ ਭਸੌੜ ਤੋਂ ਅੰਮ੍ਰਿਤ ਛਕਣ ਦਾ ਉਪਦੇਸ਼ ਦਿੱਤਾ। ਇਸ ਲਈ ਆਪ ਅੰਮ੍ਰਿਤ ਛਕਣ ਲਈ ਹਾਂਗਕਾਂਗ ਤੋਂ ਸਿਧੇ ਪੰਜਾਬ ਆਏ ਅਤੇ ਭੀਖੀ ਵਿਖੇ ਬਾਬੂ ਤੇਜਾ ਸਿੰਘ ਜੀ ਤੋਂ 1908 ਈ. ਵਿਚ ਅੰਮ੍ਰਿਤ ਛਕਿਆ।[6] ਆਪ ਦਾ ਗੁਰਮਤਿ ਅਨੁਸਾਰ ਨਾਂ ਧਰਮ ਸਿੰਘ ਤੋਂ ਬਦਲ ਕੇ ਲਾਲ ਸਿੰਘ ਰਖਿਆ ਗਿਆ। ਥੋੜ੍ਹਾ ਚਿਰ ਭੀਖੀ ਰਹਿਕੇ ਆਪ ਫਿਰ ਹਾਂਗਕਾਂਗ ਹੀ ਚਲੇ ਗਏ, ਉਥੇ ਭਾਈ ਸੰਤਾ ਸਿੰਘ ਹੁਰਾਂ ਨਾਲ ਮਿਲਕੇ ਮਲਾਇਆ ਟਾਪੂ ਦਾ ਦੌਰਾ ਕੀਤਾ ਅਤੇ ਗੁਰਮਤਿ ਪ੍ਰਚਾਰ ਆਰੰਭਿਆ। ਸਿੰਘਾਪੁਰ, ਕੁਆਲਾਲੰਪਰ, ਸ਼ਿੰਘਾਈ, ਟੈਪਿੰਗ, ਈਪੂ ਆਦਿ ਥਾਵਾਂ ਉੱਤੇ ਪੰਚ ਖ਼ਾਲਸਾ ਜੱਥੇ ਕਾਇਮ ਕੀਤੇ। ਆਪ ਕੋਈ ਦੋ ਸਾਲ ਵਿਦੇਸ਼ ਰਹੇ। 1910 ਈ. ਵਿਚ ਬਾਬੂ ਸਿੰਘ ਜੀ ਦੇ ਸੱਦੇ ਉੱਤੇ ਪੰਚ ਖੰਡ ਪਹੁੰਚ ਕੇ ਇਕ ਲਿਖਾਰੀ ਵਜੋਂ ਕੰਮ ਕਰਨ ਲੱਗੇ।

ਪੰਚ ਖ਼ਾਲਸਾ ਦੀਵਾਨ ਪੰਚ ਖੰਡ ਦੇ ਨਿਧੜਕ ਸੇਵਕ : ਵਿਦੇਸ਼ਾਂ ਦੇ ਦੌਰੇ ਤੋਂ ਬਾਅਦ 1910 ਈ. ਵਿਚ ਆਪ ਨੇ ਆਪਣੀ ਸਾਰੀ ਜ਼ਿੰਦਗੀ ਹੀ ਪੰਚ ਖ਼ਾਲਸਾ ਦੀਵਾਨ ਦੀ ਸੇਵਾ ਵਿਚ ਅਰਪਨ ਕਰ ਦਿੱਤੀ। ਆਪ ਨੇ ਦੀਵਾਨ ਵਿਚ ਕਲਰਕ ਤੋਂ ਲੈ ਕੇ ਮੀਤ ਸੇਵਕ, ਸਟੋਰ ਕੀਪਰ, ਧਾਰਮਿਕ ਮਾਸਟਰ, ਸੇਵਕ ਅਤੇ ਜੱਥੇਦਾਰ ਵਜੋਂ ਕੰਮ ਕੀਤਾ। 1910 ਈ. ਵਿਚ ਹੀ ਆਪ ਆਪਣੇ ਪਰਿਵਾਰ ਸਮੇਤ ਪੰਚ ਖੰਡ ਰਹਿਣ ਲੱਗ ਪਏ ਸਨ। ਇਸ ਸਮੇਂ ਆਪ ਨੇ 'ਸਿੱਖੀ ਇਹ ਹੈ', 'ਵਿਸਮਾਦੀ ਭਾਦ੍ਰੋਂ', 'ਸੰਬੋਧ ਪੱਤ੍ਰ' ਆਦਿ ਟ੍ਰੈਕਟ ਲਿਖੇ। ਜੂਨ 1920 ਵਿਚ ਆਪ ਨੇ ਵਿਦਿਆ ਭੰਡਾਰ ਦੇ ਬੰਦ ਕਰਨ ਉਤੇ, 'ਵਿਰਲਾਪ ਵਿਦਿਆ ਭੰਡਾਰ' ਨਾਂ ਦਾ 100 ਸਫ਼ੇ ਦਾ ਟ੍ਰੈਕਟ ਲਿਖਿਆ। ਬਾਬੂ ਜੀ ਨੇ ਆਪ ਨੂੰ ਪੰਚ ਖ਼ਾਲਸਾ ਮਿਸ਼ਨਰੀ ਇੰਨਸਪੈਕਟਰ ਥਾਪਿਆ।[7] ਉਸ ਦਿਨ ਤੋਂ ਆਪ ਨੇ ਸਿੱਖ ਮੱਤ ਦੇ ਪ੍ਰਚਾਰ ਲਈ ਗ੍ਰੰਥ ਰਚਨਾ ਕਰਨੀ ਆਰੰਭ ਦਿੱਤੀ। 'ਖ਼ਾਲਸਾ ਕੁਆਰੀ ਉੱਨਤਕਾਰੀ' ਨਾਂ ਦੀ ਗ੍ਰੰਥ ਰਚਨਾ ਮਾਰਚ 1921 ਈ. ਵਿਚ ਕੀਤੀ। ਆਪ ਨੇ ਦੀਵਾਨ ਦੇ ਪੁਸਤਕ ਭੰਡਾਰ ਲਈ ਪੈਸੇ ਇਕੱਠੇ ਕਰਨ ਲਈ ਅਗਸਤ 1921 ਈ. ਵਿਚ ਮਲਾਇਆ ਟਾਪੂਆਂ ਦਾ ਫਿਰ ਦੌਰਾ ਕੀਤਾ[8] ਅਤੇ ਸ਼ਿੰਘਾਈ, ਹਾਂਗਕਾਂਗ, ਟੈਪਿੰਗ, ਈਪੂ, ਕੁਆਲਾਲੰਪੁਰ ਆਦਿ ਥਾਵਾਂ ਉੱਤੇ ਜਾ ਕੇ ਕੋਈ 25,000 ਰੁਪਏ ਦੇ ਮੈਂਬਰ ਬਣਾਏ। ਆਪ ਦਾ ਇਕ ਲੱਖ ਰੁਪਏ ਦਾ ਟੀਚਾ ਸੀ। ਪਰ ਬਦਕਿਸਮਤੀ ਨਾਲ ਇਨ੍ਹਾਂ ਦਿਨਾਂ ਵਿਚ ਹੀ ਪੰਚ ਖੰਡ ਵਿਖੇ ਬਾਬੂ ਤੇਜਾ ਸਿੰਘ ਨੇ ਬੀਬੀ ਨਿਰੰਜਨ ਕੌਰ ਨਾਲ ਕਤਕ 453 ਖਾ. ਨੂੰ ਸ਼ਾਦੀ ਕਰ ਲਈ ਅਤੇ ਖ਼ਾਲਸਾ ਪੰਥ ਵਿਚੋਂ ਪੰਚ ਖ਼ਾਲਸਾ ਦੀਵਾਨ ਦਾ ਵਕਾਰ ਘੱਟ ਗਿਆ। ਪੰਚ ਖੰਡ ਉੱਤੇ ਵਿਰੋਧੀਆਂ ਵੱਲੋਂ ਹੱਲਾ ਕਰ ਦਿੱਤਾ ਗਿਆ ਅਤੇ ਬਾਬੂ ਤੇਜਾ ਸਿੰਘ ਨੂੰ ਗਿਰਫ਼ਤਾਰ ਕਰ ਲਿਆ ਗਿਆ।

ਗਿਆਨੀ ਲਾਲ ਸਿੰਘ ਸੰਗਰੂਰ ਨੂੰ ਬਾਬੂ ਤੇਜਾ ਸਿੰਘ ਨੇ ਜੇਲ੍ਹ ਵਿਚੋਂ ਹੀ ਆਪਣਾ ਜਾਨਸ਼ੀਨ ਥਾਪਿਆ ਅਤੇ ਵਿਦੇਸ਼ੋਂ ਤਾਰ ਦੇ ਕੇ ਸੱਦ ਲਿਆ ਗਿਆ। ਆਪ ਨੇ ਵਿਦੇਸ਼ੋਂ ਪਰਤਦਿਆਂ ਹੀ ਬਾਬੂ ਜੀ ਦੀ ਰਿਹਾਈ ਲਈ ਜੱਦੋ ਜਹਿਦ ਆਰੰਭੀ ਕਿਉਂਕਿ ਆਪ ਸਮਝਦੇ ਸਨ ਕਿ ਬੇਸ਼ਕ ਬਾਬੂ ਤੇਜਾ ਸਿੰਘ ਜੀ ਦੀ ਇਹ ਗ਼ਲਤੀ ਸੀ ਪਰ ਬਾਬੂ ਤੇਜਾ ਸਿੰਘ ਦੀ ਗਿਰਫ਼ਤਾਰੀ ਦਾ ਕਾਰਨ ਇਹ ਨਹੀਂ ਸੀ ਸਗੋਂ ਪੰਚ ਖ਼ਾਲਸਾ ਦੀਵਾਨ ਅਰਥਾਤ ਖ਼ਾਲਸਾ ਪਾਰਲੀਮੈਂਟ ਦੇ ਮਿਸ਼ਨ ਨੂੰ ਖ਼ਤਮ ਕਰਨਾ ਸੀ। ਮਹਾਰਾਜਾ ਪਟਿਆਲਾ ਦੇ ਖ਼ਿਲਾਫ਼ ਆਪ ਨੇ ਇਕ ਅੰਦੋਲਨ ਖੜ੍ਹਾ ਕੀਤਾ। 'ਪ੍ਰੇਮਕ ਸੁਨੇਹਾ' ਤੇ 'ਭਸੌੜ ਬੇਨਤੀ ਪੱਤਰ' ਨਾਂ ਦੇ ਟ੍ਰੈਕਟ ਲਿਖੇ। ਪਟਿਆਲੇ ਵਿਖੇ ਸੇਵਾ ਸਿੰਘ ਠੀਕਰੀ ਵਾਲਾ ਅਤੇ ਬਾਬੂ ਤੇਜਾ ਸਿੰਘ ਦੀ ਰਿਹਾਈ ਲਈ ਦਿਨ ਵਿਚ ਲਾਲਟੈਨਾਂ ਨਾਲ ਜਲੂਸ ਕੱਢਿਆ।[10] ਆਪ ਨੇ ਅੰਮ੍ਰਿਤਸਰ ਰਹਿੰਦੇ ਹੋਏ ਉਥੋਂ ਦੇ ਅਖ਼ਬਾਰਾਂ ਵਿਚ ਮਹਾਰਾਜਾ ਪਟਿਆਲਾ ਦੀਆਂ ਵਧੀਕੀਆਂ ਦੇ ਖ਼ਿਲਾਫ਼ ਲੇਖ ਛਪਵਾਏ। 'ਗਿਆਨੀ' ਨਾਂ ਦਾ ਇਕ ਹਫ਼ਤਾਵਾਰ ਅਖ਼ਬਾਰ ਗਿ. ਸਤਨਾਮ ਸਿੰਘ ਦੀ ਸੰਪਾਦਕੀ ਹੇਠ ਕਢਿਆ ਜਿਸ ਵਿਚ ਸਾਰੇ ਦੇ ਸਾਰੇ ਲੇਖ ਮਹਾਰਾਜਾ ਦੀਆਂ ਵਧੀਕੀਆਂ ਬਾਰੇ ਗਿ. ਲਾਲ ਸਿੰਘ ਦੀ ਕਲਮ ਤੋਂ ਹੀ ਹੁੰਦੇ ਸਨ। ਮਹਾਰਾਜਾ ਪਟਿਆਲਾ ਆਪ ਨੂੰ ਗਿਰਫ਼ਤਾਰ ਕਰਨ ਲਈ ਉਤਾਵਲਾ ਸੀ। ਧੋਖੇ ਨਾਲ ਬਾਬੂ ਤੇਜਾ ਸਿੰਘ ਜੀ ਦਾ ਸੰਦੇਸ਼ਾ ਭੇਜ ਕੇ ਆਪ ਨੂੰ ਗਿਰਫ਼ਤਾਰ ਕਰ ਲਿਆ ਗਿਆ ਅਤੇ ਬਾਬੂ ਤੇਜਾ ਸਿੰਘ, ਸੇਵਾ ਸਿੰਘ ਕ੍ਰਿਪਾਨ-ਬਹਾਦਰ, ਭਾਈ ਰਣਜੋਧ ਸਿੰਘ, ਭਾਈ ਬਸੰਤ ਸਿੰਘ ਆਦਿ ਨਾਲ ਛੇ ਮਹੀਨੇ ਸੁਨਾਮ ਜੇਲ੍ਹ ਵਿਚ ਤਸੀਹੇ ਕੱਟੇ ਅਤੇ ਆਪ ਨੂੰ ਕਾਫ਼ੀ ਸ਼ਰੀਰਿਕ ਨੁਕਸਾਨ ਪਹੁੰਚਿਆ। ਛੇ ਮਹੀਨੇ ਕੈਦ ਵਿਚ ਰਖਣ ਤੋਂ ਬਾਅਦ ਆਪ ਨੂੰ ਰਿਹਾ ਕਰ ਦਿੱਤਾ ਗਿਆ। ਰਿਹਾ ਹੋ ਕੇ ਆਪ ਦੀਵਾਨ ਦੇ ਦੋ ਸਾਲ ਸਕੱਤਰ ਰਹੇ। ਫਿਰ ਆਪ ਨੂੰ ਖ਼ਾਲਸਾ ਦੀਵਾਨ ਦੇ ਅਖ਼ਬਾਰਾਂ ਦੇ ਪ੍ਰਬੰਧ ਲਈ ਅੰਮ੍ਰਿਤਸਰ ਭੇਜ ਦਿੱਤਾ ਗਿਆ। ਅਕਤੂਬਰ 1924 ਈ. ਵਿਚ ਆਪ ਅੰਮ੍ਰਿਤਸਰ ਚਲੇ ਗਏ ਅਤੇ ਕ੍ਰਿਪਾਨ ਬਹਾਦਰ ਵਿਚ ਕੰਮ ਕਰਨ ਲੱਗੇ। ਫਿਰ ਆਪ ਦੀ ਸੰਪਾਦਕੀ ਅਤੇ ਪ੍ਰਬੰਧਕੀ ਹੇਠ ਪੰਚ ਖ਼ਾਲਸਾ ਦੀਵਾਨ ਦੇ ਅੱਠ ਅਖ਼ਬਾਰ 1929 ਈ. ਦੇ ਅੰਤ ਤਕ ਨਿਕਲਦੇ ਰਹੇ। ਕ੍ਰਿਪਾਨ ਬਹਾਦਰ, ਖ਼ਾਲਸਾ ਪਾਰਲੀਮੈਂਟ ਗਜ਼ਟ, ਪੰਚ ਖ਼ਾਲਸਾ ਸਮਾਚਾਰ, ਕਕਾਰ ਬਹਾਦਰ, ਖ਼ਾਲਸਾ ਸੁਆਣੀ, ਮਾਲਵਾ ਗਜ਼ਟ, ਖ਼ਾਲਸਾ ਪੰਚਾਇਣ, ਉਪਕਾਰੀ ਮਾਤਾ, ਇਹ ਅੱਠੇ ਅਖ਼ਬਾਰ ਬੜੀ ਸ਼ਾਨ ਨਾਲ ਪੰਚ ਖ਼ਾਲਸਾ ਦੀਵਾਨ ਦੇ ਅਸੂਲਾਂ ਦਾ ਪ੍ਰਚਾਰ ਕਰਦੇ ਰਹੇ। ਸਿੱਖ ਰਹੁਰੀਤੀ, ਸਿੱਖ ਸਾਹਿੱਤ, ਸਿੱਖ ਇਤਿਹਾਸ ਤੇ ਸਮਕਾਲੀ ਰਾਜਨੀਤੀ ਦੇ ਖੇਤਰ ਵਿਚ ਇਹ ਅਖ਼ਬਾਰ ਬੜੇ ਹੀ ਵਾਦ-ਵਿਵਾਦ ਦਾ ਵਿਸ਼ਾ ਰਹੇ ਹਨ। ਭਾਵੇਂ ਕਈ ਡੰਮੀ ਐਡੀਟਰ ਵੀ ਬਣਾਏ ਗਏ ਪਰ ਵਾਸਤਵ ਵਿਚ ਬਹੁਤੇ ਲੇਖ ਗਿਆਨੀ ਲਾਲ ਸਿੰਘ ਜੀ ਦੇ ਹੀ ਲਿਖੇ ਹੁੰਦੇ ਸਨ।[11] 1929 ਈ. ਤਕ ਇਹ ਅਖ਼ਬਾਰ ਚਲੇ ਪਰ ਕਈ ਕਾਰਨਾਂ ਕਰਕੇ ਬਾਬੂ ਤੇਜਾ ਸਿੰਘ ਅਤੇ ਗਿਆਨੀ ਲਾਲ ਸਿੰਘ ਜੀ ਦੇ ਆਪਸੀ ਸੰਬੰਧ ਵਿਗੜ ਗਏ ਅਤੇ ਦੀਵਾਨ ਵਿਚ ਖਿਚੋ-ਤਾਣ ਵੱਧ ਗਈ, ਇਸ ਲਈ ਇਹ ਅਖ਼ਬਾਰ ਬੰਦ ਕਰ ਦਿੱਤੇ ਗਏ। ਅੰਮ੍ਰਿਤਸਰ ਹੁੰਦਿਆਂ ਆਪ ਦਸੰਬਰ 1926 ਈ. ਵਿਚ ਇਕ ਵਾਰ ਫਿਰ ਮਲਾਇਆ ਖ਼ਾਲਸਾ ਦੀਵਾਨ ਦੇ ਸੱਦੇ ਉੱਤੇ ਮਲਾਇਆ ਟਾਪੂਆਂ ਦੇ ਦੌਰੇ ਉੱਤੇ ਗਏ। ਮੁੜਨ ਵੇਲੇ ਆਪ ਬਰ੍ਹਮਾ ਹੁੰਦੇ ਹੋਏ ਪੰਜਾਬ ਪਹੁੰਚੇ। ਰੰਗੂਨ ਵਿਖੇ ਆਪ ਨੇ ਕਾਫ਼ੀ ਵਿਦਵੱਤਾਪੂਰਨ ਲੈਕਚਰ ਦਿੱਤੇ,[12] ਜੋ ਦੀਵਾਨ ਦੇ ਅਖ਼ਬਾਰਾਂ ਵਿਚ ਛਪੇ।

ਅਖ਼ਬਾਰ ਬੰਦ ਹੋਣ ਤੋਂ ਬਾਅਦ ਆਪ ਪੰਚ ਖੰਡ ਜਾਣ ਦੀ ਥਾਂ 1930 ਈ. ਵਿਚ ਪਿੰਡ ਗਗੜਪੁਰ (ਸੰਗਰੂਰ) ਆ ਗਏ। ਅੰਮ੍ਰਿਤਸਰ ਰਹਿੰਦਿਆਂ ਆਪ ਨੇ 'ਗਹਿਣਾ ਪ੍ਰਹਾਰ' ਅਤੇ 'ਭਗੌਤੀ ਪ੍ਰਬੋਧ' ਗ੍ਰੰਥ ਲਿਖ ਦਿੱਤੇ ਸਨ। ਗਗੜਪੁਰ ਆ ਕੇ ਆਪ ਨੇ ਅੰਮ੍ਰਿਤ ਮਰਯਾਦਾ ਪ੍ਰਕਾਸ਼, ਮ੍ਰਿਤਕ ਸੰਸਕਾਰ, ਖ਼ਾਲਸਾ ਮਰਯਾਦਾ ਪ੍ਰਕਾਸ਼, ਸ੍ਰਿਸ਼ਟੀ ਰਚਨਾ, ਅਨਮਤ ਖੰਡਨ ਲੜੀ ਦੇ ਗ੍ਰੰਥ ਆਦਿ ਛਪਵਾਏ।

ਬਾਬੂ ਤੇਜਾ ਸਿੰਘ ਜੀ ਦੇ ਚਲਾਣੇ ਤੋਂ ਬਾਅਦ ਆਪ ਹਿੰਮਤਯਾਨਾ ਮੰਡੀ ਚਲੇ ਗਏ ਅਤੇ ਉਥੋਂ ਖ਼ਾਲਸਾ ਪਾਰਲੀਮੈਂਟ ਗਜ਼ਟ ਦਾ ਪ੍ਰਕਾਸ਼ਨ ਆਰੰਭਿਆ[13] ਅਤੇ ਨਾਲ ਬਾਬੂ ਤੇਜਾ ਸਿੰਘ ਦਾ ਜੀਵਨ ਬ੍ਰਿਤਾਂਤ ਲਿਖ ਕੇ ਛਪਵਾਇਆ। ਪੰਚ ਖੰਡ ਆਪੋ-ਧਾਪੀ ਪਈ ਹੋਈ ਸੀ। ਆਪ 1936 ਈ. ਵਿਚ ਗੁਰਦੁਆਰਾ ਨਨਕਾਣਾ ਸਾਹਿਬ (ਮੰਗਵਾਲ) ਜਾ ਰਹੇ।[14] ਉਥੇ ਆਪ ਨੇ ਕਈ ਗ੍ਰੰਥ ਲਿਖੇ ਅਤੇ ਇਹ ਸਮਾਂ ਕਾਫ਼ੀ ਬਹਿਸ ਦਾ ਸਮਾਂ ਸੀ। ਭਾਈ

ਕਾਨ੍ਹ ਸਿੰਘ ਨਾਭਾ ਆਪ ਦੀ ਕਾਫ਼ੀ ਇਜ਼ਤ ਕਰਦੇ ਸਨ। ਇਥੇ ਆਪ ਦੇ ਇਕ ਪੱਤਰ ਦਾ ਹਵਾਲਾ ਦੇਣਾ ਜ਼ਰੂਰੀ ਸਮਝਦਾ ਹਾਂ।[15]

"ਪਰਮ ਪਿਆਰੇ ਪੰਥ ਸੇਵਕ ਗਿਆਨੀ ਲਾਲ ਸਿੰਘ ਜੀ ਇਹ ਵੇਲਾ ਅਜਿਹਾ ਹੈ ਕਿ ਪੰਚ ਖ਼ਾਲਸਾ ਦੀਵਾਨ ਦੇ ਪੁਰਾਣੇ ਤੇ ਨਵੇਂ ਸੇਵਕ ਇਕ ਹੋ ਕੇ ਰਹਿਣ, ਆਪ ਜੇਹੇ ਵਿਦਵਾਨ ਖੋਜੀਆਂ ਦੀ ਲੋੜ ਹੈ। ਹੁਣ ਆਪ ਪੰਚ ਖ਼ਾਲਸਾ ਦੀਵਾਨ ਦੀ ਅਗਵਾਈ ਕਰੋ। ਆਪ ਦਾ ਹਿਤ ਚਿੰਤਕ-ਕਾਨ੍ਹ ਸਿੰਘ।"

ਪੰਚ ਖੰਡ ਦਾ ਕੰਮ ਨਾ ਚਲਦਾ ਦੇਖ ਕੇ ਮਾਰਚ 1942 ਈ. ਵਿਚ ਆਪ ਨੂੰ ਦੁਬਾਰਾ ਪੰਚ ਖੰਡ ਬੁਲਾ ਲਿਆ ਗਿਆ ਅਤੇ 14-6-1943 ਦੇ ਦੀਵਾਨ ਵਿਚ ਆਪ ਨੂੰ ਪੰਚ ਖੰਡ ਦੇ ਸਾਰੇ ਅਧਿਕਾਰ ਦਿੱਤੇ ਗਏ। ਪੰਚ ਖੰਡ ਰਹਿੰਦਿਆਂ ਫਿਰ ਆਪ ਨੇ ਨਵੰਬਰ 1946 ਈ. ਤਕ ਕੋਈ ਪੰਜਾਹ ਕੁ ਗ੍ਰੰਥਾਂ ਦੀ ਰਚਨਾ ਕੀਤੀ, ਜਿਸ ਵਿਚ ਦਸਮ ਗੁਰਬਾਣੀ ਸੰਗ੍ਰਹਿ, ਭੱਟ ਗਿਰਾ ਨਿਰਣਯ, ਖਾਰੀ ਬੀੜਾਂ ਦੇ ਪ੍ਰਸਤਾਵ, ਸੂਰਜ-ਪ੍ਰਕਾਸ਼ ਦੇ ਗਪੌੜੇ, ਗੁਰਮਤਿ ਜੀਵਨ, ਸਿੱਖਾਂ ਨੇ ਰਾਜ ਕਿਵੇਂ ਲਿਆ, ਖ਼ਾਲਸਾ ਦਰਬਾਰ, ਸਿੱਖਾਂ ਦਾ ਰਾਜ ਕਿਵੇਂ ਗਿਆ, ਗੁਰੂ ਡੰਮ ਪ੍ਰਮਚਾਰਕ ਮਹੰਤ, ਖੁਲ੍ਹੇ ਲੇਖ, ਭਗਤ ਮਤ ਤੇ ਗੁਰਮਤਿ, ਸਤਿਗੁਰ ਬਿਨਾ ਹੋਰ ਕਚੀ ਹੈ ਬਾਣੀ ਆਦਿ ਪੁਸਤਕਾਂ ਮਹੱਤਵਪੂਰਨ ਹਨ। ਨਵੰਬਰ 1946 ਵਿਚ ਮੁਨਸ਼ੀ ਚੰਦਾ ਸਿੰਘ ਨੇ ਮਲਾਇਆ ਤੋਂ ਆ ਕੇ ਆਪ ਤੋਂ ਚਾਰਜ ਲੈ ਲਿਆ ਅਤੇ ਪੰਚ ਖ਼ਾਲਸਾ ਦੀਵਾਨ ਫਿਰ ਦੋ ਧੜਿਆਂ ਵਿਚ ਵੰਡਿਆ ਗਿਆ। ਗਿਆਨੀ ਲਾਲ ਸਿੰਘ ਅਤੇ ਹਰਭਜਨ ਸਿੰਘ ਧਾਦਰਾਂ ਗਰੁਪ ਨੇ ਪੰਚ ਖ਼ਾਲਸਾ ਦੀਵਾਨ ਦਾ ਦਫਤਰ ਧਾਂਦਰਾਂ ਵਿਖੇ ਬਦਲ ਲਿਆ। ਇਥੇ ਵੀ ਆਪ ਨੇ ਕਈ ਮਹੱਤਵਪੂਰਨ ਪੁਸਤਕਾਂ ਜਿਵੇਂ 'ਗੁਰਦਾਸ ਦਰਸ਼ਨ', 'ਦਸਮ ਗੁਰਬਾਣੀ ਵਾਲੀ ਬੀੜ',[16] 'ਹਮ ਹਿੰਦੂ ਨਹੀਂ' ਤਿਆਰ ਕੀਤੀਆਂ। 1946 ਈ. ਵਿਚ ਆਪ ਨੂੰ ਪੰਚ ਖ਼ਾਲਸਾ ਦੀਵਾਨ ਦੇ ਵਿਦਿਅਕ ਦਲ ਦਾ ਪ੍ਰਧਾਨ ਬਣਾਇਆ ਗਿਆ। ਪਹਿਲੀ ਜੁਲਾਈ 1950 ਨੂੰ ਦੀਵਾਨ ਵੱਲੋਂ ਆਪ ਨੂੰ ਪੰਥ ਭੂਸ਼ਨ ਦਾ ਖ਼ਿਤਾਬ ਦਿੱਤਾ ਗਿਆ।[17] 5 ਮਈ 1959 ਵਿਚ ਦਮਦਮਾ ਸਾਹਿਬ ਨੂੰ ਤਖਤ ਮਨਾਉਣ ਲਈ ਬਣੀ 'ਧਾਰਮਿਕ ਸਲਾਹਕਾਰ ਕਮੇਟੀ' ਵਿਚ ਆਪ ਨੂੰ ਲਿਆ ਗਿਆ। 1960 ਈ. ਵਿਚ ਆਪ ਦਾ ਮੁਨਸੀ ਚੰਦਾ ਸਿੰਘ ਹੁਰਾਂ ਨਾਲ ਫਿਰ ਸਮਝੌਤਾ ਹੋ ਗਿਆ। 27 ਜੁਲਾਈ 1915 ਨੂੰ ਮੁਨਸ਼ੀ ਚੰਦਾ ਸਿੰਘ ਦੇ ਦੇਹਾਂਤ ਤੋਂ ਬਾਅਦ ਆਪ ਪੰਚ ਖ਼ਾਲਸਾ ਦੀਵਾਨ ਨੂੰ ਚਲਦਾ ਰਖਣ ਲਈ ਯਤਨ ਕਰਦੇ ਰਹੇ। 1970 ਈ. ਵਿਚ ਆਪ ਦੀਵਾਨ ਦੇ ਜਥੇਦਾਰ ਥਾਪੇ ਗਏ ਅਤੇ ਆਪ ਆਪਣੀ ਜ਼ਿੰਦਗੀ ਦੇ ਆਖ਼ਰੀ ਸੁਆਸਾਂ ਤਕ ਦੀਵਾਨ ਦੀ ਸੇਵਾ ਵਿਚ ਲੱਗੇ ਰਹੇ।

ਰਾਜਨੀਤਿਕ ਜੀਵਨ

ਆਪ ਦਾ ਜੀਵਨ ਬੇਸ਼ਕ ਨਿਰੋਲ ਗੁਰਮਤਿ ਪ੍ਰਚਾਰ ਨੂੰ ਹੀ ਅਰਪਿਤ ਸੀ ਪਰ ਬਾਬੂ ਤੇਜਾ ਸਿੰਘ ਅਨੁਯਾਈ ਹੋਣ ਕਰਕੇ ਆਪ ਦੀ ਰਾਜਨੀਤਿਕ ਫਿਲਾਸਫੀ ਸਿੱਖ ਧਰਮ ਅਨੁਸਾਰ ਰਾਜ ਅਤੇ ਧਰਮ ਦੇ ਮੇਲ ਨਾਲ ਰਾਜ ਯੋਗ ਵਾਲੀ ਸੀ। ਖ਼ਾਲਸਾ ਪਾਰਲੀਮੈਂਟ ਮਿਸ਼ਨ ਦੇ ਆਪ ਸਮਰਥਕ ਸਨ। ਆਪ ਵਿਦੇਸ਼ੀ ਕੌਮ ਦੇ ਰਾਜ ਦੇ ਹੱਕ ਵਿਚ ਨਹੀਂ ਸਨ। ਚੀਫ਼ ਖ਼ਾਲਸਾ ਦੀਵਾਨ ਖ਼ਾਸ ਕਰਕੇ ਭਾਈ ਵੀਰ ਸਿੰਘ ਨਾਲ ਆਪ ਦੀ ਵਿਰੋਧਤਾ ਇਸੇ ਗੱਲ ਕਰਕੇ ਸੀ। ਗ਼ਦਰੀ ਬਾਬੇ ਜਦੋਂ ਪੰਚ ਖੰਡ ਆਏ ਜਾਂ ਲੋਹਟਬੱਦੀ ਆਏ ਤਾਂ ਆਪ ਨਾਲ ਉਨ੍ਹਾਂ ਦਾ ਮੇਲ ਹੋਇਆ।

ਇਥੇ ਹੀ ਬੱਸ ਨਹੀਂ ਪਟਿਆਲਾ ਜੇਲ੍ਹ ਵਿਚ ਬਾਬੂ ਤੇਜਾ ਸਿੰਘ ਦਾ ਆਪ ਨੂੰ ਜਾਨਸ਼ੀਨ ਥਾਪਣ ਸਮੇਂ 'ਫ਼ਾਰਨ ਮਨਿਸਟਰ' ਸੰਬੋਧਨ ਕਰਨਾ ਰਾਜਨੀਤਿਕ ਗਤੀਵਿਧੀਆਂ ਵੱਲ ਦਾ ਹੀ ਸੰਕੇਤ ਸੀ। ਮਹਾਰਾਜਾ ਪਟਿਆਲਾ ਦੇ ਖ਼ਿਲਾਫ਼ ਆਪਣੀ ਕਲਮ ਰਾਹੀਂ ਪ੍ਰਚਾਰ ਕਰਨਾ ਆਪ ਦੇ ਰਾਜਨੀਤਿਕ ਜੀਵਨ ਨੂੰ ਹੋਰ ਵੀ ਤਿਖਾ ਕਰਦਾ ਹੈ, ਜਿਸ ਕਾਰਨ ਆਪ ਛੇ ਮਹੀਨੇ ਸੁਨਾਮ ਜੇਲ੍ਹ ਵਿਚ ਕੈਦ ਰਹੇ ਅਤੇ ਤਸੀਹੇ ਕਟੇ।[18] ਗੁਰਦੁਆਰਾ ਐਕਟ ਦੀ ਵਿਰੋਧਤਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਰੋਧਤਾ, ਜੈਤੋ ਦੇ ਮੋਰਚੇ ਵਿਚ ਹਿੱਸਾ, ਕ੍ਰਿਪਾਨ ਦੇ ਮੋਰਚੇ ਵਿਚ ਹਿੱਸਾ ਆਪ ਦੀਆਂ ਰਾਜਨੀਤਿਕ ਗਤੀਵਿਧੀਆਂ ਦੇ ਚਿੰਨ੍ਹ ਹਨ।[19] ਨਹਿਰੂ ਰਿਪੋਰਟ ਉੱਤੇ ਅਖ਼ਬਾਰਾਂ ਵਿਚ ਕੀਤੀ ਆਪ ਦੀ ਟਿੱਪਣੀ ਆਪ ਦੇ ਰਾਜਨੀਤਿਕ ਸਟੈਂਡ ਨੂੰ ਪ੍ਰਗਟ ਕਰਦੀ ਹੈ।

ਸਮਾਜ ਸੁਧਾਰਕ ਵਜੋਂ

ਆਪ ਇਸਤਰੀ ਸੁਧਾਰ, ਵਿਦਿਆ ਦੇ ਪ੍ਰਸਾਰ ਅਤੇ ਭਾਈਚਾਰਿਕ ਸੁਧਾਰ ਦੇ ਹਾਮੀ ਸਨ। ਪਖੰਡੀ ਸਾਧਾਂ ਸੰਤਾਂ, ਜ਼ਾਤ ਪਾਤ, ਭੈੜੇ ਰਸਮ-ਰਿਵਾਜ ਨੂੰ ਆਪ ਖ਼ਤਮ ਕਰਨ ਦੇ ਇਛੁਕ ਸਨ। ਆਪ ਨੇ ਇਸ ਮੰਤਵ ਲਈ ਸਮਾਜ ਸੁਧਾਰਕ ਪੁਸਤਕਾਂ ਰਚੀਆਂ। ਆਪ ਇਸਤਰੀਆਂ ਵੱਲੋਂ ਘੁੰਢ ਕੱਢਣ, ਗਹਿਣੇ ਪਾਉਣ ਆਦਿ ਦੇ ਵਿਰੋਧੀ ਸਨ। ਮਨੁੱਖੀ ਆਚਰਣ ਦੀ ਉਚਿਆਣ ਦੇ ਆਪ ਪੁਜਾਰੀ ਸਨ। ਨਸ਼ੇ ਕਰਨ ਦੇ ਆਪ ਸਖ਼ਤ ਵਿਰੁੱਧ ਸਨ। ਭਾਈਚਾਰਿਕ ਸੁਧਾਰ, ਪਾਖੰਡ ਖੰਡਣ, ਜਾਤ-ਪਾਤ ਖੰਡਣ, ਵਿਰਲਾਪ ਵਿਦਿਆ ਭੰਡਾਰ, ਦਸਤਾਰ ਸੰਦੇਸ਼ਾ ਆਦਿ ਗ੍ਰੰਥ ਇਨ੍ਹਾਂ ਵਿਸ਼ਿਆਂ ਨਾਲ ਸੰਬੰਧਿਤ ਹੀ ਹਨ। ਇਸਤਰੀ ਵਿਦਿਆ ਦਾ ਡਟ ਕੇ ਪ੍ਰਚਾਰ ਕਰਦੇ ਸਨ। ਆਪ ਨੇ ਕੁੜੀਆਂ ਦੇ ਦੋ ਸਕੂਲ ਢਿਲਵਾਂ ਅਤੇ ਲੋਹਟਬੱਦੀ ਖੋਲ੍ਹੇ।

ਸਾਹਿੱਤਿਕ ਜੀਵਨ

ਆਪ ਸੰਸਕ੍ਰਿਤ, ਫ਼ਾਰਸੀ, ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਗਿਆਤਾ ਸਨ, ਇਸ ਲਈ ਆਪ ਨੇ ਇਨ੍ਹਾਂ ਭਾਸ਼ਾਵਾਂ ਦੇ ਕਾਫ਼ੀ ਗ੍ਰੰਥਾਂ ਦਾ ਅਧਿਐਨ ਕੀਤਾ। ਆਪ ਦਾ ਵਧੇਰੇ ਸ਼ੌਕ ਖੋਜ ਅਤੇ ਪਰਖ ਵੱਲ ਸੀ। ਆਪ ਦਾ ਸਾਹਿੱਤਿਕ ਜੀਵਨ ਵਿਦੇਸ਼ਾਂ ਦੇ ਦੌਰੇ ਤੋਂ ਬਾਅਦ 1910 ਈ. ਵਿਚ ਪੰਚ ਖੰਡ ਆ ਕੇ ਇਕ ਲਿਖਾਰੀ ਵਜੋਂ ਕੰਮ ਕਰਨ ਦੇ ਸਮੇਂ ਤੋਂ ਸ਼ੁਰੂ ਹੁੰਦਾ ਹੈ। ਆਪ ਨੇ ਸਿੱਖ ਇਤਿਹਾਸ ਅਤੇ ਸਿੱਖ ਸਾਹਿੱਤ ਦੀ ਖੋਜ ਲਈ ਕੰਮ ਆਰੰਭਿਆ। ਆਪ ਦੀ ਖੋਜ-ਵਿਧੀ ਬਾਬੂ ਤੇਜਾ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੇ ਚਿੰਤਨ ਵਾਲੀ ਹੀ ਸੀ। ਆਪ ਨੇ ਸੂਰਜ ਪ੍ਰਕਾਸ਼ ਦੀਆਂ ਮਨਘੜਤ ਸਾਖੀਆਂ ਦਾ ਖੰਡਨ ਕੀਤਾ। ਗੁਰਬਾਣੀ ਨੂੰ ਨਿਰੋਲ ਰਖਣ ਲਈ ਭਗਤ ਰਚਨਾ ਨਿਰਣਯ, ਭਟ ਰਚਨਾ ਨਿਰਣਯ, ਵਰਗੇ ਗ੍ਰੰਥ ਲਿਖੇ। 'ਸਤਿਗੁਰ ਬਿਨਾ ਹੋਰ ਕਚੀ ਹੈ ਬਾਣੀ' ਦੀ ਪੂਰਨ ਖੋਜ ਕਰਕੇ ਅਸਲ ਗੁਰਬਾਣੀ ਦਾ ਨਿਰਣਾ ਕੀਤਾ। ਆਪ ਨੇ ਮੰਜੂਦਾ ਪ੍ਰਚਲਿਤ ਬੀੜ ਦੀ ਖੋਜ ਆਰੰਭੀ। ਇਸੇ ਤਰ੍ਹਾਂ ਦਸਮ ਗ੍ਰੰਥ ਦੀ ਰਚਨਾ ਬਾਰੇ ਆਪਣੀ ਖੋਜ ਦੇ ਸਿੱਟੇ ਕੱਢ ਕੇ ਨਿਰੋਲ ਦਸਮ ਗੁਰਬਾਣੀ ਸੰਗ੍ਰਹਿ ਪ੍ਰਕਾਸ਼ਿਤ ਕੀਤਾ। ਰਾਗ ਮਾਲਾ ਦੇ ਸਵਾਲ ਉੱਤੇ ਆਪ ਨੇ ਕਾਫ਼ੀ ਖੋਜ ਉਪਰੰਤ 'ਰਾਗ ਮਾਲਾ ਦਮਨ' ਨਾਂ ਦਾ ਗ੍ਰੰਥ ਰਚਿਆ। ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਨਿਰਣੇ ਲਈ ਆਪ ਨੇ 'ਗੁਰਦਾਸ ਦਰਸ਼ਨ' ਨਾਂ ਦੀ ਪੁਸਤਕ ਲਿਖੀ। ਆਪ ਨੇ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਬੜੀਆਂ ਘੋਖ ਭਰੀਆਂ ਪੁਸਤਕਾਂ ਗੱਦ ਵਿਚ ਲਿਖੀਆਂ ਹਨ, ਜਿਨ੍ਹਾਂ ਵਿਚ ਬਾਣੀ ਦੇ ਸਿਰਲੇਖਾਂ ਹੇਠ ਚੁਣਤ ਹੈ, ਕੋਸ਼ ਹੈ, ਵਿਆਖਿਆ ਹੈ, ਸਿਧਾਂਤ ਨਿਰਨਾ ਹੈ, ਮੁਕਾਬਲਾ ਹੈ। ਪੰਡਤ ਤਾਰਾ ਸਿੰਘ, ਪੰਡਤ ਸਾਧੂ ਸਿੰਘ ਆਦਿ ਦੀ ਲੀਹ ਨੂੰ ਆਪ ਪਾਲਦੇ ਰਹੇ ਹਨ।[20] 'ਗੁਰੂ ਗ੍ਰੰਥ ਸਿਧਾਂਤ ਸੰਗ੍ਰਹਿ' ਤੇ 'ਗੁਰਮਤਿ ਮਾਰਤੰਡ' ਉੱਤਮ ਹਨ।

ਆਪ ਨੇ ਆਪਣੀ ਖੋਜ ਸਦਕਾ ਪੰਜਾਬੀ ਇਤਿਹਾਸ-ਸਾਹਿੱਤ ਵਿਚ ਵੀ ਬੜਾ ਕੀਮਤੀ ਹਿੱਸਾ ਪਾਇਆ ਹੈ, ਖ਼ਾਸ ਕਰਕੇ ਆਪ ਦੀਆਂ ਰਚਿਤ ਪੁਸਤਕਾਂ 'ਤਵਾਰੀਖ ਗੁਰੂ ਖ਼ਾਲਸਾ', 'ਸਿੱਖ ਕਾਨੂੰਨ', 'ਗੁਰਮਤਿ ਮਾਰਤੰਡ' ਅਤੇ 'ਕੋਸ਼ ਦਸਮ ਗ੍ਰੰਥ' ਸਿੱਖ ਇਤਿਹਾਸ ਲਈ ਬੜੀਆਂ ਲੋੜੀਂਦੀਆਂ ਪੁਸਤਕਾਂ ਹਨ।[21] ਇਨ੍ਹਾਂ ਪੁਸਤਕਾਂ ਵਿਚ ਆਪ ਨੇ ਕਈ ਇਤਿਹਾਸਿਕ ਘਟਨਾਵਾਂ ਬਾਰੇ ਪਏ ਹੋਏ ਭੁਲੇਖਿਆਂ ਨੂੰ ਸੁਲਝਾਇਆ ਹੈ।[22] ਸਿੱਖ ਇਤਿਹਾਸ ਦੇ ਲੇਖਕਾਂ ਪ੍ਰੇਮ ਸਿੰਘ ਹੋਤੀ, ਗੰਡਾ ਸਿੰਘ, ਕਰਮ ਸਿੰਘ ਆਦਿ ਦੀ ਢਾਣੀ ਦੇ ਆਪ ਸਿਰਕੱਢ ਇਤਿਹਾਸਕਾਰ ਸਨ।

ਬੇਸ਼ਕ ਆਪ ਦੀ ਖੋਜ ਤੋਂ ਕੁਝ ਸਿੱਖ ਅਖ਼ਬਾਰਾਂ ਦੀ ਸਖ਼ਤ ਪੜਚੋਲ ਨੇ ਕਈ ਮੁਖ਼ਾਲਿਫ਼ ਰੁਚੀਆਂ ਪੈਦਾ ਕੀਤੀਆਂ ਅਤੇ ਲੇਖਕ ਦੇ ਜੀਊਂਦੇ ਜੀਅ ਉਸ ਨੂੰ ਕੋਈ ਸਨਮਾਨ ਨਾ ਦਿੱਤਾ ਗਿਆ। ਉਂਝ ਤਾਂ ਸਮੁੱਚੇ ਤੌਰ ਉੱਤੇ ਪੰਚ ਖ਼ਾਲਸਾ ਦੀਵਾਨ ਭਸੌੜ ਦੇ ਵਿਦਵਾਨਾਂ ਬਾਬੂ ਤੇਜਾ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਜੀ. ਬੀ. ਸਿੰਘ, ਡਾ. ਰਣ ਸਿੰਘ, ਗਿ. ਲਾਲ ਸਿੰਘ ਸੰਗਰੂਰ, ਪ੍ਰਾਕਰਮ ਸਿੰਘ ਸੰਗਰੂਰ ਆਦਿ ਕਿਸੇ ਦਾ ਵੀ ਜੀਊਂਦੇ ਜੀਅ ਮੁੱਲ ਨਹੀਂ ਪਇਆ, ਪਰ ਅੱਜ ਕਈ ਖੋਜੀ ਰੁਚੀਆਂ ਵਾਲੇ ਸਾਹਿੱਤਕਾਰ ਇਹ ਸਮਝਦੇ ਹਨ ਕਿ ਜੇ ਇਨ੍ਹਾਂ ਖੋਜੀਆਂ ਨੂੰ ਜੀਊਂਦੇ ਜੀਅ ਮਿਲਵਰਤਨ ਦੇ ਕੇ ਉਨ੍ਹਾਂ ਕੋਲੋਂ ਖੋਜ ਦਾ ਹੋਰ ਕੰਮ ਕਰਵਾਇਆ ਜਾਂਦਾ, ਤਾਂ ਪੰਜਾਬੀ ਖੋਜ ਅਤੇ ਆਲੋਚਨਾ ਦੇ ਖੇਤਰ ਵਿਚ ਹੋਰ ਕਿੰਨਾ ਵਾਧਾ ਹੁੰਦਾ।

ਪੰਜਾਬੀ ਸਾਹਿੱਤ ਵਿਚ ਇਸ ਸੰਸਥਾ ਦੇ ਵਿਦਵਾਨ ਸਾਹਿੱਤਕਾਰਾਂ ਵੱਲੋਂ ਰਚੇ ਗਏ ਖੋਜ ਗ੍ਰੰਥਾਂ, ਜੀਵਨੀਆਂ, ਟ੍ਰੈਕਟਾਂ, ਟੀਕਿਆਂ, ਸਿੱਖ ਇਤਿਹਾਸਾਂ ਆਦਿ ਦਾ ਬੜਾ ਵੱਡਾ ਯੋਗਦਾਨ ਹੈ। ਇਨ੍ਹਾਂ ਵਿਚੋਂ ਬਹੁਤਾ ਹਿੱਸਾ ਗਿਆਨੀ ਲਾਲ ਸਿੰਘ ਸੰਗਰੂਰ ਦਾ ਹੀ ਹੈ।[23] ਪੰਜਾਬੀ ਸਾਹਿੱਤ ਦਾ ਖ਼ਜ਼ਾਨਾ ਆਪ ਦੀਆਂ ਵਡਮੁੱਲੀਆਂ ਪੁਸਤਕਾਂ ਨਾਲ ਭਰਪੂਰ ਹੋਇਆ। ਆਪ ਆਖ਼ਰੀ ਦਮ ਤਕ ਲਿਖਦੇ ਰਹੇ।

ਆਪ ਨੇ ਪੰਜਾਬੀ ਵਾਰਤਕ ਵਿਚ ਪੱਤਰਕਾਰੀ ਰਾਹੀਂ ਵੀ ਢੇਰ ਵਾਧਾ ਕੀਤਾ। ਆਪ 1924 ਈ. ਤੋਂ 1929 ਈ. ਤਕ ਪੰਚ ਖ਼ਾਲਸਾ ਦੀਵਾਨ ਦੇ ਅਖ਼ਬਾਰਾਂ 'ਕਕਾਰ ਬਹਾਦਰ', 'ਖ਼ਾਲਸਾ ਪਾਰਲੀਮੈਂਟ ਗਜ਼ਟ', 'ਪੰਚ ਖ਼ਾਲਸਾ ਸਮਾਚਾਰ', 'ਮਾਲਵਾ ਗਜ਼ਟ' ਅਤੇ 'ਖ਼ਾਲਸਾ ਪੰਚਾਇਣ' ਦੀ ਸੰਪਾਦਨਾ ਕਰਦੇ ਰਹੇ।

ਬਾਬੂ ਤੇਜਾ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਪ੍ਰੋ. ਤੇਜਾ ਸਿੰਘ, ਅਕਾਲੀ ਕੌਰ ਸਿੰਘ ਆਦਿ ਵਿਦਵਾਨ ਆਪ ਦੀ ਵਿਦਵੱਤਾ ਉੱਤੇ ਮਾਣ ਕਰਦੇ ਸਨ।

ਆਪ ਨੇ ਕੋਈ ਵੀਹ ਹਜ਼ਾਰ ਸਫ਼ਿਆਂ ਦੀ ਗ੍ਰੰਥ-ਰਚਨਾ ਕੀਤੀ ਹੈ, ਜਿਸ ਕਰਕੇ ਆਪ ਦਾ ਵਿਅਕਤਿੱਤਵ ਇਕ ਸਾਹਿੱਤਕਾਰ ਦਾ ਵਿਅਕਤਿੱਤਵ ਹੀ ਬਣ ਗਿਆ ਜਾਪਦਾ ਹੈ।

ਗਿਆਨੀ ਜੀ ਦਾ ਅੰਤਿਮ ਸਮਾਂ

ਗਿਆਨੀ ਲਾਲ ਸਿੰਘ ਜੀ ਆਪਣੇ ਜੀਵਨ ਦੇ ਮਿਸ਼ਨ ਵਿਚ ਅੰਤ ਤਕ ਬੜੀ ਦਲੇਰੀ ਨਾਲ ਕੰਮ ਕਰਦੇ ਰਹੇ। ਬੇਸ਼ਕ ਆਪ ਆਪਣੀ ਆਯੂ ਦੇ ਅਖ਼ੀਰਲੇ ਵਰਸ਼ਾਂ ਵਿਚ ਕੁਝ ਨਿਰਾਸ਼ ਹੋ ਗਏ ਸਨ ਕਿਉਂਕਿ ਉਨ੍ਹਾਂ ਦੀ ਮਨਸ਼ਾ ਅਨੁਸਾਰ ਰਾਗਮਾਲਾ ਜੋ ਕਿ ਬਾਣੀ ਨਹੀਂ, ਅਜੇ ਵੀ ਸਿੱਖ ਪੰਥ ਨੇ ਪੜ੍ਹਨੀ ਨਹੀਂ ਸੀ ਛੱਡੀ। ਦਸਮ ਗੁਰੂ ਜੀ ਦੀ ਬਾਣੀ ਨੂੰ ਦੂਜੇ ਗੁਰੂਆਂ ਦੀ ਬਾਣੀ ਦੇ ਬਰਾਬਰ ਦਾ ਦਰਜਾ ਦਿਵਾਉਣ ਦੀ ਉਨ੍ਹਾਂ ਜੋ ਅਣਥੱਕ ਕੋਸ਼ਿਸ਼ ਕੀਤੀ, ਉਸ ਦਾ ਸਿੱਟਾ ਹਾਲਾਂ ਨਹੀਂ ਸੀ ਨਿਕਲਿਆ। ਪਰ ਆਪ ਨੇ ਹੌਸਲਾ ਕਦੇ ਨਹੀਂ ਹਾਰਿਆ, ਸਗੋਂ 1970 ਈ. ਵਿਚ ਆਪ ਨੇ 'ਵੈਸ਼ਨਵ ਮਤ ਅਤੇ ਸਿੱਖ ਧਰਮ' ਨਾਂ ਦੀ ਖੋਜ ਭਰਪੂਰ ਪੁਸਤਕ ਰਚ ਕੇ ਛਪਵਾਈ। ਇਸ ਤੋਂ ਬਾਅਦ ਆਪ ਨੇ ਆਪਣੀ ਸਵੈ-ਜੀਵਨੀ ਲਿਖੀ, ਜੋ 1974 ਈ. ਵਿਚ ਪੂਰੀ ਹੋਈ, ਕ੍ਰਿਪਾਲ ਸਿੰਘ ਖ਼ਾਲਸਾ ਲੁਧਿਆਣਾ ਨੂੰ ਘਲੀ।

ਆਪ ਆਪਣੀ ਪਤਨੀ ਸਰਦਾਰਨੀ ਸੰਤ ਕੌਰ ਦੇ 1968 ਈ. ਵਿਚ ਚਲਾਣੇ ਤੋਂ ਬਾਅਦ ਕੁਝ ਉਪਰਾਮ ਜੇਹੇ ਰਹਿਣ ਲੱਗ ਪਏ ਸਨ। ਆਪ ਨੂੰ ਕੁਝ ਚਿਰ ਕਬਜ਼ ਦੀ ਸ਼ਕਾਇਤ ਰਹੀ ਅਤੇ 15 ਮਈ 1975 ਨੂੰ ਸਵੇਰੇ ਪੰਜ ਵਜੇ ਸੁਰਗਵਾਸ ਹੋ ਗਏ। ਉਸ ਸਮੇਂ ਆਪ ਦੀ ਉਮਰ ਤਕਰੀਬਨ 90 ਸਾਲ ਦੀ ਸੀ।

ਸਮੁੱਚਾ ਵਿਅਕਤਿੱਤਵ

ਆਪ ਦੇਖਣ ਵਿਚ ਸੋਹਣੇ, ਸੁਨੱਖੇ, ਚੁਸਤ ਅਤੇ ਤੰਦਰੁਸਤ ਵਿਅਕਤੀ ਸਨ। ਆਚਰਣ ਦੇ ਸੱਚੇ ਅਤੇ ਸੰਜਮ ਵਾਲੇ ਸਨ। ਆਪ ਹਮੇਸ਼ਾ ਸਵੇਰੇ ਤਿੰਨ ਵਜੇ ਉਠਦੇ ਸਨ, ਚਾਰ ਵਜੇ ਤਕ ਇਸ਼ਨਾਨ, ਪਾਠ ਆਦਿ ਕਰਕੇ ਲਿਖਣ ਦੇ ਕਾਰਜ ਵਿਚ ਲੱਗ ਜਾਂਦੇ ਸਨ। ਵਾਦ-ਵਿਵਾਦ ਵਿਚ ਬੜੀ ਦਲੀਲ ਨਾਲ ਗੱਲ ਕਰਦੇ ਸਨ। ਆਪ ਦੇ ਵਿਖਿਆਨ ਮਲਾਇਆ, ਬਰ੍ਹਮਾ ਆਦਿ ਦੇਸ਼ਾਂ ਵਿਚ ਇਕ ਯਾਦਗਾਰੀ ਵਿਖਿਆਨ ਸਨ। ਵੇਦਾਂਤ, ਈਸਾਈ ਮੱਤ, ਕਤੇਬ ਮੱਤ ਆਦਿ ਮੱਤਾਂ ਦਾ ਗਿਆਨ ਆਪ ਦੇ ਵਿਸ਼ਾਲ ਅਧਿਐਨ ਦਾ ਸਬੂਤ ਹੈ, ਇਸੇ ਲਈ ਆਪ ਨੇ ਗੁਰਮਤਿ ਬਾਰੇ ਜਿਹੜੀਆਂ ਵੀ ਪੁਸਤਕਾਂ ਲਿਖੀਆਂ ਉਨ੍ਹਾਂ ਵਿਚ ਹੋਰ ਮੱਤਾਂ ਦੇ ਉਦਾਹਰਣ ਦੇ ਕੇ ਮੁਕਾਬਲਾ ਕੀਤਾ। ਆਪ ਹਮੇਸ਼ਾ ਸਾਦਾ ਰਹਿਣਾ ਪਸੰਦ ਕਰਦੇ ਸਨ। ਖੱਦਰ ਦਾ ਕੁੜਤਾ ਪਜਾਮਾ, ਕੰਬਲ ਦੀ ਦਸਤਾਰ ਜਾਂ ਕੰਬਲ ਦਾ ਹੀ ਕੋਟ ਆਪ ਦਾ ਪਹਿਰਾਵਾ ਸੀ। ਗੁਰੂ ਪੰਥ ਦੀ ਸੇਵਾ ਆਪ ਦੀ ਜ਼ਿੰਦਗੀ ਦਾ ਮਨੋਰਥ ਬਣ ਗਿਆ ਸੀ। ਪੰਚ ਖ਼ਾਲਸਾ ਦੀਵਾਨ ਦੇ ਅਸੂਲਾਂ ਦਾ ਪ੍ਰਚਾਰ ਆਪ ਦਾ ਧਰਮ ਸੀ। ਆਪ ਜ਼ਾਤ-ਪਾਤ ਦੀਆਂ ਵਲਗਣਾਂ ਤੋਂ ਆਜ਼ਾਦ ਕੌਮੀ ਏਕਤਾ ਦੇ ਚਾਹਵਾਨ ਸਨ। ਬਾਬੂ ਤੇਜਾ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੀ ਸ਼ਖ਼ਸੀਅਤ ਦਾ ਆਪ ਦੀ ਸ਼ਖ਼ਸੀਅਤ ਉੱਤੇ ਕਾਫ਼ੀ ਪ੍ਰਭਾਵ ਸੀ, ਇਥੋਂ ਤਕ ਕਿ ਵਿਰੋਧੀ ਆਪ ਨੂੰ ਬਾਬੂ ਤੇਜਾ ਸਿੰਘ ਦਾ ਗੱਦੀ-ਨਸ਼ੀਨ ਮੰਨਣ ਲੱਗ ਪਏ ਸਨ। ਭਾਈ ਤਖ਼ਤ ਸਿੰਘ ਫ਼ਿਰੋਜ਼ਪੁਰ, ਗਿਆਨੀ ਹੀਰਾ ਸਿੰਘ ਦਰਦ ਅਤੇ

ਗਿਆਨੀ ਲਾਲ ਸਿੰਘ ਦੀ ਕਿਸੇ ਵੀ ਕਾਰਵਾਈ ਨੂੰ ਵਿਰੋਧੀ 'ਤਿੱਗੜੇ ਦੀ ਸਾਜਸ਼'[24] ਦੇ ਨਾਂ ਨਾਲ ਗਰਦਾਨਦੇ ਸਨ।

ਤਰਕ ਅਤੇ ਕਿੰਤੂ ਕਰਨ ਦੀ ਸ਼ਕਤੀ ਆਪ ਦੀ ਸ਼ਖ਼ਸੀਅਤ ਦਾ ਇਕ ਹਿੱਸਾ ਸੀ। ਆਪ ਅੰਧ ਵਿਸ਼ਵਾਸ ਦੀ ਥਾਂ ਖੋਜ ਅਤੇ ਪਰਖ ਵਿਚ ਵਿਸ਼ਵਾਸ ਰਖਦੇ ਸਨ। ਆਪ ਨੇ ਆਪਣੀ ਖੋਜ ਰਾਹੀਂ ਕਈ ਅਜਿਹੇ ਨੁਕਤੇ ਉਠਾਏ ਜਿਨ੍ਹਾਂ ਕਾਰਨ ਲਕੀਰ ਦੇ ਫ਼ਕੀਰ ਖੋਜੀ ਆਪ ਉੱਤੇ ਨਾਰਾਜ਼ ਹੋ ਗਏ। ਪਰ ਆਪ ਸੱਚ ਦੀ ਭਾਲ ਲਈ ਇਸ ਤਰ੍ਹਾਂ ਦੀਆਂ ਨਾਰਾਜ਼ਗੀਆਂ ਦਾ ਸਾਹਮਣਾ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ।

ਆਪ ਜੀ ਦੀ ਸ਼ਖ਼ਸੀਅਤ ਦੀਆਂ ਗੱਲਾਂ ਦੂਰ ਦੁਰਾਡੇ ਦੇਸ਼ਾਂ–ਸਿੰਘਾਪੁਰ, ਮਲਾਇਆ, ਇੰਗਲੈਂਡ, ਬਰ੍ਹਮਾ ਆਦਿ ਤੱਕ ਹੋਣ ਲੱਗੀਆਂ। ਮਲਾਇਆ ਟਾਪੂਆਂ, ਖ਼ਾਲਸਾ ਜਥਿਆਂ, ਸਿੰਘ ਸਭਾਵਾਂ, ਦੀਵਾਨਾਂ ਆਦਿ ਵਿਚ ਆਪ ਦੇ ਦਿੱਤੇ ਵਿਖਿਆਨ ਅਤੇ ਆਪ ਦੁਆਰਾ ਰਚਿਤ ਪੁਸਤਕਾਂ ਸਦਾ ਹਰਮਨ ਪਿਆਰੀਆਂ ਰਹੀਆਂ ਹਨ। ਆਪ ਨੇ ਕਿੰਨੇ ਟ੍ਰੈਕਟ, ਗ੍ਰੰਥ ਅਤੇ ਫੁਟਕਲ ਲੇਖ ਰਚੇ ਹਨ। ਸਿੱਖ ਜਗਤ ਵਿਚ ਕੋਈ ਹੀ ਘਰ ਹੋਵੇਗਾ ਜਿਥੇ ਆਪ ਦੇ ਛਪਾਏ ਟ੍ਰੈਕਟ ਗ੍ਰੰਥ ਮੌਜੂਦ ਨਾ ਹੋਣ। ਕਿਸੇ ਟਾਪੂ ਵਿਚ ਚਲੇ ਜਾਓ, ਆਪ ਦੀਆਂ ਰਚੀਆਂ ਪੁਸਤਕਾਂ ਪ੍ਰਾਪਤ ਹੋਣਗੀਆਂ, ਪਿੱਛੇ ਜੇਹੇ ਅਮਰੀਕਾ ਦੇ ਇਕ ਵਿਦਵਾਨ ਡਾਕਟਰ ਬੈਰੀਅਰ[25] ਸਿੱਖ ਇਤਿਹਾਸ ਵਿਸ਼ੇਸ਼ ਕਰਕੇ ਪੰਚ ਖ਼ਾਲਸਾ ਦੀਵਾਨ ਦੀ ਖੋਜ ਕਰਨ ਲਈ ਗਿਆਨੀ ਲਾਲ ਸਿੰਘ ਜੀ ਨੂੰ ਮਿਲਣ ਲਈ ਪੰਜਾਬ ਆਏ, ਪਰ ਉਹ ਮਿਲ ਨਾ ਸਕੇ।

ਸਮੁੱਚੇ ਤੌਰ ਉੱਤੇ ਆਪ ਦਾ ਵਿਅਕਤਿੱਤਵ ਇੰਨਾ ਪ੍ਰਭਾਵਸ਼ਾਲੀ ਸੀ ਕਿ ਵਿਦਵੱਤਾ ਅਤੇ ਖੋਜ ਦੇ ਖੇਤਰਾਂ ਵਿਚ ਉਨ੍ਹਾਂ ਦਾ ਨਾਂ ਅਮਰ ਰਹੇਗਾ। ਖੋਜ ਦੀਆਂ ਚੰਗੀਆਂ ਸੁਵਿਧਾਵਾਂ ਪ੍ਰਾਪਤ ਨਾ ਹੋਣ ਦੇ ਬਾਵਜੂਦ ਆਪ ਨੇ ਗੁਰਮਤਿ-ਖੋਜ ਅਤੇ ਸਿੱਖ ਇਤਿਹਾਸ ਦੀ ਖੋਜ ਵਿਚ ਬੜਾ ਮਹੱਤਵਪੂਰਨ ਕੰਮ ਕੀਤਾ। ਪੰਜਾਬੀ ਸਾਹਿੱਤ ਵਿਚ ਪੱਤਰਕਾਰੀ, ਖੋਜ, ਵਾਰਤਕ, ਅਨੁਵਾਦ, ਟੀਕਾਕਾਰੀ, ਜੀਵਨੀ ਸਾਹਿੱਤ, ਸਿੱਖ ਇਤਿਹਾਸ ਸਾਹਿੱਤ ਦੀ ਜਦੋਂ ਵੀ ਗੱਲ ਚਲੇਗੀ ਤਾਂ ਆਪ ਦਾ ਨਾਂ ਕੁਝ ਕੁ ਚੁਣਵੇਂ ਲੇਖਕਾਂ ਵਿਚ ਆਵੇਗਾ। ਰਾਜਨੀਤਿਕ ਅਤੇ ਧਾਰਮਿਕ ਖੇਤਰਾਂ ਵਿਚ ਵੀ ਗੁਰਦੁਆਰਾ ਸੁਧਾਰ ਲਹਿਰ, ਮਹਾਰਾਜਾ ਨਾਭਾ-ਪਟਿਆਲਾ ਦਾ ਝਗੜਾ, ਰਿਆਸਤਾਂ ਵਿਰੁੱਧ ਘੋਲ, ਪੰਚ ਖ਼ਾਲਸਾ ਦੀਵਾਨ, ਜ਼ਾਤਪਾਤ ਖੰਡਨ ਅਤੇ ਸਮਾਜ ਸੁਧਾਰ ਆਦਿ ਦੀ ਜਦੋਂ ਵੀ ਖੋਜ ਹੋਵੇਗੀ ਤਾਂ ਆਪ ਦਾ ਨਾਂ ਜ਼ਰੂਰ ਆਵੇਗਾ।

ਗਿਆਨੀ ਲਾਲ ਸਿੰਘ ਸੰਗਰੂਰ ਸਾਹਿੱਤ ਦੇ ਪਿੜ ਵਿਚ

ਜਦੋਂ ਅਸੀਂ ਆਪ ਜੀ ਦੀਆਂ ਪੁਸਤਕਾਂ ਵੱਲ ਝਾਤ ਮਾਰਦੇ ਹਾਂ ਤਾਂ ਸਾਨੂੰ ਆਪ ਦੀ ਸਮੁੱਚੀ ਸ਼ਖ਼ਸੀਅਤ ਇਕ ਸਾਹਿੱਤਿਕ ਥੰਮ ਵਾਂਗ ਜਾਪਦੀ ਹੈ। ਆਪ ਨੇ ਪੰਜਾਬੀ ਸਾਹਿੱਤ ਨੂੰ ਖ਼ਾਸ ਕਰਕੇ ਵਾਰਤਕ ਵਿਚ ਖੋਜ, ਇਤਿਹਾਸ, ਕੋਸ਼, ਪੱਤਰਕਾਰੀ, ਨਿਬੰਧ ਕਲਾ ਆਦਿ ਰੂਪਾਂ ਵਿਚ ਵਧੇਰੇ ਅਮੀਰ ਬਣਾਇਆ ਹੈ। ਗੁਣਾਤਮਕ ਅਤੇ ਗਿਣਾਤਮਕ ਦੋਹਾਂ ਪੱਖਾਂ ਤੋਂ ਆਪ ਵੀਹਵੀਂ ਸਦੀ ਦੇ ਮਹਾਨ ਵਾਰਤਕਕਾਰ ਸਨ ਜਿਨ੍ਹਾਂ ਨੇ ਤਕਰੀਬਨ ਪੰਦਰਾਂ ਹਜ਼ਾਰ ਪੰਨਿਆਂ ਵਿਚ ਕੋਈ 130 ਦੇ ਕਰੀਬ ਪੁਸਤਕਾਂ ਲਿਖੀਆਂ ਹਨ।[26]

ਆਪ ਦੁਆਰਾ ਗ੍ਰੰਥ-ਰਚਨਾ ਦਾ ਸਿਲਸਿਲਾ 1910 ਈ. ਦੇ ਕਰੀਬ ਸ਼ੁਰੂ ਹੁੰਦਾ ਹੈ ਜਦੋਂ ਆਪ ਹਾਂਗਕਾਂਗ ਤੋਂ ਵਾਪਸ ਆ ਕੇ ਪੰਚ ਖੰਡ ਵਿਖੇ ਬਾਬੂ ਤੇਜਾ ਸਿੰਘ ਨਾਲ ਮਿਲ ਕੇ ਇਕ ਲੇਖਕ ਵੱਜੋਂ ਆਪਣਾ ਕੰਮ ਆਰੰਭ ਕਰਦੇ ਹਨ। ਆਪ ਨੇ ਆਪਣੀ ਸਾਰੀ ਜ਼ਿੰਦਗੀ ਹੀ ਗੁਰਮਤਿ ਪ੍ਰਚਾਰ, ਗੁਰਮਤਿ ਖੋਜ, ਸਿੱਖ ਇਤਿਹਾਸ ਦੀ ਖੋਜ ਦੇ ਅਰਪਣ ਕਰ ਦਿੱਤੀ। ਆਪ ਦੀ ਸਭ ਤੋਂ ਵੱਡੀ ਦੇਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀ ਰਚਨਾ ਦਾ ਇਤਿਹਾਸਿਕ ਪਿਛੋਕੜ ਤੋਂ ਗੁਰਮਤਿ ਕਸੌਟੀ ਅਨੁਸਾਰ ਪਰਖਣਾ ਤੇ ਘੋਖਣਾ ਹੈ। ਸਿੱਖ ਇਤਿਹਾਸ ਵਿਚ ਮਸੰਦਾਂ ਵੱਲੋਂ ਪਾਏ ਗਏ ਵਿਗਾੜਾਂ ਨੂੰ ਦੂਰ ਕਰਨ, ਗੁਰਬਾਣੀ ਵਿਚ ਪਾਏ ਗਏ ਰਲਿਆਂ ਨੂੰ ਕੱਢਣ, ਦਸਮ ਗੁਰਬਾਣੀ ਨੂੰ ਉਸ ਦਾ ਆਪਣਾ ਸਥਾਨ ਦੁਆਉਣ ਲਈ ਆਪ ਨੇ ਬੜੇ ਖੋਜ ਭਰਪੂਰ ਗ੍ਰੰਥ ਰਚੇ। ਆਪ ਨੇ ਸਾਖੀਆਂ ਵਿਚਲੀਆਂ ਮਨ-ਘੜਤ ਕਹਾਣੀਆਂ ਤੋਂ ਸਿੱਖ ਇਤਿਹਾਸ ਅਤੇ ਸਿੱਖ ਸਾਹਿੱਤ ਨੂੰ ਆਜ਼ਾਦ ਕਰਵਾਇਆ।

ਆਪ ਬਾਬੂ ਤੇਜਾ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਦੇ ਵਿਚਾਰਾਂ ਦੇ ਸਮਰਥਕ ਅਤੇ ਭਸੌੜ ਸਕੂਲ ਦੇ ਇਕ ਮਹਾਨ ਚਿੰਤਕ ਤੇ ਵਿਦਵਾਨ ਸਨ।

ਆਪ ਦੀਆਂ ਰਚਨਾਵਾਂ ਨੇ ਲਕੀਰ ਦੇ ਫ਼ਕੀਰ ਚਿੰਤਕਾਂ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਹੈ ਕਿ ਸਿੱਖ ਇਤਿਹਾਸ ਅਤੇ ਸਿੱਖ ਸਾਹਿੱਤ ਦੀ ਘੋਖ ਦੁਬਾਰਾ ਵਿਗਿਆਨਿਕ ਲੀਹਾਂ ਉੱਤੇ ਕੀਤੀ ਜਾਵੇ।

ਸੋ ਗਿਆਨੀ ਲਾਲ ਸਿੰਘ ਜੀ ਨੇ ਪੰਜਾਬੀ ਸਾਹਿੱਤ ਦੇ ਪਿੜ ਵਿਚ ਇਕ ਖੋਜੀ, ਆਲੋਚਕ ਇਤਿਹਾਸਕਾਰ, ਨਿਬੰਧਕਾਰ, ਕੋਸ਼ਕਾਰ, ਟੀਕਾਕਾਰ ਅਤੇ ਪੱਤਰਕਾਰ ਦੇ ਰੂਪ ਵਿਚ ਅਦੁੱਤੀ ਹਿੱਸਾ ਪਾਇਆ ਹੈ। ਨਾਲ-ਨਾਲ ਆਪ ਨੇ ਗੁਰਮਤਿ ਪ੍ਰਚਾਰ, ਭਾਈਚਾਰਿਕ ਸੁਧਾਰ, ਰਾਜਨੀਤੀ ਅਤੇ ਵਿਦਿਅਕ ਉੱਨਤੀ ਦੇ ਖੇਤਰ ਵਿਚ ਵੀ ਕਾਫ਼ੀ ਗ੍ਰੰਥ ਰਚਨਾ ਕੀਤੀ ਹੈ।

ਗਿਆਨੀ ਲਾਲ ਸਿੰਘ ਸੰਗਰੂਰ ਦੀ ਰਚਨਾ ਦਾ ਵੇਰਵਾ ਇਸ ਤਰ੍ਹਾਂ ਹੈ :

ਨੰ.	ਪੁਸਤਕ ਦਾ ਨਾਂ	ਛੱਪਣ ਸਾਲ	ਪ੍ਰਕਾਸ਼ਕ/ਛਾਪੇਖ਼ਾਨੇ ਦਾ ਨਾਂ
1.	*ਸਿਖੀ ਇਹ ਹੈ*	1914	ਸੱਤ੍ਰ ਪ੍ਰਕਾਸ਼ ਏਜੰਸੀ, ਅੰਮ੍ਰਿਤਸਰ
2.	*ਸੰਬੋਧ ਪੱਤ੍ਰ*	ਅਕਤੂਬਰ 1917	ਗੁਰਮਤ ਪ੍ਰੈਸ, ਅੰਮ੍ਰਿਤਸਰ
3.	*ਸ੍ਰੀ ਪਟੇਲਸ਼ਵਰ ਨਾਲ ਦੋ ਗੱਲਾਂ*	ਜੁਲਾਈ 1918	ਮਾਡਲ ਪ੍ਰੈਸ, ਅਨਾਰਕਲੀ, ਲਾਹੌਰ
4.	*ਵਿਸਮਾਦੀ ਭਾਦ੍ਰੋਂ*	ਭਾਦੋਂ 455	ਖਾ: ਪੰਜਾਬੀ ਪ੍ਰੈਸ, ਲਾਹੌਰ
5.	*ਵਿਰਲਾਪ ਵਿਦਯਾ ਭੰਡਾਰ*	ਜੂਨ 1920	ਪੰਚ ਖ਼ਾਲਸਾ ਦੀਵਾਨ, ਭਸੌੜ
6.	*ਖ਼ਾਲਸਾ ਕੁਆਰੀ ਉਨਤਕਾਰੀ*	ਮਾਰਚ 1921	ਪੰਚ ਖ਼ਾਲਸਾ ਦੀਵਾਨ, ਭਸੌੜ
7.	*ਪ੍ਰੇਮਕ ਸੁਨੇਹਾ*	ਦਸੰਬਰ 1921	ਗੁਰਮਤ ਪ੍ਰੈਸ, ਅੰਮ੍ਰਿਤਸਰ
8.	*ਭਸੌੜ ਬੇਨਤੀ ਪੱਤਰ*	ਦਸੰਬਰ 1921	ਗੁਰਮਤ ਪ੍ਰੈਸ, ਅੰਮ੍ਰਿਤਸਰ
9.	*ਕਸ਼ਟਾਂ ਦਾ ਸ਼ਕੰਜਾ*	ਫ਼ਰਵਰੀ 1921	ਕਾਰੋਨੇਸ਼ਨ ਪ੍ਰਿੰਟਿੰਗ ਵਰਕਸ, ਅੰਮ੍ਰਿਤਸਰ
10.	*ਅਕੈਹ ਗੁਰਮਤਾ*	ਮਾਰਚ 1922	ਗੁਰਮਤ ਪ੍ਰੈਸ, ਅੰਮ੍ਰਿਤਸਰ
11.	*ਫ਼ੈਸਲਾ ਪੰਚ ਖ਼ਾਲਸਾ ਦੀਵਾਨ*	ਮਾਰਚ 1922	ਗੁਰਮਤ ਪ੍ਰੈਸ, ਅੰਮ੍ਰਿਤਸਰ
12.	*ਖ਼ਾਲਸਾ ਪੰਥ ਦੇ ਇਕ ਵਿਰੋਧੀ ਵਜ਼ੀਰ ਸੰਬੰਧੀ ਸੰਬੋਧਤਾ ਅਰਥਾਤ ਸਿੱਖ ਰਿਆਸਤਾ ਦੇ ਝਗੜੇ ਦਾ ਮੂਲ ਕਾਰਨ*	ਮਾਰਚ 1923	ਕਾਰੋਨੇਸ਼ਨ ਪ੍ਰਿੰਟਿੰਗ ਵਰਕਸ, ਅੰਮ੍ਰਿਤਸਰ
13.	*ਭਗਉਤੀ ਪ੍ਰਬੋਧ*	1924	ਪੰਚ ਖ਼ਾਲਸਾ ਦੀਵਾਨ, ਭਸੌੜ
14.	*ਬਾਰਹ ਮਾਂਹ ਮਾਝ ਸਟੀਕ*	ਨਵੰਬਰ 1926	ਪੰਚ ਖ਼ਾਲਸਾ ਸਮਾਚਾਰ, ਅੰਮ੍ਰਿਤਸਰ
15.	*ਗਹਿਣਾ ਪ੍ਰਹਾਰ*	ਫਰਵਰੀ 1927	ਖ਼ਾਲਸਾ ਕੁਆਰੀ ਕਾਲਜ, ਪੰਚ ਖੰਡ, ਭਸੌੜ
16.	*ਪੰਚਾਇਣ ਦੀਪਕਾ*	ਮਾਰਚ 1927	ਗੁਰਮਤ ਪ੍ਰੈਸ, ਅੰਮ੍ਰਿਤਸਰ
17.	*ਦੂਜੀ ਵਿਸਮਾਦੀ ਭਾਦ੍ਰੋਂ*	ਅਗਸਤ 1928	ਕਕਾਰ ਬਹਾਦਰ, ਅੰਮ੍ਰਿਤਸਰ
18.	*ਖ਼ਾਲਸਾ ਪੰਚਾਇਣ ਮੰਜਰੀ*	ਮਾਰਚ 1930	ਪੰਚ ਖ਼ਾਲਸਾ ਪ੍ਰੈਸ, ਅੰਮ੍ਰਿਤਸਰ
19.	*ਪੰਚ ਖ਼ਾਲਸਾ ਗਜ਼ਟ*	ਮਈ 1930	ਪੰਚ ਖ਼ਾਲਸਾ ਪ੍ਰੈਸ, ਅੰਮ੍ਰਿਤਸਰ
20.	*ਸ੍ਰਿਸ਼ਟੀ ਰਚਨਾ ਤਥਾ ਜਗਤ ਉਤਪਤੀ ਪ੍ਰਸੰਗ*	ਦਸੰਬਰ 1930	ਗੁਰਮਤ ਪ੍ਰੈਸ, ਅੰਮ੍ਰਿਤਸਰ
21.	*ਦਸਮ ਗੁਰਬਾਨੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*	ਦਸੰਬਰ 1930	ਪੰਚ ਖ਼ਾਲਸਾ ਜਥਾ, ਮਲਾਇਆ

22.	*ਹਿੰਦੂ ਮਤ ਤਥਾ ਵੇਦ ਮਤ*	ਮਾਰਚ 1931	ਗੁਰਮਤ ਪ੍ਰੈਸ, ਅੰਮ੍ਰਿਤਸਰ
23.	*ਜਾਤਪਾਤ ਖੰਡਨ*	ਜੁਲਾਈ 1931	ਗੁਰਮਤ ਪ੍ਰੈਸ, ਅੰਮ੍ਰਿਤਸਰ
24.	*ਇਸਲਾਮ ਤਥਾ ਕਤੇਬ ਮਤ*	ਜੁਲਾਈ 1931	ਗੁਰਮਤ ਪ੍ਰੈਸ, ਅੰਮ੍ਰਿਤਸਰ
25.	*ਦਸਤਾਰ ਸੰਦੇਸ਼ਾ*	ਅਗਸਤ 1931	ਗੁਰਮਤ ਪ੍ਰੈਸ, ਅੰਮ੍ਰਿਤਸਰ
26.	*ਖਟ ਦਰਸ਼ਨ*	ਅਕਤੂਬਰ 1931	ਖ਼ਾਲਸਾ ਸੁਦੇਸੀ ਭੰਡਾਰ, ਸੰਗਰੂਰ
27.	*ਖ਼ਾਲਸਾ ਰਹਿਤ ਮ੍ਰਯਾਦਾ*	ਦਸੰਬਰ 1931	ਖ਼ਾਲਸਾ ਸੁਦੇਸੀ ਭੰਡਾਰ, ਸੰਗਰੂਰ
28.	*ਅਨੰਦ ਮ੍ਰਯਾਦਾ*	ਮਾਰਚ 1932	ਖ਼ਾਲਸਾ ਸੁਦੇਸੀ ਭੰਡਾਰ, ਸੰਗਰੂਰ
29.	*ਖ਼ਾਲਸਾ ਮ੍ਰਯਾਦਾ*	ਮਾਰਚ 1932	ਖ਼ਾਲਸਾ ਸੁਦੇਸੀ ਭੰਡਾਰ, ਸੰਗਰੂਰ
30.	*ਅੰਮ੍ਰਿਤ ਮ੍ਰਯਾਦਾ*	ਮਾਰਚ 1932	ਖ਼ਾਲਸਾ ਸੁਦੇਸੀ ਭੰਡਾਰ, ਸੰਗਰੂਰ
31.	*ਪਾਖੰਡ ਖੰਡਨ*	ਅਕਤੂਬਰ 1932	ਖ਼ਾਲਸਾ ਸੁਦੇਸੀ ਭੰਡਾਰ, ਸੰਗਰੂਰ
32.	*ਰਾਜਨੀਤੀ ਪ੍ਰਕਾਸ਼*	ਨਵੰਬਰ 1932	ਜਵਾਹਰ ਸਿੰਘ, ਅੰਮ੍ਰਿਤਸਰ
33.	*ਗੁਰਬਾਣੀ ਭਾਵਅਰਥ ਭੰਡਾਰ*	ਜਨਵਰੀ 1933	ਖ਼ਾਲਸਾ ਪੁਸਤਕ ਭੰਡਾਰ, ਸੰਗਰੂਰ
34.	*ਖ਼ਾਲਸਾ ਨੀਤੀ ਧਰਮ ਸ਼ਾਸਤ੍ਰ*	ਜਨਵਰੀ 1933	ਖ਼ਾਲਸਾ ਪੁਸਤਕ ਭੰਡਾਰ, ਸੰਗਰੂਰ
35.	*ਜਨਮ ਸੰਸਕਾਰ*	ਮਾਰਚ 1933	ਖ਼ਾਲਸਾ ਪੁਸਤਕ ਭੰਡਾਰ, ਸੰਗਰੂਰ
36.	*ਵਿਦਯਾ ਸੰਸਕਾਰ*	ਮਾਰਚ 1933	ਖ਼ਾਲਸਾ ਪੁਸਤਕ ਭੰਡਾਰ, ਸੰਗਰੂਰ
37.	*ਦੰਪਤੀ ਪ੍ਰੇਮ*	ਮਾਰਚ 1933	ਖ਼ਾਲਸਾ ਪੁਸਤਕ ਭੰਡਾਰ, ਸੰਗਰੂਰ
38.	*ਜੁਗ ਗਰਦੀ*	ਮਾਰਚ 1933	ਖ਼ਾਲਸਾ ਪੁਸਤਕ ਭੰਡਾਰ, ਸੰਗਰੂਰ
39.	*ਨਾਮ ਦੀ ਮਹਿਮਾ*	ਅਗਸਤ 1933	ਭਾਪੇ ਦੀ ਹੱਟੀ, ਅੰਮ੍ਰਿਤਸਰ
40.	*ਅਨਾਦੀ ਕਰਤਾ*	ਅਗਸਤ 1933	ਭਾਪੇ ਦੀ ਹੱਟੀ, ਅੰਮ੍ਰਿਤਸਰ
41.	*ਈਸਾਈ ਤਥਾ ਕਤੇਬ ਮਤ*	ਅਕਤੂਬਰ 1933	ਗੁਰਮਤ ਪ੍ਰੈਸ, ਅੰਮ੍ਰਿਤਸਰ
42.	*ਨਾਸਤਕ ਮਤ ਖੰਡਨ*	ਅਕਤੂਬਰ 1933	ਗੁਰਮਤ ਪ੍ਰੈਸ, ਅੰਮ੍ਰਿਤਸਰ
43.	*ਖ਼ਾਲਸਾ ਧਰਮ*	ਅਕਤੂਬਰ 1933	ਗੁਰਮਤ ਪ੍ਰੈਸ, ਅੰਮ੍ਰਿਤਸਰ
44.	*ਖ਼ਾਲਸਾ ਪੰਥ ਦੇ ਫ਼ਰਜ਼*	ਨਵੰਬਰ 1933	ਗੁਰਮਤ ਪ੍ਰੈਸ, ਅੰਮ੍ਰਿਤਸਰ
45.	*ਸਿਖ ਕਾਨੂੰਨ*	ਅਗਸਤ 1933	ਗੁਰਮਤ ਪ੍ਰੈਸ, ਅੰਮ੍ਰਿਤਸਰ
46.	*ਅਦੁੱਤੀ ਗ੍ਰੰਥਾਂ ਦੀ ਸੂਚੀ ਪੱਤ੍ਰ*	ਦਸੰਬਰ 1933	ਖ਼ਾਲਸਾ ਪੁਸਤਕ ਭੰਡਾਰ, ਸੰਗਰੂਰ
47.	*ਮਿਸਟਰ ਗੁਰਪਾਲ ਸਿੰਘ ਅੰਮ੍ਰਿਤਸਰੀਏ ਦੇ ਢੋਲ ਦਾ ਪੋਲ*	ਮਾਰਚ 1934	ਪੰਚ ਖ਼ਾਲਸਾ ਪ੍ਰੈਸ, ਅੰਮ੍ਰਿਤਸਰ
48.	*ਗੁਰਮੰਤ੍ਰ ਨਿਰਣਯ ਦਾ ਨਿਰਣਾ (ਪਹਿਲਾ)*	ਅਪ੍ਰੈਲ 1934	ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ
49.	*ਗੁਰਮੰਤ੍ਰ ਨਿਰਣਯ ਦਾ ਨਿਰਣਾ (ਦੂਜਾ)*	ਸਤੰਬਰ 1934	ਪੰਚ ਖ਼ਾਲਸਾ ਪ੍ਰੈਸ, ਅੰਮ੍ਰਿਤਸਰ
50.	*ਚੰਡਾਲ ਚੌਕੜੀ ਦਾ ਕੱਚਾ ਚਿੱਠਾ*	ਸਤੰਬਰ 1934	ਗੁਰਮਤ ਪ੍ਰੈਸ, ਅੰਮ੍ਰਿਤਸਰ
51.	*ਭਾਈਚਾਰਕ ਸੁਧਾਰ*	ਸਤੰਬਰ 1934	ਖ਼ਾਲਸਾ ਪੁਸਤਕ ਭੰਡਾਰ, ਸੰਗਰੂਰ
52.	*ਅਦੁੱਤੀ ਜੀਵਨ ਬ੍ਰਿਤਾਂਤ ਬਾਬੂ ਤੇਜਾ ਸਿੰਘ (ਪਹਿਲਾ)*	1934	ਗੁਰੂ ਖ਼ਾਲਸਾ ਪ੍ਰੈਸ, ਅੰਮ੍ਰਿਤਸਰ
53.	*ਅਦੁੱਤੀ ਜੀਵਨ ਬ੍ਰਿਤਾਂਤ ਬਾਬੂ ਤੇਜਾ ਸਿੰਘ (ਦੂਜਾ)*	1935	ਗੁਰੂ ਖ਼ਾਲਸਾ ਪ੍ਰੈਸ, ਅੰਮ੍ਰਿਤਸਰ
54.	*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਠਨ ਪਾਠਾਂ ਦੀ ਕੁੰਜੀ*	1935	ਪੰਚ ਖ਼ਾਲਸਾ ਦੀਵਾਨ, ਭਸੌੜ

55.	ਕਲਮੀ ਤਸਵੀਰ ਬਾਬੂ ਤੇਜਾ ਸਿੰਘ	1936	ਗੁਰੂ ਖ਼ਾਲਸਾ ਪ੍ਰੈਸ, ਅੰਮ੍ਰਿਤਸਰ
56.	ਕਕਾਰ ਫਿਲਾਸਫੀ	1936	ਖ਼ਾਲਸਾ ਟ੍ਰੇਡਿੰਗ ਏਜੰਸੀ, ਕੁਆਲਾਲੰਪੁਰ
57.	ਪਵਿੱਤ੍ਰ ਜੀਵਨ ਰਿਆਨੀ ਇੰਦਰ ਸਿੰਘ ਜੀ	ਮਾਰਚ 1937	ਗੁਰਮਤ ਪ੍ਰੈਸ, ਅੰਮ੍ਰਿਤਸਰ
58.	ਗੁਰਬਾਣੀ ਮਹਿਮਾ	ਮਾਰਚ 1937	ਪ੍ਰੀਤਮ ਪ੍ਰਿੰਟਿੰਗ ਪ੍ਰੈਸ, ਸੰਗਰੂਰ
59.	ਭੱਟ ਗਿਰਾ ਨਿਰਣਯ	ਮਾਰਚ 1937	ਗੁਰਮਤ ਪ੍ਰੈਸ, ਅੰਮ੍ਰਿਤਸਰ
60.	ਗੁਰੂ ਬੌਸਾਵਲੀ	ਜੂਨ 1939	ਮਾਲਵਾ ਧਾਰਮਿਕ ਸਭਾ, ਸਿੰਘਾਪੁਰ
61.	ਗੁਰਮਤ ਮਾਰਤੰਡ	ਜੂਨ 1940	ਜਨਕ ਪੁਸਤਕ ਭੰਡਾਰ, ਸੰਗਰੂਰ
62.	ਤਵਾਰੀਖ਼ ਗੁਰੂ ਖ਼ਾਲਸਾ ਪੰਥ	1940	ਗੁਰਮਤ ਪ੍ਰੈਸ, ਅੰਮ੍ਰਿਤਸਰ
63.	ਖਾਰੀ ਬੀੜਾਂ ਦੇ ਪ੍ਰਸਤਾਵ	1943	ਪੰਚ ਖ਼ਾਲਸਾ ਦੀਵਾਨ, ਧਾਂਦਰਾ
64.	ਗੁਰਬਾਣੀ ਬੇਉਰਾ ਦੀ ਭੂਮਿਕਾ	1943	ਪੰਚ ਖ਼ਾਲਸਾ ਦੀਵਾਨ, ਧਾਂਦਰਾ
65.	ਪੰਚ ਖ਼ਾਲਸਾ ਦੀਵਾਨ ਦਾ ਇਤਿਹਾਸ	1943	ਪੰਚ ਖ਼ਾਲਸਾ ਦੀਵਾਨ, ਧਾਂਦਰਾ
66.	ਰਿਆਸਤ ਜੀਂਦ ਦਾ ਭੂਗੋਲ	1943	ਜਨਕ ਪੁਸਤਕ ਭੰਡਾਰ, ਸੰਗਰੂਰ
67.	ਮਨਮਤ ਪ੍ਰਚਾਰ ਮੰਜਰੀ	1944	ਪੰਚ ਖ਼ਾਲਸਾ ਦੀਵਾਨ, ਭਸੌੜ
68.	ਗੁਰੂ ਡੰਮ ਪ੍ਰਚਾਰਕ ਮਹੰਤ	1944	ਪੰਚ ਖ਼ਾਲਸਾ ਦੀਵਾਨ, ਭਸੌੜ
69.	ਦਸਮ ਗੁਰਬਾਣੀ ਸੰਗ੍ਰਹਿ	1944	ਪੰਚ ਖ਼ਾਲਸਾ ਦੀਵਾਨ, ਭਸੌੜ
70.	ਖ਼ਾਲਸਾ ਪ੍ਰਚਾਰਕ	1944	ਪੰਚ ਖ਼ਾਲਸਾ ਦੀਵਾਨ, ਭਸੌੜ
71.	ਅੱਜ ਕਲ ਦੀ ਸਿੱਖੀ	1944	ਪੰਚ ਖ਼ਾਲਸਾ ਦੀਵਾਨ, ਭਸੌੜ
72.	ਗੁਰਮਤ ਨਿਰਣਯ ਭੰਡਾਰ	1944	ਪੰਚ ਖ਼ਾਲਸਾ ਦੀਵਾਨ, ਭਸੌੜ
73.	ਖੁਲ੍ਹੇ ਲੇਖ	1944	ਪੰਚ ਖ਼ਾਲਸਾ ਦੀਵਾਨ, ਭਸੌੜ
74.	ਭੱਟ ਸਿਧਾਂਤ ਦਰਪਣ	1945	ਪੰਚ ਖ਼ਾਲਸਾ ਦੀਵਾਨ, ਭਸੌੜ
75.	ਭਗਤ ਮਤਿ ਤੇ ਗੁਰਮਤਿ	1945	ਪੰਚ ਖ਼ਾਲਸਾ ਦੀਵਾਨ, ਭਸੌੜ
76.	ਪੰਚ ਖ਼ਾਲਸਾ ਦਰਪਣ	1945	ਪੰਚ ਖ਼ਾਲਸਾ ਦੀਵਾਨ, ਭਸੌੜ
77.	ਸੂਰਜ ਪ੍ਰਕਾਸ਼ ਦੇ ਗਪੌੜੇ	1945	ਗਿਆਨੀ ਹਰਭਜਨ ਸਿੰਘ, ਧਾਂਦਰਾ
78.	ਮੁਕੰਮਲ ਤਵਾਰੀਖ਼ ਗੁਰੂ ਸਾਹਿਬਾਨ	1945	ਲਾਹੌਰ ਬੁਕ ਸ਼ਾਪ, ਲਾਹੌਰ
79.	ਸਿੱਖਾਂ ਨੇ ਰਾਜ ਕਿਵੇਂ ਲਿਆ	1945	ਜਵਾਹਰ ਸਿੰਘ, ਅੰਮ੍ਰਿਤਸਰ
80.	ਖ਼ਾਲਸਾ ਦਰਬਾਰ	1945	ਗੁਰਮਤ ਪ੍ਰੈਸ, ਅੰਮ੍ਰਿਤਸਰ
81.	ਸਿੱਖਾਂ ਦਾ ਰਾਜ ਕਿਵੇਂ ਗਿਆ	1946	ਗੁਰਮਤ ਪ੍ਰੈਸ, ਅੰਮ੍ਰਿਤਸਰ
82.	ਗੁਰਮਤਿ ਜੀਵਨ	1946	ਲਾਹੌਰ ਬੁਕ ਸ਼ਾਪ, ਲਾਹੌਰ
83.	ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ	1946	ਪੰਚ ਖ਼ਾਲਸਾ ਦੀਵਾਨ, ਭਸੌੜ
84.	ਖ਼ਾਲਸਾ ਪੰਥ ਦੀ ਵਿਥਿਆ	1947	ਪੰਚ ਖ਼ਾਲਸਾ ਦੀਵਾਨ, ਭਸੌੜ
85.	ਜੀਂਦ ਰਾਜ ਦੇ ਵਾਲੀ	1947	ਸ੍ਰੀ ਗੁਰੂ ਸਿੰਘ ਸਭਾ, ਸੰਗਰੂਰ
86.	ਧਰਮ ਅਜ਼ਾਦੀ ਦਾ ਦੇਵਤਾ	1948	ਜਨਕ ਪੁਸਤਕ ਭੰਡਾਰ, ਸੰਗਰੂਰ
87.	ਰਸਤਾ ਆਜ਼ਾਦੀ ਤੇ ਧਰਮ ਦੀ ਪ੍ਰੀਖਿਆ	1948	ਜਨਕ ਪੁਸਤਕ ਭੰਡਾਰ, ਸੰਗਰੂਰ
88.	ਪੰਥ ਆਜ਼ਾਦੀ ਪ੍ਰੋਗ੍ਰਾਮ	1948	ਜਨਕ ਪੁਸਤਕ ਭੰਡਾਰ, ਸੰਗਰੂਰ
89.	ਕੋਸ਼ ਸ੍ਰੀ ਦਸਮ ਗ੍ਰੰਥ ਸਾਹਿਬ	1949	ਜਨਕ ਪੁਸਤਕ ਭੰਡਾਰ, ਸੰਗਰੂਰ
90.	ਖਰੜਾ ਖ਼ਾਲਸਾ ਸੰਸਕਾਰ ਵਿਧੀ	1950	ਪੰਚ ਖ਼ਾਲਸਾ ਦੀਵਾਨ ਪੰਚਖੰਡ, ਭਸੌੜ

91.	ਗੁਰਦਾਸ ਦਰਸ਼ਨ	1950 ਗਿਆਨੀ ਹਰਭਜਨ ਸਿੰਘ, ਧਾਂਦਰਾ
92.	ਨਿਰਾਲਾ ਪੰਥ	1952 ਗਿਆਨੀ ਹਰਭਜਨ ਸਿੰਘ, ਧਾਂਦਰਾ
93.	ਪੁਰਾਤਨ ਸਿੱਖ ਅਰਦਾਸਾ	1952 ਗਿਆਨੀ ਹਰਭਜਨ ਸਿੰਘ, ਧਾਂਦਰਾ
94.	ਸੰਖੇਪ ਖ਼ਾਲਸਾ ਸੰਸਕਾਰ ਵਿਧੀ	1952 ਗਿਆਨੀ ਹਰਭਜਨ ਸਿੰਘ, ਧਾਂਦਰਾ
95.	ਸੁੰਦਰ ਤੇ ਸੱਤਾ ਬਲਵੰਡ ਪ੍ਰਸਤਾਵ	1952 ਗਿਆਨੀ ਹਰਭਜਨ ਸਿੰਘ, ਧਾਂਦਰਾ
96.	ਭਗਤ ਰਚਨਾ ਨਿਰਣਯ	1952 ਗਿਆਨੀ ਹਰਭਜਨ ਸਿੰਘ, ਧਾਂਦਰਾ
97.	ਭੱਟ ਰਚਨਾ ਨਿਰਣਯ	1952 ਗਿਆਨੀ ਹਰਭਜਨ ਸਿੰਘ, ਧਾਂਦਰਾ
98.	ਅੰਮ੍ਰਿਤ ਅਖੰਤਾ	1952 ਗੁਰਮਤ ਪ੍ਰੈਸ, ਅੰਮ੍ਰਿਤਸਰ
99.	ਮੁਨਸ਼ੀ ਚੰਦਾ ਸਿੰਘ	1952 ਗੁਰਮਤ ਪ੍ਰੈਸ, ਅੰਮ੍ਰਿਤਸਰ
100.	ਗੁਰੂ ਗ੍ਰੰਥ ਸਿਧਾਂਤ ਸੰਗ੍ਰਹਿ	1953 ਗੁਰਮਤ ਪ੍ਰੈਸ, ਅੰਮ੍ਰਿਤਸਰ
101.	ਪੰਚ ਖ਼ਾਲਸਾ ਦੀਵਾਨ ਦੇ ਵਰਤਮਾਨ ਨਿਯਮਾਂ ਦੀ ਪੜਚੋਲ	1953 ਗੁਰਮਤ ਪ੍ਰੈਸ, ਅੰਮ੍ਰਿਤਸਰ
102.	ਸ੍ਰੀ ਗੁਰੂ ਦਸਮੇਸ਼ ਚਮਤਕਾਰ	1954 ਦਸਮੇਸ਼ ਪ੍ਰਿੰਟਿੰਗ ਪ੍ਰੈਸ, ਲੁਧਿਆਣਾ
103.	ਮਿਲਗੋਭਾ ਸੁਧਾਰ	1954 ਸਾਖੀ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ
104.	ਵੈਸਾਖੀ ਪੁਰਬ	1955 ਖ਼ਾਲਸਾ ਜਥਾ, ਨੈਰੋਬੀ (ਅਫਰੀਕਾ)
105.	ਸਿੱਖ ਇਤਿਹਾਸ ਦੀ ਪੜਚੋਲ	1955 ਖ਼ਾਲਸਾ ਜਥਾ, ਨੈਰੋਬੀ (ਅਫਰੀਕਾ)
106.	ਰਾਗ ਮਾਲਾ ਕੀ ਹੈ	1955 ਖ਼ਾਲਸਾ ਜਥਾ, ਨੈਰੋਬੀ (ਅਫਰੀਕਾ)
107.	ਜੀਵਨ ਸ੍ਰੀ ਦਸਮੇਸ਼ ਗੁਰੂ	1955 ਨਰਿੰਦਰ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ
108.	ਤੰਬਾਕੂ ਦੀ ਨਖੇਦੀ	1955 ਪੰਚ ਖ਼ਾਲਸਾ ਦੀਵਾਨ, ਮਲਾਇਆ
109.	ਗੁਰਮਤ ਕਸੌਟੀ ਸਾਹਿਬ	1955 ਜਨਕ ਪੁਸਤਕ ਭੰਡਾਰ, ਸੰਗਰੂਰ
110.	ਕੇਸ ਫਲਾਸਫੀ	1956 ਖ਼ਾਲਸਾ ਜਥਾ, ਨੈਰੋਬੀ (ਅਫਰੀਕਾ)
111.	ਰਾਗ ਮਾਲਾ ਦਰਪਣ	1956 ਖ਼ਾਲਸਾ ਜਥਾ, ਨੈਰੋਬੀ (ਅਫਰੀਕਾ)
112.	ਬਾਣੀ ਗੁਰੂ ਗੁਰੂ ਹੈ ਬਾਣੀ	1956 ਗੁਰਮਤ ਪ੍ਰੈਸ, ਅੰਮ੍ਰਿਤਸਰ
113.	ਗੁਰੂ ਡੰਮ ਖੰਡਨ	1959 ਪੰਚ ਖ਼ਾਲਸਾ ਦੀਵਾਨ, ਮਲਾਇਆ
114.	ਖ਼ਾਲਸਾ ਨਿਤਨੇਮ ਸਟੀਕ	1959 ਜਨਕ ਪੁਸਤਕ ਭੰਡਾਰ, ਸੰਗਰੂਰ
115.	ਸ਼੍ਰੋਮਣੀ ਸਿੱਖ ਧਰਮ	1959 ਜਨਕ ਪੁਸਤਕ ਭੰਡਾਰ, ਸੰਗਰੂਰ
116.	ਗੁਰਮਤਿ ਸਿਧਾਂਤ ਤੇ ਕੌਮਾਂਤ੍ਰੀ ਵਿਚਾਰਧਾਰਾ	1964 ਮਹਿੰਦਰਾ ਆਰਟ ਪ੍ਰੈਸ, ਅੰਮ੍ਰਿਤਸਰ
117.	ਚੰਦ ਰਿਸ਼ਮਾ ਕਿ ਅਜਮੇਰ ਚਮਤਕਾਰੀ	1965 ਨੰਦ ਸਿੰਘ, ਧਾਂਦਰਾ
118.	ਸ੍ਰੀ ਗੁਰੂ ਦਸਮੇਸ਼ ਦਰਸ਼ਨ	1966 ਖ਼ਾਲਸਾ ਦੀਵਾਨ, ਜੁੜਾਹਾ
119.	ਅਮੋਲਕ ਅਮਰ ਫੁੱਲ	1966 ਇਤਿਹਾਸਕ ਪ੍ਰਕਾਸ਼ਕ ਕਮੇਟੀ, ਲੁਧਿਆਣਾ
120.	ਇਤਿਹਾਸ ਪੰਚ ਖ਼ਾਲਸਾ ਦੀਵਾਨ ਸਬੰਧੀ ਸੂਚਨਾਵਾਂ	1967 ਕ੍ਰਿਪਾਲ ਸਿੰਘ ਖ਼ਾਲਸਾ, ਸੇਵਕ ਪੰਚ ਖ਼ਾਲਸਾ ਦੀਵਾਨ ਇਤਿਹਾਸਕ ਕਮੇਟੀ
121.	ਸਦੁ ਸਿਧਾਂਤ ਨਿਰਣੇ	1969 ਇੰਡਸਟਰੀ ਏਜ ਪ੍ਰਿੰਟਿੰਗ ਪ੍ਰੈਸ, ਲੁਧਿਆਣਾ
122.	ਸਦੁ ਰਚਨਾ ਦਾ ਮੂਲ ਮੁਦਾ ਕੀ ਹੈ	1970 ਗੁਰਮਤਰਹਿਣੀ ਬਾਈ ਪਾਸ, ਲੁਧਿਆਣਾ
123.	ਵੈਸ਼ਨਵ ਮਤ ਤੇ ਸਿੱਖ ਧਰਮ	1970 ਜਨਕ ਪੁਸਤਕ ਭੰਡਾਰ, ਸੰਗਰੂਰ

ਉਪਰੋਕਤ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਇਨ੍ਹਾਂ ਤੋਂ ਬਿਨਾਂ ਗਿਆਨੀ ਜੀ ਦੀਆਂ ਹੋਰ ਪੁਸਤਕਾਂ ਵੀ ਹਨ ਜੋ ਅਜੇ ਛਪੀਆਂ ਨਹੀਂ। ਆਪ ਜੀ ਦੇ ਵੱਖ-ਵੱਖ ਲੇਖਾਂ ਜੋ ਵੱਖ-ਵੱਖ ਸਮੇਂ ਵੱਖ-ਵੱਖ ਪਰਚਿਆਂ ਵਿਚ ਛਪੇ ਪਏ ਹਨ, ਦਾ ਸੰਗ੍ਰਹਿ ਵੀ ਕਰਨ ਵਾਲਾ ਹੈ। ਅਜਿਹੇ 91 ਲੇਖਾਂ ਨੂੰ ਮੈਂ ਆਪਣੀ ਖੋਜ ਦੌਰਾਨ ਇਕੱਠੇ ਕਰ ਚੁੱਕਿਆ ਹਾਂ। ਪੰਜਾਬੀ ਪੁਸਤਕਾਂ ਦੀ ਰਿਵੀਊਕਾਰੀ ਦੇ ਖੇਤਰ ਵਿਚ ਵੀ ਆਪ ਨੇ ਬਹੁਤ ਯੋਗਦਾਨ ਦਿੱਤਾ ਹੈ। ਆਪ ਦੇ ਕੋਈ 30 ਪੁਸਤਕਾਂ ਦੇ ਰਿਵੀਊ ਵੱਖੋ-ਵਖਰੇ ਪਰਚਿਆਂ ਵਿਚ ਛਪੇ ਹੋਏ ਮਿਲ ਗਏ ਹਨ। ਗਿਆਨੀ ਜੀ ਦੀਆਂ ਰਚਨਾਵਾਂ ਦੀ ਇਹ ਖੋਜ ਹਾਲਾਂ ਅਧੂਰੀ ਹੈ।

ਟਿੱਪਣੀਆਂ ਅਤੇ ਹਵਾਲੇ

1. ਲਾਲ ਸਿੰਘ ਗਿਆਨੀ ਦੇ ਜੀਵਨ ਵਿਚੋਂ ਕਈ ਕੁ ਵਾਕਫ਼ੀਅਤ ਦੀਆਂ ਝਲਕਾਂ–ਲਾਲ ਸਿੰਘ ਸੰਗਰੂਰ (ਸਵੈ-ਜੀਵਨ)–ਹੱਥ ਲਿਖਤ ਖਰੜਾ ਮੇਰੇ ਪਾਸ ਹੈ।
2. *ਗੁਰਮਤਿ ਰਹਿਣੀ*–ਕਿਰਪਾਲ ਸਿੰਘ ਖ਼ਾਲਸਾ–ਜੂਨ 1975, ਪੰਨਾ 94
3. *ਪੰਜਾਬੀ ਪੱਤਰਕਲਾ*–ਸ਼ਮਸ਼ੇਰ ਸਿੰਘ ਅਸ਼ੋਕ, ਮਹਿਕਮਾ ਪੰਜਾਬੀ ਪਟਿਆਲਾ, ਪੰਨਾ 32
4. *ਸਾਡਾ ਵੇਲਾ*–ਜਸਬੀਰ ਸਿੰਘ ਐਮ.ਏ., 18 ਮਈ 1975, ਅੰਕ ਨੰਬਰ 22-23 ਜਿਲਦ-1
5. ਸ੍ਰੀਮਤੀ ਸੰਤ ਕੌਰ ਜੀ ਪੰਚ ਖ਼ਾਲਸਾ ਦੀਵਾਨ ਦੇ ਇਸਤ੍ਰੀ ਦਲ ਵਿਚ ਇਕ ਵਿਸ਼ੇਸ਼ ਹਸਤੀ ਸਨ। ਆਪ ਨੇ ਆਪਣੀ ਵਿਦਿਆ ਭਾਈ ਤਖ਼ਤ ਸਿੰਘ ਫ਼ਿਰੋਜ਼ਪੁਰ ਵੱਲੋਂ ਖੁਲ੍ਹੇ ਭੁਜੰਗਣ ਸਕੂਲ ਫ਼ਿਰੋਜ਼ਪੁਰ ਤੋਂ ਪ੍ਰਾਪਤ ਕੀਤੀ।
6. *ਮੁਨਸ਼ੀ ਚੰਦਾ ਸਿੰਘ*–ਗਿ. ਲਾਲ ਸਿੰਘ ਸੰਗਰੂਰ, ਪੰਨਾ 2
7. *ਕਲਮੀ ਤਸਵੀਰ ਬਾਬੂ ਤੇਜਾ ਸਿੰਘ*–ਗਿਆਨੀ ਲਾਲ ਸਿੰਘ ਸੰਗਰੂਰ, ਪੰਨਾ 137
8. *ਖ਼ਾਲਸਾ ਪਾਰਲੀਮੈਂਟ ਗਜ਼ਟ*–ਇਤਿਹਾਸਿਕ ਅੰਕ, ਪੰਨਾ 44
9. *ਸਮਝੌਤਾ ਪ੍ਰਕਾਸ਼*–ਬਾਬੂ ਤੇਜਾ ਸਿੰਘ, ਪੰਨਾ 17
10. *ਗੁਰਮਤਿ ਰਹਿਣੀ*–ਕ੍ਰਿਪਾਲ ਸਿੰਘ ਖ਼ਾਲਸਾ–ਜੂਨ 1975, ਪੰਨਾ 95
11. *ਗਿਆਨੀ ਲਾਲ ਸਿੰਘ ਦਾ ਜੀਵਨ*–ਸਵੈ ਜੀਵਨੀ (ਹਥ-ਲਿਖਿਤ) ਕ੍ਰਿਪਾਲ ਮੁਰਿੰਦ ਲਾਇਬਰੇਰੀ ਲੁਧਿਆਣਾ ਵਿਖੇ ਪਈ ਹੈ।
12. *ਪੰਚ ਖ਼ਾਲਸਾ ਸਮਾਚਾਰ*–15 ਫਰਵਰੀ 1927
13. *ਮੁਨਸ਼ੀ ਚੰਦਾ ਸਿੰਘ*–ਗਿਆਨੀ ਲਾਲ ਸਿੰਘ ਸੰਗਰੂਰ, ਪੰਨਾ 35
14. *ਇਤਿਹਾਸ ਪੰਚ ਖ਼ਾਲਸਾ ਦੀਵਾਨ ਸੰਬੰਧੀ ਸੂਚਨਾਵਾਂ*–ਗਿਆਨੀ ਲਾਲ ਸਿੰਘ ਸੰਗਰੂਰ, ਪੰਨਾ 137
15. *ਮੁਨਸ਼ੀ ਚੰਦਾ ਸਿੰਘ*–ਗਿਆਨੀ ਲਾਲ ਸਿੰਘ ਸੰਗਰੂਰ, ਪੰਨਾ 36
16. *ਇਤਿਹਾਸ ਪੰਚ ਖ਼ਾਲਸਾ ਦੀਵਾਨ ਸੰਬੰਧੀ ਸੂਚਨਾਵਾਂ*–ਗਿਆਨੀ ਲਾਲ ਸਿੰਘ ਸੰਗਰੂਰ, ਪੰਨਾ 142
17. *ਸਲਾਨਾ ਸਮਾਚਾਰ ਨੰਬਰ ਇਕ*–ਪੰਚ ਖ਼ਾਲਸਾ ਦੀਵਾਨ, ਕੈਂਪ ਆਫ਼ਿਸ ਲੁਧਿਆਣਾ, ਪੰਨਾ 8
18. *ਅਕਾਲੀ ਪੱਤਰਕਾ*–ਸ਼ਾਦੀ ਸਿੰਘ ਸੰਪਾਦਕ, 24 ਮਈ 1975
19. *ਸਾਡਾ ਵੇਲਾ*–19 ਮਈ 1975
20. *ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ*–ਡਾ. ਮੋਹਨ ਸਿੰਘ ਉਬਰ੍ਹਾ, ਪੰਨਾ 200-201
21. *ਪੰਜਾਬੀ ਸਾਹਿੱਤ ਦਾ ਵਿਕਾਸ*–ਅੰਮ੍ਰਿਤਾ ਪ੍ਰੀਤਮ, ਪੰਨਾ 148
22. *ਕੌਮੀ ਦਰਦ*–19 ਮਈ 1975
23. *ਪੰਜਾਬੀ ਸਾਹਿੱਤ ਸਭਾ ਸੰਗਰੂਰ ਵੱਲੋਂ ਸਨਮਾਨ ਪੱਤਰ*–10 ਅਗਸਤ 1974
24. *ਤਿੱਗੜੇ ਦੀ ਸਾਜ਼ਸ਼*–ਕ੍ਰਿਪਾਲ ਸਿੰਘ ਸ਼ੇਖੂਪੁਰਾ–1-12
25. ਪ੍ਰੋ. ਹਰਬੰਸ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ 22 ਮਈ 1975 ਦੇ ਇੱਕ ਪੱਤਰ ਦੇ ਆਧਾਰ ਉਤੇ।
26. *ਪੰਚ ਖ਼ਾਲਸਾ ਦੀਵਾਨ ਭਸੌੜ ਸੰਸਥਾ ਦੀ ਪੰਜਾਬੀ ਸਾਹਿਤ ਨੂੰ ਦੇਣ*–ਪ੍ਰੋ. ਤੇਜਵੰਤ ਮਾਨ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਵਾਨਿਤ ਐਮ.ਲਿਟ, ਥੀਸਿਸ, ਪੰਨਾ 283
27. ਇਨ੍ਹਾਂ ਪੁਸਤਕਾਂ ਦਾ ਵਿਸ੍ਤਾਰ ਵਿਚ ਅਧਿਐਨ ਕਰਨ ਲਈ ਦੇਖੋ ਉਪਰੋਕਤ ਥੀਸਿਸ, ਪੰਨਾ 283 ਤੋਂ 375

ਅਗਿਆਤ ਕਿੱਸਾਕਾਰ ਪੰਡਿਤ ਰਿਖੀ ਰਾਮ
(1867 ਤੋਂ 1907 ਈ.)

ਸ. ਸ਼ਮਸ਼ੇਰ ਸਿੰਘ ਸਿੱਧੂ

ਪੰਡਿਤ ਰਿਖੀ ਰਾਮ ਇਕ ਅਜਿਹਾ ਅਗਿਆਤ ਕਿੱਸਾਕਾਰ ਹੈ ਜਿਸ ਨੇ ਚਾਰ ਕਿੱਸਿਆਂ (ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਦੁਲਾ ਭੱਟੀ ਅਤੇ ਸੋਹਣੀ ਮਹੀਂਵਾਲ) ਤੋਂ ਇਲਾਵਾ ਦੋ ਜਾਂ ਤਿੰਨ ਫੁਟਕਲ ਰਚਨਾਵਾਂ ਵੀ ਕੀਤੀਆਂ ਹਨ, ਪਰ ਅਜੇ ਤਕ ਇਸ ਕਿੱਸਾਕਾਰ ਤੋਂ ਸਾਹਿੱਤ-ਜਗਤ ਅਪਰਿਚਿਤ ਹੈ। ਪ੍ਰਸਤੁਤ ਲੇਖ ਵਿਚ ਇਸ ਕਿੱਸਾਕਾਰ ਦੇ ਜੀਵਨ ਬਾਰੇ ਜੋ ਤੰਦਾਂ ਮਿਲੀਆਂ ਹਨ, ਉਨ੍ਹਾਂ ਨੂੰ ਜੋੜ ਕੇ ਅਤੇ ਉਸ ਦੇ ਕਿੱਸਿਆਂ ਉੱਤੇ ਪਰਿਚਯਾਤਮਕ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਇਹ ਭੁਲਿਆ ਵਿਸਰਿਆ ਕਵੀ ਸਾਹਿੱਤ-ਜਗਤ ਵਿਚ ਥਾਂ ਪ੍ਰਾਪਤ ਕਰ ਸਕੇ।

ਰਿਖੀ ਰਾਮ ਦੇ ਦਾਦੇ ਦਾ ਨਾਂ ਪੰਡਿਤ ਗੁਲਜ਼ਾਰੀ ਰਾਮ ਤੇ ਪਿਤਾ ਦਾ ਨਾਂ ਪੰ. ਗੋਬਿੰਦ ਰਾਮ[1] ਸੀ। ਕਾਂਜਲਾ (ਜ਼ਿਲ੍ਹਾ ਸੰਗਰੂਰ) ਪਿੰਡ ਦਾ ਨਿਵਾਸੀ ਕਵੀ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਮਲਵੱਈ ਪੇਂਡੂ ਪਰੰਪਰਾ ਅਨੁਸਾਰ ਰਿਖੀ ਰਾਮ ਦੀ ਸ਼ਾਦੀ ਛੋਟੀ ਆਯੂ ਵਿਚ ਹੀ ਦੀਪ ਚੰਦ ਦੀ ਪੁੱਤਰੀ ਸਾਹਬੋ ਨਾਲ ਪਿੰਡ ਝਲੂਰ (ਬਰਨਾਲਾ) ਵਿਖੇ ਹੋਈ ਸੀ। ਦੇਵਨੇਤ ਨਾਲ ਇਨ੍ਹਾਂ ਦੇ ਘਰ ਕੋਈ ਸੰਤਾਨ ਨਹੀਂ ਹੋਈ। ਰਿਖੀ ਰਾਮ ਦੀ ਸਹੀ ਜਨਮ ਮਿਤੀ ਉਪਲਬਧ ਨਹੀਂ, ਪਰ ਇਤਨਾ ਜ਼ਰੂਰ ਪਤਾ ਲਗਿਆ ਹੈ ਕਿ ਉਸ ਦਾ ਜਨਮ ਦਸੰਬਰ, 1867 (ਸੰਮਤ 1924) ਤੋਂ ਬਾਅਦ ਹੋਇਆ। ਲਗਭਗ 38 ਸਾਲ ਦੀ ਆਯੂ ਵਿਚ 14 ਮਾਰਚ, 1907, ਦਿਨ ਵੀਰਵਾਰ, ਨੂੰ ਅਚਾਨਕ ਦਿਮਾਗ਼ੀ ਖ਼ਰਾਬੀ ਕਾਰਨ ਉਸ ਦੀ ਮਿਰਤੂ ਹੋ ਗਈ।[2]

ਰਿਖੀ ਰਾਮ ਦੇ ਸਮਕਾਲੀ ਬਜ਼ੁਰਗ ਤਾਂ ਸਭ ਮਰ ਚੁੱਕੇ ਹਨ। ਪੰ. ਫੂੰਮਣ ਰਾਮ, ਪੰ. ਰਾਜਾ ਰਾਮ, ਰੌਣਕ ਮੱਲ ਆਦਿ ਦੱਸਦੇ ਹਨ ਕਿ ਉਨ੍ਹਾਂ ਰਿਖੀ ਰਾਮ ਨੂੰ ਵੇਖਿਆ ਹੈ ਅਤੇ ਉਸ ਦੀ ਕਵੀਸ਼ਰੀ ਵੀ ਸੰਨਿਆਸੀਆਂ ਦੇ ਡੇਰੇ ਕਈ ਵਾਰ ਸੁਣੀ ਹੈ। ਉਨ੍ਹਾਂ ਵਿਅਕਤੀਆਂ ਦੀ ਉਮਰ ਉਸ ਸਮੇਂ 10-12 ਸਾਲ ਦੇ ਕਰੀਬ ਹੋਵੇਗੀ। ਰਿਖੀ ਰਾਮ ਪਾਸ ਆਪਣੀ ਕੇਵਲ 50 ਵਿਘੇ ਜ਼ਮੀਨ ਸੀ, ਜਿਸ ਨੂੰ ਉਹ ਵਟਾਈ ਉੱਤੇ ਦਿੰਦਾ ਸੀ। ਉਸ ਤੋਂ ਇਲਾਵਾ, ਉਹ ਪੰਧਿਆਈ ਦਾ ਕੰਮ ਵੀ ਕਰਦਾ ਸੀ। ਰਿਖੀ ਰਾਮ ਦੀ ਮੁੱਢਲੀ ਵਿੱਦਿਆ, ਪਾਠਸ਼ਾਲਾ, ਉਸਤਾਦ ਆਦਿ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ, ਪਰ ਇਤਨਾ ਜ਼ਰੂਰ ਪਤਾ ਲਗਿਆ ਹੈ ਕਿ ਉਹ ਹਿੰਦੀ, ਸੰਸਕ੍ਰਿਤ ਬਾਰੇ ਜਾਣਕਾਰੀ ਰਖਦਾ ਸੀ। ਆਪਣੇ ਪਿੰਡ ਦੇ ਨੇੜੇ ਲਿੱਦੜਾਂ ਪਿੰਡ ਦਾ ਉਹ ਪਾਂਧਾ ਵੀ ਸੀ। ਵਿਆਹ-ਸ਼ਾਦੀਆਂ, ਧਾਰਮਿਕ ਤੇ ਸਮਾਜਿਕ ਰਸਮਾਂ-ਰਿਵਾਜਾਂ ਨੂੰ ਪੰਧਿਆਈ ਦੇ ਰੂਪ ਵਿਚ ਨਿਭਾਉਂਦਾ ਹੁੰਦਾ ਸੀ। ਇਹ ਵੀ ਉਸ ਦੀ ਆਮਦਨ ਦਾ ਇਕ ਸਾਧਨ ਸੀ। ਰਿਖੀ ਰਾਮ ਦੇ ਨਜ਼ਦੀਕੀ ਪਰਿਵਾਰ ਵਿਚੋਂ ਪੰਡਿਤ ਰਘੁਨਾਥ ਹੁਣ ਉਸ ਦੀ ਥਾਂ ਉੱਤੇ ਪੰਧਿਆਈ ਦਾ ਕੰਮ ਕਰਦਾ ਹੈ।

ਰਿਖੀ ਰਾਮ ਲੰਮਾ, ਗੋਰਾ, ਸੁੰਦਰ ਤੇ ਭਰਵੇਂ ਸ਼ਰੀਰ ਵਾਲਾ ਨੌਜਵਾਨ ਸੀ। ਦਾੜ੍ਹੀ ਕੇਸ ਰਖਦਾ ਸੀ। ਦਾੜ੍ਹੀ ਬਹੁਤੀ ਭਾਰੀ ਨਹੀਂ ਸੀ। ਸਫ਼ੈਦ ਰੰਗ ਦਾ ਬ੍ਰਾਹਮਣੀ ਪਹਿਰਾਵਾ, ਦੋਹਰੀ ਕੰਨੀਦਾਰ ਧੋਤੀ, ਕਮੀਜ਼ ਤੇ ਪੱਗ ਬੰਨ੍ਹਦਾ ਸੀ। ਗਲ ਵਿਚ ਹਮੇਸ਼ਾ ਸੋਨੇ ਦਾ ਤੱਗਾ (ਕੈਂਠਾ) ਪਾ ਕੇ ਰਖਦਾ ਸੀ।

ਲਿੱਦੜਾਂ ਪਿੰਡ ਦੇ ਈਸ਼ਰ ਸਿੰਘ, ਪਾਲਾ ਸਿੰਘ, ਪੂਰਨ ਸਿੰਘ ਅਤੇ ਨਰੈਣ ਸਿੰਘ ਉਸ ਦੇ ਖ਼ਾਸ ਪ੍ਰੇਮੀ ਸਨ। ਜਦੋਂ ਵੀ ਉਹ ਇਸ ਪਿੰਡ ਆਉਂਦਾ ਤਾਂ ਕਵਿੱਤਾਂ ਦੀ ਮਹਿਫ਼ਲ ਜੰਮਦੀ ਹੁੰਦੀ ਸੀ।

ਕਾਜਲੇ ਪਿੰਡ ਦੇ ਸੁੰਦਰ ਸਿੰਘ, ਹਰਨਾਮ ਸਿੰਘ, ਪੰ. ਬਰ੍ਹਮਾ ਆਦਿ ਉਸ ਦੇ ਨਜ਼ਦੀਕੀ ਮਿੱਤਰ ਸਨ। ਰਿਖੀ ਰਾਮ ਸੰਨਿਆਸੀਆਂ ਦੇ ਡੇਰੇ, ਬਾਣੀਆਂ ਦੀ ਧਰਮਸ਼ਾਲਾ ਵਿਚ ਆਮ ਤੌਰ ਉੱਤੇ ਆਪਣੀ ਉੱਚੀ ਤੇ ਸੁਰੀਲੀ

ਆਵਾਜ਼ ਨਾਲ ਕਬਿੱਤਾਂ ਨੂੰ ਗਾ ਕੇ ਲੋਕਾਂ ਨੂੰ ਖ਼ੁਸ਼ ਕਰਿਆ ਕਰਦਾ ਸੀ। ਲੱਡੇ ਪਿੰਡ ਵਿਚ ਗੁਗਾ ਨੌਮੀ ਅਤੇ ਪਿੰਡ ਰਣੀਕੇ ਵਿਚ ਸ਼ਿਵਰਾਤਰੀ ਦੇ ਮੇਲੇ ਉੱਤੇ ਰਿਖੀ ਰਾਮ ਆਲੇ-ਦੁਆਲੇ ਕਵੀਸ਼ਰਾਂ ਦੇ ਸੰਗ ਨਾਲ, ਆਪਣੇ ਕਬਿੱਤ ਸੁਣਾ ਕੇ ਲੋਕ ਮਨਾਂ ਵਿਚ ਹਰਮਨ ਪ੍ਰਿਯਤਾ ਕਾਇਮ ਕਰਦਾ ਹੁੰਦਾ ਸੀ। ਰਿਖੀ ਰਾਮ ਕੇਵਲ ਮਨ ਪਰਚਾਵੇ ਲਈ ਹੀ ਗਾਉਂਦਾ ਹੁੰਦਾ ਸੀ।

ਰਿਖੀ ਰਾਮ ਦਾ ਮੈਨੂੰ ਕੋਈ ਹੱਥ-ਲਿਖਤ ਖਰੜਾ ਨਹੀਂ ਪ੍ਰਾਪਤ ਹੋ ਸਕਿਆ, ਪਰੰਤੂ ਕਾਜਲੇ ਦੇ ਲੋਕਾਂ ਦੀਆਂ ਜ਼ਬਾਨਾਂ ਉੱਤੇ ਇਸ ਦੇ ਕਬਿੱਤ ਅੱਜ ਵੀ ਜੀਉਂਦੇ ਹਨ। ਇਸ ਦੀ ਕਿੱਸਾ-ਰਚਨਾ ਤੇ ਕਬਿੱਤ-ਰਚਨਾ ਮੈਨੂੰ ਰਿਖੀ ਰਾਮ ਦੇ ਨਜ਼ਦੀਕੀ ਮਿਤਰ ਸੁੰਦਰ ਸਿੰਘ ਦੇ ਪੁੱਤਰ ਸੰਤ ਸਿੰਘ, ਬਸੰਤ ਸਿੰਘ, ਮਿੱਤ ਸਿੰਘ ਪਾਸੋਂ ਕਾਫ਼ੀ ਮਾਤਰਾ ਵਿਚ ਉਪਲਬਧ ਹੋਈ ਹੈ। ਇਨ੍ਹਾਂ ਤੋਂ ਇਲਾਵਾ, ਸ. ਕਰਤਾਰ ਸਿੰਘ ਕਲਕੱਤੇ ਵਾਲਾ, ਸੁਰਜੀਤ ਸਿੰਘ, ਪੰ. ਹਰੀ ਰਾਮ, ਪੰ. ਚਾਨਣ ਰਾਮ, ਪੰ. ਰਾਜਾ ਰਾਮ ਤੇ ਨੌਹਰੀਆ ਮਲ, ਪੰ. ਹੇਮ ਰਾਜ, ਪੰ. ਰਘੂ ਨਾਥ ਤੇ ਜੀਵਨ ਸਿੰਘ ਆਦਿ ਨੂੰ ਜੋ ਕਬਿੱਤ ਜ਼ਬਾਨੀ ਯਾਦ ਸਨ, ਇਨ੍ਹਾਂ ਨੇ ਮੈਨੂੰ ਬੜੇ ਪ੍ਰੇਮ ਨਾਲ ਉਸੇ ਸੁਰ ਨਾਲ ਟੇਪ ਕਰਵਾਏ ਹਨ।

ਸਾਬਕਾ ਸਰਪੰਚ ਕਾਜਲਾ ਪੰ. ਇੰਦਰਜੀਤ ਤੇ ਉਸ ਦੇ ਪੁੱਤਰ ਸ੍ਰੀ ਹੇਮ ਰਾਜ ਜੀ ਰਿਖੀ ਰਾਮ ਦੀ ਜਾਇਦਾਦ ਦੇ ਮੌਜੂਦਾ ਵਾਰਿਸ ਹਨ। ਉਨ੍ਹਾਂ ਪਾਸੋਂ ਰਿਖੀ ਰਾਮ ਸੰਬੰਧੀ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਮਿਲੀ ਕਿਉਂਕਿ ਰਿਖੀ ਰਾਮ ਦੀ ਮ੍ਰਿਤੂ ਤੋਂ 20-25 ਸਾਲ ਬਾਅਦ, ਉਸ ਦੀ ਪਤਨੀ ਸਾਹਬੋ ਹੀ ਉਨ੍ਹਾਂ ਨੂੰ ਆਪਣੀ ਸੇਵਾ ਲਈ ਪਿੰਡ ਮੁਹਾਲੇ (ਨਾਭਾ) ਤੋਂ ਕਾਜਲੇ ਲੈ ਕੇ ਆਈ ਸੀ। ਰਿਖੀ ਰਾਮ ਦੇ ਹੋਰ ਕਬਿੱਤ ਤੇ ਕਿੱਸਿਆਂ ਨੂੰ ਲੱਭਣ ਦਾ ਉਦਮ ਜਾਰੀ ਹੈ।

ਵਿਚਾਰਧਾਰਾ ਤੇ ਰਚਨਾਵਾਂ : ਰਿਖੀ ਰਾਮ ਦੀ ਵਿਚਾਰਧਾਰਾ ਤੋਂ ਉਸ ਦਾ ਵਿਅਕਤਿੱਤਵ ਬਹੁਪੱਖੀ ਪ੍ਰਗਟ ਹੁੰਦਾ ਹੈ। ਜਿਥੇ ਉਸ ਨੇ ਇਸ਼ਕ ਦੀਆਂ ਗੱਲਾਂ ਕੀਤੀਆਂ ਹਨ ਉਥੇ ਸਮਾਜਿਕ, ਸਦਾਚਾਰਿਕ ਅਤੇ ਧਾਰਮਿਕ ਵਡਮੁੱਲੀਆਂ ਗੱਲਾਂ ਵੀ ਕੀਤੀਆਂ ਹਨ। ਉਹ ਪੇਂਡੂ ਸਮਾਜ ਤੇ ਸਭਿਆਚਾਰ ਪ੍ਰਤੀ ਪੂਰਨ ਸੁਚੇਤ ਹੈ ਜਿਸ ਦਾ ਸਬੂਤ ਉਸ ਦੀਆਂ ਉਪਲਬਧ ਰਚਨਾਵਾਂ ਵਿਚੋਂ ਮਿਲਦਾ ਹੈ। ਮੰਗਲਾਚਰਣ ਵਿਚ ਕਵੀ ਨੇ ਆਪਣੇ ਗੁਰੂ, ਇਸ਼ਟ ਤੇ ਦੁਰਗਾ ਦੇਵੀ ਦੀ ਉਪਾਸਨਾ ਕੀਤੀ :

ਜਗਦੀ ਐ ਜੋਤ, ਤੇਰੇ ਨਾਮ ਦੀ ਐ ਓਟ,
ਰਹਿਣ ਦਿੰਦੀ ਨਹੀਂ ਤੋਟ, ਮਾਤਾ ਸੂਹੇ ਝੋਲਿਆਂ ਵਾਲੀਏ।
ਸੂਹਾ ਚੋਲਾ ਧਾਰ, ਹੋਈ ਸ਼ੇਰ ਅਸਵਾਰ,
ਧਜਾ ਝੂਲਦੀ ਐ ਬਾਰ, ਤੇ ਸੰਤ ਰਖਵਾਲੀਏ।

–ਕਿੱਸਾ ਦੁਲਾ ਭੱਟੀ

ਰਿਖੀ ਰਾਮ ਦੀ ਸਮੁੱਚੀ ਰਚਨਾ ਵਿਚੋਂ ਉਸ ਦਾ ਵਿਅਕਤਿੱਤਵ, ਸਦਾਚਾਰਿਕ, ਹੰਢਾਇਆ ਹੋਇਆ ਨਿੱਜੀ ਜੀਵਨ ਤਜਰਬਾ ਪ੍ਰਤੱਖ ਦਿਖਾਈ ਦਿੰਦਾ ਹੈ। ਆਮ ਧਾਰਨਾ ਹੈ ਜਿੰਨਾਂ ਚਿਰ ਕਿੱਸਾਕਾਰ ਖ਼ੁਦ ਇਸ਼ਕ ਵਿਚ ਨਾ ਪਿਆ ਹੋਵੇ, ਉਹ ਆਪਣੇ ਰਚੇ ਕਿੱਸੇ ਵਿਚ ਰੰਗ ਨਹੀਂ ਬੰਨ੍ਹ ਸਕਦਾ, ਪਰ ਰਿਖੀ ਰਾਮ ਸੰਬੰਧੀ ਅਜਿਹੀ ਕੋਈ ਘਟਨਾ ਨਹੀਂ ਮਾਲੂਮ ਹੋ ਸਕੀ। ਹਾਂ ਇਤਨਾ ਜ਼ਰੂਰ ਪਤਾ ਲਗਿਆ ਹੈ ਕਿ ਉਸ ਦਾ ਆਪਣਾ ਨਿੱਜੀ ਜੀਵਨ ਬੜਾ ਦੁੱਖਾਂ ਭਰਿਆ ਸੀ। ਵਿਆਹ ਤੋਂ ਪਿੱਛੋਂ ਮਾਂ ਬਾਪ ਮਰ ਗਏ, ਪਤਨੀ ਨਾਲ ਪਹਿਲਾਂ ਤੋਂ ਹੀ ਅਣਬਣ ਰਹਿੰਦੀ ਸੀ। ਇਕ ਤਾਂ ਰਿਖੀ ਰਾਮ ਦੀ ਪਤਨੀ ਬੜੀ ਕੁਰੂਪ ਸੀ ਤੇ ਉਹ ਆਪ ਬਹੁਤ ਸੁੰਦਰ ਸੀ। ਦੂਜੀ ਗੱਲ ਪਤਨੀ ਦਾ ਸੁਭਾ ਬਹੁਤ ਅਖੱੜ ਤੇ ਕੁਰੱਖਤ ਸੀ। ਉਹ ਉਸ ਨੂੰ ਕਾਂਜਲੇ ਬਹੁਤ ਘੱਟ ਲੈ ਕੇ ਆਉਂਦਾ ਸੀ, ਅਧਿਕਤਰ ਪੇਕੇ ਘਰ ਹੀ ਛੱਡੀ ਰਖਦਾ ਸੀ। ਉਹ ਦੰਪਤੀ ਜਵੀਨ ਦੇ ਖਲਜਗਣ ਤੋਂ ਤੰਗ ਸੀ, ਉਸ ਨੇ ਕਦਾਚਿਤ ਆਪਣੇ ਗ਼ਮਾਂ ਨੂੰ ਦੂਰ ਕਰਨ ਲਈ ਕਿੱਸਾ-ਰਚਨਾ ਦਾ ਸਹਾਰਾ ਲਿਆ ਅਤੇ ਇਸ ਤਰ੍ਹਾਂ ਮਾਪਿਆਂ ਦੇ ਅਸਹਿ ਵਿਛੋੜੇ ਨੂੰ ਬਰਦਾਸ਼ਤ ਕੀਤਾ। ਮਰਨ ਤੋਂ ਕੁਝ ਸਮਾਂ ਪਹਿਲਾਂ, ਦੱਸਦੇ ਹਨ, ਕਿ ਉਹ ਚਿੱਲਮ ਤੇ ਅਫ਼ੀਮ ਦੀ ਵਧੇਰੇ ਵਰਤੋਂ ਕਰਨ ਲੱਗ ਪਿਆ ਸੀ। ਕਈ ਬਜ਼ੁਰਗ ਕਹਿੰਦੇ ਹਨ ਕਿ ਅਖ਼ੀਰੀ ਸਮੇਂ ਵਿਚ ਰਿਖੀ ਰਾਮ ਨੂੰ ਦੁਰਗਾ ਦੇਵੀ ਦੀ ਧੱਕ ਲੱਗੀ ਸੀ, ਜਿਸ ਕਾਰਨ ਮਰਨ ਸਮੇਂ ਉਸ ਦੇ ਦਿਮਾਗ਼ ਵਿਚ ਖ਼ਰਾਬੀ ਆ ਗਈ ਸੀ। ਹੇਠ ਲਿਖੇ ਕਬਿੱਤ ਮੈਂ ਬਹੁਤ ਸਾਰੇ

ਬਜ਼ੁਰਗਾਂ ਤੇ ਨਜ਼ਦੀਕੀ ਪਿੰਡਾਂ ਦੇ ਕਈ ਲੋਕਾਂ ਤੋਂ ਵੀ ਸੁਣੇ ਹਨ, ਜੋ ਉਸ ਦੇ ਕਾਵਿ ਦੇ ਹਰਮਨ ਪਿਆਰੇ ਹੋਣ ਦਾ ਪ੍ਰਮਾਣ ਹੈ :

(1) ਜੁਆਨ ਮਰੇ ਜੀਦਾ ਬੇਟਾ, ਝੂਠਾ ਪੈਜੇ ਅਲਸੇਟਾ,
ਸੰਭਲੇ ਨਾ ਕਦੇ, ਜੀ ਦਾ ਚੋਰ ਘਰ ਲੁੱਟਜੇ ।
ਮਰੇ ਜਿਹਦਾ ਭਰਥਾਰ, ਉਹ ਖੁਆਰ ਹੁੰਦੀ ਨਾਰ,
ਉਹਦਾ ਓਦੂ ਕੀ ਤਕਰਾਰ, ਜੇ ਸਰੀਕ ਘਰ ਕੁਟਜੇ ।
ਸੋਣ ਘਰ ਢਹਿਜੇ, ਬਹੇਤੀ ਬਲਦ ਬਹਿਜੇ,
ਉਸ ਦਾ ਕੀ ਰਹਿਜੇ, ਮੁਟਿਆਰ ਮੰਗ ਛੁੱਟਜੇ ।
ਰਿਖੀ ਰਾਮ ਕਹਿੰਦਾ, ਉਹਦਾ ਕੁਝ ਨਹੀਂ ਰਹਿੰਦਾ,
ਸੂਈ ਮਰੇ ਮੈਸ, ਤੇ ਭਰੀ ਚਿੱਲਮ ਫੁੱਟਜੇ ।

(2) ਮਰ ਗਏ ਮਾਪੇ, ਹੋ ਗਏ ਕਲਾਪੇ,
ਫਿਕਰ ਪੈ ਗਏ ਆਪੇ, ਜੋ ਕਬਿੱਤ ਨੂੰ ਬਣਾਈਏ ।
ਫਿਕਰ ਹੰਦੇਸਾ ਤੇ, ਕਬੀਲਦਾਰੀ ਗਲ ਪੈ ਗਈ,
ਹੱਥ ਫੂਕੇ ਜਾਣ, ਜਦੋਂ ਟੁਕੜਾ ਪਕਾਈਏ ।
ਨਾਨਕੇ ਤੇ ਦਾਦਕੇ, ਜਹਾਨ ਉਤੋਂ ਉਠਗੇ,
ਅੰਗ ਸਾਕ ਮਰ ਗਏ, ਪਰਾਹੁਣੇ ਕੀਹਦੇ ਜਾਈਏ ।
ਹੱਥ ਫੜ ਠੀਕਰਾ, ਮੰਗਣ ਚੜ੍ਹ ਰਿਖੀ ਰਾਮਾ,
ਦਰ ਦਰ ਵਾਲੇ ਆਪਾਂ, ਕੁੱਤੇ ਹੀ ਭਕਾਈਏ ।

ਰਿਖੀ ਰਾਮ ਦੀ ਸਮੁੱਚੀ ਰਚਨਾ ਵਿਚੋਂ ਸਮਕਾਲੀ ਸਮਾਜ, ਪੇਂਡੂ ਰਸਮਾਂ ਤੇ ਰਿਵਾਜ, ਰਾਜਨੀਤਿਕ ਗਤੀਵਿਧੀ, ਜਨ-ਜੀਵਨ ਦੀ ਮਰਯਾਦਾ, ਵਹਿਮ ਭਰਮਾਂ, ਸ਼ਗਨ-ਅਪਸ਼ਗਨ, ਰਾਜ-ਦੰਡ, ਇਸਤਰੀ ਨਿੰਦਾ, ਗਹਿਣੇ ਕਪੜੇ ਆਦਿ ਦੇ ਚਿਤ੍ਰਣ ਤੋਂ ਇਲਾਵਾ ਹੋਰ ਬਹੁਤ ਚੰਗੇ ਮਾੜੇ ਗੁਣਾਂ ਔਗੁਣਾਂ ਵਾਲੀਆਂ ਅਨੇਕ ਗੱਲਾਂ ਬਾਰੇ ਇਕ ਡੂੰਘੀ ਵਿਸ਼ਾਲ ਤੇ ਵਿਸਤ੍ਰਿਤ ਜਾਣਕਾਰੀ ਮਿਲਦੀ ਹੈ । ਇਨ੍ਹਾਂ ਤੋਂ ਰਿਖੀ ਰਾਮ ਦਾ ਪੇਂਡੂ ਜੀਵਨ ਬਾਰੇ ਡੂੰਘਾ ਤੇ ਨਿਜ ਹੰਢਾਇਆ ਸਰਬਪੱਖੀ ਗਿਆਨ ਤੇ ਨਿੱਜੀ ਕੌੜੇ ਜੀਵਨ ਦਾ ਤਜਰਬਾ ਵੀ ਪ੍ਰਤਿਬਿੰਬਿਤ ਹੁੰਦਾ ਹੈ :

(1) ਮੂਹੀਂ ਤਣਾ ਘੋੜਾ ਬੁਰਾ, ਬੁਰਾ ਪੇਸ਼ਾ ਨੌਕਰੀ ਦਾ,
ਰੰਨ ਬੁਰੀ ਡੈਣ, ਅਸੀਂ ਦੇਖੀਐ ਪਰਤਿਆਕੇ ।
ਚੋਰੀ ਦੀ ਘਾਤ ਬੁਰੀ, ਯਾਰ ਦੀ ਝਾਤ ਬੁਰੀ,
ਹਾਕਮਾਂ ਦੀ ਨਿਗ੍ਹਾ ਬੁਰੀ, ਰੱਖਣੀ ਬਚਾਕੇ ।
ਸੋਣ ਸੂਈ ਘੋੜੀ ਬੁਰੀ, ਮਾਘ ਵਿਚ ਮੈਸ ਕਹਿੰਦੇ,
ਸਿਰ ਲੈ ਆਦਮੀ ਦਾ, ਦੇਖੋ ਘਰ ਸੁਆਕੇ ।
ਕੱਤੇ ਵਿਚ ਤੀਮੀ ਦੀ, ਕਰੀਂ ਵਿਚਾਰ ਰਿਖੀ ਰਾਮਾ,
ਛਡਦੀ ਨਾ ਮੂਲ ਜਿਹੜੀ, ਲਊ ਦਿਨ ਪਾਕੇ ।

(2) ਮਿੱਤਰ ਮਾਰ ਬਾਣੀਆ, ਪਛਾਣ ਮਾਰ ਚੋਰ ਬੁਰਾ,
ਵਿਹੜੇ ਵਿਚ ਯਾਰ, ਜਿਹੜਾ ਕੱਲੀ ਨੂੰ ਤਕਾਉਂਦਾ ।
ਨਾਰੀ ਕਲਿਹਾਰੀ ਬੁਰੀ, ਸੁਰਮਾ ਕੁਮਾਰੀਆਂ ਨੂੰ,
ਜੂਏਬਾਜ ਪੁੱਤ, ਜਿਹੜਾ ਧੰਨ ਨੂੰ ਲੁਟਾਉਂਦਾ ।
ਗੋਡਿਆਂ ਦੀ ਪੀੜ ਬੁਰੀ, ਸੱਲ ਓਏ ਸਰੀਕਣਾ ਦਾ,
ਦੇਣਾ ਭਲਾ ਬਾਪ ਦਾ ਨਹੀਂ, ਰੱਤ ਨੂੰ ਸੁਕਾਉਂਦਾ ।
ਰਿਖੀ ਰਾਮ ਲੋਹੜਾ ਬੁਰਾ, ਯਾਰੀ ਦਾ ਵਿਛੋੜਾ ਬੁਰਾ,

ਰਗਾਂ ਵਿਚ ਫੋੜਾ ਬੁਰਾ ਅੰਨ ਪਾਨੀ ਨੂੰ ਛਡਾਉਂਦਾ ।

(3) ਮੀਂਹ ਪਿਆ ਚੇਤ, ਗੋਲੇ ਮਾਰ ਗਏ ਖੇਤ,
ਬੁਰਾ ਰਾਹੂ ਕੇਤ, ਜਿਹੜਾ ਚੰਦ ਨੂੰ ਗ੍ਰੱਸਦਾ ।
ਕਪਟੀ ਦਾ ਕਪਟ ਬੁਰਾ, ਦਗੇਬਾਜ ਮਿੱਤਰ,
ਉਸ ਵੇਲੇ ਚਿੱਤ ਤਾਂ, ਕਰੋਧ ਵਿਚ ਵੱਸਦਾ ।
ਹਾੜ ਦਾ ਦੁਪਹਿਰਾ ਬੁਰਾ, ਕਲਜੁਗ ਦਾ ਪਹਿਰਾ ਬੁਰਾ,
ਰੋਗ ਵਿਚ ਅੰਨ ਬੁਰਾ, ਸੋਗ ਵਿਚ ਹੱਸਦਾ ।
ਰਿਖੀ ਰਾਮ ਕਹਿੰਦਾ, ਵਿਚ ਕਾਂਜਲੇ ਦੇ ਰਹਿੰਦਾ,
ਜੋੜ ਕੇ ਕਬਿੱਤ, ਇਕ ਨਿੱਤ ਨਵਾਂ ਦੱਸਦਾ ।

(4) ਸੁਰਮੇ ਬਿਨ ਡੇਲੀ, ਚੁਗੇ ਬਿਨ ਸੇਲੀ,
ਦੀਪਕ ਬਿਨ ਹਵੇਲੀ, ਸੋਭਾ ਨਹੀਂ ਪਾਉਂਦੀ ।
ਕੰਤ ਬਿਨ ਨਾਰੀ, ਹਿਉ ਬਿਨ ਕੁਮਾਰੀ,
ਲੂਣ ਬਿਨ ਤਰਕਾਰੀ ਦੀ, ਲੱਜਤ ਨਹੀਂ ਆਉਂਦੀ ।
ਨਾਰ ਜੋ ਤਗਾਦੇ ਬਿਨ,ਭੈਣਿ ਜੋ ਸੁਹਾਗੇ ਬਿਨ,
ਸੇਜ ਜੋ ਸਰਾਹਣੇ ਬਿਨ, ਮੂਲ ਨਾ ਸੁਹਾਉਂਦੀ ।
ਰਿਖੀ ਰਾਮ ਕਹਿੰਦਾ, ਵਿਚ ਕਾਂਜਲੇ ਦੇ ਰਹਿੰਦਾ,
ਜੋੜਨੀ ਕਵੀਸ਼ਰੀ ਹੈ, ਬੜੀ ਮੈਨੂੰ ਆਉਂਦੀ ।

ਰਿਖੀ ਰਾਮ ਸਮਾਜਿਕ, ਧਾਰਮਿਕ ਖੇਤਰ ਵਿਚ ਆ ਚੁੱਕੀਆਂ ਗਿਰਾਵਟਾਂ ਅਤੇ ਰੂੜ੍ਹ ਪੱਧਤੀਆਂ ਤੋਂ ਵੀ ਚੇਤੰਨ ਹੈ । ਉਨ੍ਹਾਂ ਉੱਤੇ ਉਸ ਨੇ ਸਿੱਧਾ ਵਿਅੰਗ ਕਸਿਆ ਹੈ ਤੇ ਭੇਖ-ਧਾਰੀਆਂ ਦੀ ਕਰੜੀ ਆਲੋਚਨਾ ਕੀਤੀ ਹੈ :

ਬੁਧਮਾਨ ਜਾਣਦੇ ਨੇ ਲੁੱਚਾ ਪੰਥ ਨਾਂਗਿਆਂ ਦਾ,
ਅੰਗ ਨੂੰ ਭਵੂਤ ਮਲ, ਰਿਖੀ ਬਣਨਾ ਚਾਹੁੰਦੇ ।
ਤਿਆਗ ਦਿੰਦੇ ਜੁੱਤੀਆਂ ਨੂੰ, ਚਲਦੇ ਨੇ ਪਊਆਂ ਤੇ,
ਲੁਚਿਆ ਦੇ ਪੁੱਤ, ਨਾਂਗੇ ਮਕਰ ਬਣਾਉਂਦੇ ।
ਜਿਹੜੇ ਪਿੰਡੋਂ ਮੁੰਡਾ, ਨਾਂਗਿਆਂ ਨੇ ਪੁਟਣਾ ਹੋਵੇ,
ਕਰ ਤਦਬੀਰ ਧੂਣਾ, ਓਸ ਪਿੰਡ ਲਾਉਂਦੇ ।
ਮਨਮੇ ਨਿਹਾਲ ਕਵੀ, ਆਖਦਾ ਮੈਂ ਰਿਖੀ ਰਾਮ,
ਜੋੜ ਕੇ ਕਬਿੱਤ ਇਕ ਨਾਂਗਿਆਂ ਦਾ ਸੁਣਾਉਂਦੇ ।

... ...

ਤੜਕੇ ਜੇ ਉਠ ਕੇ, ਨਹਲਾਵੇ ਤੂੰ ਤਾਂ ਠਾਕਰਾਂ ਨੂੰ,
ਮਨ ਵਿਚ ਘੁੰਡੀ, ਪੂਜਾ ਰਾਸ ਨਹੀਂ ਆਉਂਦੀ ।
ਕਹੇ ਰਿਖੀ ਰਾਮ ਤੂੰ ਤਾਂ, ਸਦਾ ਹੀ ਭਜੰਤ ਰਹਿ,
ਏਨਾ ਪਖੰਡਾਂ ਨਾਲ ਭਗਤੀ ਨੀ ਥਿਆਉਂਦੀ ।

ਇਨ੍ਹਾਂ ਤੋਂ ਇਲਾਵਾ ਰਿਖੀ ਰਾਮ ਨੇ ਆਪਣੇ ਕਬਿੱਤਾਂ ਵਿਚ ਆਲੇ-ਦੁਆਲੇ ਪਿੰਡਾਂ ਦੇ ਮਸ਼ਹੂਰ ਸਮਕਾਲੀ ਕਵੀਸ਼ਰਾਂ, ਪਹਿਲਵਾਨਾਂ, ਚੋਰਾਂ ਅਤੇ ਡਾਕੂਆਂ, ਪਿੰਡਾਂ ਦੀਆਂ ਮਸ਼ਹੂਰ ਪੈਦਾਵਾਰੀ ਚੀਜ਼ਾਂ, ਮਾਲਵੇ ਵਿਚ ਨਸ਼ਿਆਂ ਦੀ ਵੱਧ ਰਹੀ ਵਰਤੋਂ ਬਾਰੇ, ਕਬਿੱਤ ਰਚਕੇ ਆਪਣੀ ਵਿਸ਼ਾਲ, ਸਥਾਨਿਕ ਅਤੇ ਸਮਕਾਲੀ ਸਮੇਂ ਦੀ ਵਿਸਤ੍ਰਿਤ ਜਾਣਕਾਰੀ ਦਰਸਾਈ ਹੈ :

(1) ਢੱਡਿਆਂ ਵਾਲੇ ਡੂਮ ਜਿਹੜੇ ਸਾਕੇ ਤਾਈਂ ਗਾਉਂਦੇ ।

(2) ਗੁੱਜਰ ਅੰਬਾਲੇ ਇਕ ਝਿਊਰ ਹੈ ਪਟਿਆਲੇ,

ਲਾਲੂ ਖੇਲਦਾ ਬਨਾਲੇ, ਜਿਥੇ ਆਲੇ ਕਿਆਂ ਦਾ ਵਾੜਾ ਸੀ।

(3) ਖੀਵੇ ਦਾ ਕਰਾੜ, ਇਕ ਉਠ ਨੂੰ ਚਰਾਵੇ,
ਘੋੜੇ ਉੱਤੇ ਚੜ੍ਹ ਜਾਵੇ ਜਾਣੀ ਪੁਤ ਅਸਵਾਰਾਂ ਦਾ।
ਕਹੇ ਰਿਖੀ ਰਾਮ ਕਾਂਜਲੇ ਪੰਜਾਬ ਸਿੰਘ,
ਫੱਤੂ ਜੋ ਬਮਾਲ ਵਿਚ, ਰੋਜ਼ ਡਾਕੇ ਮਾਰਦਾ।

(4) ਖੰਡ ਮਾਛੀਵਾੜੇ, ਪੇੜਾ ਮੱਥਰੇ ਦੇ ਤਾੜੇ,
ਬੁਰਜ ਬਠਿੰਡੇ ਦਾ, ਬਹੇ ਐ ਬਨਾਲੇ ਦੇ।
ਰੋਹਤਕ ਦੀ ਰਿਉੜੀ ਤੇ ਪਿਉੜੀ ਐ ਜਗਾਧਰੀ ਦੀ,
ਜੱਗ ਵਿਚ ਮਸ਼ਾਹੂਰ, ਰੰਢੇ ਨੇ ਕੁਠਾਲੇ ਦੇ।

ਲਾਰਡ ਐਲਗਿਨ ਦੂਜੇ[3] ਦੇ ਸਮੇਂ 1898 ਈ. ਵਿਚ ਜੋ ਭਿਆਨਕ ਪਲੇਗ ਪਹਿਲਾਂ ਬੰਬਈ ਤੇ ਫਿਰ ਪੂਨੇ ਵਿਚ ਫੈਲੀ ਸੀ, ਅਕਤੂਬਰ 1901 ਤੋਂ ਮਾਰਚ 1902[4] ਵਿਚ ਉਹੀ ਬਿਮਾਰੀ ਸਾਰੇ ਪੰਜਾਬ ਦੇ ਪਿੰਡਾਂ ਵਿਚ ਫੈਲ ਗਈ ਸੀ। ਪਿੰਡਾਂ ਦੇ ਪਿੰਡ ਖ਼ਾਲੀ ਹੋ ਗਏ। ਲੱਖਾਂ ਲੋਕ ਇਸ ਭਿਆਨਕ ਮਹਾਂਮਾਰੀ ਦੀ ਲਪੇਟ ਵਿਚ ਆ ਗਏ। ਆਪਣੇ ਆਲੇ-ਦੁਆਲੇ ਦੇ ਪਿੰਡਾਂ ਦੀ ਦਰਦ ਭਰੀ ਹਾਲਤ ਵੇਖਕੇ ਰਿਖੀ ਰਾਮ ਚੁਪ ਨਾ ਰਹਿ ਸਕਿਆ। ਸੰਗਰੂਰ ਜ਼ਿਲੇ ਦੇ ਪਿੰਡਾਂ ਵਿਚ ਪਲੇਗ ਦੀ ਆਮਦ ਦਾ ਉਸ ਨੇ ਵਿਸ਼ੇਸ਼ ਜ਼ਿਕਰ ਕੀਤਾ। ਇਤਿਹਾਸਿਕ ਘਟਨਾਵਾਂ ਵੀ ਇਸ ਤੱਥ ਦਾ ਸਬੂਤ ਤੇ ਵਿਸ਼ੇਸ਼ ਜਾਣਕਾਰੀ ਕਰਵਾਉਂਦੀਆਂ ਹਨ :

ਛਾਜਲੀ ਰਟੋਲ, ਚੱਠੇ ਭੱਮਾਂਵਦੀ ਕੋਲ,
ਅਕੇ ਕਿਲਾ ਤੇ ਨਮੋਲ, ਮਾਰੇ ਸ਼ੇਰੋਂ ਲੌਂਗੋਵਾਲ੍ਹ ਨੂੰ।
ਤੁੰਗ ਤੇ ਕਨੋਈ, ਜਿਥੇ ਰਿਹਾ ਨਹੀਂ ਕੋਈ,
ਬਹੁਤੀ ਲੱਡੇ ਵਿਚ ਪਈ, ਫਿਰ ਗਈ ਮੰਗਵਾਲ੍ਹ ਨੂੰ।
ਸੋਈਆਂ ਸੰਗਰੂਰ, ਮੌਤ ਮਾਰ ਕੀਤਾ ਚੂਰ,
ਅਕੇ ਛਡੀ ਨਾ ਕਸੂਰ, ਆਈ ਲਿੱਦੜਾਂ ਚੰਗਾਲ ਨੂੰ।
ਰਿਖੀ ਰਾਮ ਮੌਤ ਬੁਰੀ, ਸਿਰ ਉੱਤੇ ਘੁਰੀ,
ਹੱਥਾਂ ਵਿਚ ਛੁਰੀ, ਕੱਢੇ ਕਾਲਜੇ ਦੀ ਫਾਲ ਨੂੰ।

ਰਿਖੀ ਰਾਮ ਨੇ ਆਪਣੇ ਕਿੱਸਿਆਂ ਨੂੰ ਮਾਲਵੇ ਦੀ ਸਥਾਨਿਕ ਉਪ-ਭਾਸ਼ਾ ਤੇ ਠੇਠ ਬੋਲੀ ਦੀ ਰੰਗਣ ਵਿਚ ਪੇਸ਼ ਕੀਤਾ ਹੈ ਅਤੇ ਕਲਾਤਮਕ ਨਿਪੁੰਨਤਾ ਰਾਹੀਂ ਕਵਿਤਾ ਵਿਚ ਰਸਕਤਾ ਤੇ ਵੰਨ-ਸੁਵੰਨੀ ਖਿੱਚ ਪੈਦਾ ਕੀਤੀ ਹੈ। ਹਰ ਕਥਿੱਤ ਦੇ ਅੰਤ ਵਿਚ ਕਵੀ ਆਪਣੇ ਨਾਂ ਦੀ, ਮਲਵਈ ਕਵੀਸ਼ਰਾਂ ਦੀ ਪਰੰਪਰਾ ਵਾਂਗ ਕਵੀ ਛਾਪ ਲਾਉਂਦਾ ਹੈ। ਬਹੁਤ ਸਾਰੇ ਕਥਿੱਤਾਂ ਵਿਚ ਆਪਣੇ ਪਿੰਡ ਕਾਂਜਲੇ ਦਾ ਵੀ ਵਿਸ਼ੇਸ਼ ਜ਼ਿਕਰ ਕਰਦਾ ਹੈ। ਹੋਰ ਕਿੱਸਾਕਾਰਾਂ ਵਾਂਗ ਰਿਖੀ ਰਾਮ ਨੇ ਆਪਣੀ ਜਨਮ ਭੂਮੀ ਕਾਂਜਲੇ ਪਿੰਡ ਦੀ ਭੂਗੋਲਿਕ ਸਥਿਤੀ ਅਤੇ ਆਲੇ-ਦੁਆਲੇ ਦੇ ਪਿੰਡ, ਜ਼ਿਲ੍ਹਾ ਤਹਿਸੀਲ ਤੇ ਉਨ੍ਹਾਂ ਦੀ ਦੂਰੀ ਵੀ ਅੰਕਿਤ ਕੀਤੀ ਹੈ, ਜੋ ਉਸ ਦੀ ਵਿਸ਼ੇਸ਼ ਨੀਝ ਦੀ ਸੂਚਕ ਹੈ :

ਰਿਖੀ ਨਾਮ ਜੀ, ਕਾਂਜਲਾ ਮੇਰਾ ਗਾਮ ਜੀ,
ਦਸਦਾ ਤਮਾਮ ਜੀ, ਸਮਝ ਲੈਣਾ ਕੁੱਲ ਨੇ।
ਰਿਆਸਤ ਪਟਿਆਲਾ ਤੇ ਨਜ਼ਾਮਤ ਬਸੀ ਵਿਚ,
ਟੇਸ਼ਨ ਸੁਣਾਮਾਂ ਸਾਨੂੰ ਨੇੜੇ ਜੋ ਅਲਾਲ੍ਹ ਨੇ।
ਸੱਤ ਕੋਸ ਧੂਰੀ ਤੇ ਪੰਜ ਕੋਸ ਸੰਗਰੂਰ ਹੈਨ,
ਬੜਾ ਜੋ ਗਰਾਉਂ, ਚਾਰੇ ਟੇਸ਼ਨ ਨਜੀਕ ਨੇ।
ਨੱਤ ਤੇ ਬਟੂਹੇ ਤੀਜੇ ਧੰਦੀਵਾਲ ਦੱਸ ਦੇਮਾਂ,
ਕਾਂਜਲਾ ਜੋ ਗਾਮ, ਚਾਰੇ ਪਿੰਡ ਮਸ਼ਾਹੂਰ ਨੇ।

ਕਿੱਸਾ ਹੀਰ-ਰਾਂਝਾ : ਰਿਖੀ ਰਾਮ ਨੇ ਇਸ ਕਿੱਸੇ ਦੀ ਕਹਾਣੀ ਅਤੇ ਵਿਸ਼ਾ ਰੂੜ੍ਹ ਰੂਪ ਵਿਚ ਹੀ

ਨਿਭਾਇਆ। ਵਧੇਰੇ ਪ੍ਰਭਾਵ ਵਾਰਿਸ ਸ਼ਾਹ[5] ਦਾ ਪ੍ਰਤੀਤ ਹੁੰਦਾ ਹੈ। ਪਾਤਰਾਂ ਦੀ ਵਾਰਤਾਲਾਪ ਬੜੀ ਨਾਟਕੀ ਤੇ ਰਸੀਲੀ ਹੈ, ਜੋ ਹੋਰਾਂ ਕਿੱਸਾਕਾਰਾਂ ਨਾਲੋਂ ਉਸ ਨੂੰ ਵੱਖਰਾ ਕਰਦੀ ਹੈ, ਜਿਵੇਂ ਹੀਰ ਦਾ ਫੱਤੀ ਨੈਣ ਨਾਲ ਰਾਂਝੇ ਨੂੰ ਮਿਲਣ ਲਈ ਕਹਿਣਾ, ਫੱਤੀ ਨੈਣ ਨੇ ਅੱਗੋਂ ਆਪਣੀ ਮਜਬੂਰੀ ਦੱਸਣੀ, ਵਿਦਾ ਹੋਣ ਸਮੇਂ ਹੀਰ ਦਾ ਸਹੇਲੀਆਂ ਨੂੰ ਆਪਣੀ ਪ੍ਰੇਮ ਕਹਾਣੀ ਦੱਸਣੀ, ਰਾਂਝੇ ਦਾ ਜੋਗੀ ਬਣ ਕੇ ਖੇੜਿਆਂ ਵਿਚ ਜਾਣਾ, ਦੁਧ ਚੋਂਦੀ ਜੱਟੀ ਦੀ ਗਊ ਡਰ ਜਾਣੀ, ਸਹਿਤੀ ਤੇ ਰਾਂਝੇ ਦੀਆਂ ਟਕੋਰਾਂ ਤੇ ਵਿਅੰਗ ਭਰੀ ਬਹਿਸ, ਰਾਂਝੇ ਦਾ ਆਪਣੇ ਆਪ ਨੂੰ ਵੈਦ ਦੱਸਣਾ, ਸਹਿਤੀ ਤੋਂ ਰਾਂਝੇ ਨੇ ਚੀਣੇ ਦੀ ਖ਼ੈਰ ਨਾ ਲੈਣੀ ਆਦਿ ਅਨੇਕਾਂ ਕਬਿੱਤ ਵੰਨਗੀਆਂ ਦਿਲ ਨੂੰ ਮੋਹ ਲੈਂਦੀਆਂ ਹਨ। ਇਸੇ ਤਰ੍ਹਾਂ ਨਾਟਕੀ ਅੰਸ਼, ਸੰਜਮ, ਕਟਾਕਸ਼ ਭਰੀ ਵਾਰਤਾਲਾਪ ਪਾਠਕਾਂ ਨੂੰ ਕੀਲ ਲੈਂਦੀ ਹੈ। ਵੰਨਗੀ ਲਈ ਦੇਖੋ : ਕਲਾਮ ਹੀਰ :

ਹੀਰ ਕਹਿੰਦੀ ਫੱਤੀਏ, ਤੂੰ ਭੈੜੀਏ ਕੁਪੱਤੀਏ,
ਕੀ ਹੋ ਗਿਆ ਨਿਖੱਤੀਏ, ਤੂੰ ਰਾਂਝੇ ਕੋਲੇ ਛਡ ਨੀ।
ਰਾਂਝੇ ਕੋਲ ਛੱਡ, ਨਹੀਂ ਹੁਣੇ ਸਿਰ ਵੱਢ,
ਇਕ ਤੂੰ ਕਬੂਲ ਕਰ, ਦੋਹਾਂ ਵਿਚੋਂ ਗੱਲ ਨੀ।
ਧੂਹਕੇ ਤਲਵਾਰ, ਵਿਚ ਕਾਲਜੇ ਦੇ ਮਾਰ,
ਮਾਸ ਪਾ ਦੇ ਕੁੱਤਿਆਂ ਨੂੰ, ਮਿਟ ਜਾਣ ਸੱਲ ਨੀ।
ਚੰਮ ਮੇਰਾ ਫੱਤੀ, ਫੜਾ ਦੀਂ ਜਾਕੇ ਰਾਂਝਣੇ ਨੂੰ,
ਝਾੜ ਕੇ ਵਿਛਾ ਦੂ, ਰਿਖੀ ਰਾਮ ਹੇਠ ਖੱਲ ਨੀ।

ਜਵਾਬ ਫੱਤੀ ਨੈਣ ਦਾ :

ਫੱਤੀ ਕਹਿੰਦੀ ਅਜ, ਕੋਈ ਬਣਦਾ ਨਹੀਂ ਪਜ,
ਆਮ ਦੀ ਹੈ ਲੱਜ, ਖੜਾ ਆਦਮੀ ਹਜ਼ਾਰ ਨੀ।
ਜੁੜੇ ਲੋਕ ਸਾਰੇ, ਵਿਚ ਚੌਧਰੀ ਵਿਚਾਰ,
ਜੁੜਿਆ ਕਬੀਲਾ, ਅੰਗ ਸਾਕ ਪਰਵਾਰ ਨੀ।
ਗੱਲ ਹੋਈ ਐ ਕਸੂਤੀ, ਔਹ ਤਾਂ ਖੜਾ ਕੈਦੋ ਦੂਤੀ,
ਖੇੜਿਆਂ ਦੀ ਜੰਞ ਵਿਚ, ਅਜੂ ਸਰਦਾਰ ਨੀ।
ਪੈਣ ਰਾਂਝੇ ਦੇ ਘਸੁਨ, ਦੇਣ ਮੇਰੀ ਗੁਤ ਮੁੰਨ,
ਰਿਖੀ ਰਾਮਾਂ ਫੱਤੀ ਕਹਿੰਦੀ, ਹੀਰੇ ਤੂੰ ਵਿਚਾਰ ਨੀ।

ਹੀਰ ਰੱਬ ਅੱਗੇ ਅਰਜ਼ੋਈ ਕਰਦੀ ਹੋਈ ਆਪਣੇ ਦਿਲ ਦੇ ਉਬਾਲਾਂ ਨੂੰ ਸ਼ਾਂਤ ਕਰਨ ਲਈ ਬੁਰਾ-ਭਲਾ ਕਹਿੰਦੀ ਹੋਈ ਸਮਾਜ ਨੂੰ ਕੋਸਦੀ ਹੈ ਤੇ ਰਾਂਝੇ ਨਾਲ ਹਮਦਰਦੀ ਪ੍ਰਗਟ ਕਰਦੀ ਹੈ :

ਚਾਕ ਦਾ ਕੀ ਹੀਲਾ, ਵੈਰੀ ਹੋ ਗਿਆ ਕਬੀਲਾ,
ਡੁੱਬ ਗਿਆ ਵਸੀਲਾ, ਜੀਨੇ ਖੇੜਿਆਂ ਦੇ ਮੰਗੀ ਨੀ।
ਰੱਬ ਕਰੇ ਆਪ, ਚੜ੍ਹੇ ਕੈਦੋਂ ਤਾਂਈ ਤਾਪ,
ਮਰੇ ਮੇਰਾ ਬਾਪ, ਜੀਨੇ ਸੂਲੀ ਉੱਤੇ ਟੰਗੀ ਨੀ।
ਅੱਗ ਲੱਗੇ ਪਿੰਡ ਨੂੰ, ਸਿਆਪਾ ਹੋਵੇ ਕਾਜੀਆਂ ਦੇ,
ਸੈਦਾ ਮਰੇ ਨਾਲੇ, ਇਹੋ ਗੱਲ ਚੰਗੀ ਨੀ।
ਰਾਂਝੇ ਬਿਨਾ ਕੱਲੀ, ਮੈਤਾਂ ਖੇੜਿਆਂ ਨੂੰ ਚੱਲੀ,
ਰਿਖੀ ਰਾਮਾ ਹੀਰ ਕਹਿੰਦੀ, ਕਿੱਥੇ ਯਾਰ ਸੰਗੀ ਨੀ।

ਇਸ ਕਬਿੱਤ ਵਿਚ ਹੀਰ ਆਪਣੀਆਂ ਸਹੇਲੀਆਂ ਨੂੰ ਵਿਦਾ ਹੋਣ ਵੇਲੇ, ਸਮੇਂ ਦੇ ਵਾਰਿਸਾਂ, ਮਾਪਿਆਂ, ਕੈਦੋ ਤੇ ਕਾਜ਼ੀ ਦੇ ਪਿੰਡ ਵਾਲਿਆਂ ਨੂੰ ਸਖ਼ਤ ਸ਼ਬਦਾਂ ਵਿਚ ਕੋਸਦੀ ਹੋਈ ਆਪਣੇ ਇਸ਼ਕ ਦੀ ਦਰਦ ਭਰੀ ਬਿਰਹੋ ਕੁੱਠੀ ਆਵਾਜ਼ ਵਿਚ ਇਸ਼ਕ ਪ੍ਰਤੀ ਸੁਚੇਤ ਹੋਣ ਬਾਰੇ ਉਪਦੇਸ਼ ਦਿੰਦੀ ਹੈ :

ਹੀਰ ਨੇ ਦਿਤੀ ਦੁਹਾਈ, ਇਸ਼ਕ ਨਾ ਕੁਮਾਇਓ ਕਾਈ,
ਵਿਚ ਕਲਯੁਗ ਦੇ, ਮੁਲਾਹਜਾ ਨਹੀਂ ਪੁੱਗੂ ਨੀ।
ਕੀਤਾ ਬਾਬਲੇ ਨੇ ਦੱਗਾ, ਮੰਗ ਦਿੱਤੀ ਦੂਜੀ ਜਗ੍ਹਾ,
ਵਰ ਮੈਨੂੰ ਬਹੁਤੀ, ਸਹੇੜ ਦਿੱਤਾ ਬੁਗ ਨੀ।
ਮਰ ਜਾਏ ਸੈਦਾ ਖੇੜਾ, ਵਿਆਂਦੜ ਬਣਿਆ ਫਿਰੇ ਜਿਹੜਾ,
ਦੂਤੀਆਂ ਦਾ ਬੇੜਾ, ਨਾ ਜਹਾਨ ਵਿਚ ਤੁਗ ਨੀ।
ਕੀ ਕਰੂਗਾ ਮੋਰ, ਕੋਇਲ ਕਉਂ ਦੇ ਨਾਲ ਦਿੱਤੀ ਤੋਰ,
ਕੂੰਜ ਨੂੰ ਪੈ ਗਏ ਚੋਰ, ਰਿਖੀ ਰਾਮ ਘੁਗੂ ਨੀ।

ਜਦੋਂ ਰਾਂਝਾ ਸਾਧ ਬਣ ਕੇ ਖੇੜਿਆਂ ਦੇ ਖੈਰ ਮੰਗਣ ਜਾਂਦਾ ਹੈ ਤੇ ਨਾਦ ਵਜਾਉਂਦਾ ਹੈ, ਅੱਗੋਂ ਭੋਗੇ ਜੱਟ ਦੀ ਗਊ ਡਰ ਜਾਂਦੀ ਹੈ। ਜੱਟੀ ਦਾ ਰਾਂਝੇ ਨਾਲ ਝਗੜਾ ਹੋ ਜਾਂਦਾ ਹੈ :

ਅਲਖ ਵਿਚਾਰੇ, ਫਿਰੇ ਪਿੰਡ ਵਿਚ ਸਾਰੇ,
ਭੋਗੇ ਜੱਟ ਦੇ ਦੁਆਰੇ, ਜੋਗੀ ਉੱਚੀ ਦੇ ਕੇ ਬੋਲਿਆ।
ਚਲਿਆ ਛੱਟ ਛੱਟ, ਸ਼ੇਰ ਵਾਂਗੂ ਕੀਤੀ ਝੱਟ,
ਜਾ ਖੜਕਾਏ ਫੱਟ, ਝੱਟਪੱਟ ਬਾਰ ਖੋਲ੍ਹਿਆ।
ਨਾਦ ਪੂਰਿਆ ਜਾਣਸਾਰ, ਜੱਟ ਕੱਢਦਾ ਸੀ ਧਾਰ,
ਬਿਡਰਗੀ ਢਾਂਡੀ, ਲੱਤ ਮਾਰ ਦੁੱਧ ਡੋਲ੍ਹਿਆ।
ਡੁੱਲ ਗਿਆ ਦੁੱਧ, ਜੱਟੀ ਪਈ ਅੱਗੋਂ ਕੁੱਦ,
ਰਿਖੀ ਰਾਮਾ ਹੈ ਨੀ ਬੁੱਧ, ਤੈਨੂੰ ਜੋਗੀਆਂ ਵੇ ਗੋਲਿਆ।

ਇਸੇ ਤਰ੍ਹਾਂ ਚੀਣੇ ਖੈਰ ਵਾਲੇ ਕਬਿੱਤ ਵੀ ਆਲੇ-ਦੁਆਲੇ ਦੇ ਲੋਕਾਂ ਵਿਚ ਬਹੁਤ ਹਰਮਨ ਪਿਆਰੇ ਹਨ।

ਕਿੱਸਾ ਮਿਰਜ਼ਾ ਸਾਹਿਬਾਂ

ਇਹ ਕਿੱਸਾ ਆਮ ਤੌਰ ਉੱਤੇ ਸੱਦਾਂ ਤੇ ਕਲੀਆਂ ਵਿਚ ਲਿਖਿਆ ਮਿਲਦਾ ਹੈ। ਪਰੰਤੂ ਰਿਖੀ ਰਾਮ ਨੇ ਇਸ ਨੂੰ ਮਾਲਵੇ ਦੇ ਲੋਕ ਪ੍ਰਿਯ ਪ੍ਰਚਲਿਤ ਛੰਦ ਕਬਿੱਤ ਵਿਚ ਪਹਿਲੀ ਵਾਰ ਲਿਖਣ ਦਾ ਮਾਣ ਪ੍ਰਾਪਤ ਕੀਤਾ ਹੈ, ਜਿਵੇਂ ਜੋਗ ਸਿੰਘ° ਨੇ ਸਭ ਤੋਂ ਪਹਿਲਾਂ ਹੀਰ ਕਬਿੱਤਾਂ ਵਿਚ ਲਿਖੀ ਸੀ। ਇਹ ਬੀਰ-ਰਸੀ ਕਿੱਸਾ ਹੈ। ਇਸ ਦਾ ਆਰੰਭ ਨਾਟਕੀ ਢੰਗ ਨਾਲ ਕੀਤਾ ਗਿਆ ਹੈ। ਇਸ ਦੀ ਕਹਾਣੀ ਬੀਰ ਰਸ ਵਾਂਗ ਤੇਜ਼ ਰਫ਼ਤਾਰ ਵਾਲੀ ਹੈ। ਸਾਹਿਬਾਂ ਦੀ ਜੰਞ ਆ ਜਾਂਦੀ ਹੈ, ਉਧਰ ਮਿਰਜ਼ੇ ਨੂੰ ਸੁਨੇਹਾ ਮਿਲ ਜਾਂਦਾ ਹੈ। ਅੱਗੋਂ ਮਿਰਜ਼ੇ ਦੀ ਭੈਣ ਦਾ ਵਿਆਹ ਵੀ ਰਖਿਆ ਹੋਇਆ ਹੈ। ਮਿਰਜ਼ੇ ਨੂੰ ਤੁਰਨ ਸਮੇਂ ਭੈਣ ਵੀ ਰੋਕਦੀ ਹੈ, ਮਾਂ ਵੀ ਰੋਕਦੀ ਹੈ। ਤੁਰਨ ਸਮੇਂ ਬਦਸ਼ਗਨ ਵੀ ਹੋ ਜਾਂਦੇ ਹਨ ਪਰ ਮਿਰਜ਼ਾ ਅਮੋੜ ਹੈ, ਅੜੁੱਕ ਹੈ, ਬਚਨ ਦਾ ਪੂਰਾ ਹੈ, ਬੀਬੋ ਰਾਹੀਂ ਸਾਹਿਬਾਂ ਦਾ ਮਿਲਾਪ ਹੁੰਦਾ ਹੈ। ਮਿਰਜ਼ਾ ਸਾਹਿਬਾਂ ਨੂੰ ਰਾਤੋ ਰਾਤ ਉਧਾਲ ਕੇ ਲਿਆਉਂਦਾ ਹੈ। ਹੰਕਾਰ ਦਾ ਭਰਿਆ ਮਿਰਜ਼ਾ ਮੰਦੇ ਭਾਗੀ ਰਸਤੇ ਵਿਚ ਜੰਡ ਹੇਠਾਂ ਸੌਂ ਜਾਂਦਾ ਹੈ। ਸਾਹਿਬਾਂ ਰੋਕਦੀ ਹੈ ਪਰ ਹੋਣੀ ਮਿਰਜ਼ੇ ਨੂੰ ਚੌਹਾਂ ਪਾਸਿਆਂ ਤੋਂ ਘੇਰ ਲੈਂਦੀ ਹੈ। ਅੰਤ ਵਿਚ ਸਾਹਿਬਾਂ ਉਸ ਨੂੰ ਸੁੱਤੇ ਪਏ ਨੂੰ ਜਗਾਉਂਦੀ ਹੈ ਪਰ ਮਿਰਜ਼ਾ ਤਾਕਤ ਦੇ ਗੁਮਾਨ ਵਿਚ ਸੁਤਾ ਨਹੀਂ ਉਠਦਾ, ਉਧਰੋਂ ਸਾਹਿਬਾਂ ਦੇ ਵੀਰ ਵੀ ਘੋੜੀਆਂ ਉੱਤੇ ਆ ਪਹੁੰਚਦੇ ਹਨ। ਉਨ੍ਹਾਂ ਵਿਚਕਾਰ ਲੜਾਈ ਹੁੰਦੀ ਹੈ। ਅੰਤ ਵਿਚ ਮਿਰਜ਼ਾ ਮਾਰਿਆ ਜਾਂਦਾ ਹੈ ਤੇ ਸਾਹਿਬਾਂ ਵੀ ਆਪਣੇ ਆਪ ਨੂੰ ਛੁਰਾ ਮਾਰ ਕੇ ਉਸੇ ਥਾਂ ਉੱਤੇ ਖ਼ਤਮ ਕਰ ਲੈਂਦੀ ਹੈ। ਕਹਾਣੀ ਤਾਂ ਤਕਰੀਬਨ ਰੂੜ੍ਹੀਗਤ ਹੀ ਹੈ, ਪਰ ਇਸ ਵਿਚ ਕਬਿੱਤਾਂ ਦੀ ਰਵਾਨੀ ਰਸ, ਸ਼ਬਦ ਜੜ੍ਹਤ, ਅਲੰਕ੍ਰਿਤ ਬੋਲੀ ਸ਼ੈਲੀ, ਮਿਠੀ ਤੇ ਕੀਲਣ ਵਾਲੀ ਨਾਟਕੀ ਵਾਰਤਾਲਾਪ ਜੋ ਲੋਕ-ਮਨਾਂ ਨੂੰ ਟੁੰਬ ਲੈਂਦੀ ਹੈ। ਵੰਨਗੀ ਲਈ ਦੇਖੋ :

ਕਹਿੰਦਾ ਵੇ ਤਿੱਤਰ ਸਭਾਨੀ, ਬਾਮੇ ਬੋਲ ਗਿਆ ਜਬਾਨੀ,
ਮੌਤ ਦੀ ਨਿਸ਼ਾਨੀ, ਹੈ ਬੇਗਾਨੀ ਜਿਹੜੀ ਰੰਨ ਵੇ।
ਕਰ ਚਲਿਐ ਤਿਆਰੀ, ਭੈਣ ਛੱਡ ਕੇ ਕੁਮਾਰੀ,

ਕੀਤਾ ਮੁਖਤਿਆਰੀ, ਸਾਡੇ ਘਰ ਦਾ ਤੂੰ ਬੰਨ ਵੇ।.....
ਕਹਿੰਦਾ ਨੀ ਛੱਤੀਏ ਲਗਾਮ ਛੱਡ, ਮੁੜਨਾ ਹਰਾਮ ਸਾਨੂੰ,
ਆਖਦਾ ਸਲਾਮ, ਦੋਨੋਂ ਹੱਥ ਜੋੜ ਨੀ।.....
ਸਾਹਿਬਾਂ ਦੇ ਹਜੂਰ, ਮੈਂ ਜਾਣਾ ਜ਼ਰੂਰ,
ਰਿਖੀ ਰਾਮਾ ਮੌਤ ਮਨਜੂਰ, ਕਹਿੰਦਾ ਛੱਤੀਏ ਨਾ ਮੋੜ ਨੀ।.....

ਮਿਰਜ਼ਾ ਬੀਬੋ ਦੇ ਘਰ ਪਹੁੰਚ ਜਾਂਦਾ ਹੈ। ਬੀਬੋ ਸਾਹਿਬਾਂ ਨੂੰ ਆਪਣੇ ਘਰ ਲੈ ਆਉਂਦੀ ਹੈ। ਦੋਵੇਂ ਰੱਜ ਕੇ ਮਿਲਦੇ ਹਨ। ਮਿਰਜ਼ਾ ਜਾਣ ਲਈ ਕਹਿੰਦਾ ਹੈ, ਦੋਹਾਂ ਦੀ ਆਪਸ ਵਿਚ ਪਿੰਡੋਂ ਭੱਜਣ ਦੀ ਵਾਰਤਾਲਾਪ ਹੁੰਦੀ ਹੈ। ਹੋਰ ਕਿੱਸਿਆਂ ਨਾਲੋਂ ਰਿਖੀ ਰਾਮ ਨੇ ਆਪਣੇ ਕਿੱਸੇ ਮਿਰਜ਼ਾ ਸਾਹਿਬਾਂ ਵਿਚ ਇਥੇ ਤਬਦੀਲੀ ਲਿਆਉਂਦੀ ਹੈ। ਰਿਖੀ ਰਾਮ ਨੇ ਸਾਹਿਬਾਂ ਦੇ ਉਧਾਲਣ ਨੂੰ ਇਕ ਅਪਰਾਧ ਮੰਨਿਆ ਹੈ। ਕਵੀ ਨੇ ਸਦਾਚਾਰ ਤੇ ਸਮਾਜ ਦਾ ਪੱਖ ਪੂਰਿਆ ਹੈ। ਸਾਹਿਬਾਂ ਮਿਰਜ਼ੇ ਨਾਲ ਜਾਣਾ ਨਹੀਂ ਚਾਹੁੰਦੀ, ਮਿਰਜ਼ਾ ਉਸ ਨੂੰ ਧੱਕੇ-ਜ਼ੋਰੀ ਦਾਨਾਬਾਦ ਲੈ ਜਾਂਦਾ ਹੈ। ਰਿਖੀ ਰਾਮ ਇਸ ਨੂੰ ਅਪਰਾਧ ਤੇ ਪਾਪ ਸਮਝਦਾ ਹੈ। ਇਸੇ ਦੋਸ਼ ਕਾਰਨ ਮਿਰਜ਼ੇ ਦੀ ਰਸਤੇ ਵਿਚ ਹੋਸ਼ ਗੁੰਮ ਹੋ ਜਾਂਦੀ ਹੈ। ਉਸ ਨੂੰ ਆਪਣੇ ਕੀਤੇ ਦਾ ਸਰਾਪ ਲੱਗ ਜਾਂਦਾ ਹੈ। ਵੰਨਗੀ ਵੇਖੋ :

(1) ਕਹਿੰਦੀ ਬੀਣੀ ਨੂੰ ਨਾ ਘੁੱਟ, ਜੁੱਟ ਟੁੱਟ ਵੇ ਗੁਜ਼ਾਈਆਂ ਗਈਆਂ,
ਲਾਲ ਲਏ ਲੁੱਟ, ਨਹੀਂ ਖਬਰ ਸਰਾਫ਼ ਨੂੰ।
ਤੇਰੇ ਨਾਲ ਨਿਕਲੀ ਜੇ, ਆਣ ਕਾਣ ਜਾਂਦੀ ਰਹੂ,
ਆਖਣ ਉਧਾਲ ਲੈ ਗਿਆ, ਮੇਹਣਾ ਮਾਈ ਬਾਪ ਨੂੰ।
ਮਾਪਿਆਂ ਨੂੰ ਮਸੋਸ ਬੜਾ, ਭਾਰੀ ਸਲ ਓਸ ਨੂੰ ਵੇ,
ਮਿਰਜ਼ਿਆ ਤੂੰ ਹੋਸ਼ ਕਰ, ਨਾਲੇ ਦੋਸ਼ ਆਪ ਨੂੰ।
ਰਿਖੀ ਰਾਮਾ ਜਾਨ ਜਾਵੇ, ਕਛ ਹੱਥ ਨਹੀਂ ਆਵੇ,
ਪਿਛੋਂ ਪਛਤਾਵੇ, ਜਿਹੜਾ ਕਰੇ ਅਪਰਾਧ ਨੂੰ।

(2) ਮਲੋ ਮਲੀ ਚੁੱਕੀ, ਸਾਹਿਬਾਂ ਆਖਦੀਐ ਹੱਟਦਾ ਨਹੀਂ,
ਬੱਕੀ ਉੱਤੇ ਸਿੱਟ ਕੇ, ਹੱਕੀ ਦਾਨਾਬਾਦ ਨੂੰ।
ਅੱਡੀ ਮਾਰ ਘੂਰੀ, ਕਿੰਨਾਂ ਛੈਲਿਆਂ ਨੂੰ ਖਵਾਈ ਚੂਰੀ,
ਅੱਜ ਪੂਰੀ ਕਰ, ਮੇਰੇ ਮਨ ਦੀ ਮੁਰਾਦ ਨੂੰ।
ਖਿਚ ਲਈ ਬਾਗ, ਜਾਂਦਾ ਕੱਖਾਂ ਤੋਂ ਦੀ ਨਾਗ,
ਬ੍ਰਾਮਣ ਤੇ ਕਾਗ, ਦੇਖ ਦੌੜਦੇ ਸਰਾਧ ਨੂੰ।
ਪਿੰਡੋ ਗਿਆ ਕੋਸ, ਭੁੱਲ ਗਈ ਹੋਸ਼,
ਰਿਖੀ ਰਾਮਾ ਲਗ ਗਿਆ ਦੋਸ਼, ਉਸ ਕੀਤੇ ਅਪਰਾਧ ਨੂੰ।

ਹੋਣੀ ਸਾਹਿਬਾਂ ਨੂੰ ਕਹਿੰਦੀ ਹੈ ਕਿ ਤੂੰ ਆਪਣੇ ਮਿਰਜ਼ੇ ਨੂੰ ਜਗਾ ਲੈ, ਇਸ ਨੂੰ ਮੌਤ ਉਡੀਕ ਰਹੀ ਹੈ। ਜਾਂਦੀ ਵਾਰੀ ਇਸ ਨਾਲ ਦੋ ਗੱਲਾਂ ਕਰ ਲੈ :

ਜਾਗਦਾ ਸੁਹਾਗ, ਸਾਹਿਬਾਂ ਭੋਗ ਲੈ ਜੇ ਵਿਚ ਭਾਗ,
ਹੋਣੀ ਕਹਿੰਦੀ ਜਾਗ ਨੀ, ਜਗਾ ਲੈ ਨਾਲੇ ਜੱਟ ਨੂੰ।
ਕੱਟਕ ਚੜ੍ਹਿਆ ਆਊ, ਜਾਨ ਏਸ ਦੀ ਗਵਾਊ,
ਤੈਨੂੰ ਆਖ ਦੇਆਂ ਸਾਊ, ਮਰ ਜਾਊ ਬਿੰਦ ਝੱਟ ਨੂੰ।
ਇਹਦੀ ਟਿੱਕਰੀ ਉਜਾੜ, ਰੋਹੀ ਵਿਚ ਬੋਲੇ ਹਾੜ੍ਹ,
ਦੇ ਲਿਆ ਨੀ ਪਾੜ੍ਹ, ਹੀਰੇ ਮੋਤੀਆਂ ਦੀ ਹੱਟ ਨੂੰ।
ਕੀਤੀ ਗੱਲ ਮਾੜੀ, ਇਹ ਤਾਂ ਕੱਢ ਲਿਆਇਆ ਲਾੜੀ,
ਚੰਧੜ ਪਿਛਾੜੀ ਨੀ, ਉਡੀਕਦੇ ਨੇ ਖੱਟ ਨੂੰ।

ਕਿੱਸਾ ਦੁੱਲਾ-ਭਟੀ

ਇਹ ਕਿੱਸਾ ਕ੍ਰਿਤੀ ਰਿਖੀ ਰਾਮ ਦੀ 80 ਕਬਿੱਤਾਂ ਵਿਚ ਕਲਮ-ਬੰਦ ਕੀਤੀ ਹੋਈ ਹਰਮਨ ਪਿਆਰੀ ਤੇ ਮਨ-ਭਾਉਂਦੀ ਨਿਰੋਲ ਬੀਰ ਰਸੀ ਰਚਨਾ ਹੈ, ਜਿਸ ਨੂੰ ਇਹ ਬੜੇ ਲਹਿਜੇ ਤੇ ਸੁਰੀਲੀ ਆਵਾਜ਼ ਵਿਚ ਆਪਣੇ ਸਰੋਤਿਆਂ ਨੂੰ ਝੂਮ-ਝੂਮ ਕੇ ਸੁਣਾਇਆ ਕਰਦਾ ਸੀ। ਮੁਗਲ ਬਾਦਸ਼ਾਹ ਅਕਬਰ ਦੇ ਸਮੇਂ ਦੁੱਲਾ-ਭੱਟੀ ਇਕ ਧਾੜਵੀ ਰਾਜਪੂਤ ਸੀ। ਉਸ ਨੇ ਅਕਬਰ ਨੂੰ ਖਰਾਜ ਦੇਣਾ ਬੰਦ ਕਰ ਦਿੱਤਾ, ਸਗੋਂ ਮੁਗਲਈ ਇਲਾਕੇ ਉੱਤੇ ਲੁੱਟਾਂ ਮਾਰਾਂ ਕਰਨ ਲੱਗ ਪਿਆ। ਮੇਧਾ ਖੱਤਰੀ ਅਕਬਰ ਨੂੰ ਆਪਣੀ ਰਿਆਸਤ ਦੀ ਢਾਲ ਲੈ ਕੇ ਜਾ ਰਿਹਾ ਸੀ, ਦੁੱਲੇ ਨੇ ਉਸ ਨੂੰ ਰਸਤੇ ਵਿਚ ਹੀ ਲੁੱਟ ਲਿਆ ਅਤੇ ਮੇਧਾ ਖੱਤਰੀ ਅਕਬਰ ਦੇ ਦਰਬਾਰ ਵਿਚ ਰੋ ਪਿਆ।

ਇਕ ਦਿਨ ਇਸੇ ਤਰ੍ਹਾਂ ਨੂਰ ਜਹਾਂ ਬੇਗਮ ਹੱਜ ਨੂੰ ਜਾ ਰਹੀ ਸੀ, ਦੁੱਲੇ ਧਾੜਵੀ ਨੇ ਉਸਨੂੰ ਵੀ ਰਸਤੇ ਵਿਚ ਘੇਰ ਕੇ ਲੁੱਟ ਲਿਆ ਤੇ ਉਲਟਾ ਉਸ ਦੀ ਗੁੱਤ ਮੁੰਨ ਕੇ ਭੇਜ ਦਿੱਤਾ। ਉਹ ਵੀ ਅਕਬਰ ਦੇ ਦਰਬਾਰ ਵਿਚ ਜਾ ਰੋਈ। ਇਸ ਉੱਤੇ ਅਕਬਰ ਨੂੰ ਬਹੁਤ ਕ੍ਰੋਧ ਆਇਆ ਤੇ ਮਨ ਵਿਚ ਚਿੰਤਾ ਖੜ੍ਹੀ ਹੋ ਗਈ। ਅੰਤ ਵਿਚ ਅਕਬਰ ਨੇ ਭਰੇ ਦਰਬਾਰ ਵਿਚ ਨੰਗੀ ਤੇਗ ਤੇ ਪਾਨ ਦਾ ਬੀੜਾ ਚੁੱਕਣ ਲਈ ਵੰਗਾਰ ਦਿੱਤੀ। ਮਿਰਜ਼ਾ ਨਜ਼ਾਮੁਦੀਨ ਨੇ ਦੁੱਲੇ ਨੂੰ ਜਿਉਂਦੇ ਜੀ ਫੜ ਕੇ ਲਿਆਉਣ ਦਾ ਕਰਾਰ ਦਿੱਤਾ। ਬੀੜਾ ਤੇ ਤਲਵਾਰ ਚੁੱਕ ਲਈ। ਦੁੱਲਾ ਆਪਣੇ ਨਾਨਕੇ ਘਰ ਗਿਆ ਸੀ। ਦੁੱਲੇ ਦੇ ਪਿੰਡ ਨੂੰ ਮੁਗਲਾਂ ਨੇ ਘੇਰਾ ਪਾ ਲਿਆ। ਉਸ ਦੇ ਭਰਾ ਮੇਹਰੂ ਪੋਸਤੀ ਤੇ ਪੁੱਤਰ ਨੂਰ ਖਾਂ ਨੇ ਜੰਗ ਕੀਤਾ, ਪਰ ਅਖ਼ੀਰ ਵਿਚ ਮੁਗਲਾਂ ਨੇ ਦੁੱਲੇ ਦੇ ਪਿੰਡ ਤੇ ਕਬਜ਼ਾ ਕਰ ਲਿਆ। ਉਸ ਦੇ ਸਾਰੇ ਪਰਿਵਾਰ ਨੂੰ ਤੇ ਮਾਂ ਲੱਧੀ ਨੂੰ ਬੰਨ੍ਹ ਕੇ ਮਿਰਜ਼ਾ ਨਿਜ਼ਾਮੁਦੀਨ ਦਿੱਲੀ ਵੱਲ ਰਵਾਨਾ ਹੋ ਗਿਆ। ਦੁੱਲੇ ਰਾਜਪੂਤ ਨੂੰ ਨਾਨਕੇ ਘਰ ਇਸ ਦੀ ਖ਼ਬਰ ਮਿਲੀ ਤਾਂ ਦੁੱਲੇ ਨੇ ਆਪਣੀਆਂ ਧਾੜਵੀ ਫ਼ੌਜਾਂ ਲੈ ਕੇ ਮਿਰਜ਼ਾ ਨਿਜ਼ਾਮੁਦੀਨ ਨੂੰ ਰਸਤੇ ਵਿਚ ਹੀ ਘੇਰ ਕੇ ਭਜਾ ਦਿੱਤਾ। ਆਪਣੀ ਮਾਂ ਤੇ ਪਰਿਵਾਰ ਨੂੰ ਛੁਡਾ ਕੇ ਮੁੜ ਆਪਣੇ ਪਿੰਡ ਲੈ ਆਇਆ। ਅਖ਼ੀਰ ਬਾਦਸ਼ਾਹ ਅਕਬਰ ਨੇ ਉਸ ਨੂੰ ਇਨਾਮ ਤੇ ਸੁਲਾਹ ਦਾ ਲਾਲਚ ਦੇ ਕੇ ਭਾਵ ਧੋਖੇ ਨਾਲ ਫੜ ਲਿਆ ਤੇ ਪਿੰਜਰੇ ਵਿਚ ਬੰਦ ਕਰ ਦਿੱਤਾ।

ਇਸ ਕਿੱਸੇ ਵਿਚ ਯੁੱਧ ਦੇ ਭਿਆਨਕ ਦ੍ਰਿਸ਼, ਹਥਿਆਰਾਂ ਦੀ ਖੜਕਾਰ, ਸੂਰਮਿਆਂ ਦੀਆਂ ਆਹਮੋ ਸਾਹਮਣੀਆਂ ਟੱਕਰਾਂ ਦੀ ਗਰਜ, ਮਾਰੂ ਰਣ ਖੇਤਰ ਦਾ ਚਿੱਤਰ ਨਜ਼ਰ ਆਉਂਦਾ ਹੈ। ਇਸ ਕਿੱਸੇ ਵਿਚ ਰਿਖੀ ਰਾਮ ਨੇ ਇਤਿਹਾਸਿਕ ਤੇ ਮਿਥਿਹਾਸਿਕ ਤੱਥ ਵੀ ਵਰਤੇ ਹਨ ਅਤੇ ਕਾਲੀ ਦੇਵੀ, ਲਾਟਾਂ ਵਾਲੀ, ਹੋਣੀ, ਕਲ ਤੇ ਨਾਰਦ, ਅਰਜਨ, ਭੀਮ ਯੋਧਿਆਂ ਦੇ ਦ੍ਰਿਸ਼ਟਾਂਤ ਵੀ ਪੇਸ਼ ਕੀਤੇ ਗਏ ਹਨ :

(1) ਲੁਟੇ ਮਾਇਆ ਦੇ ਖ਼ਜ਼ਾਨੇ, ਕੁੱਟੇ ਪੁੱਤਰ ਬਿਗਾਨੇ,
ਮਾਰੇ ਤੀਰਾਂ ਦੇ ਨਿਸ਼ਾਨੇ, ਭੱਜ ਚਲਿਆ ਮੇਧਾ ਖੱਤਰੀ।
ਰਹਿੰਦੇ ਧਾੜ ਪਿਆਦੇ ਕੱਲੇ, ਸੋ ਵੀ ਦੇਖ ਭੱਜ ਚਲੇ,
ਕੀਤੇ ਸੂਰਮੇ ਨੇ ਹੱਲੇ, ਜਿਉਂ ਬਘਿਆੜ ਮੂਰ੍ਹੇ ਬਕਰੀ।
ਐਸੀ ਪਾਈ ਭਾਂਜ, ਜੈਸੀ ਚਿੜੀਆਂ ਨੂੰ ਬਾਜ,
ਤੀਰ ਮੂਰ੍ਹੇ ਕਾਗ, ਜਿਉ ਬਰੋਲੇ ਮੂਰੇ ਪੱਤਰੀ।
ਐਸੇ ਕੀਤੇ ਕਾਰੇ, ਮਾਰੇ ਰਿਖੀ ਰਾਮਾ ਸੂਰਮੇ,
ਐਸਾ ਰਾਜਪੂਤ ਅਰੈ, ਬਰਿਆੜ ਦੁੱਲਾ ਛੱਤਰੀ।

(2) ਛੱਡ ਕੇ ਗਲੀਚੇ, ਬੈਠਾ ਬਾਦਸ਼ਾਹ ਨੀਚੇ,
ਬਾਰਾ ਕੋਹ ਦੇ ਬੀਚੇ, ਉੱਤੇ ਹੋ ਗਿਆ ਦੁੱਲਾ ਆਕੀ ਓਏ।
ਕਾਹਦੀ ਬਾਦਸ਼ਾਹੀ, ਮੇਰੇ ਨਾਲੋਂ ਚੰਗੇ ਪਾਹੀ,
ਐਸੀ ਆਣ ਲਾਹੀ, ਛੱਡੀ ਨਾ ਵਿਚ ਬਾਕੀ ਓਏ।
ਮਾਇਆ ਮੇਰੀ ਲੁੱਟੀ, ਲੁੱਟੀ ਬੇਗਮ ਨਿਖੁਟੀ,
ਪਈਐ ਹਾਰੀ ਹੁੱਟੀ, ਅੱਖ ਪੱਟਕੇ ਨਾ ਝਾਕੀ ਓਏ।
ਬੇਗਮ ਆਈ ਰੋ ਕੇ, ਰਿਖੀ ਰਾਮਾ ਗੁੱਸੇ ਹੋ ਕੇ,
ਗਹਿਣੇ ਗੱਟੇ ਖੋਕੇ, ਉਨ੍ਹੇ ਕੀਲੇ ਨਾਲੇ ਰਾਕੀ ਓਏ।

ਦੁੱਲਾ ਭੱਟੀ ਆਪਣੀਆਂ ਧਾੜਵੀਂ ਫ਼ੌਜਾਂ ਲੈ ਕੇ ਮਿਰਜ਼ਾ ਨਜ਼ਾਮੁਦੀਨ ਉੱਤੇ ਹਮਲਾ ਕਰਦਾ ਹੈ। ਮੁਗ਼ਲਾਂ ਵਿਚ ਭਾਜੜ ਪੈ ਜਾਂਦੀ ਹੈ। ਇਸ ਹਾਰ ਦੀ ਖ਼ਬਰ ਸੁਣ ਕੇ ਦਿੱਲੀ ਦਰਬਾਰ ਵਿਚ ਤਰਥੱਲੀ ਮਚ ਜਾਂਦੀ ਹੈ :

ਮਾਰਦੈ ਮਰੋੜੇ, ਦਿੰਦੇ ਹੌੜੇ,
ਐਸੇ ਘੋੜੇ ਭੱਟੀਆਂ ਦੇ, ਟੱਪ ਜਾਂਦੇ ਕੰਧ ਜੀ।
ਲਾਹੇ ਭੱਟੀਆਂ ਨੇ, ਪੱਟੇ ਚੁੰਡੇ ਔਰਤਾਂ ਦੇ,
ਪੁੱਟੇ ਸਿਰ ਮੁਗਲਾਂ ਦੇ ਕੋਟੇ, ਮੱਟ ਕੀਤੇ ਦੰਦ ਜੀ।
ਬੰਨ੍ਹ ਲੈਂਦੇ ਬਾਣੀਆਂ ਨੂੰ, ਮਹਿਲਾਂ ਵਿਚੋਂ ਰਾਣੀਆਂ ਨੂੰ,
ਲੁੱਟ ਕੇ ਪਠਾਣੀਆਂ ਨੂੰ, ਹੋ ਗਏ ਆਨੰਦ ਜੀ।
ਮੁਗ਼ਲ ਪਠਾਣੀ, ਆਖਦੇ ਨੇ ਜਾਣੀ,
ਰਿਖੀ ਰਾਮਾ ਮੱਥੇ ਆਣ ਲੱਗਿਆ ਚੌਥ ਵਾਲਾ ਚੰਦ ਜੀ।

ਕਿੱਸਾ ਸੋਹਣੀ ਮਹੀਂਵਾਲ

ਇਹ ਕਿੱਸਾ ਅਧੂਰੀ ਹਾਲਤ ਵਿਚ ਮਿਲਿਆ ਹੈ। ਇਸ ਦੇ ਹੋਰ ਕਬਿੱਤਾਂ ਦੀ ਤਲਾਸ਼ ਜਾਰੀ ਹੈ। ਸੋਹਣੀ ਨੂੰ ਜਦੋਂ ਕੱਚੇ ਘੜੇ ਦਾ ਪਤਾ ਲੱਗਦਾ ਹੈ ਤਾਂ ਉਸ ਨੂੰ ਇਕ ਪਾਸੇ ਮੌਤ ਤੇ ਦੂਜੇ ਪਾਸੇ ਮਹੀਂਵਾਲ ਨਾਲ਼ ਹਰ ਰੋਜ਼ ਅੰਨ੍ਹੇਰੇ ਵੇਲੇ ਝਨਾ ਦੇ ਪਰਲੇ ਕੰਢੇ ਮਿਲਣ ਦਾ ਇਕਰਾਰ ਦਿਖਾਈ ਦਿੰਦਾ ਹੈ। ਸੋਹਣੀ ਦੁਚਿੱਤੀ ਵਿਚ ਫਸ ਜਾਂਦੀ ਹੈ। ਅੰਤ ਵਿਚ ਮੌਤ ਤੋਂ ਨਾ ਡਰਦੀ ਹੋਈ ਸੋਹਣੀ ਮਹੀਂਵਾਲ ਨੂੰ ਮਿਲਣ ਲਈ ਝਨਾ ਵਿਚ ਕੱਚੇ ਘੜੇ ਉੱਤੇ ਹੀ ਠਿਲ੍ਹ ਪੈਂਦੀ ਹੈ :

ਸੋਹਣੀ ਕਹਿੰਦੀ ਮੇਰੀ ਜੋੜੀ, ਕਿਸ ਨੇ ਵਿਛੋੜੀ,
ਮਰ ਜਾਵੇ ਚੰਦਰੀ, ਘੜਾ ਵਟਾਉਣ ਵਾਲੀ ਨੀ।
ਇਕ ਬੁੱਕਦਾ ਸ਼ੀਹ, ਦੂਜਾ ਪੈਂਦਾ ਐ ਮੀਂਹ,
ਤੀਜੀ ਦਾਮਣੀ ਡਰਾਵੇ, ਚੌਥੀ ਰਾਤ ਕਾਲੀ ਨੀ।
ਨੈਂਹ ਦੇ ਵਿਚ ਠਿੱਲ, ਹੁਣ ਕੇਹੀ ਲਾਈ ਢਿੱਲ,
ਸੱਜਣਾਂ ਨੂੰ ਬਿਲਕੁਲ ਦੇਣੀਐ ਦਿਖਾਲੀ ਨੀ।
ਰਿਖੀ ਰਾਮਾ ਮਰ ਮੁੱਕਣਾ, ਵੇਲੇ ਤੋਂ ਨਹੀਂ ਉਕਣਾ,
ਹੁਣ ਕਿਥੇ ਲੁਕਣਾ, ਮੌਤ ਨੇ ਆਣ ਭਾਲੀ ਨੀ।

ਡੁਬਦੀ ਹੋਈ ਸੋਹਣੀ ਦੀ ਰੂਹ ਮਹੀਂਵਾਲ ਨੂੰ ਮਿਲਣ ਲਈ ਅੰਤ ਸਮੇਂ ਵਿਰਲਾਪ ਕਰਦੀ ਹੈ :

ਘੜਾ ਹੱਥ ਵਿਚ ਸੀਆ, ਸੋਹਣੀ ਕਹਿੰਦੀ ਮਿਲੇ ਪੀਆ,
ਸੱਜਣਾਂ ਦੇ ਜੀਆ, ਵੱਲ ਕਰ ਚਲ ਖੁਰੀ ਵੇ।
ਹਾਏ ਹਾਏ ਹਾਲ ਦੇਖ ਮੇਰਾ, ਪਾਮੇਂ ਸੱਜਣਾਂ ਨੂੰ ਫੇਰਾ,
ਨਾ ਦਿਦਾਰ ਕੀਤਾ ਤੇਰਾ, ਚੰਦਰੀ ਮੈਂ ਤੁਰੀ ਵੇ।
ਜਿੰਦ ਖਾ ਗਈ ਯਾਰਾ ਗੋਤਾ, ਮੇਲਾ ਨਹੀਂ ਤੇਰਾ ਹੋਤਾ,
ਅਗੇ ਪਰੇਸਤਾ ਖਲੋਤਾ, ਹੱਥ ਲਈਂ ਛੁਰੀ ਵੇ।
ਤਰਸ ਨਹੀਂ ਕਾਲ ਨੂੰ, ਮਿਲਣਾ ਤੀ ਮਹੀਂਵਾਲ ਨੂੰ,
ਰਿਖੀ ਰਾਮ ਮਾਰਦੀਐ, ਚੰਦਰੀ ਮੌਤ ਬੁਰੀ ਵੇ।

ਕਲਾ ਪੱਖ

ਛੰਦ : ਕਬਿੱਤ-ਪੰਜਾਬੀ ਕਾਵਿ ਦਾ ਇਕ ਪ੍ਰਸਿੱਧ ਲੋਕਪ੍ਰਿਯ ਵਰਣਿਕ ਛੰਦ ਰੂਪ ਹੈ। ਪਿੰਗਲ ਦੀ ਤਕਨੀਕ[7] ਮੁਤਾਬਿਕ ਇਸ ਦੇ ਚਾਰ ਚਰਣ ਹੁੰਦੇ ਹਨ। ਹਰੇਕ ਚਰਣ ਵਿਚ 31 ਜਾਂ 32 ਵਰਣ ਹੁੰਦੇ ਹਨ ਅੰਤ ਵਿਚ ਗੁਰੂ ਹੁੰਦਾ ਹੈ। ਰਿਖੀ ਰਾਮ ਦੀ ਉਪਲਬੱਧ ਰਚਨਾ[8] ਸਾਰੀ ਦੀ ਸਾਰੀ ਕਬਿੱਤਾਂ ਵਿਚ ਮਿਲਦੀ ਹੈ। ਪਿੰਗਲ ਦੀ ਹੱਦਬੰਦੀ ਨੂੰ ਬਹੁਤ ਹੱਦ ਤਕ ਨਿਭਾਇਆ ਗਿਆ ਹੈ ਜਿਸ ਤੋਂ ਰਿਖੀ ਰਾਮ ਦੀ ਪਿੰਗਲ ਕਲਾ ਦਾ ਬੋਧ ਹੁੰਦਾ

ਹੈ। ਮੇਰੇ ਖ਼ਿਆਲ ਅਨੁਸਾਰ ਕਿਸੇ ਚਰਣ ਵਿਚ ਵਰਣਾਂ ਦਾ ਘਾਟਾ ਵਾਧਾ ਹੋਇਆ ਹੈ, ਤਾਂ ਉਹ ਟੇਪ ਕਰਨ ਸਮੇਂ, ਲੋਕ ਜੀਭਾਂ ਤੋਂ ਉਧਾਰਾ ਲੈਣ ਸਮੇਂ ਹੋਇਆ ਜਾਪਦਾ ਹੈ। ਕਈ ਸ਼ਬਦਾਂ ਵਿਚ 'ਹ' ਵਰਣ ਦੀ ਲਿਖਣ ਸਮੇਂ ਫਾਲਤੂ ਵਰਤੋਂ ਕੀਤੀ ਜਾਪਦੀ ਹੈ ਜਦ ਕਿ ਉਸ ਸਮੇਂ ਇਹ ਨਹੀਂ ਸੀ ਹੁੰਦਾ ਜਿਵੇਂ–ਜਿਹੜਾ-ਜੇੜਾ, ਕਹਿੰਦਾ-ਕੈਂਦਾ, ਤੁਹਾਨੂੰ-ਥੋਨੂੰ, ਸੁਣਾਉਂਦਾ-ਸਣੈਂਦਾ ਆਦਿ ਹੈ। ਇਸ ਤੋਂ ਇਲਾਵਾ ਹੋਰ ਵੀ ਸ਼ਬਦ ਲਿਖਣ ਸਮੇਂ ਘੱਟ ਵੱਧ ਹੋ ਗਏ ਜਾਪਦੇ ਹਨ। ਮਾਲਵੇ ਦੇ ਕਿੱਸਾਕਾਰਾਂ ਦਾ ਕਥਿੱਤ ਮਨ-ਭਾਉਂਦਾ ਵਰਣਿਕ ਛੰਦ ਰੂਪ ਹੈ। ਇਹ ਸਰਲ ਤੇ ਸੌਖਾ ਹੈ ਜੋ ਆਪਣੀ ਮਰਜ਼ੀ ਮੁਤਾਬਿਕ ਘਟਾ ਵਧਾ ਲਿਆ ਜਾਂਦਾ ਹੈ।

ਅਲੰਕਾਰ : ਕਵਿਤਾ ਰਾਣੀ ਨੂੰ ਸ਼ਿੰਗਾਰਨ ਅਤੇ ਸੁੰਦਰਤਾ ਪ੍ਰਦਾਨ ਕਰਨ ਲਈ ਗਹਿਣਿਆਂ ਦਾ ਕੰਮ ਦਿੰਦੇ ਹਨ। ਰਿਖੀ ਰਾਮ ਦੇ ਕਥਿੱਤਾਂ ਵਿਚ ਅਲੰਕਾਰਾਂ ਦੀ ਭਰਮਾਰ ਹੈ। ਅਲੰਕਾਰ ਦੀ ਸੁਚੱਜੀ ਜੜਤ ਹੀ ਰਿਖੀ ਰਾਮ ਦੀ ਕਾਵਿ ਸੂਝ ਦੀ ਸੂਚਕ ਹੈ :

ਉਪਮਾ ਅਲੰਕਾਰ : ਹੌਸਲੇ ਵਿਚ ਤੋਰ, ਜਿਵੇਂ ਫੁੱਲਾਂ ਕੰਠੀ ਭੋਰ,
ਉੜਦਾ ਜਨੌਰ ਜਿਵੇਂ, ਸੰਵਾਰ ਕੇ ਫਰ੍ਹਾਂ ਨੂੰ। (ਮਿਰਜ਼ਾ ਸਾਹਿਬਾਂ ਵਿਚੋਂ)

... ...

ਐਸੀ ਪਾਈ ਭਾਜ, ਜੈਸੇ ਚਿੜੀਆਂ ਨੂੰ ਬਾਜ,
ਤੀਰ ਮੂਰੇ ਕਾਗ ਤੇ ਵਰੋਲੇ ਮੂਹਰੇ ਪੱਤਰੀ। (ਦੁੱਲਾ ਭੱਟੀ)

ਰੂਪਕ ਅਲੰਕਾਰ : ਰਾਜਪੂਤ ਸ਼ੇਰ ਬੱਗੇ, ਕੋਈ ਛੇੜਿਓ ਨਾ ਅੱਗੇ,
ਮੇਹਰੂ ਨੇ ਸਰੂਪ, ਰੂਪ ਧਾਰ ਲਿਆ ਸ਼ੇਰ ਦਾ। (ਦੁੱਲਾ ਭੱਟੀ ਵਿਚੋਂ)

ਅਤਿਕਥਨੀ ਅਲੰਕਾਰ : ਹਵਾਈ ਬਣਉਡੀ, ਅਸਮਾਨ ਚੜ੍ਹੀ ਗੁੱਡੀ,
ਧਰਤ ਅਸਮਾਨ ਦੇ ਤਾਂ, ਫਿਰਦੀਐ ਵਿਚਾਲੇ ਜੀ। (ਮਿਰਜ਼ਾ ਸਾਹਿਬਾਂ)

ਰਸ : ਵਿਆਸ[9] ਅਨੁਸਾਰ ਰਸ ਹੀ ਕਵਿਤਾ ਦੀ ਆਤਮਾ ਹੈ। ਭਰਤ ਮੁਨੀ ਵੀ ਰਸ ਨੂੰ ਕਵਿਤਾ ਦਾ ਇਕ ਬਹੁਤ ਹੀ ਜ਼ਰੂਰੀ ਅੰਗ ਮੰਨਦਾ ਹੈ। ਸੋ ਕਵਿਤਾ ਵਿਚ ਰਸ ਹੀ ਸਭ ਤੋਂ ਵੱਡਾ ਗੁਣ ਹੈ, ਜੋ ਪਾਠਕ ਨੂੰ ਕੀਲਦਾ ਵੀ ਹੈ ਤੇ ਮਸਤ ਵੀ ਕਰਦਾ ਹੈ, ਰਚਨਾ ਨੂੰ ਹਰਦਮ ਤਾਜ਼ਾ ਵੀ ਰਖਦਾ ਹੈ। ਸ਼ਿੰਗਾਰ ਰਸ ਹੀ ਰਸ ਰਾਜ ਮੰਨਿਆ ਜਾਂਦਾ ਹੈ। ਇਹ ਦੋ ਪ੍ਰਕਾਰ ਦਾ ਹੁੰਦਾ ਹੈ–ਸੰਜੋਗ ਰਸ ਤੇ ਵਿਯੋਗ ਰਸ। ਕੁਝ ਨਮੂਨੇ ਵੇਖੋ :

ਸੰਜੋਗ : ਇਕ ਜੋਗਨੇ ਦੇ ਜਟਾਂ, ਜਾਣੀ ਚੰਦ ਉੱਤੇ ਘਟਾ,
ਨੀ ਲਮਕ ਰਹੀਆਂ ਲਟਾਂ, ਸਿਰ ਸੋਲੀਆਂ ਸੰਗਾਰੀਆਂ।
ਅੱਖਾਂ ਰੰਗ ਰਤੀਆਂ, ਪ੍ਰੇਮ ਵਿਚ ਮੱਤੀਆਂ,
ਕੰਨਾਂ ਚੋਂ ਲਾਹਕੇ ਨੱਤੀਆਂ, ਤੇ ਮੁੰਦਰਾਂ ਨੇ ਡਾਰੀਆਂ। (ਹੀਰ-ਰਾਂਝਾ)

ਵਿਯੋਗ : ਵੱਡਾ ਮਾਹੀ ਦਾ ਫ਼ਰਕ, ਵਜੇ ਕਾਲਜੇ ਰੱਫ਼ਕ,
ਦਿੰਹਦੀ ਹੈ ਨਰਕ ਮੈਨੂੰ, ਖੇੜਿਆਂ ਦੀ ਹਵੇਲੀ ਨੀ।
ਰਾਂਝਾ ਮੇਰਾ ਜਾਨੀ, ਮੈਂ ਤਾਂ ਹੋ ਗਈ ਬਿਗਾਨੀ,
ਮੌਤ ਦੀ ਨਿਸ਼ਾਨੀ ਜਿੰਦ ਜਾਂਦੀਐ ਅਕੇਲੀ ਨੀ। (ਹੀਰ ਰਾਂਝਾ)

ਬੀਰ ਰਸ : ਨੂਰਖਾਂ ਨੇ ਤੇਗਾਂ ਵਾਹੀਆਂ, ਲੋਥਾਂ ਘੋੜਿਆਂ ਤੋਂ ਲਾਹੀਆਂ,
ਭਰੀਆਂ ਸੁਰਾਹੀਆਂ, ਤੇ ਪਿਆਲੇ ਪਏ ਰਹਿ ਗਏ।
ਜੁਲਮ ਦੀ ਲੜਾਈ ਲੱਗੀ, ਕੋਈ ਨਹੀਂ ਕਿਸੇ ਦਾ ਸੰਗੀ,
ਹੋ ਗਈ ਅਗੰਮੀ, ਵੱਗੀ ਰੱਤ ਦੀ ਨਹਿਰ ਓਏ। (ਦੁੱਲਾ ਭੱਟੀ ਵਿਚੋਂ)

ਹਾਸ ਰਸ : ਗੰਜੇ ਦੇ ਹੱਥ ਵਿਚ, ਕੰਘਾ ਜੇ ਮਲੂਮ ਹੋਵੇ,
ਸੌ ਮਾਰੇ ਜੁੱਤੀ, ਗੱਲ ਕਿਸ ਨੇ ਬਣਾਈ ਐ। (ਫੁਟਕਲ ਕਥਿੱਤਾਂ ਵਿਚੋਂ)

ਪਾਤਰ-ਉਸਾਰੀ : ਰਿਖੀ ਰਾਮ ਦੀ ਪਾਤਰ-ਉਸਾਰੀ ਪਰੰਪਰਾਵਾਦੀ ਹੀ ਨਜ਼ਰ ਆਉਂਦੀ ਹੈ। ਤਕਰੀਬਨ ਉਸ ਨੇ ਪਾਤਰ ਉਹੀ ਪੁਰਾਣੇ ਕਿੱਸਿਆਂ ਵਾਲੇ ਹੀ ਲਏ ਹਨ। ਜ਼ਿਆਦਾਤਰ ਲੌਕਿਕ ਪਾਤਰ ਹੀ ਹਨ ਅਤੇ

ਕਿਤੇ-ਕਿਤੇ ਅਲੌਕਿਕ ਪਾਤਰਾਂ ਦਾ ਵੀ ਜ਼ਿਕਰ ਆਇਆ ਹੈ ਜੋ ਇਤਿਹਾਸ ਜਾਂ ਮਿਥਿਹਾਸ ਨਾਲ ਸੰਬੰਧ ਰਖਦੇ ਹਨ। ਇਨ੍ਹਾਂ ਦਾ ਚਿਤ੍ਰਣ ਉਸ ਦੀ ਵਿਸ਼ਾਲ ਵਿਦਵੱਤਾ ਦਾ ਸਬੂਤ ਜਾਪਦਾ ਹੈ, ਜਿਵੇਂ-ਨਾਰਦ, ਭੀਮ, ਅਰਜਨ, ਕਾਲੀ ਦੇਵੀ, ਲਾਟਾਂ ਵਾਲੀ, ਮਹਾਦੇਵ, ਰਾਮਚੰਦਰ, ਰਾਵਣ, ਬਾਦਸ਼ਾਹ ਅਕਬਰ, ਮਿਰਜ਼ਾ ਨਿਜ਼ਾਮੁਦੀਨ।

ਬੋਲੀ ਤੇ ਸ਼ਬਦਾਵਲੀ : ਰਿਖੀ ਰਾਮ ਤੋਂ ਪਹਿਲਾਂ ਕਈ ਕਵੀ ਮਲਵਈ ਉਪਭਾਸ਼ਾ ਵਿਚ ਰਚਨਾ ਕਰ ਚੁੱਕੇ ਸਨ। ਮਲਵਈ ਇਲਾਕਾ ਪਛੜਿਆ ਹੋਣ ਕਰਕੇ ਇਥੋਂ ਦੀ ਬੋਲੀ ਨੂੰ ਹੁਣ ਤਕ ਵੀ ਗਵਾਰਾਂ ਦੀ ਬੋਲੀ ਆਖਦੇ ਚਲੇ ਆ ਰਹੇ ਹਨ। ਪਹਿਲੋਂ ਤੋਂ ਹੀ ਇਸ ਇਲਾਕੇ ਵਿਚ ਵਿਦਿਆ ਦਾ ਪਸਾਰ ਵੀ ਬਹੁਤ ਘੱਟ ਰਿਹਾ ਹੈ। ਪੇਂਡੂ ਵਾਤਾਵਰਣ ਕਾਰਨ ਹੀ ਰਿਖੀ ਰਾਮ ਵੀ ਕੋਈ ਬਹੁਤਾ ਪੜ੍ਹ ਲਿਖ ਨਹੀਂ ਸਕਿਆ। ਇਸ ਦੀ ਰਚਨਾ ਵਿਚ ਮਲਵਈ ਸਥਾਨਿਕ ਰੰਗਣ, ਉਪਭਾਸ਼ਾ ਦੇ ਸ਼ਬਦਾਂ ਦੀ ਭਰਮਾਰ ਹੈ। ਜਿਵੇਂ ਥੋਨੂੰ, ਥੋਡੇ, ਜਾਊ, ਕੇਰਾਂ, ਬਿੰਦ, ਥਿਆਈ, ਆਹਦਾ, ਕੁਰ, ਮੂਹਰੇ, ਬਚਾਲੇ, ਕਾਨੂੰ, ਮਾਰਤੇ, ਪੱਟਤੀ, ਸੂਟ, ਕਰਤਾ, ਕਸੂਤਾ, ਪੱਜਓਇ ਆਦਿ ਹੋਰ ਅਨੇਕਾਂ ਸ਼ਬਦ ਮਿਲਦੇ ਹਨ। ਇਸ ਤੋਂ ਇਲਾਵਾ, ਮਾਲਵੇ ਦੀ ਉਪਭਾਸ਼ਾ ਵਿਚ ਕੇਂਦਰੀ ਭਾਸ਼ਾ ਵਿਚਲਾ 'ਵ' ਅੱਖਰ 'ਮ' ਬੋਲਿਆ ਜਾਂਦਾ ਹੈ, ਜੋ ਇਸ ਨੂੰ ਦੂਜੀਆਂ ਪੰਜਾਬੀ ਦੀਆਂ ਉਪ-ਭਾਸ਼ਾਵਾਂ ਨਾਲੋਂ ਅੱਡਰਾ ਕਰਦਾ ਹੈ, ਜਿਵੇਂ ਚੜਾਮਾ, ਪਿਆਮਾ, ਸੱਤਮਾ, ਦੋਮੇ, ਕਮਾਰੀ, ਚੌਦਮੀ, ਭਾਮੇ, ਮਾਂਗੂੰ, ਰੋਮਦਾ, ਲਿਆਮਦਾ, ਥਿਆਮਦਾ, ਲੁਟਾਮਦੀ, ਉਠਾਮਣਾ, ਪਾਮਦੇ, ਗੁਮਾਂਢ ਆਦਿ ਅਨੇਕਾਂ ਸ਼ਬਦ ਸਹਿਜੇ ਹੀ ਮਿਲ ਜਾਂਦੇ ਹਨ।

ਰਿਖੀ ਰਾਮ ਨੇ ਹਿੰਦੀ, ਫ਼ਾਰਸੀ, ਉਰਦੂ ਦੇ ਕਾਫ਼ੀ ਸ਼ਬਦ ਪਰੰਪਰਾ ਅਨੁਸਾਰ ਤਤਸਮ, ਤਦਭਵ ਰੂਪ ਵਿਚ ਵੀ ਵਰਤੇ ਹਨ ਜੋ ਮਾਲਵੇ ਦੀ ਬੋਲੀ ਨੇ ਹਜ਼ਮ ਕਰ ਲਏ ਹਨ। ਅੱਜ ਸਾਨੂੰ ਉਹ ਓਪਰੇ ਨਹੀਂ ਜਾਪਦੇ, ਜਿਵੇਂ ਜੈਸਾ, ਐਸਾ, ਨਜਾਮਤ, ਹੋਤਾ, ਮੂਆ, ਹੂਆ, ਆਸ਼ਕ, ਤਮਾਮ, ਮੁਕਾਮ, ਅਹਿਮ, ਸਤਾਬੀ, ਮੱਕਾ, ਦਾਮ, ਹਕੀਮ, ਅਸਵਾਰ, ਸਾਜੀ, ਤਗਾਦਾ ਆਦਿ। ਪਰ ਰਿਖੀ ਰਾਮ ਦੀ ਭਾਸ਼ਾ ਵਿਚ ਅੰਗਰੇਜ਼ੀ ਆਦਿ ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦ ਨਹੀਂ ਮਿਲਦੇ। ਅਸਲ ਵਿਚ, ਉਸ ਦੀ ਭਾਸ਼ਾ ਜਨ-ਜੀਵਨ ਨਾਲ ਸੰਬੰਧਿਤ ਸਰਲ, ਸਹਿਜ ਅਤੇ ਪੇਂਡੂ ਮੁਹਾਵਰੇ ਵਾਲੀ ਮਲਵਈ ਉਪਭਾਖਾ ਹੈ, ਜਿਸ ਦੇ ਮਾਧਿਅਮ ਨਾਲ ਉਸ ਨੇ ਲੋਕਾਂ ਦੇ ਦਿਲਾਂ ਤਕ ਆਪਣੀ ਗੱਲ ਨੂੰ ਸਿਧੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਣ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ।

ਪੈਰ-ਟਿੱਪਣੀਆਂ ਅਤੇ ਹਵਾਲਾ ਪੁਸਤਕਾਂ

1. ਸ਼ਜਰਾ ਨਸਬ ਮਾਲਕਾਨ ਪਿੰਡ ਕਾਜਲਾ, ਸਾਂਝੀ ਪੱਤੀ ਖਾਤਾ ਨੰਬਰ 461
2. ਮਿੱਤ੍ਰਕ ਫੁੱਲਾਂ ਦਾ ਰੀਕਾਰਡ ਬਹੀ ਅਨੁਸਾਰ, ਪਿੰਡ ਕਾਜਲਾ, ਪ੍ਰੋਹਤ ਪੰਨਾ ਨਿੰਨਾਰਾਮ ਕੁਸ਼ਾ ਘਾਟ, ਹਰੀਦਵਾਰ
3. Kirpal Singh Narang : *A History of British Rule in India,* p. 46
4. Pague L Speech delivered by his honour the Lieutinent Governor of the Punjab at a Darbar held at Jullunder on March, 1902
5. *ਹੀਰ ਵਾਰਿਸ* : ਸੰਪਾਦਕ ਡਾ. ਜੀਤ ਸਿੰਘ ਸੀਤਲ
6. *ਭਗਵਾਨ ਸਿੰਘ ਰਚਨਾਵਲੀ* : ਸੰਪਾਦਕ ਸ.ਸ. ਪਦਮ, ਪੰਨਾ 39
7. *ਪੰਜਾਬੀ ਸਾਹਿਤ ਕੋਸ਼* ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਨਾ 270
8. ਭਾਈ ਕਾਹਨ ਸਿੰਘ ਨਾਭਾ, *ਗੁਰੂ ਛੰਦ ਦਿਵਾਕਰ,* ਪੰਨਾ 134
9. ਡਾ. ਪ੍ਰੇਮ ਪ੍ਰਕਾਸ਼ ਸਿੰਘ, *ਭਾਰਤੀ ਕਾਵਿ ਸ਼ਾਸਤਰ*
10. *ਭਗਵਾਨ ਸਿੰਘ ਰਚਨਾਵਲੀ* : ਸੰਪਾ. ਡਾ. ਗੁਰਦੇਵ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ
11. ਡਾ. ਕੁਲਬੀਰ ਸਿੰਘ ਕਾਂਗ, *ਸੱਯਦ ਵਾਰਿਸ ਸ਼ਾਹ-ਇਤਿਹਾਸਿਕ ਤੇ ਕਾਵਿ-ਮੁਲਾਂਕਣ*
12. *ਵਾਰਿਸ ਸ਼ਾਹ ਦਾ ਕਾਵਿ-ਲੋਕ,* ਸੰਪਾਦਕ ਡਾ. ਦੀਵਾਨ ਸਿੰਘ ਤੇ ਡਾ. ਥਿਕ੍ਰਮ ਸਿੰਘ ਘੁੰਮਣ
13. ਡਾ. ਕਰਨੈਲ ਸਿੰਘ ਥਿੰਦ, *ਲੋਕ-ਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ*
14. *ਕਿੱਸਾ ਕਾਵਿ ਅੰਕ,* ਸਾਹਿਤ ਸਮਾਚਾਰ ਅਤੇ ਪੰਜਾਬੀ ਦੁਨੀਆ
15. ਇੰਦਰਜੀਤ ਸਿੰਘ ਵਾਸੂ, *ਪੀਲੂ ਤੇ ਹਾਫਿਜ,* ਬਰਖੁਰਦਾਰ ਰਚਿਤ ਕਿੱਸਾ ਮਿਰਜ਼ਾ-ਸਾਹਿਬਾਂ ਦਾ ਤੁਲਨਾਤਮਿਕ ਅਧਿਐਨ-ਖੋਜ ਪੱਤ੍ਰ 1970
16. *ਚੋਣਵੇਂ ਕਿੱਸੇ* ਕ੍ਰਿਤ ਕਵੀ ਪੂਰਨ ਰਾਮ, ਸੰਪਾਦਕ ਡਾ. ਪਿਆਰ ਸਿੰਘ ਤੇ ਡਾ. ਧਰਮ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਘਨਾਨੰਦ ਦੀ ਪੰਜਾਬੀ ਕਵਿਤਾ

ਡਾ. ਚੰਦਰ ਸ਼ੇਖਰ

ਭੂਮਿਕਾ

ਹਿੰਦੀ ਸਾਹਿੱਤ ਦੇ ਮੱਧਕਾਲ ਬਾਰੇ ਕਈ ਭੁਲੇਖੇ ਰਹੇ ਹਨ। ਵਿਦਵਾਨਾਂ ਨੇ ਕਈ ਮੁਆਮਲਿਆਂ ਦੀ ਗਹਿਰੀ ਤਫ਼ਤੀਸ਼ ਕੀਤੀ ਹੈ ਤੇ ਕਈ ਗਲਤ ਫ਼ਹਿਮੀਆਂ ਨੂੰ ਨਿਖੇੜਿਆ ਹੈ। ਮਹਾਕਵੀ ਘਨਾਨੰਦ ਬਾਰੇ ਵੀ ਇਸੇ ਤਰ੍ਹਾਂ ਦੇ ਕਈ ਭੁਲੇਖੇ ਚਲੇ ਆ ਰਹੇ ਸਨ। ਘਨਾਨੰਦ ਜਾਂ ਆਨੰਦ ਘਨ ਨਾਮ ਦੇ ਮੱਧਜੁਗ ਵਿਚ ਕਈ ਕਵੀ ਹੋਏ ਹਨ। ਕਿਹੜੀ ਰਚਨਾ ਕਿਸ ਆਨੰਦ ਘਨ ਨਾਮ ਦੀ ਹੈ, ਇਸ ਦਾ ਸੁਰਾਗ ਲਾਣ ਲਈ ਕਾਸ਼ੀ ਦੇ ਮਹਾਨ ਵਿਦਵਾਨ ਆਚਾਰੀਆ ਵਿਸ਼ਵਾਨਾਥ ਪ੍ਰਸਾਦ ਮਿਸ਼ਰ ਨੇ ਅੱਗੇ ਆਈਆਂ ਉਨ੍ਹਾਂ ਸਾਰੀਆਂ ਗਵਾਹੀਆਂ ਦਾ ਮੁਆਇਨਾ ਕੀਤਾ, ਖਰੜਿਆਂ ਨੂੰ ਘੋਖਿਆ, ਹੋਰ ਸੰਬੰਧਿਤ ਸਬੂਤਾਂ ਦੀ ਸ਼ਨਾਖ਼ਤ ਕੀਤੀ ਤੇ ਅੰਤਿਮ ਰੂਪ ਵਿਚ ਆਪਣਾ ਫ਼ੈਸਲਾ ਦਿੱਤਾ। ਆਨੰਦ ਘਨ ਜਾਂ ਘਨਾਨੰਦ ਬਾਰੇ ਇਕ ਫ਼ੈਸਲਾਕੁਨ ਗੱਲ ਸਾਹਮਣੇ ਆਈ। ਉਨ੍ਹਾਂ ਦੀ ਦਰਿਯਾਫ਼ਤ ਮੁਤਾਬਿਕ ਤੈ-ਸ਼ੁਦਾ ਵੇਰਵਾ ਇਸ ਪ੍ਰਕਾਰ ਹੈ :[1]

(1) ਨੰਦ ਗਾਂਵਿ ਵਾਸੀ ਆਨੰਦ ਘਨ —16ਵੀਂ ਸਦੀ-ਉੱਤਰ ਦੀ

(2) ਜੈਨ ਆਨੰਦਘਨ —17ਵੀਂ ਸਦੀ-ਉੱਤਰ ਦੀ

(3) ਵ੍ਰਿੰਦਾਵਨ ਵਾਸੀ ਆਨੰਦਘਨ —18ਵੀਂ ਸਦੀ-ਉੱਤਰ ਦੀ

ਅਸਾਡੀ ਚਰਚਾ ਦਾ ਵਿਸ਼ਾ ਵਿੰਦਾਵਨ ਵਾਸੀ ਆਨੰਦਘਨ ਹਨ। ਇਨ੍ਹਾਂ ਨੂੰ ਘਨਾਨੰਦਨਾਮ ਨਾਲ ਵੀ ਜਾਣਿਆ ਜਾਂਦਾ ਹੈ। ਰੀਤੀਕਾਲੀਨ ਹਿੰਦੀ ਕਵਿਤਾ ਵਿਚ ਨਵੇਂ ਮੁਹਾਂਦਰੇ-ਘੋਦਣ ਦਾ ਸਿਹਰਾ ਇਨ੍ਹਾਂ ਦੇ ਸਿਰ ਹੈ। ਰੀਤੀ ਦੀਆਂ ਰੂੜ੍ਹ ਹੱਦਬੰਦੀਆਂ ਤੇ ਮਨਸੂਈ ਵੱਟਾਂ ਨੂੰ ਤੋੜ ਕੇ ਇਨ੍ਹਾਂ ਹਿੰਦੀ ਕਵਿਤਾ ਦੀ ਨਵੀਂ ਮੁਰੱਬੇਬੰਦੀ ਕੀਤੀ ਤੇ ਉਸ ਦੀਆਂ ਫ਼ਰਦਾਂ ਵਿਚ ਨਵੇਂ ਅੰਦਰਾਜ ਕੀਤੇ। ਦੂਜੇ ਅਰਥਾਂ ਵਿਚ ਉਨ੍ਹਾਂ ਰਿਵਾਇਤੀ ਰੂੜ੍ਹੀਆਂ ਦਾ ਸ਼ਿਵਧਨੁਸ਼ ਭੰਨਿਆ, ਕਵਿਤਾ ਦੇ ਬੰਦ ਬੂਹੇ ਤੋੜੇ, ਨਵੀਆਂ ਬਾਰੀਆਂ ਰੋਸ਼ਨਦਾਨ ਖੋਹਲੇ। ਇਸ ਪੱਧਰ ਉੱਤੇ ਉਹ ਇਕ ਅਜ਼ੀਮ ਬਾਗ਼ੀ ਕਵੀ ਸਨ। ਵਿਦ੍ਰੋਹ ਬਗ਼ਾਵਤ ਉਨ੍ਹਾਂ ਦਾ ਮੂਲ ਸੰਕਲਪ ਸੀ। ਆਪਣੇ ਨਿਜੀ ਜੀਵਨ ਤੋਂ ਲੈ ਕੇ ਕਵਿਤਾ ਦੇ ਹਰ ਖੇਤਰ ਤਕ ਉਨ੍ਹਾਂ ਨੇ ਲੀਹਾਂ ਨੂੰ ਤੋੜਿਆ। ਆਪਣੀ ਪ੍ਰੇਮਿਕਾ ਸੁਜਾਨ ਲਈ ਮੁਹੰਮਦ ਸ਼ਾਹ ਰੰਗੀਲੇ ਦੇ ਦਿੱਲੀ ਦੇ ਦਰਬਾਰ ਵਿਚ ਬਗ਼ਾਵਤ ਕੀਤੀ, ਦਰਬਾਰੀ ਗਾਯਕ ਦੇ ਰੁਤਬੇ ਨੂੰ ਤਿਰਸਕਾਰਿਆ। ਆਪ ਉੱਚ ਕੁਲ ਦੇ ਹਿੰਦੂ ਹੁੰਦੇ ਹੋਏ ਇਕ ਮੁਸਲਮਾਨ ਪ੍ਰੇਮਿਕਾ ਨੂੰ ਪ੍ਰਨਾਵਣ ਲਈ ਧਰਮ ਦੇ ਮਠਾਂ ਤੇ ਮਠਾਧੀਸ਼ਾਂ ਨੂੰ ਵੰਗਾਰਿਆ। ਸੁਜਾਨ ਸਾਥ ਛੱਡ ਗਈ ਤਾਂ ਉਸ ਦੇ ਹੁਸਨ ਨੂੰ ਆਪਣੇ ਅਨੁਭਵ ਸੰਸਾਰ ਤੇ ਰਚਨਾ ਧਰਮ ਦਾ ਧੁਰਾ ਬਣਾਇਆ। ਉਸ ਦੇ ਹਿਜਰ ਦੇ ਦਰਦ ਨਾਲ ਘਨਾਨੰਦ ਦੀ ਪਹਿਲੀ ਕਵਿਤਾ ਸਰਾਬੋਰ ਹੈ। ਇਸੇ ਦਰਦ ਨੂੰ ਉਨ੍ਹਾਂ ਇਕ ਹੋਰ ਉਦਾਂਤ ਤੇ ਰੂਹਾਨੀ ਜ਼ਮੀਨ ਤੇ ਪ੍ਰਸਤੁਤ ਕੀਤਾ। ਇਹ ਜ਼ਮੀਨ ਸੀ, ਭਗਵਾਨ ਸ੍ਰੀ ਕ੍ਰਿਸ਼ਨ ਦੇ ਰਾਸ ਰਸਿਕੇਸ਼ ਰੂਪ ਦੀ। ਇਸ ਨਵੇਂ ਬਦਲ ਤੇ ਉਨ੍ਹਾਂ ਦੇ ਮੂਲ ਵਿਰਹ ਦਾ ਸਵਰ ਹੋਰ ਤੀਖਣ, ਸੁਆਦਲਾ ਤੇ ਕਲਾਤਮਕ ਹੋ ਉਠਦਾ ਹੈ।

ਇਸ ਪ੍ਰਕਾਰ ਘਨਾਨੰਦ ਇਕ ਮਹਾਨ ਵਿਦ੍ਰੋਹੀ, ਹੁਸਨ-ਪ੍ਰਸਤ, ਪ੍ਰੇਮ ਦਿਵਾਨੇ, ਮਨਮੌਜੀ ਕਵੀ ਅਤੇ ਸੰਗੀਤਕਾਰ ਸਨ।[2] ਉਨ੍ਹਾਂ ਦਾ ਅਨੁਭਵ ਸੰਸਾਰ ਪਰੰਪਰਾ-ਵਿਦ੍ਰੋਹੀ ਸੀ। ਜੀਵਨ ਦੀਆਂ ਨਵੀਆਂ ਤਾਜ਼ੀਆਂ ਦਿਸ਼ਾਵਾਂ ਤੋਂ ਉਨ੍ਹਾਂ ਆਪਣਾ ਕੱਥ ਚੁਣਿਆ। ਉਸ ਦੀ ਤਰਜਮਾਨੀ ਲਈ ਨਵੀਂ ਪ੍ਰਯੋਗਸ਼ੀਲ ਸ਼ਿਲਪ ਦ੍ਰਿਸ਼ਟੀ

ਅਪਣਾਈ, ਭਾਸ਼ਾ ਦਾ ਨਵਾਂ ਸੰਸਕਾਰ ਕੀਤਾ । ਨਵੇਂ ਛੰਦ, ਅਲੰਕਾਰ, ਬਿੰਬ ਤੇ ਪ੍ਰਤੀਕ ਖੋਜੇ । ਮਾਧਿਅਮ ਦਾ ਘੋਰ ਸੰਕਟ ਅਨੁਭਵ ਕੀਤਾ । ਸ਼ਿੰਗਾਰ ਰਸ ਦੇ ਬੇਹੇ ਬਨਾਵਟੀ ਰੂਪ ਨੂੰ ਇਕ ਨਵੀਂ ਤਾਜ਼ਗੀ, ਰੌਣਕ ਅਤੇ ਰੂਹਾਨੀਅਤ ਬਖਸ਼ੀ । ਉਸ ਨੂੰ ਨਵੇਂ ਫਲਕ, ਨਵੇਂ ਫਰਸ਼ ਤੇ ਨਵੀਂ ਰੰਗ-ਯੋਜਨਾ ਪ੍ਰਦਾਨ ਕੀਤੀ । ਇਸੇ ਲਈ ਘਨਾਨੰਦ ਰੀਤੀਕਾਲ ਦੀ ਭੀੜ ਵਿਚ ਆਪਣੀ ਅਦੁਤੀ ਲਾਸਾਨੀ ਸ਼ਖ਼ਸੀਅਤ ਦੀ ਛੌਰਨ ਸ਼ਨਾਖ਼ਤ ਦੇ ਜਾਂਦੇ ਹਨ । ਉਹ ਭੀੜ ਤੇ ਲੀਕ ਤੋਂ ਅੱਡ ਖੜੇ ਹਨ ।

ਘਨਾਨੰਦ ਹਿੰਦੀ ਦੇ ਸ਼ੁੱਧ ਤੇ ਰੋਮਾਂਚਿਕ ਕਾਵਿ ਅੰਦੋਲਨ ਦੇ ਮੋਢੀ ਮੰਨੇ ਜਾਂਦੇ ਹਨ । ਉਨ੍ਹਾਂ ਦੀਆਂ ਅੰਦਾਜ਼ਨ ਚਾਲ੍ਹੀ ਰਚਨਾਵਾਂ ਨਿਰਵਿਵਾਦ ਮੰਨੀਆਂ ਜਾ ਚੁੱਕੀਆਂ ਹਨ ।[3] ਔਸਤ ਤੇ ਮਾਤ੍ਰਾ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਦੀ ਪੰਜਾਬੀ ਕਵਿਤਾ ਬਹੁਤ ਘੱਟ ਹੈ । ਪਰ ਇੰਨੀ ਕਵਿਤਾ ਵੀ ਕਿਵੇਂ ਲਿਖੀ ਗਈ? ਇਸ ਬਾਰੇ ਅੱਗੇ ਪੂਰੀ ਜਾਂਚ ਪੜਤਾਲ ਕੀਤੀ ਗਈ ਹੈ ।

ਘਨਾਨੰਦ ਦਿੱਲੀ ਦਰਬਾਰ ਤੋਂ ਵ੍ਰਿੰਦਾਵਨ ਚਲੇ ਆਏ, ਤੇ ਭਗਵਾਨ ਸ੍ਰੀ ਕ੍ਰਿਸ਼ਨ ਨੂੰ ਆਪਣਾ ਸਿਰਜਨ ਧਰਮ ਸਮਰਪਿਤ ਕਰ ਦਿੱਤਾ । ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਉਹ ਨਿੰਬਾਰਕ ਮਤ ਵਿਚ ਦੀਕਸ਼ਿਤ ਹੋ ਗਏ ਸਨ । ਸੰ. 1817 ਬਿ. ਨੂੰ ਕਲੰਦਰਸ਼ਾਹ ਦੇ ਮਥੁਰਾ ਹਮਲੇ ਦੇ ਦੌਰਾਨ ਸ਼ਹੀਦ ਹੋਏ ।[4] ਘਨਾਨੰਦ ਨੇ ਪੰਜਾਬੀ ਕਵਿਤਾ ਰਚਣ ਦੀ ਸਮਰਥਾ ਤੇ ਪ੍ਰੇਰਣਾ ਕਿਸ ਮੌਕੇ ਤੋਂ ਪ੍ਰਾਪਤ ਕੀਤੀ? ਬੇਸ਼ਕ ਉਨ੍ਹਾਂ ਦੀ ਉਪਲਬਧ ਪੰਜਾਬੀ ਕਵਿਤਾ ਬਹੁਤ ਥੋੜ੍ਹੀ ਹੈ, ਪਰ ਉਸ ਵਿਚ ਜੋ ਭਾਸ਼ਾ ਅਧਿਕਾਰ, ਸ਼ਬਦਾਂ ਦੀ ਚੋਣ, ਕਾਰਕਾਂ, ਸਰਬਨਾਵਾਂ ਕ੍ਰਿਆ-ਪਦਾਂ ਦਾ ਰੂਪ ਮਿਲਦਾ ਹੈ, ਉਹ ਧਾਰਣਾ ਦੀ ਤਸਦੀਕ ਕਰਦਾ ਹੈ ਕਿ ਇੰਨੀ ਘੱਟ ਪੰਜਾਬੀ ਰਚਨਾ ਨਾਲ ਇੰਨਾ ਠੋਸ-ਨਿਰੋਲ ਭਾਸ਼ਾ-ਪ੍ਰਯੋਗ ਨਹੀਂ ਹੋ ਸਕਦਾ । ਜ਼ਰੂਰ ਅਧਿਕ ਮਾਤ੍ਰਾ ਵਿਚ ਪੰਜਾਬੀ ਕਵਿਤਾ ਰਚੀ ਗਈ ਹੋਵੇਗੀ, ਪਰ ਉਹ ਵਿਨਾਸ਼ ਦੀ ਕਿਸ ਖਾਈ ਵਿਚ ਲੁਪਤ ਹੈ? ਕੌਣ ਜਾਣੇ ।

ਘਨਾਨੰਦ ਦੀ ਪੰਜਾਬੀ ਕਵਿਤਾ ਬਾਰੇ ਰੀਤੀਕਾਲ ਦੇ ਪ੍ਰਮੁਖ ਵਿਦਵਾਨਾਂ ਨਾਲ ਮੇਰਾ ਚਿੱਠੀ-ਪੱਤਰ ਹੋਇਆ ਹੈ ।[5] ਮੈਂ ਕਈ ਮੁੱਦੇ ਉਠਾਏ ਸਨ । ਕਈ ਵਿਦਵਾਨਾਂ ਦਾ ਜ਼ਿਕਰ ਕੀਤਾ ਸੀ । ਉਹ ਹੇਠਾਂ ਦਰਜ ਹਨ :

ਕੀ ਘਨਾਨੰਦ ਪੰਜਾਬੀ ਜੰਮ ਪਲ ਸੀ ?
ਕੀ ਉਸ ਦੀ ਪ੍ਰੇਮਿਕਾ ਪੰਜਾਬਣ ਸੀ ?

ਇਨ੍ਹਾਂ ਸਵਾਲਾਂ ਦੇ ਕੋਈ ਦਸਤਾਵੇਜ਼ੀ ਆਧਾਰ ਨਹੀਂ ਮਿਲਦੇ । ਬਾਹਰਲੀਆਂ ਗਵਾਹੀਆਂ ਨਾਲ ਇਹ ਮੁੱਦੇ ਸਾਬਤ ਨਹੀਂ ਹੋ ਸਕਦੇ । ਹੁਣ ਕੇਵਲ ਅੰਦਰਲੀਆਂ ਗਵਾਹੀਆਂ ਦੇ ਬਿਆਨ ਕਲਮਬੰਦ ਕੀਤੇ ਜਾ ਸਕਦੇ ਹਨ ਤੇ ਉਨ੍ਹਾਂ ਤੇ ਬਾਕਾਇਦਾ ਜਿਰਹ ਤੇ ਆਖਰੀ ਬਹਿਸ ਹੋ ਸਕਦੀ ਹੈ । ਇਹ ਠੀਕ ਹੈ ਕਿ ਇਨ੍ਹਾਂ ਗਵਾਹੀਆਂ ਦੇ ਅੰਤ ਵਿਚ ਬੇਸ਼ਕ ਬਕਲਮ-ਖ਼ੁਦ ਦੀ ਸਹੀ ਨਾ ਮਿਲੇ, ਪਰ ਇਕ ਵਾਰ ਇਸ ਮਿਸਲ ਦਾ ਮੁਆਇਨਾ ਜ਼ਰੂਰੀ ਹੈ ।

ਇਸ ਤੋਂ ਪਹਿਲਾਂ ਮੁੱਢਲੀ ਸੁਣਵਾਈ ਦੀ ਕੱਚੀ ਪੇਸ਼ੀ ਲਾਜ਼ਮੀ ਹੈ । ਕੀ ਸਾਡਾ ਦਾਵਾ ਦਾਖ਼ਲ ਹੋਣ ਦੇ ਕਾਬਿਲ ਹੈ? ਵਿਦਵਾਨਾਂ ਨੇ ਘਨਾਨੰਦ ਦੀ ਪੰਜਾਬੀ ਕਵਿਤਾ ਨੂੰ ਸੰਪਰਕ-ਜਨ੍ਯ ਭਾਸ਼ਾ ਕੌਤਕ ਆਖਿਆ ਹੈ ।

ਦਿੱਲੀ ਦਰਬਾਰ ਤੇ ਨਗਰ ਤੋਂ ਪੰਜਾਬੀ ਭਾਸ਼ਾ ਦਾ ਪ੍ਰਭਾਵ ਤੇ ਪ੍ਰੇਰਣਾ ਮੰਨੀ ਹੈ ਇਨ੍ਹਾਂ ਨੁਕਤਿਆਂ ਤੇ ਵਿਚਾਰ ਕਰਨਾ ਜ਼ਰੂਰੀ ਹੈ ।

ਇਹ ਠੀਕ ਹੈ ਕਿ ਰੀਤੀਕਾਲ ਤਕ ਭਾਸ਼ਾਈ ਆਦਾਨ-ਪ੍ਰਦਾਨ ਕਾਫ਼ੀ ਪ੍ਰਚਲਿਤ ਹੋ ਚੁੱਕੇ ਸਨ ।ਇਸ ਦਿਸ਼ਾ ਵਿਚ ਪੰਜਾਬ ਨੇ ਅਦੁਤੀ ਮਿਸਾਲ ਪੇਸ਼ ਕੀਤੀ ਸੀ । ਬ੍ਰਜ ਪ੍ਰਦੇਸ਼ ਭਗਤੀ ਅੰਦੋਲਨ ਤੇ ਸਾਂਸਕ੍ਰਿਤਿਕ ਜਾਗਰਣ ਦਾ ਇਹ ਇਕ ਅਹਿਮ ਮਰਕਜ਼ ਸੀ, ਜੋ ਵਿਦੇਸ਼ੀ ਜਾਬਰ ਹੁਕਮਰਾਨਾਂ ਦੀ ਰਾਜਧਾਨੀ ਦੀ ਹਿੱਕ ਤੇ ਆਪਣੀ ਅਜਿਤ ਮੁਦ੍ਰਾ ਵਿਚ ਪ੍ਰਸਾਰ ਪਾ ਰਿਹਾ ਸੀ । ਉਸ ਦੀ ਸੰਪਰਕ ਭਾਸ਼ਾ ਬ੍ਰਜ ਸੀ । ਪੰਜਾਬ ਨੇ ਇਕ ਨਵਾਂ

ਭਾਸ਼ਾਈ ਪ੍ਰਯੋਗ ਕੀਤਾ। ਇਸ ਕੇਂਦਰ ਨਾਲ ਜੁੜਨ ਲਈ ਇਕ ਮਹਾਨ ਪੁਲ ਤਾਮੀਰ ਕੀਤਾ। ਬ੍ਰਜ ਭਾਸ਼ਾ ਨੂੰ ਅਪਣਾਇਆ, ਉਸ ਦੀ ਮੌਲਿਕ ਨੁਹਾਰ ਨੂੰ ਬਣਾਈ ਰਖਿਆ, ਪਰ ਉਸ ਨੂੰ ਚੋਲਾ ਗੁਰਮੁਖੀ ਲਿਪੀ ਦਾ ਪਹਿਨਾਇਆ। ਮੁਮਕਿਨ ਹੈ ਕਿ ਘਨਾਨੰਦ ਨੇ ਇਸੇ ਪ੍ਰਭਾਵ ਵਸ ਪੰਜਾਬੀ ਕਵਿਤਾ ਦੀ ਰਚਨਾ ਕੀਤੀ ਹੋਵੇ। ਸੰਤਾਂ ਦੀਆਂ ਟੋਲੀਆਂ ਬ੍ਰਜ ਪ੍ਰਦੇਸ਼ ਦੇ ਆਸ-ਪਾਸ ਆਂਦੀਆਂ-ਜਾਂਦੀਆਂ ਸਨ। ਕਿਸੇ ਮੰਡਲੀ ਤੋਂ ਘਨਾਨੰਦ ਨੇ ਪੰਜਾਬੀ ਭਾਸ਼ਾ ਜਾਣੀ ਹੋਵੇ, ਤੇ ਉਸ ਵਿਚ ਕਾਵਿ ਰਚਨਾ ਕੀਤੀ ਹੋਵੇ।

ਪਰ ਇਹ ਦਲੀਲ ਵਜ਼ਨਦਾਰ ਨਹੀਂ ਜਾਪਦੀ। ਪੰਜਾਬੀ ਭਾਸ਼ਾ ਪ੍ਰਯੋਗ ਦਾ ਜੋ ਰੂਪ ਘਨਾਨੰਦ ਦੀ ਕਵਿਤਾ ਵਿਚ ਪ੍ਰਾਪਤ ਹੈ, ਉਹ ਇਸ ਧਾਰਣਾ ਦਾ ਜ਼ੋਰਦਾਰ ਖੰਡਨ ਕਰਦਾ ਹੈ। ਦੂਜੇ, ਇਹ ਧਾਰਣਾ ਸਮੱਸਿਆਵਾਂ ਦਾ ਸਰਲੀਕਰਣ ਕਰਦੀ ਹੈ। ਇਹ ਸਮਾਧਾਨ ਨਹੀਂ ਹਥਿਆਰ ਸੁਟਣਾ ਹੈ। ਸੋ ਘਨਾਨੰਦ ਦੀ ਪੰਜਾਬੀ ਕਵਿਤਾ ਨੂੰ ਮਹਿਜ਼ ਸੰਪਰਕ-ਜਨਯ ਭਾਸ਼ਾ ਕੌਤਕ ਆਖਣਾ ਇਕ ਹਾਸੋਹੀਣੀ ਗੱਲ ਹੋਵੇਗੀ।

ਦੂਜੀ ਧਾਰਣਾ ਤਫ਼ਤੀਸ਼ ਦੇ ਬੂਹੇ ਖੋਲਦੀ ਹੈ। ਇਸ ਜ਼ਮੀਨ ਉੱਤੇ ਖੁਦਾਈ ਕੀਤੀ ਜਾ ਸਕਦੀ ਹੈ, ਕੁਦਾਲ-ਕਸੀ ਚਲਾਈ ਜਾ ਸਕਦੀ ਹੈ।

ਇਸੇ ਲਈ ਇਹ ਅਪੀਲ ਪਹਿਲੀ ਕੱਚੀ ਪੇਸ਼ੀ ਲਈ ਦਾਖ਼ਲ ਹੋਣ ਦੇ ਕਾਬਿਲ ਹੈ।

ਅਸੀਂ ਦੂਜੀ ਧਾਰਣਾ ਦੇ ਪ੍ਰਸੰਗ ਵਿਚ ਆਪਣੀਆਂ ਦੋਹਾਂ ਧਾਰਣਾਵਾਂ ਦੀ ਘੋਖ ਕਰਨੀ ਚਾਹਾਂਗੇ :

ਕੀ ਘਨਾਨੰਦ ਪੰਜਾਬ ਦਾ ਜੰਮਪਲ ਸੀ ?

ਦਲੀਲ ਦਿੱਤੀ ਜਾ ਸਕਦੀ ਹੈ ਕਿ ਜੇਕਰ ਉਹ ਪੰਜਾਬ ਦਾ ਜੰਮਪਲ ਸੀ ਤਾਂ ਉਸ ਨੇ ਕੇਵਲ ਆਪਣੀ ਮਾਤ ਭਾਸ਼ਾ ਵਿਚ ਹੀ ਕਿਉਂ ਨਹੀਂ ਲਿਖਿਆ? ਸਾਡੀ ਬੇਨਤੀ ਹੈ ਕਿ ਪੰਜਾਬ ਵਿਚ ਹੀ ਬੇਸ਼ੁਮਾਰ ਪੰਜਾਬੀਆਂ ਨੇ ਬੜੀ ਖੂਬੀ, ਕਮਾਲ ਤੇ ਮਹਾਰਤ ਨਾਲ ਬ੍ਰਜ ਭਾਸ਼ਾ ਵਿਚ ਰਚਨਾ ਕੀਤੀ। ਉਨ੍ਹਾਂ ਨੂੰ ਉਸ ਉੱਤੇ ਪੂਰਨ ਅਧਿਕਾਰ ਪ੍ਰਾਪਤ ਸੀ। ਫਿਰ ਘਨਾਨੰਦ ਇਕ ਮੁਸਲਿਮ ਰਾਜ ਦਰਬਾਰ ਵਿਚ ਸੀ। ਉਥੋਂ ਉਹ ਬ੍ਰਜ ਪ੍ਰਦੇਸ਼ ਚਲਾ ਜਾਂਦਾ ਹੈ। ਜੇ ਅਸੀਂ ਇਹ ਮੰਨ ਕੇ ਚਲੀਏ ਕਿ ਉਹ ਪੰਜਾਬੀ ਸੀ ਤਾਂ ਇਹ ਗੱਲ ਵੀ ਮੰਨੀ ਜਾ ਸਕਦੀ ਹੈ ਕਿ ਬ੍ਰਜ ਪ੍ਰਦੇਸ਼ ਦੇ ਨਿਵਾਸ ਦੇ ਦੌਰਾਨ ਘਨਾਨੰਦ ਨੇ ਆਪਣੇ ਪੰਜਾਬੀ-ਭਾਸ਼ਾ ਗਿਆਨ ਦੀ ਬੜੀ ਕਲਾਤਮਕ ਵਰਤੋਂ ਕੀਤੀ। ਇਸ ਦਲੀਲ ਦੀ ਪੁਸ਼ਟੀ ਘਨਾਨੰਦ ਦੀ ਕਵਿਤਾ ਖ਼ੁਦ ਕਰਦੀ ਹੈ।

ਕੀ ਉਸ ਦੀ ਪ੍ਰੇਮਿਕਾ ਸੁਜਾਨ ਪੰਜਾਬਣ ਸੀ ?

ਇਹ ਸੰਭਾਵਨਾ ਵੀ ਬੜੀ ਜ਼ੋਰਦਾਰ ਹੈ। ਸੁਜਾਨ ਇਕ ਮੁਸਲਮਾਨ ਨਾਚੀ ਸੀ। ਉਹ ਬੜੀ ਹੀ ਕਲਾਵੰਤ ਤੇ ਪਰਿਸ਼ਕ੍ਰਿਤ-ਰੁਚੀਆਂ ਰੁਝੇਵਿਆਂ ਵਾਲੀ ਇਸਤਰੀ ਸੀ। ਘਨਾਨੰਦ ਉਸ ਉੱਤੇ ਜੀ ਜਾਨ ਤੋਂ ਕੁਰਬਾਨ ਸੀ। ਉਸ ਦੇ ਹਰ ਨਾਜ਼ ਨਖਰੇ ਨੂੰ ਉਹ ਸਿਰ-ਮੱਥੇ ਮੰਨਦਾ ਸੀ। ਉਸ ਨੂੰ ਪਾਉਣ ਲਈ ਘਨਾਨੰਦ ਨੇ ਆਪਣਾ ਦੀਨ-ਧਰਮ-ਈਮਾਨ ਸਭ ਕੁਝ ਕੁਰਬਾਨ ਕੀਤਾ ਸੀ। ਉਸ ਦੀ ਇਕ ਤੱਕਣੀ ਲਈ ਉਹ ਸੌ-ਸੌ ਆਪੇ ਵਾਰਦਾ ਸੀ। ਇਹ ਲਾਜ਼ਮੀ ਹੈ ਕਿ ਘਨਾਨੰਦ ਦੀ ਕਵਿਤਾ ਵਿਚ ਅਰਬੀ-ਫ਼ਾਰਸੀ ਦਾ ਪ੍ਰਭਾਵ ਦਿੱਲੀ ਦਰਬਾਰ ਅਤੇ ਸੁਜਾਨ ਦੇ ਸੰਪਰਕ ਕਾਰਨ ਆਇਆ ਸੀ। ਇਹ ਵੀ ਸੰਭਵ ਹੋ ਸਕਦਾ ਹੈ ਕਿ ਆਪਣੀ ਪ੍ਰੇਮਿਕਾ ਨਾਲ ਇਕਾਂਤ ਵਿਚ ਇਕ ਸਹਿਜ-ਸੁਭਾਵਿਕ ਸੰਵਾਦ ਜੋੜਨ ਲਈ ਘਨਾਨੰਦ ਨੇ ਪੰਜਾਬੀ ਉੱਤੇ ਮੁਹਾਰਤ ਹਾਸਲ ਕੀਤੀ ਹੋਵੇ। ਪ੍ਰੇਮੀਆਂ ਦੀ ਇਹ ਮਾਨਸਿਕਤਾ ਸਦਾ ਹੀ ਰਹਿੰਦੀ ਹੈ ਕਿ ਆਪਣੀ ਮਹਿਬੂਬਾ ਦਾ ਮਨ-ਭਾਇਆ ਪਹਿਨੀਏ, ਬੋਲੀਏ ਤੇ ਖਾਈਏ–"ਸਭ ਕੁਛ ਲੇਂਗੇ ਤੁਮਹੇਂ ਪਾਨੇ ਕੇ ਲੀਏ, ਖੁਦਾ-ਖੁਦਾ ਕਰਕੇ ਯਿਹ ਦਿਨ ਆਇਆ ਹੈ।"

ਇਹ ਵੀ ਸੰਭਵ ਹੈ ਕਿ ਘਨਾਨੰਦ ਤੇ ਸੁਜਾਨ ਦੋਵੇਂ ਹੀ ਪੰਜਾਬੀ ਰਹੇ ਹੋਣ। ਇਸੇ ਲਈ ਦਿੱਲੀ ਦਰਬਾਰ ਵਿਚ ਇਕ ਦੂਜੇ ਦੇ ਨੇੜੇ ਆ ਗਏ ਤੇ ਇਕ-ਜਾਨ ਹੋ ਗਏ।

ਇਹ ਸੰਭਾਵਨਾਵਾਂ ਹੋਰ ਧਾਰਣਾਵਾਂ ਨਾਲੋਂ ਬਲਵਾਨ ਹਨ ਤੇ ਘਨਾਨੰਦ ਦੀ ਪੰਜਾਬੀ ਕਵਿਤਾ ਚੇਤਨਾ

ਇਨ੍ਹਾਂ ਦੀ ਹਿਮਾਇਤ ਕਰਦੀ ਹੈ। ਕੋਈ ਹੋਰ ਇੰਨੀ ਢੁੱਕਵੀਂ ਸੰਭਾਵਨਾ ਆਉਣ ਤਕ ਇਹ ਮੰਨਣ ਵਿਚ ਕੋਈ ਗੁਰੇਜ਼ ਨਹੀਂ ਕਿ ਘਨਾਨੰਦ ਤੇ ਉਸ ਦੀ ਪ੍ਰੇਮਿਕਾ ਦਾ ਪੰਜਾਬ ਨਾਲ ਕੋਈ ਨਿਕਟ ਦਾ ਰਿਸ਼ਤਾ ਸੀ। ਘਨਾਨੰਦ ਦਾ ਭਾਸ਼ਾ-ਪ੍ਰਯੋਗ ਕੇਵਲ ਕੰਤਕ ਰਚਨਾ ਨਹੀਂ, ਇਹ ਧਾਰਣਾ ਤਾਂ ਪਹਿਲੀ ਪੇਸ਼ੀ ਉੱਤੇ ਹੀ ਖਾਰਿਜ ਤੇ ਦਾਖ਼ਲ ਦਫ਼ਤਰ ਹੋਈ ਮੰਨ ਲੈਣੀ ਚਾਹੀਦੀ ਹੈ।

ਇਨ੍ਹਾਂ ਧਾਰਨਾਵਾਂ ਤੋਂ ਅਲੱਗ ਹੋ ਕੇ ਇਹ ਆਖਿਆ ਜਾ ਸਕਦਾ ਹੈ ਕਿ ਘਨਾਨੰਦ ਦੀ ਉਪਲਬਧ ਪੰਜਾਬੀ ਕਵਿਤਾ ਸਮੁੱਚੇ ਪੰਜਾਬੀ ਸਾਹਿੱਤ ਵਿਚ ਆਪਣੀ ਥਾਂ ਬਣਾਏਗੀ। ਉਸ ਦਾ ਰੂਪ-ਵਿਸ਼ਲੇਸ਼ਣ ਅਤੇ ਲਿਪੀਅੰਤਰਿਤ ਪਾਠ ਪ੍ਰਸਤੁਤ ਹੈ।

ਤਤਸਮ ਅਰਧ-ਤਤਸਮ ਸੰਸਕ੍ਰਿਤ ਸ਼ਬਦਾਂ ਦਾ ਵੇਰਵਾ

ਉਰ, ਅਲਕੈ, ਆਨੰਦ, ਸਜਨ, ਸਨੇਹੀ, ਸਲੋਨਾ, ਸ੍ਰਯਾਮ-ਸ਼ਰਣ, ਸੁਧਿ-ਬੁਧਿ, ਸੁਖ, ਸੁਰੰਗ, ਹਲਧਰ, ਹਥਹਿਯ, ਹੀਨ, ਕੰਦ, ਕਟਾਖਸ਼, ਕਰਮ, ਕਲੰਕ, ਕਾਰਨ, ਕੁੰਜ, ਕ੍ਰਿਪਾ, ਖੰਜਨ, ਗੋਬਿੰਦ, ਘਨ, ਚੰਗ, ਚੰਦ, ਚੋਰ, ਛੀਨ, ਜਲ, ਜੀਵਨ, ਤਿਲਕ, ਦ੍ਰਵੈ, ਦਰਸ਼ਨ, ਨੰਦਨੰਦਨ, ਨਯਨ ਨਿੱਤ, ਨਿਸਦਿਨ, ਨਿਪਟ, ਪ੍ਰਾਨ, ਪ੍ਰਾਨੀਪਾਲ, ਪ੍ਰੀਤਮ, ਬਾਣ, ਬਿਰਹ, ਬੈਨ, ਭਿਖਾਰੀ, ਮਗ, ਮਨ, ਮਤਵਾਰੇ, ਮੁਖ, ਮੁਰਲੀ, ਮਨਮਥ, ਮੀਨ, ਰਸਿਕ ਬਿਹਾਰੀ, ਰੀਤਿ, ਰੈਣ, ਵਸ਼।

ਅਰਬੀ-ਫ਼ਾਰਸੀ ਸ਼ਬਦਾਂ ਦਾ ਵੇਰਵਾ

ਉਮਰ ਦਰਾਜ਼, ਅਕਲ, ਅਜੂਬ, ਅਰਜ਼, ਅਲਮਸਤੀ, ਆਸ਼ਿਕ, ਆਹ, ਇਸ਼ਕ, ਇਲਮ, ਸ਼ਹਿਰ, ਸ਼ਰਾਬੀ, ਹਜ਼ੂਰੀ, ਹਾਲ, ਹੁਸਨ, ਹੁਸਨਪ੍ਰਸਤ, ਹੁਕਮ, ਖ਼ਯਾਲ, ਖ਼ਾਤਿਰ, ਖ਼ੂਬ, ਖ਼ੂਬੀ, ਖ਼ੂਨ, ਗੁਮਾਨ, ਗਰੀਬ, ਚਸ਼ਮ, ਜਮਾਲ, ਜ਼ਾਹਿਰ, ਜ਼ਾਲਮ ਜਿਗਰਜਾਨ, ਜ਼ੁਲਮ, ਤਕਸੀਰ, ਤਲਬ, ਦਰਦ, ਦਰਦ-ਬੰਦ, ਦਿਲਦਾਰ, ਦਿਲਪਸੰਦ, ਦਸਤ-ਬਦਸਤੀ, ਨਸ਼ਾ, ਨਜ਼ਰ, ਪਾਕਦਿਲ, ਫੰਦਾ, ਬੇਦਰਦੀ, ਬੇ-ਇਨਸਾਫ਼, ਬੇਪਰਵਾਹ, ਮਸਤੀ, ਮਹਬੂਬ, ਮਹਰਮ, ਮਗਰੂਰੀ, ਮਗਜ਼ਦਾਰ, ਮਜ਼ੇ, ਮਾਸ਼ੂਕ, ਮੁਰਾਦ, ਯਾਰ।

ਪੰਜਾਬੀ ਸ਼ਬਦਾਂ ਦਾ ਵੇਰਵਾ

ਆਖੀ, ਇਤ-ਤਿਤ-ਕਿਤ, ਇਤਬਲ, ਇਥੂੰ-ਜਿਥੂੰ-ਤਿਥੂੰ, ਏਵੀਂ ਹੁਣ, ਹੋਰ, ਕਦਲਗ, ਕਦੀ ਕਦੀ, ਕਿਥਾਂਈ, ਕਿਥੇ, ਕੀਵਾਂ, ਕੁੜੀਯਾਂ, ਕੁਰਲਾਣੀ, ਕੈਨੂੰ, ਕੋਲ, ਘੱਤੀ, ਘੁੰਡ, ਘੁੱਮਰ, ਗੁਜਝੀ, ਗੁਜਝੇ, ਘੋਲੀ-ਘੋਲੀ, ਚੱਮੜ, ਜਦ, ਜਾਣਦਾ, ਜਿੰਦ, ਜੀਉਣਾ-ਜਾਗਣਾ, ਜੇਹੀ-ਕੇਹੀ, ਜੋਤੋ, ਟੁਕ, ਟੋਟ, ਡਾਢਾ, ਢੋਲਨ, ਤਾਤੀ, ਤਿੰਨ੍ਹਾਂ-ਜਿਨ੍ਹਾਂ, ਤੁਝਲਗ, ਨਾਲ, ਨਿਮਾਣੀ, ਨਿਮਾਨਿਯਾਂ, ਬਾਜ਼, ਬਾਜੂ, ਭਾਂਤੀ ਨਾਹੀਂ।

ਕਾਰਕਾਂ ਦਾ ਵੇਰਵਾ

ਦਾ, ਦੇ, ਦੀ, ਕੂੰ, ਕੇ, ਕੀ, ਨੂੰ, ਨੇ, ਸੇ, ਮੈਂ (ਮੈਂ ਦੇ ਅਰਥ ਵਿਚ)

ਸਰਬਨਾਮਾਂ ਦਾ ਵੇਰਵਾ

ਉਸ, ਅਸੀਂ, ਅਸਾਨੂੰ, ਅਸਾਡੀ, ਅਪਨੇ, ਇਸ, ਇਹੀ, ਇਨ, ਸਾਡਾ, ਸਾਡਰਾ, ਸਾਡਰੇ, ਕੈਨੂੰ, ਤੁਸ, ਤੁਸੀਂ, ਤੁਸਾਡੇ, ਤੁਜਰੀ, ਤੂ, ਤੂੰ, ਤੇਰੇ, ਤੈਂਡ, ਤੈਂਡੀ, ਤੈਂਡਰੀ, ਮੁਝ, ਮੈਂਡਾ, ਮੈਂਡਰੇ, ਇਤ-ਤਿਤ-ਕਿਤ, ਇਥੂੰ-ਜਿਥੂੰ-ਤਿਥੂੰ, ਜਯੋਂ-ਤਯੋਂ, ਜੇਹੀ-ਕੇਹੀ, ਜਿਨਾਂ-ਤਿਨਾਂ, ਜੋ-ਤੋ, ਮੈਨੂੰ-ਤੈਨੂੰ, ਮੁਝ-ਤੁਝ, ਮੈਂਡਰੀ-ਤੈਂਡਰੀ।

ਕ੍ਰਿਆ-ਪਦਾਂ ਦਾ ਵੇਰਵਾ

ਉਡਾਂਦਾ, ਉਡੀਕਦਾ ਆਵੀਂ ਆਵੇਂ, ਸੁਝਦਾ, ਸੁਨਦੇ, ਸਿਕੈਂਦਾ, ਹੋਬੇ, ਕਰੰਦਾ, ਕੀਤਾ, ਚਮਕਾਂਦਾ, ਜਾਂਦਾ, ਜਾਵੇ, ਜਿਵਾਲੀਂ, ਤਪਦੀ, ਤਰਸਾਂਦਾ, ਦਿਖਾਵੀਂ, ਦੀਜੈ, ਦੀਤਾ, ਦੈਂਦਾ, ਪਰਚਾਵੀ, ਪਾਂਵਦੀ, ਪਾਵੇ, ਪੁਜਾਈ, ਪੀਤਾ, ਬਰਸਾਈ, ਬਿਖਲਾਈ, ਬਿਕਾਈ, ਬੁਝਦਾ, ਲਗੰਦਾ, ਲੱਗਾ, ਲੀਤਾ, ਲੈਂਦਾ, ਵਿਖਲਾਵੀਂ, ਵੇਖਣਾ, ਵੇਖਲਾਮੀ, ਰੰਗਲਾ-ਰੰਗਲਾ, ਰੱਤਦਿਹਾੜੇ, ਰੱਬੇ ਦੀ ਬਲ, ਲਟਕੇਂਦੜਾ, ਲੋੜੇ।

ਸੰਬੋਧਨਾਂ ਦਾ ਵੇਰਵਾ

ਅਹੋਣੀ, ਅਣੀ, ਅਬੇ, ਐਂ, ਬੇ, ਜੂ, ਨੀ, ਵੇ, ਹੋ।

ਖ਼ਾਸ ਸ਼ਬਦ ਪ੍ਰਯੋਗ

ਅੰਕਖੀਂ, ਅੰਖੜਿਯਾਂ, ਅਕੇਲਰਾ, ਸਾਂਵਲ-ਸਾਂਈ, ਸੋਹਣਾ, ਕਰੇਜੇ, ਗਹੇਲਗ, ਚਸ਼ਮਾਂ, ਚਸ਼ਮੋ, ਚਹੇਲਰਾ, ਜ਼ਯਾਨ, ਜ਼ਯਾਰੀ, ਜਿਹਾਨ, ਦਿਵਾਣੀ, ਨਵੇਲਗ, ਮਾਸ਼ੂਕਾ, ਯਾਰਾ, ਰੰਗਲਾ-ਰੰਗਲਾ, ਵੇਖਲਾਮੀ, ਵੇਦਨ।

ਘਨਾਨੰਦ ਦੀ ਪੰਜਾਬੀ ਵਿਚ ਇਕ ਰਚਨਾ ਹੈ–'ਇਸ਼ਕਲਤਾ' ਤੇ ਹੋਰ ਫੁਟਕਲ ਪਦ 'ਪਦਾਵਲੀ' ਵਿਚ ਸੰਕਲਿਤ ਹਨ। ਘਨਾਨੰਦ ਦੀ ਸੰਪੂਰਨ ਪੰਜਾਬੀ ਕਵਿਤਾ ਦਾ ਲਿਪੀਅੰਤ੍ਰਣ ਪ੍ਰਸਤੁਤ ਹੈ।

ਲਿਪੀਅੰਤ੍ਰਣ ਪ੍ਰਕ੍ਰਿਆ

ਲਿਪਿਅੰਤ੍ਰਣ ਪ੍ਰਕ੍ਰਿਆ ਵਿਚ ਇਕ ਰਚਨਾ ਅੱਖਰਾਂ ਦੀ ਮੌਲਿਕ ਸੰਯੋਜਨਾ ਦੀ ਪੂਰਨ ਰਖਿਆ ਕੀਤੀ ਗਈ ਹੈ। ਕਿਤੇ-ਕਿਤੇ ਜਾਪੇਗਾ ਕਿ ਇਹ ਸੰਯੋਜਨਾ ਪੰਜਾਬੀ ਦੀ ਪ੍ਰਵਾਨਿਤ ਸੰਯੋਜਨਾ ਤੋਂ ਅੱਡ ਹੈ। ਖ਼ਾਸ-ਕਰ 'ਅ+ਇ' ਦੀ ਥਾਂ 'ਯ' ਦੇ ਪ੍ਰਯੋਗ ਵਿਚ। ਪਰ ਲਿਪੀਅੰਤ੍ਰਣ ਦੀ ਬੁਨਿਆਦੀ ਸ਼ਰਤ ਹੈ ਰਚਨਾ ਦੇ ਮੂਲ ਜਾਮੇ ਦੀ ਹਿਫ਼ਾਜ਼ਿਤ। ਇਸ ਨਿਯਮ ਦੀ ਪਾਲਣਾ ਕਰਨ ਦਾ ਜਤਨ ਕੀਤਾ ਗਿਆ ਹੈ।

ਪੈਰ ਟਿੱਪਣੀਆਂ

1. ਵੇਖੋ : ਆ. ਵਿਸ਼ਵਨਾਥ ਪ੍ਰਸਾਦ ਮਿਸ਼੍ਰ : ਘਨਾਨੰਦ ਗ੍ਰੰਥਾਵਲੀ : ਭੂਮਿਕਾ
   " *ਉਹੀ*, 'ਹਿੰਦੀ ਸਾਹਿਤਯ ਕਾ ਅਤੀਤ', ਭਾਗ–II, ਪੰਨਾ 620-21
   " *ਉਹੀ*, 'ਨਾਗਰੀ ਪ੍ਰਚਾਰਿਣੀ ਪਤ੍ਰਿਕਾ', ਵਰਸ਼ 53, ਪੰਨਾ 53
   ਡਾ. ਚੰਦਰ ਸ਼ੇਖਰ : 'ਰੀਤਿਮੁਕਤ ਕਵਿਤਾ : ਮੁਕਤ ਰਚਨਾਵਿਧਾਨ', ਪੰਨਾ 56-58
2. ਡਾ. ਚੰਦਰ ਸ਼ੇਖਰ : *ਰੀਤਿਕਾਲੀਨ ਸਵਛੰਦ ਕਾਵਯ-ਧਾਰਾ* : ਅਭਿਵਿਅੰਜਨਾ ਸ਼ਿਲਪ, ਪੰ. 54-59
3. ਵੇਖੋ ਪਰਿਸ਼ਿਸ਼ਟ
4. ਕਾਸ਼ੀ ਨਾਗਰੀ ਪ੍ਰਚਾਰਿਣੀ ਸਭਾ : *ਤ੍ਰੈਵਾਰਸ਼ਕੀ ਖੋਜ ਰਿਪੋਰਟ* 1912-14, ਪੰਨਾ 196
5. ਵੇਖੋ ਪਰਿਸ਼ਿਸ਼ਟ : ਖਤਾਂ ਦੇ ਕੁਝ ਅੰਸ਼
6. *ਉਹੀ*

ਪਾਠ ਲਿਪੀਅੰਤ੍ਰਣ

*ਇਸ਼ਕਲਤਾ

ਅਰੱਲ

-ਸਜਨ ਸਲੋਨਾ ਯਾਰ ਨੰਦ ਦਾ ਸੋਹਨਾ।
ਰਸਿਕ ਬਿਹਾਰੀ ਛੈਲ ਸੁ ਮਨਮਥ[1] ਮੋਹਨਾ।
ਦਿਖਲਾਵੇ ਮੁਖਚੰਦ ਸੁ ਝਾਂਕੀ ਪ੍ਯਾਰਿਯਾ।
ਆਨੰਦ-ਜੀਵਨ ਜਯਾਨ ਅਸਾਡੀ ਜ਼ਯਾਰਿਯਾ। 6।
-ਹੋ ਹਲਧਰ ਦੇ ਬੀਰ[2] ਚਲੇ ਕਿਤ ਜਾਤ ਹੌ।
ਨਿਠੁਰ ਕਾਨ੍ਹ ਮਹਬੂਬ ਨ ਸੁਨਦੇ ਬਾਤ ਹੌ।

---

* ਇਸ਼ਕ ਲਤਾ ਵਿਚ ਕੁਲ 44 ਛੰਦ ਹਨ। ਉਹਨਾਂ ਵਿਚ 21 ਛੰਦ ਨਿਰੋਲ ਪੰਜਾਬੀ ਭਾਸ਼ਾ ਦੇ ਹਨ। ਬਾਕੀ ਛੰਦਾਂ 'ਤੇ ਵੀ ਪੰਜਾਬੀ ਪ੍ਰਭਾਵ ਪ੍ਰਤੱਖ ਹੈ।

ਇਥੂੰ ਆਵਤ ਨਾਹਿ ਸੁ ਕੀ ਤਕਸੀਰ[3] ਹੈ ।
ਆਨੰਦ-ਜੀਵਨ ਜ੍ਯਾਨ ਬੜ੍ਹੀ ਉਰ ਪੀਰ ਹੈ । 11 ।
-ਕੀ ਕੀ ਖੂਬੀ ਕਹੈ ਤੁਸਾਡੀ ਹੋ ਹੋ ਹੋ ਹੋ ਹੋਰੀ ਹੈ ।....
ਮਹਰ ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜ੍ਯਾਰੀ ਹੈ । 13 ।
-ਸਜਨ ਸਨੇਹੀ ਯਾਰ ਨੰਦ ਦੇ ਏਤੀ ਕ੍ਯਾ ਮਗਰੂਰੀ[4] ਹੈ ।
ਦਰਦਬੰਦ ਦਰਸਨ ਦੀ ਖਾਤਿਰ ਬੰਦਾ ਹੁਕਮ ਹਜੂਰੀ[5] ਹੈ ।
ਬ੍ਰਜਮੋਹਨ ਘਨਆਨੰਦ ਤੈਂਡੀ ਰੀਤਿ ਅਟਪਟੀ ਨ੍ਯਾਰੀ ਹੈ ।
ਮੇਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜਯਾਰੀ ਹੈ । 15 ।
-ਯਾਰਾਂ ਗੋਕੁਲਚੰਦ ਸਲੋਨੇ ਦਿਯਾ ਰਸਮ ਦਾ ਧੱਕਾ[6] ਹੈ ।
ਢਾਰਿ ਦਿਯਾ ਘਨ ਆਨੰਦ ਜਾਨੀ ਹੁਸਨ ਸ਼ਰਾਬੀ[7] ਪੱਕਾ ਹੈ ।
ਸੈਨ-ਕਟਾਰੀ[8] ਆਸਿਕ ਉਰ ਪਰ ਤੈਂ ਯਾਰਾਂ ਝੁਕ ਝਾਰੀ ਹੈ ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜ੍ਯਾਰੀ ਹੈ । 16 ।
-ਦਰਦਬੰਦ ਡਾਲਾ ਬੇਦਰਦੀ ਖੂਬ ਇਸ਼ਕ ਦਾ ਫੰਦਾ ਹੈ ।
ਹੰਸ ਹੰਸ ਕਰ ਮਨ ਮੂਸ ਲਿਯਾ[9] ਬੇ ਬੜਾ ਗ਼ਰੀਬ ਗਿਰੰਦਾ[10] ਹੈ ।
ਟੁਕ ਭੀ ਤੋਂ ਘਨਆਨੰਦ ਪਯਾਰੇ ਸੁਨਿਯੋ ਅਰਜ ਹਮਾਰੀ ਹੈ ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜਯਾਰੀ ਹੈ । 17 ।
-ਜਿਗਰ ਜਾਨ ਮਹਬੂਬ ਅਮਾਨੇ[11] ਕੀ ਬੇਦਰਦੀ ਦੈਂਦਾ ਹੈ ।
ਪਾਕ[12] ਦਿਲਾਂ ਦੇ ਅੰਦਰ ਧੰਸ ਕਰ ਬੇਨਿਸਾਫ[13] ਲੈਂਦਾ ਹੈ ।
ਆਨੰਦ ਘਨ ਹੋ ਪ੍ਰਾਨ-ਪਪੀਹਾ ਨਿਸ ਦਿਨ ਸੁਧ ਨ ਬਿਸਾਰੀ ਹੈ ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜ੍ਯਾਰੀ ਹੈ । 18 ।
-ਦਿਲਪਸੰਦ ਦਿਲਦਾਰ[14] ਯਾਰ ਤੂੰ ਮੁਜ ਨੂੰ ਕੀ ਤਰਸਾਂਦਾ ਹੈ ।
ਰਤਿ[15] ਦਿਹਾੜੇ ਤਲਬ[16] ਤੁਸਾਡੀ ਅਕਲ[17] ਇਲਮ[18] ਉੜਾਂਦਾ ਹੈ ।
ਮੈਨੂੰ ਧ੍ਯਾਨ ਆਨ ਨਹਿ ਜਾਨੀ ਤੂ ਘਨਕੁੰਜ ਬਿਹਾਰੀ[19] ਹੈ ।
ਮਹਰ[20] -ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜ੍ਯਾਰੀ ਹੈ । 19 ।
-ਨੰਦ ਮਹਰ ਦਾ ਕੁੰਵਰ ਕਨ੍ਹੈਯਾ ਮੈਂਡਾ[21] ਜੀਵਨ ਜਾਨੀ ਹੈ ।
ਬਿਸਰੈ ਨਹੀਂ ਰੈਨ ਦਿਨ ਜੀ ਸੇ ਪਯਾਰਾ ਪ੍ਰੀਤਮ ਪ੍ਰਾਨੀ ਹੈ ।
ਦੀਜੈ ਇਨ੍ਹੀ ਅਸਾਨੂੰ ਝਾਂਕੀ ਆਨੰਦਘਨ ਗਿਰਧਾਰੀ ਹੈ ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜਯਾਰੀ ਹੈ । 20 ।
-ਰਹੋ ਖੁਸੀ ਮਹਬੂਬ ਨੰਦ ਦੇ ਮਨਮਾਨੇ ਤਿਤ ਜਾਵੋ ਜੂ ।
ਕਦੀ ਕਦੀ ਘਨ ਆਨੰਦ ਜਾਨੀ ਇਨ ਗਲਿਯਨ ਭੀ ਆਵੋ ਜੂ ।
ਆਸ ਲਗੀ ਅੰਖਿਯਾਂ ਨੂੰ ਯਾਰਾਂ ਦੀਜੈ ਝਾਂਕੀ ਪ੍ਯਾਰੀ ਹੈ ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜ੍ਯਾਰੀ ਹੈ । 21 ।

ਨਿਸ਼ਾਨੀ : -ਯਨਨੂੰ[22] ਕ੍ਯੋਂ ਕਰ ਗਹਿ ਸਕੋਂ[23] ਘਨ ਆਨੰਦ ਪੀਯਾ ।
ਮੈਂ ਤੈਂਡੀ[24] ਲਕਟਨ ਫੰਦਯਾ[25] ਕ੍ਯਾ ਤੁਜਨੂੰ ਕੀਯਾ ।
ਕ੍ਯੋਂ ਮਹਬੂਬ ਸੁਜਾਨ ਤੈਂ ਔਰੈ ਕਯਾ ਕੀਯਾ ।
ਮੈਂਡਾ ਦਿਲ ਤੈਨੇ ਅਬੇ ਕ੍ਯੋਂ ਮੁਸਿ ਕੈ ਲਿਯਾ । 23 ।

-ਚੋਰ ਲਿਯਾ ਚਿਤ ਚਾਹਤੇ ਘਨਆਨੰਦ ਜਾਨੀ ।
ਮੈਂਡਾ ਦਿਲ ਤੈਂ ਮੋਹਿ ਕੈ ਉਰ ਅਰੋਂਹੀ ਠਾਨੀ ।
ਇਸ਼ਕ-ਸਹਰ ਕੇ ਬੀਚ ਹੈ ਯਹ ਅਕਹ ਕਹਾਨੀ[26] ।
ਅਲਕੋਂ ਸੇ ਬਾਂਧੇ ਰਹੈਂ ਮਹਬੂਬ ਗੁਮਾਨੀ[27] । 24 ।
-ਕ੍ਯਾ ਕਹਿਯੈ ਬ੍ਰਜ ਮੋਹਨਾ ਤੂ ਮਾਨੈ ਨਾਹੀਂ ।
ਤੂ ਹੀ ਜਾਨੈਗਾ ਅਬੇ ਅਪਨੇ ਦਿਲ ਨਾਹੀਂ ।
ਘਨ ਆਨੰਦ ਨਿਤ ਦੀਜਿਯੈ ਨਹਿੰ ਕੀਜੈ ਨਾਹੀਂ ।
ਅਖਿਯਾਂ ਤੈਂਡੀ[28] ਚੁਭਿ ਰਹੀਂ ਮੈਂਡੇ ਦਿਲ ਮਾਹੀਂ । 25 ।

ਅੱਰਲ

-ਬਾੜ੍ਹੀ ਗਾੜ੍ਹੀ ਪੀਰ ਕਰੇ ਜੋਂ ਆਯ ਕੇ ।
ਮੋਹਨ ਮਨ ਹਰ ਲਿਯਾ ਸੁ ਬੈਨ[29] ਬਜਾਯ ਕੇ ।
ਲੱਗਾ ਮੈਨੂੰ ਤੀਰ ਇਸਕ ਦਾ ਖੂਬ ਹੈ ।
ਆਨੰਦ-ਜੀਵਨ ਜਾਨ ਕਾਨ੍ਹ ਮਹਬੂਬ ਹੈ । 29 ।
ਖੈਂਚਤ ਹੈ ਤੁਵ ਡੋਰਿ ਕਿਧੌਂ ਮਨ ਮੇਂਡੜਾ ।[30]
ਰਹੈ ਅਸਾਨੂੰ ਚਾਵ ਨੰਦ ਦੇ ਤੇਂਡੜਾ ।
ਖੜਾ ਉੜਾਵਤ ਚੰਗ[31] ਸੁਰੰਗਾ[32] ਅਜੂਬ[33] ਹੈ ।
ਆਨੰਦ ਜੀਵਨ ਜਾਨ ਕਾਨ੍ਹ[34] ਮਹਬੂਬ ਹੈ । 30 ।

ਨਿਸ਼ਾਨੀ

–ਆਨੰਦ ਕੇ ਘਨ ਤੁਮ ਬਿਨਾ, ਮੁਜਨੂੰ[35] ਨਹਿੰ ਭਾਵੈ ।
ਨਯਨ ਅਸਾਡੇ ਲਾਗਨੈ ਤੁਜਹੀਂ ਨੂੰ ਧਾਵੈ ।[36]
ਹੁਣ ਕ੍ਯਾ ਕੀਜੈ ਲਾਡਿਲੇ ਵੇਖਣ ਨਹਿੰ ਪਾਵੈਂ ।
ਜੁਲਮ ਕਰੈਂ ਯੇ ਬਾਵਰੇ ਮੁਜਨੂੰ ਤਰਸਾਵੈਂ । 32 ।
-ਤੈਡੇ[37] ਮੁਖ ਪਰ ਤਿਲ ਅਬੇ ਅਤਿ ਖੂਨ ਕਰੰਦਾ ।
ਅਲਕੈ ਤੈਂਡੀ ਯੋਂ ਛੁਟੀ ਦੁਵੈ[38] ਨਾਗਿਨ ਲਸੰਦਾ ।
ਤਿਲਕ ਬੀਚ ਛਾਪੇ ਅਬੇ ਦਿਲ ਕਾ ਹੈ ਫੰਦਾ ।
ਚੰਦਾ ਗੋਬਿੰਦ ਸੁ ਨੰਦ ਦੇ ਘਨ ਆਨੰਦ ਕੰਦਾ[39] । 36 ।
-ਦੇ ਗਿਰੰਦ[40] ਗਿਰੰਦਾ[41] ਹੁਵਾ ਬੇ ਜਿੰਦ ਅਸਾਡੀ ਛੀਨੀ ਹੈ ।
ਛਿਪ-ਛਿਪ ਕਰ ਮੁਖੜਾ ਦਿਖਲਾਵੈ ਰੀਤਿ ਅਨੋਖੀ ਲੀਨੀ ਹੈ ।
ਮਗਜਦਾਰ[42] ਮਹਬੂਬ ਕਰੰਦਾ ਖੂਬ ਮਜੇ ਦੀ ਯਾਰੀ ਹੈ ।
ਮਹਰ-ਲਹਰ ਬ੍ਰਜ ਚੰਦ ਯਾਰ ਦੀ ਜਿੰਦ-ਅਸਾਡੀ ਜ੍ਯਾਰੀ ਹੈ । 38 ।
-ਅਹੋ ਅਹੋ ਘਨਾਆਨੰਦ ਜਾਨੀ ਜਿੱਥੂੰ-ਤਿੱਥੂੰ[43] ਜਾਂਦਾ ਹੈ ।
ਬੇਪਰਵਾਹੀ[44] ਜਾਹਰ ਕਰ ਕਰ ਚਸ਼ਮਾ[45] ਨੂੰ ਚਮਕਾਂਦਾ ਹੈ ।
ਨੋਕ ਨਜਰ ਟੁਕ[46] ਕਰਦਾ ਨਾਹੀਂ ਕੀ ਤਕਸੀਰ[47] ਹਮਾਰੀ ਹੈ ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜ੍ਯਾਰੀ ਹੈ । 39 ।

ਨੋਟ : ਪਦਾਵਲੀ 'ਚ ਹਜ਼ਾਰ ਤੋਂ ਵੱਧ ਪਦ ਹਨ, ਜਿੰਨੇ ਵੀ ਪੰਜਾਬੀ ਪਦ ਇਸ ਵਿਚ ਹਨ, ਉਹ ਸਾਰੇ ਲਿਪੀਅੰਤ੍ਰਤ ਰੂਪ ਵਿਚ ਪ੍ਰਸਤੁਤ ਹਨ ।

-ਬ੍ਰਜਮੋਹਨ ਘਨਆਨੰਦ ਜਾਨੀ ਜਦ ਚਸ਼ਮੋਂ ਬਿਚ[48] ਆਯਾ ਹੈ।
ਇਸਕ ਸਰਾਬੀ ਕੀਯਾ ਮੁਜਨੂੰ ਗਹਰਾ ਲਸਾ ਪਿਲਾਯਾ ਹੈ।
ਤਨ ਮਨ ਔਰ ਜ਼ਿਹਾਨ[49] ਮਾਲ ਦੀ ਸੁਧਿ ਬੁਧਿ ਬਿਸਾਰੀ ਹੈ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜ੍ਯਾਰੀ ਹੈ। 40।
-ਹੀਨ[50] ਭਏ ਜਲਮੀਨ ਛਿਨ[51] ਬੁਧਿ ਮੈਂਡੀ ਪੀਰ ਨ ਪਾਵੈ ਹੈ।
ਲਾਯ ਕਲੰਕ ਯਾਰ ਅਪਨੇ ਕੂੰ ਤੈਂ ਹੀ ਛਿਨ[52] ਮਰਿ ਜਾਵੈ ਹੈ।
ਆਨੰਦ ਘਨ ਇਸ ਦਿਲ ਦੀ ਵੇਦਨ[53] ਲਹੈ ਸੁਜਾਨ ਬਿਹਾਰੀ ਹੈ।
ਮਹਰ-ਲਹਰ ਬ੍ਰਜਚੰਦ ਯਾਰ ਦੀ ਜਿੰਦ ਅਸਾਡੀ ਜ੍ਯਾਰੀ ਹੈ। 41।

ਪਦਾਵਲੀ

=ਅਸਾਨੂੰ ਚੇਟਕ[1] ਲਾਇ ਗਯਾ ਕੀ ਕਰਾਂ ਕੁਛ ਹੈਰ ਨ ਸੁਝਦਾ।
ਸਾਂਵਲਾ ਸੋਹਨ-ਮੋਹਨ ਗਭਰੂ[2] ਇਤ ਬਲ[3] ਆਇ ਗਯਾ।
ਚੰਮੜ[4] ਪਈ ਬਲਾਇ ਬਿਰਹ[5] ਦੀ ਕਿੱਥੇ ਹਾਇ ਗਯਾ।
ਮੁਰਲੀ ਤਾਨ ਸੁਨਾਇ ਆਨੰਦਘਨ ਬਾਣ ਚਲਾਇ ਗਯਾ। 44।
=ਨਿਮਾਂਨਿਯਾਂ[6] ਤੁਝ ਬਿਨਾ ਅਸੀਂ ਹੁਇਯਾਂ।
ਦਰਸ ਦਿਖਾਵੀਂ ਆਨੀ ਜਿਵਾਵੀਂ ਨਾਤਰ[7] ਏਵੀ ਮੁਇਯੀਂ।
=ਮੈਂ ਵਾਰਿ ਮੈਂ ਵਾਰਿ-ਵਾਰਿ ਜਾਵੀਂ ਵੇ ਵੇ ਵੇ।
ਅਰਜ਼[8] ਅਸਾਡੀ ਸੁਨਿ ਬ੍ਰਜਮੋਹਨ ਸੋਹਨ-ਮੁਖ[9] ਵਿਖਲਾਵੀਂ।
ਤੁਝ ਬਾਜ਼ੁ[10] ਅਸੀਂ ਖਰੀ ਵੇ ਨਿਮਾਂਨੀ ਕੀਵਾਂ[11] ਦਿਲ ਪਰਚਾਵੀਂ।
ਪ੍ਰਾਨ ਪਪੀਹੋਂ ਦੇ ਘਨਆਨੰਦ ਰਿਮ-ਝਿਮ-ਰਿਮ-ਝਿਮ ਆਵੀਂ[12]। 231।
=ਮੁਰਲੀਵਾਲੇ ਨੇ ਅਸਾਡਾ ਦਿਲ ਲੀਤਾ ਨੀ।
ਰੱਤ ਦਿਹਾੜੇ ਕਿਥੰਈ[13] ਨ ਲੱਗਦਾ ਕੀ ਜਾਨਾਂ ਕ੍ਯਾ ਕੀਤਾ ਨੀ।
ਸਾਂਵਲੀ ਸੂਰਤਿ ਭਾਂਭੀ[14] ਅੰਕਖੀ ਡਾਢਾ[15] ਚੇਟਕ ਕੀਤਾ ਨੀ।
ਆਨੰਦਘਨ ਬਲ ਹੋਯਾ ਪਪੀਹਾ ਇਸ਼ਕ-ਪਿਆਲਾ[16] ਪੀਤਾ ਨੀ। 369।
=ਆਂਵੀਂ ਵੇ ਆਂਵੀਂ ਵੇ ਆਂਵੀਂ ਵੇ ਮੈਂਡੇ ਕੇਲ।
ਤੈਂਡੇ ਨਾਲ ਜਿੰਦ ਲਗੀ ਮੁਝ ਵੇ ਨਿਮਾਣੀ ਦੇ ਮਾਨ ਗੁਮਾਣੀ[17]
ਕਦੀ ਤੋਂ ਹਮ ਹੰਸ ਹੰਸ ਬੋਲ।
ਸਾਂਵਲੀ ਸੂਰਤਿ ਪਰ ਘੋਲ ਘੋਲ ਘੱਤੀ ਬੰਦੀ[18] ਹਾਂ ਬਿਨ ਮੋਲ।
ਪ੍ਰਾਨ ਪਪੀਹੋਂ ਦੇ ਆਨੰਦਘਨ ਦਿਲ ਦੀ ਘੁੰਡੀ ਖੋਲ। 365।
=ਸਹੋਣੀ ਮੈਂ ਕਦ ਲਗ[19] ਇਸਕ ਛਿਪਾਵਾਂ।
ਗੁਜੇ[20] ਘਾਵ ਦਿਲਾਂ ਦੇ ਅੰਦਰ ਕਿਤ ਬਲ[21] ਕੂਕ[22] ਮਚਾਵਾਂ।
ਮੁਰਲੀਵਾਲੇ ਨੇ ਮਾਇਲ[23] ਕੀਤੀ ਦਾਰੂ-ਦਰਸਨ[24] ਪਾਵਾਂ।
ਵੇਖੈਂ ਬਾਜ਼ੁ[25] ਜਿੰਦ ਨ ਰਹੰਦੀ ਕਿਸ ਬਿਧ ਇਸ ਪਰਚਾਵਾਂ।
ਬੇਮੇਹਰਾ[26] ਦੀ ਗਹ੍ਯਾਂ[27] ਆਨੰਦਘਨ ਕੰਨੂ[28] ਆਖਿ ਸੁਨਾਵਾਂ। 436।
=ਚੋਵੋ ਦਰਸ ਦਿਖਾਵੀਂ ਤਾਮੈਂ ਘੋਲੀ ਘੋਲੀ ਜਾਵੀਂ।
ਸੁਣ ਵੋ ਸਾਂਵਲਿਯਾ ਗੋਕੁਲ ਵਾਲਿਯਾ ਦੀਨਾ ਨੂੰ[29] ਨਾ ਤਰਸਾਵੀਂ। 464।
ਘੁੰਮਰ[29a] ਪਾਂਵਦੀ ਜਿੰਦ ਤੁਸਾਂ ਨਾਲ ਵੇਖਨ ਚੰਗਲਾ ਚੰਗਲਾ[30] ਜਮਾਲ[31]।

ਬ੍ਰਜ ਮੋਹਨ ਆਨੰਦਘਨ ਪ੍ਯਾਰਿਯਾ ਨਿਪਟ ਗਰੀਬ ਪਪੀਹਾਂ ਨੂੰ ਪਾਲ । 467 ।
=ਸੁਨ ਬੇ ਬੇਪਰਵਾਹ ਨਿਮਾਣੀ ਦਾ ਹਾਲ ਨ ਬੁਝਦਾ ।
ਪ੍ਰਾਣ-ਪਪੀਹਾਂ ਨੂੰ ਆਨੰਦਘਨ ਤੁਝ ਬਾਜੁ ਹੋਰ ਨ ਸੁਝਦਾ । 544 ।
=ਅਬੈ ਸਾਡੇ ਦਿਲ ਦੀ ਮੁਰਾਦ[32] ਪੁਜਾਈਂ ।
ਸਾਂਵਲੇ ਸੱਜਨ ਸਾਂਈ ਜਿੰਦ ਨਿਮਾਨੀ ਤਪਦੀ ਆਨੰਦਘਨ ਮੋਹਨ
ਮੁਖ ਚੁਕ ਬਿਖਲਾਂਈ ਮਿਹਿਰ ਨਜਰ[33] ਬਰਸਾਈਂ । 545 ।
=ਵੋ ਵੋ ਸਾਨੂੰ ਨਾ ਤਰਸਾਂਈ, ਜਿੰਦ ਕੀਤੀ ਕੁਰਬਾਨ
ਤੇਂਡੇ ਦਮ ਉਪਰ ਸਾਂਵਲੇ-ਸਾਂਈ[34] ।
ਪ੍ਰਾਨ-ਪਪੀਹਾਂ ਦੇ ਆਨੰਦਘਨ ਹਾ ਬੇ ਮੇਹਰ ਨਜਰ ਬਰਸਾਈਂ
ਇਤ ਬਲ ਆਈਂ ਘੋਲ-ਘੁਮਾਈਂ । 546 ।
=ਮੈਂਡਾ ਦਿਲ ਤੈਨੂੰ ਲੋੜੈ[35] ਤੂ ਕ੍ਯੋਂ ਮੁਖੜਾ ਮੋੜੈ ।
ਇਸ ਵੋ ਨਿਮਾਨੀ ਨੂੰ ਬਿਰਹ ਸਿਕੈਂਦਾ ਤੈਨੂੰ ਕੀ ਪਰਵਾਹ ।
ਆਨੰਦਘਨ ਬੜਾ ਤਿਨਾ ਦਾ ਭਾਗ ਜਿਨਾ ਨਾਲ ਤੁਸੀਂ ਵੋ ਮੋਹਬਤ ਜੋੜੈ । 547 ।
=ਦਰਦ ਬੰਦਾ[36] ਨੂੰ ਬਰਦ ਘਨੇਰਾ[37] ਹੈ ਮਾਸੂਕਾਂ ਬੇਪਰਵਾਹੀ ।
ਸੁਨ ਵੇ ਸਾਂਵਲਿਯਾ ਕੁੜਿਯਾ ਦੇ ਉਪਰ ਕੀ ਹੁਯਾ ਫਿਰਦਾ ਸਿਪਾਹੀ[38] ।
ਤੈਨੂੰ ਦਰਦ ਸੁਨੇ ਦਰਸੇ ਮੈਂਡਾ ਯਾਰ ਨਿਗਾਹੀ ।
ਪ੍ਰਾਨ ਪਪੀਹਾ ਨੂੰ ਜਿਲਾਵੀਂ ਆਨੰਦਘਨ ਮਿਹਿਰ ਨਜ਼ਰ ਵਾਹਵਾਹੀ । 584 ।
=ਸਾਡਰਾ[39] ਹਾਲ ਨ ਬੁਝਦਾ ਹੈ ਗੁਜਝੀ[40] ਗੱਲਾਂ ਕੈਨੂੰ ਆਖਿ ਸੁਨਾਵਾਂ ।
ਬ੍ਰਜ ਮੋਹਨ ਦੀ ਬੇਪਰਵਾਹਿਯਾਂ ਮਹਰਮ ਕਿਸੇ ਭੀ ਨ ਪਾਵਾਂ ।
ਦਰਦ ਦਿਵਾਨਿਯਾਂ ਖਰੀ ਨਿਮਾਨਿਯਾਂ ਕੀਵਾਂ ਦਿਲ ਪਰਚਾਵਾਂ ।
ਆਨੰਦਘਨ ਬੇਮਿਹਰਾਂ ਦੀ ਹਾਂਸੀ ਅਸੀ ਵੋ ਰੋ ਰੋ ਝੜ ਲਾਵਾਂ । 626 ।
=ਆਵੀਂ ਓ ਤੂ ਆਵੀਂ ਜਾਨ ਮੈਂਡਰੀ ਗਲਿਯਾਂ ।
ਬ੍ਰਜ ਮੋਹਨ ਤੈਂਡੇ ਦਰਸ ਪਿਯਾਸਿਯਾਂ ਪੰਡਰਾ[41] ਉੜੀਕਾ[42] ਖਾਲਿਯਾਂ[43] । 648 ।
=ਸੁਣ ਸੁਣ ਵੋ ਗੁਮਾਨਿਯਾਂ ਮੋਹਨ ਪ੍ਯਾਰਿਯਾ ਚਲਦਾ ਕਯੋਂ ਨਹੀਂ ਰਾਹੋਂ ।
ਰੱਬੇ ਦੀ ਬਲ[44] ਨਜਰ ਨ ਕਰਦਾ ਨ ਡਰਦਾ ਗ਼ਰੀਬਾਂ ਦੀ ਆਹੋਂ । 722 ।
ਮਿਠ ਬੋਲਨ[45] ਢੋਲਨ[46] ਚੰਗੇਲਰਾ[47] ਮਹਰਦਾ ਲਾੜ ਗਹੇਲਰਾ ।
ਸਾਂਵਲਾ ਮੋਹਨ ਗੋਕੁਲ ਵਾਲਿਯਾ ਜਿੰਦ ਚਹੇਲਰਾ ।
ਮੁਝ ਜੈਸੀ ਉਸ ਨੂੰ ਬਹਤੇਰੀ ਬੰਦੀ ਦਾ ਅਕੇਲਰਾ ।
ਪ੍ਰਾਣ ਪਪੀਹਾਂ ਦਾ ਆਨੰਦਘਨ ਖਰਾ ਨਵੇਲਰਾ । 775 ।
=ਨਿਮਾਣੀ ਜਿੰਦ ਲਗੀ ਬੇ ਤੈਂਡੀ ਨਾਲ ।
ਵੇਖਣੀ ਕਾਰਨ ਤਪਦੀ ਬੇ ਕਾਨ੍ਹ ਵੇਖਿ ਅਸਾਡੇ ਹਾਲ ।
ਤੁਝ ਲਗ[48] ਮੈਂਡਾ ਕੁਝ ਬਸ ਨਾਹੀਂ ਚਲਦੀ ਜ੍ਯੋਂ ਭੀ ਤ੍ਯੋਂ ਭੀ ਕਰੀ ਬੇਹਾਲ ।
=ਆਨੰਦਘਨ ਹੁਣ ਬੰਦਿਯਾਂ ਬਿਚਾਰਿਯੈਂ ਯੋਂ ਜਾਨੀਬੇ ਤੁਸਾਡੇ ਖਯਾਲ । 839 ।
=ਨਿਮਾਣਿਯਾਂ ਦੀ ਬਸਤੀ, ਵੋ ਹੋਵੇ ਚੰਗੀ ਰਹੈ ਤੈਂਡੀ ਜਾਨ ।
ਏਸੀ ਬੇ ਤੁਸਾਡੇ ਦਰਸ-ਭਿਖਾਰੀ[49] ਹੋਬੇ ਸੋਦਾ ਦਸਤ-ਬਦਸਤੀ[50] ।
ਤੈਂਡੇ ਬੇ ਕਾਰਨੇ ਫਿਰਨੇ ਦਿਵਾਨੇ ਹੁਸਨ ਪਰਸਤ[51] ਅਲਮਸਤੀ ।

ਆਨੰਦਘਨ ਬ੍ਰਜਮੋਹਨ ਜਾਨੀ ਤੈਂਡੇ ਤਲਬ ਦੀ ਮਸਤੀ । 849 ।
=ਜਿੰਦ ਨਿਮਾਣੀ[52] ਤਪਦੀ, ਸੋਹਣਾ[53] ਮੁਖ ਵੇਖਲਾਮੀ[54] ਜਾਨੀ ।
ਬ੍ਰਜ ਮੋਹਨ ਬੇਪਰਵਾਹ ਗੁਮਾਨੀ ਵੋ ਵੋ ਵੋ ਤੈਨੂੰ ਤੈਨੂੰ ਤੈਨੂੰ ਜਾਪਦੀ ।870 ।
=ਅਣੀ[55] ਮਿਠ ਬੋਲਣਾ ਯਾਰ ਨਿਮਾਣੀ ਦਾ ।
ਇਤ ਬਲ ਆਂਵਦਾ ਕੂਕ-ਸੁਣਾਂਵਦਾ ਮਹਰਮ[56] ਹਾਲ ਦਿਵਾਣੀ ਦਾ ।
ਮੁਰਲੀ ਬਜਾਵੰਦਾ ਇਸਕ ਜਗਾਵੰਦਾ ਗਾਹਕ ਹੱਥ ਬਿਕਾਣੀ ਦਾ ।
ਆਨੰਦ ਘਨ ਬ੍ਰਜਮੋਹਨ ਪ੍ਯਾਰਿਯਾ ਮੁਝ ਬੰਦੀ[57] ਕੁਰਲਾਣੀ ਦਾ । 882 ।
=ਤੂ ਕੀ ਜਾਣਦਾ ਬੇਹਾਲ ਨਿਮਾਣਿਯਾ ਬ੍ਰਜਮੋਹਨ ਆਨੰਦਘਨ ਬੇਪਰਵਾਹ ।
ਤਾਤੀ[58] ਬਾਤ ਨ ਲਾਗੈ ਤੈਨੂੰ ਪ੍ਯਾਰੇ ਬੁਰੀ ਬੇ ਗ਼ਰੀਬਾਂ ਦੀ ਆਹ ਵਾਹ ਵਾਹ । 883 ।
ਅਹੋਣੀ[59] ਦਿਲਜਾਨੀ[60] ਢੋਲਨ[61] ਪਾਯਾ ਰੱਬ ਕੀਤਾ ਸਾਡੇਰੇ ਦਿਲ ਦਾ ਭਾਯਾ ।
ਬ੍ਰਜਮੋਹਨ ਘਨ ਪ੍ਯਾਰਿਯਾ ਪਪੀਹਾਂ ਦੇ ਘਰ ਆਯਾ । 909 ।
=ਸਾਂਵਲਾ ਸੋਹਣਾ ਮਿਠਾਬੋਲਨ ।
ਮਹਰਮ ਦਿਲਜਾਨੀ ਭੰਉਰਾ ਗੁਜ਼ਝ-ਗਲਾਂ[61a] ਦੀ ਘੁੰਡੀਯਾਂ[62] ਖੋਲਨ ।
ਜੀਵ ਜਿਵਾਂਦਾ ਗਾਵੰਦਾ ਭਾਵੰਦਾ ਆਵੰਦਾ ਨੀ ਲਟਕੇਂਦੜਾ[63] ਢੋਲਨ ।
ਪ੍ਰਾਨ ਪਪੀਹਾਂ ਦਾ ਆਨੰਦ ਘਨ ਰੱਤ ਦਿਹਾੜੇ ਛਡਿਯਾ ਕੋਲਨ[64] । 911 ।
=ਤੈਂਡਾ ਰੰਗ ਲਾਡਲਾ[65] ਕਾਨ੍ਹ ਜਸੋਦੇ ਹੋਵੇ ਜੀਉਣਾ ਜਾਗਣਾ[66] ।
ਇਸ ਦੀ ਬਲੈਯਾ ਮੈਨੂੰ ਲਗੋਂ ਅੰਖੜਿਯਾਂ ਦਾ ਲਾਗਣਾ ।
ਉਮਰ ਦਰਾਜ਼[67] ਕਰੋ ਰਬ ਸੈਯਾਂ ਤੁਝ ਜੇਹੀ ਕੇਹੀ ਬੜਭਾਗਣਾ ।
ਆਨੰਦਘਨ ਬ੍ਰਜਜੀਵਨ ਪ੍ਯਾਰਿਯਾ ਸਭ ਸਾਨੂੰ ਰਸ ਪਾਗਣਾ । 945 ।
=ਸ੍ਯਾਮ ਨੈਨਾਂ ਦੀ ਚੋਟ ਵੋ ਲਾਗੀ ਮੈਂਡੇ ਵੋ ।
ਜਬ ਤੇ ਕ੍ਰਿਪਾ ਕਰੀ ਨੰਦ ਨੰਦਨ ਮਿਟ ਗਈ ਕਰਮ ਦੀ ਖੋਟ ਵੋ ।
ਲਖ ਚੌਰਾਸੀ ਭਟਕਤ ਭਟਕਤ ਸ੍ਯਾਮ ਸਰਮ ਆਈ ਓਟ ਵੋ ।
ਆਨੰਦ ਘਨ ਘਨਸ੍ਯਾਮ ਮੋਹੇਂ ਮਿਲ ਗਏ ਮਨ ਮੈਂ ਰਹੀ ਕਹੁੰ ਟੋਟ ਵੋ । 1041 ।
=ਤੇਰੇ ਨੈਨਾਂ ਨੇ ਜੁਲਮ ਕਿਯਾ ਬੇ, ਸ੍ਯਾਮ ਤੇਰੇ ।
ਭੌਂਹੇਂ-ਕਮਾਨ[68] ਬਾਨ-ਕਟਾਛਨ[69] ਬੇਧਾ ਗ਼ਰੀਬਾਂ ਦਾ ਹਿਯਾਬੇ ।
ਰਹੰਦੇ ਮਸਤ ਮਹਾ ਮਤਵਾਰੇ ਖੰਜਨ ਮਧ[70] ਜੋ ਪਿਯਾਬੇ ।
ਆਨੰਦਘਨ ਬ੍ਰਜਮੋਹਨ ਜਾਨੀ ਮਨ ਮੋਹ ਅਸਾਡਾ ਲਿਯਾਬੇ । 1042 ।
=ਤੇਰੇ ਨਾਲ ਲਗੀ ਹੋ ਜਿੰਦ ਨਿਮਾਣੀ ।
ਕਿਤ ਬਲ ਕੂਕਾਂ ਕੋਈ ਨਹੀਂ ਸੁਨਦਾ ਸਾਡੀ ਦਰਦ ਕਹਾਨੀ ।
ਜੋ ਸੁਨ ਵੇਖਾਂ ਤੋ ਸੀ ਜੀਵਾਂ ਮਾਨ ਨ ਕਰ ਬੇ ਗੁਮਾਨੀ ।
ਆਨੰਦਘਨ ਹੂੰ ਤੂ ਤਰਸਾਵੀ ਵਾਰੀ ਵਾਰੀ ਓ ਦਿਲਜਾਨੀ । 1054 ।

ਪੈਰ-ਟਿੱਪਣੀਆਂ

1. ਕਾਮਦੇਵ 2. ਹਲਧਰ, ਭਗਵਾਨ ਕ੍ਰਿਸ਼ਨ ਦੇ ਵੱਡੇ ਭਰਾ ਬਲਰਾਮ ਹਲਧਰ ਦਾ ਵੀਰ-ਸ੍ਰੀ ਕ੍ਰਿਸ਼ਨ 3. ਖ਼ਤਾ, ਗੁਨਾਹ 4. ਘਮੰਡ, ਅਭਿਮਾਨ 5. ਦਾਸ, ਖ਼ਾਦਿਮ, ਆਦੇਸ਼ ਪਾਲਣ ਲਈ ਆਪ ਜੀ ਦਾ ਤਾਬੇਦਾਰ ਹੈ, 6. ਅੱਖ 7. ਖ਼ੂਬਸੂਰਤੀ, ਸੁੰਦਰਤਾ 8. ਇਸ਼ਾਰਿਆਂ ਦੀ ਛੁਰੀ 9. ਮੁਹਾਵਰਾ : ਦਿਲ ਚੁਰਾਨਾ, ਦਿਲ ਠਗਣਾ 10. ਗ਼ਰੀਬਮਾਰ ਕਰਨ ਵਾਲਾ, ਗ਼ਰੀਬਾਂ ਨਾਲ ਧੱਕਾ ਕਰਨ ਵਾਲਾ, ਨਿਮਾਣਿਆਂ ਤੇ ਫੰਦਾ ਪਾਉਣ ਵਾਲਾ

11. ਕਿਸੇ ਦੀ ਨਾ ਸੁਣਨ ਵਾਲਾ, ਬੇਹੁਦਰਾ, ਆਪ ਮੁਹਾਂਦਰਾ 12. ਪਵਿੱਤਰ 13. ਬੇਇਨਸਾਫ਼, ਭਾਵ ਹੈ ਅਨਿਆਇ, ਪੂਰਨ ਢੰਗ ਨਾਲ 14. ਪ੍ਰਾਣ ਪਿਆਰਾ, ਮਹਿਬੂਬ 15. ਦਿਨ ਰਾਤ 16. ਤਲਾਸ਼, ਜੁਸਤਜੂ, ਮੰਗ, ਕਾਮਨਾ 17. ਅਕਲ 18. ਕੋਸ਼ਿਸ਼, ਜਤਨ, ਵਿਦਿਆ 19. ਖ਼ਿੰਦਾਵਨ ਦਿਆਂ ਘਣਿਆਂ ਕਰੀਰ ਕੁੰਜਾਂ ਵਿਚ ਵਿਹਾਰ ਕਰਨ ਵਾਲਾ 20. ਗੋਪਾਂ ਦਾ ਮੁਖੀਆ, ਆਗੂ 21. ਮੇਰਾ 22. ਇਨ੍ਹਾਂ ਨੂੰ 23. ਪਕੜ ਸਕਣਾ 24. ਤੇਰੀ 25. ਫਸਿਆ ਹੋਇਆ 26. ਅਕੱਥਕਥਾ 27. ਘਮੰਡੀ 28. ਤੇਰੀ 29. ਬਾਸੁਰੀ, ਵੇਣੂ 30. ਮੇਰਾ 31. ਪਤੰਗ 32. ਸੋਹਣੀ, ਰੰਗ ਬਰੰਗੀ 33. ਨਿਰਾਲੀ 34. ਕਾਨ੍ਹ, ਕ੍ਰਿਸ਼ਨ 35. ਮੈਨੂੰ 36. ਧਿਆਨ, ਤੇਰਾ ਹੀ ਧਿਆਨ ਕਰਦੇ ਹਨ ਜਾਂ ਤੇਰੇ ਵੱਲ ਬੇਮੁਹਾਰੇ ਹੋ ਕੇ ਨੱਸਦੇ ਹਨ 37. ਤੇਰੇ 38. ਦੋ 39. ਆਨੰਦ ਦਾ ਮੂਲ 40. ਫੰਦਾ 41. ਫੰਦਾ ਪਾਉਣ ਵਾਲਾ 42. ਦਿਮਾਗ ਵਾਲਾ, ਚਤੁਰ 43. ਜਿਥੇ ਕਿੱਥੇ 44. ਲਾਪਰਵਾਹੀ 45. ਅੱਖਾਂ ਵਿਖਾਂਵਦਾ ਹੈ ਜਾਂ ਅੱਖਾਂ ਤਰੇਰਦਾ ਹੈ 46. ਜ਼ਰਾ 47. ਖੋਟ, ਕਸੂਰ 48. ਅੱਖਾਂ ਵਿਚ 49. ਜਹਾਨ, ਦੁਨੀਆ 50. ਤੁੱਛ, ਨਿਮਾਣੇ 51. ਦੁਬਲੇ 52. ਉਸੇ ਪਲ 53. ਪੀੜਾ

ਪਦਾਵਲੀ

1. ਜਾਦੂ 2. ਤਕੜਾ, ਜਵਾਨ 3. ਇਸ ਪਾਸੇ 4. ਚਿੰਮਟ ਗਈ, ਹੱਡੀਂ ਰਚ ਗਈ 5. ਬਿਰਹੋਂ ਦਾ ਰੋਗ, ਜੁਦਾਈ ਦਾ ਮਰਜ਼ 6. ਜਿਨ੍ਹਾਂ ਦਾ ਮਾਨ ਟੁੱਟ ਗਿਆ ਹੋਵੇ, ਮਾਨ ਵਿਹੂਣਿਆਂ 7. ਨਹੀਂ ਤੇ 8. ਬੇਨਤੀ 9. ਸੋਹਣਾ ਮੁਖੜਾ 10. ਤੇਰੇ ਬਿਨਾਂ 11. ਕਿਸ ਤਰ੍ਹਾਂ 12. ਬਰਸਾਤ ਦੀ ਮਿੱਠੀ ਫੁਹਾਰ ਵਾਂਗ ਸਾਰੀਆਂ ਸੰਵੇਦਨਾਵਾਂ ਨੂੰ ਟੁੰਬਦਾ ਹੋਇਆ ਆਵੀਂ 13. ਕਿਤੇ ਵੀ 14. ਭੰਭੀਰੀ 15. ਗਹਿਰਾ, ਤਕੜਾ 16. ਪ੍ਰੇਮ ਪਿਆਲਾ 17. ਵੇ ਘਮੰਡੀਆਂ ਮੇਰੀ ਮਾਨ ਵਿਹੂਣੀ ਦਾ ਮਾਨ ਤੂੰ ਹੀ ਹੈਂ 18. ਦਾਸੀ, ਖ਼ਾਦਿਮਾ 19. ਕਦੋਂ ਤਕ 20. ਗੁੱਝੀ, ਗਹਿਰੀ ਸੱਟ 21. ਕਿਸ ਤਰਫ਼ 22. ਵੈਣ 23. ਰੁਝਾਨ-ਸਤਨਾ ਵਾਲੀ ਵਾਲੀ ਹੱਥ-ਲਿਖਤ ਪ੍ਰਤੀ ਵਿਚ 'ਮਾਇਲ' ਦੀ ਥਾਂ 'ਘਾਇਲ' ਸ਼ਬਦ ਹੈ। ਇਹ ਸ਼ਬਦ ਜ਼ਿਆਦਾ ਢੁੱਕਵਾਂ ਲੱਗਦਾ ਹੈ, ਇਵੇਂ ਹੀ 20. ਟਿੱਪਣੀ ਵਿਚ 'ਗੁੱਜੇ' ਦੀ ਥਾਂ ਤੇ 'ਗੁਝੇ' ਸ਼ਬਦ ਦੀ ਵਰਤੋਂ ਕੀਤੀ ਗਈ। 'ਮਹੋਣੀ' ਦੇ ਸਥਾਨ ਤੇ ਲੰਦਨ ਵਾਲੀ ਪ੍ਰਤੀ ਵਿਚ ਸੈਯੋਨੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਪਰ 'ਸਹੋਣੀ' ਸ਼ਬਦ ਹੀ ਢੁੱਕਵਾਂ ਜਾਪਦਾ ਹੈ। 24. ਦੀਵਾਰ ਦੀ ਸ਼ਰਾਬ, ਦੀਦਾਰ ਦੀ ਹਵਾ 25. ਬਿਨਾ 26. ਨਿਰਦਈ, ਨਿਡਰ, ਨਿਰਮੋਹੀ 27. ਸਤਨਾ ਵਾਲੀ ਹੱਥ ਲਿਖਤ ਪ੍ਰਤੀ ਵਿਚ 'ਗਹਯਾ' ਦੀ ਜਗ੍ਹਾ 'ਗੱਲਾਂ' ਸ਼ਬਦ ਹੈ। ਇਹ ਸ਼ਬਦ ਜ਼ਿਆਦਾ ਮੁਨਾਸਿਬ ਲੱਗਦਾ ਹੈ। 28. ਕਿਸ ਨੂੰ 29. ਇਹ ਪਾਠ ਭ੍ਰਾਮਕ ਭਾਸਦਾ ਹੈ-ਅੰਦਾਜਨ ਇਹ ਪਾਠ ਦੀਦਾਂ ਨੂੰ ਨੇ 'ਤਰਸਾਵੀ' ਹੋ ਸਕਦਾ ਹੈ, ਇਹ ਭੁੱਲ ਲਿਪਿਕ ਦੇ ਪੱਧਰ ਦੀ ਹੋ ਸਕਦੀ ਹੈ। 29a. ਘੁੰਮਦੀ, ਫੇਰੀਆ 30. ਰੰਗ ਰੰਗੀਲਾ 31. ਹੁਸਨ, ਖ਼ੂਬਸੂਰਤੀ, ਸੁਹੱਪਣ 32. ਖਾਹਿਸ਼, ਇੱਛਾ 33. ਕ੍ਰਿਪਾ ਦ੍ਰਿਸ਼ਟੀ 34. ਸੋਹਣੇ-ਮਨਮੋਹਣੇ ਪ੍ਰੀਤਮ 35. ਚਾਹੁੰਦਾ ਹੈ 36. ਦਰਮੰਦ ਦੁਖੀਆ 37. ਬਹੁਤੇਰਾ 38. ਪਹਰੇਦਾਰੀ ਕਰਨਾ 39. ਹਮਾਰਾ, ਅਸਾਡਾ 40. ਗਹਿਰੀ, ਗੁੱਝੀ 41. ਰਸਤਾ, ਪੈਂਡਾ 42. ਇੰਤਜ਼ਾਰ ਕਰਾਂ 43. ਖੜੀ-ਖੜੀ 44. ਪਰਮਾਤਮਾ ਵੱਲ 45. ਮਧੁਭਾਖੀ, ਮਿੱਠੇ ਬੋਲ, ਮਿਸ਼ਰੀ ਘੁਲੇ, ਮਿਸ਼ਰੀ ਘੁਲੇ ਬੋਲ ਬੋਲਣ ਵਾਲਾ 46. ਪ੍ਰੀਤਮ, ਮਹਿਬੂਬ 47. ਚੰਗਾ 48. ਤੇਰੇ ਤਕ, ਤੇਰੇ ਤੇ 49. ਦਰਸ਼ਨ-ਦੀਦਾਰ ਦੇ ਮੰਗਤੇ 50. ਹੱਥੋ ਹੱਥ 51. ਸੁੰਦਰਤਾ ਦੇ ਪੁਜਾਰੀ 52. ਗਰੀਬੜੀ 53. ਸੋਹਣਾ, ਖ਼ੂਬਸੂਰਤ 54. ਵਿਖਲਾਵੀ 55. ਅਰੀ 56. ਦਿਲਜਾਨੀ, ਦਿਲਬਰ 57. ਵੈਣ-ਕੀਰਨੇ ਪਾਉਂਦੀ, ਵਿਰਲਾਪ ਕਰਦੀ 58. ਗਰਮ 59. ਹੇ ਸਹੇਲੀ 60. ਪ੍ਰੀਤਮ, ਪਿਆਰਾ 61. ਦੁਲਹਾ, ਭਰਤਾਰ 61a. ਖੁਫੀਆ, ਰਾਜ ਭਰੀਆ ਗੱਲਾਂ 62. ਗੁੰਝਲਾਂ, ਗੰਢਾਂ 63. ਲਟਕੇ ਮਾਰਦਾ, ਆਪਣੀ ਬਾਕੀ ਟੋਰ ਨਾਲ ਮੁੱਠ ਚਲਾਉਣ ਵਾਲਾ 64. ਕੋਲ, ਪਾਸ 65. ਰੰਗੀਲਾ, ਰਸੀਆ 66. ਖਵਾਜੇ ਜਿੰਨੀ ਲੰਬੀ ਉਮਰ ਵਾਲਾ 67. ਲੰਬੀ-ਉਮਰ ਵਾਲਾ, ਚਿਰੰਜੀਵੀ 68. ਭਰਵੱਟਿਆਂ ਦਾ ਧੁਨਸ਼ 69. ਨੈਣਾਂ ਦੇ ਤੀਰ 70. ਸ਼ਰਾਬ।

ਪਰਿਸ਼ਿਸ਼ਟ

ਖਤ=1

.....ਫਿਰ ਦਿੱਲੀ ਮੇਂ ਰਹਨੇ ਕੇ ਕਾਰਣ ਪੰਜਾਬੀ ਭਾਸ਼ਾ ਕਾ ਗਿਆਨ ਹੋਨਾ ਪੂਰਣਤਯਾ ਸੰਭਵ ਹੈ। ਸੁਜਾਨ ਭੀ ਪੰਜਾਬੀ ਭਾਸ਼ਾ ਜਾਨਤੀ ਰਹੀ ਹੈ, ਯਹ ਹੋ ਸਕਤਾ ਹੈ, ਪਰ ਉਸ ਕੇ ਨਾਮ ਪਰ ਜਿਸ ਰਚਨਾ ਕੀ ਸੰਭਾਵਨਾ ਕੀ ਜਾਤੀ ਹੈ, ਉਸਮੇਂ ਉਸਕਾ ਉਰਦੂ ਜਾਨਨਾ ਹੀ ਪ੍ਰਮਾਣਿਤ ਹੋਤਾ ਹੈ.....ਫਿਰ ਭੀ ਜੋ ਸੰਭਾਵਨਾਏਂ ਆਪ ਨੇ ਕੀ ਹੈਂ, ਵੇ ਭੀ ਕੀ ਜਾ ਸਕਤੀ ਹੈਂ.....

–ਵਿਸ਼ਵਨਾਥ ਪ੍ਰਸਾਦ ਮਿਸ਼੍ਰ
–ਕਾਸ਼ੀ

ਖਤ=2

ਵ੍ਰਿੰਦਾਵਨ ਮੈਂ ਉਸ ਸਮਯ ਔਰ ਅਬ ਭੀ ਵਿਭਿੰਨ ਪ੍ਰਾਂਤੋ ਕੇ ਵੈਸ਼ਣਵ ਰਹਤੇ ਥੇ....ਘਨਾਨੰਦ ਨਾਗਰੀ ਦਾਸ ਕੀ ਮੰਡਲੀ ਮੇਂ ਥੇ.....ਸੰਪਰਕ-ਜਨ੍ਯ ਭਾਸ਼ਾ-ਕੌਤੁਕ ਕਾਵਿ ਨੇ ਦਿਖਾਯਾ ਹੈ....

–ਮਨੋਹਰ ਲਾਲ ਗੌੜ, ਅਲੀਗੜ੍ਹ

ਘਨਾਨੰਦ ਦੀਆਂ ਹਿੰਦੀ ਰਚਨਾਵਾਂ

1. ਸੁਜਾਨ ਹਿਤ
2. ਕ੍ਰਿਪਾਕੰਦ ਨਿਧਿ
3. ਵਿਯੋਗ ਬੇਲਿ
4. ਇਸ਼ਕਲਤਾ
5. ਯਮੁਨਾ ਯਸ਼
6. ਪ੍ਰੀਤਿਪਾਵਸਾ
7. ਪ੍ਰੇਮ ਪਤ੍ਰਿਕਾ
8. ਪ੍ਰੇਮ ਸਰੋਵਰ
9. ਬ੍ਰਜ ਵਿਲਾਸ
10. ਸਰਸ ਬਸੰਤ
11. ਅਨੁਭਵ ਚੰਦ੍ਰਿਕਾ
12. ਰੰਗਬਧਾਈ
13. ਪ੍ਰੇਮ-ਪੱਧਤੀ
14. ਬ੍ਰਿਸ਼ਭਾਨ੍ ਪੁਰ ਸੁਸ਼ਮਾ
15. ਗੋਕੁਲ ਗੀਤ
16. ਕਾਮ ਮਾਧੁਰੀ
17. ਗਿਰਿਪੂਜਨ
18. ਵਿਚਾਰ ਸਾਰ
19. ਦਾਨ ਘਟਾ
20. ਭਾਵਨਾ ਪ੍ਰਕਾਸ਼
21. ਕ੍ਰਿਸ਼ਨ ਕੌਮੁਦੀ
22. ਧਾਰਾ ਚਮਤਕਾਰ
23. ਪ੍ਰਿਯਾ ਪ੍ਰਸਾਦ
24. ਵ੍ਰਿੰਦਾਵਨ ਮੁਦ੍ਰਾ
25. ਬ੍ਰਜ ਸਵਰੂਪ
26. ਗੋਕੁਲ ਚਰਿਤ੍
27. ਪ੍ਰੇਮ ਪਹੇਲੀ
28. ਰਸਨਾਯਸ਼
29. ਗੋਕੁਲ ਵਿਨੋਦ
30. ਬ੍ਰਜ ਪ੍ਰਸਾਦ
31. ਮੁਰਲਿਕਾ ਮੋਦ
32. ਮਨੋਰਥ ਮੰਜਰੀ
33. ਬ੍ਰਜ ਬ੍ਯਵਹਾਰ
34. ਗਿਰਿਗਾਥਾ
35. ਬ੍ਰਜ ਵਰਣਨ
36. ਛੰਦਾਸ਼ਟਕ
37. ਤ੍ਰਿਭੰਗੀ ਛੰਦ
38. ਕਵਿੱਤ ਸੰਗ੍ਰਹ
39. ਸਫੁਟ
40. ਪਦਾਵਲੀ
41. ਪਰਮ ਰੰਗ ਵੰਸਾਵਲੀ

(ਇਹ ਰਚਨਾਵਾਂ ਛੱਤਰਪੁਰ ਅਤੇ ਵ੍ਰਿੰਦਾਵਨ ਵਾਲੇ ਸੰਗ੍ਰਹਿ ਵਿਚ ਸੰਕਲਿਤ ਹਨ)

ਪੰਜਾਬ ਅਤੇ ਹਰਿਆਣਾ ਦੇ ਲੋਕ-ਗੀਤ : ਸੰਸਕ੍ਰਿਤਿਕ ਭਾਵ-ਸਮਾਨਤਾ

ਸ਼੍ਰੀ ਭਗਵਾਨ ਦਾਸ 'ਮਜਬੂਰ'

ਗੀਤ ਦਾ ਇਤਿਹਾਸਿਕ ਪਿਛੋਕੜ

"ਕਵਿਤਾ ਸਾਹਿੱਤ ਦਾ ਇਕ ਕੋਮਲਤਮ ਅੰਸ਼ ਹੈ ਅਤੇ ਕਵਿਤਾ ਦੀ ਮਧੁਰਤਮ ਉਪਜ ਹੈ ਗੀਤ। ਮਨੁੱਖ ਦੇ ਹਿਰਦੇ ਵਿਚ ਜਦ ਭਾਵਾਂ ਦਾ ਜੁਆਰ ਉਠਿਆ, ਉਹ ਛੰਦ-ਬੱਧ ਸ਼ਬਦਾਂ ਵਿਚ ਸਾਕਾਰ ਹੋ ਕੇ ਸੰਗੀਤਕ ਲਹਿਰਾਂ ਵਿਚ ਥਿਰਕ ਉਠਿਆ। ਸੰਗੀਤ ਭਾਵਾਂ ਵਿਚ ਡੁੱਬ ਗਿਆ ਅਤੇ ਭਾਵ ਸੰਗੀਤ ਵਿਚ, ਇਥੋਂ ਹੀ ਗੀਤ ਦਾ ਜਨਮ ਹੋਇਆ।"[1] ਇਹ ਤਾਂ ਹੋਈ ਗੀਤ ਦੀ ਸ਼ਾਸਤਰੀ ਪਰਿਭਾਸ਼ਾ। ਲੋਕ ਗੀਤਾਂ ਬਾਰੇ ਜੋ-ਜੋ ਵਿਆਖਿਆ ਡਾ. ਐਮ.ਐਸ. ਰੰਧਾਵਾ ਨੇ ਕੀਤੀ ਹੈ ਉਹ ਆਪਣੀ ਮਿਸਾਲ ਆਪ ਹੈ। ਉਨ੍ਹਾਂ ਅਨੁਸਾਰ "ਪਿੰਡਾਂ ਵਾਲੇ ਜਿਸ ਤਰ੍ਹਾਂ ਖਾਣ ਲਈ ਕਣਕ ਬੀਜ ਲੈਂਦੇ ਹਨ ਅਤੇ ਪਾਣ ਲਈ ਕਪਾਹ ਬੀਜ ਕੇ ਜੁਲਾਹਿਆਂ ਕੋਲੋਂ ਕਪੜਾ ਉਣਾ ਲੈਂਦੇ ਹਨ, ਉਸੇ ਤਰ੍ਹਾਂ ਜੀਵਨ ਨੂੰ ਹੁਲਾਰਾ ਦੇਣ ਲਈ ਉਹ ਗੀਤ ਵੀ ਘੜ ਲੈਂਦੇ ਹਨ। ਜਿਵੇਂ ਕਣਕ ਤੇ ਕਪਾਹ ਆਮ ਘਾਹ-ਬੂਟ ਤੋਂ ਸਦੀਆਂ ਦੀ ਤਰੱਕੀ ਪਿੱਛੋਂ ਬਣੀਆਂ ਹਨ, ਇਸੇ ਤਰ੍ਹਾਂ ਇਹ ਗੀਤ ਵੀ ਕਈ ਪੀੜ੍ਹੀਆਂ ਦੀ ਘਾਲ ਹਨ। ਕਿਸੇ ਇਕ ਕਵੀ ਨੇ ਇਕ ਥਾਂ ਬੈਠ ਕੇ ਨਹੀਂ ਲਿਖੇ, ਸਗੋਂ ਕਈ-ਕਈ ਨਸਲਾਂ ਇਨ੍ਹਾਂ ਨੂੰ ਜੋੜਦੀਆਂ, ਮਾਂਜਦੀਆਂ, ਸੰਵਾਰਦੀਆਂ ਤੇ ਲਿਸ਼ਕਾਂਦੀਆਂ ਰਹੀਆਂ। ਜੁਗਾਂ ਦੀ ਇਸ ਸਾਂਝੀ ਮਿਹਨਤ ਨੇ ਇਨ੍ਹਾਂ ਨੂੰ ਅਤਿ ਸੁਹਣਾ ਅਤੇ ਹੌਲਾ ਬਣਾ ਦਿੱਤਾ ਹੈ। ਜਿਵੇਂ ਨਦੀਆਂ ਵਿਚ ਪਏ ਪੱਥਰ ਘਸ-ਘਸ ਕੇ ਗੋਲ ਅਤੇ ਕੂਲੇ ਹੋ ਜਾਂਦੇ ਹਨ, ਇਹ ਗੀਤ ਵੀ ਰਸ-ਰਸ ਕੇ ਹੁਣ ਇੰਨੇ ਸੁੰਦਰ ਤੇ ਸਵੱਛ ਹੋ ਗਏ ਹਨ ਕਿ ਇਨ੍ਹਾਂ ਵਿਚ ਇਕ ਅੱਖਰ ਵਿਸਰ ਜਾਵੇ ਤੇ ਉਸ ਦੀ ਥਾਂ ਕੋਈ ਆਪਣੇ ਕੋਲੋਂ ਪਾਈਏ ਤਾਂ ਗੀਤ ਵਿਚ ਝੋਲ ਪੈਂਦੀ ਹੈ, ਰਗੜ ਲੱਗਦੀ ਹੈ। ਗੀਤ ਮੂੰਹ ਉੱਤੇ ਨਹੀਂ ਚੜ੍ਹਦਾ।"[2]

ਇਤਿਹਾਸ, ਧਰਮ ਅਤੇ ਵਿਗਿਆਨ ਇਸ ਤੱਥ ਬਾਰੇ ਇਕ-ਮੱਤ ਹਨ ਕਿ ਜਦ ਈਸ਼ਵਰ ਨੇ ਪ੍ਰਿਥਵੀ ਦੀ ਰਚਨਾ ਕੀਤੀ ਤਾਂ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਲਈ ਸਭ ਤੋਂ ਪਹਿਲਾਂ ਬਨਸਪਤੀ ਉਪਜਾਈ ਅਤੇ ਨਾਲ ਹੀ ਮਨੁੱਖ ਨੂੰ ਚਿੰਤਨ-ਸ਼ਕਤੀ ਦੀ ਦਾਤ ਨਾਲ ਮਾਲਾ ਮਾਲ ਵੀ ਕਰ ਦਿੱਤਾ। ਇਸ ਚਿੰਤਨ-ਸ਼ਕਤੀ ਨੇ ਮਨੁੱਖ ਅੰਦਰ ਆਤਮ-ਪ੍ਰਕਾਸ਼ਨ ਦੀ ਭਾਵਨਾ ਜਗਾਈ ਜਿਸ ਨੇ ਮਨੁੱਖ ਨੂੰ ਪ੍ਰਾਕ੍ਰਿਤਿਕ ਵਸਤੂਆਂ ਦੀ ਵਰਤੋਂ ਤੋਂ ਛੁੱਟ ਉਨ੍ਹਾਂ ਵਿਚਲੀ ਸੁੰਦਰਤਾ ਦੀ ਹੋਂਦ ਵੀ ਅਨੁਭਵ ਕਰਾਈ ਜਿਸ ਦੀ ਅਭਿਵਿਅਕਤੀ ਲਈ ਮਨੁੱਖ ਨੇ ਯੋਗ ਸ਼ਬਦਾਂ ਦੀ ਤਰਤੀਬ ਨਾਲ ਆਪਣੇ ਜਜ਼ਬਾਤ ਪ੍ਰਗਟ ਕੀਤੇ। ਇਹੋ ਜਜ਼ਬਾਤ ਕਵਿਤਾ ਅਖਵਾਏ ਅਤੇ ਫਿਰ ਕਵਿਤਾ ਵਿਚੋਂ ਗੀਤਾਂ ਦਾ ਜਨਮ ਹੋਇਆ। ਕਵਿਤਾ ਅਤੇ ਗੀਤਾਂ ਨੇ ਮਨੁੱਖ ਦੇ ਹਿਰਦੇ ਵਿਚ ਹੁਲਾਸ ਭਰ ਦਿੱਤਾ। ਇਸ ਹੁਲਾਸ ਨੇ ਉਸ ਅੰਦਰ ਅੱਗੇ ਵਧਣ ਦੀ ਭਾਵਨਾ ਤੇ ਸ਼ਕਤੀ ਪੈਦਾ ਕੀਤੀ। ਮਨੁੱਖ ਨੇ ਆਪਣੀਆਂ ਨਿਤ ਦੀਆਂ ਲੋੜਾਂ ਦੀ ਪੂਰਤੀ ਲਈ ਨਵੀਆਂ-ਨਵੀਆਂ ਖੋਜਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਸ ਮੰਤਵ ਦੀ ਪੂਰਤੀ ਲਈ ਕਸ਼ਟ ਵੀ ਸਹਿਣੇ ਪਏ, ਪ੍ਰਿਕ੍ਰਿਤੀ ਦੀਆਂ ਵੱਖ-ਵੱਖ ਸ਼ਕਤੀਆਂ ਨਾਲ ਵੀ ਟੱਕਰ ਲੈਣੀ ਪਈ। ਮਨੁੱਖ ਕਿਤੇ ਜਿੱਤਿਆ, ਕਿਤੇ ਹਾਰਿਆ, ਪਰ ਰੁਕਿਆ ਨਹੀਂ। ਦਿਨ ਭਰ ਦੀ ਥਕਾ ਦੇਣ ਵਾਲੀ ਕਰੜੀ ਮਿਹਨਤ ਪਿੱਛੋਂ ਸੁਸਤਾਣ ਲਈ ਜਾਂ ਪ੍ਰਾਪਤ ਸਫਲਤਾ ਦਾ ਆਨੰਦ ਮਾਣਨ ਲਈ ਉਸ ਨੇ ਗੀਤਾਂ ਦੀ ਰਚਨਾ ਕੀਤੀ।

ਗੀਤਾਂ ਦੀ ਪਰਿਭਾਸ਼ਾ : ਗੀਤਾਂ ਦੇ ਇਤਿਹਾਸਿਕ ਪਿਛੋਕੜ ਪਿੱਛੋਂ ਗੀਤਾਂ ਦੀ ਪਰਿਭਾਸ਼ਾ ਵੱਲ ਆਉਂਦੇ ਹਾਂ। ਵੱਖ-ਵੱਖ ਵਿਦਵਾਨਾਂ ਨੇ ਗੀਤਾਂ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਹੈ :

ਮਿ. ਏ. ਆਰ. ਐਨਵਿਸਲ (A. R. Entwistle) ਅਨੁਸਾਰ–'ਗੀਤ ਕਵੀ ਦੇ ਅੰਤਰ-ਜਗਤ ਅਰਥਾਤ ਉਸ ਦੇ ਦੁਖ-ਸੁਖ, ਖੁਸ਼ੀ-ਗਮੀ ਅਤੇ ਉਤਸ਼ਾਹ ਦੀ ਗੂੰਜ ਹੁੰਦੇ ਹਨ।[3] ਮਹਾਦੇਵੀ ਵਰਮਾ ਅਨੁਸਾਰ ਦੁਖ-ਸੁਖ ਦੀ ਭਾਵਾਵੇਸ਼ਮਈ ਅਵਸਥਾ-ਵਿਸ਼ੇਸ਼ ਦਾ ਗਿਣੇ ਮਿੱਥੇ ਅਤੇ ਨਪੇ-ਤੁਲੇ ਸ਼ਬਦਾਂ ਵਿਚ ਸਵਰ-ਸਾਧਨਾ ਦੀ ਯੋਗ ਵਰਤੋਂ ਕਰ ਦੇਣਾ ਹੀ ਗੀਤ ਹੈ।[4] ਆਚਾਰੀਆ ਸ਼ਾਮ ਸੁੰਦਰ ਦਾਸ ਦਾ ਕਥਨ ਹੈ ਕਿ 'ਗੀਤ ਵਿਚ ਕਵੀ ਆਪਣਾ ਅੰਦਰਲਾ ਸਾਫ਼-ਸਾਫ਼ ਪ੍ਰਗਟ ਕਰ ਦਿੰਦਾ ਹੈ। ਉਹ ਆਪਣੀਆਂ ਭਾਵਨਾਵਾਂ ਅਤੇ ਅਨੁਭਵਾਂ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਦੀ ਭਾਵਾਤਮਕ ਅਭਿਵਿਅਕਤੀ ਕਰਦਾ ਹੈ। ਸ਼ਬਦਾਂ ਦੀ ਸਾਧਨਾ ਦੇ ਨਾਲ-ਨਾਲ ਸੁਰ (ਸੰਗੀਤ) ਦੀ ਸਾਧਨਾ ਵੀ ਹੁੰਦੀ ਹੈ।[5] ਸਰ ਰਾਮਾ ਸੁਆਮੀ ਆਇਰ ਅਨੁਸਾਰ–"ਲੋਕ-ਗੀਤ ਸਮੇਂ ਦੇ ਸਮਾਜ ਦੀ ਸਹੀ ਅਤੇ ਲੈਅ-ਭਰਪੂਰ ਤਸਵੀਰ ਹੁੰਦੇ ਹਨ। ਕਿਸੇ ਦੇਸ਼ ਦੀ ਸਭਿਅਤਾ, ਸਦਾਚਾਰ, ਨਿਸ਼ਚੇ, ਰਿਵਾਇਤਾਂ ਅਤੇ ਸਮੇਂ-ਸਮੇਂ ਹੋਏ ਪਰਿਵਰਤਨਾਂ ਬਾਰੇ ਇਤਿਹਾਸ ਇਤਨਾ ਸਪਸ਼ਟ ਨਹੀਂ ਹੁੰਦਾ ਜਿਤਨਾ ਕਿ ਗੀਤ ਜਾਂ ਲੋਕ-ਗੀਤ"।[6]

ਮਨੁੱਖ ਨੇ ਪ੍ਰਕ੍ਰਿਤੀ ਦੀ ਸੁੰਦਰਤਾ ਤੇ ਵੰਨ-ਸੁਵੰਨਤਾ ਤੋਂ ਪ੍ਰੇਰਿਤ ਹੋ ਕੇ ਨੀਲੇ ਆਕਾਸ਼, ਜੰਗਲਾਂ ਦੀਆਂ ਹਰਿਆਲੀਆਂ, ਸਵੇਰਾਂ ਤੇ ਸੰਝਾਂ, ਮੀਹਾਂ, ਝਖੜਾਂ, ਪੌਣਾਂ ਤੇ ਪੰਛੀਆਂ, ਬੱਦਲਾਂ, ਪਰਬਤਾਂ ਦੇ ਰੂਪ ਵਿਚ ਖਿਲਰੀ ਮਨੁੱਖੀ ਪ੍ਰਕ੍ਰਿਤੀ ਉੱਤੇ ਡੁਲ੍ਹ ਕੇ, ਮਸਤ ਹੋ ਕੇ, ਮਨ ਵਿਚ ਹੁਲਾਰਾ ਖਾ ਕੇ ਜੋ ਕੁਝ ਸੁਭਾਵਿਕ ਜੇਹਾ ਬੋਲ ਦਿੱਤਾ, ਗੁਣਗੁਣਾ ਦਿੱਤਾ, ਉਹ ਗੀਤ ਦਾ ਰੂਪ ਧਾਰ ਗਿਆ ਜਿਸ ਦੀ ਉਮਰ ਦਾ ਸਹੀ ਅਨੁਮਾਨ ਨਹੀਂ ਲਾਇਆ ਜਾ ਸਕਦਾ।[7] 'ਲੋਕ ਗੀਤ ਕੁਦਰਤ ਦੀ ਬੋਲੀ ਹਨ'। ਇਹ ਕਿਸੇ ਦੇਸ਼ ਜਾਂ ਇਲਾਕੇ ਦੇ ਲੋਕਾਂ ਦੇ ਸੰਸਕਾਰਾਂ, ਸਮਾਜਿਕ ਬਣਤਰਾਂ, ਪਰੰਪਰਾਵਾਂ ਅਤੇ ਧਾਰਮਿਕ ਵਿਸ਼ਵਾਸਾਂ ਦੀ ਤਰਜਮਾਨੀ ਕਰਦੇ ਹਨ। ਇਨ੍ਹਾਂ ਦੀ ਰਚਨਾ ਸਿੱਧੇ ਤੇ ਸਾਦਾ ਦਿਲ ਲੋਕ ਕਰਦੇ ਹਨ, ਇਸੇ ਲਈ ਲੋਕ-ਗੀਤ ਬੌਧਿਕਤਾ ਨਾਲੋਂ ਭਾਵਨਾ ਦਾ ਪ੍ਰਗਟਾ ਵਧੇਰੇ ਈਮਾਨਦਾਰੀ ਅਤੇ ਬਿਨਾ ਵੱਲ ਛਲ ਦੇ ਕਰਦੇ ਹਨ। ਇਹ ਕੂੜੀ ਰਾਜਨੀਤੀ ਦੀ ਲਾਗ ਤੋਂ ਅਣਵਿੱਧੇ ਮੋਤੀਆਂ ਵਾਂਗ ਅਭਿਜ ਤੇ ਸੁੱਚੇ ਹੁੰਦੇ ਹਨ।

ਉਪਰੋਕਤ ਪਰਿਭਾਸ਼ਾਵਾਂ ਤੋਂ ਸਿੱਧ ਹੁੰਦਾ ਹੈ ਕਿ ਗੀਤ ਅਨੂਠੀ ਭਾਸ਼ਾ-ਸ਼ੈਲੀ ਵਿਚ ਤੀਬਰਤਮ ਨਿੱਜੀ ਭਾਵਾਵੇਸ਼ ਦੀ ਅਤਿ ਸੰਖਿਪਤ ਅਤੇ ਸੰਗੀਤਾਤਮਕ ਅਭਿਵਿਅਕਤੀ ਹੁੰਦੇ ਹਨ। ਵੱਖ-ਵੱਖ ਵਿਦਵਾਨਾਂ ਨੇ ਗੀਤਾਂ ਦੀ ਸ਼੍ਰੇਣੀ-ਵੰਡ ਕੀਤੀ ਹੈ। ਸ੍ਰੀ ਓਮ ਪ੍ਰਕਾਸ਼ ਮਹੇਸ਼ਵਰੀ ਨੇ ਗੀਤਾਂ ਨੂੰ ਅੱਠ ਮੁੱਖ ਸ਼੍ਰੇਣੀਆਂ ਵਿਚ ਇਸ ਪ੍ਰਕਾਰ ਵੰਡਿਆ ਹੈ :

(1) ਸ਼ਿੰਗਾਰ-ਗੀਤ
(2) ਭਗਤੀ-ਪਰਕ-ਗੀਤ
(3) ਸਮਾਜਿਕ-ਗੀਤ
(4) ਰਾਸ਼ਟਰੀ-ਗੀਤ
(5) ਵਿਅੰਗ-ਗੀਤ
(6) ਸ਼ੋਕ-ਗੀਤ
(7) ਸੰਬੋਧਨ-ਗੀਤ
(8) ਬਾਲ-ਗੀਤ

ਵੱਖ-ਵੱਖ ਸਮਾਜ/ਸੰਸਕ੍ਰਿਤੀਆਂ ਦੇ ਲੋਕ-ਗੀਤਾਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ "ਦੂਰ-ਦੂਰ ਦੇ ਦੇਸ਼ਾਂ ਵਿਚ ਰਹਿਣ ਵਾਲੇ ਲੋਕਾਂ ਵਿਚ ਉਨ੍ਹਾਂ ਦੇ ਵਿਚਾਰਾਂ, ਭਾਵਨਾਵਾਂ, ਧਾਰਮਿਕ ਵਿਸ਼ਵਾਸਾਂ ਦੇ ਪੱਖੋਂ ਕਾਫ਼ੀ ਭਾਵ-ਸਮਾਨਤਾ ਹੈ ਅਤੇ ਸਾਰੇ ਸਮਾਜਾਂ ਦੇ ਵਰਤਮਾਨ ਰੂਪ ਵਿਚ ਵਿਕਾਸ ਲਗਭਗ ਇਕੋ ਜੇਹੀਆਂ ਪਰਿਸਥਿਤੀਆਂ ਪਾਰ ਕਰ ਕੇ ਹੋਇਆ ਹੈ।"[8]

ਉਪਰੋਕਤ ਭਾਵ-ਸਮਾਨਤਾ ਦਾ ਮੁੱਖ ਕਾਰਨ ਮਨੁੱਖ-ਜਾਤੀ ਦੀਆਂ ਪ੍ਰਮੁੱਖ ਬੁਨਿਆਦੀ ਲੋੜਾਂ, ਖਾਣ-ਪੀਣ, ਪਹਿਰਾਵਾ, ਰਹਿਣੀ-ਬਹਿਣੀ, ਦੁੱਖ-ਸੁਖ, ਖੁਸ਼ੀ-ਗਮੀ ਦੇ ਪ੍ਰਗਟਾ ਆਦਿ ਦੀ ਸਾਂਝ ਹੈ। ਜਲ-ਵਾਯੂ ਦੀ ਭਿੰਨਤਾ

ਕਾਰਨ ਵਰਤੋਂ ਦੇ ਤਰੀਕੇ ਭਿੰਨ ਹੋ ਸਕਦੇ ਹਨ, ਪਰ ਬੁਨਿਆਦੀ ਲੋੜਾਂ ਵਿਚ ਸਾਰੇ ਵਿਸ਼ਵ ਦੇ ਮਨੁੱਖਾਂ ਦੀ ਸਾਂਝ ਇਕੋ ਜੇਹੀ ਹੈ। ਹਰ ਮਨੁੱਖ ਨੂੰ ਆਪਣੇ ਜੀਵਨ-ਕਾਲ ਵਿਚ ਦੁੱਖਾਂ-ਸੁੱਖਾਂ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਖ਼ੁਸ਼ੀ ਵੇਲੇ ਹਰ ਮਨੁੱਖ ਖ਼ੁਸ਼ੀ ਦਾ ਪ੍ਰਗਟਾ ਨਿੱਜੀ ਤੌਰ ਉੱਤੇ ਗਾ ਕੇ, ਨੱਚ ਕੇ, ਜਾਂ ਸਮੂਹਿਕ ਇਕੱਠਾਂ ਵਿਚ ਕਰਦਾ ਹੈ। ਇਸੇ ਤਰ੍ਹਾਂ ਗ਼ਮੀ ਵੇਲੇ ਰੁਦਨ ਵੀ ਇਕ ਸਾਂਝਾ ਜਜ਼ਬਾ ਹੈ ਜੋ ਹਰ ਦੇਸ਼ ਦੇ ਵਾਸੀਆਂ ਵਿਚ ਬਿਨਾ ਮਿਲੇ ਜੁਲੇ ਵੀ, ਇਕੋ ਜੇਹਾ ਵੇਖਿਆ ਜਾ ਸਕਦਾ ਹੈ। ਪਿਆਰ ਦੀ ਸਾਂਝ ਵੀ ਹਰ ਮਨੁੱਖ ਦਾ ਸਾਂਝਾ ਜਜ਼ਬਾ ਹੈ।

ਅਨੁਮਾਨ ਹੈ ਕਿ ਸਭ ਤੋਂ ਪਹਿਲਾ ਗੀਤ ਉਦੋਂ ਹੋਂਦ ਵਿਚ ਆਇਆ ਹੋਵੇਗਾ ਜਦੋਂ ਆਦਿ ਮਨੁੱਖ ਜਾਂ ਮਨੁੱਖਾਂ ਦੇ ਕਿਸੇ ਸਮੂਹ ਨੇ ਆਪਣੇ ਪੇਟ ਦੀ ਅੱਗ ਬੁਝਾਣ ਲਈ ਕਿਸੇ ਜਾਨਵਰ ਦਾ ਕਿਸੇ ਪ੍ਰਾਪਤ ਸ਼ਿਕਾਰ-ਸਾਧਨ ਨਾਲ ਸ਼ਿਕਾਰ ਕੀਤਾ ਹੋਵੇਗਾ ਜਾਂ ਕਿਸੇ ਜਾਨਵਰ ਹਿੰਸਕ (ਮਾਸਖ਼ੋਰੇ) ਜਾਨਵਰ ਨੂੰ ਮਾਰ ਕੇ ਆਪਣੀ ਅਤੇ ਆਪਣੇ ਪਰਿਵਾਰ ਦੇ ਜੀਆਂ ਦੀ ਰਖਿਆ ਕੀਤੀ ਹੋਵੇਗੀ ਜਾਂ ਪ੍ਰਕ੍ਰਿਤਿਕ ਸ਼ਕਤੀਆਂ (ਮੀਂਹ, ਹਨੇਰੀ, ਧੁੱਪ, ਗੜੇ, ਬਿਜਲੀ ਆਦਿ) ਦੇ ਪ੍ਰਕੋਪਾਂ ਤੋਂ ਬਚਣ ਲਈ ਕੋਈ ਚੰਗਾ ਸੁਰੱਖਿਅਤ ਸਥਾਨ ਪਾਇਆ ਹੋਵੇਗਾ। ਉਦੋਂ ਉਸ ਮਨੁੱਖ ਜਾਂ ਮਨੁੱਖਾਂ ਦੇ ਸਮੂਹ ਨੂੰ ਜੋ ਖ਼ੁਸ਼ੀ, ਸੁਖ ਤੇ ਆਨੰਦ ਦਾ ਅਨੁਭਵ ਹੋਇਆ ਹੋਵੇਗਾ, ਉਸ ਦਾ ਪ੍ਰਗਟਾ ਜ਼ਰੂਰ ਹੀ ਉਸ ਕਿਲਕਾਰੀਆਂ ਮਾਰ ਕੇ ਕਿਸੇ ਲੈਅ ਭਰੇ ਸ਼ਬਦਾਂ ਵਿਚ ਕੀਤਾ ਹੋਵੇਗਾ, ਜਿਸ ਨੂੰ ਅੱਜ ਅਸੀਂ ਗੀਤ ਕਹਿ ਦਿੰਦੇ ਹਾਂ।

ਭਾਰਤੀ ਪ੍ਰਾਂਤਾਂ ਦੀਆਂ ਹੱਦਾਂ ਰਾਜਨੀਤਿਕ ਕਾਰਨਾਂ ਅਤੇ ਵਿਦੇਸ਼ੀ ਹਮਲਿਆਂ ਕਾਰਨ ਸਮੇਂ-ਸਮੇਂ ਤਬਦੀਲ ਹੁੰਦੀਆਂ, ਸੰਗੜਦੀਆਂ ਜਾਂ ਵਿਕਸਿਤ ਹੁੰਦੀਆਂ ਰਹੀਆਂ ਹਨ। ਸੰਨ 1947 ਤੋਂ ਪਹਿਲਾਂ ਦਾ ਪੰਜਾਬ ਇਕ ਵਿਸ਼ਾਲ ਪ੍ਰਾਂਤ ਸੀ। ਰਾਜਨੀਤਿਕ ਕਾਰਨਾਂ ਨੇ ਇਸ ਵਿਚੋਂ ਪਾਕਿਸਤਾਨ ਦੀ ਹੋਂਦ ਨੂੰ ਉਭਾਰਿਆ। ਸੰਨ 1966 ਵਿਚ ਬਚੇ ਖੁਚੇ ਪੰਜਾਬ ਨੂੰ ਫਿਰ ਵੰਡ ਕੇ ਇਕ ਦੀ ਥਾਂ ਹਰਿਆਣਾ, ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਤਿੰਨ ਭਾਗ ਕਰ ਦਿੱਤੇ ਗਏ।

ਹਰਿਆਣਾ ਪ੍ਰਾਂਤ ਦੀਆਂ ਹੱਦਾਂ ਪੰਜਾਬ, ਦਿੱਲੀ, ਯੂ. ਪੀ. ਅਤੇ ਰਾਜਸਥਾਨ ਨਾਲ ਮਿਲਦੀਆਂ ਹੋਣ ਕਾਰਨ ਇਥੋਂ ਦੀ ਬੋਲੀ 'ਬਾਂਗੜ' ਪੰਜਾਬੀ ਨਾਲੋਂ ਥੋੜ੍ਹੀ ਭਿੰਨਤਾ ਰਖਦੀ ਹੈ, ਪਰ ਮਨੁੱਖੀ ਉਦਗਾਰਾਂ ਵਿਚ ਕੋਈ ਅੰਤਰ ਨਹੀਂ। ਇਕੋ ਰੁੱਖ ਦੇ ਦੋ ਟਾਹਣ ਹੋਣ ਕਰਕੇ ਇਕੋ ਜੇਹੇ ਫਲ ਲੱਗਦੇ ਹਨ। ਦੋਵੇਂ ਦੇਸ਼ ਹਰ ਮੁਹਿੰਮ ਵਿਚ ਕਦਮ ਮਿਲਾ ਕੇ ਚਲੇ ਹਨ। ਹੱਥਲੇ ਲੇਖ ਰਾਹੀਂ ਦੋਹਾਂ ਰਾਜਾਂ ਦੇ ਲੋਕ-ਗੀਤਾਂ ਵਿਚਲੀਆਂ ਸਾਂਝੀਆਂ ਭਾਵਨਾਵਾਂ ਬਾਰੇ ਚਰਚਾ ਕੀਤੀ ਜਾਵੇਗੀ।

ਖ਼ਤਰੇ ਦਾ ਅਹਿਸਾਸ ਮਨੁੱਖ ਅੰਦਰ ਡਰ ਤੇ ਭੈ ਪੈਦਾ ਕਰਦਾ ਹੈ ਅਤੇ ਜੇ ਉਹ ਆਪਣੇ ਆਪ ਨੂੰ ਉਸ ਖ਼ਤਰੇ ਤੋਂ ਦੂਰ ਰਖਣ ਵਿਚ ਅਸਮਰਥ ਹੋਵੇ ਤਾਂ ਸੁਭਾਵਿਕ ਹੀ ਉਸ ਦਾ ਧਿਆਨ ਕਿਸੇ ਅਜਿਹੀ ਸ਼ਕਤੀ ਵੱਲ ਜਾਵੇਗਾ ਜੋ ਉਸ ਦੀ ਰੱਖਿਆ ਕਰ ਸਕੇ। ਇਸ ਵਿਚਾਰ ਨੇ ਸਰਬ-ਸ਼ਕਤੀਮਾਨ ਈਸ਼ਵਰ ਦਾ ਸਰੂਪ ਕਲਪਿਆ ਅਤੇ ਉਸ ਅੱਗੇ ਆਪਣੀ ਰਖਿਆ ਲਈ ਬੇਨਤੀ ਕੀਤੀ। ਉਸ ਤੋਂ ਦੂਜੇ ਦਰਜੇ ਉੱਤੇ ਪ੍ਰਕ੍ਰਿਤਕ ਸ਼ਕਤੀਆਂ ਨੂੰ ਆਪਣੇ ਨਾਲੋਂ ਵੱਧ ਸ਼ਕਤੀਸ਼ਾਲੀ ਸਮਝ ਕੇ ਦੇਵੀ, ਦੇਵਤਿਆਂ ਦਾ ਰੂਪ ਦੇ ਕੇ ਉਨ੍ਹਾਂ ਨੂੰ ਖ਼ੁਸ਼ ਕਰਨ, ਸ਼ਾਂਤ ਰਖਣ ਅਤੇ ਮਨੋਕਾਮਨਾਵਾਂ ਦੀ ਪੂਰਤੀ ਲਈ ਉਸਤਤ ਦੇ ਰੂਪ ਵਿਚ ਭਜਨ ਅਤੇ ਗੀਤ ਗਾਏ। ਆਦਿ ਮਨੁੱਖ ਦੇ ਉਹ ਭਜਨ ਜਾਂ ਗੀਤ ਸਮੇਂ ਦੀ ਉੱਥਲ ਪੁੱਥਲ ਵਿਚ ਅਜਿਹੇ ਗੁਆਚੇ ਹਨ ਕਿ ਕਿਤੋਂ ਵੀ ਉਨ੍ਹਾਂ ਦਾ ਕੋਈ ਨਿਸ਼ਾਨ ਨਹੀਂ ਮਿਲਦਾ, ਫਿਰ ਵੀ ਇਸ ਭਾਵਨਾ ਦੇ ਕੁਝ ਕੁ ਲੋਕ-ਗੀਤ ਪੰਜਾਬ ਅਤੇ ਹਰਿਆਣੇ ਦੇ ਲੋਕਾਂ ਦੇ ਹਿਰਦਿਆਂ ਅੰਦਰ ਸਾਂਭੇ ਹੋਏ ਮਿਲਦੇ ਹਨ, ਜੋ ਇਉਂ ਹਨ :

ਪੰਜਾਬੀ : ਆਈ ਸੰਝਾਂ ਕਾਰਨੀ, ਸੱਭੇ ਦੁਖ ਨਿਵਾਰਨੀ।
ਦੀਵਟ ਦੀਵਾ ਬਲੇ, ਸਤੱਰ ਸੌ ਬਲਾ ਟਲੇ।
ਦੀਵਟ-ਘਿਉ ਦੀ ਬੱਤੀ, ਘਰ ਆਵੇ ਬਹੁਤ ਖੱਟੀ।
ਦੀਵਟ-ਦੀਵਾ ਬਾਲਿਆਂ, ਬੱਤੀ ਦੋਸ਼ ਟਾਲਿਆ।

ਹਰਿਆਣਵੀ : ਨਮੋ ਨਿਰੰਜਨ ਮਾਤ ਭਵਾਨੀ,
ਸਦਾ ਰੰਗੀਲਾ ਤੇਰਾ ਭਵਨ।
ਤੇਰੇ ਦਰਸ ਕੋ ਰਿਸੀ ਮੁਨੀ ਆਏ,
ਦੂਰ ਦੂਰ ਤੇ ਕਰ ਕੇ ਗਮਨ।

ਪੂਜਾ ਆਰਤੀ ਤੋਂ ਅਗਲਾ ਪੜਾ ਹੁੰਦਾ ਹੈ ਮਨੋਕਾਮਨਾਵਾਂ ਦੀ ਪੂਰਤੀ ਦਾ। ਇਸ ਪੜਾ ਦੇ ਗੀਤਾਂ ਦੀ ਗਿਣਤੀ ਬਹੁਤ ਵੱਡੀ ਹੈ। ਇਸ ਸੂਚੀ ਅੰਦਰ ਵਿਆਹ, ਪੁੱਤਰ ਜਨਮ ਅਤੇ ਦੂਜੇ ਸੰਸਕਾਰਾਂ ਤੋਂ ਛੁੱਟ ਚੰਗੀਆਂ ਫਸਲਾਂ ਦੀ ਕਾਮਨਾ ਦੇ ਗੀਤ, ਵੈਰੀ ਉੱਤੇ ਜਿੱਤ-ਪ੍ਰਾਪਤੀ ਦੇ ਗੀਤ, ਯੁੱਧ ਵਿਜੇ ਦੇ ਗੀਤ, ਖਾਧ ਸਾਮਗ੍ਰੀ ਦੇ ਸੰਕਟ (ਕਾਲ) ਨਾਲ ਸੰਬੰਧਿਤ ਗੀਤ, ਮੀਂਹ ਸੰਬੰਧੀ ਗੀਤ ਆਦਿ ਆ ਜਾਂਦੇ ਹਨ। ਸਭ ਤੋਂ ਵੱਧ ਖ਼ੁਸ਼ੀ ਪੁੱਤਰ ਜਨਮ ਦੀ ਹੁੰਦੀ ਹੈ ਕਿਉਂਕਿ ਪੁੱਤਰ ਖ਼ਾਨਦਾਨੀ ਵਰਾਸਤ ਨੂੰ ਸਾਂਭਣ ਵਾਲਾ, ਵਿਆਹ ਕਰ ਕੇ ਸੰਤਾਨ ਉਤਪਤੀ ਰਾਹੀਂ ਪਰਿਵਾਰ ਵਿਚ ਵਾਧਾ ਕਰਨ ਵਾਲਾ ਅਤੇ ਖ਼ਾਨਦਾਨ ਦਾ ਨਾਂ ਜ਼ਿੰਦਾ ਰਖਣ ਵਾਲਾ, ਭੈਣ-ਪਿਆਰ ਦਾ ਮੁੱਖ ਪਾਤਰ ਹੋਣ ਕਰਕੇ ਭੈਣ ਦੀ ਇਜ਼ਤ ਦਾ ਰਖਵਾਲਾ ਹੁੰਦਾ ਹੈ। ਇਸ ਲਈ ਤੀਵੀਂ ਲਈ ਪੇਕਿਆਂ ਵਿਚ ਭਰਾ ਹੀ ਸਭ ਤੋਂ ਵੱਧ ਮਹੱਤਵਪੂਰਨ ਹਸਤੀ ਹੈ। ਭਰਾ ਘਰ ਪੁੱਤਰ ਜੰਮੇ ਦੀ ਖ਼ੁਸ਼ੀ ਵੇਲੇ ਆਪਣੇ-ਆਪਣੇ ਇਲਾਕਿਆਂ ਦੇ ਰਿਵਾਜਾਂ ਅਨੁਸਾਰ ਗੀਤ ਗਾਏ ਜਾਂਦੇ ਹਨ। ਸਨੇਹਾ ਮਿਲਣ ਉੱਤੇ ਭੈਣ ਮੁੰਡੇ ਲਈ ਕਪੜੇ ਤੇ ਹੋਰ ਕਈ ਪ੍ਰਕਾਰ ਦੀਆਂ ਵਸਤਾਂ ਲੈ ਕੇ ਜਾਂਦੀ ਹੈ। ਪੰਜਾਬ ਅਤੇ ਹਰਿਆਣਾ ਇਕੋ ਸੰਸਕ੍ਰਿਤੀ ਵਾਲੇ ਰਾਜ ਹੋਣ ਕਰਕੇ ਇਥੇ ਇਕੋ ਤਰ੍ਹਾਂ ਦੀਆਂ ਭਾਵਨਾਵਾਂ ਦੇ ਗੀਤ ਗਾਏ ਜਾਂਦੇ ਹਨ। ਇਨ੍ਹਾਂ ਗੀਤਾਂ ਵਿਚ ਰਸਮਾਂ ਦਾ ਵਰਣਨ ਵੀ ਹੁੰਦਾ ਹੈ। ਪੁੱਤਰ ਜੰਮੇ ਦੀ ਖ਼ੁਸ਼ੀ ਦੇ ਗੀਤਾਂ ਦੀ ਵੰਨਗੀ ਇਸ ਪ੍ਰਕਾਰ ਹੈ :

ਪੰਜਾਬੀ : ਬੀਬਾ, ਅੱਧੀ ਅੱਧੀ ਰਾਤੀਂ, ਤੇ ਪਿਛਲਾ ਈ ਪਹਿਰ,
ਕਿਸ ਘਰ ਮੰਡਲ ਵੇ ਵੱਜਿਆ?
'ਗੋਰੀਏ' ਰਾਜੇ ਦੀ ਨਗਰੀ ਤੇ ਵੱਸੇ ਸਾਰਾ ਸ਼ਹਿਰ,
ਮੈਂ ਕੀ ਜਾਣਾ ਕੀਹਦੇ ਨੀ ਵੱਜਿਆ?
'ਬੀਬਾ' ਭੈਣ ਤੁਹਾਡੀ ਗਾਂਦੀ ਏ ਗੀਤ,
ਨਾਮ ਤੁਹਾਡਾ ਜੀ ਲੈਂਦੀ ਏ।
'ਗੋਰੀਏ' ਵੱਡੇ ਵੀਰ ਘਰ ਜੰਮਿਆ ਏ ਲਾਲ
ਉਸ ਘਰ ਮੰਡਲ ਨੀ ਵੱਜਿਆ।

ਹਰਿਆਣਵੀਂ : ਜਨਮੇ ਹੈਂ ਰਾਮ ਅਜੁਧਿਆ ਮੈਂ ਕੁਸਲਿਆ ਜੀ ਕੇ
ਦਾਈ ਬੀ ਆਵੈ, ਹੋਲਰ[9] ਜਣਾਵੈ,
ਹੋਲਰ ਜਣਾਈ ਮਾਂਗੇ ਰਾਜਾ ਦਸ਼ਰਥ ਜੀ ਸੇ
ਸਾਸੂ ਵੀ ਆਵੈ, ਚਾਵਲ ਚੜ੍ਹਾਵੈ,
ਚਾਵਲ ਚੜ੍ਹਾਈ ਮਾਂਗੈ ਰਾਜਾ ਦਸਰਥ ਜੀ ਸੇ
ਜਿਠਾਣੀ ਵੀ ਆਵੈ, ਪਿਲੰਗ ਬਿਛਾਵੈ,
ਪਿਲੰਗ ਬਿਛਾਈ ਮਾਂਗੈ ਰਾਜਾ ਦਸਰਥ ਜੀ ਸੇ
ਨਣਦ ਬੀ ਆਵੈ, ਸਤੀਏ[10] ਲਗਾਵੈ,
ਸਤੀਏ ਲਗਾਈ ਮਾਂਗੈ ਰਾਜਾ ਦਸਰਥ ਜੀ ਸੈ।

ਭਾਰਤੀ ਸਮਾਜਿਕ ਪ੍ਰਬੰਧ ਅਨੁਸਾਰ ਜਿੱਥੇ ਪੁੱਤਰ ਜਨਮੇ ਦੀ ਖ਼ੁਸ਼ੀ ਮਨਾਈ ਜਾਂਦੀ ਹੈ ਉਥੇ ਧੀ ਦੇ ਜਨਮ ਨੂੰ ਮਨਹੂਸ ਸਮਝਿਆ ਜਾਂਦਾ ਹੈ। ਲੜਕੀ ਨੂੰ ਪਰਾਇਆ ਧਨ ਸਮਝ ਕੇ ਉਸ ਪ੍ਰਤੀ ਹਰ ਗੱਲੋਂ ਅਣਗੌਹਲੀ ਵਰਤੀ ਜਾਂਦੀ ਹੈ। ਕਈ ਪ੍ਰਾਂਤਾਂ ਵਿਚ ਤਾਂ ਲੜਕੀ ਦਾ ਜੰਮਣਾ ਕਰਮਾਂ ਦੀ ਹਾਰ ਸਮਝਿਆ ਜਾਂਦਾ ਹੈ ਅਤੇ ਜੰਮਦੀ

ਦਾ ਗਲਾ ਘੁਟ ਕੇ ਮਾਰ ਦੇਣ ਦੀਆਂ ਵਾਰਦਾਤਾਂ ਵੀ ਵੇਖਣ ਸੁਣਨ ਵਿਚ ਆਉਂਦੀਆਂ ਹਨ। ਧੀਆਂ ਦੇ ਜੰਮਣ ਬਾਰੇ ਦੇ ਲੋਕ-ਗੀਤ ਇਸ ਪ੍ਰਕਾਰ ਹਨ :

ਪੰਜਾਬੀ :

(ੳ) ਮਾਵਾਂ ਤੇ ਧੀਆਂ ਦੀ ਦੋਸਤੀ ਨੀ ਮਾਏ,
ਕੋਈ ਟੁਟਦੀ ਏ ਕਹਿਰਾਂ ਦੇ ਨਾਲ
ਕਣਕਾਂ ਲੰਮੀਆਂ, ਧੀਆਂ ਕਿਉਂ ਜੰਮੀਆਂ ਨੀ ਮਾਏ।

(ਅ) ਕਣਕਾਂ ਨਿਸਰੀਆਂ, ਧੀਆਂ ਕਿਉਂ ਵਿਸਰੀਆਂ ਨੀ ਮਾਏ।

(ੲ) ਡੋਲੀ ਦਾ ਵਾਣ ਪੁਰਾਣਾ ਨੀ ਨਾ ਰੋ ਮੇਰੀ ਬੀਬੀ
ਧੀਆਂ ਦਾ ਧਨ ਬਿਗਾਨਾ।

(ਸ) ਡੋਲੀ ਨੂੰ ਲਗੜੇ ਨਾਪੇ, ਨੀ ਨਾ ਰੋ ਮੇਰੀ ਬੀਬੀ
ਤੈਨੂੰ ਵਿਦਿਆ ਕਰੇਂਦੇ ਤੇਰੇ ਮਾਪੇ।

ਹਰਿਆਣਵੀ :

(ੳ) "ਜਿਦਣ ਲਾਡੋ ਤੇਰਾ ਜਨਮ ਹੂਆ ਹੈ ਹੂਈ ਹੈ ਬਜਰ ਕੀ ਰਾਤ।
ਪਹਿਰੇ ਵਾਲੇ ਲਾਡੋ ਸੋ ਗਏ, ਲਗ ਗਏ ਚੰਦਨ ਕਿਵਾੜ।
ਟੂਟੇ ਖਟੋਲੇ ਤੇਰੀ ਅੰਮਾ ਵੂਹ ਪੌੜੇ[11] ਬਾਬਲ ਗਹਿਰ ਗੰਭੀਰ।
ਗੁੜ ਕੀ ਪਾਤ ਤੇਰੀ ਅੰਮਾਂ ਉਹ ਖਾਵੈ, ਟਕਾ ਭੀ ਖਰਚਾ ਨਾ ਜਾਏ।
ਸੌ ਸੱਠ ਦਿਵਲੇ[12] ਬਿਟੀਆ ਬਾਲ ਧਰੈ ਹੈਂ ਤੇ ਭੀ ਗਹਿਰ ਅੰਧੇਰ।"

(ਅ) ਗੋਰੀ ਜੋ ਥਮ[13] ਜਨਮੋਗੀ ਧੀਅੜੀ,
ਤੇਰੇ ਕਾਟ ਲਿਆਂਗੇ ਨਾਕ ਅਰ ਕਾਨ।

ਮਾਪਿਆਂ ਨੂੰ ਪੁੱਤਰ ਜੰਮੇ ਦੀ ਖ਼ੁਸ਼ੀ ਹੋਣੀ ਸੁਭਾਵਿਕ ਹੈ, ਪਰ ਜੋ ਖ਼ੁਸ਼ੀ ਮੁੰਡੇ ਦੀ ਭੂਆ ਨੂੰ ਹੁੰਦੀ ਹੈ ਉਸ ਦਾ ਪ੍ਰਭਾਵ ਹੀ ਵੱਖਰਾ ਹੈ। ਪੇਕੀ ਵੇਲ ਵਧਣ ਤੋਂ ਛੁਟ ਭਰਾ ਵੱਲੋਂ ਮਿਲਣ ਵਾਲੀ ਦਾਤ ਉਸ ਦੇ ਮਨ ਵਿਚ ਇਕ ਅਨੋਖਾ ਹੁਲਾਰਾ ਭਰ ਜਾਂਦੀ ਹੈ। ਉਹ ਆਪਣੀ ਭਰਜਾਈ ਨੂੰ ਉਸ ਨਾਲ ਕੀਤੇ ਕਿਸੇ ਇਕਰਾਰ ਨੂੰ ਪੂਰਾ ਕਰਨ ਉੱਤੇ ਜ਼ੋਰ ਦਿੰਦੀ ਹੈ ਅਤੇ ਭਰਜਾਈ ਹੋਰ ਵਸਤਾਂ ਦੇ ਕੇ ਵਰਚਾਣ ਦਾ ਜਤਨ ਕਰਦੀ ਹੈ, ਪਰ ਨਣਦ ਦੀ ਇਕੋ ਜ਼ਿਦ ਇਕਰਾਰ ਪੂਰਾ ਕਰਨ ਦੀ ਹੁੰਦੀ ਹੈ ਅਤੇ ਅੰਤ ਉਹ ਆਪਣੇ ਆਪ ਮੰਗ ਪੂਰੀ ਕਰਾਣ ਵਿਚ ਸਫ਼ਲ ਹੋ ਜਾਂਦੀ ਹੈ। ਉਸ ਇਕਰਾਰ ਦੀ ਯਾਦ ਗੀਤਾਂ ਵਿਚ ਇਉਂ ਵਰਣਨ ਕੀਤੀ ਮਿਲਦੀ ਹੈ :

ਪੰਜਾਬੀ :

ਨਣਦ ਤੇ ਭਾਬੋ ਰਲ ਬੈਠੀਆਂ,
ਤੇ ਕੀਤੇ ਕੌਲ ਕਰਾਰ।
ਜੇ ਘਰ ਜੰਮੇਗਾ ਗੀਗੜਾ ਨੀ ਬੀਬੀ,
ਦੇਵਾਂਗ ਫੁਲ-ਝੜੀਆਂ।

... ...

ਥਾਲ ਭਰਿਆ ਸੁੱਚੇ ਮੋਤੀਆਂ
ਉਪਰ ਨੇ ਫੁੱਲ-ਝੜੀਆਂ।
ਲੈ ਨੀ ਬੀਬੀ ਦੇਹ ਅਸੀਸਾਂ ਅੜੀਏ,
ਪੂਰਾ ਹੋਇਆ ਏ ਕਰਾਰ।

ਹਰਿਆਣਵੀ :

ਨਣਦ ਭਾਵਜ ਕਾ ਥਾ ਪਿਆਰ ਦੋਨੋ ਰਲ ਕਾਤਤੀ ।
ਜੇ ਨਣਦਲ ਹੋ ਜਾਏਗੀ ਧੀ ਦਿਆਂਗੇ ਗਲ ਕਾ ਝਾਲਰਾ ।
ਜੇ ਨਣਦਲ ਹੋ ਜਾਏਗਾ ਪੂਤ, ਦਿਆਂਗੇ ਰੀ ਜਗ ਮੋਤੀਆਂ ।

... ...

ਬੁਲਾਓ ਹੇਠਲੀ ਕਾ ਬੀਰਾ, ਹੇਠੇਲੀ ਹਠ ਕਰ ਰਹੀ,
ਤੜਕ ਧੜਬ ਬੋਲਿਆ ਸੈ 'ਦੇ ਦੇ ਨੈ ਜਗਮੋਤੀਆਂ' ।

... ...

ਜੀਓ ਮੇਰੀ ਮਾਂ ਕਾ ਜਾਇਆ, ਮੇਰਾ ਰੀ ਮਨ-ਰਾਖਿਆ ।

ਜਨਮ ਉਪਰੰਤ ਕਈ ਪ੍ਰਕਾਰ ਦੀਆਂ ਰੀਤਾਂ ਮਨਾਈਆਂ ਜਾਂਦੀਆਂ ਹਨ ਜੇਹਾ ਕਿ ਸੱਠੀ ਰਾਟ, ਤੇਰ੍ਹਵੇਂ ਦਿਨ ਚੋਲੇ ਦੀ ਰਸਮ ਆਦਿ । ਇਹ ਸਭ ਰਸਮਾਂ ਗੀਤਾਂ ਨਾਲ ਮੰਨਾਈਆਂ ਜਾਂਦੀਆਂ ਹਨ । ਜੇ ਇਉਂ ਕਹਿ ਦਿੱਤਾ ਜਾਵੇ ਕਿ ਬੱਚਾ ਗੀਤਾਂ ਵਿਚ ਜੰਮਦਾ, ਪਲਦਾ, ਵੱਡਾ ਹੁੰਦਾ, ਪ੍ਰਵਾਨ ਚੜ੍ਹਦਾ, ਵਿਆਹ ਕਰਾਂਦਾ ਅਤੇ ਖ਼ੁਸ਼ੀਆਂ ਮਨਾਂਦਾ ਹੋਇਆ ਜੀਵਨ ਦੀ ਮੰਜ਼ਲ ਪੂਰੀ ਕਰਦਾ ਹੈ । ਬੱਚੇ ਨੂੰ ਰੋਂਦੇ ਨੂੰ ਚੁਪ ਕਰਾਣ ਜਾਂ ਸੁਲਾਣ ਵੇਲੇ ਜੋ ਗੀਤ ਗਾਏ ਜਾਂਦੇ ਹਨ, ਉਹ ਲੋਰੀਆਂ ਕਹਾਉਂਦੇ ਹਨ । ਉਦਾਹਰਣ ਇਸ ਪ੍ਰਕਾਰ ਹੈ :

ਪੰਜਾਬੀ :

ਸੌਂ ਜਾ ਰਾਜਾ ਸੌਂ ਜਾ ਵੇ,
ਤੇਰਾ ਬਾਪੂ ਆਇਆ ਵੇ, ਖੇਲ ਖਿਲੌਣੇ ਲਿਆਇਆ ਵੇ ।
ਤੇਰਾ ਮਾਮਾ ਆਇਆ ਵੇ, ਬੰਦ ਪੰਜੀਰੀ ਲਿਆਇਆ ਵੇ ।
ਤੇਰੀ ਭੂਆ ਆਈ ਵੇ, ਕੁੜਤਾ ਟੋਪੀ ਲਿਆਈ ਵੇ ।
ਤੇਰਾ ਬਾਬਾ ਆਇਆ ਵੇ, ਸੋਨੇ ਦੀਆਂ ਮੁਹਰਾਂ ਲਿਆਇਆ ਵੇ ।

ਹਰਿਆਣਵੀ :

ਤੇਰਾ ਦਾਦਾ ਘੜ੍ਹਾਵੈ ਅਟੱਲ ਪਲਣਾ ।
ਤੇਰੀ ਦਾਦੀ ਝੁਲਾਵੇ ਤੂੰ ਝੂਲ ਲਲਣਾ ।
ਮੇਰਾ ਛੋਟਾ ਸਾ ਝੂਲੇ ਅਟੱਲ ਪਲਣਾ ।

... ...

ਲਾਲਾ ਲਾਲਾ ਲੋਰੀ, ਦੂਧ ਕੀ ਕਟੋਰੀ,
ਲਾਲਾ ਕੀ ਮਾਂ ਪਾਣੀ ਜਾ
ਲਾਲ ਦੁਧ ਮਲਾਈ ਖਾ ।

ਭੈਣ ਭਰਾ ਦਾ ਪਿਆਰ ਦੁਨੀਆ ਵਿਚ ਇਕ ਮਿਸਾਲ ਹੁੰਦਾ ਹੈ । ਸੰਤੋਖ ਸਿੰਘ ਧੀਰ ਇਸ ਪਿਆਰ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨਦਾ ਹੈ ।

"ਭੈਣ ਦਾ ਪਿਆਰ ਕੱਚੇ ਦੁੱਧ ਵਰਗਾ ਹੁੰਦਾ ਹੈ, ਮੀਂਹ ਦੀ ਸੁੱਚੀ ਕਣੀ ਵਰਗਾ, ਰਸ ਨਾਲ ਭਰੀਆਂ ਤੂਤੀਆਂ ਵਰਗਾ, ਪਿੱਛੋਂ ਦੀ ਰੁਮਕਦੀ ਪੌਣ ਵਰਗਾ, ਵਣਾਂ ਦੀ ਹਰਿਆਲੀ ਵਰਗਾ, ਅਤੇ ਅੰਮ੍ਰਿਤ ਦੇ ਘੁਟ ਵਰਗਾ । ਭੈਣ ਦੇ ਪਿਆਰ ਨੇ ਧਰਤੀ ਉੱਤੇ ਵਿੱਛ ਕੇ, ਰਵ-ਰਵ ਕੇ ਕੁਦਰਤ ਦੇ ਅੰਗ-ਅੰਗ ਵਿਚ ਆਪਣਾ ਪਿਆਰ ਰਚਾ ਦਿੱਤਾ । ਰੱਤਾਂ ਦੇ ਸਾਹ ਵਿਚ, ਤਿੰਞਣਾਂ ਦੀ ਘੂਕਰ ਵਿਚ, ਸੰਧਾਰਿਆਂ ਦੀ ਉਡੀਕ ਵਿਚ ਭੈਣ ਦਾ ਪਿਆਰ ਆਪ ਮੁਹਾਰਾ ਪ੍ਰਗਟ ਹੁੰਦਾ ਹੈ । ਧਰਤੀ ਨੇ ਜਿੱਥੇ ਵੀ, ਜਿਸ ਬੋਲੀ ਵਿਚ ਵੀ ਗੱਲਾਂ ਕੀਤੀਆਂ, ਗੀਤ ਕਹੇ, ਉਥੇ ਹੀ ਭੈਣ ਨੇ ਆਪਣੇ ਪਿਆਰ ਦੇ ਰੂਪ, ਸਿੱਕਾਂ, ਸੱਧਰਾਂ, ਚਾਅ ਤੇ ਵਾਰਨੇ, ਮਨ ਨੂੰ ਡੋਲ੍ਹ-ਡੋਲ੍ਹ ਕੇ ਪ੍ਰਗਟ ਕੀਤੇ

ਹਨ । ਹਰ ਦੇਸ਼ ਵਿਚ ਭੈਣਾਂ ਦਾ ਮੋਹ ਬੋਲਦਾ ਹੈ ।"[14] ਪੰਜਾਬ ਅਤੇ ਹਰਿਆਣੇ ਦੀ ਧਰਤੀ ਉੱਤੇ ਭੈਣ ਦਾ ਦਿਲ ਸਰ੍ਹੋਂ ਦੀ ਗੰਦਲ ਵਾਂਗ, ਕਪਾਹ ਦੀ ਫੁੱਟੀ ਵਾਂਗ ਅਤੇ ਗੰਨੇ ਦੀ ਪੋਰੀ ਵਾਂਗ ਵੀਰ ਦੇ ਪਿਆਰ ਨਾਲ ਭਰਿਆ, ਝੂਮਦਾ ਤੇ ਚੋ-ਚੋ ਪੈਂਦਾ ਹੈ ।

ਭੈਣ ਭਰਾ ਦਾ ਪਿਆਰ ਇਸ ਲਈ ਵੀ ਸੁੱਚਾ ਹੈ ਕਿ ਮਾਪਿਆਂ ਤੋਂ ਪਿੱਛੋਂ ਭੈਣ ਦੀਆਂ ਸੱਧਰਾਂ ਲਾਹੁਣ ਵਾਲੀ ਹਸਤੀ ਭਰਾ ਹੀ ਹੁੰਦਾ ਹੈ । ਭੈਣ ਨੂੰ ਭਰਾ ਉੱਤੇ ਬੜਾ ਮਾਣ ਹੁੰਦਾ ਹੈ, ਬੜੀਆਂ ਆਸਾਂ ਹੁੰਦੀਆਂ ਹਨ । ਭੈਣ ਨੂੰ ਸੌਹਰੇ ਘਰ ਜਦੋਂ ਵੀ ਕੋਈ ਤਕਲੀਫ਼ ਹੁੰਦੀ ਹੈ ਜਾਂ ਕੋਈ ਭੀੜ ਬਣਦੀ ਹੈ, ਜਾਂ ਸੌਹਰਿਆਂ ਦੇ ਕਿਸੇ ਜੀ ਨਾਲ ਕੋਈ ਝਗੜਾ ਹੁੰਦਾ ਹੈ, ਉਹ ਝਟ ਆਪਣੇ ਭਰਾ ਨੂੰ ਯਾਦ ਕਰਦੀ ਹੈ । ਕਾਂਵਾਂ ਹੱਥ ਸਨੇਹਾ ਭੇਜਦੀ ਹੈ ਜਾਂ ਚਿੱਠੀਆਂ ਲਿਖ ਭੇਜਦੀ ਹੈ ਅਤੇ ਭਰਾ ਦੇ ਆ ਜਾਣ ਉੱਤੇ ਸੁਖ ਦਾ ਸਾਹ ਲੈਂਦੀ ਪ੍ਰਤੀਤ ਹੁੰਦੀ ਹੈ :

ਪੰਜਾਬੀ :

ਕੇਰਾਂ ਆ ਵੇ ਅੰਮਾਂ ਦਿਆ ਜਾਇਆ
ਭੈਣਾਂ ਉਡੀਕਦੀਆਂ ।
ਸੱਸ ਚੰਦਰੀ ਦੇ ਰੁਦਨ ਸੁਣਾਵਾਂ,
ਦੇਹਲੀ ਉੱਤੇ ਬਹਿ ਜਾ ਵੀਰਾਨਾ ।

ਹਰਿਆਣਵੀ :

ਕੋਰ ਸਾ ਕਾਗਜ਼ ਮੰਗਾ ਦਿਏ ਮੈਨੈ[15]
ਲਿਖ ਕੇ ਗੇਰਾਂ ਆਪਣੇ ਵੀਰ ਪੈ
ਦੀਆ ਡਾਕੀਏ ਕੇ ਹਾਥ ।
ਡਾਕੀਏ ਜਾ ਦੇਈਏ ਮੇਰੇ ਵੀਰ ਨੇ
ਕਾਲੀ ਸੀ ਮੋਟਰ ਜੋੜ ਦਿਖੇ ਰੀ
ਵੋ ਤੇ ਆਣ ਡਟਾ ਧਮਸਾਲ ਮੇਂ ।

ਵਿਆਹ ਦੋ ਦਿਲਾਂ ਦਾ ਲੰਮੇ ਸਮੇਂ ਲਈ ਇਕ ਹੋ ਜਾਣਾ ਹੁੰਦਾ ਹੈ । ਭਾਰਤੀ ਸਮਾਜ ਪ੍ਰਬੰਧ ਅਨੁਸਾਰ ਧੀ ਨੂੰ ਪੇਕਾ ਘਰ ਛੱਡ ਕੇ ਪਤੀ ਦੇ ਘਰ ਜਾਣਾ ਪੈਂਦਾ ਹੈ । ਵਿਆਹ ਰਾਹੀਂ ਸੰਤਾਨ-ਉੱਤਪਤੀ ਅਤੇ ਖ਼ਾਨਦਾਨੀ ਸਜਰਾ ਚਲਦਾ ਹੈ ਅਤੇ ਮੁੰਡੇ ਦੇ ਮਾਪਿਆਂ ਲਈ ਖ਼ੁਸ਼ੀ ਦਾ ਕਾਰਨ ਬਣਦਾ ਹੈ । ਇਹ ਸੁਭਾਗਾ ਅਵਸਰ ਵੀ ਗੀਤਾਂ ਨੂੰ ਜਨਮ ਦਿੰਦਾ ਹੈ ।

ਵਿਆਹ ਸੰਸਕਾਰ ਤਾਂ ਸੰਸਾਰ ਦੇ ਸਭ ਦੇਸ਼ ਮਨਾਉਂਦੇ ਹਨ, ਪਰ ਭਾਰਤੀ ਵਿਆਹ-ਪਰੰਪਰਾ ਦਾ ਰੰਗ ਵੱਖਰਾ ਹੀ ਹੁੰਦਾ ਹੈ । ਦੂਰ ਨੇੜੇ ਦੇ ਰਿਸ਼ਤੇਦਾਰ ਬੁਲਾਏ ਜਾਂਦੇ ਹਨ । ਗੀਤ ਗਾਏ ਜਾਂਦੇ ਹਨ, ਪੁੱਤਰ ਦੇ ਵਿਆਹ ਵਿਚ ਗਾਏ ਜਾਣ ਵਾਲੇ ਗੀਤ 'ਘੋੜੀਆਂ' ਅਤੇ ਧੀ ਦੇ ਵਿਆਹ ਵਿਚ ਗਾਏ ਜਾਣ ਵਾਲੇ ਗੀਤ 'ਸੁਹਾਗ' ਸੱਦੇ ਜਾਂਦੇ ਹਨ । ਕਈ ਪ੍ਰਕਾਰ ਦੀਆਂ ਰੀਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ ਜੇਹਾ ਕਿ ਵਟਣਾ ਮਲਣਾ, ਮਹਿੰਦੀ ਲਾਉਣੀ, ਮੁੰਡੇ ਦੇ ਸਿਰ ਸਿਹਰੇ ਸਜਾਉਣੇ, ਘੋੜੀ ਚੜ੍ਹਾਈ ਵੇਲੇ ਭੈਣਾਂ ਨੂੰ ਵਾਗ ਫੜਾਈ ਦੇਣੀ, ਜੰਡੀ ਵਢਣੀ ਤੇ ਬਰਾਤ ਦਾ ਕੁੜੀ ਦੇ ਮਾਪਿਆਂ ਦੇ ਘਰ ਵੱਲ ਚਾਲੇ ਪਾਣਾ । ਹਰ ਰੀਤ ਗੀਤਾਂ ਨਾਲ ਸੰਪੰਨ ਹੁੰਦੀ ਹੈ । ਨਮੂਨੇ ਵਜੋਂ ਸਿਹਰੇ ਦੇ ਗੀਤ ਦੀਆਂ ਪੰਕਤੀਆਂ ਪੇਸ਼ ਹਨ :

ਪੰਜਾਬੀ :

ਲਿਆਵੋ ਨੀ ਲਿਆਵੋ ਚੰਦਨ ਦੀ ਚੌਕੀ
ਵੀਰੇ ਨੂੰ ਚੌਕੀ ਚੜ੍ਹਾ ਰਹੀਆਂ ।
ਲਿਆਵੋ ਨੀ ਲਿਆਵੋ ਜੰਮੂ ਦਾ ਮੋਤੀਆ
ਵੀਰੇ ਨੂੰ ਸਿਹਰਾ ਪਹਿਨਾ ਰਹੀਆਂ ।

... ...

ਲਿਆਵੋ ਨੀ ਲਿਆਵੋ ਦਿੱਲੀ ਦੀਆਂ ਮੋਹਰਾਂ
ਵੀਰੇ ਨੂੰ ਨਿਉਂਦਰਾ ਪਾ ਰਹੀ ਆਂ ।

ਹਰਿਆਣਵੀ :

ਕੀਨੈ ਯੋ ਬਾਗ ਲਗਾਇਆ, ਕੀਨੈ ਸੀਂਚੀ ਡਾਲੀ
ਹੈ ਈਬ ਗੂੰਦ ਮਾਲਣ ਸਿਹਰਾ ।
ਮਾਲੀ ਕੇ ਨੈ ਬਾਗ ਲਗਾਇਆ, ਮਾਲਣ ਸੀਂਚੀ ਡਾਲੀ, ਹੇ.....
ਕੀਨੈ ਯੋ ਡਾਲ ਝੁਕਾਇਆ, ਕੀਨੇ ਤੋੜੈ ਫੂਲ, ਹੇ ਈਬ ਗੂੰਦ.....
ਮਾਲੀ ਕੀ ਨੈ ਡਾਲ ਝੁਕਾਇਆ, ਮਾਲਣ ਤੋੜੈ ਫੂਲ, ਹੇ ਈਬ.....
ਕੀਨੈ ਯੋ ਡੋਰ ਬਟਾਈਆਂ, ਕੀਨੈ ਗੁੰਦਿਆ ਹਾਰ, ਹੇ ਈਬ.....
ਮਾਲੀ ਕੀ ਨੈ ਡੋਰ ਬਟਾਈਆਂ, ਮਾਲਣ ਗੁੰਦਿਆ ਹਾਰ, ਹੇ ਈਬ.....

ਜਦ ਬਰਾਤੀ ਕੁੜੀ ਵਾਲਿਆਂ ਦੇ ਬੂਹੇ ਉੱਤੇ ਪੁੱਜਦੇ ਹਨ ਤਾਂ ਦੋਹਾਂ ਪਰਿਵਾਰਾਂ ਦੀ ਪਿਆਰ-ਮਿਲਣੀ ਦੀ ਰਸਮ ਹੁੰਦੀ ਹੈ ਅਤੇ ਮੁੰਡੇ ਪਾਸੋਂ ਛੰਦ ਸੁਣੇ ਜਾਂਦੇ ਹਨ ਜੋ ਇਸ ਪ੍ਰਕਾਰ ਦੇ ਹੁੰਦੇ ਹਨ :

ਪੰਜਾਬੀ :

ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਖੀਰਾ ।
ਧੀ ਤੁਹਾਡੀ ਏਦਾਂ ਰਖਸਾਂ, ਜਿਉਂ ਮੁੰਦਰੀ ਵਿਚ ਹੀਰਾ ।
ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਮਹਿਣਾ ।
ਬੇਟੀ ਨੂੰ ਸਮਝਾ ਦੇਣਾ, ਆਗਿਆ ਦੇ ਵਿਚ ਰਹਿਣਾ ।
ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਕੇਸਰ ।
ਸੱਸ ਮੇਰੀ ਪਾਰਬਤੀ, ਸੌਹਰਾ ਮੇਹਾ ਪਰਮੇਸਰ ।

ਹਰਿਆਣਵੀ :

ਛੰਨ ਪਕਾਈਆਂ ਛੰਨ ਪਕਾਈਆਂ, ਛੰਨ ਕੇ ਊਪਰ ਆਰਸੀ ।
ਥਾਰੀ[16] ਬੇਟੀ ਰਾਜ ਕਰੇਗੀ, ਹਮ ਪੜ੍ਹਾਂਗੇ ਫ਼ਾਰਸੀ ।
ਛੰਨ ਪਕਾਈਆਂ ਛੰਨ ਪਕਾਈਆਂ, ਛੰਨ ਕੇ ਊਪਰ ਬਦਾਮ ।
ਏਕ ਸਖੀ ਨੈ ਛੋੜ ਕੇ ਮੈਂ ਸਭ ਨੇ ਕਰੂੰ ਪਰਨਾਮ ।
ਛੰਨ ਪਕਾਈਆਂ ਛੰਨ ਪਕਾਈਆਂ ਛੰਨ ਕੇ ਊਪਰ ਕੇਸਰ ।
ਸਾਸ ਮੇਰੀ ਪਾਰਬਤੀ, ਸੌਹਰਾ ਪਰਮੇਸਰ ।

ਇਹੋ ਜੇਹੇ ਅਵਸਰ ਉੱਤੇ ਕੁੜੀ ਵਾਲਿਆਂ ਵੱਲੋਂ ਠੱਠਾ-ਮਖੌਲ ਵੀ ਕੀਤਾ ਜਾਂਦਾ ਹੈ । ਇਹ ਠੱਠਾ ਮਖੌਲ ਵੀ ਗੀਤਾਂ ਦੇ ਰੂਪ ਵਿਚ ਹੁੰਦਾ ਹੈ । ਇਨ੍ਹਾਂ ਨੂੰ ਸਿੱਠਣੀਆਂ ਕਿਹਾ ਜਾਂਦਾ ਹੈ । ਸਿੱਠਣੀਆਂ ਦੇ ਗੀਤਾਂ ਰਾਹੀਂ ਮੁੰਡੇ ਦੇ ਰਿਸ਼ਤੇਦਾਰਾਂ ਨੂੰ ਕਈ ਤਰ੍ਹਾਂ ਨਾਲ ਭੰਡਿਆ ਜਾਂਦਾ ਹੈ, ਪਰ ਤਾਹਨੇ ਵਜੋਂ ਨਹੀਂ, ਪਿਆਰ ਵਜੋਂ । ਮੁੰਡੇ ਵਾਲੇ ਵੀ ਹੱਸ ਕੇ ਟਾਲ ਜਾਂਦੇ ਹਨ । ਸਿੱਠਣੀਆਂ ਦੇ ਗੀਤਾਂ ਦੀ ਵੰਨਗੀ ਇਸ ਪ੍ਰਕਾਰ ਹੁੰਦੀ ਹੈ :

ਪੰਜਾਬੀ :

ਹੇ ਪਿੱਸੂ ਤੂੰ ਕਮਲਾ ਦੀਵਾਨਾ, ਕੁੜਮ ਦੀ ਗੋਗੜ ਉੱਤੇ ਲੜਿਆ ।
ਉਥੇ ਬੜੀ ਰੇਲ ਚਲੀ, ਉਥੇ ਬੜਾ ਬੰਬ ਚਲਿਆ ।

... ...

ਸਾਡੇ ਵਿਹੜੇ ਮਾਂਦਰੀ, ਲਾੜੇ ਦੀ ਭੈਣ ਬਾਂਦਰੀ,

ਸਾਡੇ ਵਿਹੜੇ ਤਾਣਾ ਤਣੀਂਦਾ, ਲਾੜੇ ਦਾ ਪਿਉ ਕਾਣਾ ਸੁਣੀਂਦਾ ।

... ...

ਤੇਰੀਆਂ ਉੱਧਲ ਗਈਆਂ ਵੇ ਲਾੜਿਆ ਦਾਦਕੀਆਂ ।
ਚੂਹੜੇ ਛੜ ਚਮਾਰਾਂ ਦੇ ਗਈਆਂ, ਵੇ ਦਾਦਕੀਆਂ ।

... ...

ਹਰਿਆਣਵੀ :

ਹਮਨੇ ਬੁਲਾਏ ਸੁਥਰੇ ਸੁਥਰੇ, ਭੂੰਡੇ ਭੂੰਡੇ ਆਏ ਰੀ ।
ਹਮਨੇ ਬੁਲਾਏ ਲੰਬੇ ਲੰਬੇ, ਛੋਟੇ ਨਾਟੇ ਆਏ ਰੀ ।
ਹਮਨੇ ਬੁਲਾਏ ਗੋਰੇ ਗੋਰੇ, ਕਾਲੇ ਕਾਲੇ ਆਏ ਰੀ ।
ਹਮਨੇ ਬੁਲਾਏ ਹਾਥੀ ਕੇ ਹੋਦੇ, ਗਧਿਆਂ ਚੜ੍ਹ ਕੇ ਆਏ ਰੀ ।
ਛਾਜ ਕਾ ਹੈ ਛਤਰ ਝੁਲਾਇਆ,[17] ਝਾੜੂ ਕਾ ਹੈ ਸਿਹਰਾ ਰੀ ।
ਸੁਣ ਸੁਣ ਮੋਸਾ[18] ਸੂਣੀ ਕਿ ਨਾ[19] ਤੰਨੈ ਮੇਰੀ ਮੋਸੀ ਗਹਿਣੇ ਧਰੀ ਕਿ ਨਾ ।

ਭਾਰਤੀ ਸਮਾਜਿਕ ਪਰੰਪਰਾ ਅਨੁਸਾਰ ਕੰਨਿਆ ਆਪਣੇ ਨਾਲ ਦਾਜ ਦੇ ਰੂਪ ਵਿਚ ਮਾਪਿਆਂ ਵੱਲੋਂ ਬਹੁਤ ਕੁਝ ਲਿਆਉਂਦੀ ਹੈ । ਇਹੋ ਕਾਰਨ ਹੈ ਕਿ ਗ਼ਰੀਬ ਮਾਪਿਆਂ ਲਈ ਕੁੜੀ ਦਾ ਵਿਆਹ ਇਕ ਸਮੱਸਿਆ ਬਣਿਆ ਰਹਿੰਦਾ ਹੈ । ਵਰ ਦੀ ਭਾਲ ਤੇ ਦਾਜ ਦੇਣ ਦੀ ਚਿੰਤਾ ਉਨ੍ਹਾਂ ਦੀ ਨੀਂਦਰ ਹਰਾਮ ਕਰ ਦਿੰਦੀ ਹੈ । ਜੇ ਸੰਜੋਗ ਨਾਲ ਵਰ-ਘਰ ਚੰਗਾ ਮਿਲ ਜਾਵੇ ਤੇ ਕੁੜੀ ਸੁਖੀ ਵੱਸੇ ਤਾਂ ਮਾਪੇ ਸੁਖ ਦਾ ਸਾਹ ਲੈਂਦੇ ਹਨ, ਪਰ ਜੇ ਵਰ ਅਯੋਗ ਹੋਵੇ, ਜਾਂ ਵਰ ਦੇ ਮਾਪੇ ਲਾਲਚੀ ਹੋਣ ਤਾਂ ਕੰਨਿਆ ਦੇ ਨਾਲ ਮਾਪਿਆਂ ਦਾ ਜੀਣਾ ਵੀ ਹਰਾਮ ਹੋ ਜਾਂਦਾ ਹੈ । ਸ਼ਾਇਦ ਇਸੇ ਲਈ ਕਿਹਾ ਗਿਆ ਹੈ ਕਿ 'ਜਿਸ ਦੀ ਜਾਈ ਸੁਖੀ, ਉਸ ਦੀ ਮਾਈ ਸੁਖੀ' । ਲੋਕ ਗੀਤ ਮਾਪਿਆਂ ਦੀ ਚਿੰਤਾ ਇਸ ਪ੍ਰਕਾਰ ਦਰਸਾਂਦੇ ਹਨ :

ਪੰਜਾਬੀ :

ਲਿੰਬੀ ਪੋਚੀ ਮਾੜੀ ਪਲੰਘ ਡਹਾਇਆ
ਅਣੀ ਉਚੇ ਚੜ੍ਹ ਸੁੱਤਾ ਮੇਰਾ ਬਾਬਲ
ਕਿ ਨੀਂਦ ਨਾ ਆਇਉ ।

... ...

ਬੇਟੀ ਚੰਨਣ ਦੇ ਉਹਲੇ ਉਹਲੇ ਕਿਉਂ ਖੜੀ?
ਮੈਂ ਤਾਂ ਖੜੀ ਸਾਂ ਬਾਬਲ ਜੀ ਦੇ ਕੋਲ,
ਬਾਬਲ ਵਰ ਲੋੜੀਏ ।
ਬੇਟੀ ਕੇਹਾ ਵਰ ਲੋੜੀਏ?
ਬਾਬਲ! ਜਿਉਂ ਤਾਰਿਆਂ ਵਿਚ ਚੰਨ
ਚੰਨਾਂ ਵਿਚ ਕਾਹਨ ਘਨਈਆ ਵਰ ਲੋੜੀਏ ।

... ...

ਹਰਿਆਣਵੀ :

ਗਵਟੜੀ[20] ਚੜ੍ਹ ਸੂਤਾ ਬਾਈ ਕਾ ਬਾਬ ਜੀ,
ਚਿੰਤਾ ਮੈਂ ਨੀਂਦ ਨਾ ਆਂਵਤੀ ਜੀ ਮਹਾਰਾ[21] ਰਾਜ ।
ਕਚਨਾਰ ਬੈਠੀ ਲਾਡੋ ਪਾਨ ਚਾਬੈ ਕਰੇ ਬਾਬਾ ਜੀ ਸੇ ਬਿਨਤੀ ।
ਬਾਬਾ ਦੇਸ ਜਈਓ ਪ੍ਰਦੇਸ ਜਈਓ, ਹਮਰੀ ਜੋੜੀ ਕਾ ਵਰ ਢੂੰਡਿਓ ।

ਇਕ ਰੈਣ ਰਹੀਓ ਉਨ ਕਾ ਗੋਤ ਪੂਛਿਓ, ਤਬ ਮੇਰਾ ਵਰਨ ਮਿਲਾਈਓ ।
ਉਨ ਕਾ ਬੰਸ ਦੇਖੋ ਰੀਤੀ ਦੇਖੋ, ਉਨ ਕੇ ਸੰਸਕਾਰ ਪਤਾ ਲਗਾਈਓ ।
ਜੇ ਹੋ ਵਰ ਗੁਣਵਾਨ ਸੁੰਦਰ, ਤਬ ਹੀ ਜੋੜੀ ਮਿਲਾਈਓ ।

ਸੰਜੋਗ ਬੜੇ ਪ੍ਰਬਲ ਹੁੰਦੇ ਹਨ । ਚੌਖੀ ਢੂੰਡ ਭਾਲ ਪਿੱਛੋਂ ਵੀ ਕਈ ਵਾਰੀ ਮਨ ਮਰਜ਼ੀ ਦਾ ਵਰ ਘਰ ਨਹੀਂ ਮਿਲਦਾ । ਕਈ ਵਾਰੀ ਧੀ ਦੂਰ ਵਿਆਹੁਣੀ ਪੈਂਦੀ ਹੈ ਅਤੇ ਕਈ ਵਾਰੀ ਗ਼ਰੀਬੀ ਜਾਂ ਕੁਝ ਹੋਰ ਮਜਬੂਰੀਆਂ ਕਾਰਨ ਮਾਪਿਆਂ ਨੂੰ ਨਾ ਚਾਹੁਣ ਉੱਤੇ ਵੀ ਬੇਜੋੜ ਵਿਆਹ ਕਰਨੇ ਪੈਂਦੇ ਹਨ । ਧੀ ਨਿਮਾਣੀ ਸਬਰ ਦਾ ਘੁਟ ਭਰ ਕੇ ਰਹਿ ਜਾਂਦੀ ਹੈ । ਭਾਵੇਂ ਉਸ ਨੂੰ ਇਸ ਚੁਪ ਦੀ ਸਜ਼ਾ ਭੋਗਣੀ ਪੈਂਦੀ ਹੈ, ਪਰ ਗਊ ਵਾਂਗ ਜਿਸ ਕਿੱਲੇ ਬੰਨ੍ਹ ਦਿੱਤੀ, ਚੁਪ ਕਰਕੇ ਬਝ ਗਈ । ਪੇਕੇ ਘਰ ਜੁਆਨੀ ਵੇਲੇ ਚੰਗੇ ਸਾਥੀ ਬਾਰੇ ਸੁਪਨੇ ਘੜੇ ਹੁੰਦੇ ਹਨ, ਬੇਜੋੜ ਵਿਆਹ ਦੇ ਝਖੜ ਨਾਲ ਹਵਾਈ ਮਹਿਲ ਵਾਂਗ ਢਹਿ-ਢੇਰੀ ਹੋ ਜਾਂਦੇ ਹਨ । ਕੁੜੀਆਂ ਭਾਵੇਂ ਬੋਲਣ ਭਾਵੇਂ ਨਾ, ਪਰ ਗੀਤਾਂ ਰਾਹੀਂ ਆਪਣੇ ਦੁੱਖ ਦੱਸ ਦਿੰਦੀਆਂ ਹਨ । ਇਸ ਪ੍ਰਕਾਰ ਦੀਆਂ ਅਨੇਕਾਂ ਵੰਨਗੀਆਂ ਭਾਸ਼ਾਈ ਖੇਤਰਾਂ ਵਿਚ ਮਿਲ ਜਾਂਦੀਆਂ ਹਨ ।

ਜੇ ਲੋਕ-ਗੀਤਾਂ ਦੀ ਆਤਮਾ ਨੂੰ ਦ੍ਰਿਸ਼ਟੀ ਵਿਚ ਰਖ ਕੇ ਵਿਚਾਰੀਏ ਤਾਂ ਪਤਾ ਲੱਗੇਗਾ ਕਿ ਵਧੇਰੇ ਲੋਕ-ਗੀਤ ਇਸਤਰੀਆਂ ਨੇ ਹੀ ਗਾਏ ਹਨ । ਇਸਤਰੀਆਂ ਦਾ ਦਿਨ ਲੋਕ-ਗੀਤਾਂ ਨਾਲ ਹੀ ਸ਼ੁਰੂ ਹੁੰਦਾ ਹੈ । ਚੱਕੀ ਪੀਂਹਦਿਆਂ, ਦੁੱਧ ਰਿੜਕਦਿਆਂ ਗੀਤ ਗਾਏ ਜਾਂਦੇ ਹਨ । ਲੋਕ ਗੀਤਾਂ ਵਿਚ ਭੈਣ ਆਪਣੇ ਭਰਾ ਬਾਰੇ ਪਿਆਰ ਪ੍ਰਗਟਾਂਦੀ ਹੈ, ਯੁੱਧ ਵਿਚ ਗਏ ਭਰਾ, ਪਿਤਾ ਜਾਂ ਪਤੀ ਦੀ ਯਾਦ ਵਿਚ ਗੀਤ ਗਾਏ ਜਾਂਦੇ ਹਨ । ਤ੍ਰਿੰਞਣਾਂ ਵਿਚ ਚਰਖਿਆਂ ਦੀ ਘੂਕਰ ਦੇ ਨਾਲ ਗੀਤਾਂ ਦੀ ਗੂੰਜ ਵੀ ਉਭਰਦੀ ਵੇਖੀ ਗਈ ਹੈ । ਬੱਚੇ ਨੂੰ ਘੁੱਟੀ, ਲੋਰੀਆਂ ਵੀ ਗੀਤਾਂ ਰਾਹੀਂ ਦਿੱਤੀਆਂ ਜਾਂਦੀਆਂ ਹਨ । ਵਿਆਹ ਤਾਂ ਇਸਤਰੀਆਂ ਦੇ ਗੀਤਾਂ ਤੋਂ ਬਿਨਾ ਸੋਭਦੇ ਹੀ ਨਹੀਂ । ਤੀਜ ਦਾ ਤਿਉਹਾਰ ਹੋਵੇ, ਬਹਾਰ ਦੇ ਦਿਨ ਹੋਣ ਜਾਂ ਕੋਈ ਹੋਰ ਪੁਰਬ ਹੋਵੇ, ਇਸਤਰੀ ਆਪਣੇ ਮਨ ਦੇ ਉਦਗਾਰ ਲੋਕ-ਗੀਤਾਂ ਰਾਹੀਂ ਪ੍ਰਗਟ ਕਰਨ ਤੋਂ ਨਹੀਂ ਚਕਦੀ । ਇਹ ਗੀਤ ਇਸਤਰੀ ਦੀ ਮਨੋਸਥਿਤੀ ਦੀ ਸਹੀ ਤਸਵੀਰ ਪੇਸ਼ ਕਰਦੇ ਹਨ ।

ਵਿਆਹ ਪਿੱਛੋਂ ਸੌਹਰੇ ਘਰ ਜਾ ਕੇ ਲੜਕੀ ਨੂੰ ਜਿਸ ਵਾਤਾਵਰਣ ਵਿਚ ਜ਼ਿੰਦਗੀ ਗੁਜ਼ਾਰਨੀ ਪੈਂਦੀ ਹੈ ਜੇ ਉਹ ਮੇਚ ਆ ਜਾਵੇ ਤਾਂ ਵਾਹ ਨਹੀਂ ਤਾਂ ਪੁਰਾਣੇ ਵਿਚਾਰਾਂ ਦੀਆਂ ਸੱਸਾਂ, ਨੂੰਹਾਂ ਦਾ ਨਕ ਦਮ ਕਰ ਦਿੰਦੀਆਂ ਹਨ । ਨੂੰਹ ਸੱਸ ਦਾ ਝਗੜਾ ਨਾ ਕੇਵਲ ਦੰਪਤੀ ਪਿਆਰ ਵਿਚ ਤਰੇੜ ਹੀ ਪਾ ਦਿੰਦਾ ਹੈ ਸਗੋਂ ਕਈ ਵਾਰ ਕੁੜੀ ਲਈ ਜਾਨ ਲੇਵਾ ਵੀ ਸਿੱਧ ਹੋ ਜਾਂਦਾ ਹੈ । ਸੌਹਰੇ ਕੁੜੀ ਲਈ ਇਕ ਹਊਆ ਜੇਹਾ ਬਣ ਜਾਂਦੇ ਹਨ । ਕੁੜੀ ਲੋਕ-ਗੀਤਾਂ ਰਾਹੀਂ ਆਪਣੇ ਦਿਲ ਦਾ ਉਬਾਲ ਇਸ ਪ੍ਰਕਾਰ ਕੱਢਦੀ ਹੈ :

ਪੰਜਾਬੀ :

ਸੱਸਾਂ ਕਿਸ ਪਾਪੀ ਬਣਾਈਆਂ
ਸਾਡੇ ਮਗਰ ਚੁੜੇਲਾਂ ਲਾਈਆਂ ।
ਇਕ ਤਾਂ ਸਾਡਾ ਸੌਹਰਾ ਜੀ ਬੁਰਾ
ਘੁੰਡ ਦੀਆਂ ਕਰਦਾ ਵਿਚਾਰਾਂ ।
ਇਕ ਤਾਂ ਸਾਡੀ ਸੱਸ ਜੀ ਬੁਰੀ
ਵੇਸਰ[22] ਦਾ ਲਵੇ ਅੰਤਵਾਰਾ ।
ਇਕ ਤਾਂ ਸਾਡੀ ਨਣਦ ਜੀ ਬੁਰੀ
ਦਾਜ ਮੰਗੇ ਬਹੁਤ ਸਾਰਾ ।
ਇਕ ਚੀਰੇ ਵਾਲਾ ਜੀ ਭਲਾ, ਵੇ ਹਾੜਾ ਜੋਗੀ
ਸਾਰਿਆਂ ਨਾਲ ਲੈਂਦਾ ਏ ਵਾਰਾ ।

ਹਰਿਆਣਵੀ :

ਸਾਸੂ ਤੋ ਬੀਰਾ ਚੂਲ੍ਹੇ ਕੀ ਆਗ
ਨਣਦ ਭਾਦੋ ਕੀ ਬੀਜਲੀ
ਸੌਹਰਾ ਤੇ ਬੀਰਾ ਕਾਲਾ ਸਾ ਨਾਗ
ਦੇਵ ਸਾਂਪ ਸਪੋਲੀਆ
ਰਾਜਾ ਤੋ ਬੀਰਾ ਮੈਂਹਦੀ ਕਾ ਪੇੜ ।
ਸਾਸਰੇ ਮੇਂ ਬੇਟੀ ਹੇ ਮਾਂ ਮੇਰੀ
ਨੀਉ[23] ਰਹਿਣੇ ਜੀ
ਏ ਜੀ ਕੋਈ ਜਿਉਂ ਰੇ
ਕੜਾਹੀ ਬਿਚ ਤੇਲ ।

ਪ੍ਰਕ੍ਰਿਤੀ ਤੇ ਮਨੁੱਖ ਦੀ ਸਾਂਝ ਬਹੁਤ ਪੁਰਾਣੀ ਹੈ । ਪ੍ਰਕ੍ਰਿਤੀ ਮਨੁੱਖ ਨੂੰ ਸਹਿਚਰੀ ਤੋਂ ਛੁੱਟ ਮਾਂ ਵਾਲਾ ਪਿਆਰ ਵੀ ਪ੍ਰਦਾਨ ਕਰਦੀ ਹੈ । ਮਨੁੱਖ ਪ੍ਰਕ੍ਰਿਤੀ ਨਾਲ ਖੇਡਿਆ, ਹੱਸਿਆ, ਉਸ ਦੀ ਸੰਗਤ ਵਿਚ ਬਲਵਾਨ ਤੇ ਪ੍ਰਵਾਨ ਚੜ੍ਹਿਆ । ਉਂਝ ਤਾਂ ਸੰਸਾਰ ਦਾ ਕੋਈ ਵੀ ਖੇਤਰ ਅਜਿਹਾ ਨਹੀਂ ਜਿਸ ਨੂੰ ਪ੍ਰਕ੍ਰਿਤੀ ਨੇ ਮਾਲਾ ਮਾਲ ਨਾ ਕੀਤਾ ਹੋਵੇ, ਪਰ ਭਾਰਤ ਇਕ ਅਜਿਹਾ ਦੇਸ਼ ਹੈ ਜਿਸ ਵਿਚ ਹਰ ਦੋ ਮਹੀਨੇ ਬਾਅਦ ਪ੍ਰਕ੍ਰਿਤੀ ਆਪਣਾ ਰੰਗ ਬਦਲਦੀ ਹੈ ਅਤੇ ਹਰ ਨਵੀਂ ਰੁਤ ਮਨੁੱਖ ਉੱਤੇ ਆਪਣਾ ਪ੍ਰਭਾਵ ਪਾਂਦੀ ਹੈ । ਸੰਸਾਰ ਦਾ ਹੋਰ ਕੋਈ ਦੇਸ਼ ਭਾਰਤ ਵਾਂਗ ਸੁਭਾਗਾ ਨਹੀਂ । ਕਈ ਦੇਸ਼ਾਂ ਵਿਚ ਸਾਰਾ ਸਾਲ ਬਰਫ਼ ਜੰਮੀ ਰਹਿੰਦੀ ਹੈ, ਕਈ ਦੇਸ਼ਾਂ ਵਿਚ ਕਹਿਰਾਂ ਦੀ ਗਰਮੀ ਪੈਂਦੀ ਹੈ, ਮੀਲਾਂ ਤਕ ਰੇਤ ਹੀ ਰੇਤ ਦਿਸਦੀ ਹੈ । ਭਾਰਤੀ ਮਨੁੱਖ ਬਦਲੀਆਂ ਰੁਤਾਂ ਦਾ ਆਨੰਦ ਤਾਂ ਮਾਣਦਾ ਹੀ ਹੈ, ਪਰ ਸਾਵਣ ਅਤੇ ਫੱਗਣ ਦੋ ਅਜਿਹੇ ਮਹੀਨੇ ਹਨ ਜਦੋਂ ਉਹ ਆਪਣੇ ਅੰਦਰ ਕਿਸੇ ਅਨੋਖੇ ਹਿਲੋਰੇ ਦਾ ਅਨੁਭਵ ਕਰਦਾ ਹੈ । ਸਾਵਣ ਭਾਦੋ ਬਰਖਾ ਦੇ ਮਹੀਨੇ ਹਨ । ਜੇਠ ਹਾੜ੍ਹ ਦੀ ਲੂਹ ਦੇਣ ਵਾਲੀ ਗਰਮੀ ਦੀ ਸਾੜੀ ਧਰਤੀ ਤੇ ਜੀਅ ਜੰਤ ਸਾਵਣ ਦੀਆਂ ਕਣੀਆਂ ਨਾਲ ਤ੍ਰਿਪਤ ਹੁੰਦੇ ਹਨ । ਬਰਖਾ ਨੂੰ ਭਾਰਤੀ ਖੇਤੀ ਦੀ ਜਾਨ ਸਮਝਿਆ ਜਾਂਦਾ ਹੈ । ਕਾਲੇ-ਕਾਲੇ ਬੱਦਲਾਂ ਨੂੰ ਵੇਖ ਕੇ ਨਿਰਾ ਮਨੁੱਖ ਹੀ ਨਹੀਂ ਪਸ਼ੂ ਪੰਛੀ ਵੀ ਖ਼ੁਸ਼ ਹੁੰਦੇ ਹਨ । ਮੋਰ ਨਚ ਉਠਦੇ ਹਨ ਤੇ ਕੋਇਲਾਂ ਦੀ ਕੂ-ਕੂ ਦਾ ਆਪਣਾ ਹੀ ਆਨੰਦ ਹੈ । ਪ੍ਰਕ੍ਰਿਤੀ ਨਹਾਤੀ ਧੋਤੀ ਦੁਲਹਨ ਵਾਂਗ ਸਜੀ ਸੰਵਾਰੀ ਪ੍ਰਤੀਤ ਹੁੰਦੀ ਹੈ । ਲੋਕ ਖ਼ੁਸ਼ੀ ਵਿਚ ਨੱਚਦੇ, ਗਾਉਂਦੇ ਤੇ ਕਿਕਲੀਆਂ ਪਾਉਂਦੇ ਹਨ । ਖੀਰਾਂ, ਪੂੜੇ ਤੇ ਹੋਰ ਕਈ ਪ੍ਰਕਾਰ ਦੇ ਪਕਵਾਨ ਤੇ ਵਿਅੰਜਨ ਬਣਾ ਕੇ ਖਾਧੇ ਜਾਂਦੇ ਹਨ । ਸਾਵਣ ਦਾ ਮਹੀਨਾ ਕੁੜੀਆਂ-ਤੀਵੀਆਂ ਲਈ ਬੜਾ ਹੀ ਆਨੰਦਦਾਇਕ ਮਹੀਨਾ ਹੁੰਦਾ ਹੈ । ਤੀਆਂ ਦਾ ਤਿਉਹਾਰ ਇਸੇ ਮਹੀਨੇ ਮਨਾਇਆ ਜਾਂਦਾ ਹੈ । ਪਿੱਪਲਾਂ ਤੇ ਬੋਹੜਾਂ ਨਾਲ ਪੀਘਾਂ ਬੰਨ੍ਹ ਕੇ ਝੂਟੀਆਂ ਜਾਂਦੀਆਂ ਹਨ, ਗੀਤ ਗਾਏ ਜਾਂਦੇ ਹਨ । ਦੁੱਖ, ਦਰਦ ਤੇ ਗ਼ਮ ਲਾਂਭੇ ਰਖ ਕੇ ਕੁੜੀਆਂ ਆਨੰਦ ਵਿਭੋਰ ਹੋ ਇਸ ਪ੍ਰਕਾਰ ਦੇ ਗੀਤ ਗਾਂਦੀਆਂ ਹਨ :

ਪੰਜਾਬੀ :

(ੳ) ਸਾਵਣ ਵਿਚ ਕੁੜੀਆਂ ਨੇ ਪੀਘਾਂ ਅਸਮਾਨ ਚੜ੍ਹਾਈਆਂ ।
(ਅ) ਤੀਆਂ ਵੇਖਣ ਆਏ ਪ੍ਰਾਹੁਣੇ, ਬਣ ਕੇ ਇੰਦਰ ਰਾਣੇ ।
(ੲ) ਆਓ ਭਰਾਵੋ ਗਿੱਧਾ ਪਾਈਏ, ਸਾਨੂੰ ਸੌਣ ਸੈਨਤਾਂ ਮਾਰੇ ।
ਫੇਰ ਕਦ ਨੱਚਾਂਗੇ, ਸਾਉਣ ਵਿਚ ਨਚਣ ਸਾਰੇ ।
(ਸ) ਸਾਵਣ ਖੀਰ ਨਾ ਖਾਧੀਆ ।
ਕਿਉਂ ਜੰਮਿਉ ਅਪਰਾਧੀਆ ।

ਹਰਿਆਣਵੀਂ :

(ੳ) ਸਾਮਣ ਮੈਂ ਬੱਦਲ ਛਾਏ, ਸਖੀਆਂ ਨੇ ਝੂਲੇ ਪਾਏ,
ਮੈਂ ਕਰ ਲੂੰ ਮੌਜ ਬਹਾਰ, ਆਜ ਮੇਰਾ ਬੀਰਾ ਆਵੇਗਾ ।

(ਅ) ਤੀਜਾਂ ਕਾ ਤਿਉਹਾਰ ਰਿਤੂ ਹੈ ਸਾਮਣ ਕੀ ।
ਖੜੀ ਝੂਲੇ ਪੈ ਮਟਕੈ ਛੋਹਰੀ ਬਾਹਮਣ ਕੀ ।

(ਏ) ਹੇ ਰੀ ਆਈ ਸੈ ਰੰਗੀਲੀ ਤੀਜ,
ਝੂਲਣ ਜਾਂਗੀ ਹੇ ਮਾਂ ਮੇਰੀ ਬਾਗ ਮੇਂ ਜੀ ।
ਬੂਢਾ ਆਇਆ ਹੈ ਮਾਂ ਮੇਰੀ ਲੈਣ ਨੈ ਜੀ,
ਹਾਂ ਜੀ ਕੋਇ ਨਾ ਜਾਂ ਬੂਢੇ ਕੇ ਸਾਥ । ਝੂਲਣ ਜਾਂਗੀ.....

ਫੱਗਣ ਦੇ ਮਹੀਨੇ ਦੀ ਬਹਾਰ ਵੀ ਅਨੋਖੀ ਹੁੰਦੀ ਹੈ । ਸਰ੍ਹਦੀ ਦਾ ਜ਼ੋਰ ਘੱਟ ਜਾਂਦਾ ਹੈ । ਬਸੰਤ ਦਾ ਆਗਮਨ ਹੁੰਦਾ ਹੈ । ਬਸੰਤ ਰਤਿ (ਪ੍ਰੇਮ) ਦਾ ਮਹੀਨਾ ਗਿਣਿਆ ਜਾਂਦਾ ਹੈ । ਇਸ ਰੁਤੇ ਹਰ ਜੀਵ ਆਪਣੇ ਅੰਦਰ ਇਕ ਨਵੇਂ ਜੀਵਨ ਦਾ ਅਨੁਭਵ ਕਰਦਾ ਹੈ । ਪੀਲੇ ਫੁੱਲਾਂ ਨਾਲ ਲੱਦੇ ਸਰ੍ਹੋਂ ਦੇ ਖੇਤ ਇਉਂ ਪ੍ਰਤੀਤ ਹੁੰਦੇ ਹਨ ਜਿਵੇਂ ਕਿਸੇ ਨੇ ਧਰਤੀ ਉੱਤੇ ਸੋਨੇ ਦੀ ਚਾਦਰ ਵਿਛਾ ਦਿੱਤੀ ਹੋਵੇ । ਰੁੱਖਾਂ ਦੇ ਰੁੰਡ ਮੁੰਡ ਤਣੇ ਤੇ ਟਾਹਣ ਨਵੀਆਂ ਕਰੂੰਬਲਾਂ ਵਾਲੇ ਸੁੰਦਰ ਬਸਤਰ ਪਾਣ ਲੱਗ ਪੈਂਦੇ ਹਨ । ਭੌਰੇ ਤੇ ਤਿਤਲੀਆਂ ਵੀ ਫੁੱਲਾਂ ਨਾਲ ਅਠਖੇਲੀਆਂ ਕਰਦੇ ਹਨ । ਇਹੋ ਜੇਹੀ ਸੁਹਾਵਣੀ ਰੁੱਤ ਵਿਚ ਮਨੁੱਖ ਅੰਦਰੋਂ ਗੀਤ ਆਪ ਮੁਹਾਰੇ ਕਿਸੇ ਪਹਾੜੀ ਕੂਲ੍ਹ ਵਾਂਗ ਫੁੱਟ ਨਿਕਲਦੇ ਹਨ । ਸੁਗੰਧੀ ਲੱਦੀ ਰੁਮਕਦੀ ਹਵਾ ਵਾਂਗ ਮਧੁਰ-ਮਧੁਰ ਗੀਤਾਂ ਦੀ ਗੁੰਜਾਰ ਇਉਂ ਗੂੰਜ ਉਠਦੀ ਹੈ :

ਪੰਜਾਬੀ :

ਕਾਹਨੂੰ ਆ ਗਿਉਂ ਬਸੰਤੀ ਚੀਰਾ ਬੰਨ੍ਹ ਕੇ
ਮਾਪਿਆਂ ਨੇ ਨਹੀਉਂ ਤੋਰਨੀ ।.....
ਫੱਗਣ ਦੇ ਮਹੀਨੇ ਮੀਂਹ ਪੈ ਜਾਂਦਾ,
ਲਗਦਾ ਕਰੀਰੀਂ ਬਾਟਾ ।
ਸਰਹੋਂ ਨੂੰ ਤਾਂ ਫੁੱਲ ਲੱਗ ਜਾਂਦੇ
ਛੋਲਿਆਂ ਨੂੰ ਪਏ ਪਟਾਕਾ ।
ਸ਼ੌਕ ਨਾਲ ਜਟ ਪਾਂਦੇ ਗਿੱਧਾ, ਰੱਬ ਸਭਨਾਂ ਦਾ ਰਾਖਾ ।
ਬਸੰਤੀ ਫੁੱਲਾ ਵੇ ਆ ਕੇ ਦੇ ਜਾ ਝਾਕਾ ।.....
ਫੱਗਣ ਖੇਡਾਂਗੇ ਹੋਲੀ ਘਰੇ ਰਹੀਂ ।.....

ਹਰਿਆਣਵੀਂ :

ਫਾਗਣ ਕੇ ਦਿਨ ਚਾਰ ਰੀ ਸਜਣੀ, ਫਾਗਣ ਕੇ ਦਿਨ ਚਾਰ ।
ਮੱਘ ਜੋਬਨ ਆਇਆ ਫਾਗਣ ਮੈਂ
ਫਾਗਣ ਬੀ ਆਇਆ ਜੋਬਨ ਮੈਂ
ਝਾਲ[24] ਉਠੈਂ ਸੈਂ ਮੇਰੇ ਮਨ ਮੈਂ
ਜਿਸ ਕਾ ਵਾਰ ਨਾ ਪਾਰ ਰੀ ਸਜਣੀ, ਫਾਗਣ ਕੇ ਦਿਨ ਚਾਰ
ਗਾਤ[25] ਕਾ ਜੋਬਨ ਮਹਿਕਣ ਲਾਗਿਆ
ਪਿਆਰ ਕਰਨ ਨੈ ਤਿਆਰ ਰੀ ਸਜਣੀ, ਫਾਗਣ ਕੇ ਦਿਨ ਚਾਰ ।.....
ਕਾਚੀ ਆਂਬੀ ਗਦਰਾਈ ਸਾਮਣ ਮੈਂ
ਬੂਢੀ ਰੀ ਲੋਗਾਈ ਮਸਤਾਈ ਫਾਗਣ ਮੈਂ ।

ਮਨੁੱਖ ਸਮਾਜਿਕ ਪ੍ਰਾਣੀ ਹੈ। ਸਮਾਜ ਇਕ ਭਾਈਚਾਰਾ ਹੈ। ਇਸ ਤੋਂ ਵੱਖ ਰਹਿ ਕੇ ਮਨੁੱਖ ਦਾ ਜੀਣ ਔਖਾ ਹੈ। ਸਮਾਜ ਵਿਚ ਕਈ ਪ੍ਰਕਾਰ ਦੇ ਉਤਰਾ ਚੜ੍ਹਾ ਆਉਂਦੇ ਰਹਿੰਦੇ ਹਨ। ਜੇ ਭਾਈਚਾਰਾ ਫੁੱਟ ਕਾਰਨ ਕਮਜ਼ੋਰ ਹੋ ਜਾਵੇ ਤਾਂ ਤਾਕਤਵਰ ਕਮਜ਼ੋਰਾਂ ਉੱਤੇ ਹਾਵੀ ਹੋ ਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ। ਇਸੇ ਫੁੱਟ ਦਾ ਨਤੀਜਾ ਸਨ ਭਾਰਤ ਉੱਤੇ ਵਿਦੇਸ਼ੀ ਧਾੜਵੀਆਂ ਦੇ ਹਮਲੇ, ਲੁੱਟਾਂ ਮਾਰਾਂ, ਕਹਿਰ ਤੇ ਕਤਲਾਮ ਆਦਿ। ਪਹਿਲਾਂ ਮੁਗਲਾਂ ਦੇ ਅਤਿਆਚਾਰ ਰਹੇ ਅਤੇ ਫਿਰ ਸਮੁੰਦਰੋਂ ਪਾਰ ਵਸਦੇ ਅੰਗਰੇਜ਼ਾਂ ਨੇ ਇਥੇ ਆਪਣਾ ਅਧਿਕਾਰ ਜਮਾਇਆ। ਗੀਤਕਾਰ ਇਨ੍ਹਾਂ ਪ੍ਰਭਾਵਾਂ ਤੋਂ ਅਭਿਜ ਕਿਵੇਂ ਰਹਿ ਸਕਦੇ ਸਨ। ਉਹਨਾਂ ਆਪਣੇ ਗੀਤਾਂ ਵਿਚ ਇਨ੍ਹਾਂ ਪਰਿਸਥਿਤੀਆਂ ਦਾ ਵਰਣਨ ਕੀਤਾ। ਪੰਜਾਬ ਭਾਰਤ ਦਾ ਦਰਵਾਜ਼ਾ ਹੋਣ ਕਰਕੇ ਵਧੇਰੇ ਪ੍ਰਭਾਵਿਤ ਰਿਹਾ। ਵਿਲਾਸਤਾ ਦੇ ਰੰਗ ਵਿਚ ਰੰਗੇ ਮੁਗਲਾਂ ਦੇ ਅਤਿਆਚਾਰਾਂ ਨਾਲ ਸੰਬੰਧਿਤ ਇਕੋ ਜੇਹੀ ਘਟਨਾ ਪੰਜਾਬ ਅਤੇ ਹਰਿਆਣਾ ਦੇ ਲੋਕ-ਗੀਤਾਂ ਵਿਚ ਇਸ ਪ੍ਰਕਾਰ ਬਿਆਨ ਕੀਤੀ ਮਿਲਦੀ ਹੈ ਕਿ ਨਾਵਾਂ ਤੋਂ ਛੁਟ ਘਟਨਾ ਦਾ ਆਧਾਰ ਇਕੋ ਜੇਹਾ ਹੈ। ਇਕ ਮੁਟਿਆਰ ਪਾਣੀ ਨੂੰ ਜਾਂਦੀ ਹੈ ਤਾਂ ਇਕ ਮੁਗਲ ਸਰਦਾਰ ਦੀ ਨਜ਼ਰੇ ਚੜ੍ਹ ਜਾਂਦੀ ਹੈ ਜੋ ਉਸ ਨੂੰ ਜ਼ਬਰਦਸਤੀ ਚੁੱਕ ਲੈ ਜਾਂਦਾ ਹੈ। ਲੜਕੀ ਤੇ ਉਸ ਦੇ ਵਾਰਸਾਂ ਦੇ ਤਰਲੇ ਮਿੰਨਤਾਂ ਵਿਅਰਥ ਜਾਂਦੇ ਹਨ। ਅੰਤ ਮੁਟਿਆਰ ਆਪਣੇ ਰਿਸ਼ਤੇਦਾਰਾਂ ਨੂੰ ਵਾਪਸ ਭੇਜ ਦਿੰਦੀ ਹੈ ਤੇ ਆਪ ਅਵਸਰ ਪਾ ਸੜ ਮਰਦੀ ਹੈ ਤੇ ਮੁਗਲ ਦਾ ਨਾਪਾਕ ਇਰਾਦਾ ਪੂਰਾ ਨਹੀਂ ਹੁੰਦਾ। ਲੋਕ ਗੀਤ ਇਸ ਘਟਨਾ ਦਾ ਵਰਣਨ ਇਸ ਪ੍ਰਕਾਰ ਕਰਦੇ ਹਨ :

ਪੰਜਾਬੀ :

ਮੁਗਲਾਂ ਨੇ ਘੋੜਾ ਪੀੜਿਆ, ਗੋਰੀ ਪਾਣੀ ਨੂੰ ਜਾ,
ਘੋੜੇ ਤੇ ਫੜ ਕੇ ਚਾੜ੍ਹ ਲਈ, ਪੇਸ਼ ਨਾ ਕੋਈ ਜਾ
ਜਾਂਦਿਆ ਕਾਲਿਆ ਕਾਗੜਿਆ ਮੇਰਾ ਲੈ ਸੁਨੇਹਾ ਜਾ
ਆਖੀ ਤੂੰ ਮੇਰੇ ਬਾਬਲ ਨੂੰ, ਧੀ ਤਾਂ ਬਧੜੀ ਜਾ।

... ...

ਜਾ ਮੁਗਲਾਂ ਦੇ ਛੋਕਰੇ ਠੰਡਾ ਪਾਣੀ ਲਿਆ
ਪਿਆਸ ਲਗੀ ਇਸ ਜੀ ਨੂੰ ਮੈਥੋਂ ਸਹੀਓ ਨਾ ਜਾ

... ...

ਮੁਗਲ ਗਿਆ ਪਾਣੀਏਂ ਨੂੰ, ਕੀਤਾ ਦੀਵੇ ਦਾ ਕਾਜ
ਦੀਵੇ ਦੀ ਵੱਟੀ ਲਾ ਕੇ ਸੜ ਮੋਈ, ਰਖੀ ਰਾਜੇ ਦੀ ਲਾਜ।

ਹਰਿਆਣਵੀਂ :

ਘੜਾ ਏ ਘੜੇ ਪੈ ਦੋਘੜ, ਚੰਦੋ ਪਾਣੀ ਨੇ ਜਾਏ ਜੀ
ਅੱਗੇ ਫ਼ੌਜ ਮੁਗਲ ਪਠਾਣ ਕੀ ਚੰਦੋ ਪਕੜੀ ਜਾਏ ਜੀ
ਉੜਦੀ ਜਾਂਦੀ ਚਿੜੀਆ ਏਕ ਸੰਦੇਸਾ ਲੈ ਜਾਏ ਜੀ
ਬਾਪ ਮੇਰੇ ਨੇ ਨੂੰ[26] ਕਹੋ ਥਾਰੀ[27] ਥੀ ਪਕੜੀ ਜਾਏ ਜੀ

... ...

ਘਰ ਜਾ ਬਾਬਲ ਆਪਣੇ ਰਾਖੂੰ ਮੈਂ ਤੇਰੀ ਲਾਜ ਜੀ
ਮੁਗਲ ਨੇ ਪੀਠ ਫਿਰਾਈ ਓ ਤੰਬੂ ਮੈਂ ਲਾ ਦਈ ਆਗ ਜੀ
ਤੰਬੂ ਜਲ ਗਿਆ ਜਲ ਗਈ ਚੰਦਰਾਵਲੀ ਰਾਜ ਕੰਵਾਰ ਜੀ
ਤਾਰਾ ਪੀਹਰ[28] ਅਰ ਸਾਸਰਾ, ਤਰੀ ਚੰਦਰਾਵਲੀ ਰਾਜ ਕੰਵਾਰ ਜੀ।

ਉੱਝ ਤਾਂ ਸਮੇਂ ਦੀ ਲੋੜ ਅਨੁਸਾਰ ਹਰ ਦੇਸ਼ ਵਿਚ ਮਹਾਪੁਰਖ ਜਨਮ ਲੈਂਦੇ ਆਏ ਹਨ ਜੋ ਦੇਸ਼ ਵਾਸੀਆਂ ਨੂੰ ਕਸ਼ਟਾਂ ਤੋਂ ਬਚਾਉਣ ਦੇ ਉਪਰਾਲੇ ਕਰਦੇ ਆਏ ਹਨ। ਭਾਰਤ ਦਾ ਇਤਿਹਾਸ ਅਜਿਹੇ ਮਹਾਪੁਰਖਾਂ ਦੀਆਂ

ਜੀਵਨੀਆਂ ਤੇ ਕਾਰਨਾਮਿਆਂ ਨਾਲ ਭਰਿਆ ਪਿਆ ਹੈ। ਉਨ੍ਹਾਂ ਦੀਆਂ ਘਾਲਣਾਵਾਂ ਅਦੁੱਤੀਆਂ ਹਨ। ਮੁਗਲ ਕਾਲ ਵਿਚ ਦਸ ਗੁਰੂ ਸਾਹਿਬਾਨ ਨੇ ਲੋਕਾਂ ਅੰਦਰ ਜਾਗ੍ਰਿਤੀ ਪੈਦਾ ਕੀਤੀ। ਅੰਗਰੇਜ਼ੀ ਰਾਜ ਵਿਚ ਵੀ ਪੰਜਾਬ ਅਤੇ ਹਰਿਆਣੇ ਦੇ ਲੋਕਾਂ ਦੇਸ਼ ਦੀ ਆਜ਼ਾਦੀ ਲਈ ਗਾਂਧੀ ਜੀ ਦੀ ਅਗਵਾਈ ਹੇਠ ਕਾਂਗਰਸ ਦੀ ਜੱਥੇਬੰਦੀ ਨਾਲ ਬੜੀਆਂ ਕੁਰਬਾਨੀਆਂ ਦਿੱਤੀਆਂ। ਜੇ ਬੰਗਾਲ ਨੂੰ ਸੁਭਾਸ਼ ਚੰਦਰ ਬੋਸ ਉੱਤੇ ਮਾਣ ਹੈ ਤਾਂ ਪੰਜਾਬ ਨੂੰ ਭਗਤ ਸਿੰਘ ਅਤੇ ਲਾਲਾ ਲਾਜਪਤ ਰਾਏ ਵਰਗੇ ਸ਼ਹੀਦਾਂ ਤੇ ਨੇਤਾਵਾਂ ਪਿੱਛੇ ਨਹੀਂ ਰਹਿਣ ਦਿੱਤਾ। ਹਰਿਆਣੇ ਵਿਚ ਵੀ ਕਈ ਅਜਿਹੇ ਸੂਰਬੀਰ ਕੰਮ ਆਏ ਅਤੇ ਇਨ੍ਹਾਂ ਕੁਰਬਾਨੀਆਂ ਸਦਕਾ 1947 ਵਿਚ ਭਾਰਤੀਆਂ ਦੇ ਮੋਢਿਆਂ ਉਤੋਂ ਗ਼ੁਲਾਮੀ ਦਾ ਜੂਲਾ ਉਤਰ ਹੀ ਗਿਆ। ਗਾਂਧੀ ਜੀ ਦੀ ਸ਼ਖ਼ਸੀਅਤ ਨੇ ਗੀਤਕਾਰਾਂ ਨੂੰ ਪ੍ਰੇਰਿਆ ਅਤੇ ਉਨ੍ਹਾਂ ਆਪਣੇ ਮਨ ਦੇ ਉਦਗਾਰ ਇਉਂ ਪ੍ਰਗਟ ਕੀਤੇ।

ਪੰਜਾਬੀ :

(ੳ) ਚਿੱਟਾ ਰੁਪਈਆ ਚਾਂਦੀ ਦਾ
ਰਾਜ ਮਹਾਤਮਾ ਗਾਂਧੀ ਦਾ।

(ਅ) ਕਾਂਗਰਜ ਕਿਉਂ ਭੈੜੀ, ਜਿਹੜੀ ਜਾਂਦੀ ਜਾਂਦੀ ਕੂਕੇ।

(ੲ) ਗਾਂਧੀ ਦਾ ਨਾਂ ਸੁਣ ਕੇ, ਅੰਗਰੇਜ਼ਾਂ ਦੀ ਮਰ ਗਈ ਨਾਨੀ।

ਹਰਿਆਣਵੀਂ :

(ੳ) ਜਲ ਭਰਿਆ ਲੋਟਾ ਚਾਂਦੀ ਕਾ, ਯੂ[29] ਰਾਜ ਮਹਾਤਮਾ ਗਾਂਧੀ ਕਾ।

(ਅ) ਗਾਂਧੀ ਨੇ ਅੰਗਰੇਜ਼ ਭਜਾਇਆ, ਅਰ ਭਾਰਤ ਕਾ ਮਾਣ ਬਚਾਇਆ।

(ੲ) ਘਰ ਘਰ ਲੰਦਨ ਮੇਮਾਂ ਰੋਵੇਂ, ਗਾਂਧੀ ਬਣ ਗਿਆ ਗਲੇ ਕਾ ਹਾਰ।
ਸਰਕਾਰ ਖੜੀ ਹੈ ਘੁਟਨੇ ਟੇਕੇ, ਥੋਥੇ ਉਸ ਕੇ ਬਾਜੈਂ ਹਥਿਆਰ।

ਚਤੁਰ ਅੰਗਰੇਜ਼ ਨੇ ਭਾਰਤ ਨੂੰ ਮਿੱਠੀ ਛੁਰੀ ਨਾਲ ਕੋਹਿਆ। ਉਸ ਇਥੋਂ ਕੱਚਾ ਮਾਲ ਸਸਤਾ ਖ਼ਰੀਦ ਕੇ ਟੈਕਸਾਂ ਦੀ ਛੋਟ ਦੇ ਕੇ ਆਪਣੇ ਦੇਸ਼ ਭੇਜਿਆ ਅਤੇ ਮਸ਼ੀਨਾਂ ਰਾਹੀਂ ਬਣੀਆਂ ਵਸਤਾਂ ਭਾਰਤ ਲਿਆ ਵੇਚੀਆਂ। ਇਉਂ ਭਾਰਤੀ ਦਸਤਕਾਰੀ ਨੂੰ ਖ਼ਤਮ ਕਰ ਕੇ ਆਪਣੇ ਦੇਸ਼ ਨੂੰ ਖ਼ੁਸ਼ਹਾਲ ਕੀਤਾ ਅਤੇ ਭਾਰਤ ਨੂੰ ਕੰਗਾਲ ਬਣਾ ਦਿੱਤਾ। ਭਾਰਤੀ ਖੇਤੀ ਉੱਤੇ ਨਿਰਭਰ ਹੋ ਗਏ। ਖੇਤੀ ਦਾ ਆਧਾਰ ਬਰਖਾ ਦੀ ਥੁੜ ਨੇ ਦੇਸ਼ ਵਿਚ ਕਾਲ ਦੀ ਸਥਿਤੀ ਪੈਦਾ ਕਰ ਦਿੱਤੀ। ਗੀਤਕਾਰਾਂ ਦੀ ਆਤਮਾ ਇਹ ਦ੍ਰਿਸ਼ ਵੇਖ ਤੜਪ ਉਠੀ ਅਤੇ ਉਨ੍ਹਾਂ ਦਾ ਅੰਦਰਲਾ ਇਉਂ ਪੁਕਾਰ ਉਠਿਆ।

ਪੰਜਾਬੀ :

ਪੈ ਗਿਆ ਡਾਢਾ ਕਾਲ ਭਰਾਵੋ, ਪੈ ਗਿਆ ਡਾਢਾ ਕਾਲ।
ਡੇਢ ਸੇਰ ਹੁਣ ਆਟਾ ਮਿਲਦਾ, ਸੇਰ ਰੁਪਈਏ ਦਾਲ।
ਤਿੰਨ ਛਟਾਂਕਾਂ ਘਿਉ ਰੁਪਈਏ ਦਾ, ਉਹ ਵੀ ਮਿੰਨਤਾਂ ਨਾਲ।

... ...

ਕਪੜਾ ਲੀੜਾ ਮੂਲ ਨਾ ਮਿਲਦਾ, ਖੱਫਣ ਕਿਥੋਂ ਪਾਵਾਂਗੇ।
ਲੂਣ ਤੇਲ ਦਾ ਕਾਲ ਪੈ ਗਿਆ, ਦੀਵਾ ਕਿਵੇਂ ਜਲਾਵਾਂਗੇ।
ਤਿੰਨ ਰੁਪਏ ਲਕੜਾਂ ਹੋਈਆਂ, ਮੁਰਦੇ ਕਿਵੇਂ ਜਲਾਵਾਂਗੇ।
ਤਿੰਨ ਆਨੇ ਦੀ ਮਾਚਸ ਡੱਬੀ, ਡਾਢਾ ਮੰਦਾ ਹਾਲ ਭਰਾਵੋ,
ਪੈ ਗਿਆ ਡਾਢਾ ਕਾਲ ਭਰਾਵੋ, ਪੈ ਗਿਆ ਡਾਢਾ ਕਾਲ।

ਹਰਿਆਣਵੀਂ :

ਏਕ ਰੋਟੀ ਕੋ ਬੈਲ ਬਿਕਾ, ਅਰ ਪੈਸੇ ਬਿਕ ਗਿਆ ਊਂਟ।

ਚੌਂਤੀਸਾ ਨੇ ਖੋ ਦੀਆ, ਭੈਂਸ ਗਾਏ ਕਾ ਬੂਟ[30] ।
ਚਨਾ ਚੌਰੰਜੀ ਹੋ ਗਿਆ ਅਰ ਗੇਹੂੰ ਹੋ ਗਏ ਦਾਖ ।
ਸਤਰਹਿ ਭੀ ਐਸਾ ਪੜਾ, ਚਾਲੀਸਾ ਕਾ ਬਾਪ ।.....
ਪੜ ਗਿਆ ਛਪਨਿਆ ਕਾ ਕਾਲ, ਪੜ ਰਹਾ ਕੈਸਾ ਦੁਕਾਲ ।
ਕਪੜਾ ਮਿਲੈ ਨਾ ਟਾਟ ।
ਅੰਨ ਕਾ ਟੋਟਾ ਪੜ ਗਿਆ, ਬਾਲਕ ਸਾਰੇ ਰੋਤੇ ਡੋਲੇਂ ।[31]
ਜੀਣਾ ਜੀ ਕਾ ਜੰਜਾਲ, ਪੜ ਗਿਆ ਛਪਨਿਆਂ ਕਾਲ ।

ਕਹਾਵਤ ਹੈ ਕਿ 'ਪੰਜਾਬ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ' । ਸ਼ਾਇਦ ਇਹੋ ਕਾਰਨ ਹੈ ਕਿ ਇਥੋਂ ਦੇ ਚੌੜੀਆਂ ਛਾਤੀਆਂ ਵਾਲੇ ਗਭਰੂ ਲੜਾਈ ਦੇ ਹਰ ਮੈਦਾਨ ਵਿਚ ਵੈਰੀਆਂ ਦੇ ਦੰਦ ਖੱਟੇ ਕਰ ਕੇ ਜਿੱਤ ਦੇ ਝੰਡੇ ਝੁਲਾਂਦੇ ਰਹੇ ਹਨ । ਪੰਜਾਬ ਦੀ ਸੈਨਿਕ ਪਰੰਪਰਾ ਸ਼ੁਰੂ ਤੋਂ ਹੀ ਕੁਰਬਾਨੀਆਂ ਦੇ ਜਜ਼ਬਿਆਂ ਨਾਲ ਨਿਖਰਦੀ ਹੈ । ਇਕ ਤਾਂ ਬੀਰਤਾ ਘੁੱਟੀ ਵਿਚ ਮਿਲੀ ਹੋਣ ਕਰਕੇ ਤੇ ਦੂਜਾ ਰੋਜ਼ਗਾਰ ਦੀ ਭਾਲ ਵਿਚ ਪੰਜਾਬ ਤੇ ਹਰਿਆਣੇ ਦੇ ਗਭਰੂ ਫ਼ੌਜਾਂ ਵਿਚ ਭਰਤੀ ਹੁੰਦੇ ਰਹੇ । ਨਿਰਾ ਗਭਰੂ ਹੀ ਨਹੀਂ ਇਥੋਂ ਦੀਆਂ ਨਾਰੀਆਂ ਵੀ ਆਪਣੇ ਰਿਸ਼ਤੇਦਾਰਾਂ (ਭਰਾਵਾਂ, ਪਤੀਆਂ ਅਤੇ ਪੁੱਤਰਾਂ ਆਦਿ) ਨੂੰ ਆਪਣੇ ਹੱਥੀਂ ਹਥਿਆਰਾਂ ਨਾਲ ਸਜਾ ਕੇ ਲੜਾਈ ਦੇ ਮੈਦਾਨ ਵਿਚ ਭੇਜਦੀਆਂ ਅਤੇ ਉਨ੍ਹਾਂ ਦਾ ਹੌਸਲਾ ਵਧਾਉਣ ਹਿਤ 'ਤਖ਼ਤ ਜਾਂ ਤਖ਼ਤਾ' ਦੀ ਪ੍ਰਾਪਤੀ ਦਾ ਸਨੇਹਾ ਦੇ ਕੇ ਤੋਰਦੀਆਂ । ਗੀਤਕਾਰਾਂ ਨੇ ਸੈਨਿਕ ਪਰੰਪਰਾ ਨੂੰ ਉਜਾਗਰ ਕਰਨ ਲਈ ਇਹੋ ਜੇਹੇ ਗੀਤ ਰਚੇ :

ਪੰਜਾਬੀ :

ਜਾਹ ਵੇ ਸਿਪਾਹੀਆਂ ! ਆਵੀਂ ਛੇਤੀ ਦੇਰ ਨਾ ਲਾਈਂ ।
ਸ਼ੇਰਾਂ ਵਾਂਗੂੰ ਪਾਲੀਂ ਅਣਖ ਨੂੰ,
ਪਿਠ ਨਾ ਕਦੀ ਵਿਖਾਈਂ ।
ਤੇਰੇ ਸਿਰ ਤੇ ਵੇ
ਸਿਹਰੇ ਬੰਨ੍ਹ ਦਿਊਂ ਸਾਂਈ ।.....
ਛੇਤੀ ਮੁੜ ਆਊਂਗਾ, ਜੰਗ ਵਿਚ ਧੁੰਮਾਂ ਪਾ ਕੇ ।

ਹਰਿਆਣਵੀਂ :

ਜਾ ਸਾਜਨ ਯਾ ਤੇਰੀ ਜਵਾਨੀ, ਪੂੰਜੀ ਮਾਂ ਧਰਤੀ ਕੀ ।
ਰਹੀ ਭੁਜਾ ਫ਼ੜਕ ਮੇਰੀ ਭੀ, ਤਨੇ[32] ਬਿਦਾ ਕਰਤੀ ਕੀ ।....
ਜਰਮਨ ਮੈਂ ਜਾ ਕੇ ਲੜੀਐ, ਅਪਣੇ ਮਾਂ ਬਾਪਾਂ ਕਾ ਨਾਂ ਕਰੀਏ ।
ਤੈਂ ਤੋਪਾਂ ਕੇ ਆਗੇ ਅੜੀਐ, ਅਪਣੀ ਛਾਤੀ ਨੇ ਦੇ ਖੋਲ ।.....
ਹਰਿਆਣਾ ਕੇ ਬੀਰ ਕਦੀ ਡਰਿਆ ਨਹੀਂ ਕਰਤੇ ।
ਮਾਫੀ ਕੀ ਯਾਚਨਾ, ਬੀਰ ਕਰਿਆ ਨਹੀਂ ਕਰਤੇ ।
ਤੋੜ ਬਗਾ ਕੇ ਕਾਂਗਣਾ, ਪਕੜੋ ਸਮਸੇਰਾ ।
ਗੌਰੀ ਸਾਹ ਕੇ ਦਲਾਂ ਮੈਂ ਰੇ ਬਿਆਹ ਹੋ ਜਾ ਤੇਰਾ ।
ਸਾਂਗਾ[33] ਹੋ ਜਾ ਆਰਤਾ ਤਲਵਾਰਾਂ ਤੇਰਾ ।

ਉਂਜ ਤਾਂ ਸਾਰਾ ਭਾਰਤ ਹੀ ਖੇਤੀ-ਪ੍ਰਧਾਨ ਦੇਸ਼ ਹੈ, ਪਰ ਜੇ ਪੰਜਾਬ ਨੂੰ ਅੰਨ ਦਾਤਾ ਕਹਿ ਦੇਈਏ ਤਾਂ ਅਤਿਕਥਨੀ ਨਹੀਂ ਹੋਵੇਗੀ । ਪੰਜਾਬ ਦੀ ਧਰਤੀ ਹਰ ਪ੍ਰਕਾਰ ਦਾ ਅੰਨ ਉਪਜਾਂਦੀ ਹੈ, ਪਰ ਕਣਕ ਦੀ ਫਸਲ ਇਥੇ ਵਧੇਰੇ ਹੁੰਦੀ ਹੈ । ਹਰਿਆਣਾ ਪ੍ਰਾਂਤ ਦੀ ਧਰਤੀ ਬਾਜਰੇ ਦੀ ਚੰਗੀ ਉਪਜ ਲਈ ਮਸ਼ਹੂਰ ਹੈ । ਇਥੋਂ ਦਾ ਕਿਸਾਨ ਮੱਖਣ ਨਾਲ ਚੋਪੜੀ ਬਾਜਰੇ ਦੀ ਰੋਟੀ ਜਾਂ ਰਾਬੜੀ (ਖਿਚੜੀ) ਬੜੇ ਸ਼ੌਕ ਨਾਲ ਖਾਂਦਾ ਹੈ । ਬਾਜਰਾ ਕਾਫ਼ੀ

ਤਾਕਤਵਾਰ ਅੰਨ ਹੈ। ਬਾਜਰਾ ਪੰਜਾਬ ਵਿਚ ਵੀ ਪੈਦਾ ਹੁੰਦਾ ਤੇ ਖਾਇਆ ਜਾਂਦਾ ਹੈ। ਦੋਹਾਂ ਰਾਜਾਂ ਵਿਚ ਬਾਜਰੇ ਸੰਬੰਧੀ ਲੋਕ-ਗੀਤ ਮਿਲਦੇ ਹਨ, ਜੋ ਇਸ ਪ੍ਰਕਾਰ ਹਨ :

ਪੰਜਾਬੀ :

ਮਾਹੀ ਮੇਰੇ ਦਾ ਪਕਿਆ ਬਾਜਰਾ
ਤੁਰ ਪਈ ਗੋਪੀਆ ਫੜ ਕੇ।
ਖੇਤ ਵਿਚ ਜਾਕੇ ਹੂਕਰ ਮਾਰੀ,
ਸਿਖਰ ਮੰਨ੍ਹੇ ਤੇ ਚੜ੍ਹ ਕੇ।....
ਬਾਜਰਾ ਤਾਂ ਸਾਡਾ ਹੋ ਗਿਆ ਚਾਬੂ
ਮੂੰਗੀ ਔਂਦੀ ਫਲਦੀ।
ਪਹਿਨ ਪਚਰ ਕੇ ਆ ਗਈ ਖੇਤ ਵਿਚ
ਨੁਮਕ ਨੁਮਕ ਪਬ ਧਰਦੀ।
ਸਿਫ਼ਤਾਂ ਰਾਂਝੇ ਦੀਆਂ ਮੈਂ ਬੈਠ ਮੰਨ੍ਹੇ ਤੇ ਕਰਦੀ।

ਹਰਿਆਣਵੀਂ :

ਬਾਜਰੇ ਕੀ ਰੋਟੀ ਪੋਈ[34] ਰੇ ਹਾਲੀੜਾ[35] ਬਥੂਏ ਕਾ ਰਾਂਧਾ[36] ਸੇ ਸਾਗ।.....
ਮੀਠੀ ਲਾਗੇ ਬਾਜਰੇ ਕੀ ਖੀਚੜੀ ਰੇ,
ਦਲ ਚੱਕੀ ਮੇਂ ਹਾਂਡੀ ਮੇਂ ਗੇਰੀ, ਨੀਚੇ ਲਗਾ ਦੀ ਲਾਕੜੀ ਰੇ,
ਮੀਠੀ ਲਾਗੇ ਬਾਜਰੇ ਕੀ ਖਿਚੜੀ ਰੇ।.....
ਰਾਂਧ ਰੂੰਧ ਥਾਲੀ ਮੈਂ ਘਾਲੀ, ਊਪਰ ਆ ਗਈ ਪਾਪੜੀ ਰੇ,
ਮੀਠੀ ਲਾਗੇ ਬਾਜਰੇ ਕੀ ਖੀਚੜੀ ਰੇ।.....
ਬਾਜਰਾ ਕਹੇ ਮੈਂ ਬੜਾ ਅਲਬੇਲਾ
ਦੋ ਮੂਸਲ ਤੇ ਲੜੂੰ ਅਕੇਲਾ
ਜੋ ਮੇਰੀ ਨਾਜੋ ਖਿਚੜੀ ਖਾਏ, ਫੂਲ ਫਾਲ ਕੋਠੀ ਹੋ ਜਾਏ।

ਜਦੋਂ ਦੋ ਸੰਸਕ੍ਰਿਤੀਆਂ ਆਪਸ ਵਿਚ ਮਿਲਦੀਆਂ ਹਨ ਉਹ ਇਕ ਦੂਜੀ ਨੂੰ ਪ੍ਰਭਾਵਿਤ ਕਰਦੀਆਂ ਹਨ। ਮੁਗਲ ਕਾਲ ਵਿਚ ਮੁਸਲਿਮ ਸੰਸਕ੍ਰਿਤੀ ਨੇ ਭਾਰਤੀ ਸੰਸਕ੍ਰਿਤੀ ਨੂੰ ਪ੍ਰਭਾਵਿਤ ਕੀਤਾ ਤੇ ਦੋਵੇਂ ਇਕ ਦੂਜੀ ਵਿਚ ਸਮਾ ਕੇ ਇਕ ਹੋ ਗਈਆਂ। ਅੰਗਰੇਜ਼ੀ ਸ਼ਾਸਨ ਨੇ ਭਾਰਤੀ ਸੰਸਕ੍ਰਿਤੀ ਨੂੰ ਵਧੇਰੇ ਪ੍ਰਭਾਵਿਤ ਕੀਤਾ ਅਤੇ ਭਾਰਤੀ ਸਮਾਜ ਵਿਚ ਕਈ ਪ੍ਰਕਾਰ ਦੀਆਂ ਤਬਦੀਲੀਆਂ ਆਈਆਂ। ਵਿਦਿਆ ਦੇ ਪ੍ਰਸਾਰ ਨੇ ਦਫ਼ਤਰੀ ਬਾਬੂ ਪੈਦਾ ਕੀਤੇ ਜੋ ਆਪਣੇ ਅਫ਼ਸਰਾਂ ਦੀ ਦੇਖਾ ਦੇਖੀ ਫੈਸ਼ਨ-ਪ੍ਰਸਤ ਬਣ ਗਏ। ਅੰਗਰੇਜ਼ੀ ਵਿਦਿਆ ਪ੍ਰਣਾਲੀ ਅਤੇ ਸਾਹਿੱਤ ਦੇ ਅਧਿਐਨ ਨੇ ਚੰਗੀਆਂ ਗੱਲਾਂ ਦੇ ਨਾਲ-ਨਾਲ ਫੋਕੇ ਦਿਖਾਵੇ ਦੀ ਅਤੇ ਆਰਾਮ-ਪ੍ਰਸਤੀ ਦੀ ਆਦਤ ਅਤੇ ਫ਼ਜ਼ੂਲ ਖ਼ਰਚੀ ਦਾ ਚਸਕਾ ਲਾਇਆ। ਸਿਨਮੇ ਤੇ ਕਲੱਬਾਂ ਵਿਚ ਲੋਕਾਂ ਦੀ ਰੁਚੀ ਵਧੀ। ਕੁੜੀਆਂ ਉੱਤੇ ਇਸ ਦਾ ਪ੍ਰਭਾਵ ਪਿਆ। ਇਸ ਪ੍ਰਵਿਰਤੀ ਦਾ ਵਰਣਨ ਲੋਕ-ਗੀਤਾਂ ਵਿਚ ਇਸ ਪ੍ਰਕਾਰ ਹੋਇਆ ਹੈ :

ਪੰਜਾਬੀ :

ਨੰਦ ਕੁਰ ਚੰਦ ਕੁਰ ਦੋਵੇਂ ਭੈਣਾਂ,
ਆਈਆਂ ਸਕੂਲੋਂ ਪੜ੍ਹ ਕੇ।
ਫੱਟੀ ਬਸਤਾ ਰਖਿਆ ਤਾਕ ਤੇ,
ਬੈਠੀਆਂ ਪਲੰਘ ਤੇ ਚੜ੍ਹ ਕੇ।
ਸ਼ੀਸ਼ੇ ਦੇ ਵਿਚ ਮੁਖੜਾ ਵੇਖਣ,

ਦੋਵੇਂ ਭੈਣਾਂ ਰਲ ਕੇ ।
ਸਨ-ਲੈਟ ਦਾ ਸਾਬਨ ਲਿਆਂਦਾ,
ਪੈਰੀ ਸਲੀਪਰ ਖੜਕੇ ।

ਹਰਿਆਣਵੀਂ :

ਮੈਂ ਅੰਗਰੇਜ਼ੀ ਪੜ੍ਹ ਗਈ ਬਾਲਮ ਖਾਣਾ ਨਹੀਂ ਬਣਾਊਂਗੀ
ਨਹੀਂ ਚੂਲ੍ਹੇ ਪਰ ਰਖੂੰ ਦੇਗਚੀ, ਆਂਚ ਨਾ ਬਾਲੂੰਗੀ
ਪਤਲੀ ਫੁਲਕੀਆਂ ਪੋਇ ਕੇ ਬਾਲਮ ਤੁਝੇ ਨਾ ਖਿਲਾਊਂਗੀ
ਨਾ ਚਾਕੀ ਪਰ ਰਖੂੰ ਪੀਸਣਾ, ਕੋਰ ਨਾ ਡਾਲੂੰਗੀ
ਗੌਰਮਿੰਟ ਸੇ ਬਾਤ ਕਰੂੰਗੀ, ਤਨਖਾਹ ਪਾਊਂਗੀ
ਤੇਰੇ ਸਾ ਮਜੂਰ ਪਲੰਘ ਬਿਛਾਵੈ, ਗੱਦਾ ਲਾਉਂਗੀ ।

ਇਹ ਕਹਿਣਾ ਕਿ ਲੋਕ ਗੀਤਾਂ ਵਿਚ ਕੇਵਲ ਨੂੰਹ ਸੱਸ ਦੇ ਝਗੜੇ, ਵਿਆਹ-ਸ਼ਾਦੀ, ਸੰਜੋਗ-ਵਿਜੋਗ, ਫਸਲਾਂ, ਰੁੱਤਾਂ, ਸੈਨਿਕ ਪਰੰਪਰਾ ਆਦਿ ਦਾ ਵਰਣਨ ਹੀ ਮਿਲਦਾ ਹੈ, ਇਕ ਭੁਲੇਖਾ ਹੈ । ਲੋਕ-ਗੀਤ ਸਮੇਂ-ਸਮੇਂ ਸਮਾਜ ਵਿਚ ਆਈ ਹਰ ਤਬਦੀਲੀ ਦਾ ਪ੍ਰਭਾਵ ਆਪਣੇ ਅੰਦਰ ਸਮੇਟਦੇ ਰਹਿੰਦੇ ਹਨ । ਲੋਕ-ਗੀਤਾਂ ਦੇ ਰਚਣਹਾਰਿਆਂ ਸਮਾਜ ਵਿਚ ਜੋ ਵੀ ਚੰਗੀ ਜਾਂ ਭੈੜੀ ਤਬਦੀਲੀ ਵੇਖੀ, ਉਸੇ ਨੂੰ ਆਪਣੇ ਗੀਤਾਂ ਦਾ ਵਿਸ਼ਾ ਬਣਾਇਆ । ਚੰਗੀਆਂ ਤਬਦੀਲੀਆਂ ਦੀ ਸਲਾਹੁਣਾ ਕੀਤੀ ਅਤੇ ਭੈੜੀਆਂ ਦਾ ਮਖੌਲ ਉਡਾਇਆ ਅਤੇ ਨਿਰਪੱਖ ਹੋ ਆਪਣੇ ਵਿਚਾਰ ਲੋਕਾਂ ਤਕ ਪੁਚਾਏ ।

ਜਿਥੇ ਪੰਜਾਬ ਅਤੇ ਹਰਿਆਣੇ ਦੇ ਲੋਕ-ਗੀਤਾਂ ਵਿਚ ਭਾਵ-ਸਮਾਨਤਾ ਹੈ, ਉਥੇ ਧਰਤੀ, ਜਲ-ਵਾਯੂ, ਅਤੇ ਆਲੇ-ਦੁਆਲੇ ਦੇ ਪ੍ਰਭਾਵ ਕਾਰਨ ਕੁਝ ਅੰਤਰ ਵੀ ਹਨ । ਪੰਜਾਬ ਵਿਚ ਤ੍ਰਿੰਞਣਾਂ ਵਿਚ ਬਹਿ ਕੇ, ਛੋਪੇ ਪਾ ਕੇ ਚਰਖਾ ਕਤਣ ਦਾ ਰਵਾਜ ਹੈ ਅਤੇ ਤ੍ਰਿੰਞਣ ਬਾਰੇ ਅਨੇਕਾਂ ਗੀਤ ਵੀ ਮਿਲਦੇ ਹਨ, ਪਰ ਹਰਿਆਣੇ ਵਿਚ ਚਰਖਾ ਕਤਿਆ ਜਾਣ ਦੇ ਬਾਵਜੂਦ ਤ੍ਰਿੰਞਣ ਦਾ ਰਵਾਜ ਨਾ ਹੋਣ ਕਰਕੇ ਤ੍ਰਿੰਞਣ ਬਾਰੇ ਇਕ ਵੀ ਗੀਤ ਨਹੀਂ ਮਿਲਦਾ । ਪੰਜਾਬ ਵਿਚ ਵਿਸਾਖੀ, ਮਾਘੀ ਤੋਂ ਛੁੱਟ ਕਈ ਮੇਲੇ ਲੱਗਦੇ ਹਨ, ਜਿਨ੍ਹਾਂ ਵਿਚ ਛਿੰਜਾਂ ਪੈਂਦੀਆਂ ਹਨ (ਘੋਲ, ਕੌਡੀ, ਗਤਕਾ, ਵੀਣੀ ਆਦਿ ਦੇ ਅਖਾੜੇ ਖੁਲ੍ਹੇ ਤੌਰ ਤੇ ਲੱਗਦੇ ਹਨ) ਭੰਗੜਾ, ਗਿੱਧਾ ਅਤੇ ਝੂੰਮਰ ਆਦਿ ਨਾਚ ਨਾਲ ਲੋਕ ਧਰਤੀ ਨੂੰ ਉਖਲੀ ਬਣਾ ਦਿੰਦੇ ਹਨ, ਜਦ ਕਿ ਹਰਿਆਣੇ ਵਿਚ ਖ਼ੁਸ਼ੀ ਦੇ ਪ੍ਰਗਟਾ ਦੇ ਹੋਰ ਸਾਧਨ ਹਨ । ਪੰਜਾਬ ਦੇ ਲੋਕ-ਗੀਤ ਬਹੁ-ਵੰਨਗੀ ਵਾਲੇ ਹਨ ਜੇਹਾ ਕਿ ਦੋਹੜਾ, ਟੱਪਾ, ਮਾਹੀਆ, ਬਾਲੋ ਆਦਿ ਬੋਲੀਆਂ ਦੇ ਰੂਪ ਵਿਚ ਹਨ । ਲੰਮੇ ਗੀਤ ਵੀ ਮਿਲਦੇ ਹਨ । ਹਰਿਆਣੇ ਵਿਚ ਵਧੇਰੇ ਰਾਗਣੀਆਂ ਜਾਂ ਸਹਿ-ਗਾਣ (group song) ਦੇ ਰੂਪ ਵਿਚ ਹੀ ਗੀਤ ਗਾਏ ਜਾਂਦੇ ਹਨ । ਫਿਰ ਵੀ ਦੋਹਾਂ ਰਾਜਾਂ ਦੇ ਲੋਕ-ਗੀਤਾਂ ਵਿਚ ਭਾਵ-ਸਮਾਨਤਾ ਕਾਫ਼ੀ ਤੋਂ ਜ਼ਿਆਦਾ ਹੈ । ਇਹ ਸਾਂਝੀ ਸੰਸਕ੍ਰਿਤੀ ਦਾ ਹੀ ਸਿੱਟਾ ਕਿਹਾ ਜਾ ਸਕਦਾ ਹੈ । ਇਹ ਵੀ ਹੋ ਸਕਦਾ ਹੈ ਕਿ ਇਕੋ ਵਿਸ਼ਾਲ ਰਾਜ (1966 ਤੋਂ ਪਹਿਲੋਂ) ਹੋਣ ਕਰਕੇ ਗੀਤਕਾਰ ਦੋਹਾਂ ਰਾਜਾਂ (ਸਾਂਝੇ ਪੰਜਾਬ) ਵਿਚ ਘੁੰਮਦੇ ਤੇ ਘਟਨਾਵਾਂ ਦਾ ਅਧਿਐਨ ਕਰਕੇ ਆਪੋ ਆਪਣੀ ਬੋਲੀ ਵਿਚ ਉਸ ਨੂੰ ਪ੍ਰਗਟ ਕਰਦੇ ਰਹੇ ਹੋਣ । ਇਹ ਬਣਜਾਰੇ ਗੀਤਕਾਰ ਹੀ ਲੋਕ-ਗੀਤਾਂ ਵਿਚ ਭਾਵ-ਸਮਾਨਤਾ ਲਿਆਉਣ ਦੇ ਮੁੱਖ ਸਾਧਨ ਕਹੇ ਜਾ ਸਕਦੇ ਹਨ ।

ਪੈਰ-ਟਿੱਪਣੀਆਂ

1. ਓਂਕਾਰ ਪ੍ਰਸ਼ਾਦ ਮਾਹੇਸ਼ਵਰੀ : *ਗੀਤ ਕਾਵਿ ਕਾ ਵਿਵੇਚਨ ਤਥਾ ਹਿੰਦੀ ਚਿਤ੍ਰਪਟ ਕੇ ਗੀਤ*, 1978, ਵਿਨੋਦ ਪੁਸਤਕ ਮੰਦਿਰ, ਆਗਰਾ, ਪੰਨਾ 60
2. ਡਾ. ਐਮ. ਐਸ. ਰੰਧਾਵਾ : *ਪੰਜਾਬ ਦੇ ਲੋਕ ਗੀਤ*, ਸਾਹਿਤ ਸੰਗਮ, ਲੁਧਿਆਣਾ, 1955, ਭੂਮਿਕਾ, ਪੰਨਾ 9
3. A.R. Entwistle : *The Study of Poetry*, ਗੀਤੀ ਕਾਵਿ ਕਾ ਵਿਵੇਚਨ ਤਥਾ ਹਿੰਦੀ ਚਿਤ੍ਰ ਪਟ ਕੇ ਗੀਤ, 1978, ਦੇ ਪੰਨਾ 63 ਤੋਂ ਉਧਰਿਤ

4. *ਸਾਹਿਤਕਾਰ ਕੀ ਆਸਥਾ ਤਥਾ ਅਨ੍ਯ ਨਿਬੰਧ*, ਚੋਣਕਾਰ-ਗੰਗਾ ਪ੍ਰਸਾਦ ਪਾਂਡੇ, 1962 ਮਹਾਦੇਵੀ ਵਰਮਾ ਦਾ ਲੇਖ, ਗੀਤੀ ਕਾਵਿ, ਪੰਨਾ 120
5. ਓਮ ਪ੍ਰਕਾਸ਼ ਅਗਰਵਾਲ ਦਾ ਲੇਖ : *ਹਿੰਦੀ ਗੀਤੀ ਕਾਵਿ*–ਗੀਤੀ ਕਾਵਿ ਕਾ ਵਿਵੇਚਨ ਤਥਾ ਹਿੰਦੀ ਚਿਤ੍ਰ-ਪਟ ਕੇ ਗੀਤ, 1978 ਦੇ ਪੰਨਾ 64 ਤੋਂ ਲਿਆ
6. *ਲੋਕ ਗੀਤਾਂ ਬਾਰੇ*, ਚੋਣਕਾਰ-ਸੰਤੋਖ ਸਿੰਘ ਧੀਰ, ਲਾਹੌਰ ਬੁਕ ਸ਼ਾਪ, ਲੁਧਿਆਣਾ, ਪੰਨਾ 10-11
7. *ਉਹੀ*, ਪੰਨਾ 12
8. *ਹਰਿਆਣਾ ਦੇ ਲੋਕ ਗੀਤ*–ਭਾਸ਼ਾ ਵਿਭਾਗ ਹਰਿਆਣਾ, ਚੰਡੀਗੜ੍ਹ, 1970, ਪੰਨਾ ਕ (ਕ)।
9. ਬੱਚਾ।
10. ਸ਼ਗਨ ਮਨਾਉਣ ਲਈ ਬੂਹੇ ਉੱਤੇ ਲੀਕਾਂ ਵਾਹੁਣੀਆਂ
11. ਨਿਮੋਝੂਣ ਹੋਣਾ
12. ਦੀਵੇ
13. ਤੁਮ (ਤੂੰ)
14. *ਲੋਕ ਗੀਤਾਂ ਬਾਰੇ*, ਚੋਣਕਾਰ-ਸੰਤੋਖ ਸਿੰਘ ਧੀਰ, ਲਾਹੌਰ ਬੁਕ ਸ਼ਾਪ, ਲੁਧਿਆਣਾ, ਪੰਨਾ 250-251
15. ਮੈਨੂੰ
16. ਤੁਮਹਾਰੀ (ਤੁਹਾਡੀ)
17. ਝੁਲਾਇਆ
18. ਮਾਸੜ
19. ਤੁਮਨੇ (ਤੂੰ)
20. ਅਟਾਰੀ
21. ਹਮਾਰਾ (ਸਾਡਾ)
22. ਨੱਥ
23. ਇਉਂ, ਇਸ ਤਰ੍ਹਾਂ
24. ਉਮੰਗਾਂ
25. ਸਰੀਰ
26. ਇਉਂ
27. ਤੁਹਾਡੀ
28. ਪੇਕਾ ਅਤੇ ਸਹੁਰਾ
29. ਇਹ
30. ਵੰਸ਼
31. ਰੋਂਦੇ ਫਿਰਨ
32. ਤੈਨੂੰ
33. ਸੰਗ, ਨਾਲ
34. ਪਕਾਈ
35. ਹਲਵਾਹ, ਹਾਲੀ
36. ਰਿੰਨ੍ਹਿਆ



ਪਾਕਿਸਤਾਨ ਦਾ ਪੰਜਾਬੀ ਸਾਹਿੱਤ

ਪ੍ਰੋ. ਐਮ. ਸ਼ਰੀਫ਼ ਕੁੰਜਾਹੀ

ਜਦੋਂ ਪਾਕਿਸਤਾਨ ਸੰਸਾਰ ਦੇ ਰਾਜਨੀਤਿਕ ਨਕਸ਼ੇ ਉੱਤੇ ਹੋਂਦ ਵਿਚ ਆਇਆ ਤਾਂ ਉਸ ਵੇਲੇ ਖੇਤਰੀ (ਇਲਾਕਾਈ) ਭਾਸ਼ਾਵਾਂ ਵਾਂਗੂ ਪੰਜਾਬੀ ਦਾ ਵੀ ਇਕ ਅਮੀਰ ਵਿਰਸਾ ਸੀ। ਇਸ ਦੀਆਂ ਰੁਮਾਂਟਿਕ ਕਥਾ-ਕਹਾਣੀਆਂ ਜਿਹੜੀਆਂ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦੇ ਨਿਪੁੰਨ ਕਵੀਆਂ ਅਤੇ ਕਿੱਸਾਕਾਰਾਂ ਨੇ ਕਵਿਤਾਈਆਂ ਹੋਈਆਂ ਸਨ, ਨੂੰ ਹਜ਼ਾਰਾਂ ਲੋਕ ਪੜ੍ਹਦੇ ਅਤੇ ਪਸੰਦ ਕਰਦੇ ਸਨ। ਰਹੱਸਵਾਦੀ (ਸੂਫ਼ੀ) ਕਵਿਤਾ ਉਸੇ ਤਰ੍ਹਾਂ ਹੀ ਪ੍ਰੇਰਣਾਦਾਇਕ ਅਤੇ ਸ਼ਾਂਤੀ ਪ੍ਰਦਾਨ ਕਰਨ ਵਾਲੀ ਸੀ ਜਿਸ ਤਰ੍ਹਾਂ ਉਹ ਕਈ ਸਦੀਆਂ ਪਹਿਲਾਂ ਸੀ ਜਦੋਂ ਕਿ ਰਹੱਸ ਅਨੁਭੂਤੀ ਹੀ ਜੀਵਨ ਦਾ ਆਧਾਰ ਫਲਸਫ਼ਾ ਸੀ। ਲੋਕ-ਗੀਤ ਜਿਹੜੇ ਕਾਲ ਦੇ ਅਸਰ ਨੂੰ ਕਬੂਲਣ ਤੋਂ ਇਨਕਾਰੀ ਸਨ, ਉਸੇ ਤਰ੍ਹਾਂ ਨਵੇਂ ਖਿੜੇ ਫੁੱਲਾਂ ਵਾਂਗ ਤਾਜ਼ਾ ਸਨ ਅਤੇ ਕੋਇਲ ਦੇ ਮਿਠੇ ਗੀਤਾਂ ਵਾਂਗ ਮੋਹਕ ਸਨ। ਇਨ੍ਹਾਂ ਗੀਤਾਂ ਦੇ ਗਾਇਕ ਉਹ ਲੋਕ ਹਨ ਜਿਨ੍ਹਾਂ ਦਾ ਨਾਂ ਇਤਿਹਾਸ ਵਿਚ ਕਿਧਰੇ ਨਹੀਂ ਆਂਦਾ ਅਤੇ ਜੋ ਜੀਵਨੀਕਾਰਾਂ ਦੀ ਕਲਮ-ਛੋਹ ਦੀ ਹਦ ਤੋਂ ਪਰੇ ਸਨ।

ਪਰੰਪਰਾ ਨੂੰ ਜੀਵਿਤ ਰਖਣਾ

ਇਸ ਪਰੰਪਰਾ ਨੂੰ ਜੀਵਿਤ ਰਖਣ ਵਾਲੇ ਅਹਿਮਦ ਅਲੀ ਸਾਈਂ, ਮੌਲਾ ਬਖ਼ਸ਼ ਕੁਸ਼ਤਾ ਆਦਿ ਕਵੀ ਸਨ ਅਤੇ ਅਜਿਹੇ ਕਈ ਹੋਰ ਕਵੀ ਲਾਹੌਰ, ਗੁਜਰਾਂਵਾਲਾ, ਗੁਜਰਾਤ, ਜਿਹਲਮ ਅਤੇ ਰਾਵਲ-ਪਿੰਡੀ ਵਿਚ ਵੀ ਸਨ; ਵਿਸ਼ੇ-ਖੇਤਰ ਜਾਂ ਉਦੇਸ਼ ਵੱਖਰਾ-ਵੱਖਰਾ ਨਹੀਂ ਸੀ ਅਤੇ ਲਗਭਗ ਸਾਰੇ ਕਵੀਆਂ ਨੇ ਇਸ਼ਕੀਆ ਕਵਿਤਾਵਾਂ ਜਾਂ ਮਜ਼ਹਬੀ ਪ੍ਰਭਾਵ ਅਧੀਨ ਕਵਿਤਾਵਾਂ ਦੀ ਰਚਨਾ ਕੀਤੀ। ਕਿਉਂਕਿ ਕੋਈ ਵੀ ਵਾਰਤਕ ਲੇਖਕ ਨਹੀਂ ਸੀ, ਇਸ ਲਈ ਨਾ ਤਾਂ ਕੋਈ ਨਾਵਲ ਲਿਖਿਆ ਗਿਆ ਅਤੇ ਨਾ ਹੀ ਨਿਕੀ-ਕਹਾਣੀ ਜਾਂ ਨਾਟਕ ਸੰਗ੍ਰਹਿ ਹੋਂਦ ਵਿਚ ਆਇਆ। ਆਲੋਚਨਾ ਬਾਰੇ ਜਾਂ ਆਲੋਚਨਾ ਉੱਤੇ ਵੀ ਕੋਈ ਪੁਸਤਕ ਨਹੀਂ ਲਿਖੀ ਗਈ।

ਪਰੰਤੂ ਇਸਲਾਮ ਦੇ ਮੁੱਢਲੇ ਨਿਯਮਾਂ ਜਾਂ ਸਿਧਾਂਤਾਂ ਅਤੇ ਮੁਸਲਮਾਨਾਂ ਦੀਆਂ ਨਿਤ ਦੀਆਂ ਧਾਰਮਿਕ ਲੋੜਾਂ ਬਾਰੇ 'ਪੱਕੀ ਰੋਟੀ' ਜਾਂ 'ਬੋਹਲ ਨਮਾਜ਼' ਜੇਹੇ ਪੈਂਫਲਟ ਮਿਲ ਜਾਂਦੇ ਹਨ। ਇਸ ਸਾਰੇ ਕੁਝ ਦਾ ਕਾਰਨ ਲੱਭਣਾ ਬੜਾ ਔਖਾ ਹੈ।

ਸ਼ਹਿਰਾਂ ਵਿਚ, ਜਿਨ੍ਹਾਂ ਨੂੰ ਵਿਦਿਆ ਅਤੇ ਸਾਹਿੱਤ ਦਾ ਪੰਘੂੜਾ ਸਮਝਿਆ ਜਾਂਦਾ ਹੈ, ਅੰਗਰੇਜ਼ੀ ਰਾਜ ਵੇਲੇ ਪੰਜਾਬੀ ਨੂੰ ਸਿੱਖਾਂ ਦੀ ਭਾਸ਼ਾ ਦਾ ਨਾਂ ਦਿੱਤਾ ਜਾਂਦਾ ਰਿਹਾ। ਸਕੂਲਾਂ ਅਤੇ ਕਾਲਜਾਂ ਵਿਚ ਇਸ ਭਾਸ਼ਾ ਲਈ ਅਪਰਿਚਿਤ ਲਿਪੀ ਦੀ ਵਰਤੋਂ ਕਾਰਨ ਮੁਸਲਮਾਨਾਂ ਨੂੰ ਵਿਦਿਅਕ ਸੰਸਥਾਵਾਂ ਵਿਚ ਆਪਣੀ ਮਾਤ੍ਰੀ-ਭਾਸ਼ਾ ਤੋਂ ਦੂਰ ਰਖਣ ਦਾ ਨਕਾਰਾਤਮਕ ਯੋਗਦਾਨ ਰਿਹਾ।

ਪਰ ਪਾਕਿਸਤਾਨ ਦੀ ਸਥਾਪਨਾ ਹੋਣ ਨਾਲ ਸਥਿਤੀ ਵਿਚ ਪਰਿਵਰਤਨ ਆ ਗਿਆ ਜਦੋਂ ਗੁਰਮੁਖੀ ਲਿਪੀ ਦੀ ਥਾਂ ਫ਼ਾਰਸੀ ਲਿਪੀ ਨੇ ਲੈ ਲਈ ਅਤੇ ਪੰਜਾਬੀ ਮੁਸਲਮਾਨਾਂ ਨੇ ਆਪਣੀ ਭਾਸ਼ਾ ਦਾ ਮਿਠਾ ਸੁਆਦ ਮਾਣਿਆ। ਰੋਜ਼ਾਨਾ 'ਇਮਰੋਜ਼' ਨੇ ਇਕ ਪੰਜਾਬੀ ਕਾਲਮ ਚਾਲੂ ਕੀਤਾ ਅਤੇ ਇਕ ਹੋਰ ਉਰਦੂ ਰਸਾਲੇ 'ਸਵੇਰਾ' ਨੇ ਵੀ ਆਪਣੇ ਪੰਨਿਆਂ ਵਿਚ ਪੰਜਾਬੀ ਕਵਿਤਾਵਾਂ ਪ੍ਰਕਾਸ਼ਿਤ ਕਰਨੀਆਂ ਸ਼ੁਰੂ ਕੀਤੀਆਂ।

ਪਾਕਿਸਤਾਨ ਵਿਚ ਪਹਿਲਾ ਪੰਜਾਬੀ ਨਾਵਲ

ਸੰਨ 1947 ਤੋਂ ਕੁਝ ਵਰ੍ਹੇ ਬਾਅਦ ਅਬਦੁਲ ਮਜੀਦ ਭੱਟੀ ਨੇ ਪੰਜਾਬੀ ਵਿਚ ਆਪਣਾ ਪਹਿਲਾ ਨਾਵਲ

ਪ੍ਰਕਾਸ਼ਿਤ ਕੀਤਾ । ਇਹ ਨਾਵਲ ਪੁਰਾਤਨ ਪਰੀ-ਕਹਾਣੀਆਂ ਅਤੇ ਅਲਫ਼ ਲੈਲਾ ਵਰਗੀਆਂ ਕਹਾਣੀਆਂ ਜਿਹੜੀਆਂ ਸਾਡੇ ਪਿੰਡਾਂ ਵਿਚ ਬੜੀਆਂ ਲੋਕਪ੍ਰਿਯ ਸਨ, ਤੋਂ ਕੁਦਰਤੀ ਤੌਰ ਉੱਤੇ ਇਕ ਨਵਾਂ ਮੋੜ ਸੀ ।

ਇਸ ਉਦਮ ਨੇ ਕਈਆਂ ਹੋਰਾਂ ਨੂੰ ਵੀ ਅਜਿਹਾ ਕਰਨ ਲਈ ਉਤਸਾਹਿਤ ਕੀਤਾ । ਅਫ਼ਜ਼ਲ ਰੰਧਾਵਾ ਨੇ ਸਾਨੂੰ ਇਕ ਨਿੱਕਾ ਨਾਵਲ (novelette) ਦਿੱਤਾ ਜਿਸ ਵਿਚ ਉਨ੍ਹਾਂ ਲੋਕਾਂ ਦੀ ਜਿਹੜੇ ਨਵੀਆਂ ਬਦਲਦੀਆਂ ਕੀਮਤਾਂ ਦਾ ਸਾਹਮਣਾ ਕਰ ਰਹੇ ਸਨ, ਜਜ਼ਬਾਤੀ ਕਠੇਰ ਦੁਬਿਧਾ ਦਾ ਚਿੱਤਰਣ ਸੀ ।

ਇਕ ਹੋਰ ਉਭਰਦੇ ਲੇਖਕ ਸਲੀਮ ਖ਼ਾਨ ਗਿਮੀ ਨੇ ਉਸੇ ਵਿਸ਼ੇ ਨੂੰ ਵਧੇਰੇ ਵਿਸ਼ਾਲ ਚਿੱਤਰ-ਪੱਟ ਉੱਤੇ ਪੇਸ਼ ਕੀਤਾ ਜਦੋਂ ਉਨ੍ਹਾਂ ਦੀ ਲੀਹਾਂ ਉੱਤੇ ਚਲਣ ਵਾਲਾ ਇਕ ਹੋਰ ਸੀ ਰਸ਼ੀਦ ਲਘਾਰੀ । ਲਘਾਰੀ ਦਾ ਨਾਵਲ 'ਨਾਜ਼ੋ' ਇਕ ਅਜਿਹੀ ਬੱਚੀ ਦੀ ਤਕਦੀਰ ਦਾ ਚਿੱਤਰਣ ਹੈ ਜਿਸ ਨੂੰ ਇਕ ਬੇਔਲਾਦ ਮੁਸਲਮਾਨ ਨੇ ਇਕ ਗ਼ੈਰ-ਮੁਸਲਮਾਨ ਮਾਂ ਜਿਸ ਨੂੰ ਛੁਰਾ ਘੋਪ ਦਿੱਤਾ ਗਿਆ ਸੀ, ਕੋਲੋਂ ਚੁੱਕਿਆ ਸੀ ।

ਸਹਿਜੇ-ਸਹਿਜੇ ਫ਼ਖ਼ਰ ਜ਼ਮਾਂ, ਡਾ. ਰਜ਼ੀਆ ਨੂਰ ਮੁਹੰਮਦ, ਡਾ. ਮੁਹੰਮਦ ਬਕਰ ਅਤੇ ਮੁਸਤਨਸਰ ਤਰਾਰ ਜੇਹੇ ਲੇਖਕਾਂ ਨੇ ਪੰਜਾਬੀ ਨੂੰ ਕਈ ਨਾਵਲਾਂ ਨਾਲ ਅਮੀਰ ਬਣਾ ਦਿੱਤਾ ।

ਨਿੱਕੀਆਂ ਕਹਾਣੀਆਂ

ਨਿੱਕੀ ਕਹਾਣੀ ਅਤੇ ਨਾਟਕ ਵੀ ਪਿੱਛੇ ਨਹੀਂ ਰਹੇ ਅਤੇ 1950 ਵਿਚ ਜਦੋਂ ਇਸੇ ਨਾਂ ਦਾ ਪੰਜਾਬੀ ਦਾ ਪਹਿਲਾ ਰਸਾਲਾ ਮਾਰਕਿਟ ਵਿਚ ਆਇਆ ਤਾਂ ਅਕਬਰ ਲਾਹੌਰੀ, ਸਜਾਦ ਹੈਦਰ, ਆਗ਼ਾ ਅਸ਼ਰਫ਼, ਅਨਵਰ ਸਜਾਦ ਅਤੇ ਕਈਆਂ ਹੋਰਾਂ ਨੇ ਇਸ ਅਣਛੋਹ ਖੇਤਰ ਵਿਚ ਕੰਮ ਸ਼ੁਰੂ ਕੀਤਾ ਜਿਨ੍ਹਾਂ ਦਾ ਅਨੁਸਰਣ ਜਲਦੀ ਹੀ ਯੁਵਕ ਪੀੜ੍ਹੀ ਨੇ ਵੀ ਕਰਨਾ ਸ਼ੁਰੂ ਕਰ ਦਿੱਤਾ ।

ਨਵਾਜ਼ ਨੇ ਆਪਣਾ ਨਿੱਕੀਆਂ ਕਹਾਣੀਆਂ ਦਾ ਸੰਗ੍ਰਹਿ ਪ੍ਰਕਾਸ਼ਿਤ ਕੀਤਾ । ਸੁਪ੍ਰਸਿੱਧ ਵਿਅੰਗ-ਚਿੱਤਰਕਾਰ (ਕਾਰਟੂਨਿਸਟ) ਅਨਵਰ ਅਲੀ ਨੇ ਆਪਣੀਆਂ ਹਾਸ-ਰਸੀ ਅਤੇ ਵਿਅੰਗ ਭਰਪੂਰ ਕਹਾਣੀਆਂ ਨੂੰ ਪ੍ਰਕਾਸ਼ਿਤ ਕੀਤਾ । ਇਸਤਰੀਆਂ ਵਾਲੇ ਪਾਸਿਉਂ ਰਿਫ਼ਾਤ ਨੇ ਇਸਤਰੀ ਜਾਤੀ ਦੀਆਂ ਮੱਧ ਸ਼੍ਰੇਣੀ ਦੀਆਂ ਅਤੇ ਹੇਠਲੀ ਸ਼੍ਰੇਣੀ ਦੀਆਂ ਸਮੱਸਿਆਵਾਂ ਬਾਰੇ ਆਪਣੀਆਂ ਕਹਾਣੀਆਂ ਲਿਖ ਕੇ ਇਸ ਵਰਗ ਵਿਚ ਆਪਣੇ ਆਪ ਨੂੰ ਸ਼ਾਮਲ ਕੀਤਾ । ਇਸ ਖੇਤਰ ਵਿਚ ਹੁਸੈਨ ਸ਼ਾਹਿਦ, ਖ਼ਾਲਿਦਾ ਮਲਿਕ, ਇਕਬਾਲ ਸਲਾਹ-ਉਦ-ਦੀਨ, ਮੁਸ਼ਤਾਕ ਬਾਸਿਤ, ਹਨੀਫ਼ ਬਾਵਾ, ਅਤੇ ਹਨੀਫ਼ ਚੌਧਰੀ ਹੋਰਾਂ ਦਾ ਵਰਣਨ ਕੀਤੇ ਬਿਨਾ ਨਹੀਂ ਰਿਹਾ ਜਾ ਸਕਦਾ ।

ਨਾਟਕ

ਪਾਕਿਸਤਾਨ ਵਿਚ ਨਾਟਕ ਦੀ ਲੋਕ-ਪ੍ਰਿਯਤਾ ਦਾ ਕਾਰਨ ਰੇਡੀਓ ਅਤੇ ਟੀ.ਵੀ. ਦੇ ਮਾਧਿਅਮ ਹਨ । ਅਸ਼ਫ਼ਕ ਅਹਿਮਦ, ਸਜਾਦ ਹੈਦਰ, ਫ਼ਖ਼ਰ ਜ਼ਮਾਂ ਅਤੇ ਮਨੂ ਭਾਈ ਜੇਹੇ ਕੁਝ ਲੇਖਕਾਂ ਨੇ ਆਪਣੀ ਰੰਗਮੰਚੀ ਪ੍ਰਤਿਭਾ ਨੂੰ ਪੁਸਤਕ ਰੂਪ ਵਿਚ ਪੇਸ਼ ਕੀਤਾ ਤਾਂ ਜੋ ਉਹ ਵਧੇਰੇ ਚਿਰੰਜੀਵੀ ਅਤੇ ਦੀਰਘ-ਕਾਲੀ ਹੋ ਸਕਣ ।

ਕਵਿਤਾ

ਸਾਰੀਆਂ ਮੌਲਿਕ ਅਭਿਵਿੰਜਨਾ ਸ਼ੈਲੀਆਂ ਵਿਚੋਂ, ਪੰਜਾਬੀ ਕਵਿਤਾ ਇਕ ਮਹੱਤਵਪੂਰਨ ਸ਼ੈਲੀ ਦੇ ਰੂਪ ਵਿਚ ਜਨਮੀ ਅਤੇ ਹਮੇਸ਼ਾਂ ਹੀ ਆਮ ਲੋਕਾਂ ਜਾਂ ਜਨ-ਸਾਧਾਰਨ ਦੇ ਦਿਲਾਂ ਦੇ ਨੇੜੇ ਰਹੀ । ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਪਾਕਿਸਤਾਨ ਦੀ ਸਥਾਪਨਾ ਉਪਰੰਤ ਪਹਿਲਾ ਪੰਜਾਬੀ ਕਾਵਿ-ਸੰਗ੍ਰਹਿ ਅਹਿਮਦ ਰਾਹੀਂ ਦੀਆਂ ਕਵਿਤਾਵਾਂ ਦਾ ਹੀ ਸੀ ।

ਇਹ ਕਵਿਤਾਵਾਂ ਲੈਕ ਗੀਤਾਂ ਅਤੇ ਸਿਆਸੀ ਜਾਗ੍ਰਿਤੀ ਦਾ ਸੁਮੇਲ ਸਨ ਅਤੇ ਇਨ੍ਹਾਂ ਦੀ ਅਭਿਵਿਅਕਤੀ ਦਾ ਸਰੂਪ ਪਰੰਪਰਾ ਤੋਂ ਇਕ ਦਮ ਭਿੰਨ ਸੀ । ਕਿਸੇ ਵਿਅਕਤੀ ਜਾਂ ਸਮਾਜ ਨਾਲ ਕੀਤੇ ਧੱਕੇ ਦੀ ਨਿਖੇਧੀ ਕਰਨਾ ਜਾਂ ਅਜਿਹੇ ਵਿਹਾਰ ਪ੍ਰਤੀ ਘ੍ਰਿਣਾ ਪ੍ਰਗਟ ਕਰਨ ਦੀ ਪਰੰਪਰਾਵਾਦੀ ਰੁਚੀ ਜਿਸ ਵਿਚ ਅਜਿਹੇ ਵਿਹਾਰ ਵਿਚ ਤਬਦੀਲੀ ਲਿਆਉਣ ਲਈ ਕੋਈ ਰੋਸਮਈ ਇੱਛਾ ਨਹੀਂ ਸੀ, ਨੂੰ ਪਹਿਲੀ ਵਾਰ ਰਾਹੀਂ ਅਤੇ ਉਸ ਦੇ ਸਮਕਾਲੀਆਂ ਵੱਲੋਂ ਵੰਗਾਰਿਆ ਗਿਆ ।

ਆਧੁਨਿਕ ਕਵਿਤਾ

ਇਹ ਵਿਦਰੋਹੀ ਰੁਚੀ, ਮੈਂ ਸਮਝਦਾ ਹਾਂ, ਆਧੁਨਿਕ ਪੰਜਾਬੀ ਕਵਿਤਾ ਦੀ ਵਿਸ਼ੇਸ਼ ਉਪਲਬਧੀ ਹੈ। ਭਾਵੇਂ ਕਲਾਸਕੀ ਸਾਹਿੱਤ ਇਸ ਤੋਂ ਬਿਲਕੁਲ ਅਪਰਿਚਿਤ ਨਹੀਂ ਸੀ ਅਤੇ ਆਮ ਕਰਕੇ ਸਾਡੇ ਰੁਮਾਂਟਿਕ ਕਿੱਸਿਆਂ-ਕਹਾਣੀਆਂ ਵਿਚ ਕਾਜ਼ੀ ਤੇ ਨਾਇਕਾ ਜਾਂ ਉਸ: ਦੀ ਮਾਂ ਵਿਚਕਾਰ ਵਾਰਤਾਲਾਪ ਦੀ ਤਹਿ ਹੇਠ ਕਿਸੇ ਨਾ ਕਿਸੇ ਰੂਪ ਵਿਚ ਇਹ ਰੁਚੀ ਵਿਦਮਾਨ ਰਹਿੰਦੀ ਸੀ।

ਆਧੁਨਿਕ ਪੰਜਾਬੀ ਲੇਖਕਾਂ ਨੇ ਸਿਥਲ ਕਲਾਸਕੀ ਵ੍ਰਿਤੀ ਦਾ ਤਿਆਗ ਕੀਤਾ ਅਤੇ ਇਸ ਦੀ ਥਾਂ ਭਾਵਾਤਮਕ, ਰੁਮਾਂਟਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪ੍ਰਤਿਕ੍ਰਿਆਵਾਂ ਨੂੰ ਸਾਹਿੱਤ ਵਿਚ ਪ੍ਰਚਲਿਤ ਕੀਤਾ ਜਿਹੜੀਆਂ ਕਿ ਸਦੀਆਂ ਤੋਂ ਇਸ ਖੇਤਰ ਲਈ ਵਰਜਿਤ ਸਨ, ਪਰ ਆਦਮ ਨੂੰ ਵਰਜਿਤ ਫਲ ਨੂੰ ਚਖਣ ਦੀ ਲਾਲਸਾ ਤੋਂ ਕੋਈ ਰੋਕ ਨਾ ਸਕਿਆ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮਕਾਲੀ ਉਰਦੂ ਅਤੇ ਅੰਗਰੇਜ਼ੀ ਲੇਖਕਾਂ ਤੋਂ ਕਾਫ਼ੀ ਉਤਸਾਹ ਮਿਲਿਆ ਅਤੇ ਇਹ ਸੁਭਾਵਿਕ ਹੀ ਸੀ ਕਿ ਇਸ ਖੇਤਰ ਵਿਚ ਪਹਿਲ ਕਰਨ ਵਾਲੇ ਉਰਦੂ ਸਾਹਿੱਤ ਦੀਆਂ ਨਵੀਆਂ ਪ੍ਰਵ੍ਰਿੱਤੀਆਂ ਨਾਲ ਪੂਰੀ ਤਰ੍ਹਾਂ ਪਰਿਚਿਤ ਸਨ ਅਤੇ ਅਹਿਮਦ ਰਾਹੀ, ਸ਼ਰੀਫ਼ ਕੁੰਜਾਹੀ, ਅਫ਼ਜ਼ਲ ਪਰਵੇਜ਼, ਸਲੀਮ-ਉਰ-ਰਹਿਮਾਨ, ਜ਼ਫ਼ਰ ਇਕਬਾਲ ਅਤੇ ਬਾਕੀ ਸਿਦੀਕੀ ਵਰਗੇ ਉਰਦੂ ਲੇਖਕਾਂ ਵਿਚ ਚੰਗੇ ਜਾਣੇ ਪਛਾਣੇ ਸਨ। ਆਪਣੇ ਤੋਂ ਪੂਰਵ-ਵਰਤੀਆਂ ਵਾਂਗੂ ਅਬਦੁਲ ਮਤੀਨ ਆਰਿਫ਼, ਰਾਉਫ਼ ਸ਼ੈਖ਼, ਮੁਨੀਰ ਨਿਆਜ਼ੀ, ਸਲੀਮ ਕਸ਼ੇਰ, ਬਸ਼ੀਰ ਮੁਨੱਜ਼ਰ, ਨਜਮ ਹੁਸੈਨ ਸੱਯਦ, ਮਜੀਦ ਸਦੀਕੀ ਅਤੇ ਉਨ੍ਹਾਂ ਦੇ ਹਾਣ ਦੇ ਹੋਰਾਂ ਨੇ ਇਸ ਪ੍ਰਵਾਹ ਨੂੰ ਸ਼ਿਥਲ ਨਾ ਪੈਣ ਦੇਣ ਵਿਚ ਸਹਾਇਤਾ ਕੀਤੀ। ਸਿੱਟੇ ਵਜੋਂ ਯੂਨਸ ਅਹਿਕਰ, ਅਜਮਲ ਵਜੀਹ, ਤਨਵੀਰ ਜ਼ਹੂਰ, ਸ਼ਫ਼ੀਕ ਕੁਰੈਸ਼ੀ, ਰਮਜ਼ਾਨ ਸ਼ਾਹਿਦ, ਰਸ਼ੀਦ ਮਤੀਨ, ਅਬਦੁਲ ਕਰੀਮ ਕੁਦਸੀ ਵਰਗੇ ਨਵੇਂ ਉਭਰਦੇ ਯੁਵਕ ਕਵੀਆਂ (ਜਿਨ੍ਹਾਂ ਵਿਚ ਪੁਰਾਣੀ ਪੀੜ੍ਹੀ ਦੇ ਲੇਖਕਾਂ ਦੀ ਥਾਂ ਮਾਨ ਅਤੇ ਸਤਿਕਾਰ ਨਾਲ ਗ੍ਰਹਿਣ ਕਰਨ ਦੇ ਸਾਰੇ ਗੁਣ ਸਨ)ਦੀਆਂ ਕਵਿਤਾਵਾਂ ਦਾ ਤਾਜ਼ਾ ਅਤੇ ਅਮੀਰ ਗੁਲਦਸਤਾ ਪ੍ਰਾਪਤ ਹੋਇਆ।

ਨਾਤ ਜਾਂ ਧਾਰਮਿਕ ਕਾਵਿ

ਅਭਿਵਿਅੰਜਨ ਦਾ ਇਕ ਹੋਰ ਕਲਾਸਕੀ ਰੂਪ 'ਨਾਤ' ਵੀ ਮਹੱਤਵਹੀਨ ਹੁੰਦਾ ਜਾ ਰਿਹਾ ਸੀ। ਇਸ ਕਰਕੇ ਨਹੀਂ ਕਿ ਇਸ ਦੀ ਜਨ-ਜੀਵਨ ਉੱਤੇ ਪਕੜ ਢਿਲੀ ਪੈ ਰਹੀ ਸੀ, ਸਗੋਂ ਇਸ ਕਰਕੇ ਕਿ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਉਭਰ ਕੇ ਸਾਹਮਣੇ ਆ ਖਲੋਤੀਆਂ ਸਨ। ਮੌਲਵੀ ਗੁਲਾਮ ਰਸੂਲ, ਪੀਰ ਮਿਹਰ ਅਲੀ ਸ਼ਾਹ ਅਤੇ ਰਕੀਬ ਕੁਸੂਰੀ ਨੇ ਇਸ ਖੇਤਰ ਵਿਚ ਸਾਨੂੰ ਬੜੀਆਂ ਪ੍ਰਭਾਵਸ਼ਾਲੀ ਕਵਿਤਾਵਾਂ ਦਿੱਤੀਆਂ ਹਨ। ਪੀਰ ਫ਼ਜ਼ਲ ਗੁਜਰਾਤੀ ਅਤੇ ਡਾ. ਫ਼ਕੀਰ ਮੁਹੰਮਦ ਫ਼ਕੀਰ ਦੀਆਂ ਕਵਿਤਾਵਾਂ ਵਸਤੂ ਅਤੇ ਰੂਪ ਪੱਖੋਂ ਭਾਵੇਂ ਆਧੁਨਿਕ ਹਨ ਪਰ ਆਜ਼ਮ ਚਿਸ਼ਤੀ ਅਤੇ ਕਈ ਹੋਰ ਅਜਿਹੇ ਕਵੀ ਪਿੰਡਾਂ ਵਿਚ ਆਪਣੀ ਪਰੰਪਰਾਗਤ ਭਾਵਧਾਰਾ ਨੂੰ ਪ੍ਰਵਾਹਮਾਨ ਰਖੀ ਆ ਰਹੇ ਸਨ।

ਪਰੰਤੂ ਕਿਸੇ ਵੀ ਆਧੁਨਿਕ ਕਵੀ ਨੇ ਪੈਗੰਬਰ ਦੀ ਉਸਤਤ ਸੰਬੰਧੀ ਗੀਤ ਦੀ ਰਚਨਾ ਨਹੀਂ ਕੀਤੀ। ਇਸ ਨੂੰ ਮੁੜ ਸੁਰਜੀਤ ਕਰਨ ਦਾ ਸਿਹਰਾ ਹਫ਼ੀਜ਼ ਤੈਬ, ਮੁਹੰਮਦ ਅਲੀ ਜ਼ਹੂਰੀ, ਸੈਮ ਚਿਸ਼ਤੀ ਅਤੇ ਕੁਝ ਹੋਰ ਕਵੀਆਂ ਦੇ ਸਿਰ ਹੈ ਜਿਸ ਦੇ ਫਲਸਰੂਪ ਅੱਜ ਕੋਈ ਵੀ ਅਜਿਹਾ ਕਵੀ ਨਹੀਂ ਜਿਹੜਾ ਅਜਿਹੇ ਗੀਤ ਦੀ ਰਚਨਾ ਕਰਨੋਂ ਸਖਣਾ ਹੋਵੇ।

ਉਸਤਤ ਗੀਤ (ਵਾਰਾਂ)

ਇਸ ਧਰਤੀ ਦੇ ਨਾਇਕਾਂ ਬਾਰੇ ਪੰਜਾਬੀ ਵਿਚ ਉਸਤਤ ਗੀਤ ਵੀ ਲਿਖੇ ਜਾਂਦੇ ਰਹੇ ਹਨ। ਇਨ੍ਹਾਂ ਨੂੰ 'ਵਾਰਾਂ' ਕਰਕੇ ਜਾਣਿਆ ਜਾਂਦਾ ਹੈ। ਸਾਡੇ ਕੋਲ ਅਨੇਕ ਨਾਇਕਾਂ ਬਾਰੇ ਬੇਅੰਤ ਗਿਆਤ ਅਤੇ ਅਗਿਆਤ ਲੇਖਕਾਂ ਦੀਆਂ ਰਚੀਆਂ (ਲਿਖਤ ਅਤੇ ਅਣਲਿਖਤ) ਵਾਰਾਂ ਉਪਲਬਧ ਹਨ। ਅਭਿਵਿਅਕਤੀ ਦੇ ਇਸ ਸਾਹਿੱਤ

ਰੂਪ ਨੇ ਵੀ ਵਸਤੂ ਅਤੇ ਸ਼ਿਲਪ ਪੱਖੋਂ ਤਬਦੀਲੀ ਪ੍ਰਵਾਨ ਕੀਤੀ ਹੈ ਅਤੇ ਸਾਰੇ ਸਮਕਾਲੀ ਕਵੀਆਂ ਵਿਚੋਂ ਨਜਮ ਹੁਸੈਨ ਸੱਯਦ ਨੇ ਇਸ ਨੂੰ ਸਾਹਿੱਤ ਦੇ ਹੋਰ ਰੂਪਾਂ ਦੇ ਕਾਫ਼ੀ ਨੇੜੇ ਲਿਆਉਣ ਦਾ ਬੜਾ ਗੰਭੀਰ ਯਤਨ ਕੀਤਾ ਹੈ। ਉਸ ਨੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਨਿਰੂਪਣ ਕਰਕੇ ਇਸ ਦੇ ਘੇਰ ਨੂੰ ਬਹੁਤ ਮੋਕਲਾ ਕੀਤਾ ਹੈ।

ਪੰਜਾਬੀ ਗ਼ਜ਼ਲ

ਆਖ਼ਰ ਵਿਚ ਗ਼ਜ਼ਲ ਦਾ ਉਲੇਖ ਕਰਨਾ ਬਾਕੀ ਹੈ ਜੋ ਕਿਸੇ ਪੱਖੋਂ ਹੋਰਨਾਂ ਨਾਲੋਂ ਘੱਟ ਨਹੀਂ। ਇਸ ਦੇ ਪਰੰਪਰਾਗਤ ਪਿਛੋਕੜ ਤੋਂ ਭਾਵੇਂ ਮੁਨਕਰ ਨਹੀਂ ਹੋਇਆ ਜਾ ਸਕਦਾ ਪਰ ਇਸ ਨੇ 1947 ਤੋਂ ਬਾਅਦ ਹੀ ਲੋਕ-ਪ੍ਰਿਯਤਾ ਪ੍ਰਾਪਤ ਕੀਤੀ, ਭਾਵੇਂ ਕੁਸ਼ਤਾ, ਵਫ਼ਾ, ਫ਼ਕੀਰ ਅਤੇ ਪੀਰ ਫ਼ਜ਼ਲ ਪਹਿਲਾਂ ਤੋਂ ਵੀ ਗ਼ਜ਼ਲਾਂ ਲਿਖਦੇ ਆ ਰਹੇ ਹਨ।

ਸੰਨ 1947 ਤੋਂ ਬਾਅਦ ਪੰਜਾਬੀ ਗ਼ਜ਼ਲਾਂ ਦਾ ਪਹਿਲਾ ਸੰਗ੍ਰਹਿ ਪੀਰ ਫ਼ਜ਼ਲ ਗੁਜਰਾਤੀ ਦਾ ਸੀ। ਇਸ ਨੇ ਗ਼ਜ਼ਲ ਲਈ ਰਾਹ ਮੋਕਲਾ ਕੀਤਾ ਅਤੇ ਅੰਗਰੇਜ਼ੀ ਰਾਜ ਵਿਚ ਅਕਾਰਨ ਤਿਰਸਕਾਰੀ ਗਈ ਗ਼ਜ਼ਲ ਨੂੰ ਪਹਿਲੀ ਵਾਰ ਫਿਰ ਤੋਂ ਸਾਹਿੱਤਿਕ ਪਿੜਾਂ ਵਿਚ ਪਹੁੰਚਾਇਆ। ਪੰਜਾਬੀ ਕਵੀਆਂ ਨੇ ਜਿਹੜੇ ਉਰਦੂ-ਫ਼ਾਰਸੀ ਰਾਹੀਂ ਇਸ ਰੂਪ ਤੋਂ ਪਰਿਚਿਤ ਸਨ, ਆਪਣੀ ਇੱਛਾ ਅਤੇ ਰੁਚੀ ਕਰਕੇ ਇਸ ਨੂੰ ਅਪਣਾਇਆ ਅਤੇ ਇਸ ਦੇ ਦੁਆਰ ਗ਼ੈਰ-ਕਲਾਸਕੀ ਵਿਸ਼ਿਆਂ ਅਤੇ ਪ੍ਰਤਿਕ੍ਰਿਆਵਾਂ ਲਈ ਖੋਲ੍ਹ ਦਿੱਤੇ। ਰਾਉਫ਼ ਸ਼ੈਖ, ਅਬਦੁਲ ਮਤੀਨ ਆਰਿਫ਼, ਜ਼ਫ਼ਰ ਇਕਬਾਲ, ਸਲੀਮ ਕਸ਼ੇਰ ਅਤੇ ਰਸ਼ੀਦ ਅਨਵਰ ਇਸ ਨੂੰ ਆਧੁਨਿਕ ਰੰਗ ਦੇਣ ਵਾਲੇ ਮੁੱਖ ਕਵੀ ਸਨ।

ਪਰੰਤੂ ਸਿਰਜਨਾਤਮਕ ਅਭਿਵਿਅਕਤੀ ਦੇ ਹੋਰ ਖੇਤਰਾਂ ਵਾਂਗ, ਇਥੇ ਵੀ ਨਵੇਂ ਦਿਲਾਂ ਅਤੇ ਦਿਮਾਗਾਂ ਵਾਲੇ ਕਵੀ ਦਾਖ਼ਲ ਹੋਏ ਅਤੇ ਉਨ੍ਹਾਂ ਨੇ ਸਾਹਿੱਤ ਸਾਧਨਾ ਰਾਹੀਂ ਆਪਣੇ ਅਧਿਕਾਰਾਂ ਦੀ ਸਥਾਪਨਾ ਕਰਕੇ ਆਪਣੇ ਪ੍ਰਵੇਸ਼ ਨੂੰ ਨਿਆਇ ਸੰਗਤ ਸਿੱਧ ਕੀਤਾ। ਉਨ੍ਹਾਂ ਵਿਚੋਂ ਕੁਝ ਨਾਂ ਹਨ-ਤਨਵੀਰ ਬੋਖ਼ਾਰੀ, ਮਜ਼ਹਰ ਚੌਧਰੀ, ਫ਼ਖ਼ਰ ਜ਼ਮਾਂ, ਹੁਸੈਨ ਸ਼ਾਹਿਦ, ਅਫ਼ਜ਼ਲ ਅਹਿਸਨ ਆਦਿ।

ਖੋਜ ਤੇ ਆਲੋਚਨਾ

ਆਲੋਚਨਾ ਅਤੇ ਖੋਜ ਸਦਾ ਪ੍ਰਕਾਸ਼ਿਤ ਮੌਲਿਕ ਰਚਨਾਵਾਂ ਦਾ ਕੁਦਰਤੀ ਫਲ ਹੋਇਆ ਕਰਦੀ ਹੈ। ਪੰਜਾਬੀ ਵਿਚ ਵੀ ਇਸ ਦਾ ਅਪਵਾਦ ਨਹੀਂ ਹੈ। 1947 ਤੋਂ ਬਾਅਦ, ਸ਼ਰੀਫ਼ ਕੁੰਜਾਹੀ, ਨਜਮ ਹੁਸੈਨ ਸੱਯਦ, ਅਲੀ ਅਬਾਸ ਜਲਾਲਪੁਰੀ, ਸ਼ਾਹਬਾਜ਼ ਮਲਿਕ, ਆਰਿਫ਼ ਅਬਦੁਲ ਮਤੀਨ, ਕਜ਼ੀ ਸਰਫ਼ਰਾਜ਼, ਅਸਲਮ ਰਾਣਾ ਅਤੇ ਕਈ ਹੋਰ ਵਿਦਵਾਨਾਂ ਨੂੰ ਪੰਜਾਬੀ ਸਾਹਿੱਤ ਦੀ ਇਸ ਵਾਦੀ ਵਿਚ ਘਾਲਾਂ ਘਾਲਦੇ ਵੇਖਿਆ ਜਾ ਸਕਦਾ ਹੈ। ਡਾ. ਅਹਿਮਦ ਹੁਸੈਨ ਕਿਲਾਦਾਰੀ, ਮੁਹੰਮਦ ਆਰਿਫ਼ ਖ਼ਾਨ, ਡਾ. ਵਹੀਦ ਕੁਰੈਸ਼ੀ ਅਤੇ ਐਨੁਲ ਹਕ ਫ਼ਰੀਦਕੋਟੀ ਜੇਹੇ ਲੇਖਕਾਂ ਨੇ ਭਾਸ਼ਾ-ਅਧਿਐਨ ਅਤੇ ਖੋਜ ਦੇ ਬੜੇ ਦੁਰਗਮ, ਅਕਾਊ ਅਤੇ ਘੱਟ ਲਾਭਦਾਇਕ ਕੰਮ ਨੂੰ ਹੱਥ ਪਾਇਆ।

ਭਾਵੇਂ ਸਾਧਾਰਨ ਹੀ ਸਹੀ, ਇਹ ਪ੍ਰਗਤੀ ਸੰਭਵ ਨਹੀਂ ਸੀ ਹੋ ਸਕਣੀ ਜੇ ਕੁਝ ਉਦਮੀ ਤੇ ਸਾਹਸੀ ਵਿਅਕਤੀਆਂ ਨੇ ਦਲੇਰੀ ਅਤੇ ਹਿੰਮਤ ਨਾ ਕੀਤੀ ਹੁੰਦੀ ਜਾਂ ਉਨ੍ਹਾਂ ਨੇ ਕਈ ਰਸਾਲੇ ਪ੍ਰਕਾਸ਼ਿਤ ਕਰਨ ਦਾ ਸਾਹਸ ਨਾ ਕੀਤਾ ਹੁੰਦਾ। ਪਾਕਿਸਤਾਨ ਵਿਚ ਇਸ ਭਾਸ਼ਾ ਨੂੰ ਪ੍ਰਚਾਰਨ ਵਿਚ ਮਾਸਿਕ 'ਪੰਜਾਬੀ', 'ਪੰਜਾਬੀ ਅਦਬ', 'ਪੰਜਾਬੀ ਜ਼ੁਬਾਨ', 'ਪੰਜ ਦਰਿਆ', 'ਵਾਰਿਸ ਸ਼ਾਹ' ਆਦਿ ਦਾ ਵਿਸ਼ੇਸ਼ ਯੋਗਦਾਨ ਹੈ। ਭਾਵੇਂ ਪ੍ਰਾਪਤੀ ਬਹੁਤ ਸੰਤੋਸ਼ਜਨਕ ਨਹੀਂ, ਪਰ ਹੁਣ ਜਦੋਂ ਪੰਜਾਬ ਦੇ ਸਕੂਲਾਂ ਅਤੇ ਕਾਲਜਾਂ ਵਿਚ ਪੰਜਾਬੀ ਨੂੰ ਖੇਤਰੀ (ਇਲਾਕਾਈ) ਭਾਸ਼ਾ ਵਜੋਂ ਪ੍ਰਚਲਿਤ ਕਰ ਦਿੱਤਾ ਗਿਆ ਹੈ, ਅਸੀਂ ਇਸ ਦੇ ਉਜਲੇ ਭਵਿਸ਼ ਦੀ ਆਸ ਕਰ ਸਕਦੇ ਹਾਂ।

–ਅਨੁਵਾਦਕ : ਰਾਜਿੰਦਰ ਸਿੰਘ

(ਪ੍ਰੈਸ ਕੌਂਸਲਰ, ਪਾਕਿਸਤਾਨ ਅੰਬੈਸੀ, ਨਵੀਂ ਦਿੱਲੀ ਦੁਆਰਾ ਪ੍ਰਾਪਤ ਅੰਗਰੇਜ਼ੀ ਲੇਖ ਦਾ ਪੰਜਾਬੀ ਰੂਪ)

PUNJABI UNIVERSITY PATIALA VERIFIED